ਅਜੀਤ ਕੌਰ ਕੋਲ ਬੁੱਝੇ ਅੱਖਰਾਂ ਨੂੰ ਬਾਲਣ ਦੀ ਜਾਚ ਹੈ, ਤੇ ਸ਼ਾਇਦ ਇਸੇ ਲਈ ਜਦੋਂ ਉਹਦੀਆਂ ਕਹਾਣੀਆਂ ਦੇ ਕਿਰਦਾਰ ਠੰਢੀਆਂ, ਬੁੱਝੀਆਂ ਤੇ ਉਦਾਸ ਅੱਖਾਂ ਨਾਲ ਉਹਦੇ ਵਲ ਵੇਖਦੇ ਹਨ, ਉਹਨਾਂ ਦੇ ਅਹਿਸਾਸ ਸੁਲਗਦੇ ਅੱਖਰ ਬਣ ਜਾਂਦੇ ਹਨ। —ਅੰਮ੍ਰਿਤਾ ਪ੍ਰੀਤਮ

ਅਜੀਤ, ਕਮਬਖ਼ਤ, ਤੂੰ ਬਹੁਤ ਹੀ ਖ਼ੂਬਸੂਰਤ ਲਿਖਨੀ ਏਂ। ਤੇਰੀਆਂ ਕਹਾਣੀਆਂ ਵਿਚ ਇਸ਼ਕ ਦਾ ਨੰਗਾ ਸੱਚ ਹੈ, ਮਹਿਜ਼ ਜ਼ਿੰਦਾ ਰਹਿਣ ਦੀ ਹਕੀਕਤ ਵਿਚੋਂ ਪੈਦਾ ਹੋਈਆਂ ਬੇਹਿਸਾਬ ਰਗੜਾਂ ਤੇ ਜ਼ਿਹਨੀ ਤਣਾਓ ਦਾ ਬਿਆਨ ਹੈ, ਤੇ ਉਸ ਬਿਆਨ ਵਿਚ ਗਜ਼ਬ ਦੀ ਕਲਾ ਹੈ।

—ਰਾਜਿੰਦਰ ਸਿੰਘ ਬੇਦੀ
(ਇਕ ਖ਼ਤ ਵਿਚੋਂ)

ਅਜੀਤ ਦੀਆਂ ਕਹਾਣੀਆਂ ਵਿਚ ਜੀਵਨ ਦਾ ਸੱਖਣਾਪਣ ਹੈ, ਤੇ ਭਰਪੂਰ ਮਰਦ ਦੀ ਤਾਲਾਸ਼ ਹੈ। ਉਹ ਤੀਵੀਂ ਦੇ ਨੱਪੇ-ਨੂੜੇ ਜਜ਼ਬਿਆਂ ਨੂੰ ਦਲੇਰੀ ਤੇ ਖ਼ੂਬਸੂਰਤੀ ਨਾਲ ਕਲਾ ਦਾ ਰੂਪ ਦੇਂਦੀ ਹੈ। ਉਸ ਦਾ ਪਿਆਰ ਹਨੇਰੀ ਕੋਠੜੀ ਵਿਚ ਨਹੀਂ, ਸਗੋਂ ਜ਼ਿੰਦਗੀ ਦੀ ਖੁਲ੍ਹੀ ਧੁਪ ਵਿਚ ਚਮਕਦਾ ਹੈ। — ਬਲਵੰਤ ਗਾਰਗੀ

ਮੁਲਕ ਦੀ ਤਕਸੀਮ ਮਗਰੋਂ ਰਚੀ ਜਾ ਰਹੀ ਪੰਜਾਬੀ ਕਹਾਣੀ ਵਿਚ ਅਜੀਤ ਕੌਰ ਦਾ ਨਾਂ ਸਭ ਨਾਲੋਂ ਵਧੇਰੇ ਮਹੱਤਵ-ਪੂਰਨ ਹੈ। ਉਸ ਨੇ ਤੀਵੀਂ-ਮਰਦ ਦੇ ਰਿਸ਼ਤੇ ਨੂੰ ਜਿਸ ਬੇਬਾਕੀ ਤੇ ਡੂੰਘਾਈ ਨਾਲ ਬਿਆਨ ਕੀਤਾ ਹੈ ਉਸ ਨਾਲ ਪੰਜਾਬੀ ਅਦਬ ਦਾ ਇਕ ਨਵਾਂ ਦੌਰ ਸ਼ੁਰੂ ਹੁੰਦਾ ਹੈ। ਉਸ ਦੇ ਬਿਆਨ ਦਾ ਸੁਭਾ ਅਤਿ ਕੋਮਲ ਵੀ ਹੈ ਤੇ ਠੋਸ, ਚੱਟਾਨੀ ਵੀ। — ਅਤਰ ਸਿੰਘ

ਸਾਵੀਆਂ ਚਿੜੀਆਂ
ਅਜੀਤ ਕੌਰ



# ਸਾਵੀਆਂ ਚਿੜੀਆਂ

**ਲੇਖਕਾ ਦੀਆਂ ਹੋਰ ਪੁਸਤਕਾਂ**

ਗੁਲਬਾਨੋ
ਬੁੱਤ-ਸ਼ਿਕਨ
ਮਹਿਕ ਦੀ ਮੌਤ
ਧੁੱਪ ਵਾਲਾ ਸ਼ਹਿਰ (ਤਿੰਨ ਨਾਵਲੈੱਟ)
ਪੋਸਟ ਮਾਰਟਮ (ਨਾਵਲ)
ਫ਼ਾਲਤੂ ਔਰਤ
ਖ਼ਾਨਾ ਬਦੋਸ਼ (ਸ੍ਵੈ ਜੀਵਨੀ)
ਮੌਤ ਅਲੀ ਬਾਬੇ ਦੀ
ਸਾਵੀਆਂ ਚਿੜੀਆਂ
ਤਕੀਏ ਦਾ ਪੀਰ (ਰੇਖਾ-ਚਿਤਰ)
ਨਾ ਮਾਰੋ
ਆਪਣੇ ਆਪਣੇ ਜੰਗਲ
ਨਵੰਬਰ ਚੁਰਾਸੀ
ਕੁਲਵੰਤ ਸਿੰਘ ਵਿਰਕ (ਜੀਵਨੀ)
ਗੌਰੀ (ਨਾਵਲ)
ਕੱਚੇ ਰੰਗਾਂ ਦਾ ਸ਼ਹਿਰ (ਸ਼ਾਹਮੁਖੀ)
ਨਹੀਂ, ਸਾਨੂੰ ਕੋਈ ਤਕਲੀਫ਼ ਨਹੀਂ (ਸ਼ਾਹਮੁਖੀ)
ਗੌਰੀ (ਸ਼ਾਹਮੁਖੀ, ਉਰਦੂ ਤੇ ਹਿੰਦੀ)
ਖ਼ਾਨਾ ਬਦੋਸ਼ (ਉਰਦੂ)
ਫ਼ਾਲਤੂ ਔਰਤ (ਉਰਦੂ)
ਧੁੱਪ ਵਾਲਾ ਸ਼ਹਿਰ (ਉਰਦੂ)
ਕਾਲੇ ਕੂੰਏਂ (ਹਿੰਦੀ)

# ਸਾਵੀਆਂ ਚਿੜੀਆਂ

ਅਜੀਤ ਕੌਰ

ਨਵਯੁਗ

SAWIAN CHIRIAN
by
AJEET COUR

Navyug Publishers
K-24, Hauz Khas, New Delhi-110016

http://navyug.publishers.tripod.com

ISBN-81-7599-133-X

© ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ : 1986
ਦੂਜੀ ਵਾਰ : 2002

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, K-24, ਹੌਜ਼ ਖ਼ਾਸ, ਨਵੀਂ ਦਿੱਲੀ-110 016
ਛਾਪਕ : ਜਨਤਕ ਪ੍ਰੈੱਸ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110 006

ਮੁੱਲ : 200/- ਰੁਪਏ

ਆਪਣੀ ਬੇਟੀ ਅਰਪਨਾ ਨੂੰ
ਜਿਹੜੀ ਮੇਰੀ ਦੋਸਤ ਵੀ ਏ, ਤੇ ਮਹਿਬੂਬ ਵੀ,
ਧੀ ਵੀ ਤੇ ਮਾਂ ਵੀ ।

## ਤਤਕਰਾ


**ਸ੍ਵੈ-ਜੀਵਨੀ ਦੇ ਦੋ ਟੁਕੜੇ**

ਵਨ ਜ਼ੀਰੋ ਵਨ ... 11
ਸਫ਼ੈਦ ਤੇ ਕਾਲੀ ਹਵਾ ਦੀ ਦਾਸਤਾਨ ... 42

**ਕਹਾਣੀਆਂ**

ਫ਼ਾਲਤੂ ਔਰਤ ... 61
ਗੁਲਬਾਨੋ ... 90
ਖੋਪੇ ਦੀ ਠੂਠੀ ... 94
ਇਕ ਮਰਿਆ ਹੋਇਆ ਪਲ ... 105
ਕਮਰਾ ਨੰਬਰ ਅੱਠ ... 119
ਪੰਜ ਰੁਪਏ ਵਾਲਾ ਕੰਮ ... 128
ਦਿਓਰ ਭਾਬੀਆਂ ... 135
ਹਾਟ ਵਾਟਰ ਬਾਟਲ ... 145
ਬੁੱਤ-ਸ਼ਿਕਨ ... 152
ਮਹਿਕ ਦੀ ਮੌਤ ... 157
ਸੂਲੀ ਉਤੇ ਲਟਕੇ ਪਲ ... 162
ਮਾਮੀ ... 171
ਮਾਂ-ਪੁੱਤਰ ... 179
ਇਕੱਲ ਦਾ ਰੰਗ ... 193
ਇਕ ਪੋਰਟਰੇਟ ... 200
ਸਾਵੀਆਂ ਚਿੜੀਆਂ ... 206

**ਨਾਵਲਿਟ**

ਪੋਸਟ ਮਾਰਟਮ ... 219
ਧੁੱਪ ਵਾਲਾ ਸ਼ਹਿਰ ... 284
ਕਟੀਆਂ ਲਕੀਰਾਂ, ਟੁੱਟੇ ਤ੍ਰਿਕੋਣ ... 308

**ਕੁਝ ਹੋਰ**

'ਮੈਂ ਤੇ ਮੈਂ : ਇਕ ਜ਼ਬਤ-ਸ਼ੁਦਹ ਚੀਖ਼' ... 345
ਮੇਰਾ ਕਮਰਾ ... 355

# ਸ੍ਵੈ-ਜੀਵਨੀ ਦੇ ਦੋ ਟੁਕੜੇ

# ਵਨ ਜ਼ੀਰੋ ਵਨ

ਪਿੱਛੇ ਮੁੜ ਕੇ ਵੇਖਦੀ ਹਾਂ ਤਾਂ ਮੇਰੇ ਪੈਰਾਂ ਦੀਆਂ ਅੱਡੀਆਂ ਤੋਂ ਸ਼ੁਰੂ ਹੋ ਕੇ ਦੂਰ ਦੁਮੇਲ ਤੱਕ ਸਿਰਫ਼ ਅੱਗ ਦੀਆਂ ਸੁਰਖ਼ ਲਾਟਾਂ ਭਾਂਬੜ ਬਣ ਕੇ ਬਲਦੀਆਂ ਨਜ਼ਰ ਆਉਂਦੀਆਂ ਨੇ। ਜੀਅ ਕਰਦਾ ਏ, ਡਾਇਲ ਘੁਮਾਂਦੀ ਜਾਵਾਂ 'ਵਨ ਜ਼ੀਰੋ ਵਨ'। ਇਸ ਨੰਬਰ 'ਤੇ ਫ਼ੋਨ ਕੀਤਿਆਂ ਅੱਗ ਬੁਝਾਣ ਵਾਲੇ ਆ ਜਾਂਦੇ ਨੇ। ਤੇ ਮਨ ਵਿਚ ਮੈਂ ਰੋਜ਼ ਖ਼ਵਰੇ ਪੰਜਾਹ ਵਾਰੀ ਇਹ ਨੰਬਰ ਘੁਮਾਂਦੀ ਹਾਂ — 'ਵਨ ਜ਼ੀਰੋ ਵਨ'।

ਇਹਨਾਂ ਸੁਰਖ਼ ਲਾਟਾਂ ਦੇ ਭਾਂਬੜ ਵਿਚ ਮੈਂ ਰੋਜ਼ ਸੜਦੀ ਹਾਂ। ਦਿਨੇ ਘੱਟ, ਰਾਤੀਂ ਬਹੁਤੀ। ਇਸ ਅੱਗ ਵਿਚ ਰੋਜ਼ ਨਹਾਉਣਾ ਮੇਰੀ ਤਕਦੀਰ ਹੈ। ਇਹ ਤਕਦੀਰ ਸਵਾ ਤਿੰਨ ਵਰ੍ਹੇ ਪਹਿਲਾਂ ਚੌਦਾਂ ਤੇ ਪੰਦਰਾਂ ਅਗਸਤ ਦੀ ਵਿਚਕਾਰਲੀ ਰਾਤ ਨੂੰ ਮੇਰੇ ਮੱਥੇ 'ਤੇ ਹੀ ਨਹੀਂ, ਮੇਰੇ ਸਾਰੇ ਪਿੰਡੇ 'ਤੇ ਲਿਖੀ ਗਈ ਸੀ। ਤੇ ਫੇਰ ਅਗਲੇ ਸੱਤ ਦਿਨ ਕੋਈ ਮੇਰਾ ਮਾਸ ਖੁਰਚ ਖੁਰਚ ਕੇ ਇਸ ਤਕਦੀਰ ਨੂੰ ਮੇਰੇ ਪਿੰਡੇ 'ਤੇ ਉੱਕਰਦਾ ਰਿਹਾ।

ਜੇ ਮੈਂ ਪਿੱਛੇ ਵਲ ਤੁਰਨਾ ਹੋਵੇ, ਤਾਂ ਇਸ ਅੱਗ ਦੇ ਸ਼ੋਅਲਿਆਂ ਵਿਚੋਂ ਤੁਰ ਕੇ ਹੀ ਜਾਣਾ ਹੋਵੇਗਾ।

ਪਿੱਛੇ ਤੁਰਨਾ ਬਹੁਤ ਦੇਰ ਤੋਂ ਟਾਲ ਰਹੀ ਸਾਂ। ਅੰਮ੍ਰਿਤਾ ਜੀ ਨੇ ਮੇਰਾ ਮੂੰਹ ਪਿੱਛਾਂਹ ਕਰ ਕੇ ਮੈਨੂੰ ਧੱਕਾ ਦੇ ਦਿਤਾ ਏ, "ਤੁਰ !" ਸੋ ਦੋਸਤੋ, ਇਸ ਅੱਗ ਦਾ ਸਫ਼ਰ ਤੁਹਾਨੂੰ ਵੀ ਮੇਰੇ ਨਾਲ ਹੀ ਕਰਨਾ ਪਵੇਗਾ।

ਸਵਾ ਤਿੰਨ ਵਰ੍ਹੇ ਪਹਿਲਾਂ ਹੋਈ ਘਟਨਾ ਹੋ ਗੁਜ਼ਰ ਨਹੀਂ ਗਈ। ਹਰ ਪਲ ਮੇਰੀ ਛਾਤੀ ਵਿਚ ਵਾਪਰਦੀ ਏ।

ਅੱਗ ਦੀਆਂ ਲਾਟਾਂ ਵਿਚ ਘਿਰੀ ਇਕ ਮਸ਼ਾਲ ਵਾਂਗੂੰ ਬਲਦੀ ਨਿਹਾਇਤ ਖ਼ੂਬਸੂਰਤ ਇਕ ਕੁੜੀ ਦੋ ਛੱਤਾਂ ਉਤਰਦੀ ਏ। ਪੌੜੀਆਂ ਵਿਚ ਬਲਦੀ ਅੱਗ ਤੁਰਦੀ ਏ। ਮੈਨੂੰ ਲਗਦਾ ਏ, ਉਹ ਅੱਗ ਮੇਰੇ ਕੱਪੜਿਆਂ ਨੂੰ ਹੀ ਨਹੀਂ, ਮੇਰੇ ਪਿੰਡੇ ਦੇ ਮਾਸ ਨੂੰ ਲਗੀ ਹੋਈ ਏ। ਤੇ ਪੌੜੀਆਂ ਵਿਚੋਂ ਲਟ ਲਟ ਬਲਦੀ ਮੈਂ ਉਤਰ ਰਹੀ ਹਾਂ।

ਮੈਨੂੰ ਪਤਾ ਏ, ਮੈਂ ਮੁਸੀਬਤ ਵੇਲੇ ਚੀਖ਼ ਕੇ ਕਿਸੇ ਨੂੰ ਮਦਦ ਲਈ ਨਹੀਂ ਬੁਲਾ

ਸਕਦੀ, ਜਦ ਤੱਕ ਉਹ ਮੇਰਾ ਬਿਲਕੁਲ ਆਪਣਾ ਨਾ ਹੋਵੇ। ਉਹਨੇ ਵੀ ਉਸ ਅਜਨਬੀ ਸ਼ਹਿਰ ਦੀਆਂ ਪਰਾਈਆਂ ਪੌੜੀਆਂ ਵਿਚ ਕਿਸੇ ਨੂੰ ਨਹੀਂ ਪੁਕਾਰਿਆ ਹੋਣਾ।

... ... ...

ਚੌਦਾਂ ਅਗਸਤ ਦੀ ਸ਼ਾਮ ਸੀ। 1974। ਮੈਂ ਪਰੈਸ ਵਿਚ ਬੈਠੀ ਕੰਮ ਕਰ ਰਹੀ ਸਾਂ। ਘਰੋਂ ਡੌਲੀ, ਯਾਨੀ ਮੇਰੀ ਵੱਡੀ ਧੀ ਅਰਪਨਾ, ਦਾ ਟੈਲੀਫ਼ੋਨ ਆਇਆ। ਘਬਰਾਹਟ ਨਾਲ ਕੰਬਦੀ ਆਵਾਜ਼। "ਪੈਰਿਸ ਤੋਂ ਕੋਈ ਟੈਲੀਫ਼ੋਨ ਆ ਰਿਹਾ ਏ, ਪਰ ਗੱਲ ਦੀ ਸਮਝ ਨਹੀਂ ਆ ਰਹੀ। ਲਾਈਨ ਕਲੀਅਰ ਨਹੀਂ ਸੀ। ਹੁਣੇ ਫੇਰ ਆਵੇਗਾ। ਤੁਸੀਂ ਛੇਤੀ ਘਰ ਆ ਜਾਓ!" ਪੈਰਿਸ ਤੋਂ ਟੈਲੀਫ਼ੋਨ? ਕਿਉਂ? ਮੈਂ ਕੰਬਦੇ ਹੱਥਾਂ ਨਾਲ ਕਾਗ਼ਜ਼ ਫ਼ਾਈਲ ਵਿਚ ਤੁੰਨੇ, ਤੇ ਮੋਟਰ ਵਿਚ ਬਹਿ ਗਈ, "ਘਰ। ਛੇਤੀ!"

ਕੈਂਡੀ, ਮੇਰੀ ਨਿੱਕੀ ਧੀ, ਡੇਢ ਮਹੀਨਾ ਪਹਿਲਾਂ ਫ਼ਰਾਂਸ ਗਈ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਫ਼ਰੈਂਚ ਦਾ ਐਮ. ਏ. ਕਰ ਰਹੀ ਸੀ। ਅਜੇ ਪਹਿਲੇ ਸਾਲ ਦਾ ਹੀ ਇਮਤਿਹਾਨ ਹੋਇਆ ਤਾਂ ਆਪਣੀ ਕਲਾਸ ਨੂੰ ਟਾਪ ਕੀਤਾ। ਸੋ ਦੋ ਮਹੀਨੇ ਦਾ ਸਕਾਲਰਸ਼ਿਪ ਮਿਲਿਆ — ਫ਼ਰਾਂਸ ਜਾ ਕੇ ਕੋਈ ਕੋਰਸ ਕਰਨ ਲਈ, ਜਾਂ ਆਪੇ ਰੀਸਰਚ ਕਰ ਕੇ ਫ਼ਰਾਂਸ ਬਾਰੇ ਕੋਈ ਥੀਸਿਸ ਲਿਖਣ ਲਈ।

ਉਹਨੇ ਥੀਸਿਸ ਲਿਖਣਾ ਚੁਣਿਆ ਸੀ। ਏਸ ਕਰਕੇ ਉਹ ਸਾਰੇ ਫ਼ਰਾਂਸ ਵਿਚ ਘੁੰਮ ਰਹੀ ਸੀ। ਤਕਰੀਬਨ ਰੋਜ਼ ਉਹਦਾ ਖ਼ਤ ਆਉਂਦਾ ਸੀ। ਅਜੇ ਕਲ੍ਹ ਹੀ ਤਾਂ ਖ਼ਤ ਆਇਆ ਸੀ। ਲੰਮਾ ਖ਼ਤ। ਵਿਸ਼ੀ ਤੋਂ। ਕਈਆਂ ਥਾਂਵਾਂ ਤੋਂ ਸ਼ੈਤੋ ਤੇ ਆਰਟ ਗੈਲਰੀਆਂ ਤੇ ਮਿਊਜ਼ੀਅਮ ਤੇ ਗਿਰਜੇ ਵੇਖਦੀ ਵੇਖਦੀ ਉਹ ਵਿਸ਼ੀ ਪਹੁੰਚੀ ਸੀ, ਜਿਥੇ ਸਿਹਤਬਖ਼ਸ਼ ਪਾਣੀਆਂ ਦੇ ਚਸ਼ਮੇ ਸਨ। ਤੇ ਸਿਰਫ਼ ਫਰਾਂਸ ਤੋਂ ਹੀ ਨਹੀਂ, ਸਾਰੇ ਯੋਰਪ ਤੋਂ ਲੋਕ ਉਹਨਾਂ ਚਸ਼ਮਿਆਂ ਦਾ ਪਾਣੀ ਪੀਣ ਤੇ ਨਹਾਉਣ ਉੱਥੇ ਆਉਂਦੇ ਸਨ, ਸਿਹਤਯਾਬ ਹੋਣ ਲਈ।

ਖ਼ਤ ਵਿਸ਼ੀ ਤੋਂ ਆਇਆ ਸੀ, ਤੇ ਫ਼ੋਨ ਪੈਰਿਸ ਤੋਂ ਕਿਸ ਤਰ੍ਹਾਂ ਆ ਗਿਆ? ਵਾਪਸ ਪੈਰਿਸ ਆ ਗਈ ਏ ਅੱਜ? ਪਰ ਫ਼ੋਨ ਕਿਉਂ ਕੀਤਾ? ਜਦ ਤੱਕ ਕੋਈ ਖ਼ਾਸ ਮੁਸੀਬਤ ਨਾ ਹੋਵੇ, ਉਹ ਇਸ ਤਰ੍ਹਾਂ ਫ਼ੋਨ ਨਹੀਂ ਕਰਨ ਵਾਲੀ। ਮੁਸੀਬਤ ਵੇਲੇ ਵੀ ਮੇਰੇ ਕੋਲੋਂ ਛੁਪਾਂਦੀ ਰਹਿੰਦੀ ਏ। ਮਾਂ ਨੂੰ ਤਕਲੀਫ਼ ਨਾ ਹੋਵੇ, ਇਸ ਲਈ। ਝੱਲੀ ਧੀ ਮੇਰੀ!

ਤੇ ਸੈਂਕੜੇ ਦਲੀਲਾਂ ਵਿਚ ਪਈ ਮੈਂ ਘਰ ਪਹੁੰਚ ਗਈ।

"ਫ਼ੋਨ 'ਤੇ ਆਵਾਜ਼ ਰਤਾ ਕੁ ਵੀ ਨਹੀਂ ਸੀ ਸੁਣਾਈ ਦੇਂਦੀ?"

"ਲੱਗਦਾ ਸੀ, ਕੱਜਨ ਦੀ ਆਵਾਜ਼ ਏ।"

"ਕੱਜਨ ਦੀ? ਕੈਂਡੀ ਦੀ ਨਹੀਂ?" ਮੈਂ ਹੋਰ ਬਦਹਵਾਸ ਹੋ ਗਈ।

ਕੱਜਨ, ਯਾਨੀ ਸਾਡੇ ਗੁਆਂਢੀਆਂ ਦਾ ਪੁੱਤਰ। ਕੈਂਡੀ ਸੀਨੀਅਰ ਕੈਂਬਰਿਜ ਕਰ ਚੁੱਕੀ ਸੀ, ਤੇ ਕੱਜਨ ਕਿਸੇ ਕਾਲਜ ਵਿਚ ਪੜ੍ਹਦਾ ਸੀ, ਜਦੋਂ ਅਸੀਂ ਏਸ ਗ੍ਰੇਟਰ ਕੈਲਾਸ਼



ਵਾਲੇ ਘਰ ਵਿਚ ਆਏ ਸਾਂ। ਉਹ ਉੱਤੇ ਰਹਿੰਦੇ ਸਨ, ਤੇ ਅਸੀਂ ਥੱਲੇ। ਮਕਾਨ ਨਵਾਂ ਹੀ ਬਣਿਆ ਸੀ, ਏਸ ਕਰਕੇ ਅਸੀਂ ਦੋਵੇਂ ਕਿਰਾਏਦਾਰ ਤਕਰੀਬਨ ਦੋ ਕੁ ਹਫ਼ਤਿਆਂ ਦੀ ਵਿੱਥ 'ਤੇ ਹੀ ਏਸ ਮਕਾਨ ਵਿਚ ਆਏ ਸਾਂ। ਅਸੀਂ ਪਹਿਲੋਂ ਆਏ ਸਾਂ, ਹੇਠਲੇ ਪੋਰਸ਼ਨ ਵਿਚ। ਉਹ ਮਗਰੋਂ ਆਏ ਸਨ। ਏਸ ਕਰਕੇ ਉਹਨਾਂ ਦਾ ਸਾਮਾਨ ਉਤੇ ਚੜ੍ਹਵਾਉਣ ਦੀ ਤੇ ਪਹਿਲੇ ਇਕ ਅੱਧ ਦਿਨ ਉਹਨਾਂ ਨੂੰ ਰੋਟੀ ਪਾਣੀ ਪੁੱਛਣ ਦੀ ਜ਼ਿੰਮੇਵਾਰੀ ਸਾਡੀ ਬਣਦੀ ਸੀ। ਸਾਡੀ, ਯਾਨੀ ਮੇਰੀ ਤੇ ਮੇਰੀਆਂ ਦੋਹਾਂ ਧੀਆਂ ਦੀ। ਇਸ ਤਰ੍ਹਾਂ ਇਹ ਵਾਕਫ਼ੀਅਤ ਸ਼ੁਰੂ ਤੋਂ ਹੀ ਬੜੇ ਚੰਗੇ ਰਿਸ਼ਤੇ ਵਿਚ ਬਦਲ ਗਈ ਸੀ।

ਪਰ ਉਹ ਹੋਰ ਕਿਸਮ ਦੇ ਲੋਕ ਸਨ। ਹੌਲੀ ਹੌਲੀ ਮਨ ਦੂਰ ਹੁੰਦੇ ਗਏ ਸਨ। ਉਹਨਾਂ ਦੀ ਆਪਣੀ ਦੁਨੀਆਂ ਸੀ ਜਿਸ ਵਿਚ ਹੀਰੇ ਵੇਚੇ ਜਾਂਦੇ ਸਨ, ਲੱਖਾਂ ਦਾ ਵਪਾਰ ਹੁੰਦਾ ਸੀ, ਕਿਸੇ ਕਿਤਾਬ ਲਈ ਕੋਈ ਥਾਂ ਨਹੀਂ ਸੀ, ਅੰਤਾਂ ਦਾ ਸ਼ੋਰ ਸੀ ਜਿਹੜਾ ਸਵੇਰੇ ਬ੍ਰੇਕਫ਼ਾਸਟ ਵੇਲੇ ਤਲੀਆਂ ਜਾਣ ਵਾਲੀਆਂ ਪੂੜੀਆਂ ਤੋਂ ਸ਼ੁਰੂ ਹੁੰਦਾ ਸੀ, ਤੇ ਅੱਧੀ ਰਾਤ ਤੱਕ ਸ਼ਰਾਬ ਦੇ ਦੌਰਾਂ ਨਾਲ ਤੇ ਤਾਸ਼ ਦੀ ਜਿੱਤ ਹਾਰ ਨਾਲ ਤੇ ਆਖ਼ਰਾਂ ਦੇ ਸ਼ੋਰ ਨਾਲ ਤੁਰਦਾ ਰਹਿੰਦਾ ਸੀ।

ਅਸੀਂ ਥੱਲੇ ਸਾਂ, ਸੋ ਹਰ ਵੇਲੇ ਲਗਦਾ ਸੀ ਕਿ ਸਿਰ ਉਤੇ ਹਥੌੜੇ ਚੱਲ ਰਹੇ ਨੇ। ਧੰਮ ਧੰਮ ਤੁਰਦੇ ਪੈਰਾਂ ਦੀ ਗੜਗੜਾਹਟ, ਆਉਣ ਜਾਣ ਵਾਲੇ ਉਹਨਾਂ ਦੀ ਕਿਸਮ ਦੇ ਹੀ ਲੋਕਾਂ ਦਾ ਪੌੜੀਆਂ ਚੜ੍ਹਣ ਉਤਰਨ ਦਾ ਬੇਇੰਤਹਾ ਸ਼ੋਰ, ਅੱਧੀ ਰਾਤ ਤੱਕ ਮੋਟਰਾਂ ਦੇ ਸਟਾਰਟ ਹੋਣ ਦੀ ਤੇ ਮੋਟਰਾਂ ਦੇ ਬੂਹਿਆਂ ਦੇ ਖੁੱਲ੍ਹਣ ਤੇ ਕਾੜ ਕਰ ਕੇ ਬੰਦ ਹੋਣ ਦੀ ਆਵਾਜ਼, ਜਿਹੜੀ ਠਹਿਰੀ ਹੋਈ ਰਾਤ ਵਿਚ ਗੜਗੜਾਉਂਦੀ ਹੋਈ ਗੂੰਜਦੀ। ਅੱਧੀ ਰਾਤ ਤੱਕ ਉਹਨਾਂ ਦੇ ਦੋਹਾਂ ਨੌਕਰਾਂ ਦੀਆਂ ਉੱਚੀ ਉੱਚੀ ਗੱਲਾਂ, ਤੇ ਸੈਂਕੜੇ ਭਾਂਡਿਆਂ ਦੀ ਖਣਖਣਾਉਂਦੀ ਗੂੰਜ। ਕੋਈ ਵੀ ਅਜਿਹਾ ਕਮਰਾ ਨਹੀਂ ਸੀ ਜਿਸ ਵਿਚ ਆਵਾਜ਼ਾਂ ਘੱਟ ਆਉਣ। ਪਿਛਲੇ ਕਮਰੇ ਦੇ ਉਤੇ ਜਿਹੜਾ ਕਮਰਾ ਸੀ, ਉਸ ਵਿਚ ਔਰਤਾਂ ਆਪਣੀਆਂ ਸਹੇਲੀਆਂ ਨਾਲ ਬੈਠੀਆਂ ਤਾਸ਼ ਖੇਡਦੀਆਂ ਰਹਿੰਦੀਆਂ ਤੇ ਪਾਨ ਖਾਂਦੀਆਂ ਰਹਿੰਦੀਆਂ। ਅਗਲੇ ਵੱਡੇ ਕਮਰੇ ਦੇ ਉਤਲੇ ਕਮਰੇ ਵਿਚ ਮਰਦ ਸ਼ੋਰ ਕਰਦੇ ਰਹਿੰਦੇ। ਤਾਸ਼, ਜਿਸ ਤਰ੍ਹਾਂ ਭਲਵਾਨ ਅਖਾੜਿਆਂ ਵਿਚ ਦੰਗਲ ਕਰਦੇ ਹੋਣ।

ਕਈ ਵਾਰੀ ਮੈਂ ਘਬਰਾ ਕੇ ਬਾਹਰ ਨਿਕਲ ਜਾਂਦੀ। ਘਰ ਦੇ ਤਕਰੀਬਨ ਸਾਹਮਣੇ ਹੀ ਇਕ ਪਾਰਕ ਸੀ। ਉਸ ਵਿਚ ਜਾ ਖਲੋਂਦੀ। ਆਲੇ ਦੁਆਲੇ ਦੇ ਸਾਰੇ ਘਰ ਸ਼ਾਂਤ ਹਨੇਰੇ ਵਿਚ ਅਣਜਾਣ ਬੱਚਿਆਂ ਵਾਂਗੂੰ ਸੌਂ ਰਹੇ ਹੁੰਦੇ। ਸਿਰਫ਼ ਇਕ ਸਾਡੇ ਘਰ ਦੇ ਉਤਲੇ ਹਿੱਸੇ ਵਿਚੋਂ ਅੰਤਾਂ ਦਾ ਸ਼ੋਰ, ਗਲਾਸਾਂ ਦੀ ਤੇ ਭਾਂਡਿਆਂ ਦੀ ਆਵਾਜ਼, ਪੈਰਾਂ ਦੀ ਗੜਗੜਾਹਟ, ਤੇ ਰੌਸ਼ਨੀ, ਉੱਲਰ ਕੇ ਬਾਹਰ ਨਿਕਲ ਰਹੇ ਹੁੰਦੇ। 'ਕਹੀ ਬਦਕਿਸਮਤੀ ਏ!' — ਮੈਂ ਸੋਚਦੀ।

ਤੇ ਸਵੇਰੇ, ਬਾਹਰ ਸਾਡੇ ਲਾਅਨ ਦੇ ਘਾਹ ਉਤੇ ਕਾਗ਼ਜ਼, ਅੱਧ-ਜਲੀਆਂ ਸਿਗਰਟਾਂ ਦੇ ਟੋਟੇ, ਕੇਲੇ ਦੇ ਛਿਲਕੇ, ਭੱਜੇ ਹੋਏ ਗਲਾਸ ਦੇ ਟੋਟੇ, ਤੇ ਕਈ ਕੁਝ ਪਿਆ ਹੁੰਦਾ। ਸਭ ਤੋਂ ਕੋਫ਼ਤ ਵਾਲੀ ਚੀਜ਼ ਸੀ ਘਾਹ ਦਾ ਜਗ੍ਹਾ, ਜਗ੍ਹਾ ਮੂੰਹ ਵਿਚ ਘੁਲੇ ਹੋਏ ਪਾਨ ਨਾਲ ਸੁਰਖ਼ ਹੋ ਜਾਣਾ। ਉਫ਼, ਜਿਵੇਂ ਸਾਡਾ ਲਾਅਨ ਨਾ ਹੋਵੇ, ਕੂੜੇਦਾਨ ਹੋਵੇ। ਪਰ ਮੈਂ

ਜਦੋਂ ਵੀ ਉਹਨਾਂ ਲੋਕਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀ, ਉਹ ਅਗੋਂ ਇਸ ਤਰ੍ਹਾਂ ਚੀਖ਼ਦੇ ਕਿ ਸਾਰੇ ਦਿਨ ਦਾ ਕਬਾੜਾ ਹੋ ਕੇ ਰਹਿ ਜਾਂਦਾ।

ਸਾਹਮਣੇ ਵਾਲੇ ਘਰ ਵਿਚ ਬੜੇ ਸ਼ਾਇਸਤਾ ਲੋਕ ਰਹਿੰਦੇ ਸਨ, ਤੇ ਸਾਰੇ ਆਲੇ ਦੁਆਲੇ ਵਿਚ ਜਿਸ ਇਕੋ ਇਕ ਟੱਬਰ ਨਾਲ ਦੋਸਤੀ ਦਾ ਰਿਸ਼ਤਾ ਸੀ, ਉਹ ਬੱਸ ਉਹਨਾਂ ਨਾਲ ਹੀ ਸੀ। ਸੁਰਿੰਦਰ ਸਹਿਗਲ ਤੇ ਬਿਮਲਾ ਜੀ। ਉਹਨਾਂ ਨੂੰ ਵੀ ਮੈਂ ਦੋ ਚਾਰ ਵਾਰ ਕਿਹਾ ਸੀ ਕਿ ਸਾਡੇ ਉਤੇ ਵਾਲਿਆਂ ਨਾਲ ਗੱਲ ਕਰਨ। ਆਖ਼ਰ ਆਦਮੀ ਨਾਲ ਇਸ ਤਰ੍ਹਾਂ ਦੇ ਝਗੜੇ ਵਾਲੀ ਗੱਲ ਆਦਮੀ ਹੀ ਕਰ ਸਕਦਾ ਏ। ਪਰ ਪਰਾਏ ਝਗੜੇ ਵਿਚ ਕੋਈ ਵੀ ਹੱਥ ਨਹੀਂ ਪਾਣਾ ਚਾਹੁੰਦਾ।

ਇਸ ਅੰਤਾਂ ਦੇ ਸ਼ੋਰ ਵਾਲੇ ਘਰ ਵਿਚ ਇਕ ਖ਼ਾਮੋਸ਼ ਤੇ ਬਿਲਕੁਲ ਹੋਰ ਤਰ੍ਹਾਂ ਦਾ ਮੁੰਡਾ ਸੀ, ਕੱਜਨ।

ਕੈਂਡੀ ਤੇ ਉਹ ਰਲ ਕੇ ਕਿਤਾਬਾਂ ਦੀਆਂ ਗੱਲਾਂ ਕਰਦੇ, ਮਿਊਜ਼ਿਕ ਸੁਣਦੇ, ਸੈਰ ਕਰਦੇ।

ਉਤਲੇ ਘਰ ਵਿਚ ਕਿਉਂਕਿ ਕਿਤਾਬਾਂ ਲਈ ਤੇ ਸੰਗੀਤ ਲਈ ਕੋਈ ਥਾਂ ਨਹੀਂ ਸੀ, ਇਸ ਕਰਕੇ ਕੱਜਨ ਨੂੰ ਵੀ ਜਿਵੇਂ ਸਾਡੇ ਘਰ ਵਿਚ ਪਨਾਹ ਵਰਗਾ ਅਹਿਸਾਸ ਹੁੰਦਾ ਸੀ। ਜਦੋਂ ਵੀ ਦੋਵੇਂ ਰਲ ਕੇ ਬੈਠਦੇ, ਹੇਠਲੇ ਕਿਤਾਬਾਂ ਨਾਲ ਤੇ ਰੀਕਾਰਡਾਂ ਨਾਲ ਭਰੇ ਹੋਏ ਘਰ ਵਿਚ ਹੀ, ਯਾਨੀ ਸਾਡੇ ਘਰ।

ਕੱਜਨ ਕਹਿੰਦਾ, "ਉਸ ਹੀਰਿਆਂ ਵਾਲੇ ਪੈਸੇ ਨਾਲ ਮੇਰਾ ਕੋਈ ਵਾਸਤਾ ਨਹੀਂ। ਮੈਂ ਤਾਂ ਕੁਝ ਹੋਰ ਕਰਾਂਗਾ। ਆਪਣੇ ਪੈਰਾਂ ਤੇ ਖੜੋਵਾਂਗਾ। ਤੇ ਆਪਣੇ ਆਪ ਨੂੰ, ਕੈਂਡੀ, ਤੇਰੀ ਦੋਸਤੀ ਦੇ ਕਾਬਿਲ ਬਣਾਵਾਂਗਾ।"

ਤੇ ਦੋ ਵਰ੍ਹਿਆਂ ਦੀ ਅਲੂਈਂ ਪਰ ਬਹੁਤ ਗਹਿਰੀ ਦੋਸਤੀ ਤੋਂ ਮਗਰੋਂ ਕੱਜਨ ਫ਼ਰਾਂਸ ਚਲਾ ਗਿਆ। ਕੈਂਡੀ ਦੀ ਦੋਸਤੀ ਦੇ ਕਾਬਿਲ ਬਣਨ ਲਈ।

ਕੈਂਡੀ ਕੁੜੀ ਹੀ ਇਹੋ ਜਿਹੀ ਸੀ। ਉਹਦੀ ਦੋਸਤੀ ਦੇ ਕਾਬਿਲ ਬਣਨ ਲਈ ਤਾਂ ਮੈਨੂੰ ਵੀ ਉਚੇਚੀ ਕੋਸ਼ਿਸ਼ ਕਰਨੀ ਪੈਂਦੀ ਸੀ। ਕਈ ਕਿਤਾਬਾਂ ਅਜਿਹੀਆਂ ਸਨ, ਜਿਹੜੀਆਂ ਪਹਿਲੋਂ ਉਹਨੇ ਪੜ੍ਹੀਆਂ, ਫੇਰ ਮੈਨੂੰ ਪੜ੍ਹਾਈਆਂ। ਤੇ ਫੇਰ ਡੌਲੀ ਤੇ ਮੈਂ ਤੇ ਉਹ, ਤਿੰਨੇ ਬਹਿ ਕੇ ਉਹਨਾਂ ਬਾਰੇ ਗੱਲਾਂ ਕਰਦੇ ਸਾਂ।

... ... ...

ਹਾਂ, ਤੇ ਇਹ ਓਹੀ ਕੱਜਨ ਸੀ, ਜਿਹਦਾ ਫ਼ੋਨ ਆ ਰਿਹਾ ਸੀ ਪੈਰਿਸ ਤੋਂ। ਤੇ ਫ਼ੋਨ ਤੇ ਆਖੀ ਹੋਈ ਗੱਲ ਸੁਣਾਈ ਨਹੀਂ ਸੀ ਦਿਤੀ ਡੌਲੀ ਨੂੰ।

ਅਸੀਂ ਦੋਵੇਂ ਧੜਕਦੇ ਕੰਬਦੇ ਕਲੇਜਿਆਂ ਨਾਲ ਫ਼ੋਨ ਦੇ ਕੋਲ ਬੈਠੀਆਂ ਸਾਂ। ਕੱਜਨ ਦੇ ਫ਼ੋਨ ਦੇ ਇੰਤਜ਼ਾਰ ਵਿਚ। ਵਕਤ ਤੁਰ ਹੀ ਨਹੀਂ ਸੀ ਰਿਹਾ।

ਸ਼ਾਮ ਦੇ ਪੰਜ ਤੋਂ ਅੱਠ ਵਜ ਗਏ। ਹਾਰ ਕੇ ਮੈਂ ਉਤਲੇ ਘਰ ਵਿਚੋਂ ਪੁੱਛਿਆ ਕਿ ਕੱਜਨ ਦਾ ਟੈਲੀਫ਼ੋਨ ਨੰਬਰ ਕੀ ਏ। ਟੈਲੀਫ਼ੋਨ ਨੰਬਰ ਤਾਂ ਵਿਸ਼ੀ ਦਾ ਹੀ ਸੀ,



ਜਿਥੋਂ ਕੈਂਡੀ ਦਾ ਅਜੇ ਕਲ੍ਹ ਖ਼ਤ ਆਇਆ ਸੀ। ਉਸ ਵਿਚ ਉਹਨੇ ਲਿਖਿਆ ਵੀ ਸੀ ਕਿ ਕੱਜਨ ਜਿਸ ਹੋਸਟਲ ਵਿਚ ਰਹਿੰਦਾ ਏ, ਉਹ ਵੀ ਉਸੇ ਵਿਚ ਰਹਿ ਰਹੀ ਏ।

ਫ਼ੋਨ ਚਾਹੇ ਪੈਰਿਸ ਤੋਂ ਆ ਰਿਹਾ ਸੀ, ਪਰ ਮੈਂ ਵਿਸ਼ੀ ਦੀ ਕਾਲ ਬੁੱਕ ਕਰਵਾ ਦਿਤੀ।

ਉਸ ਰਾਤ ਜਦੋਂ ਕਾਲ ਨਹੀਂ ਸੀ ਮਿਲ ਰਹੀ, ਮੈਂ ਕਿਹਦੇ ਕਿਹਦੇ ਤਰਲੇ ਨਹੀਂ ਕੀਤੇ! ਟੈਲੀਫ਼ੋਨ ਵਾਲੀਆਂ ਕੁੜੀਆਂ ਦੇ। ਸੁਪਰਿਟੈਂਡੈਂਟਸ ਦੇ। ਜਿਹੜਾ ਜਿਹੜਾ ਵੀ ਕੋਈ ਵਾਕਫ਼ ਸੀ, ਉਹਦੇ। ਪਰ — ਕਾਲ ਨਹੀਂ ਸੀ ਮਿਲ ਰਹੀ।

ਰਾਤ ਦੇ ਕੋਈ ਬਾਰਾਂ ਕੁ ਵਜੇ ਕੱਜਨ ਦੀ ਫੇਰ ਅਵਾਜ਼ ਸੁਣਾਈ ਦਿਤੀ। ਪਰ ਗੱਲ ਦੀ ਪੂਰੀ ਸਮਝ ਫੇਰ ਵੀ ਨਹੀਂ ਸੀ ਆ ਰਹੀ।

ਮੇਰੀ ਬੁੱਕ ਕਰਵਾਈ ਹੋਈ ਕਾਲ ਕੋਈ ਪੌਣੇ ਦੋ ਵਜੇ ਮਿਲੀ। ਲੰਡਨ ਦੇ ਥਰੂ ਮਿਲ ਰਹੀ ਸੀ। ਲੰਡਨ ਦੇ ਐਕਸਚੇਂਜ ਵਾਲੀ ਕੁੜੀ ਕਹਿ ਰਹੀ ਸੀ ਕਿ ਫ਼ਰਾਂਸ ਦੇ ਅਕਸਚੇਂਜ ਵਾਲੀ ਕੁੜੀ ਸਿਰਫ਼ ਫ਼ਰੈਂਚ ਬੋਲ ਰਹੀ ਏ। ਕਿਸੇ ਨੂੰ ਕਿਸੇ ਦੀ ਗੱਲ ਸਮਝ ਨਹੀਂ ਸੀ ਆ ਰਹੀ।

ਕੋਈ ਢਾਈ ਵਜੇ ਰਾਤ ਦੇ ਉਤਲੇ ਘਰ ਕੱਜਨ ਦਾ ਫ਼ੋਨ ਆਇਆ। ਮੈਂ ਨੱਸਦੀ ਉਤੇ ਗਈ। ਹੁਣ ਉਹਦੀ ਆਵਾਜ਼ ਸਾਫ਼ ਸੀ "ਕੈਂਡੀ ਜਲ ਗਈ ਥੀ।"

"ਕਬ?" ਮੇਰੇ ਪੈਰਾਂ ਹੇਠਲੀ ਜ਼ਮੀਨ ਕੰਬ ਰਹੀ ਸੀ।

"ਨਹੀਂ, ਆਂਟੀ, ਕੋਈ ਘਬਰਾਨੇ ਕੀ ਬਾਤ ਨਹੀਂ। ਅਬ ਠੀਕ ਹੋ ਰਹੀ ਹੈ।"

"ਪਰ ਜਲੀ ਕਬ?"

"ਬਾਰਾਂ ਤਾਰੀਖ਼ ਕੋ।"

"ਬਾਰਾਂ ਤਾਰੀਖ਼ ਸੇ ਮੁਝੇ ਕਿਉਂ ਨਹੀਂ ਬਤਾਇਆ?" ਮੈਂ ਰੋਣ ਹਾਕੀ ਹੋ ਰਹੀ ਸਾਂ।

"ਉਸ ਨੇ ਕਹਾ ਥਾ, ਬਤਾਨਾ ਨਹੀਂ। ਬੋਲੀ, ਅੰਮੀ ਫ਼ਿਕਰ ਕਰੇਂਗੀ। ਇਸ ਲੀਏ।"

"ਕਹਾਂ ਹੈ ਵੋ?"

"ਹਸਪਤਾਲ ਮੇਂ। ਘਬਰਾਨਾ ਨਹੀਂ ਮੰਮੀ! ਬਿਲਕੁਲ ਨਹੀਂ। ਵੋ ਠੀਕ ਹੋ ਰਹੀ ਹੈ।"

"ਮੁਝੇ ਬੁਲਾਨੇ ਕੇ ਲੀਏ ਫ਼ੋਨ ਕਰ ਰਹੇ ਹੋ ਨਾ ਤੁਮ?" ਮੇਰੀ ਭੁੱਬ ਨਿਕਲ ਗਈ।

"ਅਗਰ ਆਪਕਾ ਮਨ ਹੋ ਤੋ ਆ ਜਾਈਏ। ਵੈਸੇ ਵੋ ਠੀਕ ਹੋ ਰਹੀ ਹੈ।"

"ਕਹਾਂ ਪਰ? ਵਿਸ਼ੀ ਮੇਂ?"

"ਨਹੀਂ। ਮੈਂ ਲੀਓਂ ਸੇ ਬੋਲ ਰਹਾ ਹੂੰ। ਹਮ ਉਸ ਕੋ ਯਹਾਂ ਲੇ ਆਏ ਥੇ।"

"ਤੋ ਜ਼ਰੂਰ ਜ਼ਿਆਦਾ ਕੁਛ ਹੂਆ ਹੋਗਾ ਨਾ ਬੇਟੇ। ਨਹੀਂ ਤੋ ਦੂਸਰੇ ਸ਼ਹਿਰ ਮੇਂ ਕਿਉਂ ਲਾਤੇ?"

"ਯਹਾਂ ਏਕ ਸਪੈਸ਼ਲ ਹਸਪਤਾਲ ਹੈ। ਜਲ ਜਾਨੇ ਵਾਲੋਂ ਕੇ ਇਲਾਜ ਕੇ ਲੀਏ। ਇਸੀ ਲੀਏ।"

"ਮੈਂ ਆਤੀ ਹੂੰ। ਉਸ ਕੋ ਕਹਿ ਦੋ ਮੈਂ ਆ ਰਹੀ ਹੂੰ।"

ਫ਼ੋਨ ਕਟ ਗਿਆ। ਡੌਲੀ ਤੇ ਮੈਂ ਦੋਵੇਂ ਰੋਂਦੀਆਂ ਰੋਂਦੀਆਂ, ਆਪਣੀ ਆਵਾਜ਼ ਨੂੰ ਹੋਠਾਂ ਦੇ ਪਾਰ ਘੁੱਟਦੀਆਂ, ਇਕ ਦੂਜੇ ਨੂੰ ਸਹਾਰਾ ਦੇਂਦੀਆਂ, ਥੱਲੇ ਆ ਗਈਆਂ।

ਰਾਤ ਬੀਤੀ ਨਹੀਂ। ਛਾਤੀ ਵਿਚੋਂ ਇਕ ਇਕ ਪੁੜਿਆ ਹੋਇਆ ਕੰਡਾ ਕੱਢਦਿਆਂ ਗੁਜ਼ਰੀ। ਸੂਲਾਂ ਉਤੇ!

ਅਗਲੇ ਦਿਨ ਛੁੱਟੀ ਸੀ। ਸਾਰੇ ਦਫ਼ਤਰ ਬੰਦ। ਉਹ ਸਾਰਾ ਦਿਨ, ਸਵੇਰੇ ਲੋਅ ਲੱਗਣ ਤੋਂ ਲੈ ਕੇ ਰਾਤੀਂ ਸਾਢੇ ਤਿੰਨ ਵਜੇ ਤੱਕ, ਜਦੋਂ ਹਵਾਈ ਜਹਾਜ਼ ਫ਼ਰਾਂਸ ਵਲ ਤੁਰਿਆ, ਮੈਂ ਦਿੱਲੀ ਦੀਆਂ ਵੀਰਾਨ ਸੜਕਾਂ ਉਤੇ ਵਾਹੋ ਦਾਹੀ ਨੱਸੀ ਫਿਰੀ। ਮਨਿਸਟਰਾਂ ਦੇ ਘਰ, ਰੀਜ਼ਰਵ ਬੈਂਕ ਦੇ ਅਫ਼ਸਰਾਂ ਦੇ ਘਰ, ਫ਼ਰਾਂਸ ਦੇ ਐਮਬੈਸੇਡਰ ਦੇ ਘਰ, ਤੇ ਪੰਜਾਹ ਥਾਵਾਂ ਹੋਰ।

ਸਿਰ ਵਿਚ ਬਾਰ ਬਾਰ ਇਕੋ ਇਕ ਗੱਲ ਗੂੰਜਦੀ ਰਹੀ, "ਉਸ ਕੋ ਕਹਿ ਦੋ ਮੈਂ ਆ ਰਹੀ ਹੂੰ।" ਕੈਂਡੀ, ਮੈਂ ਆ ਰਹੀ ਹਾਂ। ਮੈਨੂੰ ਉਡੀਕੀਂ ਮੇਰੀ ਬੱਚੀ।

ਜਾਣ ਲੱਗਿਆਂ ਪਤਾ ਨਹੀਂ ਕਿਸ ਤਰ੍ਹਾਂ ਮੈਂ ਸੁਖਮਨੀ ਸਾਹਿਬ ਦਾ ਗੁਟਕਾ ਵੀ ਨਾਲ ਰੱਖ ਲਿਆ। ਬਹੁਤ ਦੇਰ ਤੋਂ ਮੇਰਾ ਰਿਸ਼ਤਾ ਰੱਬ ਨਾਲ ਕੁਝ ਉਸ ਤਰ੍ਹਾਂ ਦਾ ਖ਼ਾਮੋਸ਼ ਏ ਜਿਸ ਤਰ੍ਹਾਂ ਤੀਵੀਂ ਖ਼ਾਵੰਦ ਨੂੰ ਨਾਲ ਰਹਿੰਦਿਆਂ ਜਦੋਂ ਵਰ੍ਹਿਆਂ ਦੇ ਵਰ੍ਹੇ ਗੁਜ਼ਰ ਜਾਣ, ਤਾਂ ਮਹਿਜ਼ ਖ਼ਾਮੋਸ਼ੀ ਹੀ ਸਾਥ ਬਣ ਜਾਂਦੀ ਏ। ਜੇ ਕਦੇ ਕੁਝ ਬਹੁਤ ਚੰਗਾ ਵਾਪਰ ਗਿਆ ਜ਼ਿੰਦਗੀ ਵਿਚ, ਤਾਂ ਉਹਦੇ ਵਲ ਤੱਕ ਕੇ ਸ਼ੁਕਰਾਨੇ ਵਿਚ ਨਜ਼ਰਾਂ ਝੁਕਾ ਦਿਤੀਆਂ। ਤੇ ਜੇ — ਜਿਸ ਤਰ੍ਹਾਂ ਆਮ ਹੁੰਦਾ ਈ ਰਹਿੰਦਾ ਏ — ਖ਼ਰਾਬ ਵਾਪਰ ਗਿਆ, ਤਾਂ ਉਹਦੇ ਨਾਲ ਰੁੱਸ ਗਏ। ਜੇ ਤੈਨੂੰ ਮੇਰਾ ਖ਼ਿਆਲ ਨਹੀਂ, ਤਾਂ ਨਾ ਸਹੀ।

ਪਰ ਜ਼ਿੰਦਗੀ ਵਿਚ ਜੋ ਵੀ ਊਟਪਟਾਂਗ ਵਾਪਰਦਾ ਰਿਹਾ ਸੀ ਅੱਜ ਤੱਕ, ਕਦੇ ਇਸ ਤਰ੍ਹਾਂ ਦਾ ਕੁਝ ਨਹੀਂ ਸੀ ਵਾਪਰਿਆ ਕਿ ਜ਼ਮੀਨ ਹਚਕੋਲੇ ਖਾਣ ਲਗ ਪਵੇ, ਤੇ ਖੜੋਤਿਆਂ ਰਹਿਣ ਲਈ ਕਿਸੇ ਰੁੱਖ ਦਾ ਜਾਂ ਢੱਠੀ ਹੋਈ ਕੰਧ ਦਾ, ਜਾਂ ਸਿਰਫ਼ ਹਵਾ ਦਾ ਹੀ ਸਹਾਰਾ ਲੈਣ ਲਈ ਹੱਥ ਇੰਜ ਸਾਹਮਣੇ ਉੱਲਰ ਜਾਵੇ — ਬੇਬਸੀ ਵਿਚ।

ਬੇਬਸੀ ਜਿਹੀ ਬੇਬਸੀ! ਬਦਹਵਾਸ! ਜਿਵੇਂ ਸਾਹ ਸੰਘ ਵਿਚ ਰੁਕ ਗਿਆ ਹੋਵੇ — ਕਿਸੇ ਸਖ਼ਤ ਪਥਰੀਲੇ ਗੋਲੇ ਵਾਂਗੂੰ। ਵਕਤ ਜਿਵੇਂ ਦਮ ਸਾਧ ਕੇ ਖੜੋ ਗਿਆ ਹੋਵੇ। ਰਾਤ ਦੇ ਹਨੇਰੇ ਪਿੰਡੇ ਵਿਚੋਂ ਜਿਵੇਂ ਸੈਂਕੜੇ ਹਜ਼ਾਰਾਂ ਡਰਾਉਣੇ ਨਹੁੰ ਉੱਗ ਆਏ ਹੋਣ। ਪਸਲੀਆਂ ਦੇ ਉਤੇ ਜਿਵੇਂ ਮਣਾਂ ਭਾਰੀ ਕੋਈ ਸਿਲ ਕਿਸੇ ਨੇ ਲਿਆ ਧਰੀ ਹੋਵੇ।

ਜਹਾਜ਼ ਜਿਥੇ ਵੀ ਰੁਕਦਾ ਓਥੇ ਬੱਤੀਆਂ ਦੀ ਚਕਾ-ਚੌਂਧ ਹੁੰਦੀ। ਲੋਕਾਂ ਦਾ ਆਉਣ ਜਾਣ। ਮੈਂ ਸੋਚਦੀ 'ਇਹਨਾਂ ਬੱਤੀਆਂ ਨੂੰ ਨਹੀਂ ਪਤਾ...ਇਹਨਾਂ ਲੋਕਾਂ ਨੂੰ ਨਹੀਂ ਪਤਾ...ਨਹੀਂ ਤਾਂ ਸਾਰਾ ਆਲਮ ਸਾਹ ਰੋਕ ਕੇ ਖੜੋ ਜਾਂਦਾ।'

ਰਾਹ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਕੋਸ਼ਿਸ਼ ਕੀਤੀ, ਪਰ ਅੱਖਰ ਕਦੇ ਬੇਕਿਨਾਰ ਪਾਣੀਆਂ ਵਿਚ ਖੁਰ ਜਾਂਦੇ, ਕਦੇ ਸਹਿਰਾਵਾਂ ਦੀਆਂ ਰੇਤਾਂ 'ਤੇ ਰੀਂਗਣ



ਲੱਗਦੇ, ਕਦੇ ਬਹਿ ਜਾਂਦੇ, ਕਦੇ ਖਲੋ ਜਾਂਦੇ, ਕਦੇ ਤੁਰ ਪੈਂਦੇ। ਤੇ ਅੱਖਰਾਂ ਦੀ ਭੀੜ ਵਿਚੋਂ ਕੋਈ ਵੀ ਅੱਖਰ ਪਛਾਣਿਆ ਨਾ ਜਾਂਦਾ।

... ... ...

ਉਹ ਜਦੋਂ ਰਾਤੀਂ ਏਅਰ ਫ਼ਰਾਂਸ ਦੀ ਫ਼ਲਾਈਟ ਤੇ ਚੜ੍ਹੀ ਸੀ, ਸਤਾਈ ਮਈ ਨੂੰ, ਉਹ ਦਿਨ ਚੇਤੇ ਆਉਂਦਾ। ਉਹ ਵੇਲਾ, ਜਦੋਂ ਉਸ ਨੇ ਕਾਲਾ ਸੂਟ ਪਾਇਆ ਸੀ।

"ਕਾਲਾ ਸੂਟ ਜਾਣ ਲਗਿਆਂ ਕਿਉਂ ਪਾ ਬੈਠੀ ਏ?" ਮੇਰੀ ਗੁਆਂਢਣ ਨੇ ਨਾਗਵਾਰੀ ਨਾਲ ਪੁੱਛਿਆ।

"ਪਤਾ ਨਹੀਂ, ਕਲ੍ਹ ਉਚੇਚਾ ਜਾ ਕੇ ਕਾਲਾ ਕਪੜਾ ਲਿਆਈ ਏ। ਦਰਜ਼ੀ ਕੋਲੋਂ ਅਰਜੈਂਟ ਸੁਆਇਆ ਏ। ਅੱਜ ਸਵੇਰੇ ਮੇਰੇ ਨਾਲ ਬਜ਼ਾਰ ਗਈ ਸੀ। ਮਸਾਂ ਮਸਾਂ ਲੱਭ ਲੱਭ ਕੇ ਇਹ ਪੀਲਾ ਲਾਲ ਰਾਜਸਥਾਨੀ ਦੁਪੱਟਾ ਲੱਭਿਆ ਏ।" ਮੈਂ ਹੱਸ ਕੇ ਕਿਹਾ।

"ਸੋਹਣੀ ਲਗ ਰਹੀ ਏ ਨਾ?" — ਮੈਂ ਡੌਲੀ ਕੋਲੋਂ ਪੁੱਛਿਆ। "ਉਹ ਤੇ ਹੈ ਈ ਸੋਹਣੀ।" — ਡੌਲੀ ਉਹਨੂੰ ਬਹੁਤ ਪਿਆਰ ਕਰਦੀ ਸੀ, ਪਰ ਕਿਸੇ ਵੇਲੇ ਉਹਦੀ ਤਾਰੀਫ਼ ਹੋਈ ਈ ਜਾਵੇ ਤਾਂ ਨਿੱਕਾ ਜਿਹਾ ਰੋਸ ਵੀ ਵਿਖਾਂਦੀ ਸੀ!

ਛਣ ਛਣ ਕਰਦੀ ਉਹ ਅੰਦਰ ਬਾਹਰ ਤੁਰੀ ਫਿਰਦੀ ਸੀ। ਆਪਣੇ ਕਪੜੇ ਪੈਕ ਕਰਦੀ ਹੋਈ।

"ਹਾਊਸ ਕੋਟ ਤਾਂ ਸੱਚ ਯੂਨੀਵਰਸਿਟੀ ਹੋਸਟਲ ਵਿਚ ਹੀ ਰਹਿ ਗਿਆ ਏ!" — ਉਹਨੂੰ ਇਕ ਦਮ ਯਾਦ ਆਇਆ।

"ਮੇਰਾ ਲੈ ਜਾਹ ਨਾ!"

"ਓ ਛੋ ਛੁਈਟ!" — ਤੇ ਉਹ ਮੇਰੇ ਗੱਲ ਚੰਬੜ ਗਈ।

ਗੱਲੇ ਗੱਲੇ, ਬਹਾਨੇ ਬਹਾਨੇ, ਉਹ ਮੈਨੂੰ ਜੱਫੀਆਂ ਪਾਂਦੀ ਰਹਿੰਦੀ ਸੀ, ਮੇਰਾ ਮੂੰਹ ਚੁੰਮਦੀ ਰਹਿੰਦੀ ਸੀ। ਰਤਾ ਵੀ ਉਦਾਸ ਹੋਵਾਂ, ਤਾਂ ਚੁੱਪਚਾਪ ਰਾਤੀਂ ਆ ਕੇ ਮੇਰੇ ਗਲ ਲਗ ਕੇ ਲੇਟ ਜਾਂਦੀ ਸੀ, "ਮੈਨੂੰ ਨੀਂਦ ਨਹੀਂ ਆ ਰਹੀ। ਤੁਹਾਡੇ ਕੋਲ ਲੇਟ ਜਾਵਾਂ?" ਤੇ ਮੈਨੂੰ ਪਤਾ ਹੁੰਦਾ ਸੀ ਕਿ ਆਪਣੀ ਨੀਂਦਰ ਕਰ ਕੇ ਨਹੀਂ, ਸਿਰਫ਼ ਮੇਰੇ ਉਨੀਂਦਰੇ ਕਰ ਕੇ ਗਲ ਲਗ ਕੇ ਸੌਂ ਗਈ ਏ।

ਉਹਦਾ ਜਾਣਾ ਵੀ ਅਜੀਬ ਸੀ। ਸਕਾਲਰਸ਼ਿਪ ਮਿਲਿਆ ਸੀ ਦੋ ਮਹੀਨਿਆਂ ਲਈ। ਫ਼ਰਾਂਸ ਜਾਣ ਦਾ। ਟਿਕਟ ਮਿਲ ਗਈ ਸੀ। ਸਿਰਫ਼ ਟਿਕਟ ਉਤੇ ਫ਼ਲਾਈਟ ਦੀ ਤਾਰੀਖ਼ ਪੁਆਣੀ ਸੀ। ਪੰਦਰਾਂ ਤਾਰੀਖ਼ ਜਾਣਾ ਸੀ। ਰੋਜ਼ ਮੇਰੇ ਨਾਲ ਏਅਰ ਫ਼ਰਾਂਸ ਦੇ ਦਫ਼ਤਰ ਜਾਂਦੀ ਸੀ। ਅਗਲੇ ਦਿਨ ਦੀ ਫ਼ਲਾਈਟ ਕੈਂਸਲ ਕਰਵਾ ਕੇ ਓਸ ਤੋਂ ਅਗਲੇ ਦਿਨ ਦੀ ਤਾਰੀਖ਼ ਪੁਆ ਲਿਆਉਂਦੀ ਸੀ। ਤੇ ਇਸ ਤਰ੍ਹਾਂ ਗਿਆਰਾਂ ਦਿਨ ਗੁਜ਼ਰ ਗਏ ਸਨ।

"ਕੈਂਡੀ, ਅਜੀਬ ਗੱਲ ਏ। ਤੇਰੀ ਉਮਰ ਵਿਚ ਕਿਸੇ ਨੂੰ ਬਾਹਰ ਜਾਣ ਦਾ ਚਾਅ

ਮਿਲੇ, ਤਾਂ ਕੋਈ ਉੱਡਦਾ ਫਿਰੇ। ਇਕ ਵੀ ਦਿਨ ਜ਼ਾਇਆ ਨਾ ਕਰੇ। ਤੇ ਤੂੰ ਗਿਆਰਾਂ ਦਿਨ ਗੁਆ ਲਏ ਨੇ।'' — ਮੈਂ ਆਖ਼ਰ ਖਿੱਝ ਕੇ ਕਿਹਾ।

''ਤੁਹਾਨੂੰ ਏਨਾ ਵੀ ਪਤਾ ਨਹੀਂ ਕਿ ਕਿਉਂ ਨਹੀਂ ਜਾ ਰਹੀ ?'' — ਉਹ ਲਾਡ ਨਾਲ ਮੇਰੇ ਗਲ ਲੱਗ ਗਈ, ''ਤੁਸੀਂ ਨਾਲ ਚੱਲੋ ਨਾ, ਫੇਰ ਜਾਵਾਂਗੀ।''

''ਝੱਲੀ ਕੁੜੀ ! ਚੱਲ ਤੂੰ ਹੁਣ ਰਤਾ ਰਾਹ ਵੇਖ ਕੇ ਆ। ਫੇਰ ਤਿੰਨੇ ਰਲ ਕੇ ਚੱਲਾਂਗੇ। ਤੂੰ ਸਾਡੀ ਗਾਈਡ ਬਣ ਜਾਵੀਂ। ਕਿਉਂ ਡੌਲੀ ?'' — ਮੈਂ ਉਹਦੇ ਸਿਆਹ ਰੇਸ਼ਮੀ ਵਾਲਾਂ ਨੂੰ ਦੁਲਾਰਦਿਆਂ ਕਿਹਾ।

''ਨਹੀਂ, ਮੇਰਾ ਨਹੀਂ ਜੀਅ ਕਰਦਾ ਤੁਹਾਡੇ ਨਾਲੋਂ ਨਿੱਖੜਣ 'ਤੇ।'' — ਉਹ ਮਚਲ ਗਈ, ਬੱਚਿਆਂ ਵਾਂਗੂੰ।

''ਪਾਗ਼ਲ ਏਂ ਤੂੰ ਤੇ ! ਏਡੀ ਚੰਗੀ ਅਪਰਚੂਨਿਟੀ ਕੋਈ ਛੱਡਦਾ ਏ ? ਚੱਲ ਹੁਣ ਡੇਢ ਮਹੀਨਾ ਹੀ ਰਹਿ ਜਾਣਾ ਏ ਵਿਚੋਂ ਤੇ। ਪੰਦਰਾਂ ਦਿਨ ਤੇ ਮਾਂ ਦੀ ਪਰਕਰਮਾ ਕਰਦਿਆਂ ਹੀ ਗੁਆ ਲਏ ਤੂੰ। ਭੱਜ ਜਾਹ ਹੁਣ।''

''ਹੱਛਾ, ਅਠਾਈ ਤਰੀਕ ਜਾਵਾਂਗੀ।''

''ਬਈ ਅਠਾਈ ਤਰੀਕ ਤਾਂ ਮੈਂ ਉਹਨਾਂ ਹੰਗੇਰੀਅਨਾਂ ਨੂੰ ਬੁਲਾਇਆ ਹੋਇਆ ਏ। ਤੈਨੂੰ ਏਅਰਪੋਰਟ ਛੱਡਣ ਕਿਸ ਤਰ੍ਹਾਂ ਜਾਵਾਂਗੀ ?''

''ਲਓ ਜੀ, ਫ਼ਰਾਂਸ ਕੱਲਿਆਂ ਭੇਜਦੇ ਨੇ ! ਤੇ ਏਅਰਪੋਰਟ ਤੱਕ ਕੱਲਿਆਂ ਨਹੀਂ ਜਾ ਸਕਦੀ ਮੈਂ ?''

''ਨਹੀਂ, ਬਿਲਕੁਲ ਨਹੀਂ। ਫੇਰ ਉਨੱਤੀ ਨੂੰ ਜਾਵੀਂ।''

ਪਰ ਉਸੇ ਦਿਨ ਕਿਸੇ ਨੇ ਉਹਨੂੰ ਦੱਸਿਆ ਕਿ ਤੀਹ ਤਾਰੀਖ਼ ਤੱਕ ਜਿਹੜੇ ਸਟੂਡੈਂਟ ਨਾ ਪਹੁੰਚਣ, ਉਹਨਾਂ ਦਾ ਸਕਾਲਰਸ਼ਿਪ ਕੈਂਸਲ ਹੋ ਜਾਂਦਾ ਏ। ਸੋ ਅਗਲੇ ਦਿਨ, ਯਾਨੀ ਸਤਾਈ ਤਾਰੀਖ਼ ਦੀ ਫ਼ਲਾਈਟ ਹੀ ਬੁੱਕ ਕਰਵਾ ਲਈ।

ਕਾਲਾ ਸ਼ਾਹ ਸੂਟ, ਉਤੇ ਰਾਜਸਥਾਨੀ ਮਲਮਲ ਦਾ ਪੀਲਾ-ਸੁਰਖ਼ ਦੁਪੱਟਾ, ਫੁੰਮਣਾਂ ਵਾਲੀ ਪਰਾਂਦੀ। ਮੱਥੇ ਤੇ ਸੰਧੂਰ ਦੀ ਚੌੜੀ ਗੋਲ ਬਿੰਦੀ। ਸ਼ਹਿਦ ਦੇ ਕਟੋਰੇ ਵਰਗਾ ਮੂੰਹ, ਚਾਨਣ ਦੇ ਕਟੋਰਿਆਂ ਵਰਗੀਆਂ ਅੱਖਾਂ। ਪੈਰਾਂ ਵਿਚ ਝਾਂਜਰਾਂ, ਗੱਲ ਵਿਚ ਕਾਲੀ ਚਾਂਦੀ ਦੀ ਮੋਟੀ ਗਾਨੀ। ਛਮ ਛਮ ਕਰਦੀ ਉਹ ਜਿਸ ਵੇਲੇ ਏਅਰਪੋਰਟ 'ਤੇ ਏਧਰੋਂ ਓਧਰ ਜਾਂਦੀ ਸੀ, ਤਾਂ ਸੈਂਕੜੇ ਅੱਖਾਂ ਉਹਦੇ ਨਾਲ ਨਾਲ ਘੁੰਮਦੀਆਂ ਸਨ। ਤੇ ਮਾਣ ਨਾਲ ਮੇਰੀ ਛਾਤੀ ਵਿਚ ਸਾਹ ਚੌੜਾ ਹੋ ਕੇ ਫੈਲ ਜਾਂਦਾ ਸੀ, ਛਾਤੀ ਦੇ ਮਾਪ ਨਾਲੋਂ ਵਡਾ।

... ... ...

ਜਿੱਡਾ ਲੰਮਾ ਉਹ ਸਫ਼ਰ ਸੀ, ਏਥੋਂ ਫ਼ਰੈਂਕਫ਼ਰਟ ਦਾ ਤੇ ਫੇਰ ਫ਼ਰੈਂਕਫ਼ਰਟ ਤੋਂ ਪੈਰਿਸ ਦਾ, ਓਡਾ ਲੰਮਾ ਸਫ਼ਰ ਕਦੇ ਕਿਸੇ ਨੇ ਨਹੀਂ ਕੀਤਾ ਹੋਣਾ। ਉਹ ਸਫ਼ਰ ਦਿਨਾਂ ਰਾਤਾਂ ਦੀਆਂ ਹੱਦਾਂ ਪਾਰ ਕਰ ਕੇ ਅਸੀਮ ਸਮਿਆਂ 'ਤੇ ਫੈਲ ਗਿਆ ਸੀ। ਰੁਕਿਆ



ਹੋਇਆ ਬੁੱਢਾ ਸਮਾਂ ਕਿਸੇ ਹੀਲੇ ਨਹੀਂ ਸੀ ਤੁਰ ਰਿਹਾ।

ਉਹ ਸਫ਼ਰ ਅਸੀਮਤਾ ਤੋਂ ਅਸੀਮਤਾ ਤੱਕ ਦਾ ਸਫ਼ਰ ਸੀ। ਲਗਦਾ ਸੀ ਕਦੇ ਖ਼ਤਮ ਨਹੀਂ ਹੋਵੇਗਾ।

ਪੈਰਿਸ ਏਅਰਪੋਰਟ 'ਤੇ ਇਕ ਬੰਦਾ ਮੈਨੂੰ ਲੱਭ ਰਿਹਾ ਸੀ। ਪੰਦਰਾਂ ਤਾਰੀਖ਼ ਨੂੰ ਹੀ ਦਿੱਲੀਓਂ ਇਕ ਕਿਸੇ ਦੋਸਤ ਕੰਵਲ ਬਖ਼ਸ਼ੀ ਨੇ ਪੈਰਿਸ ਵਿਚ ਇੰਡੀਅਨ ਐਮਬੈਸੀ ਨੂੰ ਫ਼ੋਨ ਕਰ ਦਿਤਾ ਸੀ। ਤੇ ਉਹ ਐਮਬੈਸੀ ਦਾ ਇਕ ਅਫ਼ਸਰ ਮੈਨੂੰ ਹੌਸਲਾ ਦੇਣ ਲਈ ਤੇ ਅਗੋਂ ਲੀਓਂ ਦੀ ਫ਼ਲਾਈਟ ਤੇ ਬਿਠਾਣ ਲਈ ਆਇਆ ਖੜੋਤਾ ਸੀ।

ਪਰ ਉਹਨੂੰ ਮਿਲਣ ਤੋਂ ਪਹਿਲਾਂ ਹੀ ਮੈਂ ਐਮਬੈਂਸੀ ਫ਼ੋਨ ਕਰਨ ਦੀ ਪੂਰੀ ਵਾਹ ਲਾ ਥੱਕੀ ਸਾਂ। ਮੇਰੇ ਡਾਲਰ ਓਥੇ ਕਿਥੇ ਭੱਜਣੇ ਸਨ, ਕੁਝ ਪਤਾ ਨਹੀਂ ਸੀ ਲਗ ਰਿਹਾ। ਇਕ ਥਾਂ ਤੇ ਫ਼ੋਨ ਪਿਆ ਵੇਖਿਆ, ਸ਼ਾਇਦ ਲੁਫ਼ਤਾਂਜ਼ਾ ਦਾ ਹੀ ਦਫ਼ਤਰ ਸੀ, ਤੇ ਮੈਂ ਉਹਨਾਂ ਦੀ ਪੈਸੰਜਰ ਸਾਂ। ਪਰ ਉਥੇ ਡਿਊਟੀ 'ਤੇ ਕੋਈ ਫ਼ਰੈਂਚ ਬੰਦਾ ਸੀ। ਉਹਨੂੰ ਮੇਰੀ ਗੱਲ ਬਿਲਕੁਲ ਸਮਝ ਨਹੀਂ ਸੀ ਆ ਰਹੀ। ਡਾਇਰੈਕਟਰੀ ਵੇਖਣ ਦੀ ਕੋਸ਼ਿਸ਼ ਕੀਤੀ। ਉਹ ਵੀ ਫ਼ਰੈਂਚ ਵਿਚ ਸੀ। ਬਦਹਵਾਸੀ ਦੀ ਹਾਲਤ ਵਿਚ ਮੀਲਾਂ ਵਿਚ ਫੈਲੀ ਏਅਰਪੋਰਟ ਤੇ ਘੁੰਮ ਰਹੀ ਸਾਂ, ਕਿ ਉਸ ਬੰਦੇ ਨੇ ਆ ਕੇ ਮੇਰਾ ਨਾਂ ਪੁੱਛਿਆ।

ਏਡੇ ਕਰੜੇ ਵਕਤ ਵਿਚ ਵੀ ਇਕ ਨਿੱਕੀ ਜਿਹੀ ਗੱਲ ਨਾਲ ਜਿਹੜਾ ਨਿੱਕਾ ਜਿਹਾ ਰਿਲੀਫ਼ ਹੁੰਦਾ ਏ, ਉਹ ਵੀ ਹੈਰਾਨੀ ਦੀ ਗੱਲ ਨਹੀਂ ! ਉਹਨੇ ਕਿਹਾ, ਐਮਬੈਸੀ ਦੇ ਫ਼ਸਟ ਸੈਕਰੇਟਰੀ ਦਿਲਾਂਵਰੀ ਸਾਹਿਬ ਓਸ ਸਵੇਰ ਲੀਓਂ ਚਲੇ ਗਏ ਸਨ। ਉਹ ਉਥੇ ਹੀ ਹੋਣਗੇ।

''ਕਿਉਂ, ਜ਼ਿਆਦਾ ਖ਼ਰਾਬ ਸੀ ਹਾਲਤ ?'' ਮੈਂ ਹੋਰ ਘਬਰਾ ਗਈ।

''ਨਹੀਂ, ਅੱਜ ਸਵੇਰੇ ਦਿੱਲੀ ਤੋਂ ਕਮਲ ਬਖ਼ਸ਼ੀ ਦਾ ਫ਼ੋਨ ਆਇਆ ਸੀ, ਐਕਸਟਰਨਲ ਅਫ਼ੇਅਰਜ਼ ਮਨਿਸਟਰੀ ਤੋਂ। ਉਹਨਾਂ ਨੇ ਪਰਸਨਲ ਰਿਕੁਐਸਟ ਕੀਤੀ ਸੀ ਕਿ ਬੱਚੀ ਦਾ ਖ਼ਿਆਲ ਰੱਖੀਏ। ਸੋ ਐਮਬੈਸੇਡਰ ਸਾਹਿਬ ਨੇ ਦਿਲਾਵਰੀ ਸਾਹਬ ਨੂੰ ਭੇਜ ਦਿਤਾ।''

''ਪਰ ਹਾਲਤ ਦਾ ਕੁਝ ਪਤਾ ਏ ?''

''ਵੇਖੋ, ਬਾਰਾਂ ਤਾਰੀਖ਼ ਐਕਸੀਡੈਂਟ ਹੋਇਆ ਸੀ। ਅਜ ਸੋਲਾਂ ਹੋ ਗਈ ਏ। ਜੇ ਹਾਲੀਂ ਤੱਕ ਠੀਕ ਏ, ਤਾਂ ਪਰਮਾਤਮਾ ਠੀਕ ਹੀ ਕਰੇਗਾ ਅੱਗੋਂ ਵੀ।''

'ਪਰਮਾਤਮਾ ਨੂੰ ਠੀਕ ਕਰਨਾ ਪਵੇਗਾ' — ਮੇਰੇ ਦਿਲ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ।

ਉਹ ਮੈਨੂੰ ਲੀਓਂ ਦੀ ਫ਼ਲਾਈਟ ਤੱਕ ਪੁਚਾ ਕੇ ਚਲਾ ਗਿਆ। ਫ਼ਲਾਈਟ ਵਿਚ ਹਾਲੀਂ ਦੋ ਘੰਟੇ ਬਾਕੀ ਸਨ। ਮੈਂ ਬੈਂਚ ਤੇ ਬੈਠੀ ਸਾਂ। ਲੱਤਾਂ ਵਿਚ ਖੜੋਣ ਦੀ ਵੀ ਹਿੰਮਤ ਨਹੀਂ ਸੀ। ਪਰ ਮਨ ਸੀ ਕਿ ਸਰਪੱਟ ਪਾਗ਼ਲ ਜਾਨਵਰ ਵਾਂਗੂੰ ਦੌੜ ਰਿਹਾ ਸੀ — ਏਧਰੋਂ ਓਧਰ। ਪਰ ਓਸ ਜੰਗਲ ਵਿਚੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਸੀ ! ਲਗਾ, ਜਿਸ ਜੰਗਲ ਵਿਚ ਮਨ ਬਦਹਵਾਸ ਪਾਗਲਪਣ ਵਿਚ ਦੌੜ ਰਿਹਾ ਸੀ, ਉਸ ਜੰਗਲ ਨੂੰ ਵੀ ਅੱਗ ਲਗੀ ਹੋਈ ਸੀ, ਤੇ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਸੀ।

ਫ਼ਲਾਈਟ ਐਨਾਊਂਸ ਹੋਈ। ਜਾ ਕੇ ਬੈਠੀ। ਹਵਾਈ ਜਹਾਜ਼ ਲੀਓਂ ਉਤਰਿਆ। ਅੱਗੇ ਕੱਜਨ ਤੇ ਇਕ ਲੰਮਾ ਉੱਚਾ ਸਰਦਾਰ ਮੈਨੂੰ ਲੈਣ ਲਈ ਖੜੋਤੇ ਸਨ।

ਕੱਜਨ ਨੇ ਝੁਕ ਕੇ ਮੇਰੇ ਪੈਰਾਂ ਨੂੰ ਹੱਥ ਲਾਇਆ। "ਇਹ ਦਿਲਾਵਰੀ ਸਾਹਿਬ ਨੇ" — ਉਹਨੇ ਮੈਨੂੰ ਦੱਸਿਆ।

"ਕੈਂਡੀ ਦਾ ਕੀ ਹਾਲ ਏ?"

"ਵਾਹਿਗੁਰੂ ਠੀਕ ਕਰਨਗੇ," ਦਿਲਾਵਰੀ ਨੇ ਕਿਹਾ। ਉਹਨਾਂ ਦੀ ਆਵਾਜ਼ ਸੰਭਲੀ ਹੋਈ ਸੀ। ਮੈਨੂੰ ਰਤਾ ਕੁ ਹੌਸਲਾ ਹੋਇਆ।

"ਕੋਈ ਖ਼ਤਰਾ ਤਾਂ ਨਹੀਂ?"

"ਵਾਹਿਗੁਰੂ ਅੱਗੇ ਅਰਦਾਸ ਕਰੋ," ਉਹ ਮੇਰਾ ਛੋਟਾ ਜਿਹਾ ਬਕਸਾ ਆਪਣੇ ਹੱਥ ਵਿਚ ਲੈਂਦੇ ਹੋਏ ਬੋਲੇ। ਮੇਰੀਆਂ ਲੱਤਾਂ ਵਿਚੋਂ ਜਿਵੇਂ ਜਾਨ ਨਿਕਲ ਗਈ। ਕੱਜਨ ਦੀ ਬਾਂਹ ਦਾ ਸਹਾਰਾ ਲੈ ਕੇ ਮੈਂ ਸਿਰ ਉਹਦੇ ਮੋਢੇ 'ਤੇ ਰੱਖ ਦਿਤਾ। ਸਾਰੇ ਰਾਹ ਦਾ ਡੱਕਿਆ ਰੋਣ ਜਿਵੇਂ ਛਾਤੀ ਪਾੜ ਕੇ ਵਹਿ ਤੁਰਿਆ।

"ਵਾਹਿਗੁਰੂ ਆਖੋ ਜੀ।" ਦਿਲਾਵਰੀ ਸਾਹਿਬ ਮੈਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰ ਰਹੇ ਸਨ।

"ਪਹਿਲੋਂ ਇਹ ਸਾਮਾਨ ਰੱਖ ਲਈਏ?"

... ... ...

"ਨਹੀਂ, ਪਹਿਲੋਂ ਮੈਨੂੰ ਮੇਰੀ ਧੀ ਕੋਲ ਲੈ ਚੱਲੋ।"

ਹਸਪਤਾਲ। ਸਫ਼ੈਦ ਕਿਲ੍ਹੇ ਵਰਗੀ ਉੱਚੀ ਇਮਾਰਤ। ਬਾਹਰ ਕੋਈ ਬੰਦਾ ਨਜ਼ਰ ਨਹੀਂ ਸੀ ਆ ਰਿਹਾ। ਭਿਆਨਕ ਖ਼ਾਮੋਸ਼ੀ। ਪੌੜੀਆਂ ਚੜ੍ਹਦਿਆਂ ਲਗਾ, ਜਿਵੇਂ ਕਿਸੇ ਪੁਰਾਣੇ ਖੰਡਰ ਦੀਆਂ ਪੌੜੀਆਂ ਚੜ੍ਹ ਰਹੇ ਸਾਂ।

ਉਤੇ ਛੋਟੀ ਜਿਹੀ ਗੈਲਰੀ ਸੀ, ਪੌੜੀਆਂ ਦੀ ਹੀ ਗੈਲਰੀ। ਚਾਰ, ਪੰਜ, ਜਿੰਨੇ ਵੀ ਦਰਵਾਜ਼ੇ ਉਸ ਗੈਲਰੀ ਵਿਚ ਖੁਲ੍ਹਦੇ ਸਨ, ਸਭ ਬੰਦ ਸਨ। ਅੰਦਰੋਂ।

ਸਾਹਮਣੀ ਕੰਧ 'ਤੇ ਇਕ ਫ਼ੋਨ ਲੱਗਾ ਹੋਇਆ ਸੀ। ਉਹਦਾ ਰਿਸੀਵਰ ਚੁੱਕ ਕੇ ਕੱਜਨ ਨੇ ਉਹਦੇ ਮਾਊਥ ਪੀਸ ਵਿਚ ਫ਼ਰੈਂਚ ਵਿਚ ਕੁਝ ਬੋਲਿਆ। ਤੇ ਫੇਰ ਫ਼ੋਨ ਰੱਖ ਦਿਤਾ।

ਇਕ ਛੋਟਾ ਜਿਹਾ ਬੈਂਚ ਪਿਆ ਸੀ। ਅਸੀਂ ਤਿੰਨੇ ਖ਼ਾਮੋਸ਼ ਉਹਦੇ 'ਤੇ ਬਹਿ ਗਏ।

ਅੱਧਾ ਘੰਟਾ ਬੀਤ ਗਿਆ। ਕੋਈ ਦਰਵਾਜ਼ਾ ਨਹੀਂ ਖੁਲ੍ਹਿਆ।

ਕੱਜਨ ਨੇ ਫੇਰ ਉਸ ਫ਼ੋਨ ਦੇ ਮਾਊਥ ਪੀਸ ਵਿਚ ਕੁਝ ਕਿਹਾ — ਫ਼ਰੈਂਚ ਵਿਚ। ਜਿਵੇਂ ਤਰਲੇ ਕਰ ਰਿਹਾ ਹੋਵੇ। ਇਕ ਹੀ ਲਫ਼ਜ਼ ਬਾਰ ਬਾਰ ਦੁਹਰਾਂਦਾ ਸੀ, ਜਿਹੜਾ ਰਤਾ ਕੁ ਸਮਝ ਆਉਂਦਾ ਸੀ, 'ਮਰਸੀ!'

ਜੁਗਾਂ ਜਿੱਡੇ ਲੰਮੇ ਚਿਰ ਮਗਰੋਂ ਇਕ ਦਰਵਾਜ਼ੇ ਦਾ ਸਿਰਫ਼ ਉਤਲਾ ਹਿੱਸਾ ਖੁਲ੍ਹਿਆ। ਬਾਰੀ ਵਾਂਗੂ। ਸਫ਼ੈਦ ਕੋਟ ਵਾਲਾ ਇਕ ਬੰਦਾ। ਸ਼ਾਇਦ ਡਾਕਟਰ ਸੀ।



ਕੱਜਨ ਨੇ ਉਹਨੂੰ ਜਾ ਕੇ ਸਮਝਾਇਆ, ਮੇਰੇ ਵੱਲ ਹੱਥ ਕਰ ਕਰ ਕੇ। ਸ਼ਾਇਦ ਕਹਿ ਰਿਹਾ ਸੀ, 'ਇਹ ਉਹਦੀ ਮਾਂ ਆਈ ਏ। ਮੰਨਿਆ ਇਹ ਮਿਲਣ ਦਾ ਵਕਤ ਨਹੀਂ। ਪਰ ਇਹ ਏਡੀ ਦੂਰੋਂ ਆਈ ਏ। ਆਪਣੀ ਧੀ ਨੂੰ ਇਕ ਨਜ਼ਰ ਵੇਖਣਾ ਚਾਹੁੰਦੀ ਏ। ਮਿਹਰਬਾਨੀ ਕਰੋ!"

ਉਹ ਡਾਕਟਰ ਚੁੱਪਚਾਪ ਸੁਣਦਾ ਰਿਹਾ। ਕੁਝ ਨਹੀਂ ਬੋਲਿਆ। ਫੇਰ ਖਿੜਕੀ ਬੰਦ ਕਰ ਕੇ ਚਲਾ ਗਿਆ।

ਇਕ ਹੋਰ ਜੁਗ ਪਿੱਛੋਂ ਸਾਈਡ ਵਾਲਾ ਦਰਵਾਜ਼ਾ ਖੁਲ੍ਹਿਆ। ਕੋਈ ਨਜ਼ਰ ਨਹੀਂ ਆਇਆ। ਸਿਰਫ਼ ਬੂਹਾ ਖੁਲ੍ਹ ਗਿਆ।

ਕੱਜਨ ਨੇ ਮੇਰਾ ਹੱਥ ਫੜ ਕੇ ਮੈਨੂੰ ਉਠਾਇਆ। ਦਿਲਾਵਰੀ, ਮੈਂ, ਤੇ ਕੱਜਨ ਉਸ ਦਰਵਾਜ਼ੇ ਵਿਚੋਂ ਦਾਖ਼ਲ ਹੋਏ। ਇਹ ਇਕ ਗਲਿਆਰਾ ਸੀ। ਬਰਾਂਡਾ। ਖੱਬੇ ਹੱਥ ਮੋਟੇ ਆਰ ਪਾਰ ਨਾ ਦਿੱਸਣ ਵਾਲੇ ਓਪੇਕ ਸ਼ੀਸ਼ੇ, ਤੇ ਸੱਜੇ ਹੱਥ ਕਮਰਿਆਂ ਦੀਆਂ ਕਤਾਰਾਂ ਜਿਹਨਾਂ ਨੂੰ ਏਸ ਗਲਿਆਰੇ ਨਾਲੋਂ ਵੱਡੇ ਵੱਡੇ ਸ਼ੀਸ਼ਿਆਂ ਵਾਲੀਆਂ ਬਾਰੀਆਂ ਵੱਖ ਕਰਦੀਆਂ ਸਨ। ਤੇ ਉਹ ਬਾਰੀਆਂ ਕਮਰਿਆਂ ਦੇ ਅੰਦਰਲੇ ਪਾਸਿਉਂ ਬੰਦ ਸਨ।

ਪੰਜ ਸੱਤ ਕਮਰੇ ਲੰਘ ਕੇ...ਅਚਾਨਕ ਅਸੀਂ ਸਾਰੇ ਠਿਠਕ ਕੇ ਖੜੋ ਗਏ। ਸਾਹਮਣੇ ਕੈਂਡੀ ਸੀ। ਕੱਚ ਦੀ ਦੀਵਾਰ ਦੇ ਓਸ ਪਾਰ। ਮੰਜੀ ਤੇ ਲੇਟੀ ਹੋਈ, ਸਿੱਧੀ। ਓਸੇ ਤਰ੍ਹਾਂ ਖ਼ੂਬਸੂਰਤ। ਲਟ ਲਟ ਜਗਦਾ ਮੂੰਹ। ਚਮ ਚਮ ਚਮਕਦੀਆਂ ਚਾਨਣ ਦੇ ਕਟੋਰਿਆਂ ਵਰਗੀਆਂ ਅੱਖਾਂ। ਤਿੱਖੇ ਤਰਾਸ਼ੇ ਹੋਏ ਨੱਕ ਵਿਚ ਹੀਰੇ ਦਾ ਲੌਂਗ। ਸਿਆਹ ਰੇਸ਼ਮੀ ਵਾਲ ਸਿਰਹਾਣੇ 'ਤੇ ਫੈਲੇ ਹੋਏ।

"ਕੈਂਡੀ!" ਮੈਂ ਕਿਹਾ।

ਕੱਜਨ ਨੇ ਲੱਕੜ ਦੀ ਦੀਵਾਰ ਦੇ ਨਾਲ ਲੱਗੇ ਟੈਲੀਫ਼ੋਨ ਦਾ ਰਿਸੀਵਰ ਚੁੱਕ ਕੇ ਮੇਰੇ ਹੱਥ ਫੜਾ ਦਿਤਾ। ਮੈਂ ਵੇਖਿਆ ਕੈਂਡੀ ਮੁਸਕਰਾ ਰਹੀ ਸੀ।

ਓਧਰ ਅੰਦਰ ਉਹਦੀ ਨਰਸ ਨੇ ਟੈਲੀਫ਼ੋਨ ਦਾ ਇਕ ਛੋਟਾ ਜਿਹਾ ਰਿਸੀਵਰ ਉਹਦੇ ਕੰਨ ਨਾਲ ਲਾ ਦਿਤਾ।

"ਕੈਂਡਲੂ, ਕੀ ਹਾਲ ਏ ਮੇਰੇ ਬੱਚੇ?"

"ਮੈਂ ਤੇ ਬਿਲਕੁਲ ਠੀਕ ਆਂ ਅੰਮੀਂ। ਤੁਸੀਂ ਕਿਸ ਤਰ੍ਹਾਂ ਆ ਗਏ?"

"ਮੈਨੂੰ ਪਤਾ ਲੱਗ ਗਿਆ ਸੀ ਮੇਰੀ ਧੀ ਬੀਮਾਰ ਏ। ਮੈਂ ਦੌੜ ਕੇ ਆ ਗਈ।" ਬੜੀ ਬਹਾਦਰੀ ਨਾਲ ਮੈਂ ਅੱਥਰੂ ਛੁਪਾ ਰਹੀ ਸਾਂ। ਆਵਾਜ਼ ਵਿਚ ਮੁਸਕਰਾਹਟ ਭਰ ਰਹੀ ਸਾਂ।

ਆਵਾਜ਼ ਨੂੰ ਦੋਹਾਂ ਹੱਥਾਂ ਨਾਲ ਮੋਢਿਆਂ ਤੋਂ ਫੜ ਕੇ ਲੜਖੜਾਉਣੋਂ ਬਚਾ ਰਹੀ ਸਾਂ।

"ਤੁਹਾਨੂੰ ਕੱਜਨ ਨੇ ਫ਼ੋਨ ਕੀਤਾ ਸੀ? ਮੈਂ ਤੇ ਉਹਨੂੰ ਕਿਹਾ ਵੀ ਸੀ ਮੇਰੀ ਅੰਮੀ ਨੂੰ ਫ਼ਿਕਰ ਨਾ ਪਾਈਂ। ਮੈਂ ਤੇ ਹੁਣ ਠੀਕ ਵੀ ਹੋ ਜਾਣਾ ਏ।"

"ਮੈਨੂੰ ਪਤਾ ਏ ਤੂੰ ਠੀਕ ਹੋ ਜਾਣਾ ਏ। ਏਸੇ ਕਰ ਕੇ ਤੇ ਆਈ ਹਾਂ। ਫੇਰ ਅਸੀਂ ਦੋਵੇਂ ਸੈਰ ਕਰਾਂਗੀਆਂ ਨਾ।"

"ਕਿੱਥੇ?" — ਉਹ ਮੁਸਕਰਾ ਰਹੀ ਸੀ। ਉਹਦੀ ਆਵਾਜ਼ ਵਿਚ ਵਿਸ਼ਵਾਸ ਸੀ,

ਉਤਸ਼ਾਹ ਸੀ, ਚਾਅ ਸੀ, ਤਸੱਲੀ ਸੀ । ਮਾਂ ਆ ਗਈ ਏ, ਹੁਣ ਸਭ ਠੀਕ ਹੋ ਜਾਵੇਗਾ ।

"ਜਿਹੜੀ ਵੀ ਥਾਂ ਤੈਨੂੰ ਪਸੰਦ ਹੋਵੇ ।"

"ਮੈਂ ਤਾਂ ਵਾਪਸ ਆ ਰਹੀ ਸਾਂ । ਰਾਹ ਵਿਚ ਗ੍ਰੀਸ ਜਾ ਰਹੀ ਸਾਂ ।"

'ਵਾਪਸ ਆ ਰਹੀ ਸਾਂ' — ਮੇਰੀਆਂ ਆਂਦਰਾਂ ਧਰੂਹੀਆਂ ਗਈਆਂ । "ਗ੍ਰੀਸ ਚੱਲਾਂਗੇ ਫੇਰ ।"

"ਨਹੀਂ ਹੁਣ ਨਹੀਂ ਜਾਣਾ ਗ੍ਰੀਸ ।"

"ਤਾਂ ?"

"ਲੰਦਨ ਚਲਾਂਗੇ ।"

"ਠੀਕ ਏ, ਲੰਦਨ ਚੱਲਾਂਗੇ । ਛੇਤੀ ਠੀਕ ਹੋ ਜਾ ਤੂੰ । ਮੈਂ ਤੇਰੇ ਕੋਲ ਬੈਠੀ ਹਾਂ । ਬਿਲਕੁਲ ਤੇਰੇ ਕੋਲ । ਤੈਨੂੰ ਝੋਲੀ ਵਿਚ ਲੈ ਕੇ ।"

"ਪਰ ਇਹ ਲੋਕ ਤਾਂ ਤੁਹਾਨੂੰ ਮੇਰੇ ਕੋਲ ਨਹੀਂ ਆਉਣ ਦੇਣਗੇ । ਝੋਲੀ ਵਿਚ ਸਿਰ ਨਹੀਂ ਰੱਖਣ ਦੇਣਗੇ" — ਉਹ ਉਦਾਸ ਹੋ ਗਈ ।

"ਬੱਸ, ਇਕ ਅੱਧ ਦਿਨ ਦੀ ਹੀ ਤਾਂ ਗੱਲ ਏ । ਫੇਰ ਤੂੰ ਤੇ ਮੈਂ ਜੱਫੀ ਪਾ ਕੇ ਲੇਟਾਂਗੀਆਂ ਸਾਰਾ ਸਾਰਾ ਦਿਨ । ਸਾਰੀ ਸਾਰੀ ਰਾਤ । ਤੇ ਤੂੰ ਫ਼ਟਾ ਫ਼ਟ ਠੀਕ ਹੋ ਜਾਵੇਂਗੀ ।"

"ਪਰ ਲੰਦਨ ਦਾ ਵੀਜ਼ਾ ?"

"ਵੀਜ਼ਾ ਸਭ ਬਣਵਾ ਦੇਣਗੇ ਇਹ ਦਿਲਾਵਰੀ ਸਾਹਿਬ । ਤੂੰ ਫ਼ਿਕਰ ਨਾ ਕਰ । ਇਹਨਾਂ ਨੂੰ ਪਤਾ ਏ ਕਿਹਨੇ ਫ਼ੋਨ ਕੀਤਾ ਸੀ ? ਕਮਲ ਬਖ਼ਸ਼ੀ ਨੇ ।"

ਉਹ ਮੁਸਕਰਾ ਪਈ ।

"ਤੁਸੀਂ ਮੇਰੇ ਕੋਲ ਹੀ ਰਹੋਗੇ ਨਾ ?"

"ਬਿਲਕੁਲ ਕੋਲ, ਮੇਰੀ ਰਾਣੀ ਧੀ ! ਮੈਂ ਦਿਨ ਰਾਤ ਐਥੇ ਤੇਰੇ ਕੋਲ ਬੈਠੀ ਰਹਾਂਗੀ ।"

ਏਨੇ ਚਿਰ ਨੂੰ ਉਹਦੀ ਨਰਸ ਨੇ ਪਤਾ ਨਹੀਂ ਉਹਨੂੰ ਕੀ ਕਿਹਾ । ਉਹ ਉਦਾਸ ਹੋ ਗਈ । ਕਹਿਣ ਲੱਗੀ "ਅੰਮੀਂ ਤੁਸੀਂ ਰੋਟੀ ਖਾਧੀ ਏ ਕਿ ਨਹੀਂ ਅਜੇ ? ਜ਼ਰਾ ਕੱਜਨ ਨੂੰ ਫ਼ੋਨ ਦਿਓ ।"

ਮੈਂ ਫ਼ੋਨ ਕੱਜਨ ਦੇ ਹੱਥ ਫੜਾ ਦਿਤਾ । ਕੱਜਨ ਅਜੇ ਉਹਦੇ ਨਾਲ ਗੱਲ ਕਰ ਹੀ ਰਿਹਾ ਸੀ — ਫ਼ਰੈਂਚ ਵਿਚ — ਕਿ ਗਲਿਆਰੇ ਦੇ ਦਰਵਾਜ਼ੇ ਕੋਲ ਉਹੀ ਸਫ਼ੈਦ ਕੋਟ ਵਾਲਾ ਡਾਕਟਰ ਨਜ਼ਰ ਆਇਆ । ਸਾਨੂੰ ਹੱਥ ਦੇ ਇਸ਼ਾਰੇ ਨਾਲ ਬਾਹਰ ਨਿਕਲਣ ਲਈ ਸੱਦ ਰਿਹਾ ਸੀ ।

ਕੱਜਨ ਨੇ ਕਿਹਾ, "ਚੱਲੋ ਅੰਮੀ ! ਕੈਂਡੀ ਕਹਿੰਦੀ ਏ, ਪਹਿਲੋਂ ਮੇਰੀ ਮਾਂ ਨੂੰ ਰੋਟੀ ਖੁਆ । ਫੇਰ ਸੁਆ ਦੇਹ । ਥੱਕੀ ਹੋਈ ਆਈ ਏ, ਕੇਡੀ ਦੂਰੋਂ ।"

"ਪਰ ਕਿਉਂ ? ਮੈਂ ਰਾਤੀਂ ਏਥੇ ਵਰਾਂਡੇ ਵਿਚ ਨਹੀਂ ਬਹਿ ਸਕਦੀ ?"

"ਕੀ ਕਰੋਗੇ ਬਹਿ ਕੇ ?" — ਦਿਲਾਵਰੀ ਨੇ ਕਿਹਾ ।

"ਅਪਣੀ ਧੀ ਕੋਲ ਰਹਾਂਗੀ । ਉਹਨੂੰ ਹੌਸਲਾ ਰਹੇਗਾ । ਮੈਨੂੰ ਵੀ ਰਹੇਗਾ ।"



"ਨਹੀਂ, ਉਹ ਡਾਕਟਰ ਨਾਰਾਜ਼ ਹੋਵੇਗਾ । ਅੰਦਰ ਨਰਸ ਵੀ ਨਾਰਾਜ਼ ਹੋ ਰਹੀ ਏ । ਅਸੀਂ ਐਥੇ ਕਿਸੇ ਨੂੰ ਨਾਰਾਜ਼ ਕਰਨਾ ਐਫ਼ੋਰਡ ਨਹੀਂ ਕਰ ਸਕਦੇ" — ਕੱਜਨ ਦੀ ਆਵਾਜ਼ ਉਦਾਸ ਸੀ ।

"ਹਸਪਤਾਲ ਦਾ ਕਾਨੂੰਨ ਨਹੀਂ" — ਦਿਲਾਵਰੀ ਨੇ ਕਿਹਾ ।

ਮੈਂ ਕੈਂਡੀ ਵੱਲ ਤੱਕ ਕੇ ਹੱਥ ਹਿਲਾਇਆ । ਨਿਹਾਇਤ ਬੇਬਸੀ ਨਾਲ । ਉਹ ਮੁਸਕਰਾ ਪਈ । ਉਹਦੀਆਂ ਝਾਲਰਾਂ ਵਰਗੀਆਂ ਪਲਕਾਂ ਕੰਬੀਆਂ ।

ਅਸੀਂ ਸਾਰੇ ਤੁਰ ਆਏ ਉਥੋਂ । ਦਿਲਾਵਰੀ ਕਹਿਣ ਲੱਗੇ, "ਜੇ ਤੁਹਾਡਾ ਜੀਅ ਘਬਰਾਂਦਾ ਹੋਵੇ, ਤਾਂ ਮੈਂ ਵੀ ਉਥੇ ਹੀ ਚਲਾ ਚੱਲਨਾ ਜਿਥੇ ਤੁਹਾਡੇ ਰਹਿਣ ਦਾ ਇੰਤਜ਼ਾਮ ਕੱਜਨ ਨੇ ਕੀਤਾ ਏ । ਉਂਜ ਮੈਂ ਇਕ ਹੋਟਲ ਵਿਚ ਠਹਿਰਿਆ ਹੋਇਆਂ ।"

"ਨਹੀਂ, ਕੋਈ ਨਹੀਂ ।" ਮੈਂ ਕਿਹਾ ।

"ਜੇ ਆਖੋ, ਮੈਂ ਚੱਲ ਕੇ ਤੁਹਾਨੂੰ ਪਾਠ ਸੁਣਾਨਾ ਵਾਂ ।"

"ਨਹੀਂ, ਦਿਲ ਨਹੀਂ ਕਰਦਾ ।"

"ਓਸੇ ਦਾ ਆਸਰਾ ਏ," ਦਿਲਾਵਰੀ ਨੇ ਹੌਕਾ ਭਰ ਕੇ ਕਿਹਾ ।

ਤੇ ਕਿਸੇ ਓਸੇ ਅਗੇ ਮੇਰਾ ਸਾਰਾ ਵਜੂਦ ਝੁਕ ਗਿਆ । ਆਸਰਾ ਦੇਈ ਰੱਖੀਂ ਖ਼ੁਦਾਇਆ ! ਐਸ ਵੇਲੇ ਤੇਰੇ ਆਸਰੇ ਦੀ ਬੜੀ ਲੋੜ ਏ ।

"ਕੋਈ ਖ਼ਤਰਾ ਤੇ ਨਹੀਂ ਨਾ ?" ਮੈਂ ਡਰ ਕੇ ਦਿਲਾਵਰੀ ਨੂੰ ਪੁੱਛਿਆ ।

"ਵੇਖੋ, ਤੁਸੀਂ ਸਭ ਕੁਝ ਉਹਦੇ ਭਰੋਸੇ ਨਹੀਂ ਛੱਡ ਸਕਦੇ ? ਉਹਨੂੰ ਹੀ ਪਤਾ ਏ ਕਿ ਕੀ ਠੀਕ ਏ ।"

"ਕੀ ਮਤਲਬ ? ਐਸ ਵੇਲੇ ਠੀਕ ਤਾਂ ਇਕੋ ਈ ਗੱਲ ਏ ਕਿ ਉਹ ਰਾਜ਼ੀ ਹੋ ਜਾਵੇ । ਕਿਸੇ ਤਰ੍ਹਾਂ ਵੀ । ਬੱਸ ।"

"ਨਹੀਂ, ਇਹ ਤੁਹਾਡੀ ਸਮਝ ਮੁਤਾਬਿਕ ਠੀਕ ਏ । ਉਹਦੀ ਸਮਝ ਮੁਤਾਬਿਕ ਕੀ ਠੀਕ ਏ, ਇਹ ਅਸੀਂ ਕਿਸ ਤਰ੍ਹਾਂ ਜਾਣ ਸਕਨੇ ਆਂ ! ਮਸਲਨ, ਜੇ ਉਹ ਠੀਕ ਹੋ ਵੀ ਜਾਵੇ, ਤਾਂ ਕੀ ਪਤਾ ਉਹਦੇ ਹੱਥ ਨਾ ਹਿੱਲਣ, ਜਾਂ ਲੱਤਾਂ ਨਾ ਤੁਰਨ । ਫੇਰ ਦਸੋ, ਕੀ ਉਹ ਜੀਊਣਾ ਚਾਹੇਗੀ ? ਤੇ ਤੁਸੀਂ ਉਹਨੂੰ ਬਚਾ ਕੇ ਕੀ ਕਰੋਗੇ ਫੇਰ ?"

ਹੁਣ ਮੈਂ ਬਿਲਕੁਲ ਡਰ ਗਈ ਸਾਂ । ਕੰਬ ਕੇ ਖਲੋ ਗਈ । "ਤੁਹਾਨੂੰ ਕੁਝ ਪਤਾ ਏ ਜਿਹੜਾ ਤੁਸੀਂ ਮੈਨੂੰ ਨਹੀਂ ਦੱਸ ਰਹੇ । ਡਾਕਟਰ ਨੇ ਤੁਹਾਨੂੰ ਕੀ ਦਸਿਆ ਏ ਅੱਜ ਸਵੇਰੇ ਜਿਸ ਵੇਲੇ ਤੁਸੀਂ ਆਏ ਓ ?"

"ਅਸਲ ਵਿਚ ਉਹ ਬਹੁਤ ਜ਼ਿਆਦਾ ਸੜ ਗਈ ਏ ।"

"ਪਰ ਚਿਹਰਾ ਉਹਦਾ ਨਹੀਂ ਵੇਖਿਆ ਤੁਸਾਂ ? ਅੱਖਾਂ ! ਮੈਨੂੰ ਤੇ ਉਹ ਬਿਲਕੁਲ ਠੀਕ ਜਾਪੀ ਏ," ਮੇਰਾ ਕਲੇਜਾ ਕੰਬ ਰਿਹਾ ਸੀ, ਆਵਾਜ਼ ਥਿੜਕ ਰਹੀ ਸੀ, ਪਰ ਮੈਂ ਜਿਵੇਂ ਆਪਣੇ ਲਫ਼ਜ਼ਾਂ ਕੋਲੋਂ ਵੀ, ਦਿਲਾਵਰੀ ਕੋਲੋਂ ਵੀ ਤੇ ਕੱਜਨ ਕੋਲੋਂ ਵੀ ਇਕ ਛੋਟਾ ਜਿਹਾ ਵਿਸ਼ਵਾਸ, ਆਸ ਦੀ ਇਕ ਕੱਚੀ-ਤੰਦ ਤਰਲਾ ਕਰ ਕੇ ਮੰਗ ਰਹੀ ਸਾਂ ।

"ਉਹਦੀ ਬਹਾਦਰੀ ਦੀ ਤਾਂ ਦਾਦ ਦੇ ਰਹੇ ਆਂ ਅਸੀਂ ਸਾਰੇ । ਬੜੀ ਸ਼ੇਰਨੀ ਬੱਚੀ ਏ । ਪਰ ਡਾਕਟਰਾਂ ਦੇ ਵੀ ਵਸ ਨਹੀਂ । ਥਰਡ ਡਿਗਰੀ ਦੇ ਬਰਨ ਨੇ ।"

''ਥਰਡ ਕੀ ਹੁੰਦੀ ਏ ?'' — ਮੈਨੂੰ ਜਿਵੇਂ ਫ਼ਾਂਸੀ ਦੀ ਸਜ਼ਾ ਸੁਣਾਈ ਜਾ ਰਹੀ ਸੀ, ਤ੍ਰਹਿ ਕੇ ਮੈਂ ਪੁੱਛਿਆ।

''ਤੁਸੀਂ ਵਾਹਿਗੁਰੂ ਦਾ ਨਾਂ ਲਵੋ। ਉਹਦਾ ਹੀ ਆਸਰਾ ਏ। ਹੋਰ ਗਿਣਤੀਆਂ ਵਿਚ ਨਾ ਪਵੋ ਐਸ ਵੇਲੇ, ਕਹਵੋ ਤਾਂ ਮੈਂ ਤੁਹਾਡੇ ਕੋਲ ਬਹਿ ਕੇ ਤੁਹਾਨੂੰ ਪਾਠ ਸੁਣਾਵਾਂ।''

''ਨਹੀਂ, ਤੁਸੀਂ ਸਵੇਰ ਦੇ ਆਏ ਬੈਠੇ ਓ। ਜਾ ਕੇ ਆਰਾਮ ਕਰੋ। ਸਵੇਰੇ ਸਹੀ,' — ਮੈਂ ਹਾਰ ਕੇ ਕਿਹਾ। ਸੱਤੇ ਬਾਜ਼ੀਆਂ ਹਾਰ ਕੇ, ਆਪਣੇ ਆਪ ਨੂੰ ਵੀ ਹਾਰ ਕੇ। ਤੇ ਦਿਲਾਵਰੀ ਆਪਣੇ ਹੋਟਲ ਚਲੇ ਗਏ।

ਮੈਨੂੰ ਕੱਜਨ ਇਕ ਸਟੂਡੈਂਟਸ ਹੋਸਟਲ ਵਿਚ ਲੈ ਆਇਆ। ਓਥੇ ਹੀ ਉਹਨੇ ਮੇਰੇ ਲਈ ਕਮਰਾ ਰਿਜ਼ਰਵ ਕਰਵਾਇਆ ਹੋਇਆ ਸੀ। ਉਹ ਆਪ ਉਥੇ ਹੀ ਠਹਿਰਿਆ ਹੋਇਆ ਸੀ।

ਕੱਜਨ ਨੇ ਕਿਹਾ, ''ਕੀ ਖਾਓਗੇ ਅੰਮੀ ?''

''ਨਹੀਂ, ਕੁਝ ਨਹੀਂ ਖਾਇਆ ਜਾਵੇਗਾ।'' — ਮੈਂ ਇਕਦਮ ਜਿਵੇਂ ਨਿਢਾਲ ਹੋ ਗਈ ਸਾਂ। ਜਿਸ ਤਰ੍ਹਾਂ ਅੰਤ੍ਹਾਂ ਦੀ ਥਕਾਵਟ ਨੇ ਮੇਰੇ ਅੰਗਾਂ ਨੂੰ ਕੜਕਾ ਕੇ ਬਿਲਕੁਲ ਬੇਜਾਨ ਕਰ ਦਿਤਾ ਸੀ।

''ਫੇਰ ਮੈਂ ਵੀ ਨਹੀਂ ਖਾਵਾਂਗਾ।'' ਕੱਜਨ ਨੇ ਫ਼ੈਸਲਾ ਕੀਤਾ।

''ਨਹੀਂ ਪਲੀਜ਼ ! ਤੂੰ ਨਾ ਜ਼ਿਦ ਕਰ।''

''ਅੱਛਾ ਫੇਰ ਇਕ ਇਕ ਪਿਆਲਾ ਕੌਫ਼ੀ ਦਾ ਪੀਨੇ ਆਂ।''

''ਠੀਕ ਏ।''

ਉਹ ਥੱਲੇ ਗਿਆ। ਤੇ ਦੋ ਕਾਗ਼ਜ਼ ਦੇ ਪਿਆਲਿਆਂ ਵਿਚ ਕੌਫ਼ੀ ਲੈ ਆਇਆ।

''ਪਰ ਕੱਜਨ, ਹੋਇਆ ਕਿਸ ਤਰ੍ਹਾਂ ਇਹ ?''

''ਹਾਲੀਂ ਇਕ ਹਫ਼ਤਾ ਪਹਿਲਾਂ ਪੈਰਿਸ ਤੋਂ ਆਈ ਸੀ ਮੇਰੇ ਕੋਲ।'' — ਕੱਜਨ ਦੀ ਆਵਾਜ਼ ਅੱਥਰੂਆਂ ਨਾਲ ਭਿੱਜੀ ਹੋਈ ਸੀ। ''ਹੁਣ ਤਾਂ ਅਸੀਂ ਗ੍ਰੀਸ ਜਾ ਰਹੇ ਸਾਂ। ਤੇਰਾਂ ਤਰੀਕ ਏਥੋਂ ਤੁਰ ਪੈਣਾ ਸੀ। ਚੌਦਾਂ ਨੂੰ ਤਾਂ ਉਹਦਾ ਸਕਾਲਰਸ਼ਿਪ ਖ਼ਤਮ ਹੋ ਰਿਹਾ ਸੀ। ਬੜੇ ਵਖ਼ਤਾਂ ਨਾਲ ਵੀਜ਼ਾ ਮਿਲਿਆ ਸੀ, ਕਿਉਂਕਿ ਉਥੇ ਪੁਲੀਟੀਕਲ ਗੜਬੜ ਏ।''

''ਤੇ ਫੇਰ ਚੱਲੇ ਕਿਉਂ ਸੀ ਓਧਰ ਨੂੰ ?''

''ਇਕ ਕੁੱਕ ਸੀ ਉਸ ਵਿਸ਼ੀ ਦੇ ਹੋਸਟਲ ਦੀ ਕੈਂਟੀਨ ਵਿਚ। ਮੇਰਾ ਦੋਸਤ ਸੀ। ਉਹਨੇ ਕਿਹਾ ਗ੍ਰੀਸ ਵਿਚ ਗੜਬੜ ਏ, ਤੇ ਉਹਦੇ ਬਜ਼ੁਰਗ ਮਾਂ ਬਾਪ ਓਥੇ ਨੇ, ਤੇ ਚਿੱਠੀ ਤਾਰ ਕੋਈ ਆ ਜਾ ਨਹੀਂ ਰਹੀ। ਬੱਸ, ਕੈਂਡੀ ਕਹਿਣ ਲੱਗੀ, ਤੂੰ ਫ਼ਿਕਰ ਨਾ ਕਰ। ਮੈਂ ਘਰ ਮੁੜਦੀ ਵਾਰੀ ਉਥੋਂ ਹੋ ਕੇ ਜਾਵਾਂਗੀ। ਤੇ ਉਹਨਾਂ ਦਾ ਖ਼ਤ ਹਿੰਦੁਸਤਾਨ ਤੋਂ ਪੋਸਟ ਕਰ ਦਿਆਂਗੀ ਤੇਰੇ ਵਲ। ਜਿਸ ਦਿਨ ਇਹ ਐਕਸੀਡੈਂਟ ਹੋਇਆ, ਮੈਂ ਤਾਂ ਸਵੇਰੇ ਆਪਣੇ ਕੰਮ ਤੇ ਗਿਆ ਹੋਇਆ ਸਾਂ। ਦੁਪਹਿਰੇ ਕੋਈ ਤਿੰਨ ਕੁ ਵਜੇ ਵਾਪਸ ਮੁੜਿਆ। ਇਹ ਆਪਣੇ ਕਮਰੇ ਵਿਚ ਸਾਮਾਨ ਪੈਕ ਕਰ ਰਹੀ ਸੀ। ਰਾਤ ਵਾਲਾ



ਲੰਗੀ ਕੁੜਤਾ ਹੀ ਪਾ ਕੇ। ਮੈਂ ਕਿਹਾ, ਤੂੰ ਜਾ ਕੇ ਰੋਟੀ ਖਾ ਆਈ ਏਂ ? ਕਹਿਣ ਲੱਗੀ, ਨਹੀਂ ਮੈਂ ਤਾਂ ਸਵੇਰ ਦੀ ਅੰਮਾਂ ਨੂੰ ਚਿੱਠੀ ਲਿਖ ਰਹੀ ਸਾਂ ਤੇ ਫੇਰ ਸਾਮਾਨ ਬੰਨ੍ਹਣ ਲੱਗ ਪਈ। ਰੋਟੀ ਤਾਂ ਯਾਦ ਹੀ ਨਹੀਂ ਰਹੀ। ਮੈਂ ਕਿਹਾ, ਚੱਲ ਫੇਰ ਚਲੀਏ। ਕਿਸੇ ਕੈਫ਼ੇ ਤੋਂ ਕੁਝ ਖਾ ਪੀ ਕੇ ਆਉਂਦੇ ਆਂ, ਫੇਰ ਸਾਮਾਨ ਬੰਨ੍ਹਾਂਗੇ। ਕਹਿਣ ਲੱਗੀ, ਮੈਂ ਤੇ ਅਜੇ ਨਹਾਤੀ ਵੀ ਨਹੀਂ। ਨਾਲੇ ਅਹਿ ਮੈਂ ਮਟਰ ਤੇ ਟਮਾਟਰ ਰਖੇ ਹੋਏ ਨੇ। ਮੇਰਾ ਦਿਲ ਕਰਦਾ ਸੀ, ਅੱਜ ਆਖ਼ਰੀ ਦਿਨ ਮੈਂ ਤੈਨੂੰ ਆਪਣੇ ਹੱਥੀਂ ਦਿੱਲੀ ਦੇ ਘਰ ਵਰਗੇ ਮਟਰ ਬਣਾ ਕੇ ਖੁਆਵਾਂ। ਮੈਂ ਕਿਹਾ, ਤੂੰ ਮਟਰ-ਮੁਟਰ ਛੱਡ। ਐਸ ਸਟੋਵ 'ਤੇ ਪਾਣੀ ਰਖ ਕੌਫ਼ੀ ਜੋਗਾ, ਤੇ ਮੈਂ ਹੁਣੇ ਬਾਜ਼ਾਰੋਂ ਖਾਣ ਲਈ ਕੁਝ ਲੈ ਕੇ ਆਉਂਨਾਂ। ਮੈਂ ਵਾਪਸ ਆਇਆ ਤਾਂ ਉਥੇ ਫ਼ਾਇਰ ਬਰਿਗੇਡ ਦਾ ਇੰਜਨ ਖੜਾ ਸੀ। ਭੀੜ ਇਕੱਠੀ ਹੋਈ ਹੋਈ ਸੀ। ਇਹਦਾ ਕਮਰਾ ਤਾਂ ਤੀਜੀ ਛੱਤੇ ਸੀ। ਪਰ ਪਹਿਲੀ ਛੱਤ ਦੀਆਂ ਪੌੜੀਆਂ ਵਿਚ ਇਹ ਡਿੱਗੀ ਪਈ ਸੀ, ਤੇ ਚੀਖ਼ ਰਹੀ ਸੀ ਕਿ ਚਾਦਰ ਦਿਓ। ਕਿਉਂਕਿ ਸਾਰੇ ਕੱਪੜੇ ਉਹਦੇ ਸੜ ਗਏ ਸਨ। ਫ਼ਾਇਰ ਬਰਿਗੇਡ ਵਾਲਿਆਂ ਨੂੰ ਡਾਂਟ ਰਹੀ ਸੀ, ਤੁਹਾਨੂੰ ਸ਼ਰਮ ਆਉਣੀ ਚਾਹੀਦੀ ਏ, ਮੇਰਾ ਪਾਸਪੋਰਟ ਪੁੱਛੀ ਜਾਂਦੇ ਓ, ਪਹਿਲਾਂ ਮੈਨੂੰ ਕੋਈ ਕਪੜਾ ਲਿਆ ਕੇ ਦਿਓ, ਮੈਂ ਨੰਗੀ ਆਂ। ਮੈਂ ਦੌੜ ਕੇ ਚੱਦਰ ਲਿਆਇਆ। ਉਹਨੂੰ ਲਪੇਟਿਆ। ਐਮਬੂਲੈਂਸ ਵਿਚ ਹਸਪਤਾਲ ਲੈ ਗਏ। ਉਹਨਾਂ ਫ਼ਸਟ ਏਡ ਦਿਤੀ। ਕਹਿਣ ਲੱਗੇ, ਇਹ ਬਹੁਤ ਸੜ ਗਈ ਏ, ਸਾਡੇ ਵੱਸ ਵਿਚ ਨਹੀਂ ਇਹਦਾ ਇਲਾਜ ਕਰਨਾ, ਇਹਨੂੰ ਲੀਓਂ ਲੈ ਜਾਓ, ਉਥੇ ਸਪੈਸ਼ਲ ਹਸਪਤਾਲ ਏ, ਉਥੇ ਠੀਕ ਇਲਾਜ ਹੋਵੇਗਾ। ਸੋ ਹੈਲੀਕਾਪਟਰ ਵਿਚ ਲੀਓਂ ਲਿਆਂਦਾ। ਹੈਲੀਕਾਪਟਰ ਵਿਚ ਸਟਰੈਚਰ ਰਖਣ ਲੱਗੇ, ਤਾਂ ਮੈਨੂੰ ਕਹਿਣ ਲੱਗੀ, ਮੇਰੀ ਮਾਂ ਨੂੰ ਨਾ ਦਸੀਂ, ਉਹ ਫ਼ਿਕਰ ਕਰੇਗੀ। ਮੈਂ ਆਪੇ ਠੀਕ ਹੋ ਕੇ ਦੱਸਾਂਗੀ। ਪਰ ਜਦੋਂ ਡਾਕਟਰਾਂ ਨੇ ਕਿਹਾ...,'' ਤੇ ਕੱਜਨ ਨੇ ਅੱਖਾਂ ਨੀਵੀਆਂ ਕਰ ਲਈਆਂ, ਪਲ ਕੁ ਰੁਕਿਆ। ਮੇਰਾ ਸਾਹ ਸੰਘ ਵਿਚ ਖਲੋਤਾ ਭੁਆਟਣੀ ਖਾ ਕੇ ਡਿੱਗਣ ਲੱਗਾ ਜਿਵੇਂ। ਆਹਿਸਤਾ ਜਿਹੇ ਫੇਰ ਉਹ ਬੋਲਿਆ, ''ਤਾਂ ਮੈਂ ਘਬਰਾ ਕੇ ਤੁਹਾਨੂੰ ਫ਼ੋਨ ਕਰ ਦਿਤਾ।'' ਤੇ ਉਹ ਮੇਰੇ ਗੋਡੇ 'ਤੇ ਸਿਰ ਰਖ ਕੇ ਰੋ ਪਿਆ। ਮੈਂ ਆਪਣੇ ਆਪ ਨੂੰ ਮਸਾਂ ਸੰਭਾਲਿਆ। ਇਹ ਵਿਚਾਰਾ ਬਾਲ ਹੀ ਤੇ ਸੀ। ਮੇਰੇ ਗੋਡੇ 'ਤੇ ਸਿਰ ਰੱਖ ਕੇ ਰੋ ਰਿਹਾ ਸੀ, ਤੇ ਮੇਰੀ ਕੈਂਡੀ ਕਿੰਨਾ ਪਿਆਰ ਕਰਦੀ ਸੀ ਇਹਨੂੰ। ਕਿੰਨੀ ਪਿਆਰੀ ਦੋਸਤ ਸੀ ਇਹਦੀ। ਮੈਨੂੰ ਉਹਦੇ 'ਤੇ ਮਮਤਾ ਆਈ। ਮੈਂ ਉਹਦਾ ਮੂੰਹ ਉਤਾਂਹ ਕਰ ਕੇ ਉਹਦੇ ਅੱਥਰੂ ਪੂੰਝੇ। ''ਸਭ ਠੀਕ ਹੋ ਜਾਵੇਗਾ। ਹੁਣ ਮੈਂ ਆ ਗਈ ਆਂ ਨਾ। ਕੈਂਡੀ ਰਾਜ਼ੀ ਹੋ ਜਾਵੇਗੀ। ਤੂੰ ਵੇਖਦਾ ਰਹੀਂ। ਮੈਨੂੰ ਤਕਲੀਫ਼ ਨਾ ਹੋਵੇ, ਸਿਰਫ਼ ਇਸੇ ਕਰ ਕੇ ਉਹ ਆਪਣੀ ਵਿੱਲ ਪਾਵਰ ਨਾਲ ਰਾਜ਼ੀ ਹੋ ਜਾਵੇਗੀ।'' ਕੁਝ ਚਿਰ ਮਗਰੋਂ ਉਹ ਆਪਣੇ ਕਮਰੇ ਵਿਚ ਚਲਾ ਗਿਆ।

... ... ...

ਅਗਲੇ ਦਿਨ ਦਿਲਾਵਰੀ ਵਾਪਸ ਚਲੇ ਗਏ। ਸਾਰੀ ਦਿਹਾੜੀ ਕੱਜਨ ਤੇ ਮੈਂ

ਉਸ ਸਫ਼ੈਦ ਕਿਲ੍ਹੇ ਵਰਗੇ ਹਸਪਤਾਲ ਦੀ ਉਜਾੜ ਡਿਉੜੀ ਵਿਚ ਬੈਠੇ ਰਹੇ। ਪੰਜ ਮਿੰਟ ਸਵੇਰੇ ਨੌਂ ਵਜੇ, ਤੇ ਪੰਜ ਮਿੰਟ ਸ਼ਾਮ ਨੂੰ ਉਹਨਾਂ ਨੇ ਮਿਲਣ ਦਿਤਾ। ਬਸ, ਦੂਰੋਂ। ਸ਼ੀਸ਼ੇ ਦੀ ਦੀਵਾਰ ਦੇ ਪਰਲੇ ਪਾਸਿਓਂ, ਟੈਲੀਫ਼ੋਨ 'ਤੇ।

"ਤੁਸੀਂ ਰੋਟੀ ਖਾਧੀ ਸੀ? ਬਿਸਤਰਾ ਠੀਕ ਸੀ? ਗਰਮ ਕੱਪੜੇ ਲੈ ਕੇ ਆਏ ਓ ਨਾ? ਰਾਤੀਂ ਨੀਂਦਰ ਆਈ ਸੀ? —" ਕੈਂਡੀ ਨਿੱਕੀਆਂ ਨਿੱਕੀਆਂ ਗੱਲਾਂ ਪੁੱਛਦੀ ਰਹੀ।

ਮੈਂ ਉਹਦੇ ਕੋਲੋਂ ਪੁੱਛਿਆ ਹੀ ਨਹੀਂ, ਮੇਰੀ ਬੱਚੀ, ਇਹ ਕਿਸ ਤਰ੍ਹਾਂ ਹੋ ਗਿਆ? ਅੱਗ ਕਿਸ ਤਰ੍ਹਾਂ ਲੱਗ ਪਈ ਮੇਰੀ ਕੈਂਡਲ੍ਹ? ਪੀੜ ਹੁੰਦੀ ਏ? ਕਿਥੇ ਕਿਥੇ ਪੀੜ ਹੁੰਦੀ ਏ ਮੇਰੀ ਰਾਣੀ ਨੂੰ? ਤੈਨੂੰ ਇਹ ਲੋਕ ਕੀ ਖਾਣ ਵਾਸਤੇ ਦੇਂਦੇ ਨੇ? ਤੈਨੂੰ ਕੋਈ ਤਕਲੀਫ਼ ਤੇ ਨਹੀਂ?

ਇਹੀ ਸੋਚਦੀ ਰਹੀ ਕਿ ਉਹ ਸਾਰਾ ਭਿਆਨਕ ਹਾਦਸਾ ਇਹਨੂੰ ਫੇਰ ਚੇਤੇ ਨਾ ਆਵੇ। ਦੋ ਉਡਦੇ ਜਾਂਦੇ ਪਲ ਜਿਹੜੇ ਇਹ ਮੇਰੇ ਨਾਲ ਗੱਲਾਂ ਕਰ ਰਹੀ ਏ, ਕਮ-ਅਜ਼-ਕਮ ਇਹਨਾਂ ਵਿਚ ਇਹ ਉਹਨਾਂ ਅੱਗ ਦੀਆਂ ਲਾਟਾਂ ਨੂੰ ਭੁੱਲੀ ਰਹਵੇ।

ਤੇ ਉਹ ਏਨੇ ਹੌਂਸਲੇ ਨਾਲ ਗੱਲ ਕਰਦੀ ਸੀ, ਏਨੇ ਠਰ੍ਹੰਮੇ ਨਾਲ, ਏਨੀ ਮੁਸਕਰਾ ਕੇ, ਕਿ ਮੈਨੂੰ ਬਿਲਕੁਲ ਨਹੀਂ ਸੀ ਜਾਪਦਾ ਇਹਨੂੰ ਕੋਈ ਤਕਲੀਫ਼ ਹੋਵੇਗੀ। ਇਹੀ ਲੱਗਦਾ ਸੀ ਕਿ ਇਹਦਾ ਸ਼ਾਇਦ ਪੈਰ ਜਾਂ ਗੋਡਾ ਸੜ ਗਿਆ ਹੋਵੇਗਾ, ਬਸ ਆਰਾਮ ਨਾਲ ਲੇਟੀ ਹੋਈ ਏ। ਵੱਲ ਹੋ ਜਾਵੇਗੀ। ਕਲ੍ਹ! ਨਹੀਂ ਤੇ ਪਰਸੋਂ। ਫੇਰ ਅਸੀਂ ਰਲ ਕੇ ਸੈਰ ਕਰਾਂਗੀਆਂ। ਗੱਲਾਂ ਕਰਾਂਗੀਆਂ। ਕੌਫ਼ੀ ਪੀਵਾਂਗੀਆਂ। ਧੁੱਪ ਸੇਕਾਂਗੀਆਂ। ਮਿਊਜ਼ਿਕ ਸੁਣਾਂਗੀਆਂ। ਤੇ ਫੇਰ ਵਾਪਸ ਡੌਲੀ ਕੋਲ ਜਾਵਾਂਗੀਆਂ।

"ਅਸੀਂ ਬਹੁਤ ਸਾਰੀ ਸੈਰ ਕਰ ਕੇ ਡੌਲੀ ਕੋਲ ਵਾਪਸ ਜਾਵਾਂਗੇ!" ਮੈਂ ਉਹਨੂੰ ਕਿਹਾ।

"ਨਹੀਂ ਅੰਮੀਂ, ਡੌਲੀ ਨੂੰ ਵੀ ਏਥੇ ਬੁਲਾ ਲਵਾਂਗੇ। ਫੇਰ ਰਲ ਕੇ ਸੈਰ ਕਰਾਂਗੇ। ਉਹ ਉਥੇ 'ਕੱਲੀ ਕਿਸ ਤਰ੍ਹਾਂ ਰਹੇਗੀ?"

... ... ...

ਸ਼ਾਮ ਵੇਲੇ ਜਦੋਂ ਮਿਲਣ ਗਈ, ਕਹਿਣ ਲੱਗੀ, "ਅੰਮੀ, ਤੁਸੀਂ ਕਲ੍ਹ ਵੀ ਇਹੀ ਸਾੜ੍ਹੀ ਪਾਈ ਹੋਈ ਸੀ, ਸਵੇਰੇ ਵੀ ਇਹੀ। ਕਿਉਂ, ਸਾਮਾਨ ਲੈ ਕੇ ਨਹੀਂ ਆਏ?"

ਮੇਰੇ ਅੱਥਰੂ ਉੱਲਰ ਕੇ ਅੱਖਾਂ ਵਲ ਆਏ। ਮੈਂ ਉਹਨਾਂ ਦਾ ਘੁੱਟ ਭਰ ਕੇ ਕਿਹਾ, "ਓਹੋ, ਯਾਦ ਈ ਨਹੀਂ ਰਹੀ ਬਦਲਣੀ।" ਕੀ ਕਹਿੰਦੀ, ਕਿ ਜਦੋਂ ਦੀ ਆਈ ਹਾਂ, ਨਾ ਮੂੰਹ ਹੱਥ ਧੋਤਾ ਏ, ਨਾ ਨਹਾਤੀ ਹਾਂ, ਨਾ ਕੁਝ ਖਾਧਾ ਏ, ਨਾ ਕੱਪੜੇ ਬਦਲੇ ਨੇ!

ਸਿਰਫ਼ ਬਾਰ ਬਾਰ ਰੱਬ ਨੂੰ ਇਹ ਕਹਿ ਰਹੀ ਹਾਂ, ਤੱਕ, ਮੈਂ ਏਨੇ ਵਰ੍ਹੇ ਕੋਈ ਗੁਨਾਹ ਨਹੀਂ ਕੀਤਾ। ਕਿਸੇ ਚਿੜੀ ਦਾ ਵੀ ਦਿਲ ਨਹੀਂ ਦੁਖਾਇਆ ਜਾਣ ਬੁਝ ਕੇ। ਜੇ ਕਿਧਰੇ ਅਣਜਾਣਪਣੇ ਵਿਚ ਜਾਂ ਅਚੇਤ ਹੀ ਕਿਸੇ ਦਾ ਮਨ ਦੁਖ ਗਿਆ ਹੋਵੇ ਮੇਰੇ



ਕੋਲੋਂ, ਜਾਂ ਕੋਈ ਹੋਰ ਗੁਨਾਹ ਹੋ ਗਿਆ ਹੋਵੇ, ਤਾਂ ਮੇਰੀ ਫੁੱਲ ਵਰਗੀ ਬੱਚੀ ਕੋਲੋਂ ਬਦਲਾ ਨਾ ਲੈ ਖ਼ੁਦਾਇਆ! ਮੈਨੂੰ ਸਜ਼ਾ ਦੇਹ! ਇਨਸਾਫ਼ ਕਰ! ਤੇ ਜੇ ਹੋ ਸਕੇ, ਤਾਂ ਰਹਿਮ ਕਰ! ਮਾਫ਼ ਕਰ ਦੇ ਦੋਸਤ! ਜਿੰਨੀ ਸਜ਼ਾ ਦੇ ਲਈ, ਕਾਫ਼ੀ ਏ। ਬਾਕੀ ਦੀ ਮੁਆਫ਼ ਕਰ ਦੇਹ। ਇਸ ਮੇਰੀ ਧੀ ਨੂੰ ਠੀਕ ਕਰ ਦੇ! ਇਹਨੇ ਅਜੇ ਛੱਬੀ ਨਵੰਬਰ ਨੂੰ ਇੱਕੀਵਾਂ ਵਰ੍ਹਾ ਪੂਰਾ ਕਰਨਾ ਏ। ਪੌਣੇ ਇੱਕੀ, ਇਹ ਵੀ ਕੋਈ ਉਮਰ ਏ ਇਸ ਤਰ੍ਹਾਂ ਦੇ ਤਸੀਹਿਆਂ ਦੀ? ਇਹ ਤੇ ਖੇਡਣ ਖਾਣ ਦੀ ਉਮਰ ਏ। ਫੇਰ ਤੈਨੂੰ ਪਤਾ ਈ ਏ, ਸਾਰਾ ਬਚਪਨ ਇਹਨੇ ਮਾਂ ਦੀ ਗ਼ਰੀਬੀ ਹੰਢਾਈ ਏ। ਪਿਓ ਦਾ ਗ਼ੁੱਸਾ ਤੇ ਨਫ਼ਰਤ ਵੇਖੀ ਏ। ਹੁਣ ਤਾਂ ਰਤਾ ਕੁ ਅਸੀਂ ਸੰਭਲੇ ਸਾਂ। ਹੁਣ ਤਾਂ ਅਸੀਂ ਸ਼ਾਮ ਵੇਲੇ ਬਹਿ ਕੇ ਮਿਊਜ਼ਿਕ ਸੁਣਨਾ ਸ਼ੁਰੂ ਕੀਤਾ ਸੀ। ਹੁਣ ਤਾਂ ਅਸੀਂ ਰਲ ਕੇ ਕਿਤਾਬਾਂ ਦੀਆਂ ਗੱਲਾਂ ਕਰਨ ਜੋਗੇ ਹੋਏ ਸਾਂ। ਹੁਣ ਤਾਂ ਅਜੇ ਸਾਡੀ ਦੋਸਤੀ ਹੋਈ ਸੀ। ਹੁਣ ਤਾਂ ਅਸੀਂ ਜ਼ਮੀਨ ਤੋਂ ਗਿੱਠ ਕੁ ਉਚੇ ਤੁਰਨ ਲੱਗੇ ਸਾਂ ਕਿਉਂਕਿ ਤਿੰਨੇ ਇਕੱਠੇ ਸਾਂ, ਤੇ ਤਿੰਨੇ ਬਹੁਤ ਗਹਿਰੇ ਦੋਸਤ। ਦੋਹਾਂ ਧੀਆਂ ਦੀ ਦੋਸਤੀ ਦੀ ਧੁੱਪ ਨੇ ਅਜੇ ਹੁਣੇ ਤਾਂ ਮੇਰੇ ਅੰਗਾਂ ਦਾ ਠਾਰ ਭੰਨਿਆਂ ਸੀ। ਨਾ ਮੇਰੇ ਪਰਵਰਦਿਗਾਰ, ਸਾਨੂੰ ਨਾ ਨਖੇੜੀਂ। ਜੇ ਕਦੇ ਵੀ, ਕੋਈ ਵੀ, ਕਿਧਰੇ ਵੀ, ਮੈਂ ਚੰਗਾ ਕੰਮ ਕੀਤਾ ਏ, ਤਾਂ ਐਸ ਵੇਲੇ ਮੇਰੀ ਬੱਚੀ ਦੀ ਮਦਦ ਕਰ। ਤੂੰ ਤਾਂ ਮਿਹਰਬਾਨ ਏਂ। ਮਿਹਰ ਕਰ ਨਾ!

ਤੇ ਫੇਰ ਅੰਦਰੋਂ ਕੋਈ ਸੰਸਕਾਰਾਂ ਦੀ ਹੀ ਜਿਵੇਂ ਆਵਾਜ਼ ਆਉਂਦੀ: ਉਹ ਚਾਹੇ ਤਾਂ ਲੂਲ੍ਹਾ ਬੰਦਾ ਪਹਾੜਾਂ ਦੀਆਂ ਚੋਟੀਆਂ 'ਤੇ ਚੜ੍ਹ ਜਾਵੇ, ਉਹ ਚਾਹੇ ਤਾਂ ਅੰਨ੍ਹੇ ਨੂੰ ਅੱਖਾਂ ਦੀ ਜੋਤ ਹੀ ਨਹੀਂ ਸਾਰੇ ਬ੍ਰਹਿਮੰਡ ਖੰਡ ਦੀ ਸੋਝੀ ਹੋ ਜਾਵੇ, ਉਹ ਚਾਹੇ ਤਾਂ ਸਮੁੰਦਰ ਵਿਚ ਥਲ ਤੇ ਥਲਾਂ ਵਿਚ ਅਥਾਹ ਪਾਣੀ ਭਰ ਜਾਣ, ਉਹ ਚਾਹੇ ਤਾਂ...!

ਉਹ ਉਦਾਸ ਹੋ ਕੇ ਕਹਿਣ ਲੱਗੀ, "ਪਰ ਮੈਨੂੰ ਤੇ ਲਗਦਾ ਏ ਮੇਰੇ ਠੀਕ ਹੋਣ ਵਿਚ ਦੋ ਮਹੀਨੇ ਲੱਗ ਜਾਣਗੇ। ਮੈਂ ਸਿਸਟਰ ਕੋਲੋਂ ਪੁੱਛਿਆ ਸੀ, ਉਹ ਕਹਿੰਦੀ ਸੀ ਦੋ ਮਹੀਨੇ ਲੱਗਣਗੇ। ਤੁਸੀਂ ਦੋ ਮਹੀਨੇ ਕਿਥੇ ਰਹੋਗੇ? ਏਨਾ ਫ਼ਾਰੇਨ ਐਕਸਚੇਂਜ ਕਿਥੋਂ ਮਿਲੇਗਾ?"

"ਤੂੰ ਇਹਨਾਂ ਛੋਟੀਆਂ ਗੱਲਾਂ ਦਾ ਫ਼ਿਕਰ ਨਾ ਕਰ ਕੈਂਡੀ! ਸਭ ਇੰਤਜ਼ਾਮ ਕਰ ਕੇ ਆਈ ਹਾਂ। ਤੇਰੇ ਜਸਬੀਰ ਮਾਮੇ ਨੇ ਲੰਡਨ, ਅਮਰੀਕਾ, ਸਭ ਥਾਵਾਂ 'ਤੇ ਆਪਣੇ ਦੋਸਤਾਂ ਨੂੰ ਚਿੱਠੀਆਂ ਲਿਖ ਦਿਤੀਆਂ ਨੇ। ਜਿੰਨੇ ਪੈਸੇ ਲੋੜ ਹੋਣਗੇ, ਝਟਪਟ ਆ ਜਾਣਗੇ। ਨਾਲੇ ਸਾਡੀ ਐਮਬੈਸੀ ਨੇ ਕਿਹਾ ਏ, ਫ਼ਾਰੇਨ ਐਕਸਚੇਂਜ ਦਾ ਇੰਤਜ਼ਾਮ ਅਸੀਂ ਕਰਾਂਗੇ।"

"ਅੱਛਾ, ਕੱਜਨ ਨਾਲ ਗੱਲ ਕਰਾਓ।"

ਮੈਂ ਫ਼ੋਨ ਕੱਜਨ ਦੇ ਹੱਥ ਫੜਾ ਦਿਤਾ। ਉਹ ਉਹਦੇ ਨਾਲ ਫ਼ਰੈਂਚ ਵਿਚ ਹੀ ਗੱਲ ਕਰਦਾ ਰਿਹਾ। ਮੈਨੂੰ ਸਮਝ ਨਹੀਂ ਆਈ।

ਉਹ ਆਪਣੀ ਨਰਸ ਵਲ ਵੇਖ ਕੇ ਮੁਸਕਰਾਈ। ਨਰਸ ਨੂੰ ਉਹਨੇ ਕੁਝ ਕਿਹਾ। ਨਰਸ ਵੀ ਮੁਸਕਰਾਈ।

ਮੈਂ ਕੱਜਨ ਨੂੰ ਕਿਹਾ, "ਨਰਸ ਨੂੰ ਕੀ ਕਹਿੰਦੀ ਸੀ?"

''ਕਹਿ ਰਹੀ ਸੀ, ਤੇਰੀਆਂ ਅੱਖਾਂ ਬੜੀਆਂ ਸੋਹਣੀਆਂ ਨੇ। ਮੇਰੀ ਮਾਂ ਦੀਆਂ ਵੀ ਸੋਹਣੀਆਂ ਨੇ ਨਾ ?''

ਤੇ ਅੱਥਰੂ ਡੱਕ ਕੇ ਅਸੀਂ ਬਾਹਰ ਨਿਕਲ ਗਏ। ਪੰਜ ਮਿੰਟ ਖ਼ਤਮ ਹੋ ਗਏ ਸਨ। ਉਹ ਡਾਕਟਰ ਬਾਹਰ ਗੈਲਰੀ ਵਿਚ ਖੁਲ੍ਹਦੀ ਖਿੜਕੀ ਵਿਚ ਖੜਾ ਸੀ। ਗ਼ੁੱਸੇ ਵਿਚ ਸੀ। ਉਹਨੇ ਕੱਜਨ ਨੂੰ ਫ਼ਰੈਂਚ ਵਿਚ ਕੁਝ ਕਿਹਾ, ਜਿਵੇਂ ਡਾਂਟ ਰਿਹਾ ਹੋਵੇ। ਕੱਜਨ ਜਿਵੇਂ ਉਹਨੂੰ ਮਨਾ ਰਿਹਾ ਸੀ, ਜਾਂ ਸ਼ਾਇਦ ਮੁਆਫ਼ੀ ਮੰਗ ਰਿਹਾ ਸੀ।

''ਕੀ ਗੱਲ ਏ ਕੱਜਨ ?'' ਮੈਂ ਹੌਲੀ ਜਿਹੀ ਪੁੱਛਿਆ।

''ਇਹ ਕਹਿੰਦੇ ਨੇ, ਅਸੀਂ ਉਹਨੂੰ ਕਿਉਂ ਖੇਚਲ ਕਰਵਾਨੇ ਆਂ ? ਬੋਲਣਾ ਉਹਦੇ ਲਈ ਬਹੁਤ ਮਾੜਾ ਏ। ਐਕਸਾਈਟਮੈਂਟ ਵੀ ਮਾੜੀ ਏ।''

''ਪਰ ਕਿਉਂ ? ਉਹ ਤੇ ਠੀਕ ਹੋ ਰਹੀ ਏ !''

ਕੱਜਨ ਨੇ ਮੇਰੀ ਗੱਲ ਤਰਜਮਾ ਕਰ ਕੇ ਉਹਨੂੰ ਸਮਝਾਈ। ਡਾਕਟਰ ਨੇ ਬੜੀ ਜ਼ੋਰ ਨਾਲ ਕੁਝ ਕਿਹਾ, ਜਿਵੇਂ ਕਹਿ ਰਿਹਾ ਹੋਵੇ, ''ਨਹੀਂ ਨਹੀਂ !'' ਤੇ ਫੇਰ ਬੜਾ ਕੁਝ ਹੋਰ ਕਹਿੰਦਾ ਰਿਹਾ।

''ਕੀ ?'' ਮੈਂ ਕੱਜਨ ਨੂੰ ਪੁੱਛਿਆ।

''ਇਹ ਕਹਿੰਦੇ ਨੇ, ਉਹਨੂੰ ਬੜੀ ਪੀੜ ਹੁੰਦੀ ਏ ਬੋਲਣ ਨਾਲ। ਉਹ ਤੁਹਾਨੂੰ ਦੱਸਦੀ ਨਹੀਂ। ਬੜੀ ਬਹਾਦਰੀ ਨਾਲ ਗੱਲਾਂ ਕਰਦੀ ਰਹਿੰਦੀ ਏ, ਪਰ ਉਹਨੂੰ ਬੜੀ ਦਰਦ ਹੁੰਦੀ ਏ।''

''ਪਰ...'' ਮੈਂ ਹੈਰਾਨ ਸਾਂ ! ਬੇਬਸੀ, ਅਜੀਬ ਬੇਬਸੀ ਵਿਚ ਰੋਈ ਜਾ ਰਹੀ ਸਾਂ। ਮੇਰਾ ਵਿਸ਼ਵਾਸ ਜਿਵੇਂ ਡੋਲ ਰਿਹਾ ਸੀ। ਥਿੜਕ ਰਿਹਾ ਸੀ। ਸਾਰੀ ਆਸ ਜਿਵੇਂ ਦਮ ਤੋੜ ਰਹੀ ਸੀ। ''ਪਰ ਕਿਉਂ ? ਉਹ ਤੇ ਠੀਕ ਜਾਪਦੀ ਏ। ਕੀ ਕੀ ਸੜਿਆ ਏ ਉਹਦਾ ?'' — ਮੈਂ ਡਰ ਕੇ ਪੁੱਛਿਆ।

ਕੱਜਨ ਮੇਰੀ ਗੱਲ ਡਾਕਟਰ ਨੂੰ, ਤੇ ਡਾਕਟਰ ਦੀ ਗੱਲ ਮੈਨੂੰ ਤਰਜਮਾ ਕਰ ਕੇ ਦੱਸੀ ਜਾ ਰਿਹਾ ਸੀ। ਨਿਹਾਇਤ ਮਾਯੂਸ, ਮਰੀ ਹੋਈ ਆਵਾਜ਼ ਵਿਚ। ''ਪੈਰਾਂ ਤੋਂ ਗਲੇ ਤਕ, ਸਾਰੀ ਸੜੀ ਪਈ ਏ। ਤੇ ਸਾੜ ਬਹੁਤ ਗਹਿਰਾ ਏ। ਇਹ ਕਹਿੰਦੇ ਨੇ, ਏਨੀ ਸਾਰੀ ਸਕਿਨ ਉੱਗ ਹੀ ਨਹੀਂ ਸਕਦੀ ਨਵੀਂ।''

''ਮੇਰੀ ਸਕਿਨ ਲਾਹ ਕੇ ਲਾ ਦੇਵੋ ਨਾ ਉਹਨੂੰ। ਪਲਾਸਟਿਕ ਸਰਜਰੀ ਨਹੀਂ ਹੋ ਜਾਂਦੀ ?''

ਡਾਕਟਰ ਜਿਵੇਂ ਕਿਸੇ ਬੱਚੇ ਦੀ ਮੂਰਖ਼ਤਾ 'ਤੇ ਮੁਸਕਰਾਇਆ।

''ਕਿਉਂ ਨਹੀਂ ? ਮੈਂ ਚੁੱਪ ਚਾਪ ਲੇਟੀ ਰਹਵਾਂਗੀ। ਹੌਲੀ ਹੌਲੀ ਤੁਸੀਂ ਮੇਰੀਆਂ ਲੱਤਾਂ ਦੀ, ਬਾਹਵਾਂ ਦੀ, ਪਿੱਠ ਦੀ, ਢਿੱਡ ਦੀ, ਸਕਿਨ ਲਾਹ ਲਾਹ ਕੇ ਉਹਨੂੰ ਲਾਈ ਜਾਣਾ। ਹੌਲੀ ਹੌਲੀ ਮੇਰੀ ਨਵੀਂ ਉੱਗਦੀ ਆਵੇਗੀ। ਤੇ ਉਹਦਾ ਪਿੰਡਾ ਮੇਰੀ ਸਕਿਨ ਨੂੰ ਜ਼ਰੂਰ ਕਬੂਲ ਕਰ ਲਵੇਗਾ। ਆਖ਼ਰ ਉਹਨੂੰ ਮੈਂ ਆਪਣੇ ਲਹੂ ਮਾਸ ਵਿਚੋਂ ਜਨਮ ਦਿਤਾ ਏ। ਮੇਰੀ ਸਕਿਨ ਕਿਉਂ ਨਹੀਂ ਮਨਜ਼ੂਰ ਕਰੇਗਾ ਉਹਦਾ ਪਿੰਡਾ ? ਕਿੰਨਾ ਚਿਰ ਲਗ ਜਾਵੇਗਾ ? ਦੋ ਮਹੀਨੇ ? ਚਾਰ ਮਹੀਨੇ ? ਛੇ ਮਹੀਨੇ ? ਮੈਨੂੰ ਮਨਜ਼ੂਰ ਏ। ਮੈਂ



ਚੁੱਪਚਾਪ ਲੇਟੀ ਰਹਵਾਂਗੀ।'' — ਮੈਂ ਡਾਕਟਰ ਦੇ ਤਰਲੇ ਕਰ ਰਹੀ ਸਾਂ। ਰੋ ਰਹੀ ਸਾਂ। ਹੱਥ ਜੋੜ ਕੇ ਉਹਦੇ ਸਾਹਮਣੇ ਖੜੋਤੀ ਸਾਂ। ਉਹਦੀ ਬਾਰੀ ਦੀ ਬਾਹੀ 'ਤੇ ਆਪਣਾ ਮੱਥਾ ਝੁਕਾ ਰਹੀ ਸਾਂ।

ਡਾਕਟਰ ਚਲਾ ਗਿਆ। ਕੱਜਨ ਕਹਿਣ ਲਗਾ, ''ਕਹਿੰਦਾ ਏ, ਅਜੇ ਸਾੜ ਤੇ ਠੀਕ ਹੋ ਲਵੇ, ਫੇਰ ਵੇਖਾਂਗੇ।''

ਮੈਂ ਇਹਨਾਂ ਲਫ਼ਜ਼ਾਂ ਵਿਚੋਂ ਉਹ ਲਫ਼ਜ਼ ਸੁਣੇ, ਜਿਹੜੇ ਪਤਾ ਨਹੀਂ ਉਹਨੇ ਬੋਲੇ ਸਨ ਜਾਂ ਨਹੀਂ ਸਨ ਬੋਲੇ, ਪਰ ਮੈਨੂੰ ਉਹਦੀਆਂ ਅੱਖਾਂ ਵਿਚੋਂ ਨਜ਼ਰ ਆਏ ਸਨ, ''ਜੇ ਬਚ ਗਈ ਤਾਂ ਵੇਖਾਂਗੇ।''

ਓਸੇ ਬੈਂਚ ਤੇ ਬਹਿ ਕੇ ਮੈਂ ਰੋਂਦੀ ਰਹੀ। ਬਿਲਕੁਲ ਬੇਬੱਸ। ਬੇਸਹਾਰਾ। ਮੇਰੀ ਬੱਚੀ ਉਥੇ ਸੀ, ਅੰਦਰ। ਪੰਜਾਂ ਕਦਮਾਂ ਦੀ ਵਿੱਥ 'ਤੇ। ਪਰ ਸਾਰੇ ਦਰਵਾਜ਼ੇ ਬੰਦ ਸਨ। ਸਫ਼ੇਦ ਕਫ਼ਨਾਂ ਵਰਗੇ ਦਰਵਾਜ਼ੇ। ਬਾਹਰ ਸਿਵਾਏ ਮੇਰੇ ਤੇ ਕੱਜਨ ਦੇ ਕੋਈ ਮਨੁੱਖ ਨਹੀਂ ਸੀ। ਬਿਲਕੁਲ ਉਜਾੜ। ਤੇ ਮੈਂ ਨਿਢਾਲ ਉਸ ਬੈਂਚ ਤੇ ਬੈਠੀ ਰੋ ਰਹੀ ਸਾਂ। ਲਗਦਾ ਸੀ, ਰੋਣ ਦੀ ਵੀ ਹਿੰਮਤ ਬਾਕੀ ਨਹੀਂ ਰਹੀ। ਵਕਤ ਦੇ ਪੈਰਾਂ ਨਾਲ ਕਿਸੇ ਨੇ ਚੱਕੀ ਦੇ ਪੁੜ ਬੰਨ੍ਹ ਦਿਤੇ ਸਨ। ਚੱਕੀ ਦੇ ਉਹ ਪੁੜ ਚੱਲ ਵੀ ਨਹੀਂ ਸਨ ਰਹੇ। ਪਰ ਫੇਰੀਆਂ ਸਾਰੀਆਂ ਹੱਡੀਆਂ ਤੇ ਮਾਸ ਉਸ ਵਿਚ ਕਿਸ ਤਰ੍ਹਾਂ ਦਲੀਂਦਾ ਜਾ ਰਿਹਾ ਸੀ ?

... ... ...

ਬਹੁਤ ਰਾਤ ਹੋ ਗਈ ਤਾਂ ਕੱਜਨ ਮੈਨੂੰ ਸਹਾਰਾ ਦੇ ਕੇ ਵਾਪਸ ਹੋਸਟਲ ਲੈ ਆਇਆ। ਸੜਕਾਂ 'ਤੇ ਤੁਰਦੇ ਬੰਦੇ ਵੇਖ ਕੇ ਮਨ ਹੈਰਾਨ ਹੁੰਦਾ ਸੀ, ''ਇਹ ਕਿਸ ਤਰ੍ਹਾਂ ਬੇਫ਼ਿਕਰ ਤੁਰੇ ਫਿਰਦੇ ਨੇ ? ਇਹਨਾਂ ਨੂੰ ਨਹੀਂ ਪਤਾ ?'' ਲਹਿੰਦੇ ਦਿਨ ਨੂੰ ਤੇ ਚੜ੍ਹਦੇ ਦਿਨ ਨੂੰ ਵੇਖ ਕੇ ਹੈਰਾਨੀ ਹੁੰਦੀ ਸੀ, 'ਇਹਨੂੰ ਨਹੀਂ ਪਤਾ ?'

ਕਦੇ ਇਹ ਵੀ ਹੋਇਆ ਏ ਕਿ ਛੇ ਦਿਨ ਕਿਸੇ ਨੂੰ ਬਾਥਰੂਮ ਜਾਣ ਦੀ ਲੋੜ ਨਾ ਪਵੇ, ਟਾਇਲੈਟ ਜਾਣ ਦੀ ਲੋੜ ਨਾ ਪਵੇ ? ਦਿਨ ਤਾਂ ਜ਼ਰੂਰ ਚੜ੍ਹਦਾ ਲਹਿੰਦਾ ਸੀ, ਪਰ ਮੇਰਾ ਜਿਸਮ ਸਾਰਾ ਜਿਵੇਂ ਚੁੱਪ ਸਾਧ ਕੇ ਖੜੋ ਗਿਆ ਸੀ। ਨਾ ਭੁੱਖ, ਨਾ ਨੀਂਦਰ, ਨਾ ਹੋਰ ਕੁਝ। 'ਪਲੀਜ਼ ਕੈਂਡੀ ! ਪਲੀਜ਼ ਠੀਕ ਹੋ ਜਾਹ ! ਮੈਂ ਤੇਰੇ ਬਿਨਾਂ ਨਹੀਂ ਜੀਅ ਸਕਦੀ।' ਮੇਰਾ ਮਨ ਬਾਰ ਬਾਰ ਕੈਂਡੀ ਨਾਲ ਗੱਲਾਂ ਕਰਦਾ। 'ਪਲੀਜ਼ ਠੀਕ ਕਰ ਦਿਓ ਇਹਨੂੰ ! ਪਲੀਜ਼, ਮੇਰੇ ਸਤਿਗੁਰੂ !'

... ... ...

ਅਗਲੇ ਦਿਨ ਸਵੇਰੇ ਸਵੇਰੇ ਜਾ ਕੇ ਅਸੀਂ ਬਹਿ ਗਏ, ਬੂਹੇ ਦੇ ਬਾਹਰ। ਰੋਜ਼ ਵਾਲੇ ਬੈਂਚ 'ਤੇ। ਪਰ ਅੱਜ ਮੈਂ ਹਾਰੀ ਹੋਈ ਸਾਂ। ਕਿਸੇ ਆਸ ਦਾ ਮਨ ਵਿਚੋਂ ਹੁੰਗਾਰਾ ਨਹੀਂ

ਸੀ । ਕੱਜਨ ਬਾਰ ਬਾਰ ਓਸ ਟੈਲੀਫ਼ੋਨ ਦਾ ਰਿਸੀਵਰ ਚੁੱਕ ਕੇ ਇਕ ਤਰਲਾ ਕਰਦਾ ਸੀ । ਪਰ ਚਾਰੇ ਪਾਸੇ ਦੀਆਂ ਸਫ਼ੈਦ ਦੀਵਾਰਾਂ ਖ਼ਾਮੋਸ਼ ਸਨ । ਆਖ਼ਰ ਉਹ ਖਿੜਕੀ ਖੁਲ੍ਹੀ । ਇਕ ਨਰਸ ਸੀ । ਬੜੀ ਖਿੱਝੀ ਖਝੋਤੀ ਸੀ, ਢਾਕ 'ਤੇ ਹੱਥ ਰੱਖ ਕੇ । ਕੱਜਨ ਨੇ ਮੇਰੇ ਵਲ ਹੱਥ ਕਰ ਕੇ ਉਹਨੂੰ ਫ਼ਰੈਂਚ ਵਿਚ ਤਰਲਾ ਕੀਤਾ । ਉਹ ਅੱਗੋਂ ਬੜੀ ਗੁੱਸੇ ਹੋ ਕੇ ਬੋਲੀ । ਤੇ ਖਿੜਕੀ ਬੰਦ ਕਰ ਦਿਤੀ ।

"ਕਿਉਂ, ਕੀ ਗੱਲ ਸੀ ?"

"ਕੁਝ ਨਹੀਂ, ਕਹਿੰਦੀ ਸੀ, ਅੱਜ ਵੀਰ ਵਾਰ ਏ, ਮੁਲਾਕਾਤਾਂ ਦਾ ਦਿਨ ਏ । ਤਿੰਨ ਤੋਂ ਪੰਜ ਤੱਕ । ਫੇਰ ਤੁਸੀਂ ਸਵੇਰੇ ਸਾਨੂੰ ਕਿਉਂ ਦੁਖੀ ਕਰ ਰਹੇ ਓ ?"

"ਮੁਲਾਕਾਤਾਂ ਦਾ ਦਿਨ ? ਯਾਨੀ ?"

"ਏਥੇ ਹਫ਼ਤੇ ਵਿਚ ਇਕੋ ਦਿਨ ਲੋਕੀਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਉਂਦੇ ਨੇ । ਤਿੰਨ ਤੋਂ ਪੰਜ ਤੱਕ । ਵੀਰ ਵਾਰ ਦੇ ਵੀਰ ਵਾਰ ।"

ਅਚਾਨਕ ਮੈਨੂੰ ਖ਼ਿਆਲ ਆਇਆ, ਠੀਕ ਤੇ ਹੈ । ਦੋ ਦਿਨਾਂ ਤੋਂ ਅਸੀਂ ਏਥੇ ਕਿਸੇ ਹੋਰ ਬੰਦੇ ਦੀ ਸ਼ਕਲ ਨਹੀਂ ਵੇਖੀ । ਹੋਰ ਵੀ ਤੇ ਮਰੀਜ਼ ਹੈਣ ਏਥੇ । ਉਹਨਾਂ ਦੇ ਵੀ ਰਿਸ਼ਤੇਦਾਰ, ਦੋਸਤ, ਪਿਆਰ ਕਰਨ ਵਾਲੇ ਹੋਣਗੇ । ਕੋਈ ਕਿਸੇ ਨੂੰ ਮਿਲਣ ਕਿਉਂ ਨਹੀਂ ਆਉਂਦਾ ? ਇਹ ਕੀ ਅਜੀਬ ਦਸਤੂਰ ਏ !

"ਪਰ ਕਿਉਂ ?"

"ਲੋਕਾਂ ਕੋਲ ਵਕਤ ਕਿਥੇ ਵੇ ? ਏਥੇ ਤੇ ਕੋਈ ਮਰ ਵੀ ਜਾਵੇ, ਤਾਂ ਲੋਕੀਂ ਕਈ ਕਈ ਦਿਨ ਮੁਰਦਾ ਘਰਾਂ ਵਿਚ ਰੱਖ ਛੱਡਦੇ ਨੇ । ਜਦੋਂ ਕਦੇ ਛੁੱਟੀ ਹੁੰਦੀ ਏ, ਜਾ ਕੇ ਦਫ਼ਨਾ ਦੇਂਦੇ ਨੇ ।"

ਮੈਂ ਕੰਬ ਗਈ । "ਨਾ, ਮਰਨ ਦੀਆਂ ਗੱਲਾਂ ਨਾ ਕਰ ।" ਤੇ ਮੇਰੀਆਂ ਭੁੱਬਾਂ ਨਿਕਲ ਗਈਆਂ ।

ਕੱਜਨ ਨੇ ਬਾਂਹ ਮੇਰੇ ਮੋਢਿਆਂ ਦੁਆਲੇ ਵਲਾ ਲਈ । ਅਸੀਂ ਬੈਠੇ ਰਹੇ । ਹੋਰ ਜਾਣਾ ਵੀ ਕਿੱਥੇ ਸੀ ?

ਕੋਈ ਬਾਰਾਂ ਕੁ ਵਜੇ ਦਰਵਾਜ਼ਾ ਖੁੱਲ੍ਹਿਆ । ਕੇਂਡੀ ਦੀ ਉਰਲੀ ਅੱਖ ਵਿਚੋਂ ਇਕ ਅੱਥਰੂ ਵੱਗ ਕੇ ਪੁੜਪੁੜੀ ਵਲ ਆਇਆ ਹੋਇਆ ਸੀ ।

"ਕਿਉਂ ਮੇਰੇ ਬੱਚੇ, ਕੀ ਗੱਲ ਏ ?" — ਮੈਂ ਬਿਲਕੁਲ ਘਬਰਾ ਗਈ ।

"ਮੈਨੂੰ ਪਾਣੀ ਨਹੀਂ ਦੇਂਦੀ ਇਹ ਨਰਸ । ਪਿਆਸ ਨਾਲ ਮੇਰੇ ਬੁਲ੍ਹ ਸੁੱਕੀ ਜਾਂਦੇ ਨੇ । ਪਾਣੀ ਨਹੀਂ ਦੇਂਦੀ ।" — ਬੱਚਿਆਂ ਵਾਂਗ ਉਹ ਮੈਨੂੰ ਸ਼ਿਕਾਇਤ ਲਗਾ ਰਹੀ ਸੀ । ਗੱਲ ਕਰਦਿਆਂ ਇਕ ਹੋਰ ਅੱਥਰੂ ਵੱਗ ਆਇਆ ।

ਮੇਰਾ ਕਲੇਜਾ ਵਲੂੰਧਰਿਆ ਗਿਆ । "ਕੱਜਨ, ਕੀ ਕਰੀਏ ? ਕਿਸ ਨੂੰ ਆਖੀਏ ? ਇਹਨੂੰ ਪਾਣੀ ਕਿਉਂ ਨਹੀਂ ਦੇਂਦੇ ? ਬੇਟਾ, ਤੂੰ ਨਰਸ ਨੂੰ ਕਿਉਂ ਨਹੀਂ ਕਹਿੰਦਾ ?"

"ਇਹ ਨਰਸ ਬੜੀ ਭੈੜੀ ਏ । ਕਹਿੰਦੀ ਏ ਮੈਂ ਹੋਰ ਵੀ ਤੇ ਵੀਹ ਮਰੀਜ਼ਾਂ ਦਾ ਖ਼ਿਆਲ ਰੱਖਣਾ ਏ । ਤੇ ਨਾਲੇ ਸਵੇਰੇ ਕਹਿੰਦੀ ਸੀ, 'ਯੂ ਬਲੈਕ ਪੀਪਲ' !" — ਕੇਂਡੀ ਦੀ ਆਵਾਜ਼ ਬਹੁਤ ਸਾਰੇ ਰੋਣ ਨਾਲ ਭਿੱਜੀ ਜਾਪਦੀ ਸੀ । ਰੋਣ ਨੂੰ ਉਹ ਵੀ ਮੇਰੇ ਕੋਲੋਂ



ਛੁਪਾਣ ਦੀ ਕੋਸ਼ਿਸ਼ ਕਰ ਰਹੀ ਸੀ । ਤੇ ਮੈਂ ਉਹਦੇ ਕੋਲੋਂ । ਪਰ ਉਹਦੀ ਖੱਬੀ ਪੁੜਪੁੜੀ 'ਤੇ ਜਿਹੜਾ ਇਕ ਅੱਥਰੂ ਵੱਗ ਰਿਹਾ ਸੀ, ਉਹ ਮੇਰੇ ਕਲੇਜੇ ਵਿਚ ਖੁਰਚ ਕੇ ਇਕ ਲਕੀਰ ਵਾਹ ਰਿਹਾ ਸੀ ।

ਮੈਨੂੰ ਨਹੀਂ ਸੀ ਪਤਾ, ਜਦੋਂ ਤੱਕ ਜੀਵਾਂਗੀ, ਇਹ ਖੁਰਚੀ ਹੋਈ ਲਕੀਰ ਟੀਸਿਆ ਕਰੇਗੀ !

ਉਸ ਅੱਥਰੂ ਨੂੰ ਨਾ ਉਹ ਆਪ ਪੂੰਝ ਸਕਦੀ ਸੀ, ਨਾ ਮੈਂ, ਨਾ ਕੱਜਨ ।

"ਮੈਨੂੰ ਜੂਸ ਲਿਆ ਦਿਓ । ਨਾਲੇ ਚੈਰੀਜ਼ ।"

"ਕਿਹੜਾ ਜੂਸ ?"

"ਬਹੁਤ ਸਾਰੇ ਜੂਸ । ਐਪਲ, ਤੇ ਪਾਈਨਐਪਲ, ਤੇ ਆਰੇਂਜ ।"

ਨਰਸ ਨੇ ਸਾਨੂੰ ਬਾਹਰ ਜਾਣ ਲਈ ਆਖਿਆ । ਇਸ਼ਾਰੇ ਨਾਲ । ਸ਼ੀਸ਼ੇ ਦੀ ਦੀਵਾਰ ਦੇ ਓਸ ਪਾਸਿਓਂ ।

ਅਸੀਂ ਬਾਜ਼ਾਰ ਗਏ । ਛੇ ਬੋਤਲਾਂ ਜੂਸ ਦੀਆਂ ਖ਼ਰੀਦੀਆਂ । ਪਰ ਚੈਰੀਜ਼ ਨਹੀਂ ਮਿਲੀਆਂ । ਮੈਨੂੰ ਲੱਗ ਰਿਹਾ ਸੀ, ਸਾਰਾ ਲੀਓਂ ਸ਼ਹਿਰ ਉੱਜੜ ਗਿਆ ਏ, ਕਿਉਂਕਿ ਸਾਰੇ ਸ਼ਹਿਰ ਵਿਚ ਮੇਰੀ ਧੀ ਦੀ ਫ਼ਰਮਾਇਸ਼ ਦੀਆਂ ਚੈਰੀਜ਼ ਨਹੀਂ ਸਨ ।

ਮੈਨੂੰ ਓਸ ਵੇਲੇ ਪਤਾ ਨਹੀਂ ਸੀ, ਕਿ ਉਸ ਦਿਨ ਤੋਂ ਪਿਛੋਂ ਮੇਰੇ ਲਈ ਕਸ਼ਮੀਰ ਦੇ ਸਾਰੇ ਚੈਰੀਆਂ ਦੇ ਬਾਗ਼ ਉੱਜੜ ਜਾਣਗੇ । ਤੇ ਜਦੋਂ ਵੀ ਕਿਧਰੇ ਕਦੇ ਮੈਂ ਚੈਰੀਆਂ ਵੇਖਾਂਗੀ, ਮੇਰਾ ਜੀਅ ਕਰੇਗਾ ਉਹਨਾਂ ਦੇ ਬਾਗ਼ਾਂ ਨੂੰ ਅੱਗ ਲਾ ਦਿਆਂ ।

... ... ...

ਜੂਸ ਦੀਆਂ ਬੋਤਲਾਂ ਤੇ ਕੁਝ ਫਲ ਲਿਆ ਕੇ ਨਰਸ ਨੂੰ ਦੇ ਦਿਤੇ ਸਨ, ਓਸੇ ਬਾਰੀ ਵਿਚੋਂ ।

ਤਿੰਨ ਵਜ ਗਏ । ਲੋਕੀਂ ਹੱਥ ਵਿਚ ਪੈਕਟ ਫੜੀ ਆਉਣੇ ਸ਼ੁਰੂ ਹੋ ਗਏ । ਦਰਵਾਜ਼ਾ ਖੁਲ੍ਹ ਗਿਆ । ਮੈਂ ਅੰਦਰ ਗਈ । ਕੱਜਨ ਵੀ । ਕੇਂਡੀ ਰੋ ਰਹੀ ਸੀ, "ਜੂਸ ਨਹੀਂ ਲਿਆਂਦਾ ਤੁਸੀਂ ? ਮੈਨੂੰ ਬੜੀ ਪਿਆਸ ਲਗੀ ਏ ।"

"ਜੂਸ ਤੇ ਅਸੀਂ ਓਸੇ ਵੇਲੇ ਲਿਆ ਕੇ ਨਰਸ ਨੂੰ ਦੇ ਗਏ ਸਾਂ ।"

"ਮੈਨੂੰ ਤੇ ਕਿਸੇ ਨੇ ਨਹੀਂ ਦਿਤਾ ।"

"ਪਰ ਕਿਉਂ ?"

"ਪਤਾ ਨਹੀਂ । ਸਵੇਰੇ ਜਿਹੜਾ ਡਾਕਟਰ ਆਉਂਦਾ ਏ, ਕਹਿੰਦਾ ਏ ਪਾਣੀ ਨਹੀਂ ਪੀਣਾ ।

ਰਾਤ ਵਾਲਾ ਕਹਿੰਦਾ ਏ, ਪੀ । ਪਰ ਮੈਨੂੰ ਪਿਆਸ ਤੇ ਹੁਣ ਲਗੀ ਹੋਈ ਏ ।"

ਉਹਦੇ ਹੋਠ ਪਿਆਸ ਨਾਲ ਸੁੱਕ ਕੇ ਸਫ਼ੈਦ ਹੋ ਰਹੇ ਸਨ । ਲਾਲ ਸੁਰਖ਼ ਬੁੱਲ੍ਹੀਆਂ, ਮੈਨੂੰ ਚੁੰਮੀਆਂ ਦੇਣ ਵਾਲੀਆਂ, ਰਤਾ ਕੁ ਟੇਢੀਆਂ ਹੋ ਕੇ ਮੁਸਕਰਾਉਣ ਵਾਲੀਆਂ, ਉਦਾਸੀ ਵਿਚ ਸਿਗਰੇਟ ਦੇ ਧੂੰਏਂ ਦਾ ਘੁੱਟ ਭਰਨ ਵਾਲੀਆਂ, ਗੌਣ ਵਾਲੀਆਂ, ਕੱਥਕ ਨੱਚਦਿਆਂ ਸ਼ੋਖ਼ ਅਦਾ ਨਾਲ ਹਸੂੰ ਹਸੂੰ ਕਰਨ ਵਾਲੀਆਂ, ਏਨੀਆਂ ਸਿਆਣੀਆਂ ਗੱਲਾਂ

ਕਰਨ ਵਾਲੀਆਂ, ਪਿਆਸ ਨਾਲ ਸੁੱਕ ਕੇ ਸਫ਼ੈਦ ਹੋ ਰਹੀਆਂ ਸਨ ।

ਕੱਜਨ ਭੱਜਾ ਗਿਆ । ਇਕ ਬਾਰੀ ਵਿਚੋਂ ਨਰਸ ਸਭ ਮਰੀਜ਼ਾਂ ਲਈ ਉਹਨਾਂ ਦੇ ਰਿਸ਼ਤੇਦਾਰਾਂ ਕੋਲੋਂ ਪੈਕਿਟ ਫੜ ਕੇ ਅੰਦਰ ਰਖ ਰਹੀ ਸੀ, ਉਹਨੂੰ ਜਾ ਕੇ ਕੱਜਨ ਨੇ ਕਿਹਾ । ਉਹ ਝਟ ਪਟ ਅੰਦਰ ਗਈ । ਜੂਸ ਫ਼ੀਡਿੰਗ ਕੱਪ ਵਿਚ ਪਾ ਕੇ ਕੈਂਡੀ ਨੂੰ ਪਿਆਣ ਲਗ ਪਈ । ਨਾਲ ਦੂਜੇ ਹੱਥ ਨਾਲ ਉਹਦਾ ਸਿਰ ਪਲੋਸ ਰਹੀ ਸੀ । ਫੇਰ ਉਹ ਬਾਰੀ ਵੱਲ ਆਈ । ਕੱਜਨ ਨਾਲ ਗੱਲਾਂ ਕਰਨ ਲਗੀ । ਕੱਜਨ ਨੇ ਕਿਹਾ, "ਇਹ ਕਹਿੰਦੀ ਏ, ਇਹਦੀ ਆਪਣੀ ਧੀ ਵੀ ਜੁਆਨੀ ਵਿਚ ਮਰ ਗਈ ਸੀ । ਏਸ ਕਰ ਕੇ ਇਹਨੂੰ ਪਤਾ ਏ ਤੁਹਾਡੇ ਮਨ ਦੀ ਪੀੜ ਦਾ ।"

ਮੈਂ ਰੋ ਰਹੀ ਸਾਂ । ਉਹ ਵੀ ਰੋ ਰਹੀ ਸੀ । ਮੈਂ ਵਾਪਸ ਕੈਂਡੀ ਕੋਲ ਆਈ । ਜੂਸ ਪੀ ਕੇ ਵੀ ਉਹ ਨਿਢਾਲ ਜਾਪ ਰਹੀ ਸੀ । ਬਹੁਤ ਘਬਰਾਈ ਹੋਈ । ਮੈਂ ਟੈਲੀਫ਼ੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ । ਉਹਦੀ ਆਵਾਜ਼ ਰੁਕ ਰੁਕ ਕੇ ਆ ਰਹੀ ਸੀ । ਬੱਸ, ਏਨਾ ਹੀ ਕਿਹਾ ਕਿ ਮੈਂ ਤੁਹਾਡੇ ਵਾਸਤੇ ਤੇ ਡੌਲੀ ਵਾਸਤੇ ਦੋ ਕੋਟ ਖ਼ਰੀਦੇ ਸਨ, ਮੇਰੇ ਟਰੰਕ ਵਿਚ ਪਏ ਨੇ । ਜਿਸ ਤਰ੍ਹਾਂ ਸੁਨੇਹਾ ਦੇ ਰਹੀ ਹੋਵੇ ।

ਹੁਣ ਨਹੀਂ ਸੀ ਆਪਣੇ ਆਪ ਨੂੰ ਰੋਕਿਆ ਜਾ ਰਿਹਾ । ਮੈਂ ਉਹਦੇ ਸਾਹਮਣੇ ਹੀ ਰੋ ਰਹੀ ਸਾਂ । "ਤੂੰ ਰਾਜ਼ੀ ਹੋ ਕੇ ਮੈਨੂੰ ਆਪਣੇ ਹੱਥੀਂ ਦੇਵੀਂ । ਮੈਂ ਸਾਰੀ ਉਮਰ ਓਹੀ ਕੋਟ ਪਾਈ ਰਖਾਂਗੀ ਕੈਂਡਲੂ । ਅਸੀਂ ਰਲ ਕੇ ਪਾਇਆ ਕਰਾਂਗੀਆਂ । ਵਾਰੀ ਵਾਰੀ ਮੇਰੇ ਬੱਚੇ, ਤੂੰ ਠੀਕ ਹੋ ਜਾਹ ਪਲੀਜ਼ !"—ਮੇਰੇ ਹਟਕੋਰੇ ਪਤਾ ਨਹੀਂ ਉਹਨੂੰ ਪੂਰੀ ਗੱਲ ਸੁਣਨ ਦੇ ਰਹੇ ਸਨ ਜਾਂ ਨਹੀਂ ।

ਉਹ ਮੇਰੇ ਕੋਲ ਸੀ । ਮੇਰੀ ਲਾਡਲੀ ਧੀ । ਜਿਹਨੂੰ ਵੀਹ ਵਰ੍ਹੇ ਮੈਂ ਪੋਟਾ ਪੋਟਾ ਕਰ ਕੇ, ਮਿਹਨਤਾਂ ਮਜ਼ਦੂਰੀਆਂ ਕਰ ਕੇ ਪਾਲਿਆ ਸੀ । ਤੇ ਉਹ ਮੇਰੇ ਸਾਹਮਣੇ ਮੇਰੇ ਹੱਥਾਂ ਵਿਚੋਂ ਜਿਵੇਂ ਤਿਲ੍ਹਕਦੀ ਜਾ ਰਹੀ ਸੀ । ਪਰ ਮੈਨੂੰ ਯਕੀਨ ਨਹੀਂ ਸੀ ਆ ਰਿਹਾ ਅਜੇ ਵੀ । ਨਹੀਂ, ਮੈਂ ਕੋਲ ਹਾਂ ਨਾ, ਇਹਨੂੰ ਕੁਝ ਨਹੀਂ ਹੋ ਸਕਦਾ । ਕੋਈ ਵੀ ਰੱਬ ਮੇਰੇ ਨਾਲ ਏਡਾ ਵੱਡਾ ਜ਼ੁਲਮ ਨਹੀਂ ਕਰ ਸਕਦਾ ।

ਤੇ ਫੇਰ ਉਹ ਕਹਿਣ ਲਗੀ, "ਬੱਸ, ਮੈਂ ਥੱਕ ਗਈ ਆਂ ।" ਤੇ ਉਹਨੇ ਅੱਖਾਂ ਮੀਟ ਲਈਆਂ ।

ਰੋਂਦੀ ਰੋਂਦੀ ਮੈਂ ਭੁੰਜੇ ਹੀ ਬਹਿ ਗਈ । ਓਸੇ ਬਰਾਂਡੇ ਵਿਚ । ਅਚਾਨਕ ਸੁਖਮਨੀ ਸਾਹਿਬ ਦਾ ਖ਼ਿਆਲ ਆਇਆ । ਮੈਂ ਕਿਹਾ, "ਕੈਂਡਲੂ, ਮੈਂ ਤੈਨੂੰ ਪਾਠ ਸੁਣਾਨੀ ਆਂ । ਤੂੰ ਚੁੱਪਚਾਪ ਸੁਣ । ਹੈਂ ?" ਤੇ ਮੈਂ ਪਾਠ ਕਰਨ ਲਗ ਪਈ — ਰਿਸੀਵਰ ਵਿਚ । "ਜਹ ਮਾਤ ਪਿਤਾ ਸੁਤ ਮੀਤ ਨਾ ਭਾਈ, ਮਨ ਊਹਾਂ ਨਾਮ ਤੇਰੇ ਸੰਗ ਸਹਾਈ ।" — ਪੰਜ ਕੁ ਮਿੰਟ, ਜਿੰਨਾ ਕੁ ਮੇਰੇ ਅੱਥਰੂਆਂ ਨੇ ਇਜਾਜ਼ਤ ਦਿਤੀ, ਮੈਂ ਪਾਠ ਕਰਦੀ ਰਹੀ । ਫੇਰ ਦੂਜੇ ਪਾਸਿਉਂ ਬਹੁਤ ਕਮਜ਼ੋਰ ਆਵਾਜ਼ ਆਈ, "ਬੱਸ, ਹੋਰ ਨਹੀਂ ਸੁਣਿਆ ਜਾਂਦਾ ਅੰਮੀ !"

ਤੇ ਉਹਨੇ ਰਤਾ ਕੁ ਅੱਖ ਖੋਲ੍ਹ ਕੇ ਮੇਰੇ ਵੱਲ ਤੱਕਿਆ—ਸੁੱਤੇ ਕੰਵਲ ਫੁੱਲ ਵਰਗੀਆਂ ਅੱਖਾਂ । ਤੇ ਫੇਰ ਅੱਖਾਂ ਬੰਦ ਕਰ ਲਈਆਂ ।

... ... ...



ਮੈਂ ਕੱਜਨ ਦੇ ਮੋਢਿਆਂ 'ਤੇ ਘਸੀਟਦੀ ਹੋਸਟਲ ਆਈ । ਇਕ ਕਾਲ ਦਿੱਲੀ ਬੁਕ ਕੀਤੀ—ਡੌਲੀ ਨੂੰ । ਇਕ ਆਪਣੇ ਭਰਾ ਨੂੰ, ਇਹ ਕਹਿਣ ਲਈ ਕਿ ਸਾਰੀ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਤੇਰੇ ਵਾਕਫ਼ ਨੇ ਡਾਕਟਰ, ਮੇਰੀ ਧੀ ਨੂੰ ਬਚਾ ਲੈ । ਨਹੀਂ ਤੇ ਤੇਰੀ ਡਾਕਟਰੀ ਕਿਸ ਕੰਮ ਆਏਗੀ ?

ਇਕ ਕਾਲ ਪੈਰਿਸ ਐਮਬੈਸੀ ਨੂੰ ਬੁੱਕ ਕੀਤੀ । ਇਕ ਤਾਰ ਦਿਲਾਵਰੀ ਨੂੰ ਦਿਤੀ, "ਪਲੀਜ਼ ਸੇਵ ਹਰ । ਪਲੀਜ਼ ਆਸਕ ਦ ਡਾਕਟਰ ਇਨਚਾਰਜ ਟੂ ਟੇਕ ਸਪੈਸ਼ਲ ਕੇਅਰ ਆਫ਼ ਹਰ । ਪਲੀਜ਼ ਸੇਵ ਮਾਈ ਚਾਈਲਡ ।"

"ਡੌਲੀ, ਬੰਗਲਾ ਸਾਹਿਬ ਜਾ ਕੇ ਅਖੰਡ ਪਾਠ ਰਖਵਾ ਦੇਹ । ਕਹਿੰਦੇ ਨੇ ਜਦੋਂ ਤਕ ਅਖੰਡ ਪਾਠ ਹੁੰਦਾ ਰਹਵੇ, ਕੋਈ ਖ਼ਤਰਾ ਨਹੀਂ ਹੁੰਦਾ ।"

ਟੈਲੀਫ਼ੋਨ 'ਤੇ ਮੈਂ ਚੀਖ਼ ਰਹੀ ਸਾਂ । ਰੋ ਰਹੀ ਸਾਂ । ਤਰਲੇ ਕਰ ਰਹੀ ਸਾਂ ।

ਕੋਈ ਰਾਤੀਂ ਨੌਂ ਕੁ ਵਜੇ ਦਿਲਾਵਰੀ ਸਾਹਿਬ ਦਾ ਫ਼ੋਨ ਆਇਆ ਪੈਰਿਸ ਤੋਂ, "ਮੈਂ ਵਡੇ ਡਾਕਟਰ ਨਾਲ ਗੱਲ ਕੀਤੀ ਏ । ਉਹ ਕਹਿੰਦਾ ਏ ਆ ਕੇ ਮਿਲ ਲੈਣ ।"

"ਮਿਲ ਲੈਣ ਦਾ ਮਤਲਬ ? ਕੋਈ ਖ਼ਤਰਾ ਏ ?"

"ਭੈਣ ਜੀ, ਤੁਸੀਂ ਵਾਹਿਗੁਰੂ ਵਾਹਿਗੁਰੂ ਆਖੋ । ਅਰਦਾਸ ਕਰੋ । ਉਹਨੂੰ ਹੀ ਪਤਾ ਏ ਕਿ ਬੱਚੀ ਦੀ ਭਲਾਈ ਕਾਹਦੇ ਵਿਚ ਏ ।"

"ਤੁਸੀਂ ਵੀ ਅਰਦਾਸ ਕਰੋ ਕਿ ਉਹ ਠੀਕ ਹੋ ਜਾਵੇ ।"

ਕੱਜਨ ਤੇ ਮੈਂ ਵਾਪਸ ਹਸਪਤਾਲ ਗਏ । ਡਾਕਟਰ ਬਹੁਤ ਗ਼ੁੱਸੇ ਸੀ । ਵੱਡਾ ਡਾਕਟਰ । ਉਹਨੂੰ ਮੈਂ ਅੱਜ ਪਹਿਲੀ ਵਾਰੀ ਵੇਖਿਆ ਸੀ । ਕਹਿਣ ਲਗਾ, 'ਮੈਂ ਆਪਣੀ ਮਾਂ ਦੇ ਘਰ ਰੋਟੀ ਪਿਆ ਖਾਂਦਾ ਸਾਂ, ਤੇ ਫ਼ੋਨ ਆਈ ਏ । ਮੈਂ ਕਿਸੇ ਐਮਬੈਸੀ ਵੈਮਬੈਸੀ ਦੀ ਪਰਵਾਹ ਨਹੀਂ ਕਰਦਾ । ਕੌਣ ਹੁੰਦੇ ਨੇ ਉਹ ਮੈਨੂੰ ਐਸ ਵੇਲੇ ਤੰਗ ਕਰਨ ਵਾਲੇ ? ਉਹ ਮਰ ਰਹੀ ਏ, ਤੇ ਮੈਂ ਕੀ ਕਰ ਸਕਨਾਂ !'

ਅਚਾਨਕ ਉਹਨੇ ਦਰਵਾਜ਼ੇ ਦਾ ਹੇਠਲਾ ਹਿੱਸਾ ਵੀ ਖੋਹਲ ਦਿਤਾ, ਤੇ ਗ਼ੁੱਸੇ ਨਾਲ ਕਿਹਾ ਕਿ ਆ ਜਾਓ ਅੰਦਰ । ਫੇਰ ਪਤਾ ਨਹੀਂ ਕੀ ਹੋਇਆ, ਕਿਸ ਤਰ੍ਹਾਂ ਹੋਇਆ । ਮੈਂ ਉਹਦੇ ਪੈਰ ਫੜ ਲਏ । ਅਗਲੇ ਪਲ ਮੇਰਾ ਮੱਥਾ ਉਹਦੇ ਬੂਟਾਂ 'ਤੇ ਸੀ । "ਪਲੀਜ਼ ਡੋਂਟ ਫ਼ੀਲ ਐਨਾਇਡ ! ਪਲੀਜ਼ ਸੇਵ ਮਾਈ ਚਾਈਲਡ ! ਪਲੀਜ਼ ਡਾਕਟਰ !" ਮੈਂ ਉਹਦੇ ਕੋਲੋਂ ਭੀਖ ਮੰਗ ਰਹੀ ਸਾਂ । ਉਹ ਗੁੱਸੇ ਨਾਲ ਬੋਲੀ ਜਾ ਰਿਹਾ ਸੀ । ਕੱਜਨ ਨੇ ਕਿਹਾ ਕਿ ਡਾਕਟਰ ਕਹਿ ਰਿਹਾ ਏ, ਕਿ ਉਹਨੂੰ ਤਾਂ ਰੱਬ ਵੀ ਨਹੀਂ ਬਚਾ ਸਕਦਾ । ਥਰਡ ਡਿਗਰੀ ਦੇ ਬਰਨ ਨੇ । ਸਾਰਾ ਪਿੰਡਾ ਸੜਿਆ ਪਿਆ ਏ । ਇਕ ਮੂੰਹ ਨਹੀਂ ਨਾ ਸੜਿਆ, ਏਸ ਕਰ ਕੇ ਤੁਹਾਨੂੰ ਸਮਝ ਨਹੀਂ ਆ ਰਹੀ । ਦੂਜੀ ਉਹ ਤੁਹਾਡੇ ਨਾਲ ਪਤਾ ਨਹੀਂ ਕਿਸ ਤਰ੍ਹਾਂ ਗੱਲਾਂ ਕਰ ਲੈਂਦੀ ਏ । ਮੈਂ ਤੇ ਇਹੀ ਹੈਰਾਨ ਆਂ ਕਿ ਏਨੇ ਦਿਨ ਕਿਸ ਤਰ੍ਹਾਂ ਕੱਢ ਗਈ ਏ । ਇਟਸ ਏ ਸ਼ੀਅਰ ਮਿਰੇਕਲ ।

ਮੇਰੀ ਧੀ ਮਿਰੇਕਲ ਕਰ ਰਹੀ ਸੀ । ਆਪਣੀ ਵਿੱਲ ਪਾਵਰ ਨਾਲ । ਮਾਂ ਨੂੰ ਦੁਖੀ

ਨਹੀਂ ਨ਼ਾ ਕਰਨਾ, ਇਸ ਲਈ, ਮਾਂ ਦੀ ਦੋਸਤ ਏ ਨਾ, ਇਸ ਲਈ।

ਕੱਜਨ ਕਹਿਣ ਲਗਾ, ਇਹ ਕਹਿੰਦਾ ਏ ਅੰਦਰੋਂ ਡਿਸਇਨਫੈਕਟ ਕੀਤੇ ਹੋਏ ਕੱਪੜੇ ਪਾ ਲਵੋ, ਤੇ ਅੰਦਰ ਜਾ ਕੇ ਉਹਨੂੰ ਮਿਲ ਲਵੋ।

"ਨਹੀਂ ਕੱਜਨ, ਜੇ ਇਹਨੇ ਮਗਰੋਂ ਇਹਦਾ ਬਹਾਨਾ ਲਾਣਾ ਏ ਕਿ ਤੁਸੀਂ ਅੰਦਰ ਗਏ ਤਾਂ ਕੇਸ ਖ਼ਰਾਬ ਹੋ ਗਿਆ ਏ, ਤਾਂ ਨਹੀਂ ਜਾਂਦੇ," ਮੈਂ ਡਰ ਰਹੀ ਸਾਂ। ਬੱਚਿਆਂ ਵਾਂਗੂੰ ਰੋ ਰਹੀ ਸਾਂ। ਡਾਕਟਰ ਦੇ ਅੱਗੇ ਹੱਥ ਬੰਨ੍ਹ ਕੇ ਖੜੀ ਸਾਂ।

ਡਾਕਟਰ ਨੇ ਇਕ ਕਮੀਜ਼ ਤੇ ਇਕ ਪਜਾਮਾ ਲਿਆ ਕੇ ਮੇਰੇ ਹੱਥ ਫੜਾ ਦਿਤਾ, ਤੇ ਮੇਰੀ ਬਾਂਹ ਫੜ ਕੇ ਮੈਨੂੰ ਇਕ ਛੋਟੇ ਜਿਹੇ ਕਮਰੇ ਵਿਚ ਧਕੇਲ ਦਿਤਾ। ਮੈਂ ਕੰਬਦੇ ਹੱਥਾਂ ਨਾਲ ਉਹ ਕਪੜੇ ਪਾਏ। ਬਾਹਰ ਆਈ, ਤਾਂ ਉਹ ਗੁੱਸੇ ਨਾਲ ਮੇਰੀ ਬਾਂਹ ਫੜ ਕੇ ਮੈਨੂੰ ਕਮਰੇ ਵੱਲ ਲੈ ਤੁਰਿਆ। ਮੇਰੀ ਧੀ ਦੀ ਮੰਜੀ ਕੋਲ ਗਲੂਕੋਜ਼, ਖ਼ੂਨ, ਆਕਸੀਜਨ, ਤੇ ਹੋਰ ਪਤਾ ਨਹੀਂ ਕੀ ਕੀ ਪਿਆ ਸੀ। ਮੈਂ ਝੁਕ ਕੇ ਉਹਦਾ ਮੂੰਹ ਚੁੰਮਿਆ। ਮੱਥਾ ਚੁੰਮਿਆ। ਉਹਨੇ ਅੱਖਾਂ ਖੋਹਲੀਆਂ। ਖ਼ੁਸ਼ਕ ਹੋਠਾਂ ਨਾਲ ਪਤਾ ਨਹੀਂ ਕੀ ਕਿਹਾ, ਸਮਝ ਨਹੀਂ ਆਇਆ।

ਉਹਦੇ ਉਹ ਬੋਲ ਜਿਹੜੇ ਓਸ ਘੜੀ ਮੈਨੂੰ ਸਮਝ ਨਹੀਂ ਸਨ ਆਏ, ਉਹ ਸੁਣਨ ਲਈ ਮੈਂ ਆਪਣੀ ਬਾਕੀ ਦੀ ਜ਼ਿੰਦਗੀ ਦਸ ਵਾਰੀ ਕਰਬਾਨ ਕਰ ਸਕਦੀ ਹਾਂ। ਪਰ ਕੋਈ ਸੌਦਾ ਕਰਨ ਵਾਸਤੇ ਤਿਆਰ ਹੀ ਨਹੀਂ।

"ਕੀ ਮੇਰੇ ਬੱਚੇ ?"—ਮੈਂ ਉਹਨੂੰ ਫੇਰ ਚੁੰਮਿਆ। ਇਹ ਜ਼ਿੰਦਗੀ ਵਿਚ ਪਹਿਲੀ ਵਾਰੀ ਸੀ ਕਿ ਮੈਂ ਉਹਦੇ ਕੋਲ ਸਾਂ ਤੇ ਉਹਨੇ ਮੈਨੂੰ ਧਾ ਕੇ ਗਲਵਕੜੀ ਨਹੀਂ ਸੀ ਪਾਈ, ਤਰਸ ਕੇ ਮੇਰੇ ਗਲ ਨਹੀਂ ਸੀ ਲੱਗੀ। ਬਿਲਕੁਲ ਬੇਬਸ, ਬੇਸਹਾਰਾ, ਉਹ ਉਥੇ ਲੇਟੀ ਸੀ।

ਅਚਾਨਕ ਉਸ ਡਾਕਟਰ ਨੇ ਉਹ ਪਿੰਜਰਾ ਜਿਹਾ ਚੁੱਕ ਦਿਤਾ ਜਿਹਦੇ ਉਤੇ ਚਾਦਰ ਪਾ ਕੇ ਉਹਨੇ ਉਹਨੂੰ ਕੱਜਿਆ ਹੋਇਆ ਸੀ। ਸੜੇ ਹੋਏ ਮਾਸ ਦੀ ਤੇਜ਼ ਹੁਆਂਕ। ਗਲੇ ਤੋਂ ਪੈਰਾਂ ਤਕ ਆਲੂ ਵਾਂਗੂੰ ਭੁੱਜੀ ਹੋਈ। ਜੇ ਕੋਈ ਵੀ ਓਸ ਵੇਲੇ ਮੈਨੂੰ ਉਹਦੇ ਨਾਲ ਵਟਾ ਲੈਂਦਾ, ਉਹਦਾ ਕਰਜ਼ਾ ਮੈਂ ਦਸ ਜਨਮ ਲਾਂਹਦੀ ਰਹਿੰਦੀ।

ਹੁਣ ਭੁੱਜਣ ਦੀ ਵਾਰੀ ਮੇਰੀ ਸੀ। ਤੇ ਅੱਜ ਤੱਕ ਭੁੱਜ ਰਹੀ ਹਾਂ। ਨੰਗੇ ਮਘਦੇ ਅੰਗਿਆਰਾਂ ਉਤੇ।

"ਬੱਸ, ਚੱਲੋ ਹੁਣ ਬਾਹਰ"—ਡਾਕਟਰ ਦਾ ਹੁਕਮ ਸੀ।

ਚੁੱਪਚਾਪ ਹਟਕੋਰਿਆਂ ਨਾਲ ਕੰਬਦੇ ਅਸੀਂ ਦੋਵੇਂ ਬਾਹਰ ਨਿਕਲ ਆਏ। ਡਾਕਟਰ ਕਹਿਣ ਲੱਗਾ, ਮੈਂ ਏਸ ਕਰਕੇ ਤੈਨੂੰ ਅੰਦਰ ਨਹੀਂ ਸੀ ਲਿਆਉਣਾ ਚਾਹੁੰਦਾ ਕਿ ਹੁਣ ਸਾਰੀ ਉਮਰ ਇਹ ਹਵਾਂਕ ਤੇਰੇ ਦਿਮਾਗ਼ ਵਿਚੋਂ ਨਹੀਂ ਨਿਕਲੇਗੀ। ਏਸੇ ਕਰਕੇ ਮੈਂ ਕਿਸੇ ਨੂੰ ਵੀ ਅੰਦਰ ਨਹੀਂ ਆਉਣ ਦੇਂਦਾ। ਇਸ ਹਵਾਂਕ ਨੂੰ ਝੱਲਣ ਲਈ ਮੈਨੂੰ ਸਾਲਾਂ ਦੇ ਸਾਲ ਟ੍ਰੇਨਿੰਗ ਲੈਣੀ ਪੈਂਦੀ ਏ।

"ਵਿਲ ਯੂ ਸੇਵ ਹਰ ਡਾਕਟਰ ?"—ਮੈਂ ਉਹਦੇ ਤਰਲੇ ਕਰ ਰਹੀ ਸਾਂ। ਉਹ ਬਾਹਰ ਨਿਕਲ ਗਿਆ।

ਅਸੀਂ ਵੀ ਬਾਹਰ ਨਿਕਲੇ। ਦਰਵਾਜ਼ਾ ਬੰਦ ਕਰਨ ਵਾਲਾ ਓਥੇ ਕੋਈ ਨਹੀਂ ਸੀ।



ਉਸ ਸ਼ੀਸ਼ਿਆਂ ਵਾਲੀ ਗੈਲਰੀ ਦਾ ਦਰਵਾਜ਼ਾ ਵੀ ਖੁਲ੍ਹਾ ਸੀ। ਮੈਂ ਕੱਜਨ ਨੂੰ ਕਿਹਾ, "ਚੁੱਪਚਾਪ ਚੋਰੀ ਚੋਰੀ ਅਸੀਂ ਐਸ ਗੈਲਰੀ ਵਿਚ ਵੜ ਜਾਨੇ ਆਂ। ਐਥੇ ਕੋਈ ਨਹੀਂ। ਮੈਂ ਚੁੱਪਚਾਪ ਉਸ ਸ਼ੀਸ਼ੇ ਕੋਲ ਜਾ ਕੇ ਬਹਿ ਜਾਵਾਂਗੀ, ਆਪਣੀ ਧੀ ਕੋਲ।"

"ਕੋਈ ਨਾਰਾਜ਼ ਨਾ ਹੋਵੇ !"

"ਨਾਰਾਜ਼ ਜੇ ਹੋ ਵੀ ਗਿਆ, ਤਾਂ ਹੁਣ ਕੀ ਹੋ ਜਾਵੇਗਾ।" ਤੇ ਅਸੀਂ ਚੁੱਪਚਾਪ ਜਾ ਕੇ ਉਸ ਸ਼ੀਸ਼ੇ ਕੋਲ ਖੜੋ ਗਏ। ਕੱਜਨ ਬਾਹਰੋਂ ਇਕ ਸਟੂਲ ਤੇ ਇਕ ਕੁਰਸੀ ਲੈ ਆਇਆ। ਰਾਤ ਭਰ ਅਸੀਂ ਉਥੇ ਬੈਠੇ ਰਹੇ। ਤੇ ਵੇਖਦੇ ਰਹੇ ਕਿ ਬੇਬਸੀ ਕੀ ਹੁੰਦੀ ਏ। ਕਿ ਕੋਈ ਰੇਤ ਦੀ ਮੁੱਠ ਵਾਂਗੂੰ ਕਿਸ ਤਰ੍ਹਾਂ ਮੀਟੀਆਂ ਉਂਗਲਾਂ ਵਿਚੋਂ ਕਿਰਦਾ ਜਾਂਦਾ ਏ ਪਲੋ ਪਲ। ਕਿ ਜਿਸ ਨੂੰ ਬੇਇੰਤਹਾ ਪਿਆਰ ਕਰੀਏ, ਉਹ ਕਿਸ ਤਰ੍ਹਾਂ ਕੋਲੋਂ ਇਕ ਇਕ ਕਦਮ ਪਰ੍ਹਾਂ ਤੁਰਦਾ ਜਾਂਦਾ ਏ, ਤੇ ਤੁਸੀਂ ਉਥੇ ਹੀ ਖੜੋਤੇ ਰਹਿ ਜਾਂਦੇ ਓ। ਤੇ ਫੇਰ ਜ਼ਿੰਦਾ ਵੀ ਰਹਿੰਦੇ ਓ ! ਸ਼ੇਮਲੈਸੱਲੀ ਜ਼ਿੰਦਾ।

ਉਹ ਬੇਹੋਸ਼ ਸੀ ਸ਼ਾਇਦ। ਖ਼ੂਨ ਦੀ ਬੋਤਲ ਲੱਗੀ ਹੋਈ ਸੀ। ਆਕਸੀਜਨ ਵੀ। ਗਲੂਕੋਜ਼ ਵੀ। ਸਿਰਫ਼ ਉਹਦੇ ਤਿੱਖੇ ਨੱਕ ਵਿਚ ਪਿਆ ਹੀਰੇ ਦਾ ਕੋਕਾ ਚਮਕ ਰਿਹਾ ਸੀ। ਤੇ ਉਹਦੇ ਸਾਹ ਬੜੇ ਔਖੇ ਆ ਰਹੇ ਸਨ। ਗਲੇ ਵਿਚ ਜਿਹੜਾ ਇਕ ਟੋਆ ਹੁੰਦਾ ਏ, ਉਹਦੇ ਵਿਚ ਨਿੱਕੇ ਨਿੱਕੇ ਝਟਕੇ ਲੱਗ ਰਹੇ ਸਨ, ਜਿਸ ਤਰ੍ਹਾਂ ਬਹੁਤ ਡੂੰਘੇ ਖੂਹ ਵਿਚੋਂ ਕੋਈ ਲੱਜ ਨੂੰ ਝਟਕਾ ਦੇ ਕੇ ਪਾਣੀ ਉਤਾਂਹ ਖਿੱਚੇ। ਬੜੀ ਮਿਹਨਤ ਨਾਲ।

ਹਵਾ ਠਹਿਰ ਕੇ ਰੁਕ ਗਈ ਸੀ ਉਸ ਗਲਿਆਰੇ ਵਿਚ। ਠਿਠਕ ਕੇ। ਹਨੇਰਾ ਪੋਲੇ ਪੈਰੀਂ ਕੋਨਿਆਂ ਵਿਚੋਂ ਸਾਜ਼ਸ਼ਾਂ ਕਰਦਾ ਹੋਇਆ ਨਿਕਲਦਾ ਸੀ, ਤੇ ਫੇਰ ਦੁਬਕ ਜਾਂਦਾ ਸੀ ! ਇਕ ਟੁੱਟਣ ਦੀ ਹੱਦ ਤੱਕ ਖਿੱਚਿਆ ਹੋਇਆ ਤਣਾਓ ਗਲਿਆਰੇ ਦੇ ਏਸ ਸਿਰੇ ਤੋਂ ਉਸ ਸਿਰੇ ਤਕ ਬੇਬਸ ਖਿੱਚੀਂਦਾ ਜਾ ਰਿਹਾ ਸੀ। ਤੇ ਵਿਚਕਾਰ ਮੇਰੀ ਜਾਨ ਨਪੀੜੀ ਜਾ ਰਹੀ ਸੀ। ਮਣਾਂ ਮੂੰਹੀਂ ਭਾਰ ਹੇਠਾਂ ਪਸਲੀਆਂ ਕੜਕ ਰਹੀਆਂ ਸਨ। ਵਕਤ ਗੁਜ਼ਰ ਨਹੀਂ ਸੀ ਰਿਹਾ, ਰੋਡ ਰੋਲਰ ਵਾਂਗੂੰ ਸਭ ਕੁਝ ਕੁਚਲਦਾ ਹੋਇਆ ਆਹਿਸਤਾ, ਬਹੁਤ ਆਹਿਸਤਾ ਰੇਂਗ ਰਿਹਾ ਸੀ। ਕਾਇਨਾਤ ਸਾਰੀ ਬਸ ਇਕ ਹੁਆਂਕ ਸੀ, ਤੇ ਇਕ ਰੁਕਿਆ ਹੋਇਆ ਸਾਹ, ਤੇ ਇਕ ਅਨੰਤ ਬੇਬਸੀ।

ਤੇ ਫੇਰ ਲੋਅ ਲੱਗ ਪਈ। ਸ਼ੀਸ਼ਿਆਂ ਵਿਚੋਂ ਦੂਧੀਆ ਚਾਨਣ ਰੇਂਗ ਕੇ ਅੰਦਰ ਆਉਣ ਲੱਗਾ।

ਬੜੀ ਹੈਰਾਨੀ ਹੋਈ। 'ਕੀ ਦਿਨ ਅਜੇ ਵੀ ਚੜ੍ਹਨ ਜੋਗਾ ਰਹਿ ਗਿਆ ਏ ? ਸੂਰਜ ਨੂੰ ਸ਼ਰਮ ਨਹੀਂ ਆਉਂਦੀ ?'

ਕੱਜਨ ਨੇ ਕਿਹਾ, "ਕੋਈ ਵੇਖ ਲਵੇਗਾ। ਚਲੋ, ਚੁੱਪਚਾਪ ਬਾਹਰ ਨਿਕਲ ਜਾਈਏ। ਜੇ ਉਹ ਲੋਕ ਨਾਰਾਜ਼ ਹੋ ਗਏ ਤਾਂ ਉਹਦਾ ਖ਼ਿਆਲ ਨਹੀਂ ਕਰਨਗੇ।"

ਤੇ ਟੁੱਟੀ ਜਿਹੀ, ਲੱਤਾਂ ਘਸੀਟਦੀ ਮੈਂ ਬਾਹਰ ਨਿਕਲ ਆਈ। ਬਾਹਰ ਬੈਂਚ ਤੇ ਆ ਕੇ ਬਹਿ ਗਏ। "ਚਾਹ ਪੀਓਗੇ ?" ਕੱਜਨ ਨੇ ਪੁੱਛਿਆ।

ਮੈਨੂੰ ਲੱਗਾ, ਮੈਨੂੰ ਉਹਦੀ ਬੋਲੀ ਸਮਝ ਨਹੀਂ ਸੀ ਆ ਰਹੀ। ਚਾਹ ? ਕਾਹਦੇ ਲਈ ? ਦਿਨ ? ਕਾਹਦੇ ਲਈ ? ਬਾਹਰ ? ਕਾਹਦੇ ਲਈ ?

ਸਭ ਚੀਜ਼ਾਂ ਦੇ ਮਾਹਨੇ ਖ਼ਤਮ ਹੋ ਗਏ ਸਨ। ਮੈਨੂੰ ਕੁਝ ਯਾਦ ਨਹੀਂ, ਉਸ ਤੋਂ ਬਾਅਦ ਕੀ ਹੋਇਆ, ਉਸੇ ਬੈਂਚ 'ਤੇ ਬੈਠਿਆਂ ਬੈਠਿਆਂ ਸਵੇਰ ਤੋਂ ਸ਼ਾਮ ਕਿਸ ਤਰ੍ਹਾਂ ਹੋ ਗਈ।

ਜਿੰਨੀ ਵਾਰੀ ਵੀ ਕੱਜਨ ਨੇ ਉਸ ਟੈਲੀਫ਼ੋਨ ਦੇ ਰਿਸੀਵਰ ਵਿਚ ਤਰਲਾ ਕੀਤਾ, ਕੋਈ ਨਹੀਂ ਆਇਆ। ਇਕ ਵਾਰੀ ਸਿਰਫ਼ ਇਕ ਨਰਸ ਆਈ ਉਸ ਬਾਰੀ ਵਿਚ। ਕਹਿਣ ਲੱਗੀ, ਉਹ ਤਾਂ ਬੇਹੋਸ਼ ਏ। ਤੁਸੀਂ ਕਾਹਨੂੰ ਏਥੇ ਬੈਠੇ ਓ ? ਉਹਨੇ ਸ਼ਾਇਦ ਕਦੇ ਕਿਸੇ ਬੱਚੇ ਨੂੰ ਪੈਦਾ ਨਹੀਂ ਕੀਤਾ ਹੋਣਾ। ਆਪਣੇ ਲਹੂ ਵਿਚੋਂ। ਕਦੇ ਕਿਸੇ ਬੱਚੇ ਨਾਲ ਰਾਤਾਂ ਨਹੀਂ ਜਾਗੀਆਂ ਹੋਣੀਆਂ। ਆਪਣਾ ਸਾਰਾ ਦਿਨ ਉਹਦੇ ਦੁਆਲੇ ਏਸ ਤਰ੍ਹਾਂ ਨਹੀਂ ਗੇੜਿਆ ਹੋਣਾ ਜਿਸ ਤਰ੍ਹਾਂ ਸੂਰਜ ਦੁਆਲੇ ਧਰਤੀ ਘੁੰਮਦੀ ਏ। ਜ਼ਿੰਦਾ ਰਹਿਣ ਦਾ ਮਤਲਬ ਕਿਸੇ ਆਪਣੀ ਧੀ ਦੀ ਹੋਂਦ ਵਿਚੋਂ ਨਹੀਂ ਲੱਭਿਆ ਹੋਣਾ। ਇਹਨੂੰ ਕੁਝ ਪਤਾ ਨਹੀਂ। ਵਿਚਾਰੀ !

ਤਰਕਾਲਾਂ ਵੇਲੇ ਇਕ ਡਾਕਟਰ ਨੇ ਆ ਕੇ ਕਿਹਾ, "ਤੁਸੀਂ ਹੋਸਟਲ ਜਾਉ। ਅਸੀਂ ਫ਼ੋਨ ਕਰਾਂਗੇ।" — ਤੇ ਕਹਿ ਕੇ ਝਟਪਟ ਵਾਪਸ ਅੰਦਰ ਚਲਾ ਗਿਆ। ਖਿੜਕੀ ਫੇਰ ਬੰਦ ਹੋ ਗਈ।

ਕੱਜਨ ਕਹਿਣ ਲੱਗਾ, "ਜੇ ਇਹਨਾਂ ਨੂੰ ਫ਼ੋਨ ਕਰਨ ਦੀ ਲੋੜ ਪਈ ਵੀ, ਤਾਂ ਹੋਸਟਲ ਵਿਚ ਕਰਦੇ ਰਹਿਣਗੇ। ਇਹਨਾਂ ਨੂੰ ਪਤਾ ਈ ਨਹੀਂ ਹੋਣਾ ਕਿ ਅਸੀਂ ਐਥੇ ਬੈਠੇ ਆਂ। ਮੇਰਾ ਖ਼ਿਆਲ ਏ ਸਾਨੂੰ ਹੋਸਟਲ ਵਿਚ ਹੀ ਚਲ ਕੇ ਫ਼ੋਨ ਦਾ ਇੰਤਜ਼ਾਰ ਕਰਨਾ ਚਾਹੀਦਾ ਏ।"

ਫ਼ੋਨ ? ਕੀ ਕਹਿਣਗੇ ਫ਼ੋਨ 'ਤੇ ? ਕੀ ਖ਼ਬਰ ਦੇਣਗੇ ? ਮੇਰਾ ਦਿਮਾਗ਼ ਬਿਲਕੁਲ ਸੁੰਨ ਸੀ। ਇਹ ਸਵਾਲ ਉਗਦੇ ਸਨ। ਜਵਾਬ ਤ੍ਰਹਿ ਜਾਂਦੇ ਸਨ। ਛੋਟੇ ਮਾਸੂਮ ਖ਼ਰਗੋਸ਼ਾਂ ਵਾਂਗੂੰ, ਜਾਂ ਸ਼ਾਇਦ ਖ਼ੂੰਖ਼ਾਰ ਦਰਿੰਦਿਆਂ ਵਾਂਗੂੰ — ਦੁਬਕ ਜਾਂਦੇ ਸਨ। ਸ਼ਾਇਦ ਮੇਰੇ ਸਾਹਮਣੇ ਖੜੋਤੇ ਸਨ ਸਾਰੇ ਦੇ ਸਾਰੇ ਜੁਆਬ — ਗਰਦਨ ਲਟਕਾਈ, ਪਰ ਮੈਂ ਹੀ ਉਹਨਾਂ ਨੂੰ ਪਛਾਨਣ ਤੋਂ ਇਨਕਾਰ ਕਰ ਰਹੀ ਸਾਂ। ਕੁਝ ਯਾਦ ਨਹੀਂ। ਓਸ ਜ਼ਾਲਮ, ਲਹੂ-ਭਿੱਜੀ, ਸੜੇ ਹੋਏ ਮਾਸ ਦੀ ਹਵਾਂਕ ਨਾਲ ਭਰੀ ਹੋਈ ਸ਼ਾਮ ਦੇ ਬਾਰੇ ਕੁਝ ਵੀ ਯਾਦ ਨਹੀਂ। ਸਿਰਫ ਇਕ ਸਿਥਲਤਾ ਏ, ਤੇ ਬੇਬਸੀ ਏ, ਤੇ ਰੁਕੇ ਹੋਏ ਸਾਹਵਾਂ ਦਾ ਤੇ ਪਾਗ਼ਲ ਹਟਕੋਰਿਆਂ ਦਾ ਤੇ ਬੇਮਤਲਬ ਅੱਥਰੂਆਂ ਦਾ ਇਕ ਅਹਿਸਾਸ ਏ — ਹਾਰਿਆ ਹੋਇਆ — ਜਿਹੜਾ ਇਹਨਾਂ ਸਾਲਾਂ ਦੇ ਹਰ ਦਿਨ ਦੇ ਪੁਲ ਤੋਂ ਲੰਘਦਾ ਅੱਜ ਵੀ ਮੇਰੇ ਤਕ ਆਉਂਦਾ ਏ।

ਹੋਸਟਲ ਪਹੁੰਚ ਕੇ, ਇਕ ਜ਼ਿਦ ਵਿਚ, ਇਕ ਬੇਬਸ ਜ਼ਿਦ ਵਿਚ ਮੈਂ ਸੁਖਮਨੀ ਸਾਹਿਬ ਦਾ ਪਾਠ ਕਰਨ ਬਹਿ ਗਈ। ਇਹੀ ਖ਼ਿਆਲ ਆਇਆ ਕਿ ਜਦ ਤਕ ਏਥੇ ਸੁਖਮਨੀ ਦਾ ਪਾਠ ਹੁੰਦਾ ਰਹੇਗਾ ਤੇ ਉਥੇ ਦਿੱਲੀ ਵਿਚ ਅਖੰਡ ਪਾਠ, ਕੈਂਡੀ ਨੂੰ ਕੁਝ ਨਹੀਂ ਹੋ ਸਕਦਾ। ਸਾਰੀ ਰਾਤ ਗੁਜ਼ਰ ਗਈ। ਗੁਜ਼ਰੀ ਨਹੀਂ, ਮੇਰੇ ਲੂੰ ਲੂੰ ਨੂੰ ਆਰੀ



ਨਾਲ ਕੱਟਦੀ ਕੱਟਦੀ ਹਾਰ ਗਈ। ਸਵੇਰ ਦੀ ਲੋਅ ਲੱਗ ਰਹੀ ਸੀ, ਜਦੋਂ ਮੇਰੇ ਕਮਰੇ ਦੀ ਘੰਟੀ ਵੱਜੀ। ਮੈਂ ਤ੍ਰਭਕ ਕੇ ਜਾਗੀ। ਪਤਾ ਨਹੀਂ ਕਿਸ ਵੇਲੇ ਅੱਖ ਲੱਗ ਗਈ ਸੀ।

"ਅੰਮੀ, ਛੇਤੀ ਚੱਲੋ। ਹਸਪਤਾਲ।"

"ਕਿਉਂ, ਕੀ ਕਿਹਾ ਏ ਉਹਨਾਂ ?" — ਮੈਂ ਘਬਰਾ ਕੇ ਚੱਪਲਾਂ ਪਾਂਦਿਆਂ ਪੁੱਛਿਆ।

"ਕੁਝ ਨਹੀਂ, ਤਬੀਅਤ ਜ਼ਿਆਦਾ ਖ਼ਰਾਬ ਏ।" — ਤੇ ਕੱਜਨ ਨੱਸਦਾ ਹੋਇਆ ਪੌੜੀਆਂ ਉਤਰ ਗਿਆ।

ਹਸਪਤਾਲ। ਕੱਜਨ ਘਬਰਾਇਆ ਹੋਇਆ ਉਸ ਟੈਲੀਫ਼ੋਨ ਵਿਚ ਬੋਲ ਰਿਹਾ ਸੀ। ਮੈਂ ਕੰਬਦੀ ਹੋਈ ਬੈਂਚ ਦੀ ਪਿੱਠ ਫੜ ਕੇ ਖੜੀ ਸਾਂ। ਬਾਰੀ ਖੁਲ੍ਹੀ। ਡਾਕਟਰ ਨੇ ਬੇਬਸੀ ਨਾਲ ਸਿਰ ਹਿਲਾਇਆ।

"ਵ੍ਹਾਟ ?" — ਮੈਂ ਚੀਖ਼ੀ। ਉਹਨੇ ਕੱਜਨ ਨੂੰ ਦੱਸਿਆ, ਤੇ ਕਜਨ ਨੇ ਮੈਨੂੰ, ਕਿ ਪੰਜ ਕੁ ਮਿੰਟ ਪਹਿਲਾਂ...

ਸਾਰੀ ਬਿਲਡਿੰਗ ਡੁੱਬਦੇ ਜਹਾਜ਼ ਵਾਂਗੂੰ ਡੋਲੀ ਤੇ ਡੁੱਬ ਗਈ।

"ਮਿਲਣਾ ਏ ?"

ਨਹੀਂ, ਚੀਖ਼ ਨਹੀਂ ਨਿਕਲਣੀ। ਨਹੀਂ ਨਹੀਂ। ਇਹ ਹਸਪਤਾਲ ਏ। ਨਹੀਂ। ਚੁੱਪ ! ਖ਼ਾਮੋਸ਼ !

ਇਹੋ ਜਿਹੇ ਕਾਲੇ ਬੋਲੇ ਵਕਤ ਵਿਚ ਵੀ ਸ਼ਾਇਦ ਮੈਂ ਹੋਸ਼ ਵਿਚ ਹੀ ਹੋਵਾਂਗੀ, ਜਿਹੜੀ ਇਹ ਸੋਚ ਰਹੀ ਸਾਂ।

ਜਿਹੜਾ ਬੂਹਾ ਅੱਜ ਤਕ ਨਹੀਂ ਸੀ ਖੁੱਲ੍ਹਾ, ਉਹ ਉਹਨਾਂ ਲੋਕਾਂ ਨੇ ਅੱਜ ਖੋਹਲ ਦਿਤਾ। ਉਹ ਪਿਆਰੇ ਚਿਹਰੇ ਵਾਲੀ ਤੇ ਮੇਰੇ ਨਾਲ ਰਲ ਕੇ ਰੋਣ ਵਾਲੀ ਨਰਸ ਨੇ ਮੇਰੇ ਕੋਲ ਆ ਕੇ ਮੈਨੂੰ ਫੜ ਲਿਆ।

ਅੰਦਰੋਂ ਸਟ੍ਰੈਚਰ ਦੇ ਉਤੇ ਉਹ ਆ ਰਹੀ ਸੀ। ਖ਼ਾਮੋਸ਼ ਸੁੱਤੀ ਹੋਈ। ਮੈਂ ਉਹਦਾ ਮੱਥਾ ਚੁੰਮਿਆਂ। ਹੋਠ ਚੁੰਮੇ। ਹੋਠਾਂ ਉੱਤੇ ਸਫ਼ੈਦ ਪਿਆਸ ਜੰਮੀ ਹੋਈ ਸੀ। ਅੱਖਾਂ ਦੇ ਕੋਨਿਆਂ ਵਿਚੋਂ ਵੱਗੇ ਹੋਏ ਅੱਥਰੂ ਅਜੇ ਵੀ ਪੁੜਪੁੜੀਆਂ ਤਕ ਸੁੱਕੇ ਹੋਏ ਸਨ। ਖ਼ਾਮੋਸ਼ ਅੱਖਾਂ ਦੇ ਕੰਵਲਾਂ ਨੂੰ ਗਹਿਰੀ ਕਾਲੀ ਝਾਲਰ ਨੇ ਕੱਜਿਆ ਹੋਇਆ ਸੀ।

ਮੈਨੂੰ ਛੱਡ ਕੇ ਨਾ ਜਾਹ ਮੇਰੀ ਬੱਚੀ। ਮੈਂ ਤੇ ਇਕੱਲੀ ਮਰ ਜਾਵਾਂਗੀ। ਤੇਰੇ ਬਿਨਾਂ ਜਿਸ ਤਰ੍ਹਾਂ ਜੀਵਾਂਗੀ ?

ਇਕ ਵਾਰੀ ਕਹਿੰਦੀ ਸੀ, ਕਈ ਵਾਰੀ ਜੀਅ ਕਰਦਾ ਏ ਖ਼ੁਦਕਸ਼ੀ ਕਰ ਲਵਾਂ। ਪਰ ਫੇਰ ਸੋਚਦੀ ਹਾਂ ਤੁਸੀਂ ਕਿਸ ਤਰ੍ਹਾਂ ਜੀਵੋਗੇ। ਫੇਰ ਕਹਿਨੀ ਆਂ, ਨਹੀਂ ਯਾਰ, ਇਕੱਠਿਆਂ ਹੀ ਜੀਣਾ ਏ।

ਤੇ ਹੁਣ ? ਮੈਂ ਉਹਨੂੰ ਮਿਲੀ ਤਾਂ ਮੈਨੂੰ ਬਿਲਕੁਲ ਨਹੀਂ ਲਗਾ ਕਿ ਮੈਂ ਉਹਨੂੰ ਆਖ਼ਰੀ ਵਾਰੀ ਮਿਲ ਰਹੀ ਸਾਂ। ਮੈਨੂੰ ਇਹੀ ਲੱਗਾ ਕਿ ਅਸੀਂ ਕੁਝ ਚਿਰ ਲਈ ਵਿੱਛੜ

ਰਹੀਆਂ ਸਾਂ, ਜਿਸ ਤਰ੍ਹਾਂ ਸਤਾਈ ਮਈ ਦੀ ਰਾਤ ਨੂੰ ਉਹ ਦਿੱਲੀ ਏਅਰਪੋਰਟ ਤੇ ਵਿੱਛੜੀ ਸੀ।

ਉਹਨੂੰ ਉਹ ਲੈ ਗਏ।

ਮੈਨੂੰ ਕੁਝ ਪਤਾ ਨਹੀਂ ਕੀ ਹੋਇਆ ਉਸ ਤੋਂ ਮਗਰੋਂ।

ਫੇਰ ਪਤਾ ਨਹੀਂ ਕਿਹੜੇ ਵੇਲੇ ਦਿਲਾਵਰੀ ਸਾਹਿਬ ਆ ਗਏ ਪੈਰਿਸ ਤੋਂ। ਇਹੀ ਯਾਦ ਏ ਕਿ ਮੇਰੇ ਕੋਲ ਬੈਠੇ ਪਾਠ ਕਰਦੇ ਰਹੇ। ਫੇਰ ਕਹਿਣ ਲੱਗੇ, "ਹਿੰਮਤ ਕਰੋ। ਉਹਦਾ ਆਖ਼ਰੀ ਸਸਕਾਰ ਤੁਸਾਂ ਈ ਕਰਨਾ ਏ। ਹਾਰਨ ਨਾਲ ਕੰਮ ਨਹੀਂ ਹੋਣਾ। ਤੁਸੀਂ ਹੀ ਜੰਮਿਆ ਸੀ ਉਹਨੂੰ, ਇਹ ਕੰਮ ਵੀ ਤੁਸਾਂ ਹੀ ਕਰਨਾ ਏ।"

ਮੈਂ ਹੀ ਤਾਂ ਜੰਮਿਆ ਸੀ ਉਹਨੂੰ। ਠੀਕ ਏ। ਹੁਣ ਮੈਂ ਹੀ ਤਾਂ ਉਹਦਾ ਸਸਕਾਰ ਕਰਾਂਗੀ। ਹੋਰ ਕੌਣ ਕਰੇਗਾ? ਠੀਕ ਹੀ ਤਾਂ ਸੀ। ਤੇ ਮੈਂ ਚੁੱਪਚਾਪ ਉਠ ਖੜੋਤੀ।

ਦਿਲਾਵਰੀ ਸਾਹਿਬ ਪਤਾ ਨਹੀਂ ਮੈਨੂੰ ਕਿਹੜੇ ਦਫ਼ਤਰ ਵਿਚ ਲੈ ਗਏ। ਉਥੇ ਇਕ ਔਰਤ ਇਨਚਾਰਜ ਸੀ। ਉਹਦੇ ਨਾਲ ਕਿੰਨਾ ਹੀ ਚਿਰ ਗੱਲਾਂ ਕਰਦੇ ਰਹੇ, ਜਿਵੇਂ ਕੁਝ ਮਨਵਾਣ ਦੀ ਕੋਸ਼ਿਸ਼ ਕਰ ਰਹੇ ਹੋਣ। ਫੇਰ ਮੇਰੇ ਕੋਲ ਆਏ, "ਵੇਖੋ, ਵਾਹਿਗੁਰੂ ਆਪੇ ਕੰਮ ਬਣਾਂਦਾ ਏ। ਇਹ ਕਹਿੰਦੇ ਨੇ ਕਿ ਅਸੀਂ ਤਾਂ ਏਥੇ ਪੰਦਰਾਂ ਪੰਦਰਾਂ ਦਿਨ ਮੋਰਗ ਵਿਚ ਰਖੀ ਰਖਨੇ ਆਂ ਜਦ ਤਕ ਅੱਠ ਦਸ ਲੋਕ ਸਸਕਾਰ ਕਰਨ ਵਾਲੇ ਨਾ ਜਮ੍ਹਾਂ ਹੋ ਜਾਣ। ਇਕੋ ਵਾਰੀ ਅੰਗੀਠਾ ਤਪਾਂਦੇ ਹਾਂ। ਪਰ ਮੈਂ ਇਹਨੂੰ ਸਮਝਾਇਆ ਏ। ਸਾਰਾ ਖ਼ਰਚ ਅਸੀਂ ਕਰ ਦੇਵਾਂਗੇ। ਸੋ ਕਲ੍ਹ ਅੰਗੀਠਾ ਤਿਆਰ ਕਰਨ ਲਈ ਮੰਨ ਗਏ ਨੇ।"

ਮੈਨੂੰ ਕੁਝ ਸਮਝ ਨਹੀਂ ਆਈ। ਸਿਰਫ਼ 'ਵਾਹਿਗੁਰੂ ਕੰਮ ਬਣਾਂਦਾ ਏ' ਲਫ਼ਜ਼ ਬੜੇ ਅਜੀਬ ਲੱਗੇ। ਜਿਥੇ ਉਹਨਾਂ ਨੇ ਕਿਹਾ, ਮੈਂ ਦਸਖ਼ਤ ਕਰ ਦਿਤੇ। ਉਸ ਇਨਚਾਰਜ ਔਰਤ ਨੇ ਆਪਣੀ ਸੜੀ ਹੋਈ ਬਾਂਹ ਵਿਖਾਈ। ਕਹਿਣ ਲੱਗੀ, ਜਦੋਂ ਉਹ ਅਜੇ ਨਿੱਕੀ ਜਿਹੀ ਸੀ ਤਾਂ ਮੋਮਬੱਤੀ ਨਾਲ ਅੱਗ ਲਗ ਗਈ ਸੀ। ਉਹਦਾ ਪਿਤਾ ਕੋਲ ਸੀ। ਜੱਫ਼ੀ ਪਾ ਕੇ ਉਹਨੇ ਆਪਣੀ ਧੀ ਦੀ ਅੱਗ ਬੁਝਾ ਦਿਤੀ, ਤੇ ਨਾਲ ਆਪ ਰਤਾ ਕੁ ਸੜ ਗਿਆ।

ਜੇ ਮੈਂ ਤੇਰੇ ਕੋਲ ਹੁੰਦੀ ਮੇਰੀ ਬੱਚੀ! ਤਾਂ ਮੈਂ ਵੀ ਤੈਨੂੰ ਜੱਫ਼ੀ ਪਾ ਕੇ ਤੇਰੀ ਅੱਗ ਬੁਝਾ ਦੇਂਦੀ। ਫੇਰ ਅਸੀਂ ਦੋਵੇਂ ਅੱਧੀਆਂ ਅੱਧੀਆਂ ਸੜ ਜਾਂਦੀਆਂ। ਅੱਧੀ ਅੱਧੀ ਪੀੜ ਹੁੰਦੀ, ਅੱਧੀਆਂ ਅੱਧੀਆਂ ਮਰਦੀਆਂ।

ਸਾਰੀ ਰਾਤ ਇਹੀ ਲੱਗਦਾ ਰਿਹਾ ਕਿ ਇਹ ਸੁਪਨਾ ਏ। ਉਹ ਨਹੀਂ ਮਰ ਸਕਦੀ। ਇਹ ਸਭ ਝੂਠ ਏ। ਲੋਕ ਝੂਠ ਬੋਲ ਰਹੇ ਨੇ। ਉਹ ਕਿਸ ਤਰ੍ਹਾਂ ਮਰ ਸਕਦੀ ਏ? ਉਹ ਤਾਂ ਜ਼ਿੰਦਗੀ ਦੇ ਨਸ਼ੇ ਨਾਲ ਚੂਰ ਸੀ, ਇਨਟਾਕਸੀਕੇਟਿਡ। ਉਹ ਤਾਂ ਜ਼ਿੰਦਗੀ ਦਾ ਹਰ ਪਲ ਸ਼ਿੱਦਤ ਨਾਲ ਜੀਉਂਦੀ ਸੀ। ਰਾਤੀਂ ਦੇਰ ਤਕ ਬਾਹਰ ਲਾਅਨ ਦੇ ਘਾਹ ਵਿਚ ਬਹਿ ਕੇ ਸਿਗਰੇਟ ਪੀਂਦੀ ਰਹਿੰਦੀ, ਤਾਰੇ ਵੇਖਦੀ ਰਹਿੰਦੀ। ਹਨੇਰੇ ਵਿਚ ਬੈਠੀ ਰਹਿੰਦੀ। 'ਕੈਂਡੀ ਤੂੰ ਬਾਹਰ ਹਨੇਰੇ ਵਿਚ 'ਕੱਲੀ ਕਿਉਂ ਬੈਠੀ ਏਂ?' — ਮੈਂ ਪੁੱਛਦੀ। 'ਮੈਂ ਜ਼ਰਾ ਹਨੇਰੇ ਨੂੰ ਐਨਜਾਏ ਕਰਦੀ ਪਈ ਆਂ।'



ਕਿੱਡੀ ਅਜੀਬ ਗੱਲ ਏ। ਰਾਤੀ ਅੱਧੀ ਰਾਤ ਤਕ ਸੌਂਦੀ ਨਹੀਂ ਸੀ। ਕਹਿੰਦੀ ਸੀ, ਏਨਾ ਖ਼ੂਬਸੂਰਤ ਹਨੇਰਾ, ਤੇ ਖ਼ਾਮੋਸ਼ੀ, ਇਹ ਤਾਂ ਕਵਿਤਾ ਪੜ੍ਹਣ ਦਾ ਵੇਲਾ ਏ, ਸੌਂ ਕੇ ਜ਼ਾਇਆ ਕਿਉਂ ਕਰਾਂ? ਜ਼ਿੰਦਗੀ ਦੇ ਇਕ ਇਕ ਪਲ ਨੂੰ ਘੁੱਟ ਕੇ ਮੁੱਠ ਵਿਚ ਫੜ ਕੇ ਜੀਊਣ ਵਾਲੀ ਕੁੜੀ ਕਿਸ ਤਰ੍ਹਾਂ ਮਰ ਸਕਦੀ ਏ? ਤੇ ਏਨੀ ਖ਼ੂਬਸੂਰਤ ਕੁੜੀ! ਉਹਨੇ ਤਾਂ ਅਜੇ ਜ਼ਿੰਦਗੀ ਦੀ ਬਸੰਤ ਰੁੱਤ ਵੇਖਣੀ ਸੀ।

ਉਹ ਰਾਤ, ਜਿਵੇਂ ਮੈਂ ਸਿਆਹ ਪਾਣੀਆਂ ਦੇ ਉਤੇ ਬੇਜਾਨ ਫ਼ਲੋਟ ਕਰਦੀ ਰਹੀ। ਕੁਝ ਯਾਦ ਨਹੀਂ। ਕੁਝ ਯਾਦ ਨਹੀਂ।

ਅਗਲਾ ਦਿਨ। ਇਕ ਪਾਸਿਓਂ ਦਿਲਾਵਰੀ ਸਾਹਿਬ ਤੇ ਦੂਜੇ ਪਾਸਿਓਂ ਕੱਜਨ ਮੈਨੂੰ ਫੜ ਕੇ ਲਿਜਾ ਰਹੇ ਸਨ। ਪਰ ਲੱਤਾਂ ਮੇਰੀਆਂ ਤੁਰ ਹੀ ਰਹੀਆਂ ਹੋਣਗੀਆਂ, ਪੈਰ ਇਕ ਤੋਂ ਮਗਰੋਂ ਦੂਜਾ ਅੱਗੇ ਧਰੀਂਦਾ ਹੀ ਹੋਵੇਗਾ, ਤਾਂ ਹੀ ਤੇ ਉਸ ਠੰਢੇ ਠਾਰ ਕਮਰੇ ਵਿਚ ਪਹੁੰਚ ਗਈ, ਜਿਸ ਵਿਚ ਵਡੇ ਵਡੇ ਸਟੀਲ ਦੇ ਦਰਾਜ਼ਾਂ ਵਰਗੀਆਂ ਅਲਮਾਰੀਆਂ ਸਨ। ਚਾਰੇ ਪਾਸੇ।

ਤੇ ਵਿਚਕਾਰ ਇਕ ਲੱਕੜ ਦੇ ਬਕਸੇ ਵਿਚ ਚੁੱਪ ਚਾਪ ਕੈਂਡੀ ਸੁੱਤੀ ਹੋਈ ਸੀ। ਉਹੀ ਚੰਨ ਵਰਗਾ ਚਿਹਰਾ। ਚੌੜਾ ਮੱਥਾ। ਦਾਤਰੀਆਂ ਵਰਗੀਆਂ ਪਲਕਾਂ। ਕਟੋਰਿਆਂ ਵਰਗੀਆਂ ਅੱਖਾਂ। ਖ਼ਾਮੋਸ਼।

ਮੈਂ ਝੁਕ ਕੇ ਉਹਦਾ ਮੂੰਹ ਚੁੰਮਿਆਂ, ਮੱਥਾ ਚੁੰਮਿਆ, ਹੋਠ ਚੁੰਮੇ। ਬਰਫ਼ ਵਰਗੇ ਠੰਢੇ ਹੋਠ।

ਕਿਸੇ ਨੇ ਸਫ਼ੈਦ ਪਿਆਸ ਪੂੰਝ ਦਿਤੀ ਹੋਈ ਸੀ ਉਹਨਾਂ ਹੋਠਾਂ ਉਤੋਂ। ਅੱਥਰੂ ਵੀ ਪੂੰਝ ਦਿਤੇ ਸਨ। ਵਾਲ ਸੁਆਰ ਕੇ ਵਾਹ ਦਿਤੇ ਸਨ। ਇਹ ਮੇਰੀ ਧੀ ਤਿਆਰ ਹੋ ਕਿਥੇ ਚਲੀ ਸੀ? ਸਫ਼ੈਦ ਚੱਦਰਾਂ ਵਿਚ ਲਿਪਟੀ ਹੋਈ? ਪਰਾਈਆਂ ਚੱਦਰਾਂ ਵਿਚ। ਪਰਾਏ ਸ਼ਹਿਰ ਵਿਚ। ਪਰਾਏ ਲੋਕਾਂ ਦੇ ਹੱਥੋਂ ਹੋਠ ਤੇ ਅੱਖਾਂ ਪੂੰਝਵਾ ਕੇ।

ਕੱਜਨ ਨੇ ਮੇਰੀ ਬਾਂਹ ਫੜ ਕੇ ਮੈਨੂੰ ਖਿੱਚਿਆ। "ਇਹ ਬਕਸੇ ਵਿਚ ਤਾਂ ਨਹੀਂ ਲੇਟੀ ਹੋਈ ਅੰਮੀਂ, ਇਹ ਤਾਂ ਸਾਡੇ ਦਿਲਾਂ ਵਿਚ ਜਾ ਕੇ ਲੇਟ ਗਈ ਏ ਨਾ। ਕੈਂਡੀ ਇਹ ਨਹੀਂ। ਕੈਂਡੀ ਤਾਂ ਹੁਣ ਐਥੇ ਵੇ," ਤੇ ਉਹਨੇ ਆਪਣੀ ਛਾਤੀ 'ਤੇ ਹੱਥ ਰਖਿਆ।

"ਭੈਣ ਜੀ, ਇਹ ਮਿੱਟੀ ਏ। ਇਹਦੇ ਨਾਲੋਂ ਮੋਹ ਤੋੜੋ। ਵਾਹਿਗੁਰੂ ਅੱਗੇ ਅਰਦਾਸ ਕਰੋ, ਇਹਨੂੰ ਆਪਣੇ ਚਰਨਾਂ ਵਿਚ ਥਾਂ ਦੇਣ।" — ਦਿਲਾਵਰੀ ਕਹਿ ਰਹੇ ਸਨ। ਮੈਨੂੰ ਸੁਣਾਈ ਦੇ ਹੀ ਰਿਹਾ ਹੋਵੇਗਾ, ਤਾਂ ਹੀ ਤੇ ਇਹ ਲਫ਼ਜ਼ ਅਜੇ ਵੀ ਯਾਦ ਨੇ। ਮੈਂ ਉਸ ਬਕਸੇ ਤੋਂ ਬਾਹਰ ਹੀ ਹੋਵਾਂਗੀ, ਤਦੇ ਤਾਂ ਅੱਜ ਇਹ ਲਿਖ ਰਹੀ ਹਾਂ।

ਪਰ ਕਸਮ ਖਾਂਦੀ ਹਾਂ ਦੋਸਤੋ, ਜਿਸ ਵੇਲੇ ਉਸ ਬਕਸੇ ਨੂੰ ਕਿੱਲਾਂ ਨਾਲ ਬੰਦ ਕੀਤਾ ਜਾ ਰਿਹਾ ਸੀ, ਮੈਂ ਉਹਦੇ ਅੰਦਰ ਬੰਦ ਹੋ ਗਈ ਸਾਂ।* ਇਕ ਕਾਲੀ ਵੈਨ

* ਅੰਮ੍ਰਿਤਾ ਜੀ ਬਹੁਤ ਚਿਰ ਤੋਂ ਕਹਿ ਰਹੇ ਨੇ, "ਮੈਂ ਤੇ ਮੈਂ" ਲਿਖ! ਸੋਚਦੀ ਹਾਂ, ਕਿਹੜਾ ਕਿਹੜਾ ਮੈਂ? ਇਕ ਮੈਂ ਤਾਂ ਉਹ ਐ, ਜਿਹੜਾ ਉਸ ਦਿਨ ਇੱਕੀ ਅਗਸਤ ਨੂੰ ਉਸ ਬਕਸੇ →

ਵਿਚ ਉਹ ਬਕਸਾ ਰਖ ਦਿਤਾ ਗਿਆ। ਉਹਦੇ ਉਤੇ ਫੁੱਲ। ਕਿਸ ਨੇ ਲਿਆ ਕੇ ਰਖੇ ਸਨ ? ਪਤਾ ਨਹੀਂ।

ਇਕ ਖ਼ੂਬਸੂਰਤ ਬਾਗ਼ ਵਿਚ ਉਹ ਵੈਨ ਦਾਖ਼ਲ ਹੋਈ। ਦਿਲਾਵਰੀ ਤੇ ਕੱਜਨ ਨੇ ਮੈਨੂੰ ਮੋਟਰ ਵਿਚੋਂ ਉਤਾਰਿਆ, "ਏਥੇ ਅੰਦਰ ਤੁਰ ਕੇ ਜਾਣਾ ਪੈਂਦਾ ਏ, ਕਿਉਂਕਿ ਆਸ ਪਾਸ ਕਬਰਾਂ ਨੇ। ਉਹਨਾਂ ਦੇ ਇਹਤਰਾਮ ਦੀ ਖ਼ਾਤਰ।"

ਤੁਰ ਹੀ ਰਹੀ ਹੋਵਾਂਗੀ, ਏਸੇ ਕਰ ਕੇ ਅੰਦਰ ਵਾਲੇ ਕਮਰੇ ਤਕ ਪਹੁੰਚ ਗਈ। ਅੱਗੇ ਅੱਗੇ ਮੇਰੀ ਧੀ, ਤੇ ਪਿਛੇ ਤਿੰਨ ਬੰਦੇ। ਇਕ ਮੈਂ, ਉਹਨੂੰ ਜੰਮਣ ਵਾਲੀ ਤੇ ਉਹਦੀ ਦੋਸਤ ਮਾਂ, ਇਕ ਕੱਜਨ ਜਿਸ ਨੂੰ ਉਹਦੇ ਨਾਲ ਪਿਆਰ ਵਾਲੀ ਦੋਸਤੀ ਸੀ, ਤੇ ਇਕ ਦਿਲਾਵਰੀ ਸਾਹਿਬ ਜਿਹੜੇ ਸਿਰਫ਼ ਆਫ਼ੀਸ਼ੀਅਲ ਡਿਊਟੀ ਨਿਭਾਉਣ ਆਏ ਸਨ, ਪਰ ਉਹਨਾਂ ਦੀ ਸਾਰੀ ਹੋਂਦ ਮੇਰੇ ਨਾਲ ਨਾਲ ਪਿਘਲ ਰਹੀ ਸੀ। ਸਿਰਫ਼ ਉਹ ਪਾਠ ਕਰ ਰਹੇ ਸਨ। ਫੇਰ ਉਹਨਾਂ ਨੇ ਹੀ ਅਰਦਾਸ ਕੀਤੀ।

ਬੰਦ ਬਕਸੇ ਉਤੇ ਮੈਂ ਪਿਆਰ ਨਾਲ ਹੱਥ ਫੇਰਿਆ। "ਅੱਛਾ ਕੈਂਡੀ, ਮਿਲਾਂਗੇ ਜ਼ਰੂਰ ਫੇਰ।" ਉਹ ਬਕਸਾ ਉਹਨਾਂ ਨੇ ਇਕ ਉਚੇ ਜਿਹੇ ਸੰਗਮਰਮਰੀ ਪਲੇਟਫ਼ਾਰਮ ਤੇ ਰਖ ਦਿਤਾ। ਇਕ ਲੱਕੜ ਦਾ ਛੋਟਾ ਜਿਹਾ ਦਰਵਾਜ਼ਾ ਉਸ ਪਲੇਟਫ਼ਾਰਮ 'ਤੇ ਖੁਲ੍ਹਿਆ। ਉਹ ਬਕਸਾ, ਨਹੀਂ ਮੇਰੀ ਧੀ ਦਾ ਡੋਲਾ, ਉਸ ਛੋਟੇ ਦਰਵਾਜ਼ੇ ਦੇ ਅੰਦਰ ਚਲਾ ਗਿਆ, ਖਿਸਕਦਾ ਹੋਇਆ। ਤੇ ਫੇਰ ਉਹ ਦਰਵਾਜ਼ਾ ਬੰਦ ਹੋ ਗਿਆ।

ਦਿਲਾਵਰੀ ਸਾਹਿਬ ਤੇ ਕੱਜਨ ਮੈਨੂੰ ਬਾਹਰ ਲੈ ਆਏ। ਪਤਾ ਨਹੀਂ ਕਿਥੇ ਗਏ ਅਸੀਂ। ਜੋ ਵੀ ਥਾਂ ਸੀ, ਉਥੇ ਮੈਂ ਨਿਢਾਲ ਲੇਟੀ ਰਹੀ।

ਸ਼ਾਮ ਵੇਲੇ ਫੇਰ ਉਥੇ ਗਏ। ਉਹਨਾਂ ਲੋਕਾਂ ਨੇ ਇਕ ਛੋਟਾ ਲੱਕੜ ਦਾ ਬਕਸਾ ਸਾਡੇ ਹਵਾਲੇ ਕਰ ਦਿਤਾ, ਜਿਸ ਉਤੇ ਲਾਲ ਮੋਹਰਾਂ ਲੱਗੀਆਂ ਹੋਈਆਂ ਸਨ। ਬਕਸੇ ਨੂੰ ਕਲੇਜੇ ਨਾਲ ਲਾ ਕੇ ਮੈਂ ਬਾਹਰ ਨਿਕਲੀ। ਇੰਜ ਲੱਗਣ ਲੱਗ ਪਿਆ, ਕੈਂਡੀ ਹੁਣ ਮੇਰੇ ਕੋਲ ਏ।

ਬਾਹਰ ਬੈਂਚਾਂ ਤੇ ਬਜ਼ੁਰਗ ਔਰਤਾਂ ਤੇ ਮਰਦ ਬੈਠੇ ਸਨ। ਸਿਰ ਝੁਕਾ ਕੇ। ਚੁੱਪ

←ਵਿਚ ਬੰਦ ਹੋ ਕੇ ਅੰਗਿਆਰਾਂ ਦੇ ਹਵਾਲੇ ਹੋ ਗਿਆ ਸੀ, ਤੇ ਜਿਸ ਦੀ ਬਾਕੀ ਬਚੀ ਰਾਖ ਅੱਜ ਵੀ ਮੇਰੇ ਕੋਲ ਏ। ਇਕ ਮੈਂ ਉਹ ਏ, ਜਿਹੜਾ ਦੂਜੀ ਧੀ ਡੋਲੀ ਵਾਸਤੇ ਜੀਉਂਦਾ ਏ। ਇਕ ਮੈਂ ਉਹ ਏ, ਜਿਹੜਾ ਦੁਨੀਆਂਦਾਰੀ ਕਰਦਾ ਏ। ਰੋਟੀ ਕਮਾਂਦਾ ਏ। ਝੂਠ ਵੀ ਬੋਲਦਾ ਏ ਕਦੇ ਕਦੇ। ਇਕ ਮੈਂ ਉਹ ਏ, ਜਿਹੜਾ ਅੰਦਰ ਘੁਟਦਾ ਰਹਿੰਦਾ ਏ, ਕਿਉਂਕਿ ਜ਼ਿੰਦਗੀ ਉਹਦੀ ਮਰਜ਼ੀ ਨਾਲ ਨਹੀਂ ਜੀਵੀ ਜਾ ਰਹੀ — ਖ਼ਾਮੋਸ਼ੀ ਤੇ ਸਾਦਗੀ ਤੇ ਈਮਾਨਦਾਰੀ ਨਾਲ। ਇਕ ਮੈਂ ਸ਼ੋਰ ਵਿਚ ਜੀਂਦਾ ਏ, ਇਕ ਮੈਂ ਖ਼ਾਮੋਸ਼ੀ ਵਿਚ ਜੀਂਦਾ ਏ, ਇਕ ਮੈਂ ਰਾਤ ਦਿਨ ਮਰਦਾ ਏ। ਇਕ ਮੈਂ ਜ਼ਿਦ ਵਿਚ ਜੀਵੀ ਜਾਂਦਾ ਏ। ਕਿੰਨੇ ਮੈਂ ਦੀ ਗੱਲ ਕਰਾਂ ?



ਚਾਪ। ਲੱਗਾ, ਮੈਂ ਜ਼ਿੰਦਗੀ ਦੇ ਆਖ਼ਰੀ ਦਿਨ ਤਕ ਸਫ਼ੈਦ ਵਾਲਾਂ ਨਾਲ ਉਹਨਾਂ ਹੀ ਬੈਂਚਾਂ ਤੇ ਬੈਠੀ ਰਹਾਂਗੀ ਹੁਣ।

ਹਾਂ ਦੋਸਤੋ, ਮੈਂ ਅਜੇ ਤਕ ਉਹਨਾਂ ਬੈਂਚਾਂ 'ਤੇ ਬੈਠੀ ਹਾਂ ! ਲੀਓਂ ਦੀ ਕਬਰਗ਼ਾਹ ਵਿਚ ਪਏ ਬੈਂਚਾਂ ਉਤੇ। ਸੱਚ ਕਹਿੰਦੀ ਹਾਂ। ਦਿਨ ਰਾਤ ਉਥੇ ਬੈਠੀ ਰਹਿੰਦੀ ਹਾਂ। ਸਿਰ ਝੁਕਾ ਕੇ। ਧੁਪ ਚੜ੍ਹਦੀ ਵੀ ਏ, ਲਹਿ ਵੀ ਜਾਂਦੀ ਏ। ਲੋਕੀਂ ਆਉਂਦੇ ਨੇ, ਆਪਣੇ ਪਿਆਰਿਆਂ ਨੂੰ ਉਥੇ ਛਡ ਕੇ ਚਲੇ ਜਾਂਦੇ ਨੇ। ਮੈਂ ਉਹਨਾਂ ਸਾਰਿਆਂ ਦਾ ਖ਼ਿਆਲ ਰਖਦੀ ਹਾਂ, ਕਿਉਂਕਿ ਉਹ ਮੇਰੀ ਕੈਂਡੀ ਦੇ ਮਹੱਲੇ ਵਿਚ ਜੁ ਰਹਿੰਦੇ ਹੋਏ। ਮੇਰੀ ਕੈਂਡੀ ਦੇ ਗੁਆਂਢੀ।

# ਸਫ਼ੈਦ ਤੇ ਕਾਲੀ ਹਵਾ ਦੀ ਦਾਸਤਾਨ

ਉਹ ਸਿਆਲ ਦੇ ਸ਼ੁਰੂ ਦੇ ਦਿਨ ਸਨ ਜਦੋਂ ਮੈਂ ਉਸ ਕਾਲਜ ਵਿਚ ਦਾਖ਼ਲ ਹੋਈ। ਬਲਦੇਵ ਸਾਨੂੰ ਅੰਗਰੇਜ਼ੀ ਪੜ੍ਹਾਂਦੇ ਸਨ।

ਓਦੋਂ ਮੈਂ ਉਮਰ ਦੇ ਲਿਹਾਜ਼ ਨਾਲ ਹਾਲੀਂ ਬੱਚੀ ਸਾਂ, ਪਰ ਅਹਿਸਾਸ ਦੀ ਮੈਚਿਓਰਿਟੀ ਦੇ ਲਿਹਾਜ਼ ਨਾਲ ਇਹ ਉਹ ਦਿਨ ਸਨ ਜਦੋਂ ਲਗਣ ਲਗ ਪੈਂਦਾ ਏ ਕਿ ਸਾਰੀ ਕਾਇਨਾਤ ਦੇ ਸਾਰੇ ਰਾਜ਼ ਫ਼ਾਸ਼ ਕਰਨ ਦੀ ਤਾਕਤ ਤੇ ਸੂਝ ਬੱਸ ਸਿਰਫ਼ ਇਕ ਤੁਹਾਡੇ ਵਿਚ ਹੀ ਏ। ਕਿ ਇਹ ਸਾਰੇ ਦਾ ਸਾਰਾ ਆਸਮਾਨ, ਤੇ ਧਰਤੀ, ਤੇ ਦਿਨ, ਤੇ ਰਾਤ, ਤੇ ਤਾਰੇ, ਤੇ ਚੰਨ, ਤੇ ਸੂਰਜ, ਤੇ ਰੰਗ, ਤੇ ਹਵਾ, ਸਿਰਫ਼ ਤੁਹਾਡੇ ਲਈ ਹੀ, ਖ਼ਾਸ ਤੁਹਾਡੇ ਲਈ, ਬਣੇ ਨੇ। ਹੁਣੇ ਹੁਣੇ। ਨਵੇਂ ਨਕੋਰ। ਖ਼ੁਸ਼ਬੂਆਂ ਨਾਲ ਲੱਦੇ।

ਤੇ ਉਹਨਾਂ ਨਵੇਂ ਨਕੋਰ ਰੰਗਾਂ ਤੇ ਆਵਾਜ਼ਾਂ ਤੇ ਰੌਸ਼ਨੀਆਂ ਦੀ ਦੁਨੀਆਂ ਵਿਚ ਬਲਦੇਵ ਦਾ ਹੋਣਾ ਮਹਿਜ਼ ਇਕ ਇਤਫ਼ਾਕ ਨਹੀਂ ਸੀ। ਏਸੇ ਤਰ੍ਹਾਂ, ਜਿਸ ਤਰ੍ਹਾਂ ਸੂਰਜ ਦਾ ਚੜ੍ਹਨਾ ਤੇ ਗ਼ਰੂਬ ਹੋਣਾ, ਤੇ ਚੰਨ ਦਾ ਰੋਜ਼ ਦੇ ਰੋਜ਼ ਵਧਣਾ ਤੇ ਘਟਣਾ, ਤੇ ਤਾਰਿਆਂ ਦਾ ਏਸ ਬਨੇਰਿਓਂ ਰਫ਼ਤਾ ਰਫ਼ਤਾ, ਮਲਕੜੇ ਤੁਰਦਿਆਂ ਹੋਇਆਂ ਓਸ ਬਨੇਰੇ ਤੱਕ ਜਾਣਾ ਮਹਿਜ਼ ਇਤਫ਼ਾਕ ਨਹੀਂ ਸੀ।

ਉਹਨੀਂ ਦਿਨੀਂ ਉਹ ਸਾਨੂੰ 'ਓਥੈਲੋ' ਪੜ੍ਹਾ ਰਹੇ ਸਨ।

ਇਕ ਦਿਨ ਕਲਾਸ ਤੋਂ ਮਗਰੋਂ ਮੈਂ ਪੁੱਛਿਆ, "ਓਥੈਲੋ ਤੇ ਡੈਸਡੇਮੋਨਾ ਦੀ ਏਨੀ ਬੇਪਨਾਹ ਮੁਹੱਬਤ, ਸਾਰਿਆਂ ਨਾਲ ਬਗ਼ਾਵਤ ਕਰ ਕੇ ਉਸ ਖ਼ੂਬਸੂਰਤ ਕੁੜੀ ਨੇ ਉਸ ਬੰਦੇ ਨਾਲ ਵਿਆਹ ਕੀਤਾ, ਤੇ ਉਹਨੇ ਕਿਸ ਤਰ੍ਹਾਂ ਇਕ ਰੁਮਾਲ ਦੇ ਭੁਲੇਖੇ ਖ਼ਾਤਰ ਉਹਨੂੰ ਜ਼ਬਹ ਕਰ ਦਿਤਾ?"

ਬਲਦੇਵ ਆਪਣੀਆਂ ਬੇਹੱਦ ਕੋਮਲ ਤੇ ਭੂਰੀਆਂ ਅੱਖਾਂ ਨਾਲ ਪਲ ਕੁ ਖ਼ਾਮੋਸ਼ ਮੇਰੇ ਵੱਲ ਵੇਖਦੇ ਰਹੇ ਤੇ ਕਹਿਣ ਲਗੇ, "ਸ਼ੇਕਸਪੀਅਰ ਦੀ ਪੂਜਾ ਕਰਦੇ ਨੇ ਅੰਗਰੇਜ਼। ਉਹਨੂੰ ਆਪਣਾ ਸਭ ਤੋਂ ਵੱਡਾ ਲੇਖਕ ਮੰਨਦੇ ਨੇ। ਉਹਨਾਂ ਰਾਜ ਕੀਤਾ ਏ ਸਾਡੇ 'ਤੇ—ਦੋ ਸੌ ਸਾਲ। ਏਸ ਕਰ ਕੇ ਅਸੀਂ ਵੀ ਸ਼ੇਕਸਪੀਅਰ ਨੂੰ ਸਭ ਤੋਂ ਵੱਡਾ ਲੇਖਕ ਮੰਨਨੇ ਆਂ।"

"ਉਂਜ ਉਹ ਵੱਡਾ ਨਹੀਂ?" — ਮੈਂ ਹੈਰਾਨੀ ਨਾਲ ਪੁਛਿਆ।

"ਵੱਡਾ ਏ। ਮਨੁੱਖੀ ਅਹਿਸਾਸ ਦੇ ਤੂਫ਼ਾਨਾਂ ਨੂੰ ਉਹਨੇ ਵਧੀਆ ਚਿਤਰਿਆ ਏ। ਪਰ ਤੂਫ਼ਾਨਾਂ ਤੋਂ ਉਰ੍ਹਾਂ ਵੀ ਇਕ ਚੀਜ਼ ਹੁੰਦੀ ਏ..."



ਤੇ ਪਲ ਕੁ ਬਲਦੇਵ ਖ਼ਾਮੋਸ਼ ਹੋ ਗਏ। ਜਿਵੇਂ ਉਸ ਚੀਜ਼ ਨੂੰ ਤਲਾਸ਼ ਕਰ ਰਹੇ ਸਨ।

"ਤੂੰ ਇਬਸਨ ਪੜ੍ਹਿਆ ਏ?"

"ਨਹੀਂ।"

"ਕੀ ਕੀ ਪੜ੍ਹਿਆ ਏ?" — ਉਹ ਮੁਸਕਰਾਏ।

ਉਹਨਾਂ ਦੀ ਇਸ ਮੁਸਕਰਾਹਟ ਨਾਲ ਮੈਨੂੰ ਬੜੀ ਕੋਫ਼ਤ ਹੁੰਦੀ ਸੀ। ਜਿਵੇਂ ਕੋਈ ਵੱਡ-ਵਡੇਰਾ ਕਿਸੇ ਬੱਚੇ ਦੀ ਨਾਦਾਨੀ 'ਤੇ ਮੁਸਕਰਾ ਰਿਹਾ ਹੋਵੇ। ਇਸ ਮੁਸਕਰਾਹਟ ਨਾਲ ਮੈਂ ਹਮੇਸ਼ਾ ਬੌਖਲਾ ਜਾਂਦੀ ਸਾਂ।

"ਪੰਜਾਬੀ ਬਹੁਤ ਪੜ੍ਹੀ ਏ। ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਭਾਈ ਵੀਰ ਸਿੰਘ, ਗੁਰਬਖ਼ਸ਼ ਸਿੰਘ, ਦੁੱਗਲ, ਵਿਰਕ, ਸੁਜਾਨ ਸਿੰਘ। ਪੁਰਾਣੇ ਤਕਰੀਬਨ ਸਾਰੇ ਸ਼ਾਇਰ —ਵਾਰਸ, ਹਾਸ਼ਮ, ਪੀਲੂ, ਕਾਦਰ ਯਾਰ, ਬੁਲ੍ਹੇ ਸ਼ਾਹ, ਸ਼ਾਹ ਹੁਸੈਨ..."

"ਅਰੇ ਬਈ, ਫ਼ਿਲਹਾਲ ਅੰਗਰੇਜ਼ੀ ਦੀ ਗੱਲ ਹੋ ਰਹੀ ਏ।"

"ਅੰਗਰੇਜ਼ੀ? ਟੈਗੋਰ ਦੀ ਗੀਤਾਂਜਲੀ, ਸਾਮਰਸੈਟ ਮਾੱਮ ਦੀਆਂ ਸਾਰੀਆਂ ਕਿਤਾਬਾਂ, ਟਾਮਸ ਹਾਰਡੀ ਦੇ ਸਾਰੇ ਨਾਵਲ, ਸ਼ੇਕਸਪੀਅਰ ਦਾ ਹੈਮਲੈੱਟ ਤੇ ਕਿੰਗ ਲੀਅਰ" — ਘਬਰਾਹਟ ਨਾਲ ਮੇਰੀ ਆਵਾਜ਼ ਕੰਬ ਰਹੀ ਸੀ। ਮੈਨੂੰ ਸਾਫ਼ ਨਜ਼ਰ ਆ ਰਿਹਾ ਸੀ ਕਿ ਮੇਰੇ ਕੰਨਾਂ ਦੀਆਂ ਕਰੂੰਮਲਾਂ ਲਾਲ ਹੋ ਗਈਆਂ ਨੇ।

ਬਲਦੇਵ ਦੀਆਂ ਅੱਖਾਂ ਵਿਚ ਸੰਜੀਦਗੀ ਮੁੜ ਆਈ।

ਹੁਣ ਮੈਨੂੰ ਹੌਂਸਲਾ ਹੋ ਗਿਆ। ਕਿਹਾ, "ਉਰਦੂ ਵਿਚ ਮੰਟੋ, ਕ੍ਰਿਸ਼ਨ ਚੰਦਰ, ਬੇਦੀ, ਅਸਮਤ ਚੁਗ਼ਤਾਈ..."

"ਅਰੇ ਅਰੇ, ਮਾਰ ਨਹੀਂ ਪਈ ਘਰੋਂ?"

"ਲੁਕਾ ਕੇ, ਚੋਰੀ ਚੋਰੀ।" ਮੈਂ ਸ਼ਰਮਾ ਗਈ।

... ... ...

ਅਗਲੇ ਦਿਨ ਬਲਦੇਵ ਨੇ ਮੈਨੂੰ ਇਬਸਨ ਦੇ 'ਸੀਲੈਕਟਿਡ ਪਲੇਜ਼' ਲਿਆ ਦਿਤੇ। ਤੇ ਨਾਲੇ ਟੈਗੋਰ ਦੀ 'ਚਿਤਰਾਂਗਦਾ'।

... ... ...

ਤੇ ਮਗਰੋਂ ...ਮਹੀਨਿਆਂ ਦੇ ਮਹੀਨੇ, ਸਾਲਾਂ ਦੇ ਸਾਲ (ਜਿੰਨੇ ਕੁ ਸਾਲ ਉਹਨਾਂ ਦਾ ਸਾਥ ਮਿਲਿਆ—ਡੇਢ ਦੋ ਸਾਲ। ਪਰ ਅੱਜ ਜਦੋਂ ਵਾਪਸ ਮੁੜ ਕੇ ਵੇਖਦੀ ਹਾਂ, ਤਾਂ ਉਹ ਡੇਢ ਦੋ ਸਾਲ ਫੈਲ ਕੇ ਜ਼ਿੰਦਗੀ ਦੀ ਪੂਰੀ ਲੰਬਾਈ ਚੌੜਾਈ 'ਤੇ ਖਿੱਲਰ ਜਾਂਦੇ ਨੇ— ਪਾਣੀ ਵਿਚ ਘੁਲੀ ਸਿਆਹੀ ਦੀ ਬੂੰਦ ਵਾਂਗੂੰ, ਆਸਮਾਨ ਦੇ ਹਲਕੇ ਨੀਲੇ ਕੈਨਵਸ 'ਤੇ ਫੈਲੇ ਸਫ਼ੈਦ ਭੂਰੇ ਆਵਾਰਾ ਬੱਦਲਾਂ ਵਾਂਗੂੰ) ਉਹ ਲਾਇਬਰੇਰੀਆਂ ਵਿਚੋਂ, ਆਪਣੀ ਨਿਜੀ

ਕੁਲੈਕਸ਼ਨ ਵਿਚੋਂ, ਦੋਸਤਾਂ ਕੋਲੋਂ ਮੰਗ ਕੇ, ਖ਼ਰੀਦ ਕੇ, ਮੈਨੂੰ ਢੇਰਾਂ ਦੇ ਢੇਰ ਕਿਤਾਬਾਂ ਦੇਂਦੇ ਰਹੇ।

ਤੇ ਕਿਤਾਬਾਂ ਦੀਆਂ ਗੱਲਾਂ ਕਰਦੇ ਕਰਦੇ ਅਸੀਂ ਦੋਵੇਂ ਆਪਣੇ ਸਾਈਕਲ ਹੌਲੀ ਹੌਲੀ ਰੇੜ੍ਹਦੇ ਹੋਏ ਘਰ ਵੱਲ ਜਾਣ ਲਗੇ।

ਉਸ ਜ਼ਮਾਨੇ ਵਿਚ ਅਸੀਂ ਦੇਵ ਨਗਰ ਰਹਿੰਦੇ ਹੁੰਦੇ ਸਾਂ। ਉਹ ਵੀ ਦੇਵ ਨਗਰ ਰਹਿੰਦੇ ਸਨ। ਕਾਲਜੋਂ ਆਵੀਏ, ਤਾਂ ਪਹਿਲੋਂ ਮੇਰਾ ਘਰ ਆਉਂਦਾ ਸੀ, ਮਗਰੋਂ ਬਲਦੇਵ ਦਾ। ਸਾਡਾ ਘਰ ਇਕ ਗਲੀ ਵਿਚ ਸੀ। ਬਾਹਰਲੀ ਵੱਡੀ ਸੜਕ ਤੋਂ ਉਰ੍ਹਾਂ ਵਾਲੀ ਗਲੀ ਉਹਨਾਂ ਦੇ ਕਦਮਾਂ ਦਾ ਹਮੇਸ਼ਾ ਇੰਤਜ਼ਾਰ ਕਰਦੀ ਰਹੀ।

ਤੇ ਫੇਰ ਪਤਾ ਨਹੀਂ ਕਿਸ ਤਰ੍ਹਾਂ ਹੋਇਆ, ਕਾਲਜੋਂ ਘਰ ਦਾ ਰਸਤਾ ਸਿੱਧਾ ਨਹੀਂ ਰਿਹਾ। ਚਾਰ ਪੰਜ ਮੀਲ ਵਲਾ ਪਾ ਕੇ ਆਉਣ ਲਗ ਪਿਆ।

ਇਹ ਵਲੇ ਵਾਲਾ ਰਾਹ ਇਕ ਰਿੱਜ ਦੇ ਉੱਤੋਂ ਦੀ ਹੋ ਕੇ ਜਾਂਦਾ ਸੀ। ਜਾਂਦੀ ਵਾਰੀ ਬਹੁਤ ਸਾਰੀ ਚੜ੍ਹਾਈ, ਆਉਂਦੀ ਵਾਰੀ ਬਹੁਤ ਸਾਰੀ ਉਤਰਾਈ। ਚੜ੍ਹਾਈ ਵਾਲੇ ਪਾਸੇ ਅਸੀਂ ਤੁਰਦੇ ਜਾਂਦੇ — ਸਾਈਕਲ ਰੇੜ੍ਹਦੇ ਹੋਏ। ਆਉਂਦੀ ਵਾਰੀ ਸਾਈਕਲਾਂ 'ਤੇ ਚੜ੍ਹ ਕੇ ਆਉਂਦੇ — ਹਵਾ ਵਿਚ ਤੈਰਦੇ ਹੋਏ।

ਭਰ ਸਿਆਲ ਦੇ ਦਿਨ ਸਨ। ਰਿੱਜ ਦੇ ਉਤੇ ਬਹੁਤ ਸਾਰੇ ਮਧਰੇ ਦਰਖ਼ਤ ਸਨ, ਤੇ ਝਾੜੀਆਂ। ਤੇ ਘਾਹ, ਜਿਸ ਦੀਆਂ ਤਿੜਾਂ ਹਵਾ ਵਿਚ ਆਹਿਸਤਾ ਆਹਿਸਤਾ ਹਿੱਲਦੀਆਂ ਰਹਿੰਦੀਆਂ, ਤੇ ਉਹਨਾਂ ਦੇ ਸਬਜ਼ ਪਿੰਡੇ ਸਫ਼ੈਦ ਕਿਰਨਾਂ ਵਿਚ ਨਹਾਂਦੇ ਰਹਿੰਦੇ।

ਰਿੱਜ ਦੇ ਬਿਲਕੁਲ ਉਤੇ ਜਾ ਕੇ ਅਸੀਂ ਇਕ ਮੋਕਲੀ ਥਾਂ 'ਤੇ ਬਹਿ ਜਾਂਦੇ। ਏਥੇ ਦਰਖ਼ਤ ਤੇ ਝਾੜੀਆਂ ਘੱਟ ਸਨ, ਵਿਰਲੀਆਂ ਵਿਰਲੀਆਂ। ਵਿਚਕਾਰ ਲੱਤਾਂ ਢਿੱਡ ਹੇਠਾਂ ਤਹਿ ਕਰ ਕੇ ਬੈਠੀਆਂ ਭੇਡਾਂ ਵਰਗੀਆਂ ਚੱਟਾਨਾਂ ਸਨ, ਆਹਿਸਤਾ ਆਹਿਸਤਾ ਜੁਗਾਲੀ ਕਰਦੀਆਂ, ਨੀਮ-ਬੰਦ ਅੱਖਾਂ ਨਾਲ ਧੁੱਪ ਸੇਕਦੀਆਂ, ਪਿੱਠਾਂ 'ਤੇ ਚਿਕਨੀ ਜੱਤ ਦਾ ਰੇਸ਼ਮ ਵਲ੍ਹੇਟ ਕੇ ਬੈਠੀਆਂ ਮਟਮੈਲੀਆਂ ਜਿਹੀਆਂ, ਸਫ਼ੈਦ, ਭੂਰੀਆਂ, ਨਸਵਾਰੀ ਰੰਗੀਆਂ ਭੇਡਾਂ।

ਉਹਨਾਂ ਚੱਟਾਨਾਂ 'ਤੇ ਅਸੀਂ ਬਹਿ ਜਾਂਦੇ।

ਤੇ ਗੱਲਾਂ ਕਰਦੇ...ਤੇ ਖ਼ਾਮੋਸ਼ ਬੈਠੇ ਰਹਿੰਦੇ।

ਆਸ ਪਾਸ ਹਵਾ ਹੌਲੀ ਹੌਲੀ ਪੱਤਿਆਂ ਵਿਚਕਾਰ ਸਰਸਰਾਂਦੀ ਰਹਿੰਦੀ, ਪੱਤੇ ਆਹਿਸਤਾ ਆਹਿਸਤਾ ਗਾਉਂਦੇ ਰਹਿੰਦੇ, ਚਿੜੀਆਂ ਮਹਿਜ਼ ਜ਼ਿੰਦਾ ਰਹਿਣ ਦੇ ਅਹਿਸਾਸ ਨਾਲ ਪਗਲਾਈਆਂ ਰਹਿੰਦੀਆਂ, ਸਫੈਦ ਭੂਰੀਆਂ ਚੱਟਾਨਾਂ ਧੁੱਪ ਸੇਕਦੀਆਂ ਰਹਿੰਦੀਆਂ, ਘਾਹ ਦੀਆਂ ਤਿੜਾਂ ਗ਼ਰੂਰ ਵਿਚ ਇਠਲਾਂਦੀਆਂ ਰਹਿੰਦੀਆਂ, ਸਫ਼ੈਦ ਨਰਮ ਕੋਸੀ ਹਵਾ ਆਹਿਸਤਾ ਜਿਹੇ ਸਿਰਾਂ ਉਤੋਂ ਗੁਜ਼ਰਦੀ ਰਹਿੰਦੀ, ਗੁਲਾਬੀ ਧੁੱਪ ਨਾਲ ਪਿੰਡਾ ਭਿੱਜਦਾ ਰਹਿੰਦਾ।

ਅੱਜ ਜਦੋਂ ਇਕ ਜ਼ਮਾਨਾ ਗੁਜ਼ਰ ਚੁਕਾ ਏ, ਤਾਂ ਪਿੱਛੇ ਤੱਕਿਆਂ ਉਹ ਖਿਣ, ਉਹ ਲਮਹੇ, ਉਹ ਪਲ, ਬਚਗਾਨੇ ਨਹੀਂ ਲਗਦੇ। ਬੇਹੱਦ ਸੰਜੀਦਾ ਤੇ ਮਾਇਨੇ-ਖੇਜ਼ ਲਗਦੇ ਨੇ।



ਏਨੇ ਗੁਜ਼ਰੇ ਜ਼ਮਾਨਿਆਂ ਦੀ ਧੂੜ ਹੇਠੋਂ ਵੀ ਉਹ ਸਾਰੇ ਦਾ ਸਾਰਾ ਮਹਿੰਜੋਦਾਰੋ ਅੱਜ ਵੀ ਜੀਊਂਦਾ ਏ। ਸਭ ਕੁਝ ਜਿਉਂ ਦਾ ਤਿਉਂ। ਸਿਰਫ਼ ਉਹਨਾਂ ਪੁਰਾਣੇ ਕਮਰਿਆਂ ਦੀਆਂ (ਜਿਨ੍ਹਾਂ ਦੀ ਤਾਮੀਰ ਉਸ ਧੁੱਪ ਵਿਚ, ਤੇ ਪੁਰਾਣੀ ਅਣਛੋਹੀ ਭੂਰੀ ਮਿੱਟੀ ਵਿਚ, ਤੇ ਧੁੱਪ ਸੇਕਦੀਆਂ ਚੱਟਾਨਾਂ ਵਿਚ, ਤੇ ਥਰ ਥਰ ਕੰਬਦੀਆਂ ਘਾਹ ਦੀਆਂ ਤਿੜਾਂ ਵਿਚ, ਤੇ ਬੱਚਿਆਂ ਵਾਂਗੂੰ ਨਿੱਕੀਆਂ ਗੋਰੀਆਂ ਹਥੇਲੀਆਂ ਦੀ ਮੁਲਾਇਮ ਜਿਹੀ ਤਾੜੀ ਵਜਾ ਕੇ ਹੱਸਦੇ ਪੱਤਿਆਂ ਵਿਚ, ਤੇ ਮਧਰੇ ਰੁੱਖਾਂ ਦੇ ਜੱਫ਼ੀ ਵਿਚ ਆ ਜਾਣ ਵਾਲੇ ਤਣਿਆਂ ਦੇ ਕੋਲ ਅਸਾਂ ਦੋਹਾਂ ਨੇ ਰਲ ਕੇ ਕੀਤੀ ਸੀ) ਅੱਧੋਰਾਣੀਆਂ ਦੀਵਾਰਾਂ ਦੇ ਉਤੇ ਛੱਤ ਗ਼ਾਇਬ ਏ। ਦੀਵਾਰਾਂ ਹੈਣ। ਤੇ ਚੌਂਕੇ ਵਿਚ ਚੁਲ੍ਹੇ 'ਤੇ ਪਈ ਹਾਂਡੀ ਅਜੇ ਤਕ ਕਾਇਮ ਏ; ਸਿਰਫ਼ ਚੁਲ੍ਹੇ ਦੀ ਅੱਗ ਪਰਦੇਸ ਤੁਰ ਗਈ ਏ, ਤੇ ਹਾਂਡੀ ਵਿਚ ਗਰਮ ਸੋਂਧੀ ਤਰਕਾਰੀ ਦੀ ਥਾਂ ਮਿੱਟੀ ਭਰ ਗਈ ਏ।

... ... ...

ਬਲਦੇਵ ਆਈ. ਏ. ਐਸ. ਦੀ ਤਿਆਰੀ ਕਰਨ ਲਗੇ ਤਾਂ ਉਹਨਾਂ ਨੇ ਉਸ ਕਾਲਜ ਦੀ ਨੌਕਰੀ ਛੱਡ ਦਿਤੀ। ਮੈਂ ਵੀ ਉਹ ਕਾਲਜ ਛੱਡ ਕੇ ਉਸ ਰਿੱਜ ਦੇ ਪਾਰ ਕੈਂਪ ਕਾਲਜ ਵਿਚ ਦਾਖ਼ਲਾ ਲੈ ਲਿਆ।

ਇਹ ਪੱਤਝੜ ਦੇ ਸ਼ੁਰੂ ਦੇ ਦਿਨਾਂ ਦੀ ਗੱਲ ਏ।

ਕੈਂਪ ਕਾਲਜ ਸ਼ਾਮ ਨੂੰ ਸ਼ੁਰੂ ਹੁੰਦਾ ਸੀ। ਮੈਂ ਘਰੋਂ ਘੰਟਾ ਕੁ ਰਿੱਜ ਲਈ ਰਖ ਕੇ ਤੁਰ ਪੈਂਦੀ ਸਾਂ। ਬਲਦੇਵ ਬਾਹਰਲੀ ਸੜਕ ਤੋਂ ਨਾਲ ਚੱਲ ਪੈਂਦੇ ਸਨ।

ਰਿੱਜ 'ਤੇ ਬਹੁਤ ਸਾਰੇ ਪੱਤੇ ਸਾਡੇ ਸਾਈਕਲਾਂ ਦੇ ਅੱਗੇ ਅੱਗੇ ਸੜਕ 'ਤੇ ਭਟਕਦੇ ਰਹਿੰਦੇ ਸਨ। ਉਹਨਾਂ ਚੱਟਾਨਾਂ ਦੇ ਆਸ ਪਾਸ ਵੀ ਬਹੁਤ ਸਾਰੇ ਭੂਰੇ, ਸੁੱਕੇ ਪੱਤੇ ਖਿੱਲਰੇ ਰਹਿੰਦੇ ਸਨ। ਕਦੇ ਬੈਠਿਆਂ ਬੈਠਿਆਂ ਉਤੋਂ ਦਰਖ਼ਤਾ ਤੋਂ ਬੇਸਹਾਰਾ ਜ਼ਖ਼ਮੀ ਪਰਿੰਦਿਆਂ ਵਾਂਗ ਉਹ ਸਾਡੇ ਮੋਢਿਆਂ 'ਤੇ, ਪੈਰਾਂ ਵਿਚ, ਡਿੱਗਦੇ ਰਹਿੰਦੇ ਸਨ। ਅਸੀਂ ਉਹਨਾਂ ਪੱਤਿਆਂ ਨੂੰ ਚੁਕ ਕੇ ਤਲੀ 'ਤੇ ਫੈਲਾ ਕੇ ਵੇਖਦੇ। ਭੂਰੇ ਰੰਗ ਵਿਚ ਲੁਕੇ ਹੋਏ ਵੀ ਕਿੰਨੇ ਰੰਗ ਹੁੰਦੇ ਨੇ — ਇਹ ਓਦੋਂ ਪਹਿਲੀ ਵਾਰੀ ਪਤਾ ਲਗਾ ਸੀ। ਮਰ ਕੇ ਵੀ ਕਈ ਪੱਤੇ ਸੁੱਕ ਕੇ ਖੜਖੜਾਂਦੇ ਨਹੀਂ, ਲਚਕ ਪਿੰਡੇ ਵਿਚ ਸਾਂਭੀ ਰਖਦੇ ਨੇ — ਇਹ ਵੀ ਓਦੋਂ ਪਹਿਲੀ ਵਾਰੀ ਅਹਿਸਾਸ ਹੋਇਆ ਸੀ।

ਜ਼ਿੰਦਗੀ ਦੇ ਕਈ ਲਮਹੇ ਕੰਮਬਖ਼ਤ ਕਿਹੋ ਜਿਹੇ ਹੁੰਦੇ ਨੇ, ਆਪਣੇ ਸਾਰੇ ਤਿੱਖੇਪਣ ਵਿਚ, ਤੇ ਚਟਖ਼ ਚਮਕੀਲੇ ਸ਼ਫ਼ਾਫ਼ ਰੰਗਾਂ ਵਿਚ, ਸਾਲਾਂ ਮਗਰੋਂ ਵੀ ਯਾਦ ਕੀਤਿਆਂ, ਜਾਂ ਕਈ ਵਾਰੀ ਬਿਨਾਂ ਯਾਦ ਕਰਨ ਤੋਂ ਵੀ, ਸਾਹਮਣੇ ਆ ਖਲੋਂਦੇ ਨੇ, ਤੇ ਕਹਿੰਦੇ ਨੇ, 'ਅਸੀਂ ਹਾਂ'। ਤਿੱਖੇ ਚਾਕੂ ਵਾਂਗੂੰ ਵਿਚਕਾਰਲੇ ਵਰ੍ਹਿਆਂ ਦਾ ਫ਼ਾਸਲਾ ਕੱਟਦੇ ਹੋਏ। ਆਪਣੀ ਪੂਰੀ, ਵਰ੍ਹਿਆਂ ਪੁਰਾਣੀ, ਪਰ ਅਜੇ ਵੀ ਨਵੀਂ ਨਕੋਰ, ਚਿਲਕੋਰਾਂ ਮਾਰਦੀ ਚਮਕਦੀ ਹੋਂਦ ਨੂੰ ਲੈ ਕੇ, ਐਨ ਤੁਹਾਡੇ ਸਾਹਮਣੇ। ਤੇ ਤੁਸੀਂ ਹੈਰਾਨ ਉਹਨਾਂ ਨੂੰ ਵੇਖਦੇ ਰਹਿ ਜਾਂਦੇ ਓ, ''ਤੁਸੀਂ ਕਿਥੇ ਸਾਓ?''

"ਐਥੇ ਈ, ਤੇਰੇ ਆਸ ਪਾਸ ਦੀ ਹਵਾ ਵਿਚ, ਤੇ ਤੇਰੇ ਅੰਦਰ, ਤੇਰੇ ਸਾਹਾਂ ਵਿਚ ਘੁਲੇ ਹੋਏ।"

...ਤੇ ਤੁਸੀਂ ਹੈਰਾਨ ਰਹਿ ਜਾਂਦੇ ਹੋ।

ਪੱਤਝੜ ਦੇ ਉਹਨਾਂ ਦਿਨਾਂ ਦੀ ਖ਼ੁਸ਼ਬੂ ਵੀ ਅਜੀਬ ਖ਼ੁਸ਼ਬੂ ਸੀ। ਇਕ ਬੜੇ ਹੀ ਗੰਭੀਰ ਪਾਗਲਪਣ ਨਾਲ ਲੱਦੀ ਹੋਈ।

ਭਿਆਨਕ ਗਰਮੀ ਪਿੱਛੇ ਰਹਿ ਗਈ ਸੀ। ਸਿਆਲ ਅਜੇ ਸ਼ੁਰੂ ਨਹੀਂ ਸੀ ਹੋਇਆ। ਗਰਮੀਆਂ ਦੇ ਤੇ ਸਿਆਲ ਦੇ ਵਿਚਕਾਰਲੇ ਇਹ ਦਿਨ ਅੱਜ ਕਿੰਨੇ ਉਦਾਸ ਲਗਦੇ ਨੇ। ਉਦਾਸ ਤੇ ਖ਼ਾਲੀ। ਪਰ ਉਸ ਜ਼ਮਾਨੇ ਵਿਚ ਇੰਜ ਨਹੀਂ ਸੀ ਜਾਪਦਾ। ਇਹਨਾਂ ਦਿਨਾਂ ਦਾ ਹੁਸਨ ਸਾਂਭਿਆ ਨਹੀਂ ਸੀ ਜਾਂਦਾ ਹੁੰਦਾ।

ਪੱਤਝੜ ਦੇ ਦਿਨਾਂ ਵਿਚ ਕਈ ਰੁੱਖ ਸੱਖਣੇ ਹੋ ਜਾਂਦੇ ਨੇ। ਪਰ ਕਈ ਹੋਰਨਾਂ ਰੁੱਖਾਂ 'ਤੇ ਇਸ ਮੌਸਮ ਦਾ ਜ਼ਰਾ ਵੀ ਅਸਰ ਨਹੀਂ ਹੁੰਦਾ। ਸੱਖਣੀਆਂ ਟਹਿਣੀਆਂ ਦੇ ਜੰਗਲ ਵਿਚ ਘਿਰੇ ਇਹ ਸਬਜ਼ਾ-ਜ਼ਾਰ ਮੀਨਾਰ ਪਤਲੀ ਹਵਾ ਵਿਚ ਆਹਿਸਤਾ ਆਹਿਸਤਾ ਕੰਬਦੇ ਰਹਿੰਦੇ ਨੇ। ਕਿੰਨਾ ਅਜੀਬ ਜਾਪਦਾ ਸੀ ਇਹ ਉਹਨੀਂ ਦਿਨੀਂ।

ਬਲਦੇਵ ਨੂੰ ਮਿਲਣ ਤੋਂ ਪਹਿਲਾਂ ਵੀ ਤਾਂ ਪੱਤਝੜ ਆਉਂਦੀ ਹੋਵੇਗੀ, ਬਹਾਰ ਆਉਂਦੀ ਹੋਵੇਗੀ, ਧੁੱਪਾਂ ਚੜ੍ਹਦੀਆਂ ਹੋਣਗੀਆਂ, ਪੱਤੇ ਹਵਾ ਵਿਚ ਕੰਬਦੇ ਹੋਣਗੇ, ਘਾਹ ਦੀਆਂ ਤਿੜਾਂ ਆਹਿਸਤਾ ਆਹਿਸਤਾ ਹੱਸਦੀਆਂ ਹੋਣਗੀਆਂ, ਪਰਿੰਦੇ ਆਪਣੇ ਜੀਊਣ ਦਾ ਜਸ਼ਨ ਮਨਾਉਂਦੇ ਹੋਣਗੇ, ਬੱਦਲ ਵੱਸਦੇ ਹੋਣਗੇ। ਭੂਰੀ ਧਰਤੀ ਤੇ ਨੀਲਾ ਆਸਮਾਨ, ਸਭ ਕੁਝ ਬਲਦੇਵ ਤੋਂ ਪਹਿਲਾਂ ਵੀ ਤਾਂ ਹੋਵੇਗਾ ਹੀ। ਪਰ ਸੱਚ ਮੰਨੋ, ਮੈਂ ਨਹੀਂ ਸੀ ਵੇਖਿਆ।

ਪਹਿਲੀ ਵਾਰੀ ਜਦੋਂ ਮੈਂ ਹਵਾ ਨੂੰ ਤਿਤਲੀਆਂ ਵਾਂਗੂੰ ਉਡਦਿਆਂ ਵੇਖਿਆ, ਬਲਦੇਵ ਮੇਰੇ ਨਾਲ ਸੀ। ਪਹਿਲੀ ਵਾਰੀ ਜਦੋਂ ਮੈਂ ਭੂਰੇ ਪੱਤਿਆਂ ਨੂੰ ਰੁੱਖਾਂ ਦੀਆਂ ਟਹਿਣੀਆਂ ਨਾਲੋਂ ਝੜ ਕੇ ਹੇਠਾਂ ਧਰਤੀ ਵੱਲ ਆਉਂਦਿਆਂ ਵੇਖਿਆ — ਬੇ-ਸਹਾਰਾ, ਹਵਾ ਵਿਚ ਤੈਰਦੇ ਹੋਏ, ਬਲਦੇਵ ਮੇਰੇ ਨਾਲ ਸੀ। ਪਹਿਲੀ ਵਾਰੀ ਜਦੋਂ ਆਸਮਾਨ ਦੀ ਨੀਲਾਹਟ ਦੇ ਸੈਂਕੜੇ ਤੇਵਰ ਵੇਖੇ, ਅਲਗ ਅਲਗ, ਪਰ ਫੇਰ ਵੀ ਨੀਲੇ, ਬਲਦੇਵ ਮੇਰੇ ਨਾਲ ਸੀ।

ਪਿਆਸੀ ਮਿੱਟੀ ਦਾ ਹਉਕਾ ਮੈਂ ਪਹਿਲੀ ਵਾਰੀ ਉਹਦੇ ਨਾਲ ਹੀ ਸੁਣਿਆ। ਗਿੱਲੀ ਮਿੱਟੀ ਦੀ ਖ਼ੁਸ਼ਬੋਈ ਮੁਸਕਰਾਹਟ ਦਾ ਪਹਿਲੀ ਵਾਰੀ ਮੈਨੂੰ ਉਹਦੇ ਨਾਲ ਹੀ ਅਹਿਸਾਸ ਹੋਇਆ। ਕਬੂਤਰਾਂ ਦੇ ਇਸ਼ਕ ਨੂੰ ਤੇ ਚਿੜੀਆਂ ਦੇ ਕਲੋਲਾਂ ਨੂੰ ਮੈਂ ਪਹਿਲੀ ਵਾਰੀ ਸੰਜੀਦਗੀ ਨਾਲ ਉਦੋਂ ਹੀ ਵੇਖਿਆ ਸੀ।

ਜਿਨ੍ਹਾਂ ਚੱਟਾਨਾਂ 'ਤੇ ਅਸੀਂ ਜਾ ਕੇ ਬਹਿੰਦੇ ਸਾਂ, ਰਿੱਜ 'ਤੇ, ਉਥੇ ਬਹੁਤ ਪੁਰਾਣਾ ਇਕ ਖੰਡਰ ਵੀ ਸੀ। ਦੂਰੋਂ ਵੇਖਿਆਂ ਲਗਦਾ ਸੀ, ਉਹਨਾਂ ਦੀਵਾਰਾਂ ਦੇ ਪੱਥਰ ਜਿਵੇਂ ਭੁਰ ਰਹੇ ਸਨ। ਪਰ ਨੇੜੇ ਜਾ ਕੇ ਹੱਥ ਲਾਇਆਂ ਉਹ ਬੜੇ ਮਜ਼ਬੂਤ ਜਾਪਦੇ ਸਨ। ਥਾਂ ਥਾਂ 'ਤੇ ਉਹਨਾਂ ਵਿਚ ਸਾਵੀ ਕਾਈ ਉੱਗੀ ਹੋਈ ਸੀ। ਗਹਿਰੇ ਭੂਰੇ ਪੱਥਰ ਚਮਕਦੀ



ਧੁੱਪ ਵਿਚ ਹਲਕੇ ਭੂਰੇ ਜਾਪਦੇ। ਤੇ ਜਿਉਂ ਜਿਉਂ ਤਰਕਾਲਾਂ ਢਲਦੀਆਂ ਜਾਂਦੀਆਂ, ਭੂਰੇ ਰੰਗ ਵਿਚ ਅਜੀਬ ਕਾਲਾ, ਤੇ ਲੱਸੇ ਵਰਗਾ ਸੂਹਾ, ਤੇ ਚਾਕਲੇਟ ਵਰਗਾ ਗਹਿਰਾ ਬਰਾਊਨ ਰੰਗ ਭਰਦਾ ਜਾਂਦਾ। ਬੜੀ ਹੈਰਾਨੀ ਹੁੰਦੀ ਕਿ ਪੱਥਰ ਕਿਸ ਤਰ੍ਹਾਂ ਰੰਗ ਬਦਲਦੇ ਨੇ।

ਮੀਂਹ ਵੱਸਦਾ ਤਾਂ ਉਹ ਭਿੱਜੇ ਹੋਏ ਕਿਸੇ ਵੱਡੇ ਸਾਰੇ ਜਾਨਵਰ ਵਾਂਗੂੰ ਜਾਪਦੇ ਜਿਹੜੇ ਗਿੱਲੀ ਬਰਾਊਨ ਜੱਤ ਨਾਲ ਚੁੱਪਚਾਪ ਉਥੇ ਬੈਠੇ ਭਿੱਜਦੇ ਰਹਿੰਦੇ — ਸੁੱਕੀਆਂ ਟਾਹਣੀਆਂ ਵਾਲੇ ਨੰਗੇ ਰੁੱਖਾਂ ਵਿਚਕਾਰ, ਤੇ ਹਰੇ ਪੱਤਿਆਂ ਨਾਲ ਕੱਜੀਆਂ ਭਰਤ ਨਤਿੱਯਮ ਨੱਚਦੀਆਂ ਟਾਹਣੀਆਂ ਵਿਚਕਾਰ। ਅੱਖਾਂ ਬੰਦ ਕਰ ਕੇ।

ਅਸੀਂ ਜਦੋਂ ਵੀ ਜਾਂਦੇ, ਆਹਿਸਤਾ ਆਹਿਸਤਾ ਤੁਰਦੇ ਉਹਨਾਂ ਪੁਰਾਣੀਆਂ ਦੀਵਾਰਾਂ ਦੇ ਨੇੜੇ ਜਾ ਬਹਿੰਦੇ। ਇਹ ਕੀ ਸੀ? ਡਰ ਸੀ? ਇਨਸਿਕਿਓਰਿਟੀ ਸੀ? ਕੋਈ ਪੁਰਾਣੀ, ਬਹੁਤ ਪੁਰਾਣੀ, ਡਰਿਸ ਸੀ? ਓਦੋਂ ਦੀ, ਆਦਮ ਤੇ ਹੱਵਾ ਦੇ ਜ਼ਮਾਨੇ ਦੀ। ਉਹਨਾਂ ਪੁਰਾਣੀਆਂ ਭੁਰੀਆਂ ਧੁੱਪ ਸੇਕਦੀਆਂ ਦੀਵਾਰਾਂ ਦਾ ਜਿਵੇਂ ਆਸਰਾ ਜਿਹਾ ਸੀ। ਉਹਨਾਂ ਪੱਥਰਾਂ ਨੂੰ ਅਸੀਂ ਹੱਥ ਲਾ ਕੇ ਵੇਖਦੇ। ਮੀਂਹਾਂ ਨਾਲ, ਤੇ ਪਾਲਿਆਂ ਨਾਲ, ਤੇ ਧੁੱਪਾਂ ਨਾਲ ਉਹ ਬੇਹੱਦ ਕੂਲੇ ਹੋ ਗਏ ਹੋਏ ਸਨ।

ਅਸੀਂ ਸੋਚਦੇ, ਪਤਾ ਨਹੀਂ ਕਿੰਨੇ ਗੁਜ਼ਰੇ ਸਾਲਾਂ ਵਿਚ ਕਿੰਨੇ ਲੋਕਾਂ ਨੇ ਇਹਨਾਂ ਨੂੰ ਇਸੇ ਤਰ੍ਹਾਂ ਛੋਹਿਆ ਹੋਵੇਗਾ। ਤੇ ਜਦੋਂ ਅਸੀਂ ਨਹੀਂ ਹੋਵਾਂਗੇ...

ਨਹੀਂ। ਸ਼ਾਇਦ ਨਹੀਂ। ਅੱਜ ਮੁੜ ਕੇ ਵਾਪਸ ਉਹਨਾਂ ਦਿਨਾਂ ਵਿਚ ਝਾਕਦਿਆਂ ਲਗਦਾ ਏ ਜਿਵੇਂ ਇਹ ਖ਼ਿਆਲ ਆਉਂਦਾ ਹੋਵੇਗਾ, 'ਜਦੋਂ ਅਸੀਂ ਨਹੀਂ ਹੋਵਾਂਗੇ...'। ਪਰ ਨਹੀਂ, ਓਦੋਂ ਸ਼ਾਇਦ ਇਹ ਖ਼ਿਆਲ ਅਜੇ ਅਜਨਬੀ ਸੀ। ਓਦੋਂ ਸ਼ਾਇਦ ਇਹ ਜਾਪਦਾ ਸੀ ਜਿਵੇਂ ਅੱਜ ਤਕ ਇਹ ਸਾਰੀ ਕਾਇਨਾਤ ਸਿਰਫ਼ ਇਸੇ ਕਰ ਕੇ ਬਣੀ ਤੇ ਕਾਇਮ ਰਹੀ, ਕਿਉਂਕਿ ਇਹਨੂੰ ਅਸੀਂ ਵੇਖਣਾ ਸੀ, ਛੋਹਣਾ ਸੀ। ਸਾਡੇ ਛੋਹਣ ਦੀ ਤੇ ਤੱਕਣ ਦੀ ਇੰਤਜ਼ਾਰ ਵਿਚ ਬੈਠੀ ਇਹ ਕਾਇਨਾਤ ਹੁਣ ਹਮੇਸ਼ਾਂ ਹਮੇਸ਼ਾਂ ਇੰਜੇ ਹੀ ਰਹੇਗੀ, ਜਦੋਂ ਤਕ ਅਸੀਂ ਹਾਂ। ਤੇ ਅਸੀਂ ਤਾਂ ਹਾਂ ਹੀ! ਹਮੇਸ਼ਾਂ ਵਾਸਤੇ!

ਕਿੰਨੀਆਂ ਹਜ਼ਾਰ ਹਜ਼ਾਰ ਗੱਲਾਂ ਹੁੰਦੀਆਂ ਸਨ ਕਰਨ ਵਾਲੀਆਂ। ਘੰਟਿਆਂ ਦੇ ਘੰਟੇ ਗੱਲਾਂ ਕਰ ਕਰ ਕੇ ਵੀ ਜਾਪਦਾ ਸੀ, ਘੜੀ ਸਾਡੇ ਖ਼ਿਲਾਫ਼ ਸਾਜ਼ਿਸ਼ ਕਰ ਰਹੀ ਏ। ਅਜੇ ਤੇ ਪਿਛਲੇ ਮਿੰਟ ਤਿੰਨ ਵਜੇ ਸਨ, ਚਾਰ ਕਿਸ ਤਰ੍ਹਾਂ ਵਜ ਗਏ? ਅੱਖ ਝਮਕਣ ਤੋਂ ਪਹਿਲਾਂ ਤੇ ਅਜੇ ਚਾਰ ਸਨ, ਅੱਖ ਝਮਕਦਿਆਂ ਹੀ ਪੰਜ ਕਿਸ ਤਰ੍ਹਾਂ ਹੋ ਗਏ?

ਅੱਜ ਜਦੋਂ ਬਹੁਤ ਸਾਰੀ ਖ਼ਾਮੋਸ਼ੀ ਨੇ ਘੇਰ ਲਿਆ ਏ ਤਾਂ ਹੈਰਾਨੀ ਹੁੰਦੀ ਏ, ਓਦੋਂ ਏਨੀਆਂ ਗੱਲਾਂ ਕੀ ਹੁੰਦੀਆਂ ਸਨ ਕਰਨ ਵਾਲੀਆਂ?

ਪਿਛੇ ਵੇਖਿਆਂ ਇਕ ਇਕ ਦਿਨ ਵਖਰਾ ਵਖਰਾ ਨਜ਼ਰ ਨਹੀਂ ਆਉਂਦਾ। ਸਿਰਫ਼ ਇਕ ਅਹਿਸਾਸ ਨਜ਼ਰ ਆਉਂਦਾ ਏ, ਜਿਹੜਾ ਉਹਨਾਂ ਦਿਨਾਂ 'ਤੇ ਧੁੰਦ ਦੀ ਪਤਲੀ ਬਰੀਕ ਤਹਿ ਵਾਂਗੂੰ ਛਾਇਆ ਹੋਇਆ ਸੀ! ਧੁੰਦ ਦੇ ਭੋਛਣ ਵਿਚ ਲਿਪਟੇ ਉਹ ਮਾਸੂਮ

ਦਿਨ ! ਪਰ ਬੱਚਿਆਂ ਵਰਗੇ ਮਾਸੂਮ ਨਹੀਂ । ਬਹੁਤ ਮੈਚਿਓਰਡ, ਬਹੁਤ ਸੋਬਰ, ਗਹਿਰ-ਗੰਭੀਰ, ਪਰ ਫੇਰ ਵੀ ਮਾਸੂਮ ਦਿਨ । ਮਾਸੂਮ ਤੇ ਪਾਕ ! ਜਦੋਂ ਆਤਮਾ ਨੰਗੀ ਹੋ ਕੇ ਤੇ ਸਿਰ ਉੱਚਾ ਕਰ ਕੇ ਕਿਸੇ ਵੀ ਰੱਬ ਦੇ ਸਾਹਮਣੇ ਖੜੋ ਸਕਦੀ ਸੀ, ਹਿੱਕ ਤਾਣ ਕੇ, ਤੇ ਕਹਿ ਸਕਦੀ ਸੀ, 'ਮੈਂ ਵੀ ਹਾਂ । ਤੇਰੇ ਬਰਾਬਰ ! ਸਗੋਂ ਤੇਰੇ ਨਾਲੋਂ ਵੀ ਉਚੇਰੀ, ਤੇ ਖ਼ੂਬਸੂਰਤ, ਕਿਉਂਕਿ ਮੈਨੂੰ ਬਲਦੇਵ ਦੀ ਮੁਹੱਬਤ ਮਿਲੀ ਏ ।'

ਬਲਦੇਵ ਦੀ ਮੁਹੱਬਤ ਖ਼ੁਦਾ ਦੀ ਰੂਬਰੂਈ ਸੀ । ਤੇ ਹਰ ਉਸ ਚੀਜ਼ ਦੀ ਰੂਬਰੂਈ ਜਿਹੜੀ ਉੱਚੀ ਸੀ, ਤੇ ਖ਼ੂਬਸੂਰਤ ਸੀ, ਤੇ ਨਿਰਛਲ ਸੀ ।

ਓਦੋਂ ਹਰ ਚੀਜ਼ ਵਿਚ ਡੂੰਘਾ ਵਿਸ਼ਵਾਸ ਹੁੰਦਾ ਸੀ — ਸੱਚਾਈ ਵਿਚ, ਤੇ ਈਮਾਨਦਾਰੀ ਵਿਚ, ਤੇ ਮੁਹੱਬਤ ਵਿਚ, ਤੇ ਆਖ਼ਰੀ ਜਿੱਤ ਵਿਚ । ਅੱਜ ਵਾਪਸ ਮੁੜ ਕੇ ਤੱਕਦੀ ਹਾਂ ਤਾਂ ਲਗਦਾ ਏ ਅੱਜ ਵੀ ਜਿੰਨਾ ਕੁ ਵਿਸ਼ਵਾਸ ਬਚਾ ਕੇ ਰੱਖ ਸਕੀ ਹਾਂ, ਇਹ ਉਹਨਾਂ ਹੀ ਦਿਨਾਂ ਦਾ ਬਚਿਆ ਹੋਇਆ ਵਿਸ਼ਵਾਸ ਏ । ਅੱਜ ਭਾਵੇਂ ਇਹ ਸਾਰੀਆਂ ਚੀਜ਼ਾਂ ਲਗਦਾ ਏ, ਹੁੰਦੀਆਂ ਤਾਂ ਹੈਨ, ਪਰ ਹੈਨ ਨਹੀਂ, ਤਾਂ ਵੀ ਇਹਨਾਂ ਦੇ ਕਿਤੇ ਨਾ ਕਿਤੇ ਹੋਣ ਵਿਚ ਵਿਸ਼ਵਾਸ ਮੋਇਆ ਨਹੀਂ ।

ਬੇਹੱਦ ਮਾਸੂਮ, ਤਰਲ, ਤੇ ਨਰਮ ਦਿਨ ।

ਬੇਹੱਦ ਸੁਪਨੀਲੀਆਂ, ਤੇ ਚਾਂਦਨੀ-ਧੋਤੀਆਂ, ਉੱਜਲੀਆਂ, ਨਿਰਮਲ ਰਾਤਾਂ ।

ਰਾਤਾਂ, ਜਿਨ੍ਹਾਂ ਦੀ ਤਲਖ਼ੀ ਵਿਚ ਨੀਂਦਰ ਨਹੀਂ ਸੀ ਆਉਂਦੀ ।

ਰਾਤਾਂ, ਜਿਨ੍ਹਾਂ ਵਿਚ ਸਾਰੇ ਖ਼ਿਆਲ ਜਿਵੇਂ ਕੂਚੀਆਂ ਫੜ ਕੇ ਬਹੁਤ ਚਟਕ ਤੇ ਸ਼ਫ਼ਾਫ਼ ਰੰਗ ਕਿਸੇ ਕੈਨਵਸ ਵਿਚ ਭਰਦੇ ਰਹਿੰਦੇ । ਸ਼ੋਖ਼ ਰੰਗ ਨਹੀਂ, ਸਿਰਫ਼ ਕਿਸੇ ਪਹਾੜੀ ਚਸ਼ਮੇ ਦੇ ਪੱਥਰਾਂ ਵਰਗੇ । ਸਾਫ਼, ਸ਼ਫ਼ਾਫ਼, ਚਮਕਦੇ, ਕੂਲੇ ਪੱਥਰ ਜਿਹੜੇ ਚਸ਼ਮੇ ਦੇ ਨਿਤਰੇ ਹੋਏ ਪਾਣੀ ਵਿਚੋਂ ਸਾਫ਼ ਨਜ਼ਰ ਆਉਂਦੇ ਨੇ, ਤੇ ਹੱਥ ਲਾਣ ਤੋਂ ਬਿਨਾਂ ਵੀ ਤੁਸੀਂ ਅੰਦਾਜ਼ਾ ਲਗਾ ਸਕਦੇ ਓ ਕਿ ਉਹ ਕਿੰਨੇ ਕੂਲੇ ਤੇ ਕਿੰਨੇ ਠੰਢੇ ਹੋਣਗੇ ।

ਸਮਝ ਨਹੀਂ ਸੀ ਆਉਂਦੀ, ਕੋਈ ਜ਼ਿੰਦਗੀ ਕੋਲੋਂ ਇਸ ਤੋਂ ਵੀ ਜ਼ਿਆਦਾ ਕੁਝ ਚਾਹ ਸਕਦਾ ਏ ?

ਹਰ ਚਾਹ ਦੀ ਜਿਥੇ ਸੀਮਾ ਸੀ, ਉਥੇ ਬਲਦੇਵ ਸੀ । ਤੇ ਮੈਂ ਸਾਂ । ਮੈਂ ਜਿਵੇਂ ਉਹਦੇ ਵਿਚ ਹੀ ਸ਼ਾਮਲ ਸਾਂ ।

ਕਦੇ ਕਦੇ ਬਲਦੇਵ ਕਹਿੰਦੇ, "ਮੈਂ ਤੇਰਾ ਆਸ਼ਕ ਨਹੀਂ, ਤੇਰਾ ਸਾਜਦ ਹਾਂ ।"

ਮੈਂ ਕਹਿੰਦੀ, "ਮੈਨੂੰ ਸਜਦੇ ਨਹੀਂ ਚਾਹੀਦੇ । ਮੈਨੂੰ ਤਾਂ ਹਰ ਵੇਲੇ, ਹਰ ਘੜੀ, ਹਰ ਪਲ, ਬੱਸ ਤੁਹਾਡਾ ਸਾਥ ਚਾਹੀਦਾ ਏ ।"

ਬਲਦੇਵ ਹੱਸ ਪੈਂਦੇ, "ਜੇ ਕਦੇ ਅਸੀਂ ਇਕੱਠੇ ਰਹਿਣ ਵੀ ਲਗ ਪਏ, ਤਾਂ ਇਸ ਹਿਸਾਬ ਤਾਂ ਤੂੰ ਮੈਨੂੰ ਕੰਮ ਕਰਨ ਵੀ ਬਾਹਰ ਨਹੀਂ ਜਾਣ ਦੇਵੇਂਗੀ ।"

"ਨਾਲ ਜਾਇਆ ਕਰਾਂਗੀ ।"

ਬਲਦੇਵ ਸੰਜੀਦਾ ਹੋ ਜਾਂਦੇ । ਥੋੜ੍ਹੇ ਥੋੜ੍ਹੇ ਉਦਾਸ ਵੀ । "ਤੂੰ ਤੇ ਏਡੇ ਲਾਡਾਂ ਨਾਲ



ਤੇ ਨਾਜ਼ਾਂ ਨਾਲ ਪਲੀ ਹੋਈ ਏਂ । ਮੈਨੂੰ ਤਾਂ ਸਗੋਂ ਫੇਰ ਬਹੁਤਾ ਕੰਮ ਕਰਨਾ ਪਿਆ ਕਰੇਗਾ — ਤੈਨੂੰ ਸੁਖ ਦੇਣ ਵਾਸਤੇ ।"

"ਹਤ ! ਸੁਖ ਲਈ ਕੰਮ ਦਾ ਕੀ ਕੰਮ ? ਮੈਂ ਤੇ ਬੱਸ ਇਕ ਰੋਟੀ ਖਾਨੀ ਆਂ ।"

ਉਹ ਹੱਸ ਪੈਂਦੇ ।

ਓਦੋਂ ਇਹੀ ਲਗਦਾ ਸੀ ਕਿ ਸੁਖ ਨਾਲ ਕਿਸੇ ਚੀਜ਼ ਦਾ ਕੋਈ ਵਾਸਤਾ ਨਹੀਂ । ਰੋਟੀ ? ਵਲਗਰ ! ਪੈਸੇ ? ਕਮੀਨਾਪਣ ।

ਸੁਖ ਦਾ ਅਹਿਸਾਸ ਸਿਰਫ਼ ਕੋਸੀ ਧੁੱਪ ਵਿਚ ਬਲਦੇਵ ਦੇ ਮੋਢੇ 'ਤੇ ਸਿਰ ਰੱਖ ਕੇ ਅੱਖਾਂ ਮੀਟ ਲੈਣ ਦਾ ਨਾਂ ਸੀ । ਬੱਸ ।

ਬਲਦੇਵ ਕਹਿੰਦੇ, "ਤੇਰੀਆਂ ਅੱਖਾਂ ਵਿਚ ਪਤਾ ਏ ਕੀ ਏ ? ਹਵਨ ਦੀ ਅਗਨੀ ਦਾ ਪਰਛਾਵਾਂ । ਕਿਸੇ ਰਿਸ਼ੀ ਨੇ ਬਾਲੀ ਹੋਵੇਗੀ ।"

"ਜੰਗਲਾਂ ਵਿਚ ?"

"ਨਹੀਂ, ਹਿਮਾਲਿਆ ਦੀਆਂ ਠੰਢੀਆਂ-ਯਖ਼, ਬਰਫ਼ਾਂ ਨਾਲ ਕੱਜੀਆਂ ਚੋਟੀਆਂ ਉਤੇ ।"

"ਮੈਂ ਠੰਢੀ ਹਾਂ ? ਬਰਫ਼ ਹਾਂ ?" — ਮੈਂ ਉਦਾਸ ਹੋ ਜਾਂਦੀ । ਕਿੰਨੀ ਮੁਸੀਬਤ ਸੀ ਇਹ ਵੀ ! ਬਲਦੇਵ ਦੇ ਖ਼ਿਆਲ ਨਾਲ ਹੀ ਪਿੰਡੇ ਦੇ ਲੂੰਅ ਲੂੰਅ ਵਿਚੋਂ ਸੇਕ ਨਿਕਲਦਾ ਸੀ, ਪਰ ਮੈਂ ਇਹ ਸਭ ਉਹਦੇ ਕੋਲੋਂ ਲੁਕਾ ਕੇ ਰੱਖਦੀ ਸਾਂ । ਧੀਜੀ ਨੇ ਪਹਿਲੇ ਦਿਨੋਂ ਹੀ ਇਹੀ ਸਿਖਾਇਆ ਸੀ — ਸਿੱਧੀ ਗੱਲ ਕਰ ਕੇ ਨਹੀਂ, ਹਜ਼ਾਰ ਤਰੀਕਿਆਂ ਨਾਲ, ਜਿਵੇਂ ਹਰ ਸ਼ਰੀਫ਼ ਮਾਂ ਆਪਣੀ ਹਰ ਸ਼ਰੀਫ਼ ਬੇਟੀ ਨੂੰ ਸਿਖਾਂਦੀ ਏ ।

ਸੋਚਦੀ ਸਾਂ, ਸੇਕ ਨੂੰ ਛੁਪਾ ਕੇ ਨਹੀਂ ਰੱਖਾਂਗੀ ਤਾਂ ਬਲਦੇਵ ਸੋਚਣਗੇ ਮੈਂ ਚੰਗੀ ਕੁੜੀ ਨਹੀਂ ।

ਇਹ ਤਾਂ ਬਹੁਤ ਮਗਰੋਂ, ਅੱਜ ਸੋਚਦੀ ਹਾਂ, ਕਿ ਚੰਗਿਆਂ ਬਣ ਕੇ ਮੈਂ ਕੀ ਖੱਟਣਾ ਸੀ ?

ਬਲਦੇਵ ਦੇ ਮਨ ਵਿਚ ਸ਼ਾਇਦ ਇਹੋ ਰਵਾਇਤੀ ਖ਼ਿਆਲ ਉਹਦੀ ਮਾਂ ਨੇ ਪਾਏ ਹੋਣਗੇ । ਪਤਾ ਨਹੀਂ । ਉਹ ਕਹਿੰਦੇ, "ਤੂੰ ਮੇਰੇ ਲਈ ਪੂਜਾ ਦੀ ਵਸਤ ਏਂ । ਤੇ ਮੰਦਰ ਦੀਆਂ ਮੂਰਤੀਆਂ ਨੂੰ ਛੋਹੀਦਾ ਨਹੀਂ, ਉਹਨਾਂ ਦਾ ਸੁਨਹਿਰੀ ਪਾਲਸ਼ ਉਂਗਲਾਂ ਦੇ ਪੋਟਿਆਂ ਨੂੰ ਲਗ ਜਾਂਦਾ ਏ ।"

'ਪਰ ਮੇਰੇ ਤੇ ਤਾਂ ਕੋਈ ਪਾਲਸ਼ ਨਹੀਂ । ਮੈਂ ਤਾਂ ਅਣਕੱਜਿਆ ਅਹਿਸਾਸ ਹਾਂ, ਨਗਨ ਸੱਚ । ਕੋਈ ਮੁਲੰਮਾ ਨਹੀਂ । ਛੋਹ ਕੇ ਵੇਖ ਤਾਂ ਸਹੀ ਮੇਰੇ ਮਹਿਬੂਬ' — ਮੈਂ ਕਹਿਣਾ ਚਾਹੁੰਦੀ ਪਰ ਕਹਿ ਨਾ ਸਕਦੀ ।

ਅਜ਼ੀਬ ਗੱਲ ਏ, ਜਦੋਂ ਅਸੀਂ ਜੀਅ ਸਕਦੇ ਹਾਂ, ਜ਼ਿੰਦਗੀ ਦੇ ਦਰਵਾਜ਼ੇ ਸਾਡੇ ਲਈ ਖੁਲ੍ਹੇ ਹੁੰਦੇ ਨੇ, ਓਦੋਂ ਇਕ ਬੇ-ਸਿਰ-ਪੈਰ ਦੀ ਝਿਜਕ ਸਾਡੇ ਪੈਰਾਂ ਨੂੰ ਬੰਨ੍ਹ

ਖਲੋਂਦੀ ਏ । ਮਗਰੋਂ, ਬਹੁਤ ਮਗਰੋਂ, ਜਦੋਂ ਸਾਰੀਆਂ ਝਿਜਕਾਂ ਤੋਂ ਮੁਕਤ ਹੋ ਜਾਂਦੇ ਹਾਂ, ਤਾਂ ਜ਼ਿੰਦਗੀ ਦੇ ਦਰਵਾਜ਼ੇ ਬੰਦ ਹੋ ਚੁਕੇ ਹੁੰਦੇ ਨੇ ।

ਬਲਦੇਵ ਓਦੋਂ ਆਈ. ਏ. ਐਸ. ਦੀ ਤਿਆਰੀ ਕਰ ਰਹੇ ਸਨ । ਬਹੁਤ ਸਾਰੀਆਂ ਕਿਤਾਬਾਂ ਪੜ੍ਹਦੇ ਰਹਿੰਦੇ । ਮੈਨੂੰ ਵੀ ਵਧੀਆ ਕਿਤਾਬਾਂ ਪੜ੍ਹਨ ਲਈ ਲਿਆ ਦੇਂਦੇ ।

ਸੱਚੀਂ, ਇਕ ਗੱਲ ਤਾਂ ਮੈਂ ਤੁਹਾਨੂੰ ਦੱਸਣੀ ਭੁੱਲ ਹੀ ਗਈ । ਇਹ ਬਹੁਤ ਸ਼ੁਰੂ ਦੇ ਦਿਨਾਂ ਦੀ ਗੱਲ ਏ, ਜਦੋਂ ਉਹ ਮੈਨੂੰ ਕਾਲਜ ਵਿਚ ਪੜ੍ਹਾਂਦੇ ਸਨ ।

ਓਦੋਂ ਬਲਦੇਵ ਅਜੇ ਮੈਨੂੰ ਬਿਲਕੁਲ ਬੱਚੀ ਸਮਝਦੇ ਸਨ । ਤੇ ਉਹਨਾਂ ਨੂੰ ਇਹ ਦੱਸਣ ਲਈ ਕਿ ਮੈਂ ਬੱਚੀ ਨਹੀਂ, ਮੈਂ ਪਹਿਲੀ ਕਹਾਣੀ ਲਿਖੀ ।

ਪਤਾ ਨਹੀਂ ਉਹ ਕਿਹੜਾ ਫ਼ੰਕਸ਼ਨ ਸੀ, ਤੇ ਕਿੱਥੇ ਸੀ । ਸਿਰਫ਼ ਏਨਾ ਯਾਦ ਏ ਕਿ ਬਹੁਤ ਵਡਾ ਹਾਲ ਸੀ, ਬਹੁਤ ਉੱਚੀ ਸਟੇਜ ਸੀ, ਬਹੁਤ ਸਾਰੀਆਂ ਬੱਤੀਆਂ ਸਨ, ਹਜ਼ਾਰਾਂ ਲੋਕ ਸਨ, ਸਟੇਜ 'ਤੇ ਅਤੇ ਸਟੇਜ ਦੇ ਸਾਹਮਣੇ ਬੈਠੇ ਬਹੁਤ ਸਾਰੇ ਖ਼ਾਸ ਮਹਿਮਾਨ ਸਨ । ਪਰ ਮੈਨੂੰ ਸਿਰਫ਼ ਇਕ ਬਲਦੇਵ ਦਾ ਮੂੰਹ ਨਜ਼ਰ ਆ ਰਿਹਾ ਸੀ । ਬਾਕੀ ਸਭ ਕੁਝ ਤਰਲ ਸੀ — ਪਾਣੀ ਵਰਗਾ । ਬਲਦੇਵ ਦਾ ਚਿਹਰਾ ਉਸ ਵਿਸ਼ਾਲ ਪਾਣੀ ਵਿਚਕਾਰ ਇਕ ਟਾਪੂ ਸੀ, ਤੇ ਮੈਂ ਪਾਣੀ ਵਿਚੋਂ ਤੈਰਦੀ ਹੋਈ ਉਸ ਟਾਪੂ ਤੱਕ ਪਹੁੰਚਣ ਦਾ ਜਤਨ ਕਰ ਰਹੀ ਸਾਂ ।

ਮੈਂ ਆਪਣੀ ਪਹਿਲੀ ਕਹਾਣੀ ਓਥੇ ਪਹਿਲੀ ਵਾਰੀ ਸੁਣਾਈ ਸੀ ।

ਕਹਾਣੀ ਸੁਣਾ ਕੇ ਅਜੇ ਮੈਂ ਸਟੇਜ ਦੇ ਪਿਛਲੇ ਪਾਸੇ ਖੜੋਤੀ ਸਾਂ — ਕੰਬਦੀ ਹੋਈ, ਗਰਮ ਗਲ੍ਹਾਂ ਤੇ ਪਸੀਨੇ ਨਾਲ ਗੱਚ ਤਲੀਆਂ ਨੂੰ ਮਹਿਸੂਸ ਕਰਦੀ ਹੋਈ, ਕਿ ਦੋ ਚਿੱਟਾਂ ਕਿਸੇ ਨੇ ਮੇਰੇ ਹੱਥ ਲਿਆ ਫੜਾਈਆਂ । ਇਕ ਚਿੱਟ ਬਲਦੇਵ ਦੀ ਸੀ — 'ਮੁਬਾਰਕ — ਬਲਦੇਵ' । ਤੇ ਦੂਜੀ ਚਿੱਟ — 'ਕਹਾਣੀ ਵਧੀਆ ਏ । ਜੇ ਠੀਕ ਸਮਝੋ ਤਾਂ ਇਹਨੂੰ ਨਵੀਂਆਂ ਕੀਮਤਾਂ ਲਈ ਦੇ ਦਿਓ — ਰਾਮ ਸਿੰਘ' ।

ਮਗਰੋਂ, ਇਕ ਨਿਹਾਇਤ ਸੰਜੀਦਾ ਬੰਦਾ ਮੇਰੇ ਕੋਲ ਆਇਆ । ਖੱਦਰ ਦਾ ਕੁੜਤਾ ਪਜਾਮਾ, ਤੇ ਵਾਸਕਟ । ਸਫ਼ੈਦ ਖੱਦਰ ਦੀ ਪੱਗ । 'ਮੈਂ ਰਾਮ ਸਿੰਘ ਹਾਂ ।' ਮੈਂ ਕਹਾਣੀ ਓਸੇ ਤਰ੍ਹਾਂ ਉਹਨਾਂ ਨੂੰ ਫੜਾ ਦਿਤੀ ।

ਤੇ ਇੰਜ ਉਸ ਅਜੀਤ ਕੌਰ ਦਾ ਜਨਮ ਹੋਇਆ ਜਿਹੜੀ ਕਹਾਣੀਕਾਰ ਹੈ ।

ਬਲਦੇਵ ਨੂੰ ਮੈਂ ਸਟੇਜ ਦੇ ਪਿਛਲੇ ਪਾਸੇ ਖੜੀ ਉਡੀਕਦੀ ਰਹੀ । ਕੰਬਦੀ ਹੋਈ । ਪਰ ਉਹ ਨਹੀਂ ਆਏ ।

ਅਗਲੇ ਦਿਨ ਉਹਨਾਂ ਨੇ ਪਹਿਲੀ ਵਾਰੀ ਨਿਹਾਇਤ ਸੰਜੀਦਗੀ ਨਾਲ ਮੇਰੇ ਵਲ ਤੱਕਿਆ । ਪਹਿਲੀ ਵਾਰੀ ਉਹਨਾਂ ਨੇ ਮੇਰਾ ਹੱਥ ਆਪਣੀ ਤਲੀ ਵਿਚ ਫੜ ਕੇ ਘੁੱਟਿਆ । ਹੋ ਸਕਦਾ ਏ, ਮੈਂ ਹੀ ਕੰਬ ਰਹੀ ਹੋਵਾਂ, ਪਰ ਸੱਚ ਕਹਿੰਦੀ ਹਾਂ, ਉਸ ਵੇਲੇ ਮੈਨੂੰ ਇਹੀ ਲਗਾ ਸੀ ਕਿ ਬਲਦੇਵ ਦੀ ਤਲੀ ਵਿਚੋਂ ਇਕ ਝਰਨਾਹਟ ਤੁਰ ਕੇ ਮੇਰੇ ਪਿੰਡੇ ਦੇ ਲਹੂ ਵਿਚ ਰਲ ਗਈ ਸੀ ।

ਉਹਨਾਂ ਹੀ ਦਿਨਾਂ ਦੀ ਗੱਲ ਏ, ਘਰ ਦਾਰ ਜੀ ਨੂੰ ਪਤਾ ਲਗ ਗਿਆ ਕਿ ਉਹਨਾਂ



ਦੀ ਸ਼ਰੀਫ਼ਜ਼ਾਦੀ ਬੇਟੀ ਕੀ 'ਗੁਲ ਖਿਲਾ ਰਹੀ ਸੀ ।' ਉਹ ਹੰਗਾਮਾ ਹੋਇਆ, ਕਿ ਅੱਜ ਵੀ ਯਾਦ ਕੀਤਿਆਂ ਕਲੇਜਾ ਦਹਿਲ ਜਾਂਦਾ ਏ । ਨੌਬਤ ਏਥੋਂ ਤਕ ਆਈ ਕਿ ਦਾਰ ਜੀ ਤੇ ਬੀਜੀ, ਦੋਵੇਂ ਕਹਿਣ ਅਸੀਂ ਜ਼ਹਿਰ ਖਾ ਕੇ ਮਰਨ ਲਗੇ ਹਾਂ । ਮੈਂ ਆਖਾਂ, ਨਹੀਂ, ਤੁਸੀਂ ਜੀਓ ਜਾਗੋ, ਮੈਂ ਹੀ ਮਰ ਜਾਂਦੀ ਹਾਂ ।

ਤੇ ਫੇਰ ਬਲਦੇਵ ਨੂੰ ਜਦੋਂ ਪਤਾ ਲਗਾ, ਉਹ ਦਾਰ ਜੀ ਕੋਲ ਗਏ । ਦਾਰ ਜੀ ਜਦੋਂ ਉਹਨਾਂ 'ਤੇ ਆਸ਼ਕ ਹੋ ਗਏ, ਤਾਂ ਉਹਨਾਂ ਆਪਣੀ ਧੀ ਨੂੰ ਮੁਆਫ਼ ਕਰ ਦਿਤਾ ।

ਮੈਂ ਓਦੋਂ ਮਸਾਂ ਸਾਢੇ ਸੋਲ੍ਹਾਂ ਸਤਾਰਾਂ ਵਰ੍ਹਿਆਂ ਦੀ ਸਾਂ । ਐਮ. ਏ. ਦੀ ਪੜ੍ਹਾਈ ਜਾਰੀ ਸੀ । ਸੋ ਐਮ. ਏ. ਖ਼ਤਮ ਕਰਨ ਮਗਰੋਂ ਵਿਆਹ ਦੀ ਗੱਲ ਪੱਕੀ ਹੋ ਗਈ ।

"ਹੁਣ ਮੈਂ ਮਿਲ ਸਕਨਾਂ ਉਹਨੂੰ ?"

"ਬਿਲਕੁਲ ਨਹੀਂ ।"

"ਖ਼ਤ ਲਿਖ ਸਕਨਾਂ ?"

"ਹਾਂ, ਪਰ ਬਹੁਤੇ ਨਹੀਂ ।"

ਦਾਰ ਜੀ ਦਾ ਮੁਗ਼ਲ ਬਾਦਸ਼ਾਹ ਵਾਂਗੂ ਘਰ ਵਿਚ ਹੁਕਮ ਚਲਦਾ ਸੀ । ਬਲਦੇਵ ਵਿਚਾਰੇ ਚੂੰ ਕਰਨ ਵਾਲੇ ਕੌਣ ਸਨ ?

ਉਹਨਾਂ ਦਿਨਾਂ ਦੇ ਬਲਦੇਵ ਦੇ ਖ਼ਤ ਮੇਰੇ ਕੋਲ ਅਜੇ ਵੀ ਸੰਭਾਲੇ ਹੋਏ ਨੇ । ਸਿਰਫ਼ ਉਹਨਾਂ ਦੇ ਪੁਰਾਣੇ ਕਾਗ਼ਜ਼ਾਂ ਵਿਚੋਂ ਪੱਤਝੜ ਦੇ ਪੱਤਿਆਂ ਵਰਗੀ ਸਮੈੱਲ ਆਉਂਦੀ ਏ । ਉਹਨਾਂ ਨੂੰ ਛੋਹਿਆਂ ਉਹ ਮਹਿਜ਼ ਕਾਗ਼ਜ਼ ਨਹੀਂ ਜਾਪਦੇ । ਲਗਦਾ ਏ, ਜਿਵੇਂ ਖ਼ਤ ਕੋਈ ਜਾਨਦਾਰ ਚੀਜ਼ ਹੋਣ, ਪਰਿੰਦਿਆਂ ਵਰਗੇ । ਜਾਨਦਾਰ ।

ਕਾਗ਼ਜ਼ਾਂ ਦੇ ਪਿੰਡੇ ਵਿਚ ਲੁਕ ਕੇ ਬੈਠੀ ਪਰਵਾਜ਼ ।

ਦਿੱਲੀ ਵਿਚ ਰਹਿ ਕੇ ਨਾ ਮਿਲਣ ਦੀ ਤਿੱਖੀ ਪੀੜ ਕੋਲੋਂ ਬਚਣ ਲਈ ਬਲਦੇਵ ਨੇ ਆਈ. ਪੀ. ਐਸ. ਦੀ ਆਪਸ਼ਨ ਦੇ ਦਿਤੀ । ਟਰੇਨਿੰਗ ਵਾਸਤੇ ਉਹਨਾਂ ਨੂੰ ਮਾਊਂਟ ਆਬੂ ਭੇਜ ਦਿਤਾ ਗਿਆ ।

... ... ...

ਮੇਰੀ ਮਾਂ ਨੂੰ ਉਦੋਂ ਤੋਂ ਹੀ ਮੈਂ ਬੀਮਾਰ ਵੇਖਿਆ ਸੀ ਜਦੋਂ ਦੀ ਮੈਂ ਹੋਸ਼ ਸੰਭਾਲੀ ਸੀ । ਉਠ ਵੀ ਬਹਿੰਦੇ ਸਨ, ਚੌਂਕੇ ਦਾ ਕੰਮ ਕਾਰ ਵੀ ਕਰਦੇ ਸਨ । ਸਾਰਾ ਦਿਨ ਮੱਖਣ ਦੇ ਤੜਕਿਆਂ ਵਿਚ ਹਲਕੀ ਅੱਗ ਉਤੇ ਸਬਜ਼ੀਆਂ ਬਣਾ ਕੇ, ਗਰਮ ਗਰਮ ਗੋਲ ਫੁੱਲੇ ਹੋਏ ਫੁਲਕਿਆਂ ਵਿਚ ਮੱਖਣ ਦੇ ਚੋਂਘੇ ਕਢ ਕੇ ਦਾਰ ਜੀ ਨੂੰ ਕੋਲ ਬਿਠਾ ਕੇ ਖੁਆਣ ਵਿਚ ਉਹਨਾਂ ਨੂੰ ਸ਼ਾਇਦ ਉਹੀ ਤ੍ਰਿਪਤੀ ਮਿਲਦੀ ਹੋਵੇਗੀ ਜਿਹੜੀ ਸ਼ਾਇਰ ਨੂੰ ਨਜ਼ਮ ਲਿਖ ਕੇ ਮਿਲਦੀ ਏ, ਕਲਾਕਾਰ ਨੂੰ ਪੇਂਟ ਕਰ ਕੇ ਮਿਲਦੀ ਏ । ਸਾਰੀਆਂ ਬੀਮਾਰੀਆਂ ਨੂੰ ਚੁੱਪਚਾਪ ਆਪਣੇ ਪਿੰਡੇ ਵਿਚ ਸਮੇਟ ਸਿਮਟਾ ਕੇ ਉਹ ਸਾਰੇ ਕੰਮ ਕਰਦੇ ਰਹਿੰਦੇ । ਪਰ ਕਦੇ ਕਦੇ ਬੀਮਾਰੀਆਂ ਬਾਗ਼ੀ ਹੋ ਉਠਦੀਆਂ ।

ਬੀਮਾਰੀਆਂ ਦੀ ਇਹੋ ਜਿਹੀ ਹੀ ਕਿਸੇ ਬਗ਼ਾਵਤ ਦੀ ਘੜੀ ਵਿਚ ਉਹਨਾਂ ਨੇ ਐਲਾਨ ਕੀਤਾ ਕਿ ਜੀਤ ਦਾ ਵਿਆਹ ਕਰ ਦਿਓ ਛੇਤੀ, ਮੇਰੇ ਜਿਊਂਦਿਆਂ ਜਿਊਂਦਿਆਂ।

ਬਲਦੇਵ ਨੂੰ ਫ਼ੌਰਨ ਤਲਬ ਕੀਤਾ ਗਿਆ। ਉਹਨਾਂ ਨੇ ਆ ਕੇ ਕਿਹਾ, ਉਂਜ ਤਾਂ ਮੈਂ ਇਹੀ ਚਾਹੁਨਾਂ ਕਿ ਮੇਰੀ ਟਰੇਨਿੰਗ ਪੂਰੀ ਹੋ ਲਵੇ, ਜੀਤ ਦਾ ਐਮ. ਏ. ਖ਼ਤਮ ਹੋ ਲਵੇ, ਤਾਂ ਮੈਂ ਵਿਆਹ ਕਰਾਂ। ਪਰ ਜੇ ਤੁਸੀਂ ਇਹੀ ਚਾਹੁੰਦੇ ਹੋ ਕਿ ਹੁਣੇ ਹੋਵੇ ਇਹ ਸ਼ਾਦੀ, ਤਾਂ ਠੀਕ ਏ, ਮੈਂ ਹਾਜ਼ਰ ਹਾਂ।

ਇਕ ਲਾਈਨ ਦਾ ਖ਼ਤ ਉਹਨਾਂ ਨੇ ਮੈਨੂੰ ਲਿਖਿਆ, "ਜੇ ਤੂੰ ਵੀ ਇਹੀ ਚਾਹਨੀ ਏਂ, ਤਾਂ ਠੀਕ ਏ।"

ਮੁਆਫ਼ ਕਰਨਾ ਜੇ ਇਸ ਮੁਕਾਮ 'ਤੇ ਮੈਂ ਫ਼ਿਲਾਸਫ਼ੀ ਚੀਆਂ ਗੱਲਾਂ ਕਰਨ ਲਗ ਪਵਾਂ। ਮੁਹੱਬਤ ਵੀ ਕਮਬਖ਼ਤ ਕੈਸੀ ਸ਼ੈ ਏ ਕਿ ਬੰਦਾ ਇਬਾਦਤ ਵਿਚ ਪੂਰੀ ਜ਼ਿੰਦਗੀ ਮਹਿਬੂਬ ਦੇ ਕਦਮਾਂ 'ਤੇ ਧਰ ਦੇਂਦਾ ਏ, ਪਰ ਜੇ ਕੋਈ ਇਕ ਲਫ਼ਜ਼ ਚੁੱਭ ਜਾਵੇ ਤਾਂ ਧਰਤੀ ਦੇ ਧੁਰ ਵਿਚਕਾਰਲੇ ਧੁਰੇ ਵਿਚ ਡਾਇਨੇਮਾਈਟ ਭਰ ਕੇ ਅੱਗ ਲਾ ਦੇਣ 'ਤੇ ਉਤਾਰੂ ਹੋ ਜਾਂਦਾ ਏ।

ਸਹਿਣ ਦੀ ਸ਼ਕਤੀ, ਤੇ ਦਰ-ਗੁਜ਼ਰ ਕਰਨ ਦੀ ਸ਼ਕਤੀ, ਤੇ ਦੂਜੇ ਦੀ ਥਾਵੇਂ ਆਪ ਖਲੋ ਕੇ ਚੀਜ਼ਾਂ ਨੂੰ ਵੇਖ ਸੱਕਣ ਦੀ ਸ਼ਕਤੀ ਬਹੁਤ ਮਗਰੋਂ ਆਉਂਦੀ ਏ। ਬਹੁਤ ਸਾਰਾ ਚਿਰ ਇਕੱਠੇ ਰਹਿਣ ਤੋਂ ਮਗਰੋਂ।

ਜੇ ਮੇਰੀ ਜ਼ਿੰਦਗੀ ਬਲਦੇਵ ਨਾਲ ਜੁੜ ਜਾਂਦੀ, ਤਾਂ ਇਕੱਠੇ ਬਿਤਾਏ ਦਿਨਾਂ ਤੇ ਰਾਤਾਂ ਵਿਚੋਂ, ਸਹਿ ਜਾਣ ਦੀ ਇਹ ਜਾਚ ਆਪੇ ਉੱਗ ਆਉਣੀ ਸੀ।

ਪਰ ਉਹ ਚਮਕੀਲੇ ਧੁੱਪਾਂ-ਨਸ਼ਿਆਏ ਕੋਸੇ ਦਿਨ ਚੜ੍ਹਨ ਤੋਂ ਪਹਿਲੋਂ ਹੀ ਡੁੱਬ ਗਏ। ਸਾਰੇ ਦੇ ਸਾਰੇ। ਉਹ ਦੁਧੀਆ ਕਜਲਾਈਆਂ ਰਾਤਾਂ ਸਮੇਂ ਦੀ ਕੁੱਖ ਵਿਚ ਹੀ ਮਰ ਗਈਆਂ।

ਕੁੱਖ ਵਿਚ ਜਦੋਂ ਕੋਈ ਬਾਲ ਮਰਦਾ ਏ ਤਾਂ ਜ਼ਹਿਰ ਬਣ ਜਾਂਦਾ ਏ। ਮਾਂ ਦੇ ਪਿੰਡੇ ਵਿਚੋਂ ਉਸ ਜ਼ਹਿਰ ਦੀ ਪੋਟਲੀ ਨੂੰ ਛੇਤੀ ਤੋਂ ਛੇਤੀ ਕਢ ਕੇ ਸੁਟ ਦੇਣਾ ਹੀ ਸਾਰਿਆਂ ਨਾਲੋਂ ਜ਼ਰੂਰੀ ਗੱਲ ਹੁੰਦੀ ਏ।

ਨਹੀਂ, ਮੈਂ ਕਤਲ ਨਹੀਂ ਕੀਤਾ ਦੋਸਤੋ! ਇਹਨਾਂ ਰਾਤਾਂ ਨੂੰ ਤੇ ਦਿਨਾਂ ਨੂੰ ਮੈਂ ਨਹੀਂ ਕਤਲ ਕੀਤਾ। ਨਾ ਹੀ ਬਲਦੇਵ ਨੇ ਕਤਲ ਕੀਤਾ। ਨਾ ਅਸੀਂ ਕਿਸੇ 'ਸਮਾਜ' ਨਾਂ ਦੀ ਬੇ-ਚਿਹਰੇ ਵਾਲੀ ਚੀਜ਼ ਦੇ ਸ਼ਿਕਾਰ ਹੋਏ।

ਇਹ ਤਾਂ ਮਹਿਜ਼ ਇਕ ਐਕਸੀਡੈਂਟ ਹੋ ਗਿਆ। ਹਾਦਸਾ! ਮਹਿਜ਼ ਇਕ ਹਾਦਸਾ, ਕਿ 'ਜੇ ਤੂੰ ਵੀ ਇਹੀ ਚਾਹਨੀ ਏਂ' ਪੜ੍ਹ ਕੇ ਗੁੱਸਾ ਆ ਗਿਆ। ਏਨਾ ਗੁੱਸਾ, ਕਿ ਧਰਤੀ ਦੇ ਧੁਰੇ ਵਿਚ ਡਾਇਨੇਮਾਈਟ ਲਗਾ ਦਿਤਾ। ਲਗਾ, ਕਿ 'ਜੇ ਤੂੰ ਚਾਹਨੀ ਏਂ' ਨੇ ਮੇਰੀ ਤੌਹੀਨ ਕਰ ਦਿਤੀ ਏ। ਲਗਾ ਕਿ ਆਉਣ ਵਾਲੇ ਸਾਲਾਂ ਵਿਚ ਬਲਦੇਵ ਹਮੇਸ਼ਾ ਇਹੀ ਕਿਹਾ ਕਰਨਗੇ, "ਤੂੰ ਹੀ ਤੇ ਚਾਂਹਦੀ ਸੀ ਇਹ। ਏਸ ਕਰ ਕੇ ਹੁਣ ਇਸ ਗੱਡੀ ਨੂੰ ਚਲਾਣ ਦੀ ਜ਼ਿੰਮੇਵਾਰੀ ਤੇਰੀ ਹੀ ਏ।"



ਤੁਸੀਂ ਜ਼ਰੂਰ ਕਹੋਗੇ, 'ਬੇਵਕੂਫ਼ ਔਰਤ!' ਅਰੇ, ਤੁਸਾਂ ਤਾਂ ਅੱਜ ਕਿਹਾ ਏ ਦੋਸਤੋ, ਮੈਂ ਤਾਂ ਪਿਛਲੇ ਪੰਝੀਆਂ ਵਰ੍ਹਿਆਂ ਤੋਂ ਇਹੀ ਕਹਿ ਰਹੀ ਹਾਂ।

...... ...... ......

ਬਹੁਤ ਸਾਰੇ ਸਾਲਾਂ ਮਗਰੋਂ ਮੈਂ ਇਕ ਦਿਨ ਰਿੱਜ ਦੀ ਓਹੀ ਸੜਕ ਲੱਭਣ ਤੁਰੀ। ਓਸੇ ਰਾਹ ਤੁਰੀ, ਪਰ ਉਹ ਸੜਕ ਪਤਾ ਨਹੀਂ ਕਿਥੇ ਗੁਆਚ ਗਈ ਸੀ।

ਕਦੇ ਸੁਣਿਆ ਏ ਤੁਸੀਂ ਕਿ ਇਕ ਪੂਰੀ ਦੀ ਪੂਰੀ ਸੜਕ ਸ਼ਹਿਰ ਦੇ ਇਤਿਹਾਸ ਵਿਚੋਂ ਗੁੰਮ ਹੋ ਜਾਵੇ? ਇਤਿਹਾਸ ਵਿਚੋਂ ਵੀ ਤੇ ਭੂਗੋਲ ਵਿਚੋਂ ਵੀ।

ਮੈਂ ਕਿੰਨਾ ਹੀ ਚਿਰ ਉਹਨੂੰ ਮੇਲੇ ਵਿਚ ਗੁਆਚੇ ਬਾਲ ਵਾਂਗੂ ਲਭਦੀ ਰਹੀ। ਪਰ ਲਗਦਾ ਸੀ ਕਿ ਨਵੀਆਂ ਸੜਕਾਂ ਦੇ ਰੌਲੇ ਵਿਚ ਉਹ ਵਿਚਾਰੀ ਪੁਰਾਣੀ ਸੜਕ ਕਿਤੇ ਜ਼ਿਬਹ ਹੋ ਗਈ ਸੀ। ਉਹ ਸੜਕ ਵੀ, ਉਸ ਸੜਕ ਤੇ ਉੱਗੇ ਸਾਰੇ ਬੀਬੇ ਰੁੱਖ ਵੀ, ਜੁਗਾਲੀ ਕਰਦੀਆਂ ਭੇਡਾਂ ਵਰਗੀਆਂ ਚੱਟਾਨਾਂ ਵੀ, ਘਾਹ ਦੀਆਂ ਤਿੜਾਂ ਵਿਚ ਕੰਬਦੀ ਧੁੱਪ ਵੀ, ਘਾਹ ਦਾ ਸਬਜ਼ ਰੰਗ ਵੀ, ਪੁਰਾਣੇ ਢੱਠੇ ਖੰਡਰ ਵੀ। ਸਭ ਕੁਝ।

ਮੈਸੇਕਰ! ਕਤਲੇ-ਆਮ!

ਨਵੀਆਂ ਸੜਕਾਂ ਕਿਸੇ ਹੋਰ ਪਾਸਿਓਂ ਜਾਂਦੀਆਂ ਸਨ। ਨਵੀਆਂ ਸੜਕਾਂ ਨੂੰ ਘੜਨ ਵੇਲੇ ਜਿਹੜੀਆਂ ਚੱਟਾਨਾਂ ਨੂੰ ਤੋੜਿਆ ਗਿਆ ਸੀ, ਉਹਨਾਂ ਦੇ ਕਲੇਜੇ ਦੀ ਲਾਲੀ ਅਜੇ ਨਵੀਂ ਨਕੋਰ ਸੀ। ਤਾਜ਼ਾ ਡੁਲ੍ਹੇ ਲਹੂ ਵਰਗੀ।

ਥੋੜ੍ਹੀਆਂ ਜਿਹੀਆਂ ਝਾੜੀਆਂ ਵੀ ਅਜੇ ਤਕ ਜੀਅ ਭਿਆਣੀਆਂ ਖੜੋਤੀਆਂ ਸਨ। ਪਰ ਇਹ ਉਹ ਝਾੜੀਆਂ ਨਹੀਂ ਸਨ ਜਿਨ੍ਹਾਂ ਨਾਲ ਮੇਰੀ ਵਾਕਫ਼ੀਅਤ ਸੀ।

ਬਹੁਤ ਸਾਲਾਂ ਮਗਰੋਂ ਪੁਰਾਣੇ ਗੁਜ਼ਰੇ ਹੋਏ ਰਸਤਿਆਂ ਨੂੰ ਲੱਭੀਏ, ਤਾਂ ਰਸਤੇ ਜੇ ਲੱਭ ਵੀ ਪੈਣ ਤਾਂ ਉਹਨਾਂ ਦੀ ਅਪਣੱਤ ਖ਼ਤਮ ਹੋ ਚੁਕੀ ਹੁੰਦੀ ਏ। ਤੇ ਮੈਨੂੰ ਤਾਂ ਰਸਤੇ ਹੀ ਨਹੀਂ ਸਨ ਮਿਲ ਰਹੇ...

ਕੋਈ ਸ਼ਹਿਜ਼ਾਦੀ ਤਾਂ ਨਹੀਂ ਸਾਂ ਮੈਂ, ਪਰ ਫੇਰ ਵੀ ਕਿੱਸਿਆਂ ਦੀਆਂ ਸ਼ਹਿਜ਼ਾਦੀਆਂ ਵਾਂਗੂ ਇਕ 'ਸਖੀ' ਦੇ ਹੱਥ ਬਲਦੇਵ ਨੂੰ ਖ਼ਤ ਭੇਜਦੀ ਹੁੰਦੀ ਸਾਂ। ਉਹੀ ਦੋਸਤ ਕੁੜੀ ਉਹਨਾਂ ਦੇ ਖ਼ਤ ਮੇਰੇ ਤਕ ਪੁਚਾਂਦੀ ਸੀ।

'ਐਮਰਜੈਂਸੀ' ਦਾ ਦੌਰ ਸੀ ਉਹ। ਡਾਕ ਵਿਚ ਆਏ ਖ਼ਤਾਂ ਦਾ ਸੈਂਸਰ ਹੋਣਾ ਲਾਜ਼ਮੀ ਗੱਲ ਸੀ। ਕਬੂਤਰਾਂ ਦਾ ਜ਼ਮਾਨਾ ਬਹੁਤ ਪਿਛੇ ਰਹਿ ਗਿਆ ਹੋਇਆ ਸੀ।

ਉਸੇ ਦੋਸਤ ਕੁੜੀ ਨੇ ਬਲਦੇਵ ਨੂੰ ਬੜੇ ਉਲਾਹਮੇ ਨਾਲ ਮੇਰਾ ਫ਼ੈਸਲਾ ਦਸਿਆ ਸੀ, ਤੇ ਬਲਦੇਵ ਨੇ ਉਹਨੂੰ ਬੜੀ ਫ਼ਿਲਾਸਫ਼ੀ ਸਮਝਾਈ ਸੀ ਕਿ ਮੁਹੱਬਤ ਤਾਂ ਪੂਜਾ ਦੀ ਵਸਤ ਏ, ਇਸ਼ਕ ਤਾਂ ਪਹਾੜਾਂ ਦੀਆਂ ਧੁਰ ਉਤਲੀਆਂ ਚੋਟੀਆਂ 'ਤੇ ਰੂੰ ਦੀਆਂ ਸ਼ਫ਼ਾਫ਼ ਚਮਕੀਲੀਆਂ ਮਹੀਨ ਤੁਰੀਆਂ ਵਾਂਗੂ ਡਿੱਗਦੀ ਬਰਫ਼ ਦਾ ਨਾਂ ਏ, ਮੁਹਬਤ ਤਾਂ ਇਬਾਦਤ ਏ, ਸਜਦਾ ਏ। ਵਿਆਹ-ਸ਼ਿਆਹ ਨਾਲ ਇਹਦਾ ਕੀ ਵਿਗੜਨਾ

ਸੌਰਨਾ ਏ ? 'ਕੱਠੇ ਰਹੋ, ਨਾ ਰਹੋ, ਇਬਾਦਤ ਵਿਚ ਕੀ ਫ਼ਰਕ ਪੈਣਾ ਏ ? ਵਗ਼ੈਰਾ ਵਗ਼ੈਰਾ ।

ਖ਼ੈਰ, ਕਿੱਸਾ ਮੁਖ਼ਤਸਰ ਇਹ, ਕਿ ਤੁਹਾਡੀ ਇਸ ਕਿੱਸਾ-ਗੋ ਦਾ ਵਿਆਹ ਤੈਅ ਹੋ ਗਿਆ । ਜ਼ਾਹਿਰ ਏ ਕਿ ਕਿਸੇ ਹੋਰ ਨਾਲ । ਮੇਰੀ ਉਸੇ ਦੋਸਤ ਕੁੜੀ ਨੇ ਬਲਦੇਵ ਨੂੰ ਖ਼ਬਰ ਭੇਜ ਦਿਤੀ । ਬਲਦੇਵ ਉਦੋਂ ਮਾਊਂਟ ਆਬੂ ਸਨ, ਆਈ. ਪੀ. ਐਸ. ਦੀ ਟਰੇਨਿੰਗ 'ਤੇ ।

ਵਿਆਹ ਹੋ ਗਿਆ । (ਉਹ ਸਾਰਾ ਕਿੱਸਾ ਤੁਹਾਨੂੰ ਫੇਰ ਸੁਣਾਵਾਂਗੀ ।) ਚਹੁੰ ਦਿਨਾਂ ਮਗਰੋਂ ਨਿੱਕਾ ਵੀਰ, (ਜਿਹੜਾ ਅੱਜ ਕਲ੍ਹ ਬਹੁਤ ਵਡਾ ਡਾਕਟਰ ਏ, ਤੇ ਏਸ ਕਰ ਕੇ ਡਾਕਟਰ ਨੜਿੰਨਵੇਂ ਫ਼ੀ ਸਦੀ ਏ, ਤੇ ਵੀਰ ਬਸ ਇਕ ਫ਼ੀ ਸਦੀ ਰਹਿ ਗਿਆ ਏ, ਉਹ ਵੀ ਏਸ ਕਰ ਕੇ ਕਿ ਉਹਦੇ ਤੇ ਮੇਰੇ ਮਾਂ ਪਿਓ ਨੇ ਇਹ ਵੀਰ ਦਾ ਰੁਤਬਾ ਉਹਦੇ ਲਈ ਤੈਅ ਕੀਤਾ ਸੀ, ਉਹਨੇ ਆਪ ਤਾਂ ਨਹੀਂ ਸੀ ਨਾ ਚੁਣਿਆ ) ਕਰਨਾਲ ਮੇਰੇ ਸਹੁਰੇ ਜਾ ਕੇ ਮੈਨੂੰ ਦਿੱਲੀ ਲੈ ਆਇਆ ।

ਦਿੱਲੀ ਆਇਆਂ ਮੈਨੂੰ ਦਸ ਕੁ ਦਿਨ ਹੋ ਗਏ ਸਨ, ਤੇ ਉਸ ਤੋਂ ਅਗਲੇ ਦਿਨ ਮੇਰੇ ਖ਼ਾਵੰਦ ਨੇ ਕਰਨਾਲੋਂ ਮੈਨੂੰ ਵਾਪਸ ਲੈਣ ਆਉਣਾ ਸੀ, ਕਿ ਮੇਰੀ ਓਸੇ ਸਖੀ ਦੀਸ਼ ਨੇ ਇਕ ਖ਼ਤ ਮੈਨੂੰ ਲਿਆ ਕੇ ਫੜਾਇਆ ।

ਖ਼ਤ ਬਲਦੇਵ ਦਾ ਸੀ । "ਜਿਸ ਗੱਲ ਦੀ ਮੈਨੂੰ ਤੇਰੇ ਵਿਆਹ ਤੋਂ ਮਗਰੋਂ ਸਮਝ ਆਈ ਏ, ਉਸ ਗੱਲ ਦਾ ਜੇ ਪਹਿਲੋਂ ਹੀ ਪਤਾ ਲਗ ਜਾਂਦਾ ਤਾਂ ਅੱਜ ਇਸ ਭਿਆਨਕ ਤੂਫ਼ਾਨ ਵਿਚੋਂ ਮੈਨੂੰ ਨਾ ਗੁਜ਼ਰਨਾ ਪੈਂਦਾ । ਮੈਂ ਨਹੀਂ ਬਰਦਾਸ਼ਤ ਕਰ ਸਕਦਾ । ਜਦੋਂ ਸੋਚਦਾ ਹਾਂ ਕਿ ਹੁਣ ਮੈਂ ਤੇਰਾ ਹੱਥ ਫੜ ਕੇ ਧੁੱਪੇ ਬਹਿ ਕੇ ਕਦੇ ਤੇਰੇ ਨਾਲ ਗੱਲਾਂ ਨਹੀਂ ਕਰ ਸਕਾਂਗਾ, ਤਾਂ ਸਾਰੇ ਜਿਸਮ ਦੇ ਅੰਦਰਵਾਰ, ਦਿਲ ਦਿਮਾਗ਼ ਵਿਚ, ਇਕ ਖ਼ੌਫ਼ਨਾਕ ਤੂਫ਼ਾਨ ਉਠਦਾ ਏ । ਇਹ ਤੂਫ਼ਾਨ ਏਨਾ ਵਸੀਹ ਏ, ਤੇ ਏਨਾ ਭਿਆਨਕ, ਕਿ ਇਸ ਵਿਚਾਰੇ ਜਿਸਮ ਦੀ ਨਿੱਕੀ ਜਿਹੀ ਹੱਦ ਦੇ ਅੰਦਰ ਸਿਮਟ ਨਹੀਂ ਰਿਹਾ । ਜ਼ਿੰਦਗੀ ਵਿਚ ਪਹਿਲੀ ਵਾਰੀ ਤੈਨੂੰ ਬਾਹਵਾਂ ਵਿਚ ਸਮੇਟਣ ਲਈ ਵਿਆਕੁਲ ਹਾਂ । ਪਹਿਲੀ ਵਾਰੀ ਮਹਿਸੂਸ ਹੋਇਆ ਏ ਕਿ ਪਿੰਡੇ ਦੀ ਛੁਹ ਤੋਂ ਬਿਨਾਂ ਰੂਹ ਦੀ ਛੁਹ ਬੇ-ਮਾਇਨੀ ਏ । ਪਿਛਲੇ ਤਿੰਨਾਂ ਵਰ੍ਹਿਆਂ ਤੋਂ ਮੈਂ ਜਿਨ੍ਹਾਂ ਭੁਲੇਖਿਆਂ ਵਿਚ ਜੀਅ ਰਿਹਾ ਸਾਂ, ਉਹਨਾਂ ਨੂੰ ਤੋੜਨ ਲਈ ਸ਼ਾਇਦ ਇਹ ਤੇਰੇ ਵਿਆਹ ਦਾ ਹਾਦਸਾ ਜ਼ਰੂਰੀ ਸੀ । ਮੈਂ ਸਿਰਫ਼ ਤੈਨੂੰ ਲੈਣ ਆਇਆਂ, ਮਾਊਂਟ ਆਬੂ ਤੋਂ । ਕਲ੍ਹ ਰਾਤ ਸਟੇਸ਼ਨ 'ਤੇ ਤੇਰੀ ਇੰਤਜ਼ਾਰ ਕਰਾਂਗਾਂ । ਜੇ ਤੂੰ ਨਾ ਆਈ ਤਾਂ ਪੰਦਰਾਂ ਦਿਨ ਮਾਊਂਟ ਆਬੂ ਇੰਤਜ਼ਾਰ ਕਰਾਂਗਾ । ਜੇ ਤੂੰ ਫੇਰ ਵੀ ਨਾ ਆਈ, ਤਾਂ ਦੋ ਨਵੰਬਰ ਨੂੰ ਰਾਤ ਦੇ ਬਾਰਾਂ ਵਜੇ ਆਪਣੇ ਪਿਸਤੌਲ ਨੂੰ ਪੁੜਪੁੜੀ ਤੇ ਰਖ ਕੇ...ਕਿਸੇ ਗੁੱਸੇ ਗਿਲੇ ਕਰ ਕੇ ਨਹੀਂ, ਤੇਰੇ ਖ਼ਿਲਾਫ਼ ਰੋਸ ਨਾਲ ਵੀ ਨਹੀਂ, ਸਿਰਫ਼ ਇਸ ਕਰ ਕੇ ਕਿ ਇਹ ਪੀੜ ਜਰਨੀ ਮੇਰੇ ਵੱਸ ਦੀ ਗੱਲ ਨਹੀਂ ।"



ਉਹ ਸਤਾਰਾਂ ਅਕਤੂਬਰ ਦੀ ਸਵੇਰ ਸੀ । ਕਾਲੀ ਸਵੇਰ । ਧੁਆਂਖੀ ਹੋਈ ।

ਦੀਸ਼ ਦੇ ਨਾਲ ਹੀ ਭੱਜੀ ਭੱਜੀ ਬਲਦੇਵ ਦੇ ਘਰ ਗਈ । ਘਰ ਨਹੀਂ, ਘਰ ਦੇ ਬਾਹਰਲੀ ਗਲੀ ਦੇ ਪਰਲੇ ਸਿਰੇ ਤੱਕ । ਦੀਸ਼ ਉਹਨੂੰ ਘਰੋਂ ਜਾ ਕੇ ਸੱਦ ਲਿਆਈ ।

ਜੇ ਪਿੰਡੇ ਵਿਚ ਕੋਈ ਭੁਚਾਲ ਆਉਂਦਾ ਏ, ਤਾਂ ਉਹ ਭੁਚਾਲ ਵਾਲਾ ਹੀ ਖਿਣ ਸੀ ।

ਪੈਰਾਂ ਦੇ ਹੇਠਾਂ ਜ਼ਮੀਨ ਨਹੀਂ ਸੀ, ਤੂਫ਼ਾਨਾਂ ਵਾਲੇ ਪਾਣੀਆਂ 'ਤੇ ਤੈਰਦਾ ਞਿਕ ਸ਼ਿਕਸਤਾ ਟੁੱਟਾ-ਭੱਜਾ ਲੱਕੜ ਦਾ ਫੱਟਾ ਸੀ ।

ਸਭ ਤੋਂ ਵੱਡਾ ਮੁਅਜਜ਼ਾ ਸੀ — ਧਾਹ ਕੇ ਬਲਦੇਵ ਦੇ ਗਲ ਲਗਣੋਂ ਆਪਣੇ ਆਪ ਨੂੰ ਰੋਕਣਾ ।

ਕੌਣ ਕਹਿੰਦਾ ਏ ਇਨਸਾਨ ਕਮਜ਼ੋਰ ਏ ? ਅਰੇ, ਇਨਸਾਨ ਤਾਂ ਬਹਾਦਰੀ ਦੇ ਉਹ ਉਹ ਕਾਰਨਾਮੇ ਕਰ ਗੁਜ਼ਰਦਾ ਏ ਕਿ ਆਫ਼ਰੀਨ ! ਮੈਂ ਬਹਿਕ ਨਹੀਂ ਰਹੀ ਦੋਸਤੋ, ਪਰ ਸੱਚ ਕਹਿੰਦੀ ਹਾਂ ਕਿ ਇਨਸਾਨ ਦੀ ਬਹਾਦਰੀ ਦੇ ਕ੍ਰਿਸ਼ਮੇ ਵਰਗੇ ਕਾਰਨਾਮਿਆਂ ਨੂੰ ਚਾਰ ਨਹੀਂ ਚਾਰ ਹਜ਼ਾਰ ਵੇਦਾਂ ਵਿਚ ਵੀ ਨਹੀਂ ਵਲ੍ਹੇਟਿਆ ਜਾ ਸਕਦਾ । ਪਰ ਅਜੀਬ ਗੱਲ ਏ ਕਿ ਅਸਲੀ ਬਹਾਦਰੀ ਦੇ ਕਾਰਨਾਮੇ ਕਦੇ ਕਿਸੇ ਨੇ ਬਿਆਨ ਨਹੀਂ ਕੀਤੇ । ਜਿਹੜੀ ਬਹਾਦਰੀ ਬਿਆਨ ਕੀਤੀ ਜਾਂਦੀ ਏ ਉਸ ਵਿਚ ਖ਼ੂਬਸੂਰਤੀ ਨਹੀਂ ਸਗੋਂ ਬਹੁਤ ਸਾਰਾ ਕੋਝ ਛੁਪਿਆ ਹੁੰਦਾ ਏ, ਹੋਰਨਾਂ ਮਨੁੱਖਾਂ ਦੀ ਮੌਤ ਛੁਪੀ ਹੁੰਦੀ ਏ, ਤਬਾਹੀ ਛੁਪੀ ਹੁੰਦੀ ਏ । ਕੁੰਦ-ਜ਼ਹਿਨ ਤਾਂ ਹਾਂ ਹੀ, ਪਰ ਕਨਫ਼ੈਸ ਕਰਦੀ ਹਾਂ ਕਿ ਮੈਦਾਨੇ-ਜੰਗ ਵਿਚ ਹੋਈਆਂ ਬਹਾਦਰੀਆਂ ਦੀ ਗੱਲ ਮੈਨੂੰ ਕਦੇ ਸਮਝ ਨਹੀਂ ਆਈ । ਲੜਾਈ ਦੀ ਹਰ ਖ਼ਬਰ ਸੁਣ ਕੇ ਸਿਰਫ਼ ਇਹੀ ਖ਼ਿਆਲ ਆਉਂਦਾ ਏ, 'ਹਾਏ ਵਿਚਾਰੇ ਕੁੱਕੜ ।' ਲਗਦਾ ਏ, ਦੋ ਖ਼ੌਫ਼ਨਾਕ ਮੁੱਛਾਂ ਵਾਲੇ ਬੰਦੇ ਆਪਣੇ ਕਿਸੇ ਨਾ ਕਿਸੇ ਫ਼ਾਇਦੇ ਲਈ — ਚਾਹੇ ਉਹ ਈਗੋ ਦੀ ਤਸੱਲੀ ਹੋਵੇ,ਜਾਂ ਲੋਕਾਂ ਦੀਆਂ ਲਗੀਆਂ ਸ਼ਰਤਾਂ ਕਰਕੇ ਪੈਸੇ ਦੀ ਤਸੱਲੀ — ਆਪਣੇ ਆਪਣੇ ਕੁੱਕੜ ਲੜਾ ਰਹੇ ਨੇ । ਜੇ ਕੁੱਕੜ ਆਪਸ ਵਿਚ ਸਮਝੌਤਾ ਕਰ ਲੈਣ ਕਿ ਆਪਾਂ ਤਾਂ ਭਰਾ ਭਰਾ ਕੁੱਕੜ ਹੀ ਹਾਂ, ਆਪਾਂ ਨਹੀਂ ਲੜਨਾ...

ਤੱਕੋ ਮੈਂ ਬਹਿਕ ਰਹੀ ਹਾਂ । ਤੁਸੀਂ ਟੋਕਦੇ ਕਿਉਂ ਨਹੀਂ ?

ਜੇ ਬਹਿਕ ਹੀ ਰਹੀ ਹਾਂ ਤਾਂ ਇਕ ਗੱਲ ਹੋਰ ਵੀ ਦੱਸ ਹੀ ਦਿਆਂ । ਰੀਪਬਲਿਕ ਡੇ ਪਰੇਡ ਵਿਚ ਫ਼ੌਜੀਆਂ ਨੂੰ ਮਾਰਚ ਕਰਦਿਆਂ ਤੱਕ ਕੇ ਹਮੇਸ਼ਾਂ ਲਾਹੌਰ ਭਾਟੀ ਦਰਵਾਜ਼ੇ ਦੇ ਬਾਹਰ ਬਕਰੀਦ ਵਾਲੇ ਦਿਨ ਮਹਿੰਦੀ ਨਾਲ ਸ਼ਿੰਗਾਰੇ ਬੱਕਰੇ ਯਾਦ ਆਉਂਦੇ ਨੇ ।

ਖ਼ੈਰ ਛੱਡੋ । ਇਸ ਬੋਲੀ ਦੀ ਇਸ ਦੁਨੀਆਂ ਵਿਚ ਕਿਹਨੂੰ ਸਮਝ ਆਉਣੀ ਏ ! ਪਰ ਸੋਚਣ ਤੇ ਤਾਂ ਕੋਈ ਵੀ ਸੈਂਸਰ ਨਹੀਂ ਨਾ ਲਗ ਸਕਦਾ !

ਖ਼ੈਰ, ਬੜੀ ਬਹਾਦਰੀ ਨਾਲ ਖੜੀ ਰਹੀ, ਦੂਰੋਂ ਬਲਦੇਵ ਨੂੰ ਆਪਣੇ ਵਲ ਤੁਰਦਿਆਂ ਆਉਂਦਿਆਂ ਵੇਖਦੀ, ਆਪਣੀ ਓਸੇ ਮਿਊਜ਼ੀਕਲ ਚਾਲ ਨਾਲ ।

ਮੈਨੂੰ ਨਹੀਂ ਪਤਾ ਕਿਸ ਵੇਲੇ ਦੀਸ਼ ਤੁਰ ਗਈ, ਕਿਸ ਵੇਲੇ ਬਲਦੇਵ ਨੇ ਟੈਕਸੀ ਲਈ, ਕਿਹੜੇ ਰਾਹਾਂ ਤੋਂ ਉਹ ਟੈਕਸੀ ਗੁਜ਼ਰੀ । ਮੈਨੂੰ ਸਿਰਫ਼ ਇਹ ਪਤਾ ਏ ਕਿ ਉਹ

ਮੇਰੇ ਕੋਲ ਸਨ, ਤੇ ਮੇਰਾ ਹੱਥ ਉਹਨਾਂ ਨੇ ਘੁੱਟ ਕੇ ਫੜਿਆ ਹੋਇਆ ਸੀ।

ਪਤਾ ਨਹੀਂ ਕਿਸ ਤਰ੍ਹਾਂ ਤੇ ਕਿਉਂ ਉਹ ਮੈਨੂੰ ਰੋਸ਼ਨਆਰਾ ਬਾਗ਼ ਲੈ ਗਏ। ਓਥੇ ਅਸੀਂ ਅਗੇ ਕਦੇ ਨਹੀਂ ਸਾਂ ਗਏ। ਨਵੀਂ ਥਾਂ 'ਤੇ ਪਤਾ ਨਹੀਂ ਕਿਉਂ ਗਏ ਉਸ ਦਿਨ। ਸ਼ਾਇਦ ਇਸ ਲਈ ਕਿ ਦੋਵੇਂ ਆਪਣੀਆਂ ਜਾਣੂ ਚੱਟਾਨਾਂ ਤੋਂ ਤੇ ਜਾਣੂ ਰੁੱਖਾਂ ਤੋਂ ਨਜ਼ਰਾਂ ਚੁਰਾ ਕੇ ਏਧਰ ਓਪਰੀ ਛਾਵੇਂ ਆ ਗਏ ਸਨ।

ਬਾਗ਼ ਦੇ ਪਰਲੇ ਖੂੰਜੇ ਵਿਚ ਮਾਲੀ ਦੀ ਝੁੱਗੀ ਸੀ। ਮਾਲੀ ਨਾਲ ਉਹਨਾਂ ਦੀ ਦੋਸਤੀ ਲਗਦੀ ਸੀ ਕਿਉਂਕਿ ਉਹ ਬੜੇ ਨਿੱਘ ਨਾਲ ਮਿਲਿਆ, ਤੇ ਇਕ ਸੰਘਣੇ ਰੁੱਖ ਦੇ ਹੇਠਾਂ ਉਹਨੇ ਸਾਨੂੰ ਮੰਜੀ ਡਾਹ ਦਿਤੀ। ਪਾਣੀ ਦੀ ਸੁਰਾਹੀ ਤੇ ਮਿੱਟੀ ਦਾ ਕਸੋਰਾ ਵੀ ਕੋਲ ਲਿਆ ਰਖਿਆ। ਠੰਢਾ ਪਾਣੀ ਕਸੋਰੇ ਵਿਚ ਭਰ ਕੇ ਉਹਨੇ ਪਹਿਲਾਂ ਮੈਨੂੰ ਪਿਆਇਆ, ਫੇਰ ਬਲਦੇਵ ਨੂੰ।

ਤੇ ਫੇਰ ਘੰਟਿਆਂ ਦੇ ਘੰਟੇ ਗੁਜ਼ਰ ਗਏ। ਬਿਲਕੁਲ ਖ਼ਾਮੋਸ਼। ਤੁਸੀਂ ਮੰਨਣਾ ਤਾਂ ਨਹੀਂ ਪਰ ਸੱਚ ਕਹਿੰਦੀ ਹਾਂ ਉਸ ਦਿਨ ਉਸ ਖ਼ਾਮੋਸ਼ੀ ਨੇ ਜਿੰਨੀਆਂ ਗੱਲਾਂ ਕੀਤੀਆਂ ਉਹ ਪਿਛਲੇ ਤਿੰਨਾਂ ਵਰ੍ਹਿਆਂ ਵਿਚ ਵੀ ਅਸੀਂ ਨਹੀਂ ਸਨ ਕੀਤੀਆਂ।

ਖ਼ਾਮੋਸ਼ੀ ਵਿਚ ਹੋਈ ਉਸ ਗੁਫ਼ਤਗੂ ਵਿਚ ਇਕ ਤੀਜੀ ਡਾਈਮੈਨਸ਼ਨ ਵੀ ਰਲ ਗਈ ਹੋਈ ਸੀ। ਤੇ ਜੇ ਕੋਈ ਚੌਥੀ ਡਾਈਮੈਨਸ਼ਨ ਵੀ ਹੁੰਦੀ ਏ, ਤਾਂ ਉਹ ਵੀ।

ਪਰਛਾਵੇਂ ਢਲ ਗਏ। ਸ਼ਾਮ ਹੋ ਗਈ। ਮਾਲੀ ਨੇ ਜਦੋਂ ਆ ਕੇ ਆਪਣੇ ਚੁੱਲ੍ਹੇ ਵਿਚ ਫੂਕਾਂ ਮਾਰਨੀਆਂ ਸ਼ੁਰੂ ਕੀਤੀਆਂ, ਤਾਂ ਬਹੁਤ ਦੂਰੋਂ ਆਉਂਦੀ ਕਿਸੇ ਪੰਛੀ ਦੀ ਚੀਕ ਵਾਂਗੂ ਵਕਤ ਦਾ ਅਹਿਸਾਸ ਮੁੜ ਆਇਆ।

ਚੁੱਪਚਾਪ ਅਸੀਂ ਉਠੇ। ਚੁੱਪਚਾਪ ਬਾਹਰ ਆ ਕੇ ਟੈਕਸੀ ਲਈ। ਚੁੱਪਚਾਪ ਮੇਰੇ ਘਰ (?) ਕੋਲ ਆ ਕੇ ਬਲਦੇਵ ਨੇ ਟੈਕਸੀ ਵਾਲੇ ਨੂੰ ਰੁਕਣ ਵਾਸਤੇ ਕਿਹਾ। ਤੇ ਪੋਲੀ ਜਿਹੀ ਮੇਰਾ ਹੱਥ ਘੁੱਟ ਕੇ ਆਹਿਸਤਾ ਜਿਹੇ ਕਹਿਣ ਲਗੇ, "ਕਲ੍ਹ ਰਾਤ! ਨਵੀਂ ਦਿੱਲੀ ਸਟੇਸ਼ਨ!"

ਅੱਜ ਪਿੱਛੇ ਮੁੜ ਕੇ ਵੇਖਦੀ ਹਾਂ ਤਾਂ ਹੈਰਾਨੀ ਹੁੰਦੀ ਏ। ਕਿੰਨੇ ਸਾਬਤ ਹੁੰਦੇ ਸਨ ਵਿਸ਼ਵਾਸ ਓਦੋਂ। ਮਸਲਨ, ਰੱਬ ਦੀ ਹੋਂਦ ਵਿਚ ਵਿਸ਼ਵਾਸ, ਆਪਣੀ ਵਿੱਲ ਪਾਵਰ ਵਿਚ ਵਿਸ਼ਵਾਸ। ਲਗਦਾ ਸੀ, ਮਹਿਜ਼ ਮਨ ਦੀ ਪਾਕੀਜ਼ਗੀ ਤੇ ਮੁਹੱਬਤ ਦੀ ਗਹਿਰਾਈ ਤੇ ਸ਼ਿੱਦਤ, ਹਜ਼ਾਰਾਂ ਮੀਲ ਦੂਰ ਵੱਸਦੇ ਮਹਿਬੂਬ ਨੂੰ ਬਚਾਣ ਲਈ ਕਾਫ਼ੀ ਏ।

ਬਲਦੇਵ ਨੇ ਕਿਹਾ ਸੀ, ਦੋ ਤਾਰੀਖ਼ ਰਾਤੀਂ ਬਾਰਾਂ ਵਜੇ ਤੱਕ ਉਹ ਮਾਊਂਟ ਆਬੂ ਮੇਰਾ ਇੰਤਜ਼ਾਰ ਕਰਨਗੇ; ਤੇ ਜੇ ਮੈਂ ਨਾ ਪਹੁੰਚੀ, ਤਾਂ ਬਾਰਾਂ ਵਜੇ ਆਪਣੇ ਪਿਸਤੌਲ ਨੂੰ...। ਯਾ ਖ਼ੁਦਾ! ਸੋਚ ਕੇ ਜਿੰਦ ਕੰਬਦੀ ਸੀ। ਪਰ ਕਿਧਰੇ ਸਾਬਤ ਯਕੀਨ ਵੀ ਸੀ ਮੈਂ ਕਰਨਾਲੋਂ ਬਾਂਹ ਲੰਮੀ ਕਰ ਕੇ ਮਾਊਂਟ ਆਬੂ ਬਲਦੇਵ ਦਾ ਹੱਥ ਫੜ ਲਵਾਂਗੀ, ਤੇ ਉਹ ਔਖੀ ਘੜੀ ਟਲ ਜਾਵੇਗੀ।

ਉਹ ਪੰਦਰਾਂ ਦਿਨ ਕਿਸ ਤਰ੍ਹਾਂ ਲੰਘੇ, ਨਾ ਪੁੱਛੋ। ਇਕ ਅੱਗ ਦਾ ਦਰਿਆ ਸੀ, ਤੇ ਪਾਰਲੇ ਕੰਢੇ ਪਹੁੰਚਣਾ ਬਹੁਤ ਜ਼ਰੂਰੀ ਸੀ; ਉਹ ਵੀ ਤੈਰ ਕੇ।



ਤੇ ਕਿੰਨੀਆਂ ਹੀ ਚੀਸਾਂ ਸਨ ਜਿਹੜੀਆਂ ਸਾਰੇ ਬਦਨ ਵਿਚੋਂ ਤੁਰ ਕੇ ਰੂਹ ਨੂੰ ਤਿੱਖੇ ਚਾਕੂ ਵਾਂਗੂੰ ਚੀਰਦੀਆਂ ਸਨ, ਔਰਤ ਹੋਣ ਦੀ ਮਜਬੂਰੀ, ਖ਼ਾਮੋਸ਼ ਰਹਿਣ ਦੀ ਮਜਬੂਰੀ, ਤੇ ਰੂਹ ਦੇ ਮਾਊਂਟ ਆਬੂ ਹੋਣ ਦੀ ਤੇ ਬਦਨ ਦੇ ਕਰਨਾਲ ਹੋਣ ਦੀ ਮਜਬੂਰੀ, ਤੇ ਫੇਰ ਐਕਟਿੰਗ ਕਰਨ ਦੀ ਮਜਬੂਰੀ — ਰੇਸ਼ਮੀ ਕੱਪੜੇ ਪਾ ਕੇ, ਲਿਪਸਟਿਕ ਮਲ ਕੇ, ਮੁਸਕਰਾਹਟ ਨੂੰ ਹੋਠਾਂ 'ਤੇ ਚਿਪਕਾ ਕੇ।

ਦੋ ਤਾਰੀਖ਼ ਰਾਤ ਦੇ ਬਾਰਾਂ ਵਜੇ ਤਾਂ ਰੂਹ ਸੂਲੀ 'ਤੇ ਚੜ੍ਹ ਕੇ ਝੂਲ ਗਈ। ਕਿੱਲ ਹੱਥਾਂ ਪੈਰਾਂ ਵਿਚ ਨਹੀਂ ਸਨ ਦੋਸਤੋ, ਛਾਤੀ ਵਿਚ ਠੁਕੇ ਸਨ। ਤੇ ਮੱਥੇ ਵਿਚ।

ਅਜੀਬ ਗੱਲ ਜਾਪਦੀ ਏ ਅੱਜ, ਕਿਉਂਕਿ ਅੱਜ ਮੈਂ ਦੇ ਵਿਸ਼ਵਾਸਾਂ ਦੀਆਂ ਬਹੁਤ ਸਾਰੀਆਂ ਲਾਸ਼ਾਂ, ਬਿਨਾਂ ਦਫ਼ਨਾਉਣ ਤੋਂ ਪਿੱਛੇ ਛੱਡ ਆਈ ਹਾਂ, ਪਰ ਓਦੋਂ ਜਦੋਂ ਵਿਸ਼ਵਾਸ ਅਜੇ ਜਿਊਂਦੇ ਸਨ ਤਾਂ ਬਿਲਕੁਲ ਲਗਾ ਸੀ ਕਿ ਦੋ ਤਾਰੀਖ਼ ਰਾਤੀਂ ਬਾਰਾਂ ਵਜੇ ਮੈਂ ਬਿਲਕੁਲ ਬਲਦੇਵ ਦੇ ਕੋਲ ਖੜੇ ਕੇ ਉਹਦੇ ਹੱਥ ਨੂੰ ਆਪਣੀਆਂ ਅੱਖਾਂ 'ਤੇ ਧਰ ਲਿਆ ਸੀ। ਗਿੱਲਾ ਹੱਥ ਪਿਸਤੌਲ ਨਹੀਂ ਸੀ ਚਲਾ ਸਕਦਾ। ਨਾਲੇ ਮੇਰੇ ਅੱਥਰੂ ਪੂੰਝਣ ਦੀ ਜ਼ਿੰਮੇਵਾਰੀ ਵੀ ਨਹੀਂ ਸੀ ਭੁੱਲ ਸਕਦਾ।

.........

ਇਕ ਜ਼ਮਾਨਾ ਗੁਜ਼ਰ ਗਿਆ।

ਵਕਤ ਦੇ ਬਲੌਰੀ ਪਾਣੀਆਂ ਵਿਚ ਬਹੁਤ ਸਾਰਾ ਕੂੜਾ ਤੇ ਚਿੱਕੜ ਆ ਰਲਿਆ।

ਵਿਸ਼ਵਾਸ ਪੱਤਝੜ ਦੇ ਪੀਲੇ ਪੱਤਿਆਂ ਵਾਂਗ ਬੱਸ ਇਕ ਵਾਰੀ ਜਿੰਦ ਦੇ ਰੁੱਖ ਤੋਂ ਝੜਨੇ ਸ਼ੁਰੂ ਹੋਏ, ਤਾਂ ਸਾਰੀਆਂ ਟਾਹਣੀਆਂ ਨੰਗੀਆਂ ਹੁੰਦੀਆਂ ਚਲੀਆਂ ਗਈਆਂ; ਬੇਸਹਾਰਾ, ਖੁਲ੍ਹੀਆਂ ਬਾਹਵਾਂ ਵਾਂਗੂ।

ਤੇ ਫੇਰ ਪਤਾ ਨਹੀਂ ਕਿਸ ਤਰ੍ਹਾਂ ਪਰਦੇਸੋਂ ਆਈ ਕੂੰਜ ਵਾਂਗੂੰ ਮੇਰੀ ਵੱਡੀ ਧੀ ਅਰਪਨਾ, ਜਿਹੜੀ ਓਦੋਂ ਸਿਰਫ਼ 'ਡੌਲੀ' ਹੁੰਦੀ ਸੀ, ਇਕ ਨੰਗੀ ਟਾਹਣੀ 'ਤੇ ਆ ਬੈਠੀ...। ਮੈਨੂੰ ਟਾਹਣੀਆਂ ਦੇ ਨੰਗੇਜ ਨੂੰ ਤੱਕ ਤੱਕ ਕੇ ਉਸ ਨਿੱਕੀ ਜਿਹੀ ਜਾਨ 'ਤੇ ਬੜਾ ਰਹਿਮ ਆਉਂਦਾ ਹੁੰਦਾ ਸੀ।

ਖ਼ੈਰ, ਉਹ ਸਭ ਗੱਲਾਂ ਮਗਰੋਂ ਕਰਾਂਗੇ। ਇਕ ਦਿਨ ਡੌਲੀ ਬਹੁਤ ਬੀਮਾਰ ਸੀ। ਡੌਲੀ ਦੇ ਡਾਕਟਰ ਪਿਤਾ ਹੱਸਦੇ ਹੱਸਦੇ ਕਹਿ ਗਏ ਸਨ, 'ਇਹਦਾ ਬਚਣਾ ਹੁਣ ਮੁਸ਼ਕਲ ਏ।' ਦੀਆ-ਸਲਾਈ ਦੀ ਇਕ ਤੀਲ੍ਹੀ ਨਾਲ ਉਹਨਾਂ ਨੇ ਮੈਨੂੰ ਉਹਦੇ ਪਖ਼ਾਨੇ ਵਿਚੋਂ ਇਕ ਧਾਗਾ ਜਿਹਾ ਚੁੱਕ ਕੇ ਵਿਖਾਇਆ ਸੀ ਤੇ ਕਹਿਣ ਲਗੇ "ਔਹ ਵੇਖ, ਇਹਦੀਆਂ ਆਂਦਰਾਂ ਕੱਟ ਕੱਟ ਕੇ ਬਾਹਰ ਨਿਕਲ ਰਹੀਆਂ ਨੇ।"

ਉਹ ਤਾਂ ਚਲੇ ਗਏ ਆਪਣੀ ਡਾਕਟਰੀ ਦੀ ਹੱਟੀ 'ਤੇ, ਬਾਕੀ ਮਰੀਜ਼ਾਂ ਨੂੰ ਬਚਾਣ ਤੇ ਰਾਜ਼ੀ ਕਰਨ, ਤੇ ਮੈਂ ਸਹਿਮੀ ਹੋਈ, ਡੌਲੀ ਨੂੰ ਬਾਹਵਾਂ ਵਿਚ ਚੁੱਕ ਕੇ ਬੈਠੀ ਸਾਂ।

ਲੱਤਾਂ ਬਾਹਵਾਂ ਵਿਚ ਏਨੀ ਵੀ ਹਿੰਮਤ ਨਹੀਂ ਸੀ ਕਿ ਉੱਠ ਕੇ ਕਿਸੇ ਨੂੰ ਆਵਾਜ਼ ਵੀ ਦੇ ਸੱਕਾਂ। ਤਾਂਹੀਏਂ ਬੂਹਾ ਖੜਕਿਆ।

ਲਾਲ ਚੂੜੇ ਵਾਲੀ ਇਕ ਲੰਮੀ ਸੁਨੱਖੀ ਕੁੜੀ ਦਰਵਾਜ਼ੇ 'ਤੇ ਖੜੀ ਸੀ — 'ਮੈਂ ਬਲਦੇਵ ਦੀ ਬੀਵੀ ਆਂ।' ਦਿਮਾਗ ਦੇ ਆਸ ਪਾਸ ਧੁੰਦ ਦਾ ਜਿਹੜਾ ਝੁੰਗਲਮਾਟਾ ਸੀ। ਉਹਦੇ ਤੋਂ ਪਾਰ ਉਹਦੇ ਨਕਸ਼ ਬੜੇ ਕੂਲੇ ਲਗੇ। ਕੂਲੇ ਤੇ ਭਿੱਜੇ ਹੋਏ। ਪਰ ਡੌਲੀ ਦੀ ਬੀਮਾਰੀ ਕਰਕੇ ਰੂਹ ਦੀ ਜਿਹੜੀ ਸੁੰਨ-ਮਸਾਨ ਹਾਲਤ ਸੀ, ਉਹਦੇ ਵਿਚ ਵੇਖੇ ਹੋਏ ਉਹ ਨਕਸ਼ ਅੱਜ ਯਾਦ ਨਹੀਂ। ਕੋਲੋਂ ਵੀ ਲੰਘ ਜਾਵੇ ਤਾਂ ਨਾ ਪਛਾਣ ਸਕਾਂ।

ਮਗਰੋਂ ਜਦੋਂ ਵੀ ਮੈਂ ਉਹਦਾ ਮੂੰਹ ਯਾਦ ਕਰਦੀ ਸਾਂ, ਮੈਨੂੰ ਸਿਰਫ਼ ਉਹਦੇ ਵਾਲ ਨਜ਼ਰ ਆਉਂਦੇ ਸਨ, ਤੇ ਉਸ ਚਿਹਰੇ ਉਤੇ ਝੁਕਿਆ ਹੋਇਆ ਬਲਦੇਵ ਦਾ ਚਿਹਰਾ।

'ਬਲਦੇਵ ਨੇ ਮੈਨੂੰ ਸਭ ਕੁਝ ਦੱਸ ਦਿਤਾ ਏ। ਅਸੀਂ ਦੋਵੇਂ ਤੁਹਾਨੂੰ ਮਿਲਣ ਆਏ ਹਾਂ।'

'ਦੋਵੇਂ ?'

'ਬਲਦੇਵ ਨੂੰ ਪਰ੍ਹਾਂ ਸੜਕ ਦੇ ਮੋੜ 'ਤੇ ਖੜਾ ਕਰ ਆਈ ਹਾਂ।'

ਫ਼ੈਸਲੇ ਦੀ ਘੜੀ ਨਜ਼ਰ ਤਾਂ ਨਹੀਂ ਆਇਆ ਕਰਦੀ ਦੋਸਤੋ ! ਪਰ ਉਸ ਨੂੰ ਅਸਾਂ ਸਾਰਿਆਂ ਨੇ ਕਦੇ ਨਾ ਕਦੇ ਸਾਹਮਣੇ ਖੜੋ ਕੇ ਵੰਗਾਰਦਿਆਂ ਮਹਿਸੂਸ ਕੀਤਾ ਹੁੰਦਾ ਏ।

ਮੈਂ ਕਿਹਾ, 'ਨਹੀਂ। ਮੇਰੀ ਉਹਨਾਂ ਨੂੰ ਆਦਾਬ ਕਹਿ ਦੇਣੀ, ਬੱਸ !'

ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ।

ਔਰਤ ਭਾਵੇਂ ਕਿੰਨੀ ਵੀ ਫ਼ਰਾਖ਼-ਦਿਲ ਕਿਉਂ ਨਾ ਹੋਵੇ, ਆਪਣੇ ਮਰਦ ਦੇ ਰਸਤੇ ਵਿਚ ਖੜੋਣ ਵਾਲੀ ਹਰ 'ਦੂਜੀ ਤੀਵੀਂ' ਉਹਦੀ ਛਾਤੀ 'ਤੇ ਸਿਲ-ਪੱਥਰ ਬਣ ਕੇ ਬੈਠੀ ਹੁੰਦੀ ਏ।

ਪੱਥਰ ਦੇ ਪਰ੍ਹਾਂ ਹੋਣ ਦਾ ਸ਼ੁਕਰਾਨਾ ਸੀ ਉਹਦੀ ਜੱਫੀ ਵਿਚ।

ਉਹਨੇ ਆਪਣੀ ਉਂਗਲੀ ਵਿਚੋਂ ਇਕ ਮੁੰਦਰੀ ਲਾਹ ਕੇ ਮੇਰੀ ਉਂਗਲ ਵਿਚ ਪਾ ਦਿਤੀ, 'ਮੇਰਾ ਨਾਂ ਸਤਵੰਤ ਏ। ਅੱਜ ਤੋਂ ਅਸੀਂ ਭੈਣਾਂ ਹੋਈਆਂ।'

ਉਸ ਵੇਲੇ ਹਿਸਾਬ ਕਿਤਾਬ ਨਾਲ ਤਾਂ ਮੈਨੂੰ ਕੁਝ ਵੀ ਸੁਣਾਈ ਨਹੀਂ ਸੀ ਦੇਣਾ ਚਾਹੀਦਾ, ਪਰ ਸੁਣਿਆ ਹੋਵੇਗਾ ਹੀ, ਤਦੇ ਤਾਂ ਅੱਖਰ ਅੱਖਰ ਯਾਦ ਏ।

ਇਸ ਗੱਲ ਨੂੰ ਚੁਥਾਈ ਸਦੀ ਹੋਣ ਲਗੀ ਏ। ਮੁੜ ਕੇ ਉਹ ਕਦੇ ਨਹੀਂ ਮਿਲੀ। ਨਾ ਉਹ, ਤੇ ਨਾ ਉਹਦਾ ਖ਼ਾਵੰਦ।



# ਕਹਾਣੀਆਂ

# ਫ਼ਾਲਤੂ ਔਰਤ

ਰਾਤੀਂ ਸਾਢੇ ਬਾਰਾਂ ਮੂਵੀ ਵੇਖ ਕੇ ਗੀਤਾ ਘਰ ਪਰਤੀ। ਬੂਹਾ ਖੋਲ੍ਹਿਆ। ਦਹਿਲੀਜ਼ ਦੇ ਉਤੇ ਇਕ ਸਫ਼ੈਦ ਵਿਜ਼ਿਟਿੰਗ ਕਾਰਡ ਉਲਟਾ ਪਿਆ ਸੀ।

ਚੁੱਕ ਕੇ ਵੇਖਿਆ, ਉਮੇਸ਼ ਦਾ ਸੀ।

ਉਹਨੂੰ ਉਮੇਸ਼ ਤੇ ਬੇਹੱਦ ਲਾਡ ਆਇਆ। ਕਿਸ ਤਰ੍ਹਾਂ ਏਨੀ ਦੂਰੋਂ ਮਿਲਣ ਆਇਆ ਹੋਵੇਗਾ। ਤੇ ਉਹਦਾ ਕਾਰਡ...ਦਹਿਲੀਜ਼ ਦੇ ਉਤੇ ਉਲਟਾ ਪਿਆ ਹੋਇਐ, ਜਿਵੇਂ ਕੋਈ ਦਰ ਤੇ ਸਜਦਾ ਕਰ ਰਿਹਾ ਹੋਵੇ।

ਫੇਰ ਉਹਨੂੰ ਝੁੰਜਲਾਹਟ ਹੋਣ ਲਗੀ। ਏਨੇ ਦਿਨਾਂ ਮਗਰੋਂ ਆਇਆ ਏ, ਆਉਣ ਤੋਂ ਪਹਿਲਾਂ ਟੈਲੀਫ਼ੋਨ ਨਹੀਂ ਸੀ ਕਰ ਸਕਦਾ ? ਤਾਰ ਨਹੀਂ ਸੀ ਦੇ ਸਕਦਾ ?

ਜਿਵੇਂ ਕਿਸੇ ਦਾ ਬਾਲ ਉਂਗਲ ਨਾਲੋਂ ਤਿਲ੍ਹਕ ਕੇ ਭੀੜ ਵਿਚ ਗੁਆਚ ਜਾਵੇ।

ਗੀਤਾ ਨੂੰ ਪਤਾ ਸੀ ਉਹ ਆਪਣੇ ਦੋਸਤ ਦੇ ਘਰ ਠਹਿਰਿਆ ਹੋਵੇਗਾ। ਸਾਰੀ ਰਾਤ ਉਹ ਸੋਚੀਂ ਪਈ ਰਹੀ — ਸਵੇਰੇ ਉਥੇ ਜਾਵਾਂ ਕਿ ਨਾ ?

ਜਾਵਾਂ ਕਿ ਨਾ ?

ਮਸਾਂ ਮਸਾਂ ਰਾਤ ਮੁੱਕੀ। ਗੀਤਾ ਜਦੋਂ ਨਹਾ ਰਹੀ ਸੀ, ਕੱਪੜੇ ਪਾ ਰਹੀ ਸੀ, ਵਾਲ ਵਾਹ ਰਹੀ ਸੀ, ਇਕ ਅਜੀਬ ਬੇਚੈਨੀ ਨਾਲ ਉਹਦੇ ਹੱਥ ਕੰਬ ਰਹੇ ਸਨ।

ਤੜਕ-ਸਾਰ ਉਹ ਨੌਂ ਮੀਲ ਦੂਰ ਉਮੇਸ਼ ਦੇ ਦੋਸਤ ਦੇ ਘਰ ਜਾ ਪਹੁੰਚੀ।

ਦੋਸਤ ਦੀ ਬੀਵੀ ਨੇ ਅਜੀਬ ਨਜ਼ਰਾਂ ਨਾਲ ਉਹਦੇ ਵਲ ਵੇਖਿਆ, "ਉਹ ਤੇ ਮੂੰਹ ਹਨੇਰੇ ਤੁਰ ਗਿਆ ਏ ਵਾਪਸ। ਕਹਿੰਦਾ ਸੀ, ਦੁਪਹਿਰ ਤੋਂ ਪਹਿਲਾਂ ਪਹਿਲਾਂ ਪਹੁੰਚ ਜਾਵਾਂਗਾ ਤਾਂ ਛੁੱਟੀ ਨਹੀਂ ਮਾਰੀ ਜਾਵੇਗੀ। ਸਾਮਾਨ ਉਹਨੇ ਰਾਤੀਂ ਹੀ ਡਰਾਈਵਰ ਕੋਲੋਂ ਮੋਟਰ ਵਿਚ ਰਖਵਾ ਛਡਿਆ ਸੀ। ਸਾਨੂੰ ਤੇ ਪਤਾ ਵੀ ਨਹੀਂ ਲਗਾ ਕਿਸ ਵੇਲੇ ਉਠ ਕੇ ਤੁਰ ਗਿਆ ਏ।"

ਗੀਤਾ ਨੂੰ ਲਗਦਾ ਏ, ਜਿਵੇਂ ਉਸ ਔਰਤ ਨੇ ਉਹਦੇ ਕੱਪੜੇ ਲਾਹ ਦਿਤੇ ਹੋਣ।

ਗੀਤਾ ਨੂੰ ਲਗਦਾ ਏ, ਉਹ ਸੰਭਲਦੀ ਸੰਭਲਦੀ ਵੀ ਉਸ ਓਪਰੀ ਤੀਵੀਂ ਦੇ ਸਾਹਮਣੇ ਟੁੱਟ ਕੇ, ਖਿੱਲਰ ਕੇ ਬਿਖਰਦੀ ਜਾ ਰਹੀ ਏ।

ਗੀਤਾ ਨੂੰ ਲਗਦਾ ਏ, ਉਹਦੇ ਦੋ, ਤਿੰਨ, ਚਾਰ ਟੁਕੜੇ ਹੋ ਗਏ ਨੇ। ਇਕ ਗੀਤਾ, ਦੋ ਗੀਤਾ, ਤਿੰਨ ਗੀਤਾ...

ਇਕ ਗੀਤਾ ਏ, ਜਿਹਨੂੰ ਲਗਦਾ ਏ ਉਹਦੀਆਂ ਲੱਤਾਂ ਭੁਰਭੁਰੀ ਮਿੱਟੀ ਦੀਆਂ ਬਣੀਆਂ ਹੋਈਆਂ ਨੇ ਤੇ ਹੇਠੋਂ ਭੁਰੀ ਜਾ ਰਹੀਆਂ ਨੇ। ਜੀਅ ਕਰਦਾ ਏ ਓਥੇ ਹੀ ਬਹਿ ਜਾਵੇ। ਭੁਰਦੀਆਂ ਕਿਰਦੀਆਂ ਲੱਤਾਂ ਨੂੰ ਖੜਿਆਂ ਰਖਣ ਦੀ ਵੇਦਨਾ ਤੇ ਤਰੱਦਦ ਤੋਂ ਛੁਟ ਜਾਵੇ।

ਦੂਜੀ ਗੀਤਾ ਏ, ਜਿਸ ਨੂੰ ਅੱਜ ਪਹਿਲੀ ਵਾਰੀ ਮਹਿਸੂਸ ਹੋ ਰਿਹਾ ਏ ਕਿ ਉਹ ਸ਼ਾਇਦ ਉਮੇਸ਼ ਨੂੰ ਬੇਹੱਦ ਮੁਹੱਬਤ ਕਰਨ ਲਗ ਪਈ ਏ। ਇਹ ਕਲੇਜੇ ਵਿਚ ਖ਼ੌਲਦੀ ਲੋੜ। ਇਹ ਬੇਬਸੀ। ਤੁਰ ਗਏ ਦੇ ਪਿਛੇ ਭੱਜ ਉਠਣ ਦੀ ਇਹ ਅੱਕਲਕਾਂਦ।

ਵਲਵਲਿਆਂ ਦੇ ਇਸ ਭੰਵਰ ਤੋਂ ਉਹਨੂੰ ਖ਼ੌਫ ਆ ਰਿਹਾ ਏ। ਇਕ ਵਾਰੀ ਫੇਰ...ਇਕ ਵਾਰੀ ਫੇਰ...ਨਹੀਂ...

ਤੀਜੀ ਗੀਤਾ ਏ, ਜਿਹਦਾ ਜੀਅ ਕਰਦਾ ਏ ਇਸ ਤੂਫ਼ਾਨ ਵਿਚ ਆਰਾਮ ਨਾਲ ਉਤਰ ਜਾਵੇ। ਕੰਢੇ ਤੇ ਖੜੋ ਕੇ ਬਹੁਤ ਦਿਨ ਜੀਅ ਲਿਆ। ਕੰਢੇ ਤੇ ਸਕੂਨ ਏ, ਪਰ ਤੂਫ਼ਾਨਾਂ ਦਾ ਹੁਸਨ ਨਹੀਂ।

ਪਿਛਲੀ ਵਾਰੀ ਵੀ ਮੈਂ ਇਸੇ ਤਰ੍ਹਾਂ ਆਪਣੇ ਆਪ ਨੂੰ ਪਾਗਲ ਪਾਣੀਆਂ ਦੇ ਹਵਾਲੇ ਕਰ ਦਿਤਾ।

— ਉਸ ਤੋਂ ਪਿਛਲੀ ਵਾਰੀ ਵੀ।

—ਹਰ ਵਾਰੀ ਇਹ ਪਾਗਲ ਪਾਣੀ ਪਿੰਡੇ ਦੀ ਹੱਡੀ ਹੱਡੀ ਚੁਰਮੁਰਾ ਦੇਂਦੇ ਨੇ। ਹਰ ਵਾਰੀ ਸੋਚਦੀ ਹਾਂ, ਬਸ ਹੁਣ ਨਹੀਂ ਬਚਾਂਗੀ। ਸਾਲ, ਦੋ ਸਾਲ, ਚਾਰ ਸਾਲ। ਤੂਫ਼ਾਨ ਮੇਰੀ ਆਪਣੀ ਛਾਤੀ ਵਿਚ ਉਤਰ ਜਾਂਦੇ ਨੇ। ਸਾਰਾ ਸ਼ੋਰ, ਸਾਰਾ ਹੜ੍ਹ, ਸਾਰਾ ਜਨੂੰਨ, ਸਾਰਾ ਪਾਗਲਪਣ, ਸਾਰੀ ਵਹਿਸ਼ਤ, ਸਾਰਾ ਖ਼ੌਫ਼ਨਾਕ ਹੁਸਨ। ਮੇਰੀਆਂ ਆਪਣੀਆਂ ਪਸਲੀਆਂ ਦੇ ਅੰਦਰ।

—ਤੇ ਬਾਹਰਲੇ ਪਾਣੀ ਜਿਵੇਂ ਮੈਨੂੰ ਚੁੱਕ ਕੇ ਹਾਰ ਜਾਂਦੇ ਨੇ, ਥੱਕ ਜਾਂਦੇ ਨੇ। ਕੰਢੇ ਤੇ ਲਿਆ ਸੁੱਟਦੇ ਨੇ, ਪਟਕਾ ਕੇ।

—ਫੇਰ ਦਿਨਾਂ ਦੇ ਦਿਨ, ਰਾਤਾਂ ਦੀਆਂ ਰਾਤਾਂ, ਹਫਤਿਆਂ ਦੇ ਹਫ਼ਤੇ, ਮਹੀਨਿਆਂ ਦੇ ਮਹੀਨੇ, ਆਪਣੀ ਛਾਤੀ ਅੰਦਰਲੇ ਤੂਫ਼ਾਨਾਂ ਨਾਲ ਲੜਦੀ ਰਹਿੰਦੀ ਹਾਂ।

— ਫੇਰ ਸਭ ਪਾਸੇ ਖ਼ਾਮੋਸ਼ੀ ਹੋ ਜਾਂਦੀ ਹੈ।

ਚੌਥੀ ਗੀਤਾ ਨੂੰ ਤੂਫ਼ਾਨਾਂ ਤੋਂ ਖ਼ੌਫ਼ ਆ ਰਿਹਾ ਏ। ਇਹ ਫੇਰ ਮੁੱਢੋਂ ਸੁੱਢੋਂ ਕੀ ਹੋ ਰਿਹਾ ਏ? ਪਿਛਲੇ ਦੋ ਤਿੰਨਾਂ ਸਾਲਾਂ ਤੋਂ ਤਾਂ ਇਹੀ ਲਗ ਰਿਹਾ ਸੀ ਕਿ ਬਸ, ਹੁਣ ਕੁਝ ਨਹੀਂ ਹੋਵੇਗਾ। ਸਕੂਨ ਸੀ। ਕਿਸੇ ਦਾ ਇੰਤਜ਼ਾਰ ਨਹੀਂ। ਪਸਲੀਆਂ ਦੇ ਅੰਦਰਵਾਰ ਧੂ ਧੂ ਕਰ ਕੇ ਬਲਣ ਵਾਲਾ ਸਭ ਕੁਝ ਬੁੱਝ ਚੁਕਾ ਸੀ। ਪਰ ਫੇਰ ਵੀ ਇਕ ਅਜੀਬ ਤਲਖ਼ ਉਦਾਸੀ ਕੌੜੇ ਧੂੰਏਂ ਵਾਂਗੂ ਆ ਕੇ ਚਾਰੇ ਪਾਸੇ ਫੈਲ ਜਾਂਦੀ ਸੀ — 'ਕੀ ਹੁਣ ਕੋਈ ਨਹੀਂ ਆਏਗਾ?' ਤੇ ਮਨ ਦੀਆਂ ਸੱਖਣੀਆਂ ਦੀਵਾਰਾਂ ਵਿਚਕਾਰ ਈਕੋ



ਵਾਂਗੂ ਕੋਈ ਡਾਢੇ ਉਦਾਸ ਬੋਲਾਂ ਵਿਚ ਹਉਕੇ ਰਲਾ ਕੇ ਗਾਉਂਦਾ ਸੀ:

ਗੁਲ ਕਰੋ ਸ਼ਮਹੇਂ
ਬਹਾ ਦੋ ਮੈ-ਓ-ਮੀਨਾ-ਓ-ਅਯਾਗ
ਔਰ ਅਪਨੇ ਬੇ-ਖ਼ਾਬ ਕਿਵਾੜੋਂ ਕੋ
ਮੁਕੱਫ਼ਿਲ ਕਰ ਲੋ
...ਅਬ ਯਹਾਂ ਕੋਈ ਨਹੀਂ,
ਕੋਈ ਨਹੀਂ ਆਏਗਾ।"

ਪਰ ਫੇਰ ਵੀ ਸਕੂਨ ਸੀ। ਧੁੰਦਲਾਇਆ ਦਰਦ ਤੇ ਸਕੂਨ।

ਰਾਤ ਵੇਲੇ ਇਕੱਲਿਆਂ ਆਪਣੇ ਬਿਸਤਰੇ ਵਿਚ ਜਾਗਣਾ ਤੇ ਸਹਿਕਣਾ ਕਿ ਕਾਸ਼ ਕੋਈ ਐਸ ਵੇਲੇ ਕੋਲ ਹੁੰਦਾ...ਕੋਈ...ਵੱਖਰੀ ਗੱਲ ਏ। ਦਰਦ, ਪਰ ਹਲਕਾ। ਉਦਾਸ। ਧੁੰਦ ਵਰਗਾ ਉਦਾਸ।

ਪਰ ਓਸੇ ਬਿਸਤਰੇ ਵਿਚ ਕਿਸੇ ਇਕ ਓਸ ਲਈ ਛਟਪਟਾਣਾ ਜਿਸ ਨੂੰ ਤੁਸੀਂ ਮੁਹੱਬਤ ਕਰਦੇ ਹੋ, ਬਿਲਕੁਲ ਅਲਹਿਦਾ ਗੱਲ ਏ।

ਜਿਵੇਂ ਕੋਈ ਪਿੰਡੇ ਨੂੰ ਆਰੇ ਨਾਲ ਕੱਟ ਰਿਹਾ ਹੋਵੇ।

ਜਿਵੇਂ ਕੋਈ ਮਾਸ ਨੂੰ ਰੰਦੇ ਨਾਲ ਰੰਦ ਰਿਹਾ ਹੋਵੇ।

ਜਿਵੇਂ ਬਿਸਤਰੇ ਵਿਚੋਂ ਲੰਬੂ ਨਿਕਲ ਰਹੇ ਹੋਣ।

ਜਿਵੇਂ ਛਾਤੀ ਵਿਚੋਂ ਕਹੀਆਂ ਨਾਲ ਕੋਈ ਖਰੇਪੜ ਦੇ ਖਰੇਪੜ ਮਾਸ ਦੇ ਕੱਢ ਰਿਹਾ ਹੋਵੇ।

ਜਿਵੇਂ ਗਿੱਲੀਆਂ ਮਨਛਿੱਟੀਆਂ ਵਾਂਗੂੰ ਹੱਡੀਆਂ ਟੁੱਟ ਰਹੀਆਂ ਹੋਣ।

ਸਾਰੇ ਪਿੰਡੇ ਦੇ ਅੰਦਰਵਾਰ — ਖੱਲ ਦੇ ਹੇਠਾਂ — ਜਿਵੇਂ ਕਿਸੇ ਨੇ ਬਾਰੂਦ ਵਿਛਾ ਦਿਤਾ ਹੋਵੇ ਜਿਹੜਾ ਫਟਣ ਲਈ ਕਾਹਲਾ ਪੈ ਰਿਹਾ ਹੋਵੇ।

ਛਟਪਟਾ ਰਿਹਾ ਹੋਵੇ।

ਉਮੇਸ਼ ਦੇ ਦੋਸਤ ਦੀ ਬੀਵੀ ਉਸ ਵਲ ਅਜੀਬ ਨਜ਼ਰਾਂ ਨਾਲ ਤੱਕ ਰਹੀ ਏ।

ਉਹ ਵਾਪਸ ਮੁੜ ਆਉਂਦੀ ਏ।

ਟੈਲੀਫ਼ੋਨ 'ਤੇ ਉਮੇਸ਼ ਦੀ ਆਵਾਜ਼ ਬੜੀ ਓਪਰੀ ਹੋ ਜਾਂਦੀ ਏ; ਆਖ਼ਰੀ ਲਫ਼ਜ਼ ਨੂੰ ਉਹ ਇਸ ਤਰ੍ਹਾਂ ਲਟਕਾ ਦੇਂਦਾ ਏ ਕਿ ਸੁਣਨ ਵਾਲੇ ਨੂੰ ਲਗਦਾ ਏ ਜਿਵੇਂ ਨਿਹਾਇਤ ਬੋਰੀਅਤ ਵਿਚੋਂ ਉਹ ਬੋਲ ਰਿਹਾ ਏ। ਫੇਰ ਘੜੀ ਘੜੀ ਕਹਿੰਦਾ ਏ, "ਹੈਂ ਜੀ?" ਯਾਨੀ ਉੱਚਾ ਬੋਲ।

ਠੀਕ ਏ, ਦੂਜੇ ਸ਼ਹਿਰ ਟੈਲੀਫ਼ੋਨ ਕਰੋ ਤਾਂ ਉੱਚਾ ਤਾਂ ਬੋਲਣਾ ਹੀ ਪਵੇਗਾ। ਪਰ ਆਪਣੇ ਮਨ ਦੀ ਗੱਲ ਕੋਈ ਕਿਸ ਤਰ੍ਹਾਂ ਉੱਚੀ ਬੋਲ ਕੇ ਕਹਿ ਸਕਦਾ ਏ?

ਮਨ ਦੀ ਗੱਲ ਤਾਂ ਸਿਰਫ਼ ਅੱਧੇ ਸਾਹ ਵਿਚ ਚੱਪਾ ਕੁ ਆਵਾਜ਼ ਰਲਾ ਕੇ ਵਿਸਪਰ ਕੀਤੀ ਜਾ ਸਕਦੀ ਏ।

ਤੇ ਸਭ ਕੁਝ ਅਣਕਿਹਾ ਰਹਿ ਜਾਂਦਾ ਏ।

ਛੇ ਦਿਨਾਂ ਮਗਰੋਂ ਉਮੇਸ਼ ਦਾ ਖ਼ਤ ਆਇਆ।

ਗੀਤਾ ਨੇ ਲਫ਼ਾਫ਼ਾ ਖੋਲ੍ਹਿਆ। ਵਿਚ ਇਕ ਨਜ਼ਮ ਸੀ, ਬਸ।

ਗੀਤਾ ਨੂੰ ਲਗਾ ਜਿਵੇਂ ਉਹ ਨਜ਼ਮ ਵਾਲਾ ਕਾਗਜ਼ ਇਕ ਨਰਮ ਨਾਜ਼ਕ ਕੋਸਾ ਗੁਦਗੁਦਾ ਖੰਭ ਸੀ, ਜਿਹੜਾ ਉਹਦੇ ਆਪਣੇ ਪਿੰਡੇ ਨਾਲ ਆਣ ਜੁੜਿਆ ਸੀ।

ਉਹ ਹਵਾ ਨਾਲੋਂ ਵੀ ਹਲਕੀ ਹੋ ਗਈ ਸੀ।

ਦਸਾਂ ਕੁ ਦਿਨਾਂ ਮਗਰੋਂ ਉਮੇਸ਼ ਫੇਰ ਦਿੱਲੀ ਆਇਆ। ਜੈਪੁਰੋਂ, ਜਿਥੇ ਉਹਦਾ ਘਰ ਸੀ। ਦਿੱਲੀ, ਜਿਥੇ ਉਹਨੂੰ ਕਦੇ ਕਦਾਈਂ ਕੰਮ-ਕਾਰ ਦੇ ਸਿਲਸਿਲੇ ਵਿਚ ਆਉਣਾ ਪੈਂਦਾ ਸੀ।

ਗੀਤਾ ਦੇ ਘਰ।

ਬਹੁਤ ਸਾਰੇ ਲੋਕ ਸਨ। ਘਰ ਦੇ ਲੋਕ। ਬਾਹਰਲੇ ਮਿਲਣ ਆਏ ਹੋਏ ਦੋ ਬੰਦੇ।

ਉਮੇਸ਼ ਸ਼ਿਅਰ ਸੁਣਾਂਦਾ ਰਿਹਾ। ਗ਼ਾਲਿਬ, ਫ਼ੈਜ਼, ਮਜਰੂਹ, ਸਾਹਿਰ...

ਗੀਤਾ ਨੇ ਕਿਹਾ, ਕੋਈ ਆਪਣੀ ਨਜ਼ਮ ਵੀ ਸੁਣਾ।

"ਨਹੀਂ ਉਹ ਤੇ ਮੈਂ ਸਿਰਫ਼ ਕਦੇ ਕਦਾਈਂ...।" ਏਡੇ ਲੰਮੇ ਉੱਚੇ ਬੰਦੇ ਨੂੰ ਸ਼ਰਮਾਂਦਿਆਂ ਤੱਕ ਕੇ ਗੀਤਾ ਨੂੰ ਹੋਰ ਵੀ ਚੰਗਾ ਲਗਾ।

"ਉਹ ਤੇ ਮੈਨੂੰ ਪਤਾ ਏ ਕਿ ਤੂੰ ਲਿਖਨਾਂ ਏਂ। ਸੁਣਾਨ ਵਿਚ ਕੀ ਹਰਜ ਏ ਫੇਰ?" ਗੀਤਾ ਦੀਆਂ ਅੱਖਾਂ ਦੀ ਚਮਕ ਵਿਚ ਕੁਝ ਦਿਨ ਪਹਿਲਾਂ ਆਇਆ ਉਮੇਸ਼ ਦਾ ਖ਼ਤ ਸੀ।

ਜੇਬ ਵਿਚੋਂ ਨਿੱਕੀ ਜਿਹੀ ਡਾਇਰੀ ਕੱਢ ਕੇ ਉਹ ਆਪਣੀਆਂ ਨਜ਼ਮਾਂ ਸੁਣਾਨ ਲਗਾ।

ਡੇਢ ਘੰਟੇ ਮਗਰੋਂ ਜਿਹੜਾ ਪਹਿਲਾ ਪਲ ਇਕੱਲਿਆਂ ਮਿਲਿਆ, ਉਮੇਸ਼ ਨੇ ਗੀਤਾ ਦਾ ਹੱਥ ਫੜ ਕੇ ਉਹਦੀ ਤਲੀ ਨੂੰ ਚੁੰਮ ਲਿਆ। ਉਮੇਸ਼ ਦੇ ਹੱਥ ਵੀ ਕੰਬ ਰਹੇ ਸਨ, ਹੋਠ ਵੀ।

ਅੱਗ ਦੀ ਇਕ ਲਹਿਰ ਨੇ ਉਮੇਸ਼ ਦੇ ਹੋਠਾਂ ਤੋਂ ਗੀਤਾ ਦੇ ਸਾਰੇ ਪਿੰਡੇ ਵਿਚਲਾ ਫ਼ਾਸਲਾ ਤੈਅ ਕੀਤਾ।

"ਆਈ ਨੀਡ ਯੂ ਗੀਤੀ। ਆਈ ਨੀਡ ਯੂ ਡੈਸਪੇਰੇਟਲੀ।'

ਤੇ ਉਹ ਉਠ ਖੜੋਤਾ। ਗੀਤਾ ਨੂੰ ਉਹਨੇ ਖਿੱਚ ਕੇ ਬਾਹਵਾਂ ਵਿਚ ਘੁੱਟ ਲਿਆ।

ਉਮੇਸ਼ ਦੇ ਪਿੰਡੇ ਨਾਲ ਲਗਦਿਆਂ ਹੀ ਗੀਤਾ ਨੂੰ ਉਹਦੀ 'ਲੋੜ' ਦੀ ਸਮਝ ਆ ਗਈ।

ਉਹ ਕੰਬ ਕੇ ਪਰ੍ਹਾਂ ਹੋ ਗਈ।



ਉਹ ਕਾਹਲੀ ਨਾਲ ਦੂਜੇ ਕਮਰੇ ਵਿਚ ਆਈ। ਫੇਰ ਗ਼ੁਸਲਖ਼ਾਨੇ ਵਿਚ। ਅੰਦਰੋਂ ਚਿਟਕਣੀ ਬੰਦ ਕਰ ਕੇ ਸ਼ੀਸ਼ੇ ਅੱਗੇ ਖੜੋ ਗਈ।

ਸ਼ੀਸ਼ੇ ਵਿਚ ਜਿਹੜਾ ਇਕ ਚਿਹਰਾ ਸੀ, ਉਸ ਨੂੰ ਗੀਤਾ ਨੇ ਵੇਖਿਆ।

ਪਰੇਸ਼ਾਨੀ, ਡਰ, ਤਾਂਘ ਇੰਤਜ਼ਾਰ, ਸਹਿਮ।

ਨਰਮ ਕੋਸੀ ਮੁਹੱਬਤ ਜਿਹੜੀ ਉਥੇ ਹੀ ਕਿਧਰੇ ਰੁਕ ਕੇ, ਠਰ ਕੇ ਜੰਮ ਗਈ ਏ।

ਗੀਤਾ ਨੂੰ ਆਪਣੀ ਧੜਕਨ ਇਕ ਇਕ ਲੂੰਅ ਵਿਚੋਂ ਰੌਲਾ ਪਾਉਂਦੀ ਸੁਣਾਈ ਦੇ ਰਹੀ ਏ। ਇਕ ਇਕ ਨਾੜ ਪਿੰਡੇ ਵਿਚ ਝਨਝਨਾ ਰਹੀ ਏ।

— ਕੀ ਕਰਾਂ? ਕੀ ਕਰਾਂ? ਏਨੀ ਜਲਦੀ ਤਾਂ ਅਗੇ ਕਦੇ ਕਿਸੇ ਨੇ ਨਾ ਇਹ ਗੱਲ ਕਹੀ ਸੀ, ਨਾ ਹੀ ਜੁਆਬ ਦੇਣਾ ਪਿਆ ਸੀ। ਜਦੋਂ ਵੀ ਪਹਿਲੋਂ...ਦੋਵੇਂ ਵਾਰੀ...ਨਹੀਂ, ਕਈ ਵਾਰੀ, ਕਈ ਵਾਰੀ...ਮੈਂ ਇਹੀ ਆਖਦੀ ਹੁੰਦੀ ਸਾਂ, ਅਜੇ ਨਹੀਂ। ਹਾਲੀਂ ਮਨ ਤਾਂ ਸੁਰ ਹੋ ਜਾਣ। ਸਿਰਫ਼ ਬਿਸਤਰਾ ਨਹੀਂ ਚਾਹੀਦਾ, ਮੈਨੂੰ ਤਾਂ ਇਕ ਦੋਸਤ ਚਾਹੀਦਾ ਏ, ਇਕ ਮਹਿਬੂਬ, ਇਕ ਸਾਥੀ। ਤੋੜ ਤਕ ਨਾਲ ਤੁਰਨ ਵਾਲਾ। ਅਗੋਂ ਜਦੋਂ ਵੀ ਰਾਹ ਟੁੱਟਿਆ, ਪੈਂਡਾ ਨਿਖੜਿਆ, ਪੀੜਾਂ ਦੇ ਤੂਫ਼ਾਨ ਵਿਚੋਂ ਲਘਣ ਮਗਰੋਂ ਮਨ ਵਿਚ ਕਿਧਰੇ ਇਕ ਆਸ ਜਾਗ ਪੈਂਦੀ ਸੀ, 'ਕੁਝ ਕਦਮ ਹੋਰ ਤੁਰ, ਤੇ ਕਦਮਾਂ ਦੇ ਅਗੇ ਜਿਹੜੀ ਵੀਰਾਨੀ ਏ ਉਸੇ ਵਿਚੋਂ ਕੋਈ ਨਵੀਂ ਰਾਹ-ਗੁਜ਼ਰ ਫੁਟ ਕੇ ਨਿਕਲੇਗੀ।' ਕਿਹਦਾ ਸ਼ਿਅਰ ਏ ਇਹ? ਕਿਹੜੀ ਨਜ਼ਮ?...

— ਓਹ, ਹੁਣ ਮੈਂ ਕੀ ਕਰਾਂ। ਬਾਹਰ ਉਮੇਸ਼ ਏ। ਤੇ ਉਸ ਦੇ ਪਿੰਡੇ ਵਿਚ ਮੇਰੀ ਲੋੜ ਬਲ ਰਹੀ ਏ। ਮੇਰੀ ਭੁੱਖ।

— ਇਹ ਪਲ ਜੇ ਖ਼ਾਲੀ ਮੁੜ ਗਿਆ, ਫੇਰ ਪਤਾ ਨਹੀਂ ਕਿੰਨੀਆਂ ਵੀਰਾਨੀਆਂ ਹੋਰ ਘਿਰ ਆਉਣਗੀਆਂ। ਉਮੇਸ਼ ਤਾਂ ਨਹੀਂ ਉਡੀਕੇਗਾ।

— ਉਫ਼! ਮੈਨੂੰ ਡਰ ਲਗ ਰਿਹਾ ਏ। ਜੇ ਅੱਜ ਦੀ ਰਾਤ ਤੋਂ ਮਗਰੋਂ ਫੇਰ ਉਸ ਨੇ...ਚਾਹਿਆ ਹੀ ਨਾ? ਜੇ ਇਕ ਪਲ ਜਿਹੜਾ ਕੁਝ ਚਿਰ ਮਗਰੋਂ ਗੁਜ਼ਰ ਜਾਏਗਾ, ਮੁੜ ਕੇ ਆਇਆ ਹੀ ਨਾ? ਤੇ...ਜੇ ਅੱਜ ਉਮੇਸ਼ ਤ੍ਰਿਹਾਇਆ ਤੁਰ ਗਿਆ, ਫੇਰ ਆਵੇਗਾ? ਨਾ ਆਇਆ ਤਾਂ?

ਉਹ ਘਬਰਾਈ ਹੋਈ ਗ਼ੁਸਲਖ਼ਾਨੇ ਵਿਚੋਂ ਬਾਹਰ ਨਿਕਲੀ। ਦਰਵਾਜ਼ੇ ਦੇ ਅੱਗੇ ਉਮੇਸ਼ ਖੜਾ ਸੀ। ਉਹਨੇ ਫੇਰ ਉਹਨੂੰ ਬਾਹਵਾਂ ਵਿਚ ਘੁਟ ਲਿਆ। "ਗੀਤਾ ਆਈ ਨੀਡ ਯੂ। ਨਾਓ! ਨਾਓ! ਤੂੰ ਯਾਦ ਆਉਂਦੀ ਸਾਏਂ, ਮੈਂ ਸਾਰੀ ਸਾਰੀ ਰਾਤ ਜਾਗਦਾ ਰਹਿੰਦਾ ਸਾਂ। ਏਨੀ ਉਮਰ ਲੰਘ ਗਈ ਏ। ਕਦੇ ਇਸ ਤਰ੍ਹਾਂ ਨਹੀਂ ਹੋਇਆ। ਜਨੂੰਨ! ਪਾਗਲਪਣ! ਏਸ ਮੋਮੈਂਟ ਵਾਸਤੇ ਮੈਂ ਤੜਪਦਾ ਰਿਹਾਂ," ਤੇ ਉਹਨੇ ਗੀਤਾ ਨੂੰ ਹੋਰ ਜ਼ੋਰ ਨਾਲ ਘੁੱਟ ਲਿਆ ਬਾਹਵਾਂ ਵਿਚ, "ਏਸ ਪਲ ਵਾਸਤੇ, ਗੀਤਾ!"

ਤੇ ਉਹਦੇ ਨਾਂ ਦਾ ਅਖ਼ੀਰਲਾ ਲਫ਼ਜ਼ ਲੰਮਾ ਹੋ ਕੇ ਜਿਵੇਂ ਇਕ ਮਹਿਕਿਆ ਹੋਇਆ ਹਉਕਾ ਬਣ ਗਿਆ।

(ਕੋਈ ਆ ਜਾਵੇਗਾ) ਤੇ ਗੀਤਾ ਪਰ੍ਹਾਂ ਹੋ ਗਈ।

— ਇਹ ਮੋਮੈਂਟ, ਇਹ ਪਲ। ਲੰਘਦੀ ਜਾਂਦੀ ਦਰਿਆਵਾਂ ਦੀ ਇਹ ਲਹਿਰ।

ਇਹਨੂੰ ਫੜ ਕੇ ਕੋਲ ਬਿਠਾ ਲਿਆ ਜਾਵੇ ਤਾਂ ਕੀ ਹਰਜ ਏ ? ਇਕ ਪਲ ਦੀ ਭਿਆਨਕ ਖ਼ੂਬਸੂਰਤੀ ਨੂੰ ਤਲੀਆਂ ਵਿਚ ਭਰ ਲਿਆ ਜਾਵੇ ਤਾਂ ਕੀ ਨੁਕਸਾਨ ਏ ?

ਉਹਨੇ ਆਪਣੇ ਮੋਢਿਆਂ ਦੁਆਲੇ ਸ਼ਾਲ ਲਪੇਟੀ । ''ਚੱਲ ।''

ਸਾਰਾ ਰਸਤਾ ਕਾਰ ਦੀ ਪਿਛਲੀ ਸੀਟ ਤੇ ਉਹ ਆਰਾਮ ਨਾਲ ਬੈਠਾ ਰਿਹਾ । ਗੀਤਾ ਨੇ ਸੋਚਿਆ, ਸ਼ਾਇਦ ਡਰਾਈਵਰ ਕਰ ਕੇ ।

ਗੀਤਾ ਨੇ ਆਪਣਾ ਹੱਥ ਪੋਲੀ ਜਿਹਾ ਉਹਦੀ ਤਲੀ ਦੇ ਹੇਠਾਂ ਰੱਖ ਦਿਤਾ, ਜਿਵੇਂ ਇਕ ਚੂਜ਼ਾ ਗਰਮ ਖੰਭਾਂ ਹੇਠ ਜਾ ਲੁਕੇ ।

ਉਮੇਸ਼ ਨੇ ਜਦੋਂ ਹੱਥ ਘੁਟਿਆ, ਤਾਂ ਹੱਥ ਦੀ ਜੱਫੀ ਵਿਚ ਵੀ ਉਹੀ ਬਲਦਾ ਸੇਕ ਸੀ ।

ਸਾਰਾ ਰਾਹ ਉਹਨੇ ਗੀਤਾ ਦਾ ਹੱਥ ਜ਼ੋਰ ਦੀ ਘੁੱਟੀ ਰੱਖਿਆ ।

''ਅਸੀਂ ਕਿਥੇ ਜਾ ਰਹੇ ਹਾਂ ?'' ਗੀਤਾ ਨੇ ਪੁੱਛਿਆ । ਵਰ੍ਹਿਆਂ ਮਗਰੋਂ ਗੀਤਾ ਨੇ ਆਪਣੀ ਆਵਾਜ਼ ਕੰਬਦੀ ਸੁਣੀ ਸੀ ।

''ਟੰਡਨ ਦੇ ਘਰ ।''

ਟੰਡਨ ਉਮੇਸ਼ ਦਾ ਓਹੀ ਦੋਸਤ ਸੀ । ਗੀਤਾ ਘਬਰਾ ਗਈ । ''ਨਾ, ਪਲੀਜ਼ ! ਓਥੇ ਨਹੀਂ । ਓਹਦੀ ਬੀਵੀ ਤਾਂ...''

''ਅੱਜ ਕੋਈ ਵੀ ਨਹੀਂ ਘਰ । ਵਿਆਹ ਤੇ ਗਏ ਨੇ । ਗਾਜ਼ੀਆਬਾਦ । ਕਲ੍ਹ ਸ਼ਾਮੀਂ ਮੁੜਨਗੇ । ਸਿਰਫ਼ ਨੌਕਰ ਏ ।''

ਗੀਤਾ ਨੇ ਫੇਰ ਕੁਝ ਨਹੀਂ ਕਿਹਾ । ਪਰ ਉਸ ਘਰ ਦੇ ਤਸੱਵਰ ਤੋਂ ਹੀ ਉਹਨੂੰ ਅਜੀਬ ਬੇਚੈਨੀ ਹੋ ਰਹੀ ਸੀ ।

ਟੰਡਨ ਦਾ ਘਰ ।

ਉਮੇਸ਼ ਗੀਤਾ ਨੂੰ ਆਪਣੇ ਕਮਰੇ ਵਿਚ ਲੈ ਆਇਆ । ਨੌਕਰ ਨੂੰ ਕਿਹਾ, ''ਤੂੰ ਆਪਣਾ ਕੰਮ ਕਰ । ਜਦੋਂ ਕੁਝ ਜ਼ਰੂਰਤ ਹੋਵੇਗੀ, 'ਵਾਜ ਮਾਰ ਲਵਾਂਗੇ ।''

ਕਮਰੇ ਵਿਚ ਮੇਜ਼ ਏ । ਉਤੇ ਬੱਚਿਆਂ ਦੀਆਂ ਕਿਤਾਬਾਂ, ਕਾਪੀਆਂ । ਅਲਮਾਰੀ । ਮੰਜਾ, ਬਿਸਤਰਾ ।

''ਇਹ ਬੱਚਿਆਂ ਦਾ ਪੜ੍ਹਨ ਵਾਲਾ ਕਮਰਾ ਏ ਉਂਜ । ਜਦੋਂ ਮੈਂ ਆਉਨਾਂ, ਰਾਤ ਲਈ ਮੇਰਾ ਬਿਸਤਰਾ ਏਥੇ ਲਗ ਜਾਂਦਾ ਏ ।''

ਉਮੇਸ਼ ਮੁਸਕਰਾਇਆ । ਉਹਨੇ ਗੀਤਾ ਦੀ ਬਾਂਹ ਫੜ ਕੇ ਉਰ੍ਹਾਂ ਕੀਤਾ, ਤੇ ਬਾਹਵਾਂ ਵਿਚ ਲਪੇਟ ਲਿਆ ।

ਗੀਤਾ ਨੇ ਮਹਿਸੂਸ ਕੀਤਾ, ਉਮੇਸ਼ ਦੀ ਬਲਦੀ ਖੌਲਦੀ ਲੋੜ ਸ਼ਾਇਦ ਮਰ ਚੁਕੀ ਸੀ । ਉਹਦੀਆਂ ਬਾਹਵਾਂ ਹੁਣ ਨਹੀਂ ਸਨ ਕੰਬ ਰਹੀਆਂ । ਬਾਹਵਾਂ ਦੀ ਕੱਸ ਵੀ ਢਿੱਲੀ ਸੀ ।

ਇਕ ਅਜੀਬ ਟੈਨਸ਼ਨ ਜਿਵੇਂ ਕਮਰੇ ਵਿਚ ਚਾਰੇ ਪਾਸੇ ਭਰੀ ਹੋਈ ਸੀ ।



ਸ਼ਾਇਦ ਇਸ ਕਰ ਕੇ ਕਿ ਇਹ ਉਮੇਸ਼ ਦੇ ਦੋਸਤ ਦਾ ਘਰ ਸੀ ਤੇ ਕਮਰਿਆਂ ਵਿਚ ਉਹਨਾਂ ਸਾਰੇ ਲੋਕਾਂ ਦੀ ਹੋਂਦ ਭਰੀ ਹੋਈ ਸੀ, ਜਿਹੜੇ ਘਰ ਨਹੀਂ ਸਨ ।

ਸ਼ਾਇਦ ਇਸ ਕਰ ਕੇ ਕਿ ਕਮਰੇ ਦਾ ਦਰਵਾਜ਼ਾ ਖੁਲ੍ਹਾ ਸੀ ।

ਸ਼ਾਇਦ ਨੌਕਰ ਕਰ ਕੇ । ਸ਼ਾਇਦ ਰਸੋਈ ਵਿਚੋਂ ਆਉਂਦੇ ਭਾਂਡਿਆਂ ਦੇ ਖੜਾਕ ਕਰ ਕੇ । ਸ਼ਾਇਦ ਗੁਆਂਢੀਆਂ ਦੇ ਘਰ ਵੱਜਦੇ ਉੱਚੇ ਰੇਡੀਓ ਕਰ ਕੇ ।

''ਦਰਵਾਜ਼ੇ ਬੰਦ ਕਰ ਦਿਆਂ ?'' ਉਮੇਸ਼ ਦੀ ਹਿਚਕਿਚਾਹਟ ਜਿਵੇਂ ਗੀਤਾ ਦਾ ਸਹਾਰਾ ਮੰਗ ਰਹੀ ਏ ।

''ਆ, ਬਹਿ ਕੇ ਗੱਲਾਂ ਕਰੀਏ ।''

ਉਮੇਸ਼ ਕੁਰਸੀ ਤੇ ਬਹਿ ਜਾਂਦਾ ਏ । ਗੀਤਾ ਉਹਦੀਆਂ ਲੱਤਾਂ ਦੇ ਕੋਲ ਗੋਡਿਆਂ ਪਰਨੇ ਭੁੰਜੇ ਕਾਲੀਨ ਤੇ ਬਹਿ ਜਾਂਦੀ ਏ, ਆਪਣੀਆਂ ਬਾਹਵਾਂ ਉਮੇਸ਼ ਦੁਆਲੇ ਵਲਾ ਕੇ ਸਿਰ ਉਹਦੀ ਛਾਤੀ ਤੇ ਰਖ ਦੇਂਦੀ ਏ ।

''ਉਮੇਸ਼, ਕਾਹਲ ਨਾ ਕਰ । ਜ਼ਿੰਦਗੀ ਸਿਰਫ਼ ਅੱਜ ਦੀ ਸ਼ਾਮ ਨਹੀਂ । ਮਨ ਵਿਚ ਜਿਹੜੀ ਹੈਜ਼ੀਟੇਸ਼ਨ ਏ ਉਹਨੂੰ ਟਟੋਲ ਕੇ ਵੇਖ । ਜਿੰਨਾ ਚਿਰ ਅਸੀਂ ਦੋਸਤ ਹਾਂ ਮੇਰੀਆਂ ਕੋਈ ਡੀਮੈਂਡਜ਼ ਨਹੀਂ । ਸਿਰਫ਼ ਤੇਰੇ ਨੇੜੇ ਹੋਣ ਦੀ ਲੋੜ ਏ । ਬਸ । ਪਰ ਇਕ ਵਾਰੀ...ਜੇ ਤੂੰ...ਜੇ ਮੈਂ...ਵਨਸ ਆਈ ਸਲੀਪ ਵਿਦ ਯੂ...ਮੇਰੇ ਅੰਦਰ ਪਤਾ ਨਹੀਂ ਕੀ ਕੀ ਗੜਬੜਾ ਜਾਂਦਾ ਏ । ਫੇਰ ਮੈਂ ਸੋਚਦੀ ਹਾਂ, ਇਹ ਮੇਰਾ ਮਰਦ ਏ । ਇਹਨੂੰ ਮੇਰੇ ਸੁਖ ਦੁਖ ਦਾ, ਮੇਰੀਆਂ ਸਾਰੀਆਂ ਪ੍ਰਾਬਲਮਜ਼ ਦਾ ਖ਼ਿਆਲ ਰਖਣਾ ਚਾਹੀਦਾ ਏ । ਸਾਰਾ ਕੂੜਾ ਕਬਾੜ ਜਿਹਦੀ ਮੈਂ ਬਣੀ ਹੋਈ ਹਾਂ, ਜਿਸ ਦਾ ਹਰ ਮਨੁੱਖ ਬਣਿਆ ਹੁੰਦਾ ਏ, ਉਹ ਮੈਂ ਸੋਚਦੀ ਹਾਂ, ਮੇਰਾ ਮਹਿਬੂਬ ਮਰਦ ਅਪਣਾ ਲਵੇ । ਮੇਰੀਆਂ ਸਾਰੀਆਂ ਜ਼ਿੰਮੇਵਾਰੀਆਂ । ਅਜੀਬ ਗੱਲ ਏ । ਤੱਕਣ ਨੂੰ ਬਹੁਤ ਮਾਡਰਨ ਲਗਦੀ ਹਾਂ ਨਾ । ਅੰਦਰੋਂ ਓਹੀ ਦਕੀਆਨੂਸੀ ਖ਼ਿਆਲ ਨੇ ਮੇਰੇ । ਘਿਸੇ ਪਿਟੇ । ਕਿ ਔਰਤ ਨੂੰ ਇਕ ਉਸ ਮਰਦ ਦੀ ਲੋੜ ਏ, ਜਿਹਦੇ ਤੇ ਉਹ ਡੀਪੈਂਡ ਕਰ ਸਕੇ । ਤੇ ਇਕ ਵਾਰੀ ਜੇ ਤੂੰ... ਮੇਰਾ...ਜੇ ਮੈਂ ਤੈਨੂੰ ਆਪਣਾ ਮਰਦ ਸਮਝ ਲਿਆ, ਤਾਂ ਤੈਨੂੰ ਬੜੀ ਤਕਲੀਫ਼ ਹੋਵੇਗੀ । ਤੇਰੀ ਬੀਵੀ ਨੇ, ਬੱਚੇ ਨੇ । ਤੇ ਮੈਂ ਚਾਹਾਂਗੀ ਤੂੰ ਮੇਰੇ ਕੋਲ ਰਹਵੇਂ । ਕਮ-ਅਜ਼-ਕਮ ਅੱਧਾ ਵਕਤ ਤਾਂ ਰਹਵੇਂ ਹੀ । ਮੈਂ ਚਾਹਵਾਂਗੀ...ਖ਼ੈਰ, ਬੱਤੀ ਸੌ ਗੱਲਾਂ ਚਾਹਵਾਂਗੀ । ਤੈਨੂੰ ਵੀ ਤਕਲੀਫ਼ ਹੋਵੇਗੀ, ਮੈਨੂੰ ਵੀ । ਸੋਚ । ਸਾਰਾ ਕੁਝ ਸੋਚ ।''

ਉਮੇਸ਼ ਚੁੱਪ ਏ ।

ਗੀਤਾ ਆਪਣੀ ਤਲੀ ਨਾਲ ਉਹਦੀ ਗਲ੍ਹ ਨੂੰ ਛੋਂਹਦੀ ਏ, ਉਹਦੇ ਮੱਥੇ ਨੂੰ ਪਲੋਸਦੀ ਏ । ਉਂਗਲੀ ਨਾਲ ਉਹਦੇ ਹੋਠਾਂ ਦੇ ਉਤੇ ਨਰਮ ਜਿਹੀ ਲਕੀਰ ਪਾਂਦੀ ਏ ।

ਕਮਰੇ ਦੀ ਰੁਕੀ ਹੋਈ ਘੁਟੀ ਹੋਈ ਹਵਾ ਵਿਚ ਜਿਵੇਂ ਸਾਹ ਲੈਣਾ ਔਖਾ ਹੋ ਰਿਹਾ ਏ । ਉਮੇਸ਼ ਦੇ ਹੱਥ ਉਹਦੇ ਵਾਲਾਂ ਨੂੰ ਪਲੋਸ ਰਹੇ ਨੇ, ਪਰ ਜਿਵੇਂ ਦੂਰ ਕਿਤੇ ਗੁਆਚੇ ਹੋਏ ਹੋਣ ।

''ਅੱਛਾ, ਕਲ੍ਹ ਸਵੇਰੇ ਮੈਂ ਆਵਾਂਗੀ । ਫੇਰ ਗੱਲਾਂ ਕਰਾਂਗੇ ।''

ਉਮੇਸ਼ ਕੁਝ ਨਹੀਂ ਕਹਿੰਦਾ ।

ਗੀਤਾ ਉਠ ਕੇ ਤੁਰ ਪੈਂਦੀ ਏ । ਉਮੇਸ਼ ਬਾਹਰ ਤਕ ਨਾਲ ਆਉਂਦਾ ਏ ।

"ਤੂੰ ਆਰਾਮ ਕਰ । ਡਰਾਈਵਰ ਮੈਨੂੰ ਛੱਡ ਆਵੇਗਾ ।"

"ਅੱਛਾ," ਉਮੇਸ਼ ਦੀ ਆਵਾਜ਼ ਪਤਾ ਨਹੀਂ ਉਦਾਸ ਏ ਜਾਂ ਥੱਕੀ ਹੋਈ ਏ ।

"ਸਵੇਰੇ ਮੈਂ ਆਪਣੀ ਕਾਰ 'ਤੇ ਆ ਜਾਵਾਂਗੀ ।"

"ਸਵੇਰੇ ਸਵੇਰੇ । ਤੜਕੇ ਤੜਕੇ । ਪਲੀਜ਼ ।"

"ਅੱਛਾ," ਗੀਤਾ ਇਕ ਮੁਸਕਰਾਹਟ ਨੂੰ ਆਪਣੇ ਹੋਠਾਂ ਤੇ ਚਿਪਕਾ ਕੇ ਕਹਿੰਦੀ ਏ ।

"ਸਵੇਰੇ ਮੈਂ ਨੌਕਰ ਨੂੰ ਬਾਹਰ ਭੇਜ ਦਿਆਂਗਾ । ਕਿਸੇ ਕੰਮ ।"

ਅਗਲੀ ਸਵੇਰ ।

ਗੀਤਾ ਨੂੰ ਉਮੇਸ਼ ਨੇ ਜਦੋਂ ਘੁੱਟ ਕੇ ਛਾਤੀ ਨਾਲ ਲਾਇਆ, ਤਾਂ ਕਲ੍ਹ ਤਰਕਾਲਾਂ ਵਾਲੀ ਓਸੇ ਖ਼ੌਲਦੀ ਅੱਗ ਦਾ ਉਹਦੇ ਪਿੰਡੇ ਵਿਚੋਂ ਸੇਕ ਆਇਆ ।

ਗੀਤਾਂ ਦੇ ਹੋਠਾਂ ਉਤੇ ਉਹਨੇ ਹੋਠ ਰਖੇ...

ਸਵਾ ਦੋ ਵਰ੍ਹਿਆਂ ਮਗਰੋਂ ਕਿਸੇ ਮਰਦ ਦੇ ਜਿਸਮ ਨੇ ਉਹਨੂੰ ਛੋਹਿਆ ਸੀ । ਉਹਦੀ ਛਾਤੀ ਵਿਚੋਂ, ਉਹਦੇ ਢਿੱਡ ਵਿਚੋਂ, ਲੱਤਾਂ ਵਿਚੋਂ, ਅਜੀਬ ਥਰਥਰਾਂਦੀਆਂ ਲਹਿਰਾਂ ਨਿਕਲ ਰਹੀਆਂ ਸਨ...ਉਹਦਾ ਪਿੰਡਾ ਥਰ ਥਰ ਕੰਬ ਰਿਹਾ ਸੀ ।

"ਗੀਤਾ — ਗੀਤਾ," ਉਹ ਇਕ ਜਨੂੰਨ ਵਿਚ ਉਹਨੂੰ ਪਿਆਰ ਕਰ ਰਿਹਾ ਸੀ ।

ਸਾਰੀ ਕਾਇਨਾਤ ਦੀ ਸਾਰੀ ਗਰਦਸ਼ ਰੁਕ ਗਈ ਸੀ । ਸਾਰੀ ਦੁਨੀਆਂ ਬੇਮਹਿਨਾ ਹੋ ਗਈ ਸੀ । ਸਿਰਫ਼ ਉਹ ਪਲ ਜੀਊਂਦਾ ਸੀ ।

ਮਗਰੋਂ...

ਉਮੇਸ਼ ਇਕਦਮ ਉਠ ਖੜੋਤਾ । ਗੁਸਲਖ਼ਾਨੇ ਵਿਚ ਚਲਾ ਗਿਆ । ਜਦੋਂ ਬਾਹਰ ਨਿਕਲਿਆ ਤਾਂ ਉਹਨੇ ਸਾਰੇ ਕੱਪੜੇ ਪਾਏ ਹੋਏ ਸਨ ।

ਗੀਤਾ ਨੂੰ ਇਕ ਧੱਕਾ ਲਗਾ । ਉਹਨੇ ਤਾਂ ਸੋਚਿਆ ਸੀ ਉਹ ਉਮੇਸ਼ ਦੀਆਂ ਬਾਹਵਾਂ ਵਿਚ ਅਲਸਾਈ ਹੋਈ ਸੌਂ ਜਾਵੇਗੀ ਹੁਣ । 'ਕੱਠੇ ਲੇਟ ਕੇ ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਨਗੇ । ਨਿੱਕੇ ਨਿੱਕੇ ਲਾਡ ਕਰਨਗੇ ।

"ਉਠ, ਤੂੰ ਵੀ ਤਿਆਰ ਹੋ ਜਾਹ ।"

ਉਮੇਸ਼ ਦੇ ਸਾਹਮਣੇ ਰਜ਼ਾਈ ਹੇਠੋਂ ਨਿਕਲਣ ਲਗਿਆਂ ਉਹਨੂੰ ਪਹਿਲੀ ਵਾਰੀ ਸ਼ਰਮ ਆਈ । ਸ਼ਾਇਦ ਇਸ ਲਈ ਕਿ ਉਮੇਸ਼ ਪੂਰੇ ਕੱਪੜੇ ਪਾ ਕੇ ਖੜਾ ਸੀ ।

ਡਰਾਇੰਗ ਰੂਮ ਵਿਚ ਆ ਗਏ ਦੋਵੇਂ । ਉਮੇਸ਼ ਨੇ ਆਪਣੇ ਡਰਾਈਵਰ ਨੂੰ ਚਾਹ ਬਣਾਉਣ ਲਈ ਕਹਿ ਦਿਤਾ ।

ਗੱਲਾਂ । ਬੇਮਤਲਬ । ਏਧਰ ਓਧਰ ਦੀਆਂ ।

ਗੀਤਾ ਉਡੀਕਦੀ ਏ ਕਿ ਉਮੇਸ਼ ਹੁਣੇ ਪੁੱਛੇਗਾ ਕਿ ਹੁਣ ਕਿਥੇ ਚਲੀਏ । ਸਾਮ ਕਿਥੇ ਗੁਜ਼ਾਰਨੀ ਏ । ਰਾਤ ਕਿਥੇ ।



ਪਰ ਉਮੇਸ਼ ਕੁਝ ਵੀ ਨਹੀਂ ਪੁੱਛਦਾ ।

ਗੀਤਾ ਸੋਚਦੀ ਏ, ਇਹ ਪੁੱਛੇਗਾ ਤਾਂ ਮੈਂ ਇਹਨੂੰ ਕਹਾਂਗੀ, ਚੱਲ ਦਿੱਲੀ ਤੋਂ ਵੀਹ ਪੰਝੀ, ਚਾਲ੍ਹੀ ਪੰਜਾਹ ਮੀਲ ਦੂਰ ਕਿਧਰੇ ਚਲਨੇ ਆਂ । ਕੋਈ ਰੈਸਟ ਹਾਊਸ, ਕੋਈ ਨਿੱਕੀ ਜਿਹੀ ਸਰਾਂ ਲੱਭਾਂਗੇ । ਧੁੱਪ ਸੇਕਾਂਗੇ । ਗੱਲਾਂ ਕਰਾਂਗੇ । ਤੇ ਜਦੋਂ ਧੁੱਪ ਤੁਰਦੀ ਤੁਰਦੀ ਬਨੇਰਿਆਂ ਤੇ ਜਾ ਬਵ੍ਹੇਗੀ, ਤਾਂ ਰਜ਼ਾਈ ਵਿਚ ਇਕ ਦੂਜੇ ਦੀ ਹਿੱਕ ਨਾਲ ਲਗ ਕੇ...

ਪਰ ਉਮੇਸ਼ ਕੁਝ ਵੀ ਨਹੀਂ ਪੁੱਛਦਾ ।

ਗੀਤਾ ਸੋਚਦੀ ਏ, ਜੇ ਇਹ ਦਿੱਲੀ ਵਿਚ ਹੀ ਰਹਿਣਾ ਚਾਹੇਗਾ, ਤ੍ਹਾਂ ਦੋ ਤਿੰਨ ਆਰਟ ਐਗਜ਼ੀਬੀਸ਼ਨਜ਼ ਵੇਖ ਲਵਾਂਗੇ । ਫੇਰ ਦੂਰ ਦੂਰ ਤੁਰ ਕੇ ਸੈਰ । ਕੁਤਬ ਦੇ ਪਰਲੇ ਪਾਸੇ ਉਹ ਨਿੱਕੀਆਂ ਨਿੱਕੀਆਂ ਵੀਰਾਨ ਬੁਰਜੀਆਂ ਤੇ ਖੰਡਰਾਂ ਵਾਲੀ ਸੜਕ । ਜਾਂ ਬੁੱਧ ਜਯਨਤੀ ਬਾਗ਼ ਦੇ ਪਥਰੀਲੇ ਤੇ ਧੁਪੀਲੇ ਕੋਨੇ — ਘਾਹਵਾਂ ਕੱਜੇ । ਲੋਧੀ ਗਾਰਡਨਜ਼ । ਕਿਸੇ ਛੋਟੇ ਜਿਹੇ ਕੈਫ਼ੇ ਵਿਚ ਚਾਹ ।

ਪਰ ਉਮੇਸ਼ ਤਾਂ ਕੁਝ ਨਹੀਂ ਪੁੱਛਦਾ ।

ਇਕ ਅਜੀਬ ਖ਼ਿਆਲ ਗੀਤਾ ਦੇ ਦਿਮਾਗ਼ ਵਿਚੋਂ ਘੱਟੇ ਦੇ ਗ਼ੁਬਾਰ ਵਾਂਗੂ ਗੁਜ਼ਰਦਾ ਏ...'ਸੁਹਾਗ ਰਾਤ । ਸੁਹਾਗ ਦਿਨ — ਅੱਜ ਦੇ ਦਿਨ ਕੁਝ ਖ਼ਾਸ ਹੋਣਾ ਚਾਹੀਦਾ ਏ ।'

ਉਮੇਸ਼ ਨੇ ਕਿਹਾ, "ਓਹੋ, ਇਕ ਵੀਹ ? ਰੋਟੀ ਨਹੀਂ ਖਾਣੀ ?" ਤੇ ਉਹ ਕਾਹਲੀ ਨਾਲ ਉਠ ਕੇ ਰਸੋਈ ਵਲ ਚਲਾ ਗਿਆ । ਨੌਕਰ ਸ਼ਾਇਦ ਵਾਪਸ ਮੁੜ ਆਇਆ ਸੀ । ਉਹਨੂੰ ਉਸ ਨੇ ਰੋਟੀ ਕਮਰੇ ਵਿਚ ਲੈ ਆਉਣ ਲਈ ਕਿਹਾ ।

"ਉਮੇਸ਼ ਬਾਹਰ ਚਲ ਕਿਧਰੇ । ਬਾਹਰ ਖਾ ਲਵਾਂਗੇ ਰੋਟੀ ।" ਗੀਤਾ ਨੌਕਰ ਦੇ ਸਾਹਮਣੇ ਹੋਣੋਂ ਘਬਰਾ ਰਹੀ ਏ ਸ਼ਾਇਦ ।

"ਰੋਟੀ ਤਾਂ ਪੱਕੀ ਪਈ ਏ । ਬਸ ਲਿਆ ਰਿਹਾ ਏ ਉਹ ।"

ਰੋਟੀ ਖਾਂਦਿਆਂ ਉਮੇਸ਼ ਕਹਿੰਦਾ ਏ, "ਰਾਤ ਦੀ ਰੋਟੀ ਤਾਂ ਸਰੀਨ ਦੇ ਘਰ ਖਾਣੀ ਪਵੇਗੀ । ਪਿਛਲੀ ਵਾਰੀ ਜੈਪੁਰ ਗਿਆ ਸੀ ਜਦੋਂ, ਤਾਂ ਕਹਿ ਆਇਆ ਸੀ ਕਿ ਜੇ ਤੂੰ ਅਗਲੀ ਵਾਰੀ ਮੇਰੇ ਘਰ ਨਾ ਆਇਉਂ, ਤਾਂ ਜੈਪੁਰ ਆ ਕੇ ਮੈਂ ਹੋਟਲ ਵਿਚ ਠਹਿਰ ਤੇ ਵਾਪਸ ਤੁਰ ਜਾਇਆ ਕਰਾਂਗਾ । ਤੈਨੂੰ ਨਹੀਂ ਮਿਲਿਆ ਕਰਨਾ । ਤੇ ਮੈਂ ਵਾਅਦਾ ਕੀਤਾ ਸੀ, ਕਿ ਅਗਲੀ ਵਾਰੀ ਜ਼ਰੂਰ !

ਰੋਟੀ ਦੀ ਗਰਾਹੀ ਗੀਤਾ ਦੇ ਸੰਘ ਵਿਚ ਜਿਵੇਂ ਅੜ ਗਈ ।

ਗਲਾਸ ਚੁੱਕ ਕੇ ਉਹਨੇ ਪਾਣੀ ਦਾ ਘੁੱਟ ਭਰਿਆ ।

"ਕਿਸ ਵੇਲੇ ਜਾਣਾ ਏਂ ?"

"ਬਸ ਹੁਣ ਮੈਂ ਜ਼ਰਾ ਸੈਕਰੇਟੇਰੀਅਟ ਜਾਣਾ ਏ । ਉਥੋਂ ਵਿਹਲਾ ਹੋ ਕੇ ਓਧਰ ਚਲਾ ਜਾਵਾਂਗਾ । ਕੰਬਖ਼ਤ ਦਾ ਘਰ ਵੀ ਤੇ ਬੜੀ ਦੂਰ ਏ । ਮਾਡਲ ਟਾਊਨ । ਰੋਟੀ ਤੋਂ ਪਹਿਲੋਂ ਦੋ ਤਿੰਨ ਘੰਟੇ ਤਾਂ ਦੋ ਡਰਿੰਕਸ ਲੈਣ ਵਿਚ ਲਗ ਜਾਂਦੇ ਨੇ । ਸੋਚਨਾ ਵਾਂ,

ਜੇ ਰਾਤੀਂ ਬਹੁਤੀ ਦੇਰ ਹੋ ਗਈ, ਤਾਂ ਉਥੇ ਹੀ ਸੌਂ ਜਾਵਾਂਗਾ। ਸਵੇਰੇ ਉਥੋਂ ਸਿੱਧਾ ਹੀ ਚਲਾ ਜਾਵਾਂਗਾ।''

ਗੀਤਾ ਚੁੱਪ-ਚਾਪ ਉਹਦੀ ਗੱਲ ਸੁਣਦੀ ਏ।

ਅਚਾਨਕ ਉਹਨੂੰ ਲਗਦਾ ਏ, ਉਹਨੂੰ ਠੰਢੀ ਕੰਬਣੀ ਆਈ ਏ। ਕਮਰੇ ਵਿਚ ਵੀ ਬਹੁਤ ਸਾਰੀ ਕਕਰੀਲੀ ਠੰਢ ਭਰ ਗਈ ਏ।

''ਰਤਾ ਇਹਨੂੰ ਕਹਵੋ ਇਕ ਕੱਪ ਚਾਹ ਦਾ ਬਣਾ ਦੇਵੇ।''

''ਕਿਉਂ, ਮੇਰੇ ਜੋਗੀ ਨਹੀਂ ?'' ਉਮੇਸ਼ ਹੱਸਦਾ ਏ।

ਉਹ ਸ਼ਾਮ।

ਗੀਤਾ ਨੂੰ ਲਗਦਾ ਏ, ਇਕ ਸ਼ੋਰ ਨਾਲ ਤੇ ਭੀੜ ਨਾਲ ਭਰੇ ਹੋਏ ਪਲੇਟਫ਼ਾਰਮ ਤੇ ਉਹ ਇਕੱਲੀ ਰਹਿ ਗਈ ਏ! ਜਿਹੜਾ ਨਾਲ ਆਇਆ ਸੀ, ਉਹ ਗੱਡੀ ਚੜ੍ਹ ਗਿਆ ਏ। ਗੱਡੀ ਤੁਰ ਗਈ ਏ। ਤੇ ਉਹਨੂੰ ਜਿਵੇਂ ਕੋਈ ਬਕਸੇ ਜਾਂ ਬਿਸਤਰੇ ਵਾਂਗੂੰ ਪਲੇਟਫ਼ਾਰਮ ਤੇ ਭੁੱਲ ਗਿਆ ਏ।

ਗੀਤਾ ਨੂੰ ਲਗਦਾ ਏ, ਉਹ ਸਵੇਰ ਇਕ ਝੂਠਾ ਸੁਪਨਾ ਸੀ।

ਉਹ ਸਵੇਰ ਸੀ ਹੀ ਨਹੀਂ।

ਉਸ ਸਵੇਰ ਨੂੰ ਉਹ ਆਪਣੀ ਜ਼ਿੰਦਗੀ ਵਿਚੋਂ ਜੇ ਮਨਫ਼ੀ ਕਰ ਦੇਵੇ, ਤਾਂ ਕਿਧਰੇ ਕੋਈ ਗੜਬੜ ਨਹੀਂ ਹੋਵੇਗੀ।

ਪਰ ਨਹੀਂ, ਉਹ ਸਵੇਰ ਤਾਂ ਉਹਦੇ ਖ਼ੂਨ ਵਿਚ ਰਲ ਚੁਕੀ ਏ। ਜ਼ਹਿਰ ਵਾਂਗੂੰ। ਮਿਹਦੇ ਤਕ ਪਹੁੰਚਿਆ ਜ਼ਹਿਰ ਧੋ ਕੇ ਬਾਹਰ ਕਢਿਆ ਜਾ ਸਕਦਾ ਏ। ਖ਼ੂਨ ਵਿਚ ਰਲਿਆ ਹੋਇਆ ਨਹੀਂ ਕਢਿਆ ਜਾ ਸਕਦਾ।

ਗੀਤਾ ਸੋਚਦੀ ਏ, ਉਹ ਚੁੱਪ ਕਰ ਕੇ ਉਮੇਸ਼ ਦੀ ਆਵਾਜ਼ ਦਾ ਇੰਤਜ਼ਾਰ ਕਰੇ।

ਰੋਜ਼ ਰੋਜ਼ ਇੰਤਜ਼ਾਰ।

ਇਕ ਦਿਨ। ਦੋ ਦਿਨ। ਚਾਰ ਦਿਨ।

ਕੋਈ ਆਵਾਜ਼ ਨਹੀਂ।

ਗੀਤਾ ਆਪ ਟੈਲੀਫ਼ੋਨ ਕਟਦੀ ਏ।

ਉਮੇਸ਼ ਨਹੀਂ ਮਿਲਦਾ।

ਸੁਨੇਹਾ ਛੱਡਦੀ ਏ ਉਹਦੇ ਦਫ਼ਤਰ ਵਿਚ।

ਉਮੇਸ਼ ਦਾ ਕੋਈ ਹੁੰਗਾਰਾ ਨਹੀਂ।

ਆਪਣੇ ਆਪ ਨਾਲ ਨਾਰਾਜ਼ ਹੋ ਰਹੀ ਏ ਗੀਤਾ। ਇੰਜ ਤੇ ਕਦੀ ਨਹੀਂ ਸੀ ਨਿੱਘਰੀ ਉਹ। ਇੰਜ ਨਿੱਘਰ ਕੇ ਕੋਈ ਜੀਅ ਵੀ ਕਿਸ ਤਰ੍ਹਾਂ ਸਕਦਾ ਏ ? ਰੀੜ੍ਹ ਦੀ ਹੱਡੀ ਨੂੰ ਸਾਬਤ ਰਖ ਕੇ ਈ ਜੀਊਣਾ ਚਾਹੀਦਾ ਏ।

ਇਕ ਅਜੀਬ ਲੜਾਈ ਉਹ ਆਪਣੇ ਆਪ ਨਾਲ ਲੜ ਰਹੀ ਏ। ਦਿਨ ਰਾਤ।



ਰੋਕਦਿਆਂ ਰੋਕਦਿਆਂ ਵੀ ਉਹ ਉਮੇਸ਼ ਦਾ ਨੰਬਰ ਘੁਮਾ ਦੇਂਦੀ ਏ। ਏਨੇ ਮੀਲਾਂ ਦੀ ਦੂਰੀ। ਪਰ ਲਾਈਨ ਸਿੱਧੀ ਏ। ਉਂਜ ਘੰਟਿਆਂ ਦੇ ਘੰਟੇ ਨਹੀਂ ਮਿਲਦੀ ਕਈ ਵਾਰੀ। ਨੰਬਰ ਘੁਮਾ ਘੁਮਾ ਕੇ ਉਂਗਲੀ ਦੁਖਣ ਲਗਦੀ ਏ।

ਦਫ਼ਤਰ ਵਿਚ ਉਹਦਾ ਪੀ. ਏ. ਚੁੱਕਦਾ ਏ। ਉਹ ਜਿਸ ਵੇਲੇ ਕਹਿੰਦੀ ਏ, ''ਮਿਸਟਰ ਸਹਿਗਲ ਨਾਲ ਗੱਲ ਕਰਵਾ ਦਿਓ ਰਤਾ'', ਤਾਂ ਪੀ. ਏ. ਦੀ ਆਵਾਜ਼ ਵਿਚ ਸ਼ਰਾਰਤ ਲਹਿਕ ਜਾਂਦੀ ਏ, ''ਰਤਾ ਕੁ ਕਿਉਂ ਜੀ, ਬਹੁਤ ਸਾਰੀ ਗੱਲ ਕਰੋ ਭਾਵੇਂ।''

ਤੇ ਉਹ ਉਮੇਸ਼ ਨੂੰ ਕੁਝ ਵੀ ਨਹੀਂ ਆਖ ਸਕਦੀ। ਉਹਨੂੰ ਲਗਦਾ ਏ, ਪੀ. ਏ. ਵਿਚੋਂ ਸੁਣ ਰਿਹਾ ਹੋਵੇਗਾ ਸ਼ਾਇਦ।

ਉਹ ਡਰਦੀ ਨਹੀਂ ਕਿਸੇ ਕੋਲੋਂ। ਡਰਨਾ ਤਾਂ ਉਹਨੇ ਸਿੱਖਿਆ ਹੀ ਨਹੀਂ। ਪਰ ਮਨ ਦੀ ਗੱਲ ਕਿਸੇ ਦੇ ਸਾਹਮਣੇ ਕੀਤੀ ਹੀ ਨਹੀਂ ਜਾ ਸਕਦੀ। ਮਨ ਦੇ ਸ਼ਹਿਰ ਦਾ ਇਹੀ ਦਸਤੂਰ ਏ।

ਜੇ ਘਰ ਟੈਲੀਫ਼ੋਨ ਕਰਦੀ ਏ ਤਾਂ ਕਦੇ ਉਮੇਸ਼ ਦੀ ਬੀਵੀ ਚੁੱਕਦੀ ਏ, ਕਦੇ ਕੁਝ ਉਹ ਆਪ।

ਜਦੋਂ ਉਹਦੀ ਬੀਵੀ ਚੁੱਕਦੀ ਏ, ਉਹ ਚੁੱਪਚਾਪ ਟੈਲੀਫ਼ੋਨ ਬੰਦ ਕਰ ਦੇਂਦੀ ਏ। ਨਹੀਂ ਬੋਲਦੀ।

ਪਰ ਜਦੋਂ ਉਮੇਸ਼ ਚੁੱਕਦਾ ਏ, ਉਹਦੀ ਆਵਾਜ਼ ਵਿਚ ਏਨੀ ਟੈਨਸ਼ਨ ਹੁੰਦੀ ਏ, ਕਿ ਉਹ ਕੁਝ ਵੀ ਨਹੀਂ ਆਖ ਸਕਦੀ ਉਹਨੂੰ।

ਹਰ ਵਾਰ ਉਮੇਸ਼ ਕਹਿੰਦਾ ਏ, ''ਅਗਲੇ ਹਫਤੇ ਆ ਰਿਹਾਂ।''

ਅਗਲਾ ਹਫ਼ਤਾ, ਯਾਨੀ ਸੋਮਵਾਰ ?

ਸੋਮਵਾਰ ਉਹ ਫ਼ੋਨ ਕਰਦੀ ਏ, ਤਾਂ ਉਹ ਕਹਿੰਦਾ ਏ, ਨਹੀਂ ਕਲ੍ਹ ਤਾਂ ਉਦੇਪੁਰ ਜਾ ਰਿਹਾਂ। ਮੀਟਿੰਗ ਏ। ਉਸ ਤੋਂ ਮਗਰੋਂ ਫੇਰ ਜੈਪੁਰ ਆਵਾਂਗਾ। ਫੇਰ ਪ੍ਰੋਗਰਾਮ ਬਣੇਗਾ ਦਿੱਲੀ ਦਾ।

ਦੋ, ਤਿੰਨ, ਚਾਰ ਦਿਨ।

ਰੋਜ਼ ਫ਼ੋਨ।

ਨਹੀਂ, ਉਹ ਹਾਲੇ ਨਹੀਂ ਮੁੜਿਆ ਉਦੇਪੁਰ ਤੋਂ।

ਮੁੜਦਾ ਏ ਤਾਂ ਫੇਰ ਓਹੀ, ''ਅਗਲੇ ਹਫ਼ਤੇ।''

ਅਗਲਾ ਹਫ਼ਤਾ, ਯਾਨੀ ਅਗਲਾ ਸੋਮਵਾਰ ?

ਸੋਮਵਾਰ ਕਹਿੰਦਾ ਏ, ਮੇਰੀ ਚਾਚੀ ਬੀਮਾਰ ਏ। ਗੰਗਾ ਨਗਰ ਜਾ ਰਿਹਾਂ ਖ਼ਬਰ ਲੈਣ।

— ਉਥੋਂ ?

— ਉਥੋਂ ਫੇਰ ਮੁੜ ਕੇ ਜੈਪੁਰ ਆਵਾਂਗਾ।

— ਤੇ ਦਿੱਲੀ ?

— ਦਿੱਲੀ ਦਾ ਤਾਂ ਉਸ ਤੋਂ ਮਗਰੋਂ ਹੀ ਪ੍ਰੋਗਰਾਮ ਬਣੇਗਾ।

ਦਿਨ ਗੁਜ਼ਰਦੇ ਜਾਂਦੇ ਨੇ !

"ਆ ਤੇ ਮੈਂ ਜਾਣਾ ਸੀ। ਪਰ ਮਕਾਨ ਬਣਵਾ ਰਿਹਾ ਵਾਂ ਨਾ ਐਥੇ। ਇੱਟਾਂ ਹੀ ਨਹੀਂ ਮਿਲਦੀਆਂ ਅੱਜ ਕਲ੍ਹ। ਪਤਾ ਨਹੀਂ ਕੀ ਹੋ ਗਿਆ ਏ। ਅਲਵਰ ਆਪਣੇ ਦੋਸਤ ਨੂੰ ਫ਼ੋਨ ਕੀਤਾ ਏ, ਕੋਟਾ ਵੀ ਫ਼ੋਨ ਕੀਤਾ ਏ। ਟਰੱਕ ਭੇਜ ਰਹੇ ਨੇ ਇਕੱਠੇ ਕਰ ਕੇ ਇੱਟਾਂ ਦੇ। ਪਹੁੰਚ ਲੈਣ, ਫੇਰ ਆਵਾਂਗਾ।"

ਗੀਤਾ ਨੂੰ ਲਗਦਾ ਏ ਉਮੇਸ਼ ਦੀ ਜ਼ਿੰਦਗੀ ਏਨੀ ਭਰੀ ਹੋਈ ਏ ਕਿ ਕਿਤੇ ਵੀ ਕੋਈ ਖ਼ਾਲੀ ਕੋਨਾ ਉਹਦੇ ਜੋਗਾ ਨਹੀਂ।

ਪਰ ਇਹ ਉਹ ਕੋਨਿਆਂ ਦੀ ਡੀਮੈਂਡ ਤਕ ਕਦੋਂ ਨਿੱਘਰ ਗਈ ? ਉਹ ਤਾਂ ਆਪਣੀ ਪੂਰੀ ਥਾਂ ਮੰਗਿਆ ਕਰਦੀ ਸੀ।

ਅੱਗੇ ਵੀ ਦੋ ਵਾਰੀ ਇਹੀ ਤਾਂ ਹੋਇਆ ਸੀ ! ਜਿੰਨੀ ਥਾਂ ਉਹ ਮੰਗਦੀ ਸੀ, ਅਗਲਾ ਦੇ ਨਹੀਂ ਸੀ ਸਕਦਾ।

ਹੁਣ ਕੀ ਹੋ ਗਿਆ ?

ਸ਼ਾਇਦ ਲੰਘਦੀ ਉਮਰ ਦਾ ਤਕਾਜ਼ਾ ਏ। ਡੀਮੈਂਡਜ਼ ਬੰਦਾ ਆਪੇ ਹੀ ਜਾਣੇ ਅਣਜਾਣੇ ਘਟਾ ਲੈਂਦਾ ਏ। ਜੋ ਮਿਲਿਆ ਏ, ਸ਼ਾਇਦ ਦੋ ਵਰ੍ਹਿਆਂ ਨੂੰ ਇਹ ਵੀ ਨਹੀਂ ਮਿਲੇਗਾ।

ਜੇ ਕੋਨਾ ਮਿਲ ਗਿਆ, ਤਾਂ ਕੋਨੇ ਨਾਲ ਤਸੱਲੀ ਹੋ ਜਾਵੇਗੀ ਉਹਦੀ ?

ਨਹੀਂ, ਫੇਰ ਉਹ ਸ਼ਾਇਦ ਬਹਿਣ ਜੋਗੀ ਥਾਂ ਮੰਗੇਗੀ, ਫੇਰ ਸੌਣ ਜੋਗੀ। ਫੇਰ ਹੋਰ। ਫੇਰ ਹੋਰ।

ਜ਼ਿੰਦਗੀ ਵਿਚ ਤਰਲਿਆਂ ਨਾਲ, ਸਮਝੌਤਿਆਂ ਨਾਲ ਜੀਊਣ ਦੀ ਜਾਚ ਉਹਨੇ ਸਿੱਖੀ ਹੀ ਨਹੀਂ।

ਹੁਣ ਵੀ ਸ਼ਾਇਦ ਉਹ ਕੋਨਾ ਨਹੀਂ ਮੰਗ ਰਹੀ। ਉਹ ਆਪਣੀ ਪੂਰੀ ਥਾਂ ਮੰਗ ਰਹੀ ਏ। ਆਪਣਾ ਪੂਰਾ ਹੱਕ। ਪਰ ਹੱਕ ਕਦੇ ਖੋਹ ਕੇ ਤਾਂ ਨਹੀਂ ਮਿਲਦੇ। ਨਾ ਹੀ ਰੀਂ ਰੀਂ ਕਰ ਕੇ ਮੰਗਿਆਂ ਮਿਲਦੇ ਨੇ।

— ਤਾਂ ਕੀ ਇਹ ਵੀ ਗ਼ਲਤ ਬੰਦਾ ਏ ? ਏਥੋਂ ਵੀ ਜ਼ਿੰਦਗੀ ਦੀ ਪਿਆਸ ਨਹੀਂ ਮਿਟੇਗੀ ?

❖

ਇਕ ਦਿਨ ਫ਼ੋਨ ਆਇਆ ਉਮੇਸ਼ ਦਾ, "ਮੈਂ ਇਕੱਤੀ ਤਰੀਕ ਆ ਰਿਹਾਂ ਦਿੱਲੀ।"

"ਪਰ ਮੈਂ ਪਹਿਲੀ ਦੀ ਬੁਕਿੰਗ ਕਰਵਾਈ ਹੋਈ ਏ ਬੰਬਈ ਦੀ," ਗੀਤਾ ਦੀ ਆਵਾਜ਼ ਵਿਚ ਬੇਬਸੀ ਏ।

"ਚਲੋ ਕੋਈ ਗੱਲ ਨਹੀਂ। ਪਹਿਲੀ ਤਰੀਕ ਮੈਂ ਤੈਨੂੰ ਗੱਡੀ ਚੜ੍ਹਾ ਦਿਆਂਗਾ। ਨਾ ਸੱਚ, ਤੂੰ ਤੇ ਬਾਈ ਏਅਰ ਜਾਣਾ ਹੋਵੇਗਾ ਨਾ ?"

"ਓ ਉਮੇਸ਼, ਤੂੰ ਦੋ ਚਾਰ ਦਿਨ ਪਹਿਲੋਂ ਆ ਜਾਹ ਨਾ।"

"ਨਹੀਂ, ਅਠਾਈ ਤਰੀਕ ਮੇਰੀ ਇਕ ਮੀਟਿੰਗ ਏ। ਫੇਰ ਉੱਨਤੀ ਨੂੰ ਸਨੀਚਰ



ਏ, ਤੀਹ ਨੂੰ ਐਤਵਾਰ। ਛੁੱਟੀਆਂ ਵਾਲੇ ਦਿਨਾਂ ਵਿਚ ਦਿੱਲੀ ਆ ਕੇ ਕੀ ਕਰਾਂਗਾ ?"

"ਸਿਰਫ਼ ਕੰਮ ਲਈ ਆ ਰਿਹਾ ਏਂ ਨਾ ਤੂੰ ਦਿੱਲੀ ?" ਗੀਤਾ ਦੀ ਆਵਾਜ਼ ਮਰਦੀ ਜਾ ਰਹੀ ਏ।

"ਕੰਮ ਵੀ ਤੇ ਹੁੰਦੇ ਈ ਨੇ," ਉਮੇਸ਼ ਹੱਸਦਾ ਏ। "ਪਰ ਅਸਲੀ ਕੰਮ ਤਾਂ ਤੈਨੂੰ ਮਿਲਣ ਦਾ ਏ।" ਉਮੇਸ਼ ਦਾ ਹਾਸਾ ਗੱਲ ਨੂੰ ਬੜੀ ਊਣੀ ਬਣਾ ਦੇਂਦਾ ਏ। ਹੋਛੀ।

"ਮੈਨੂੰ ਮਿਲਣ ਦਾ ਕੰਮ ਏ ਤਾਂ ਅਠਾਈ ਨੂੰ ਮੀਟਿੰਗ ਤੋਂ ਇਕਦਮ ਮਗਰੋਂ ਤੁਰ ਪੈ। ਸ਼ਾਮੀਂ ਏਥੇ ਪਹੁੰਚ ਜਾ।" ਗੀਤਾ ਜਿਵੇਂ ਤਰਲਾ ਕਰ ਰਹੀ ਏ।

"ਤੇ ਏਥੇ ਮੇਰੀ ਜੇਲਰ ਨਹੀਂ ਪੁੱਛੇਗੀ ਕਿ ਛੁੱਟੀ ਵਾਲੇ ਦਿਨ ਦਿੱਲੀ ਕੀ ਕੰਮ ਏ ਭਲਾ ?" ਉਮੇਸ਼ ਹੱਸ ਰਿਹਾ ਏ।

"ਬੱਸ ਇਕੱਤੀ ਨੂੰ ਆਵਾਂਗਾ। ਆ ਕੇ ਤੈਨੂੰ ਫ਼ੋਨ ਕਰਾਂਗਾ।"

ਇਕ ਗੀਤਾ ਕਹਿੰਦੀ ਏ, ਜੇ ਆਪਣੇ ਕੰਮ ਵਾਸਤੇ ਹੀ ਆ ਰਿਹਾ ਏ, ਤਾਂ ਤੂੰ ਚੁੱਪ ਕਰਕੇ ਚਲੀ ਜਾਹ ਬੰਬਈ। ਉਹ ਆਪਣਾ ਆਉਣਾ ਦੋ ਦਿਨ ਉਰ੍ਹਾਂ ਨਹੀਂ ਕਰ ਸਕਦਾ, ਤਾਂ ਇਹਦਾ ਇਹੀ ਮਤਲਬ ਏ ਕਿ ਉਹਨੂੰ ਤੇਰੀ ਕੋਈ ਲੋੜ ਨਹੀਂ। ਆਪਣੀ ਡਿਗਨਿਟੀ ਕਾਇਮ ਰਖ। ਥੋੜ੍ਹੀ ਜਿਹੀ ਬੇ-ਨਿਆਜ਼ੀ ਵੀ ਕਈ ਵਾਰੀ ਦੂਜੇ ਨੂੰ ਹਲੂਣਦੀ ਏ। ਜੇ ਉਹਨੂੰ ਲੋੜ ਹੋਵੇਗੀ, ਤਾਂ ਅਗਲੀ ਵਾਰੀ ਛੇਤੀ ਆਵੇਗਾ। ਜੇ ਨਹੀਂ, ਤਾਂ ਫੇਰ ਰੁਕਣ ਦਾ ਵੀ ਕੀ ਫ਼ਾਇਦਾ ? ਫੇਰ ਤਾਂ ਕਿਸੇ ਵੀ ਗੱਲ ਦਾ ਕੋਈ ਮਤਲਬ ਹੀ ਨਹੀਂ।

ਇਹ ਕੋਈ ਦੂਜੀ ਗੀਤਾ ਸੀ ਜਿਸ ਨੇ ਜਾ ਕੇ ਆਪਣੀ ਬੰਬਈ ਦੀ ਰੈਜ਼ਰਵੇਸ਼ਨ ਕੈਂਸਲ ਕਰਵਾ ਦਿਤੀ।

ਉਹ ਛੱਬੀ ਤਾਰੀਖ਼ ਸੀ ਜਦੋਂ ਉਮੇਸ਼ ਦਾ ਫ਼ੋਨ ਆਇਆ ਸੀ।

ਛੱਬੀ ਤੋਂ ਇਕੱਤੀ ਤੱਕ ਗੀਤਾ ਆਪਣੇ ਆਪ ਨਾਲ ਨਾਰਾਜ਼ ਰਹੀ।

ਪਹਿਲੀ ਗੀਤਾ ਦੂਜੀ ਗੀਤਾ ਨਾਲ ਬੇਹੱਦ ਗੁੱਸੇ ਰਹੀ।

ਅਜੀਬ ਝੁੰਜਲਾਹਟ। ਬੇਬਸੀ।

ਇਕੱਤੀ ਤਾਰੀਖ਼।

ਸਾਰਾ ਦਿਨ, ਇੰਤਜ਼ਾਰ। ਇੰਤਜ਼ਾਰ।

ਸ਼ਾਮ ਸਾਢੇ ਪੰਜ ਵਜੇ ਫ਼ੋਨ ਆਇਆ, "ਮੈਂ ਹੁਣੇ ਪਹੁੰਚਿਆਂ। ਬੱਸ, ਇਕ ਕੰਮ ਏ ਥੋੜ੍ਹਾ ਜਿਹਾ। ਦੋ ਕੁ ਘੰਟੇ ਲਗਣਗੇ। ਅੱਠ ਕੁ ਵਜੇ ਮੈਂ ਆ ਜਾਵਾਂ ? ਤੂੰ ਕਿਧਰੇ ਜਾਣਾ ਤੇ ਨਹੀਂ ?"

"ਉਮੇਸ਼ !" ਗੀਤਾ ਉਹਦੀ ਆਵਾਜ਼ ਦਾ ਹੱਥ ਫੜ ਕੇ ਜਿਵੇਂ ਉਹਨੂੰ ਪਛਾਨਣ ਦੀ ਕੋਸ਼ਿਸ਼ ਕਰ ਰਹੀ ਏ।

"ਤੂੰ ਘਰ ਹੋਵੇਂਗੀ ਅੱਠ ਵਜੇ ?"

ਗੀਤਾ ਕਹਿਣਾ ਚਾਹੁੰਦੀ ਏ, ਮੈਂ ਤੇ ਸਵੇਰ ਦੀ ਘਰ ਹਾਂ। ਤੈਨੂੰ ਉਡੀਕਦੀ। ਤੂੰ ਅੱਜ ਬਤਾਲੀ ਦਿਨਾਂ ਮਗਰੋਂ ਆਇਆ ਏਂ। ਆਉਂਦਿਆਂ ਆਉਂਦਿਆਂ ਸ਼ਾਮ ਕਰ ਦਿਤੀ। ਤੈਨੂੰ ਤੇ ਹਾਲੀ ਪਤਾ ਨਹੀਂ ਨਾ ਕਿ ਮੈਂ ਸਵੇਰ ਦੀ ਬੰਬਈ ਦੀ ਰੇਜ਼ਰਵੇਸ਼ਨ ਕੈਂਸਲ ਕਰਵਾ ਦਿਤੀ ਏ। ਤੂੰ ਤੇ ਉਸ ਗੀਤਾ ਨੂੰ ਮਿਲਣ ਆ ਰਿਹਾ ਏਂ, ਜਿਹੜੀ ਸਵੇਰੇ ਬੰਬਈ ਜਾ ਰਹੀ ਏ। ਬੱਸ, ਅੱਠ ਵਜੇ ਆਵੇਂਗਾ। ਸਾਰੇ ਕੰਮ ਖ਼ਤਮ ਕਰ ਕੇ।

"ਅੱਛਾ।"

ਅੱਠ। ਇਕ ਇਕ ਮਿੰਟ ਕਿਸ ਤਰ੍ਹਾਂ ਰੀਂਗ ਕੇ ਤੁਰਦਾ ਏ, ਗੀਤਾ ਅੱਜ ਵੇਖ ਰਹੀ ਏ। ਆਪਣੀ ਅੱਖੀਂ।

ਪੌਣੇ ਨੌਂ।

ਘਰ ਦੇ ਬਾਕੀ ਸਾਰੇ ਲੋਕ ਰੋਟੀ ਖਾਣ ਲਗੇ। ਗੀਤਾ ਨੇ ਕਿਹਾ, ਮੈਂ ਮਗਰੋਂ ਖਾਵਾਂਗੀ, ਉਮੇਸ਼ ਆ ਰਿਹਾ ਏ, ਉਹਦੇ ਨਾਲ।

ਗੀਤਾ ਦੀ ਮਾਂ ਨੂੰ ਉਮੇਸ਼ ਕਦੇ ਵੀ ਚੰਗਾ ਨਹੀਂ ਲਗਾ। ਉਂਜ ਵੀ...... ਵਿਆਹਿਆ ਹੋਇਆ ਬੰਦਾ। ਬਾਲ ਬੱਚੇ। ਇਹ ਉਹਦੀ ਧੀ ਕਿਥੇ ਸਿਰ ਮਾਰ ਰਹੀ ਏ ? ਪਰ ਗੀਤਾ ਨੂੰ ਕਦੇ ਵੀ ਕਿਸੇ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਹੋਈ। ਪਿਤਾ ਦੇ ਮਰਨ ਮਗਰੋਂ ਗੀਤਾ ਇਸ ਘਰ ਵਾਸਤੇ ਪਿਓ ਵਾਂਗੂੰ ਕਮਾਂਦੀ ਰਹੀ ਏ। ਮਾਂ ਨੂੰ ਲਗਦਾ ਏ, ਗੀਤਾ ਦੇ ਸਾਹਮਣੇ ਉਹ ਉਸੇ ਤਰ੍ਹਾਂ ਸਹਿਮੀ ਰਹਿੰਦੀ ਏ ਜਿਸ ਤਰ੍ਹਾਂ ਆਪਣੇ ਖ਼ਾਵੰਦ ਅੱਗੇ ਸਹਿਮੀ ਰਹਿੰਦੀ ਸੀ।

ਪਰ ਫੇਰ ਵੀ ਹੈ ਤਾਂ ਗੀਤਾ ਉਹਦੀ ਧੀ ਹੀ। ਉਹਦੀ ਆਪਣੀ ਆਂਦਰ। ਉਹਨੂੰ ਅੱਖਾਂ ਸਾਹਮਣੇ ਉਹ ਅੰਨ੍ਹੇ ਖੂਹ ਵਿਚ ਡਿਗਦਿਆਂ ਵੇਖ ਰਹੀ ਏ। ਪਰ ਕਹਿ ਕੁਝ ਨਹੀਂ ਸਕਦੀ।

ਨੌਂ।

ਨੌਂ ਪੰਜ।

ਨੌਂ ਵਜ ਕੇ ਸੱਤ ਮਿੰਟ ਤੇ ਉਮੇਸ਼ ਆ ਗਿਆ।

ਡਰਾਇੰਗ ਡਾਇਨਿੰਗ ਇਕੱਠਾ ਇਕੋ ਕਮਰਾ ਏ। ਡਰਾਇੰਗ ਰੂਮ ਵਿਚ ਬੈਠੀ ਉਹ ਰੀਕਾਰਡ ਸੁਣ ਰਹੀ ਸੀ। ਨਾਲ ਇਕ ਸਵੈਟਰ ਬੁਣ ਰਹੀ ਸੀ, ਆਪਣੀ ਮਾਂ ਜੋਗਾ। ਜਦੋਂ ਮਨ ਬੇਚੈਨ ਹੁੰਦਾ ਏ, ਉਹ ਆਮ ਤੌਰ ਤੇ ਪੜ੍ਹਿਆ ਕਰਦੀ ਏ। ਜਾਂ ਕੋਈ ਮੂਵੀ ਵੇਖਣ ਚਲੀ ਜਾਂਦੀ ਏ। ਜਾਂ ਲੰਮੀ ਸੈਰ। ਪਰ ਜਦੋਂ ਬੇਚੈਨੀ ਹੜ੍ਹ ਦੇ ਪਾਣੀ ਵਾਂਗੂੰ ਖ਼ਤਰੇ ਵਾਲੇ ਨਿਸ਼ਾਨ ਤੋਂ ਟੱਪ ਜਾਂਦੀ ਏ, ਤਾਂ ਪੜ੍ਹਿਆਂ ਵੀ ਨਹੀਂ ਜਾਂਦਾ। ਸਿਨੇਮਾ ਹਾਲ ਵਿਚ ਤਿੰਨ ਘੰਟੇ ਕੈਦ ਹੋ ਕੇ ਬੈਠਿਆ ਵੀ ਨਹੀਂ ਜਾਂਦਾ। ਫੇਰ ਬੱਸ, ਉਹ ਰੀਕਾਰਡ ਸੁਣਦੀ ਏ ਤੇ ਤੇਜ਼ ਤੇਜ਼ ਸਲਾਈਆਂ ਚਲਾ ਕੇ ਸਵੈਟਰ ਬੁਣਦੀ ਏ।

ਉਮੇਸ਼ ਜਦੋਂ ਆਇਆ, ਤਾਂ ਕਮਰੇ ਦੇ ਦੂਜੇ ਹਿੱਸੇ ਵਿਚ ਡਾਇਨਿੰਗ ਟੇਬਲ 'ਤੇ ਬੈਠੇ ਘਰ ਦੇ ਬਾਕੀ ਸਾਰੇ ਲੋਕ ਰੋਟੀ ਖਾ ਰਹੇ ਸਨ।

ਗੀਤਾ ਦਾ ਦਿਲ ਕੀਤਾ ਉਹ ਦੌੜ ਕੇ ਉਮੇਸ਼ ਦੀ ਹਿੱਕ ਨਾਲ ਲਗ ਜਾਏ।



ਇਹ ਕਿਹੜੀ ਇਕ ਹੁੰਮਸ ਛਾਤੀ ਦੇ ਅੰਦਰ ਘੁਮੜ ਰਹੀ ਏ...

ਪਰ ਕਮਰੇ ਵਿਚ ਹੋਰ ਲੋਕ ਸਨ। ਉਮੇਸ਼ ਸਾਰਿਆਂ ਨੂੰ ਹੱਥ ਜੋੜ ਕੇ ਹੋਠਾਂ ਵਿਚ ਹੀ ਬੁੜਬੁੜਾ ਕੇ, ਮੁਸਕਰਾ ਕੇ, ਬਹਿ ਗਿਆ।

ਤੇ ਗੀਤਾ ਨੂੰ ਉਹਦੇ 'ਤੇ ਬੇਹੱਦ ਗੁੱਸਾ ਆਉਣਾ ਲਗਾ।

— ਇਹ ਕੀ ਤਰੀਕਾ ਏ ਮਿਲਣ ਦਾ ? ਬਤਾਲੀ ਦਿਨਾਂ ਮਗਰੋਂ ਤੂੰ ਆਇਆ ਏਂ। ਤੈਨੂੰ ਚਾਹੀਦਾ ਸੀ ਆਉਂਦਿਆਂ ਸਾਰ ਕਿਸੇ ਹੋਟਲ ਵਿਚ ਠਹਿਰਦੋਂ। ਮੈਨੂੰ ਫ਼ੋਨ ਕਰਦੋਂ। ਮੈਂ ਭੱਜੀ ਆਉਂਦੀ। ਤੇ ਤੇਰੀ ਹਿੱਕ ਨਾਲ ਲਗ ਜਾਂਦੀ। ਤਾਂ ਇਹ ਅੰਦਰਲਾ ਸ਼ੋਰ ਸ਼ਾਇਦ ਥੰਮ੍ਹ ਜਾਂਦਾ। ਇਸ ਅੰਦਰ ਘੁਮੜਦੀ ਹੁੰਮਸ ਵਿਚ ਸ਼ਾਇਦ ਹਵਾ ਦਾ ਇਕ ਸਾਹ ਰਲ ਜਾਂਦਾ।

— ਬਤਾਲੀ ਦਿਨਾਂ ਮਗਰੋਂ ਆ ਕੇ ਤੂੰ ਏਥੇ ਹੀ ਆਉਣਾ ਸੀ ? ਜਿਥੇ ਨਾ ਮੈਂ ਆਪਣੀਆਂ ਬਾਹਵਾਂ ਤੇਰੇ ਦੁਆਲੇ ਲਪੇਟ ਸਕਨੀ ਆਂ, ਨਾ ਤੇਰੀ ਛਾਤੀ ਤੇ ਸਿਰ ਰੱਖ ਕੇ ਰੋ ਸਕਦੀ ਆਂ। ਨਾ ਤੇਰੇ ਹੋਠਾਂ ਨੂੰ ਆਪਣੇ ਹੋਠਾਂ ਨਾਲ ਜੋੜ ਕੇ ਖ਼ਾਮੋਸ਼ ਤੇਰੇ ਨਾਲ ਗੱਲਾਂ ਕਰ ਸਕਨੀ ਆਂ। ਦਰਿਆਵਾਂ ਜੇਡੀਆਂ ਲੰਮੀਆਂ ਗੱਲਾਂ। ਸਮੁੰਦਰਾਂ ਜੇਡੀਆਂ ਡੂੰਘੀਆਂ ਗੱਲਾਂ। ਵੱਸਣ ਵੱਸਣ ਕਰਦੇ ਉਲਰੇ ਹੋਏ ਘਟਾ-ਟੋਪ ਬੱਦਲਾਂ ਵਰਗੀਆਂ ਭਰੀਆਂ ਭਰੀਆਂ ਗੱਲਾਂ। ਛਹਿਬਰ ਲਾ ਕੇ ਵਸਦੇ ਮੀਂਹ ਵਰਗੀਆਂ ਲਗਾਤਾਰ, ਲਗਾਤਾਰ ਝੜੀਆਂ ਵਾਲੀਆਂ ਗੱਲਾਂ।

— ਤੂੰ ਏਥੇ ਕਿਉਂ ਆਇਆ ? ਕਿਉਂ ਆ ਗਿਆ ਤੂੰ ਏਥੇ ?

"ਰੋਟੀ ਖਾਓ," ਗੀਤਾ ਆਵਾਜ਼ ਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਉਹਦਾ ਕਾਂਬਾ ਰੋਕਦੀ ਏ।

"ਤੂੰ ਨਹੀਂ ਅਜੇ ਖਾਧੀ ?" ਉਮੇਸ਼ ਹੱਸ ਕੇ ਪੁੱਛਦਾ ਏ।

— ਇਹ ਪੁੱਛਣ ਦੀ ਵੀ ਲੋੜ ਏ ਤੈਨੂੰ ? ਤੈਨੂੰ ਨਹੀਂ ਪਤਾ ਕਿ ਅੱਜ ਤੂੰ ਆਉਣਾ ਸੀ ਤੇ ਮੈਂ ਤੈਨੂੰ ਉਡੀਕਣਾ ਸੀ, ਤੇ ਤੇਰੇ ਆਉਣ ਤੋਂ ਪਹਿਲਾਂ ਰੋਟੀ ਨਹੀਂ ਸੀ ਖਾਣੀ ? ਤੂੰ ਕੇਹੋ ਜਿਹੀਆਂ ਬੇਮਤਲਬ ਗੱਲਾਂ ਕਰਨਾਂ ਏਂ ਕਦੇ — ਜਾਂ ਅਜੇ ਤੈਨੂੰ ਪਤਾ ਈ ਨਹੀਂ ਲਗਾ ਕਿ ਮੈਂ ਤੇਰੀ...

"ਨਹੀਂ," ਸਿਰਫ਼ ਏਨਾ ਆਖਦੀ ਏ ਉਹ।

ਰੋਟੀ ਖਾਣ ਵੇਲੇ ਮੇਜ਼ ਦੇ ਆਰ ਪਾਰ ਸਿਰਫ਼ ਉਹ ਦੋਵੇਂ ਬੈਠੇ ਨੇ। ਬਾਕੀ ਲੋਕ ਅੰਦਰ ਚਲੇ ਗਏ ਨੇ — ਆਪੋ ਆਪਣੇ ਕਮਰਿਆਂ ਵਿਚ। ਸਿਰਫ਼ ਨੌਕਰ ਰਸੋਈ ਵਿਚੋਂ ਖਾਣੇ ਦੀ ਮੇਜ਼ ਤੱਕ ਆ ਜਾ ਰਿਹਾ ਏ।

ਗਰਮ ਫੁਲਕਾ ਆਇਆ ਤਾਂ ਗੀਤਾ ਨੇ ਉਮੇਸ਼ ਦੀ ਪਲੇਟ ਵਿਚ ਬਚਿਆ ਪਿਛਲਾ ਅੱਧਾ ਫੁਲਕਾ ਚੁੱਕ ਕੇ ਆਪਣੀ ਪਲੇਟ ਵਿਚ ਰੱਖ ਲਿਆ। ਨਵੀਂ ਗਰਮ ਰੋਟੀ ਉਹਦੀ ਪਲੇਟ ਵਿਚ ਰੱਖ ਦਿਤੀ।

ਉਮੇਸ਼ ਦੀਆਂ ਅੱਖਾਂ ਮੁਸਕਰਾਂਦੀਆਂ ਨੇ, "ਇਸ ਤਰ੍ਹਾਂ ਤੇ ਮੇਰੀ ਮਾਂ ਮੇਰਾ ਖ਼ਿਆਲ ਰਖਦੀ ਹੁੰਦੀ ਏ।"

ਤੇ ਕਿੰਨਾ ਹੀ ਚਿਰ ਉਹ ਆਪਣੀ ਮਾਂ ਦੀਆਂ ਗੱਲਾਂ ਕਰਦਾ ਰਹਿੰਦਾ ਏ। ਗੀਤਾ

ਸੁਣ ਰਹੀ ਏ । "ਅਸਲ ਵਿਚ ਮੇਰੀ ਮਾਂ ਬਹੁਤ ਅਟੈਚਡ ਨੇ ਮੇਰੇ ਨਾਲ । ਮੈਂ ਬੀਜੀ ਕਹਿਨਾਂ ਉਹਨਾਂ ਨੂੰ । ਸੱਤ ਸਾਲ ਦੀ ਉਮਰ ਤੋਂ ਲੈ ਕੇ ਐਮ. ਏ. ਦੇ ਇਮਤਿਹਾਨ ਤੱਕ ਉਸ ਔਰਤ ਨੇ ਜਿਸ ਤਰ੍ਹਾਂ ਮਿਹਨਤ ਕਰ ਕਰ ਕੇ ਮੈਨੂੰ ਪੜ੍ਹਾਇਆ ਏ" (ਮੈਂ ਵੀ ਮਿਹਨਤ ਕੀਤੀ ਏ ਤੇਰੇ 'ਤੇ ਉਮੇਸ਼ । ਬਤਾਲੀ ਦਿਨ । ਨਹੀਂ, ਉਸ ਤੋਂ ਵੀ ਪਹਿਲੋਂ । ਪਤਾ ਨਹੀਂ ਕਦੋਂ ਤੋਂ । ਉਮੇਸ਼...ਉਮੇਸ਼...!) "ਨਿੱਕੇ ਭਰਾ ਨੂੰ ਮੈਂ ਕਦੇ ਨਹੀਂ ਮਹਿਸੂਸ ਹੋਣ ਦਿਤਾ ਕਿ ਉਹਦਾ ਪਿਉ ਕੋਈ ਨਹੀਂ ! ਉਹ ਓਦੋਂ ਤਿੰਨਾਂ ਵਰ੍ਹਿਆਂ ਦਾ ਸੀ । ਸਿਰਫ਼ ਉਹਨੂੰ ਇਕੋ ਹੀ ਪਿਉ ਦਾ ਪਤਾ ਏ—ਮੇਰਾ । ਉਹਨੂੰ ਮੈਂ ਵਲਾਇਤ..." (ਜੇ ਤੂੰ ਮੇਰੇ ਕੋਲ ਰਹਿੰਦਾ ਹੁੰਦੋਂ, ਤਾਂ ਮੈਂ ਗਰਮ ਰੋਟੀ ਆਪ ਪਕਾ ਕੇ ਤੈਨੂੰ ਖੁਆਂਦੀ। ਇਕ ਇਕ ਗਰਾਹੀ । ਤੇਰੀ ਪਸੰਦ ਨਾਪਸੰਦ ਸਾਰੀ ਮੈਨੂੰ ਪਤਾ ਹੁੰਦੀ । ਰੋਟੀ ਨਾਲ ਅੱਜ ਵਾਂਗੂੰ ਅੰਮਾਂ ਦੇ ਆਰਡਰ ਦੀਆਂ ਚੀਜ਼ਾਂ ਨਾ ਬਣਦੀਆਂ । ਤੇਰੀ ਪਸੰਦ ਦੀਆਂ । ਪਰ ਮੈਨੂੰ ਤੇ ਪਤਾ ਵੀ ਨਹੀਂ ਕਿ ਤੈਨੂੰ ਕੀ ਪਸੰਦ ਏ । ਸਿਰਫ਼ ਇਹ ਪਤਾ ਏ ਕਿ ਚਾਹ ਵਿਚ ਤੂੰ ਇਕ ਚਮਚਾ ਖੰਡ ਦਾ ਪਾਨਾ ਏਂ । ਤੇ ਇਹ, ਕਿ ਇਹ ਲਸੂਹੜੀਆ ਰੰਗ ਦੀ ਟਾਈ ਸ਼ਾਇਦ ਤੈਨੂੰ ਬਹੁਤ ਪਸੰਦ ਏ, ਇਹ ਤੂੰ ਬੜੀ ਵਾਰੀ ਪਾਈ ਹੁੰਦੀ ਏ । ਤੇ ਹੋਰ ਇਹ, ਕਿ ਰੋਟੀ ਤੂੰ ਥੋੜੀ ਜਿਹੀ ਖਾਨਾ ਏਂ । ਬੱਸ, ਡੇਢ ਜਾਂ ਦੋ ਨਿੱਕੀਆਂ ਰੋਟੀਆਂ ।) "ਪਿਛਲੇ ਵਰ੍ਹੇ ਆਇਆ ਸੀ ਵਲਾਇਤੋਂ । ਮੈਂ ਕਿਹਾ, ਤੂੰ ਓਥੇ ਕਿਸੇ ਮੇਮ ਨਾਲ ਹੀ ਵਿਆਹ ਕਰ ਲੈਣਾ ਸੀ । ਕਹਿਣ ਲਗਾ ਭਾ ਜੀ, ਮੇਮਾਂ ਡੰਗ-ਟਪਾਊ ਚੀਜ਼ ਨੇ । ਜਿਵੇਂ ਰੋਟੀ ਨਾ ਮਿਲੇ ਤਾਂ ਸੈਂਡਵਿਚ ਖਾ ਲਏ ਤੇ ਕੌਫ਼ੀ ਦਾ ਪਿਆਲਾ ਪੀ ਲਿਆ । ਵਿਆਹ ਲਈ ਹਿੰਦੁਸਤਾਨੀਆਂ ਕੁੜੀਆਂ ਹੀ ਠੀਕ ਨੇ । ਜਿਵੇਂ ਮੱਖਣ ਨਾਲ ਬਣੀ ਪਰੌਂਠੀ ਵਿਚ ਗੁੰਨ੍ਹਿਆ ਹੋਇਆ ਘਿਓ ; ਤੇ ਤੇਜ਼ ਮਿਰਚਾਂ ਵਾਲੀ, ਰਿੰਨ੍ਹ ਰਿੰਨ੍ਹ ਕੇ ਕੜ੍ਹੀ ਹੋਈ ਮਾਂਹ ਦੀ ਦਾਲ", ਉਮੇਸ਼ ਜ਼ੋਰ ਦੀ ਹੱਸਦਾ ਏ । (ਘਰ ਵਸਾਉਣ ਲਈ ਬੀਵੀਆਂ ਠੀਕ ਨੇ । ਉਹਨਾਂ ਨਾਲ ਡੰਗ ਟਪਾਓ । ਜ਼ਿੰਦਗੀ ਬਿਤਾਓ । ਬੱਚੇ ਪੈਦਾ ਕਰੋ । ਕਮਾ ਕੇ ਲਿਆਓ । ਤੇ ਫੇਰ ਡਰੋ । ਦਰੁਸਤ ਕਾਂਡਕਟ ਰਖੋ, ਨਿਹਾਇਤ । ਤੇ ਮੂੰਹ ਦਾ ਜ਼ਾਇਕਾ ਬਦਲਣ ਲਈ ਕੋਈ ਮਹਿਬੂਬਾ । ਜ਼ਿੰਮੇਵਾਰੀ ਕੋਈ ਨਹੀਂ । ਡਰਨ ਦੀ ਵੀ ਲੋੜ ਕੋਈ ਨਹੀਂ । ਬੱਸ, ਫ਼ਾਲਤੂ ਦੀ ਡਿੱਸ਼ !) "ਉਹਨੂੰ ਮੈਂ ਕਸ਼ਮੀਰ ਲੈ ਗਿਆ । ਕੇਰਲ ਲੈ ਗਿਆ । ਅਜੰਤਾ, ਈਲੋਰਾ, ਕੋਨਾਰਕ । ਸਾਰੀ ਸੈਰ ਕਰਵਾਈ । ਅਸਲ ਵਿਚ ਕਈ ਥਾਵਾਂ ਮੈਂ ਵੀ ਨਹੀਂ ਸਨ ਵੇਖੀਆਂ ਹੋਈਆਂ । ਉਸ ਦੇ ਪੱਜ ਮੈਂ ਵੀ..."(ਮਾਂ, ਭਰਾ, ਬੀਵੀ, ਬੱਚੇ । ਸਭ ਨਾਲ ਤੂੰ ਵਰ੍ਹਿਆਂ ਤੋਂ ਜੁੜਿਆ ਹੋਇਆ ਏਂ । ਭਰੀ ਹੋਈ ਜ਼ਿੰਦਗੀ ਏ ਤੇਰੀ । ਹਾਰਮਨੀ ਵੀ ਹੈ ਈ । ਜਾਪਦਾ ਤਾਂ ਹੈ ਕਮ-ਅਜ਼-ਕਮ । ਫੇਰ ਮੇਰੀ ਕੀ ਲੋੜ ਸੀ ? ਕਾਹਦੇ ਲਈ ?) "ਜਾਣ ਤੋਂ ਪਹਿਲਾਂ ਉਹਦਾ ਵਿਆਹ ਕਰ ਦਿਤਾ" (ਤੂੰ ਮੈਨੂੰ ਨਹੀਂ ਲਿਜਾਏਂਗਾ ਕੋਨਾਰਕ ? ਅਜੰਤਾ, ਈਲੋਰਾ ? ਕਸ਼ਮੀਰ ? ਵਿਆਹ ਤੋਂ ਮਗਰੋਂ ਹਨੀਮੂਨ 'ਤੇ ਜਾਂਦੇ ਨੇ ਲੋਕ । ਇਕੱਲ । ਸੁਖਾਵਾਂ ਮਾਹੌਲ । ਇਕਾਂਤ । ਸ਼ਾਂਤੀ । ਸੁਹਜ । ਤੇ ਦੋ ਮਨੁੱਖਾਂ ਦਾ ਨਵਾਂ ਮਿਲਣ । ਤੇ ਤੂੰ...ਮੈਨੂੰ ਅੱਧੇ ਮਿੰਟ ਮਗਰੋਂ ਪਰ੍ਹਾਂ ਸੁੱਟ ਕੇ...) "ਚਿੱਠੀ ਆਈ ਸੀ ਉਹਦੀ ਕਿ ਭਾ ਜੀ, ਤੁਸਾਂ ਮੈਨੂੰ ਭਟਕਣੋਂ ਬਚਾ ਲਿਆ । ਖ਼ਰਚ ਵੀ ਘਟ ਗਿਆ ਏ ਸਗੋਂ — ਭਾਵੇਂ ਹੁਣ ਦੋ ਹਾਂ ।" (ਖ਼ਰਚ ਕਰ



ਕੇ ਸੌਣ ਵਾਲੀ ਤੀਵੀਂ । ਤੇ ਮੁਫ਼ਤ ਵਿਚ ਜਿਹਦੇ ਨਾਲ ਸੌਂ ਸਕੋ, ਉਹ ਤੀਵੀਂ । ਮੁਫ਼ਤ ਵਾਲੀ ਤੀਵੀਂ ਬੀਵੀ ਹੁੰਦੀ ਏ । ਸਿਰਫ਼ ਰੋਟੀ ਕੱਪੜੇ ਤੋਂ ਨੌਕਰ । ਗ਼ੁਲਾਮ । ਪਰ ਫੇਰ ਵੀ ਬੀਵੀ ਦੀ ਪੋਜ਼ੀਸ਼ਨ ਰਿਸਪੈਕਟੇਬਲ ਏ ! ਖ਼ਰਚ ਕਰ ਕੇ ਜਿਦ੍ਹੇ ਨਾਲ ਸੰਵੋਂ, ਉਹ ਪ੍ਰਾਸਟੀਚਿਊਟ ਹੁੰਦੀ ਏ । ਵੇਸ਼ਿਆ । ਤੇ ਇਹਨਾਂ ਦੋਹਾਂ ਦੇ ਵਿਚਕਾਰ ਜਿਹੜੀ ਔਰਤ ਹੁੰਦੀ ਏ, ਜਿਦ੍ਹੇ 'ਤੇ ਖ਼ਰਚ ਵੀ ਨਹੀਂ ਕਰਨਾ ਪੈਂਦਾ, ਰੋਟੀ ਕੱਪੜਾ ਦੇਣ ਦਾ ਇਕਰਾਰ ਵੀ ਨਹੀਂ ਹੁੰਦਾ, ਸਮਾਜ ਵਿਚ ਉਹਦੇ ਨਾਲ ਸੌਂਣ ਵਾਲੇ ਮਰਦ ਦੇ ਰੁਤਬੇ ਮਰਾਤਬੇ ਦੇ ਮੁਤਾਬਿਕ ਉਹਦੀ ਇੱਜ਼ਤ ਵੀ ਨਹੀਂ ਹੁੰਦੀ, ਚੋਰੀ ਦਾ ਰਿਸ਼ਤਾ, ਉਹ ਕੀ ਹੁੰਦੀ ਏ ? ਉਹ ਔਰਤ ਕੀ ਹੁੰਦੀ ਏ ਉਮੇਸ਼ ? ਫ਼ਾਲਤੂ ਔਰਤ ! ਫ਼ਾਲਤੂ । ਸੁਪਰਫ਼ਲੂਅਸ !)

ਉਮੇਸ਼ ਜ਼ੋਰ ਦੀ ਹੱਸਦਾ ਏ, "ਮੇਰੀ ਬੀਵੀ ਨੇ ਐਤਕੀਂ ਆਰਡਰ ਦਿਤਾ ਸੀ ਕਿ ਉਹਦੇ ਜੋਗੀ ਵਧੀਆ ਇਮਪੋਰਟਿਡ ਲਿਪਸਟਿਕ ਲੈ ਕੇ ਆਵਾਂ ਤੇ ਇੰਟੀਮੇਟ ਪਰਫ਼ਿਊਮ ਦੀ ਬਾਟਲ । ਪਰ ਹੁਣ ਮੈਂ ਇਕੱਲਾ ਕਿਥੋਂ ਲਵਾਂਗਾ ? ਤੂੰ ਤੇ ਸਵੇਰੇ ਬੰਬਈ ਤੁਰ ਚਲੀ ਏਂ" (ਮੈਂ ਤੇ ਤੈਨੂੰ ਕੋਈ ਆਰਡਰ ਨਹੀਂ ਦੇ ਸਕਦੀ ਉਮੇਸ਼ । ਨਾ ਇਹ, ਕਿ ਦੋ ਦਿਨ ਪਹਿਲੋਂ ਆ ਜਾਹ । ਨਾ ਇਹ, ਕਿ ਬੰਬਈ ਮੇਰੇ ਨਾਲ ਚਲਾ ਚੱਲ । ਨਾ ਇਹ, ਕਿ ਅੱਜ ਬਤਾਲੀ ਦਿਨਾਂ ਮਗਰੋਂ ਮੈਨੂੰ ਇਸ ਘਰ ਦੇ ਰੌਲੇ ਵਿਚ ਨਾ ਮਿਲ, ਜਿਥੇ ਤੇਰੀ ਹਿੱਕ 'ਤੇ ਸਿਰ ਰਖਣ ਲਈ ਵਿਲ੍ਹਕ ਰਹੀ ਹਾਂ । ਮੈਂ ਤਾਂ ਨਾ ਤੈਨੂੰ ਹੱਕ ਨਾਲ ਕੁਝ ਕਹਿ ਸਕਦੀ ਹਾਂ, ਕਿਉਂਕਿ ਹੱਕ ਹੈ ਈ ਨਹੀਂ । ਨਾ ਤਰਲਾ ਕਰ ਸਕਦੀ ਹਾਂ, ਕਿਉਂਕਿ ਤਰਲਾ ਮੇਰੀ ਫ਼ਿਤਰਤ ਨਹੀਂ । ਨਾ ਲੜ ਸਕਦੀ ਹਾਂ ਤੇਰੇ ਨਾਲ, ਕਿਉਂਕਿ ਮੈਨੂੰ ਪਤਾ ਏ, ਤੂੰ ਮੇਰੇ ਕੋਲ ਰੋਜ਼-ਮੱਰਾ ਦੀ ਬੋਰੀਅਤ ਕਤਲ ਕਰਨ ਆਇਆ ਏਂ, ਰੀਲੈਕਸ ਕਰਨ, ਰਤਾ ਹੱਸਣ ਖੇਡਣ, ਆਪਣੇ ਬਾਰੇ ਗੱਲਾਂ ਕਰਨ । ਜੇ ਮੈਂ ਰਤਾ ਕੁ ਤਲਖ਼ ਗੱਲ ਕੀਤੀ, ਤਾਂ ਤੇਰਾ ਕੀ ਏ ? ਤੂੰ ਤੁਰ ਜਾਏਂਗਾ । ਵਾਪਸ । ਆਪਣੀ ਜ਼ਿੰਦਗੀ ਵਿਚ ।)

"ਕਿਸ ਵੇਲੇ ਜਾਂਦੀ ਏ ਤੇਰੀ ਗੱਡੀ ? ਗੱਡੀ ? ਗੱਡੀ ਤੇ ਜਾ ਰਹੀ ਏਂ ਕਿ ਬਾਈ ਏਅਰ ?" — ਉਮੇਸ਼ ਦੀ ਆਵਾਜ਼ ਵਿਚ ਕੋਈ ਦਰਦ ਨਹੀਂ । ਅਹਿਸਾਸੋਂ ਸੱਖਣੀ ਉਸ ਆਵਾਜ਼ ਦੀ ਠੰਢਕ ਨਾਲ ਗੀਤਾ ਦਾ ਅੰਗ ਅੰਗ ਜੰਮਦਾ ਜਾ ਰਿਹਾ ਏ ।

"ਇਹ ਸਵੇਰ ਦੀਆਂ ਗੱਲਾਂ ਸਵੇਰੇ ਕਰਾਂਗੇ ਓਮੀ । ਜੇ ਕਲ੍ਹ ਦੀ ਗੱਲ ਵੀ ਅੱਜੋ ਹੀ ਕਰ ਲਈ, ਤਾਂ ਕਲ੍ਹ ਗੱਲ ਕਰਨ ਜੋਗਾ ਕੁਝ ਨਹੀਂ ਬਚੇਗਾ ।" (ਜੇ ਤੂੰ ਏਸੇ ਤਰ੍ਹਾਂ ਏਥੋਂ ਤੁਰ ਗਿਆ, ਜੇ ਤੂੰ ਮੈਨੂੰ ਆਪਣੀਆਂ ਬਾਹਵਾਂ ਵਿਚ ਲਪੇਟਣ ਵਾਸਤੇ ਨਾ ਵਿਲ੍ਹਕਿਆ, ਤਾਂ ਮੈਂ ਚਲੀ ਹੀ ਜਾਵਾਂਗੀ ਸਵੇਰੇ ਬੰਬਈ । ਭਾਵੇਂ ਕਾਰੀਡੋਰ ਵਿਚ ਭੁੰਜੇ ਬਿਸਤਰਾ ਵਿਛਾ ਕੇ ਜਾਣਾ ਪਵੇ । ਇਸ ਸ਼ਾਮ ਦਾ ਇਹ ਟਾਰਚਰ ਬਾਰ ਬਾਰ ਦੁਹਰਾਉਣ ਦਾ ਕੀ ਫ਼ਾਇਦਾ ?)

ਰੋਟੀ ਖਾਣ ਮਗਰੋਂ ਡਰਾਇੰਗ ਰੂਮ ਵਿਚ ਦੋਵੇਂ ਆ ਕੇ ਬਹਿ ਗਏ ।

ਨੌਕਰ ਕੌਫ਼ੀ ਦੇ ਦੋ ਕੱਪ ਬਣਾ ਕੇ ਦੇ ਗਿਆ ।

ਖ਼ਾਮੋਸ਼ੀ ਬੋਝਲ ਹੋਣ ਲਗੀ, ਤਾਂ ਗੀਤਾ ਨੇ ਰਿਕਾਰਡ-ਚੇਂਜਰ 'ਤੇ ਰੀਕਾਰਡ ਲਾ ਦਿਤਾ ।

ਪੰਨਾ ਲਾਲ ਘੋਸ਼ ਦੀ ਬਾਂਸੁਰੀ ਦੀ ਹੂਕ ਜੀਉਂਦੇ ਉਦਾਸ ਦਰਦ ਵਾਂਗੂੰ ਕਮਰੇ ਦੀ ਖ਼ਾਮੋਸ਼ੀ ਵਿਚ ਤੁਰਨ ਲਗੀ । ਪੋਲੇ ਪੈਰੀਂ ।

"ਗੀਤਾ !" ਉਮੇਸ਼ ਦੀ ਆਵਾਜ਼ ਵਿਚ ਬਾਂਸੁਰੀ ਦੀ ਹੂਕ ਦਾ ਹਉਕਾ ਰਲ ਗਿਆ ਏ ਜਿਵੇਂ ।

ਗੀਤਾ ਕੰਬ ਕੇ ਉਹਦੇ ਮੂੰਹ ਵੱਲ ਵੇਖਦੀ ਏ ।

"ਗੀਤਾ, ਆਈ ਨੀਡ ਯੂ ।"

(ਓਹ, ਉਮੇਸ਼, ਇਹ ਸੁਣਨ ਲਈ ਤਾਂ ਮੈਂ ਤਰਸ ਰਹੀ ਸਾਂ । ਕਿਥੇ ? ਦੱਸ ਕਿਥੇ ਲੈ ਚਲੇਂਗਾ ਮੈਨੂੰ ? ਚੱਲ, ਕਿਧਰੇ ਵੀ ਲੈ ਚੱਲ । ਚੁੱਕ ਕੇ ਦੌੜ ਜਾ ਮੈਨੂੰ ।)

"ਆਈ ਹੈਵ ਬੀਨ ਡਰੀਮਿੰਗ ਆਫ਼ ਯੂ । ਐਵਰੀ ਨਾਈਟ । ਡਰੀਮਿੰਗ, ਐਂਡ ਆਈ ਕੁਡੰਟ ਸਲੀਪ ।"

(ਤੇ ਤੂੰ ਏਥੇ ਕਿਉਂ ਆ ਗਿਆ ਏਂ ? ਏਥੇ ਬਹਿ ਕੇ ਹੀ ਤੂੰ ਮੈਨੂੰ ਇਹ ਸਭ ਕਹਿਣਾ ਸੀ ? ਜੇ ਇਕ ਇਕੱਲਾ ਕਮਰਾ ਹੁੰਦਾ, ਜਿਥੇ ਸਿਰਫ਼ ਤੂੰ ਤੇ ਮੈਂ ਹੁੰਦੇ, ਤਾਂ ਮੈਂ ਤੈਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲੈਂਦੀ । ਤੂੰ ਇਹ ਗੱਲ ਕਹਿੰਦਾ, ਤਾਂ ਮੈਂ ਤੇਰਾ ਸਿਰ ਆਪਣੀ ਛਾਤੀ ਵਿਚ ਛੁਪਾ ਲੈਂਦੀ । ਤੂੰ ਇਹ ਆਖਦਾ, ਤੇ ਮੈਂ ਤੈਨੂੰ ਸਾਰੇ ਦੇ ਸਾਰੇ ਨੂੰ ਚੁੰਮ ਚੁੰਮ ਕੇ ਝੱਲੀ ਹੋ ਜਾਂਦੀ । ਏਥੇ ਕੀ ਕਰਾਂ ਹੁਣ ? ਦੱਸ । ਇਸ ਗੱਲ ਦਾ ਤੈਨੂੰ ਕੀ ਜਵਾਬ ਦਿਆਂ ?)

"ਆਈ ਹੈਵ ਬੀਨ ਸਟਾਰਵਿੰਗ ਫ਼ਾਰ ਯੂ ਗੀਤੀ !"

(ਓਮੀ ! ਮੇਰੇ ਮਹਿਬੂਬ ! ਮੈਨੂੰ ਪਤਾ ਸੀ । ਇਹੀ ਤਾਂ ਮੈਨੂੰ ਪਤਾ ਸੀ । ਤੇਰੀ ਆਵਾਜ਼ ਦੇ ਹਲਕੇਪਣ ਤੋਂ ਤੇ ਤੇਰੇ ਇਨਡਿਫ਼ਰੈਂਸ ਤੋਂ, ਤੇ ਤੇਰੇ ਇਹਨਾਂ ਪਿਛਲੇ ਬਤਾਲੀ ਦਿਨਾਂ ਦੇ ਰਵੱਈਏ ਤੋਂ ਇਹੀ ਤਾਂ ਸਮਝ ਨਹੀਂ ਸੀ ਆਉਂਦੀ । ਮੈਂ ਤੇ ਸੋਚਦੀ ਸਾਂ ਇਕ ਵਾਰੀ ਜਿਹਨੂੰ ਮੈਂ ਪਿਆਰ ਕਰਾਂ, ਇਕ ਵਾਰੀ ਜਿਹੜਾ ਮੇਰੇ ਨਾਲ ਸੌਂ ਜਾਵੇ...)

"ਗੀਤਾ, ਆਈ ਨੀਡ ਯੂ ਡੈਸਪੇਰੇਟਲੀ ।" ਉਮੇਸ਼ ਦੇ ਬੋਲਾਂ ਵਿਚ ਸਾਬਤ ਸੰਜੀਦਗੀ ਏ । ਸਾਬਤ ਈਮਾਨਦਾਰੀ ।

(ਲੈ ਚੱਲ ਨਾ ਮੈਨੂੰ ਫੇਰ । ਮੇਰੀ ਬਾਂਹ ਫੜ ਕੇ । ਹੁਣੇ । ਏਥੇ ਬੈਠੇ ਕੀ ਕਰ ਰਹੇ ਹਾਂ ਅਸੀਂ ? ਮੈਨੂੰ ਲੈ ਚਲ । ਮੇਰੀ ਸਾਰੀ ਰੂਹ, ਮੇਰਾ ਸਾਰਾ ਜਿਸਮ ਤੈਨੂੰ ਆਵਾਜ਼ਾਂ ਦੇਂਦਾ ਪਿਆ ਏ । ਸੁਣ...ਸੁਣ...।)

"ਤੇਰਾ ਸਾਮਾਨ ਕਿਥੇ ਵੇ ਓਮੀ ?"

"ਟੰਡਨ ਦੇ ਘਰ ।"

ਗੀਤਾ ਦੇ ਪੈਰਾਂ ਨੂੰ ਜਿਵੇਂ ਤੁਰਦਿਆਂ ਤੁਰਦਿਆਂ ਠੋਹਕਰ ਲਗ ਗਈ । "ਟੰਡਨ ਦੇ ਘਰ" (ਤੇ ਤੂੰ ਇਹ ਕੀ ਕਹਿ ਰਿਹਾ ਏਂ ਫੇਰ ? ਟੰਡਨ ਦੇ ਘਰ ਠਹਿਰਿਆ ਏਂ ਤੂੰ ਐਸ ਵਾਰੀ ਵੀ ? ਕਿਸੇ ਹੋਟਲ ਵਿਚ ਨਹੀਂ ? ਮੇਰੀ ਜ਼ਰੂਰਤ...। ਕਿਥੇ ਲਿਜਾਏਂਗਾ ਮੈਨੂੰ ਫਿਰ ? ਟੰਡਨ ਦੇ ਘਰ ? ਫੇਰ ਵਿਆਹ ਤੇ ਗਏ ਹੋਏ ਨੇ ਉਹ ?) ਪਰ ਗੀਤਾ ਨੂੰ ਸਮਝ ਨਹੀਂ ਆਉਂਦੀ ਉਮੇਸ਼ ਨੂੰ ਉਹ ਕੀ ਪੁੱਛੇ । ਕਿਸ ਤਰ੍ਹਾਂ ਪੁੱਛੇ ।



"ਕਿਉਂ, ਟੰਡਨ ਨਹੀਂ ਪਸੰਦ ਤੈਨੂੰ ?" ਉਮੇਸ਼ ਮੁਸਕਰਾਂਦਾ ਏ ।

"ਪਸੰਦ ਦੀ ਗੱਲ ਨਹੀਂ ।" (ਹੁਣ ਮੈਂ ਤੈਨੂੰ ਕੀ ਆਖਾਂ ? ਇਹ ਗੱਲ ਵੀ ਕੋਈ ਔਰਤ ਦੇ ਆਖਣ ਵਾਲੀ ਏ ? ਤੈਨੂੰ ਕੀ ਪੁੱਛਾਂ ਕਿ ਫੇਰ ਤੂੰ ਮੇਰੇ ਨਾਲ ਸੰਵੇਂਗਾ ਕਿਥੇ ? ਤੇ ਜੇ ਨਹੀਂ, ਤਾਂ ਫੇਰ ਮੈਨੂੰ ਇਹ ਨੀਡ ਵਾਲੀ ਗੱਲ ਕਿਉਂ ਕਹਿ ਰਿਹਾ ਏਂ ? ਪਸੰਦ ਕੀ ਹੋਣੀ ਏ !)

"ਬਸ, ਸਾਮਾਨ ਲਿਆ ਕੇ ਉਥੇ ਹੀ ਰਖ ਦਿਤਾ ਏ । ਡਰਾਈਵਰ ਨੂੰ ਵੀ ਆਦਤ ਪਈ ਹੋਈ ਏ । ਸਿੱਧਾ ਉਥੇ ਆ ਕੇ ਰੁਕ ਜਾਂਦਾ ਏ । ਹੁਣ ਉਹਨੂੰ ਮੈਂ ਕੀ ਕਹਿੰਦਾ ?"

(ਉਫ਼, ਇਹ ਮੇਰੀ ਆਵਾਜ਼ ਕਿਉਂ ਕੰਬੀ ਜਾਂਦੀ ਏ ?) "ਉਂਜੇ ਹੀ ਇਹ ਬਤਾਲੀ ਦਿਨ...ਜਿਵੇਂ ਇਕ ਫ਼ਿਕਸਡ ਆਈਡੀਆ ਬਣਿਆ ਹੋਇਆ ਸੀ...ਦਿਮਾਗ਼ ਵਿਚ, ਕਿ ਐਤਕੀਂ ਤੂੰ ਆ ਕੇ ਕਿਸੇ ਹੋਟਲ ਵਿਚ ਠਹਿਰੇਂਗਾ, ਤੇ ਮੈਨੂੰ ਉਥੋਂ ਫ਼ੋਨ ਕਰੇਂਗਾ ।" ਗੀਤਾ ਨਿੱਕੀ ਜਿਹੀ ਹਾਸੀ ਹੱਸਦੀ ਏ, ਜਿਵੇਂ ਆਪਣੀ ਕਹੀ ਗੱਲ ਨੂੰ ਹੀ ਮਜ਼ਾਕ ਕਰ ਰਹੀ ਹੋਵੇ ।

"ਸੋਚਿਆ ਤਾਂ ਮੈਂ ਵੀ ਇਹੋ ਸੀ । ਪਰ ਰਾਹ ਵਿਚ ਭੁੱਲ ਗਿਆ । ਤੇ ਡਰਾਈਵਰ ਮੈਨੂੰ ਸਿੱਧਾ ਉਥੇ ਲੈ ਗਿਆ ।"

(ਤੇਰੀ ਨੀਡ ਤਾਂ ਉਹ ਨੀਡ ਨਹੀਂ । ਤੇ ਇਹ ਵੀ ਕੀ ਜ਼ਰੂਰੀ ਏ ਕਿ ਹਰ ਵਾਰ ਤੈਨੂੰ ਬਿਸਤਰੇ ਦੀ ਹੀ ਲੋੜ ਹੋਵੇ ਮੇਰੇ ਨਾਲ ? ਗੱਲਾਂ ਕਰਨ ਦੀ ਜ਼ਰੂਰਤ ਵੀ ਤੇ ਹੋ ਸਕਦੀ ਏ । ਸਿਰਫ਼ ਮਿਲਣ ਦੀ । ਇਹ ਵੀ ਕੋਈ ਥੋੜ੍ਹੀ ਜਿਹੀ ਗੱਲ ਏ ?)

"ਮੈਂ ਸੋਚਦੀ ਹਾਂ ਉਮੇਸ਼, ਇਹੀ ਠੀਕ ਏ । ਯਾਨੀ ਏਸ ਤਰ੍ਹਾਂ ਮਿਲਣਾ । ਬਹਿ ਕੇ ਗੱਲਾਂ ਕਰਾਂਗੇ । ਤੂੰ ਆਪਣੀ ਨਜ਼ਮ ਸੁਣਾਈਂ । ਮੈਂ ਚੈਖ਼ਵ ਦੇ ਕੁਝ ਖ਼ਤ ਪੜ੍ਹੇ ਨੇ, ਉਹਨਾਂ ਬਾਰੇ ਦਸਾਂਗੀ । ਤੇਰੇ ਜੋਗੇ ਕੁਝ ਪੋਰਸ਼ਨ ਮੈਂ ਮਾਰਕ ਵੀ ਕਰ ਕੇ ਰਖੇ ਹੋਏ ਨੇ ।"

ਗੀਤਾ ਗੱਲ ਦੇ ਰਉਂ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕਰਦੀ ਏ ।

"ਗੀਤਾ, ਏਥੇ ਤੇਰਾ ਵਖਰਾ ਕਮਰਾ ਏ ਨਾ ? ਮੈਨੂੰ ਨਹੀਂ ਵਿਖਾਣਾ ? ਅੰਮਾਂ ਤਾਂ ਹੁਣ ਤਕ ਸੌਂ ਗਏ ਹੋਣਗੇ ।"

(ਤਾਂ ਕੀ ਤੇਰਾ ਮਤਲਬ ਇਹ ਸੀ ਕਿ ਏਥੇ, ਏਸ ਘਰ ਵਿਚ, ਜਿਥੇ ਬਾਕੀ ਦੇ ਕਮਰਿਆਂ ਵਿਚ ਅੰਮੀਂ ਨੇ, ਭਰਾ ਭਰਜਾਈ ਨੇ, ਛੋਟਾ ਮੋਂਟੂ ਏ, ਏਥੇ ਮੈਂ ਤੈਨੂੰ ਆਪਣੇ ਕਮਰੇ ਵਿਚ ਲਿਜਾ ਕੇ ਅੰਦਰੋਂ ਚਿਟਕਣੀ ਬੰਦ ਕਰ ਲਵਾਂਗੀ ? ਤੇ ਤੇਰੇ ਨਾਲ ਸੌਂ ਜਾਵਾਂਗੀ ?)

ਗੀਤਾ ਨੂੰ ਲਗਦਾ ਏ ਉਮੇਸ਼ ਸਿਰਫ਼ ਉਹਦੀ ਹੀ ਨਹੀਂ, ਉਹਦੀ ਮਾਂ ਦੀ ਵੀ, ਭਰਾ ਦੀ ਵੀ, ਭਰਜਾਈ ਦੀ ਵੀ, ਤੇ ਉਹਦੇ ਨਿੱਕੇ ਜਿਹੇ ਭਤੀਜੇ ਦੀ ਵੀ ਤੌਹੀਨ ਕਰ ਰਿਹਾ ਏ ।

ਉਹ ਗਹੁ ਨਾਲ ਉਮੇਸ਼ ਦੇ ਮੂੰਹ ਵਲ ਤੱਕਦੀ ਏ ।

"ਤੂੰ ਨਾਰਾਜ਼ ਕਿਉਂ ਏਂ ਮੇਰੇ ਨਾਲ ਏਨੀ ?"

ਗੀਤਾ ਉਹਦੇ ਚਿਹਰੇ ਤੋਂ ਪਤਾ ਨਹੀਂ ਕੀ ਤਲਾਸ਼ ਕਰ ਰਹੀ ਏ । ਬੜੀ ਘੋਖਵੀਂ ਨਜ਼ਰ ।

''ਆ ਨਹੀਂ ਸਕਿਆ ਬਤਾਲੀ ਦਿਨ ? ਚਾਚੀ ਬੀਮਾਰ ਸੀ, ਛੱਡ ਕੇ ਆ ਜਾਂਦਾ ? ਨੌਕਰੀ ਨੂੰ ਅਸਤੀਫ਼ਾ ਦੇ ਦਿਆਂ ? ਮਕਾਨ ਬਣਵਾਣਾ ਬੰਦ ਕਰ ਦਿਆਂ ? ਤੂੰ ਸਮਝਨੀ ਏਂ ਤੇਰੇ ਕੋਲ ਆਉਣ ਵਾਸਤੇ ਮੈਂ ਨਹੀਂ ਸਾਂ ਤੜਪ ਰਿਹਾ ? ਮੈਂ ਤੇ ਦਿਨ ਰਾਤ ਤੇਰੇ ਬਾਰੇ ਸੋਚਦਾ ਸਾਂ ! ਰੁਟੀਨ ਦੇ ਕੰਮਾਂ ਤੋਂ ਜਿਹੜਾ ਵਕਤ ਵੀ ਮਿਲਦਾ ਸੀ...।''

(ਉਮੇਸ਼, ਤੂੰ ਕੁਝ ਨਹੀਂ ਸਮਝੇਂਗਾ। ਕਿਉਂਕਿ ਮੈਂ ਤੈਨੂੰ ਸਮਝਾ ਹੀ ਨਹੀਂ ਸਕਦੀ। ਕਿਉਂਕਿ ਸਾਡੇ ਵਿਚਕਾਰ ਇਹ ਅਜਨਬੀ ਹਵਾ ਏ। ਤੇ ਕਮਰੇ ਦੀ ਦੀਵਾਰ ਦੇ ਪਰਲੇ ਪਾਸੇ ਅੰਮਾਂ ਦੀ ਜਿਹੜੀ ਹੋਂਦ ਏ, ਉਹ ਇੱਟਾਂ ਦੀਆਂ ਝੀਥਾਂ ਦੇ ਵਿਚਕਾਰੋਂ ਏਧਰ ਨੂੰ ਜਿਵੇਂ ਝਾਕ ਰਹੀ ਏ। ਤੇ ਅੰਮਾਂ ਦੀ ਨਾਰਾਜ਼ਗੀ। ਤੇ ਹੋਰ ਸਾਰੇ ਲੋਕਾਂ ਦੀ ਖ਼ਾਮੋਸ਼ ਬਗ਼ਾਵਤ। ਤੇ ਇਹ ਹਵਾ। ਤੇ ਇਹ ਦੀਵਾਰਾਂ। ਤੇ ਦੀਵਾਰਾਂ ਦੇ ਵਿਚਕਾਰ ਫ਼ਰਸ਼ ਤੋਂ ਛੱਤ ਤਕ ਕੱਸੀ ਹੋਈ ਬੇਚੈਨੀ। ਬੇਬਸ ਬੇਚੈਨੀ। ਟੈਨਸ਼ਨ।

ਮੈਂ ਕਿਧਰੇ ਪੜ੍ਹਿਆ ਸੀ ਕਿ ਮੀਆਂ ਬੀਵੀ ਵਿਚਕਾਰ ਪੂਰੇ ਦਿਨ ਵਿਚ ਜਿੰਨੀਆਂ ਟੈਨਸ਼ਨ ਵਾਲੀਆਂ ਤੇ ਸਵਾਦ ਕਸੈਲਾ ਕਰਨ ਵਾਲੀਆਂ ਗੱਲਾਂ ਹੁੰਦੀਆਂ ਨੇ, ਉਹਨਾਂ ਵਿਚੋਂ ਨੱਬੇ ਫ਼ੀ ਸਦੀ ਪ੍ਰਾਬਲਮਜ਼ ਰਾਤੀਂ ਬਿਸਤਰੇ ਵਿਚ ਹੱਲ ਹੋ ਜਾਂਦੀਆਂ ਨੇ, ਤੇ ਮਗਰੋਂ, ਅਗਲੀ ਸਵੇਰ ਉਹ ਦੋਵੇਂ ਏਨੇ ਕੁ ਕਾਮਰੇਡ ਹੋ ਜਾਂਦੇ ਨੇ ਇਕ ਦੂਜੇ ਦੇ, ਕਿ ਬਾਕੀ ਦੀਆਂ ਦਸ ਫ਼ੀ ਸਦੀ ਪ੍ਰਾਬਲਮਜ਼ ਦਾ ਹੱਲ ਲੱਭ ਲੈਣ।)

ਗੀਤਾ ਪੱਥਰ ਵਾਂਗੂ ਅਹਿੱਲ ਤੇ ਖ਼ਾਮੋਸ਼ ਬੈਠੀ ਏ। ਉਹਦੀ ਖ਼ਾਮੋਸ਼ੀ ਉਮੇਸ਼ ਦੇ ਅੰਦਰਲੀ ਤਾਂਘ ਨੂੰ ਹੌਲੀ ਹੌਲੀ ਜ਼ਬਹ ਕਰ ਰਹੀ ਏ।

''ਗੀਤਾ, ਯੂ ਡੋਂਟ ਵਾਂਟ ਮੀ ? ਯੂ ਡੋਂਟ ਵਾਂਟ ਮੀ ਦ ਵੇ ਆਈ ਵਾਂਟ ਯੂ ?''

(ਜੇ ਤੂੰ ਮੈਨੂੰ ਏਥੇ ਨਾ ਮਿਲਿਆ ਹੁੰਦਾ, ਤਾਂ ਮੈਂ ਤੇਰੀ ਹਿੱਕ ਨਾਲ ਲਗੀ ਹੁੰਦੀ। ਇਹਨਾਂ ਸਵਾਲਾਂ ਦੀ ਫੇਰ ਲੋੜ ਹੀ ਨਾ ਪੈਂਦੀ। ਹੁਣ ਦੱਸ, ਇਹਨਾਂ ਤੇਰੇ ਸਵਾਲਾਂ ਦਾ ਜਵਾਬ ਕੋਈ ਲਫ਼ਜ਼ ਦੇ ਸਕਦੇ ਨੇ ? ਸਿਰਫ਼ ਮੇਰੀਆਂ ਬਾਹਵਾਂ ਜਵਾਬ ਦੇ ਸਕਦੀਆਂ ਸਨ, ਤੇ ਮੇਰੇ ਜਿਸਮ ਦੀ ਡਫ਼ਰੀ ਵਾਂਗੂ ਵਜ ਰਹੀ ਹਰ ਨਾੜ, ਤੇ ਮੇਰੇ ਜਿਸਮ ਦੀ ਅੱਗ ਤੇ ਸੇਕ, ਤੇ ਮੇਰੇ ਹੋਠਾਂ ਦੀ ਤਪਦੀ ਤ੍ਰੇਹ। ਕਮਿਊਨੀਕੇਸ਼ਨ ਦੇ ਇਹਨਾਂ ਵਸੀਲਿਆਂ ਤੋਂ ਇਲਾਵਾ ਹੋਰ ਵੀ ਕਿਸੇ ਤਰੀਕੇ ਨਾਲ ਇਹ ਨੀਡ ਵਾਲੀ ਗੱਲ ਕਿਸੇ ਮਹਿਬੂਬ ਨੂੰ ਦੱਸੀ ਜਾ ਸਕਦੀ ਏ ? ਮੈਨੂੰ ਤਾਂ ਖ਼ਬਰ ਨਹੀਂ।)

''ਮੈਂ ਜਾਵਾਂ ?'' ਬੇਹੱਦ ਮਾਯੂਸੀ। ਅੰਨ੍ਹੇ ਖੂਹ ਦੇ ਹਉਕੇ ਵਰਗੀ। ਪੁਰਾਣੇ ਖੋਖਲੇ ਗੁੰਬਦ ਵਿਚ ਭਰੀ ਹਵਾ ਵਰਗੀ।

''ਮੈਂ ਸਵੇਰੇ ਵਾਪਸ ਜੈਪੁਰ ਚਲਾ ਜਾਵਾਂਗਾ।''

''ਉਮੇਸ਼।'' ਗੀਤਾ ਦੀ ਆਵਾਜ਼ ਵਿਚ ਉਲਾਹਮਾ ਵੀ ਏ, ਤਰਲਾ ਵੀ। (ਹਾਏ, ਤੂੰ ਮੇਰੀ ਗੱਲ ਕਿਉਂ ਨਹੀਂ ਸਮਝਦਾ ?)

''ਏਥੇ ਰਹਿ ਕੇ ਕੀ ਕਰਨਾ ਏ ਮੈਂ ? ਚਲਾ ਜਾਵਾਂਗਾ ਵਾਪਸ। ਤੜਕੇ ਹੀ। ਜੈਪੁਰ ਪਹੁੰਚ ਕੇ ਤੈਨੂੰ ਫ਼ੋਨ ਕਰਾਂਗਾ। ਓਦੋਂ ਮੈਨੂੰ ਦਸ ਸਕੇਂਗੀ ਕਿ ਮੇਰਾ ਕਸੂਰ ਕੀ ਏ ?''



(ਛੱਡ ਦੇ ਇਹ ਈਗੋ। ਨਹੀਂ ਸਮਝ ਰਿਹਾ ਤੇਰੀ ਗੱਲ ਤਾਂ ਤੂੰ ਸਮਝਾ ਦੇਹ। ਹੋ ਸਕਦਾ ਏ ਇਹਨੂੰ ਵਾਕਈ ਸਮਝ ਨਾ ਆ ਰਹੀ ਹੋਵੇ। ਝੁਕ ਜਾਹ, ਪਰ ਏਸ ਮੋਮੈਂਟ ਦਾ ਪੱਲਾ ਨਾ ਛੱਡ। ਇਹਨੂੰ ਇਸ ਤਰ੍ਹਾਂ ਵਾਪਸ ਨਾ ਜਾਣ ਦੇਹ। ਹੋ ਸਕਦਾ ਏ ਕਿ ਬੜੇ ਔਖ ਨਾਲ ਸੱਤ ਝੂਠ ਬੋਲ ਕੇ, ਸੱਤ ਬਹਾਨੇ ਬਣਾ ਕੇ ਸਿਰਫ਼ ਤੈਨੂੰ ਮਿਲਣ ਹੀ ਆਇਆ ਹੋਵੇ। ਹੋ ਸਕਦਾ ਏ ਇਹ ਗੱਲ ਇਹਨੂੰ ਸੁਝੀ ਨਾ ਹੋਵੇ ਕਿ ਜਿਸ ਥਾਂ ਤੇ ਮਿਲਣਾ ਚਾਹੀਦਾ ਏ ਉਹ ਥਾਂ ਇਹ, ਮੇਰਾ ਘਰ, ਨਹੀਂ ਹੋ ਸਕਦੀ। ਹੋ ਸਕਦਾ ਏ ਇਹਨੂੰ ਬਾਹਰ ਕਿਧਰੇ ਹੋਟਲ ਵਿਚ ਕਮਰਾ ਲੈ ਕੇ ਆਪਣੀ ਮਹਿਬੂਬਾ ਨੂੰ ਬੁਲਾਣ ਦੀ ਜਾਚ ਹੀ ਨਾ ਹੋਵੇ। ਉਂਜ ਜਾਚ ਤੇ ਮੈਨੂੰ ਵੀ ਨਹੀਂ। ਸਿਰਫ਼ ਸਮਝ ਹੈ ਕਿ ਇਸ ਤਰ੍ਹਾਂ ਹੋਣਾ ਚਾਹੀਦਾ ਏ। ਸ਼ਾਇਦ ਸਮਝ ਇਹਨੂੰ ਵੀ ਹੋਵੇ, ਪਰ ਝਕ ਗਿਆ ਹੋਵੇ।)

''ਸਵੇਰੇ ਮੈਂ ਕਿਥੇ ਆਵਾਂ ਤੇਰੇ ਕੋਲ ?'' ਗੀਤਾ ਆਪਣੀ ਪੂਰੀ ਹਿੰਮਤ ਇਕੱਠੀ ਕਰ ਕੇ ਪੁੱਛਦੀ ਏ।

''ਨਹੀਂ, ਕਿਧਰੇ ਵੀ ਨਹੀਂ। ਸਵੇਰੇ ਮੈਂ ਵਾਪਸ ਤੁਰ ਜਾਵਾਂਗਾ।'' ਨਿਹਾਇਤ ਮਰੀ ਹੋਈ ਮਾਯੂਸ ਆਵਾਜ਼।

''ਉਮੇਸ਼, ਮੇਰੀ ਗੱਲ ਤੂੰ ਸੁਣ ਰਿਹਾ ਏਂ ? ਮੈਂ ਤੈਨੂੰ ਪੁੱਛਿਆ ਏ ਸਵੇਰੇ ਮੈਂ ਤੇਰੇ ਕੋਲ ਆਉਣਾ ਏ। ਕਿਥੇ ਆਵਾਂ ?''

''ਕਿਧਰੇ ਵੀ ਨਹੀਂ ਗੀਤਾ। ਤੈਨੂੰ ਮੈਂ ਦਸਿਆ ਤੇ ਹੈ ਕਿ ਟੰਡਨ ਵਲ ਠਹਿਰਿਆ ਵਾਂ। ਓਥੇ ਤਾਂ ਆਉਣਾ ਨਹੀਂ ਚਾਹੇਂਗੀ ਤੂੰ। ਮੈਂ ਵੀ ਨਹੀਂ ਸੱਦਾਂਗਾ ਤੈਨੂੰ ਉਥੇ। ਹੋਰ ਹੁਣ ਕੀ ਕਰਾਂ ? ਚੰਗਾ ਇਹੀ ਏ ਸਵੇਰੇ ਮੈਂ ਵਾਪਸ ਚਲਾ ਜਾਵਾਂ।''

ਗੀਤਾ ਨੂੰ ਹਮੇਸ਼ਾ ਉਹਨਾਂ ਲੋਕਾਂ ਨਾਲ ਨਫ਼ਰਤ ਆਉਂਦੀ ਏ ਜਿਹੜੇ ਠੀਕ ਫ਼ੈਸਲੇ ਨਹੀਂ ਕਰ ਸਕਦੇ। ਹਮੇਸ਼ਾ ਉਹਨਾਂ ਲੋਕਾਂ ਤੇ ਬੇਹੱਦ ਗੁੱਸਾ ਆਉਂਦਾ ਏ, ਜਿਹੜੇ ਡਰ ਨਾਲ ਸੁੰਗੜਦੇ ਰਹਿੰਦੇ ਨੇ ਖੁਲ੍ਹ ਕੇ ਜੀਅ ਨਹੀਂ ਸਕਦੇ। ਹਮੇਸ਼ਾ ਉਹਨਾਂ ਲੋਕਾਂ ਨਾਲ ਕੋਫ਼ਤ ਹੁੰਦੀ ਏ, ਜਿਹੜੇ ਗੱਲ ਦੀ ਧੁਰ ਅੰਦਰਲੀ ਸੱਚਾਈ ਵੇਖਣ ਤੋਂ ਇਨਕਾਰ ਕਰ ਦੇਂਦੇ ਨੇ।

ਬਸ, ਗੀਤਾ ਹੋਰ ਕੁਝ ਨਹੀਂ ਆਖਦੀ। ਆਖ ਸਕਦੀ ਹੀ ਨਹੀਂ। ਜਿਵੇਂ ਕੋਈ ਹਾਰ ਜਾਂਦਾ ਏ। ਹਾਰ ਕੇ ਹਾਰ ਮੰਨ ਲੈਂਦਾ ਏ।

ਉਮੇਸ਼ ਉਠਿਆ ਤੇ ਤੁਰ ਗਿਆ।

ਸਾਰੀ ਰਾਤ ਗੀਤਾ ਜਿਵੇਂ ਨੀਂਦਰ ਦੇ ਪਾਣੀ ਵਿਚ ਡੁੱਬਦੀ ਰਹੀ, ਫੇਰ ਉੱਭਰ ਕੇ ਸਤਹ 'ਤੇ ਤੈਰ ਆਉਂਦੀ ਰਹੀ।

ਬੇਚੈਨੀ। ਘੁਟਣ। ਕੋਫ਼ਤ।

ਉਠ ਕੇ ਪਾਣੀ ਪੀਂਦੀ ਏ। ਬਾਰੀ ਦਾ ਪਰਦਾ ਸਰਕਾ ਕੇ ਵੇਖਦੀ ਏ। ਨਹੀਂ, ਹਾਲੀ ਤੇ ਘੁੱਪ ਹਨੇਰਾ ਏ। ਘੜੀ ਵੇਖਦੀ ਏ। ਅਜੇ ਤੇ ਸਵੇਰ ਬਹੁਤ ਦੂਰ ਏ।

ਫੇਰ ਥੋੜ੍ਹੀ ਜਿਹੀ ਨੀਂਦਰ। ਫੇਰ ਓਹੀ ਘਬਰਾਹਟ। ਸਵੇਰ ਦਾ ਇੰਤਜ਼ਾਰ। ਲੋਅ ਲਗੀ।

ਚਿੜੀ ਚੂਕੀ।

ਗੀਤਾ ਨੇ ਟੰਡਨ ਦੇ ਘਰ ਟੈਲੀਫ਼ੋਨ ਕੀਤਾ।

ਟੰਡਨ ਦੇ ਨੌਕਰ ਨੇ ਕਿਹਾ, "ਸਾਹਬ ਤੇ ਅਜੇ ਸੁੱਤੇ ਪਏ ਨੇ।"

ਅੱਧੇ ਘੰਟੇ ਮਗਰੋਂ ਫੇਰ ਫ਼ੋਨ।

ਨੌਕਰ ਨੇ ਕਿਹਾ, "ਅਜੇ ਵੀ ਸੁੱਤੇ ਪਏ ਨੇ।"

ਫੇਰ ਫ਼ੋਨ।

ਟੰਡਨ ਦੀ ਬੀਵੀ ਐਤਕੀਂ ਰਤਾ ਰੁੱਖੀ ਆਵਾਜ਼ ਵਿਚ ਕਹਿਣ ਲਗੀ, "ਜਾਗ ਤਾਂ ਪਿਆ ਏ। ਮੈਂ ਕਹਿ ਵੀ ਦਿਤਾ ਸੀ ਕਿ ਫ਼ੋਨ ਆਇਆ ਸੀ। ਪਤਾ ਨਹੀਂ ਫੇਰ। ਹੁਣ ਤੇ ਗ਼ੁਸਲਖ਼ਾਨੇ ਵਿਚ ਏ।"

ਫੇਰ ਫ਼ੋਨ।

ਟੰਡਨ ਦਾ ਨੌਕਰ। "ਸਾਹਬ ਨਹਾ ਰਹੇ ਨੇ।"

ਫੇਰ ਫ਼ੋਨ।

ਟੰਡਨ। "ਬੜੀ ਦੇਰ ਲਾ ਦਿਤੀ ਸੂ ਨਹਾਉਣ ਲਗਿਆਂ। ਹੁਣੇ ਨਿਕਲਦਾ ਏ ਗ਼ੁਸਲਖ਼ਾਨੇ 'ਚੋਂ ਤਾਂ ਤੁਹਾਨੂੰ ਫ਼ੋਨ ਕਰਦਾ ਏ।"

ਫੇਰ ਫ਼ੋਨ।

ਟੰਡਨ ਦੀ ਬੀਵੀ। "ਜੀ, ਉਹਨਾਂ ਨੂੰ ਕਹਿ ਦਿਤਾ ਏ ਕਿ ਤੁਹਾਨੂੰ ਫ਼ੋਨ ਕਰ ਲੈਣ। ਹੁਣ ਨਾ ਕਰਨ, ਤਾਂ ਕੀ ਕਰੀਏ।"

ਗੀਤਾ ਨੂੰ ਲਗਦਾ ਏ ਉਹਦੇ ਹੱਥ ਕੰਬ ਰਹੇ ਨੇ। ਲੱਤਾਂ ਕੰਬ ਰਹੀਆਂ ਨੇ। ਦਰੋ ਦੀਵਾਰ ਕੰਬ ਰਹੇ ਨੇ। ਕਮਰੇ ਵਿਚ ਭਰੀ ਹੋਈ ਹਵਾ ਵੀ ਕੰਬ ਰਹੀ ਏ।

ਫੇਰ ਫ਼ੋਨ।

ਟੰਡਨ ਦਾ ਨੌਕਰ ਕਹਿੰਦਾ ਏ, "ਸਾਹਬ ਤਾਂ ਹੁਣੇ ਬਾਹਰ ਨਿਕਲ ਗਏ ਨੇ।"

"ਦੌੜ ਕੇ ਬੁਲਾ," ਗੀਤਾ ਨੂੰ ਲਗਦਾ ਏ ਓਹ ਆਪ ਉਮੇਸ਼ ਦੇ ਪਿਛੇ ਦੌੜਦੀ ਪਈ ਏ, 'ਵਾਜਾਂ ਮਾਰਦੀ।

ਉਮੇਸ਼ ਦੀ ਆਵਾਜ਼, "ਹੈਲੋ!"

"ਓਮੀ! ਫ਼ੌਰਨ ਏਥੇ ਆ ਜਾ। ਸਾਰਾ ਸਾਮਾਨ ਲੈ ਕੇ। ਛੇਤੀ। ਮੇਰਾ ਸਾਹ ਨਹੀਂ ਨਿਕਲ ਰਿਹਾ। ਹੁਣ ਕੁਝ ਨਾ ਕਹੀਂ। ਨਾਂਹ ਨਾ ਕਰੀਂ। ਤੁਰ ਵੀ ਨਾ ਜਾਵੀਂ। ਪਲੀਜ਼!"

ਉਮੇਸ਼ ਕਹਿੰਦਾ ਏ, "ਕਿਉਂ ਕੀ ਗੱਲ ਸੀ?"

"ਤੂੰ ਮੈਨੂੰ ਮਿਲਣ ਤੋਂ ਬਿਨਾਂ ਤੁਰ ਜਾਣਾ ਸੀ? ਵਾਪਸ?"

"ਹਾਂ, ਮੈਂ ਬੱਸ ਚੱਲਿਆਂ ਸਾਂ ਜਿਸ ਵੇਲੇ ਉਹਨੇ ਮੈਨੂੰ 'ਵਾਜ ਮਾਰੀ।"

"ਸਵੇਰ ਦੇ ਮੈਂ ਤੈਨੂੰ ਸੋਲਾਂ ਟੈਲੀਫ਼ੋਨ ਕੀਤੇ ਨੇ।"

"ਮੈਨੂੰ ਪਤਾ ਏ।"



"ਇਹ ਤੂੰ ਕਾਹਦੀ ਸਜ਼ਾ ਮੈਨੂੰ ਦੇ ਰਿਹਾ ਏਂ?" (ਨਹੀਂ, ਰੋਣਾ ਨਹੀਂ। ਬਿਲਕੁਲ ਨਹੀਂ ਰੋਣਾ। ਇਹਦੇ ਸਾਹਮਣੇ ਬਿਲਕੁਲ ਨਹੀਂ ਰੋਣਾ। (ਸੰਭਲ!)

ਇਕ ਬੜੇ ਖ਼ਾਮੋਸ਼, ਬੜੇ ਸ਼ਾਇਸਤਾ ਹੋਟਲ ਦਾ ਇਕ ਕਮਰਾ।

ਉਮੇਸ਼ ਦੋ ਪਿਆਲੇ ਚਾਹ ਦੇ ਮੰਗਵਾਂਦਾ ਏ।

"ਇਹ ਹੋਟਲ ਕਮਾਲ ਏ। ਨਿਵੇਕਲਾ। ਸੁਹਣਾ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਦਿੱਲੀ ਵਿਚ ਇਹੋ ਜਿਹੇ ਪਿਆਰੇ ਹੋਟਲ ਵੀ ਹੈਣ, ਤਾਂ ਮੈਂ..."

(ਇਹ ਤੂੰ ਕਿਹੋ ਜਿਹੀਆਂ ਫ਼ਜ਼ੂਲ ਗੱਲਾਂ ਕਰ ਰਿਹਾ ਏਂ! ਔਹ ਵੇਲਾ ਗੱਲਾਂ ਕਰਨ ਦਾ ਏ?)

ਉਮੇਸ਼ ਦੀਆਂ ਬਾਹਵਾਂ ਵਿਚ ਘਿਰੀ ਹੋਈ ਉਹ ਕਲ੍ਹ ਸ਼ਾਮ ਦੀ ਸਾਰੀ ਪੀੜ, ਬੀਤੀ ਰਾਤ ਦਾ ਸਾਰਾ ਕਸੈਲਾ ਦਰਦ ਭੁਲਦੀ ਜਾ ਰਹੀ ਏ।

ਜਿਥੇ ਜਿਥੇ ਉਮੇਸ਼ ਦੀਆਂ ਉਂਗਲਾਂ ਉਹਨੂੰ ਛੁਹੰਦੀਆਂ ਨੇ, ਜਿਸਮ ਦੇ ਉਸ ਹਿੱਸੇ ਵਿਚੋਂ ਚਿਣਗਾਂ ਨਿਕਲਣ ਲਗਦੀਆਂ ਨੇ। ਪਿੰਡੇ ਦਾ ਮਾਸ ਮੋਮਬੱਤੀ ਦੀ ਮੋਮ ਵਾਂਗੂ ਗਲ ਕੇ ਪਿਘਲਣ ਲਗਦਾ ਏ।

ਉਮੇਸ਼ ਦੇ ਹੋਠ ਉਹਦੇ ਪਿੰਡੇ ਦੀ ਯਾਤਰਾ ਕਰਦੇ ਨੇ। ਲੱਭਦੇ ਹੋਏ। ਟਟੋਲਦੇ ਹੋਏ। ਐਕਸਪਲੋਰ ਕਰਦੇ।

ਜਿਆਲੋਜਿਸਟ ਧਰਤੀ ਨੂੰ ਕੰਨ ਲਾ ਕੇ ਸੁਣਦਾ ਏ, ਟੋਹ ਕੇ ਵੇਖਦਾ ਏ। ਏਥੇ ਹੇਠਾਂ ਸੋਨਾ ਏ, ਏਥੇ ਚਾਂਦੀ, ਏਥੇ ਕੋਇਲਾ, ਏਥੇ ਤਾਂਬਾ, ਏਥੇ ਤੇਲ। ਤੇਲ, ਜਿਸ ਨਾਲ ਧੂ ਧੂ ਕਰ ਕੇ ਅੱਗ ਬਲ ਪੈਂਦੀ ਏ।

'ਤੇ ਜ਼ਿੰਦਗੀ ਦਾ ਸਾਰਾ ਖ਼ਾਲੀਪਣ ਭਰਦਾ ਜਾਂਦਾ ਏ। ਜਿਸਮ ਦਾ ਵੀ।

ਇਸ ਤੂਫ਼ਾਨ ਵਿਚ ਉਹ ਗ਼ੋਤਾ ਲਾ ਕੇ ਧੁਰ ਹੇਠਲੀ ਸਤਹ ਤੱਕ ਪਹੁੰਚ ਜਾਂਦੀ ਏ। ਐਟਲਾਂਟਿਕ ਦੇ ਹੇਠਾਂ, ਧੁਰ ਹੇਠਾਂ ਰਹਿਣ ਵਾਲੀ ਮੱਛੀ ਵਾਂਗੂੰ। ਅਜੀਬ ਹਨੇਰਾ। ਅਜੀਬ ਭਾਰ ਪਾਣੀ ਦਾ। ਅਜੀਬ ਹਿਲ ਜੁਲ।

ਉਸ ਹਨੇਰੇ ਵਿਚ ਉਹਦੀਆਂ ਆਪਣੀਆਂ ਅੱਖਾਂ ਚਮਕਦੀ ਪਾਰਦਰਸ਼ੀ ਰੌਸ਼ਨੀ ਨਾਲ ਭਰ ਜਾਂਦੀਆਂ ਨੇ, ਚਾਨਣ ਨਾਲ ਬਲ ਪੈਂਦੀਆਂ ਨੇ।

ਉਤੋਂ ਸਾਰੇ ਤੂਫ਼ਾਨ ਗੁਜ਼ਰਦੇ ਜਾਂਦੇ ਨੇ। ਉਹ ਚੁੱਪ ਚਾਪ ਭਿੱਜਦੀ ਰਹਿੰਦੀ ਏ। ਅਰਬਾਂ ਖਰਬਾਂ ਮਣ ਪਾਣੀ ਦਾ ਬੋਝ, ਤੇ ਉਹਦੀ ਵਿਸ਼ਾਲ ਅਨੰਤ ਮੂਵਮੈਂਟ ਨੂੰ ਆਪਣੇ ਉਤੇ ਝਲਦੀ ਹੋਈ। ਤੇ ਫੇਰ ਕੋਈ ਤੇਜ਼, ਬਹੁਤ ਤੇਜ਼ ਲਹਿਰ ਉਹਨੂੰ ਆਪਣੇ ਮੋਢੇ 'ਤੇ ਚੁੱਕ ਕੇ ਮੀਲਾਂ ਉਤੇ...ਸਤਹ 'ਤੇ ਲੈ ਆਉਂਦੀ ਏ।

ਤੇ ਉਹਨੂੰ ਜਾਪਦਾ ਏ, ਇਹ ਸੂਰਜਾਇਆ ਚਾਨਣ ਅਜਨਬੀ ਏ। ਇਹ ਬਿਸਤਰਾ, ਪਰ੍ਹੇ ਪਈ ਥਰਮਸ, ਕੋਲ ਪਿਆ ਗਲਾਸ, ਅਖ਼ਬਾਰ, ਉਮੇਸ਼ ਦਾ ਬਕਸ, ਕੁਰਸੀ ਦੀ ਪਿੱਠ 'ਤੇ ਲਾਹੇ ਹੋਏ ਕੱਪੜੇ...ਸਭ ਅਜਨਬੀ ਨੇ।

ਸਤਹ ਦੇ ਉਤੇ, ਪਾਣੀ ਵਿਚ ਆਪਣੇ ਪਿੰਡੇ ਨੂੰ ਬਿਲਕੁਲ ਅਡੋਲ ਛੱਡ ਕੇ ਉਹ ਉਮੇਸ਼ ਦੀਆਂ ਬਾਹਵਾਂ ਵਿਚ ਲੇਟੀ ਰਹਿੰਦੀ ਏ।

— ਜਾਪਦਾ ਏ, ਅਨੰਤ ਡਾਈਮੈਨਸ਼ਨਜ਼ ਵਿਚੋਂ ਮੈਂ ਇਕਹਿਰੀ ਡਾਈਮੈਨਸ਼ਨ ਵਾਲੀ ਦੁਨੀਆਂ ਵਿਚ ਵਾਪਸ ਪਰਤ ਰਹੀ ਹਾਂ।

ਉਮੇਸ਼ ਛਿਟਕ ਕੇ ਪਰ੍ਹਾਂ ਹੋ ਜਾਂਦਾ ਏ।

ਪਸੀਨੇ ਨਾਲ ਤਰ ਬਤਰ।

''ਉਫ਼, ਏਨੀ ਠੰਢ ਵਿਚ ਵੀ...ਏਨਾ...ਪਸੀਨਾ...,'' ਉਮੇਸ਼ ਘਬਰਾ ਕੇ ਪਸੀਨਾ ਪੂੰਝ ਰਿਹਾ ਏ।

''ਮੈਂ ਪੂੰਝ ਦਿਆਂ?'' ਉਹ ਉਮੇਸ਼ ਦੇ ਹੱਥੋਂ ਤੌਲੀਆ ਫੜਨ ਲਗਦੀ ਏ।

''ਨਹੀਂ,'' ਤੇ ਨਾਲ ਹੀ ਉਹ ਉਹਦਾ ਹੱਥ ਰਤਾ ਕ, ਬਿਲਕੁਲ ਬੇਮਲੂਮਾ ਜਿਹਾ, ਪਰ੍ਹਾਂ ਕਰ ਦੇਂਦਾ ਏ।

ਗੀਤਾ ਨੂੰ ਲਗਦਾ ਏ, ਉਮੇਸ਼ ਬਹੁਤ ਦੂਰ ਚਲਾ ਗਿਆ ਏ। ਬਿਸਤਰੇ 'ਤੇ ਇਹ ਦੋ ਤਿੰਨ ਇੰਚਾਂ ਦੀ ਵਿੱਥ ਜਿਵੇਂ ਇਕ ਬੇਕਿਨਾਰ ਰੇਗਿਸਤਾਨ ਏ, ਜਿਹਦੇ 'ਤੇ ਤੁਰਨ ਲਈ ਉਹਦੇ ਪੈਰ ਅਜੇ ਤਿਆਰ ਨਹੀਂ ਸਨ।

ਪਿਛਲਾ ਪਲ ਜਿਵੇਂ ਅਚਾਨਕ ਟੁੱਟ ਗਿਆ ਸੀ। ਕੱਚ ਦੇ ਗੁਲਦਾਨ ਵਾਂਗੂੰ। ਬੇਬਸ, ਹਾਰੇ, ਚੌਫਾਲ ਡਿੱਗੇ ਪਏ ਫੁੱਲ। ਪਾਣੀ। ਸ਼ੀਸ਼ੇ ਦੇ ਨੋਕੀਲੇ ਟੁਕੜੇ। ਸਾਰਾ ਕੁਝ ਖਿੱਲਰ ਗਿਆ ਸੀ।

ਅਜੇ ਤੇ ਉਹਨੇ ਉਮੇਸ਼ ਦੀਆਂ ਬਾਹਵਾਂ ਵਿਚ ਖ਼ਾਮੋਸ਼ ਲੇਟਣਾ ਸੀ। ਅਜੇ ਤੇ ਪਿਛਲੇ ਪਲ ਤੇ ਆਉਣ ਵਾਲੇ ਪਲ ਦੇ ਦੋ ਕਿਨਾਰਿਆਂ ਵਿਚਕਾਰ ਕੋਈ ਸਤਰੰਗੀ ਪੀਂਘ ਉਹਨੇ ਬੁਣਨੀ ਸੀ। ਅਜੇ ਤੇ ਉਸ ਬਾਹਰ ਖਿਸਕ ਗਏ ਪਲ ਨੂੰ ਪੁਚਕਾਰ ਕੇ ਵਾਪਸ ਬੁਲਾਉਣਾ ਸੀ, ਬਿੱਲੀ ਦੇ ਛੋਟੇ ਬਲੂੰਗੜੇ ਵਾਂਗੂੰ। ਅਜੇ ਤੇ ਉਸ ਵਾਪਸ ਮੁੜ ਆਏ ਪਲ ਨੇ ਪੈਰਾਂ ਦੇ ਕੋਲ ਬਹਿ ਕੇ ਕੁਨਮੁਨਾਣਾ ਸੀ। ਅਜੇ ਤੇ...

ਉਮੇਸ਼ ਘਬਰਾ ਰਿਹਾ ਸੀ। ਪਸੀਨੇ ਤੋਂ।

ਕਹਿਣ ਲਗਾ, ''ਉਫ਼, ਏਡੇ ਲੰਮੇ ਉਚੇ ਬੰਦੇ ਦੀ ਜਾਨ ਕੱਢ ਦਿਤੀ ਤੂੰ ਤੇ। ਵੇਖਣ ਨੂੰ ਤਾਂ ਬਰੀਕ ਜਿਹੀ ਲਗਨੀ ਏਂ, ਪਰ ਬੜੀ ਜ਼ਬਰਦਸਤ ਚੀਜ਼ ਏਂ...''

ਗੀਤਾ ਨੂੰ ਲਗਾ ਉਹ ਕਿਸੇ ਪਰਾਏ ਸ਼ਹਿਰ ਦੇ ਪਰਾਏ ਚੁਰਾਹੇ ਵਿਚ, ਪਰਾਈਆਂ ਅੱਖਾਂ ਸਾਹਮਣੇ ਨੰਗੀ ਹੋਈ ਜਾ ਰਹੀ ਹੋਵੇ।

ਆਪਣੇ ਦੁਆਲੇ ਚਾਦਰ ਦੀ ਕੰਨੀ ਖਿੱਚ ਕੇ ਉਹਨੇ ਵਲ੍ਹੇਟ ਲਈ। ਕੱਸ ਕੇ।

''ਓਹੋ, ਮੇਰਾ ਤਾਂ ਸਾਹ ਨਿਕਲ ਗਿਆ...,'' ਉਮੇਸ਼ ਅਜੇ ਵੀ ਘਬਰਾਈ ਜਾ ਰਿਹਾ ਸੀ।

(ਜਿਵੇਂ ਪੈਲੀ ਵਾਹ ਕੇ ਹਟਿਆ ਹੋਵੇ। ਜਿਵੇਂ ਖ਼ਾਲ ਕੱਢ ਕੇ ਹਉਂਕ ਰਿਹਾ ਹੋਵੇ। ਜਿਵੇਂ ਚਿੱਕੜ ਵਿਚ ਧਸਿਆ ਗੱਡ ਦਾ ਪਹੀਆ...)

ਗੀਤਾ ਚੁੱਪ ਚਾਪ ਉੱਠ ਕੇ ਗ਼ੁਸਲਖ਼ਾਨੇ ਵਿਚ ਚਲੀ ਗਈ। ਕੱਪੜੇ ਪਾ ਲਏ।

ਸ਼ਾਮ ਬੇਮਤਲਬ ਭਟਕਦਿਆਂ ਗੁਜ਼ਰੀ। ਚਾਹ। ਮੂਵੀ।



''ਅੱਛਾ, ਹੁਣ ਤੂੰ ਘਰ ਜਾਹ। ਮੈਂ ਜ਼ਰਾ ਇਕ ਦੋਸਤ ਨੂ ਮਿਲ ਆਵਾਂ ਸੌਂਣ ਤੋਂ ਪਹਿਲੋਂ।''

(ਘਰ ਜਾਹ? ਯਾਨੀ? ਤੂੰ ਮੈਨੂੰ ਅੱਜ ਦੀ ਰਾਤ ਆਪਣੇ ਕੋਲ ਨਹੀਂ ਰੱਖਣਾ? ਅੱਜ ਦੀ ਸ਼ਾਮ। ਅੱਜ ਦੀ ਰਾਤ! ਲੋੜ ਖ਼ਤਮ?)

ਅਗਲਾ ਦਿਨ।

ਹੋਟਲ ਦਾ ਓਹੀ ਕਮਰਾ।

ਗੀਤਾ ਦੇ ਕ਼ਦਮਾਂ ਵਿਚ ਅੱਜ ਕੋਈ ਚਾਅ ਨਹੀਂ। ਕੋਈ ਰੀਝ ਨਹੀਂ।

ਕੋਈ ਸੁਪਨਾ ਏ ਜਿਹੜਾ ਭੂਰੀ ਮਿੱਟੀ ਵਾਂਗੂੰ ਪੈਰਾਂ ਦੇ ਹੇਠਾਂ ਵਿਛ ਗਿਆ ਏ। ਖ਼ਾਮੋਸ਼।

ਇਕ ਖ਼ਾਲੀਪਣ ਏ, ਜਿਸ ਦਾ ਕੋਈ ਨਾਂ ਨਹੀਂ।

ਸੰਨਾਟਾ ਨਹੀਂ, ਸਿਰਫ਼ ਖ਼ਾਲੀਪਣ।

ਸੰਨਾਟੇ ਦਾ ਸ਼ੋਰ ਹੁੰਦਾ ਏ। ਖ਼ਾਲੀਪਣ ਕੰਬਖ਼ਤ ਦਾ ਸ਼ੋਰ ਵੀ ਨਹੀਂ ਹੁੰਦਾ।

— ਇਹ ਖ਼ਾਲੀਪਣ ਮੇਰੇ ਅੰਦਰ ਵੀ ਏ। ਬਾਹਰ ਵੀ। ਮੇਰੇ ਤੋਂ ਉਮੇਸ਼ ਤੱਕ ਦਾ ਅਸੀਮ ਫ਼ਾਸਲਾ ਏਸੇ ਵੀਰਾਨ ਉਦਾਸ ਖ਼ਾਲੀਪਣ ਨਾਲ ਭਰਿਆ ਹੋਇਆ ਏ। ਕਿੱਡੀ ਅਜੀਬ ਗੱਲ ਏ!

ਉਹ ਪਹੁੰਚੀ ਤਾਂ ਉਮੇਸ਼ ਬ੍ਰੇਕਫ਼ਾਸਟ ਖਾ ਰਿਹਾ ਸੀ।

''ਤੂੰ ਖਾਏਂਗੀ?''

''ਨਹੀਂ, ਮੈਂ ਖਾ ਕੇ ਤੁਰੀ ਸਾਂ।''

(ਕਿੱਡੀ ਅਜੀਬ ਗੱਲ ਏ! ਪਿਛਲਾ ਦਿਨ, ਅੱਜ ਦਾ ਦਿਨ, ਇਹ ਸਾਡੇ ਇਕੱਠੇ ਦਿਨ ਸਨ। ਬਤਾਲੀ ਦਿਨਾਂ ਮਗਰੋਂ ਆਉਣ ਵਾਲੇ, ਮਿਲਣ ਦੇ ਦਿਨ। ਵਸਲ ਦੇ ਦਿਨ। ਇਨ੍ਹਾਂ ਦੀ ਉਦਾਸੀ......ਕੇਡੀ ਅਜੀਬ ਗੱਲ ਏ!)

''ਚਾਹ ਦਾ ਪਿਆਲਾ ਤਾਂ ਲੈ ਲੈ।''

(ਇਨ੍ਹਾਂ ਮਿਲਣ ਦੇ ਦਿਨਾਂ ਵਿਚ ਅਸੀਂ ਵੱਖਰੇ ਸੌਂ ਰਹੇ ਹਾਂ, ਵੱਖਰੇ ਨਹਾ ਰਹੇ ਹਾਂ, ਵੱਖਰੇ ਰੋਟੀ ਖਾ ਰਹੇ ਹਾਂ, ਵੱਖਰੇ ਚਾਹ ਪੀ ਰਹੇ ਹਾਂ, ਵੱਖਰੇ ਬ੍ਰੇਕਫ਼ਾਸਟ! ਤੇ ਆਪਣੇ ਆਪਣੇ ਜਜ਼ੀਰਿਆਂ ਵਿਚ ਜੀ ਰਹੇ ਹਾਂ। ਕਿੱਡੀ ਅਜੀਬ ਗੱਲ ਏ!)

''ਰਾਤੀਂ ਮੈਨੂੰ ਪਤਾ ਲਗਾ ਸ਼ਾਇਦ ਮੇਰੀ ਟ੍ਰਾਂਸਫਰ ਹੋ ਜਾਵੇ।''

''ਕਿਥੇ?''

''ਪਤਾ ਨਹੀਂ। ਪਰ ਮੈਂ ਜੈਪੁਰ ਤੋਂ ਜਾਣਾ ਨਹੀਂ ਚਾਹੁੰਦਾ। ਬੱਚਿਆਂ ਦੀ ਪੜ੍ਹਾਈ ਵਿਚ ਖ਼ਲਬਲੀ ਹੋਵੇਗੀ। ਘਰ ਪੁੱਟਣਾ ਪਵੇਗਾ।''

''ਫੇਰ ਤਾਂ ਰੁਕਵਾਉਣ ਲਈ ਕੁਝ ਕਰਨਾ ਚਾਹੀਦਾ ਏ।''

(ਤੇਰੇ ਫ਼ਿਕਰ ਵਿਚ ਮੈਨੂੰ ਵੀ ਫ਼ਿਕਰ ਵਾਲਾ ਮੁਖੌਟਾ ਪਾ ਕੇ ਗੱਲ ਕਰਨੀ ਚਾਹੀਦੀ ਏ। ਸੋਚਿਆ ਸੀ, ਇਕ ਮਨੁੱਖ ਤਾਂ ਇਹੋ ਜਿਹਾ ਹੋਵੇਗਾ ਕਿਧਰੇ, ਜਿਸ ਨਾਲ ਐਕਟਿੰਗ ਕਰਨ ਦੀ ਮਜਬੂਰੀ ਨਾ ਹੋਵੇ। ਜਿਸ ਦੇ ਸਾਹਮਣੇ ਕੋਈ ਤਨ ਦੇ ਤੇ ਮਨ ਦੇ ਸਾਰੇ ਕੱਪੜੇ

ਲਾਹ ਸਕੇ, ਬੇਝਿਜਕ। ਪਰ ਸ਼ਾਇਦ ਇਹੋ ਜਿਹਾ ਮਨੁੱਖ ਕਿਧਰੇ ਨਹੀਂ ਹੁੰਦਾ। ਕੋਈ ਨਹੀਂ ਹੁੰਦਾ।)

"ਹਿਸਾਬ ਕਿਤਾਬ ਨਾਲ ਤਾਂ ਮੈਨੂੰ ਰਾਤੀਂ ਵਾਪਸ ਜੈਪੁਰ ਚਲੇ ਜਾਣਾ ਚਾਹੀਦਾ ਸੀ।"

ਇਕ ਸਕਿੰਟ ਲਈ ਗੀਤਾ ਦੀ ਬੇਹਿਸਪਣ ਜਾਗ ਉਠਿਆ। ਉਤਸੁਕ ਹੋ ਕੇ। ਕਿਸੇ ਤਾਂਘ ਵਿਚ। — ਤਾਂ ਕੀ ਮੇਰੇ ਲਈ ਨਹੀਂ ਗਿਆ? ਮੇਰੇ ਲਈ?

"ਪਰ ਅੱਜ ਮਨਿਸਟਰੀ ਵਿਚ ਐਪਾਇੰਟਮੈਂਟ ਸੀ। ਕਿਸ ਤਰ੍ਹਾਂ ਚਲਾ ਜਾਂਦਾ?"

ਓਹ, ਤਾਂ ਇਸ ਲਈ? — ਗੀਤਾ ਜਿਵੇਂ ਇਕ ਅਲਸਾਇਆ ਡੂੰਘਾ ਢਿੱਲਾ ਸਾਹ ਲੈਂਦੀ ਏ। ਉਤਸੁਕਤਾ ਦੀਆਂ ਕੱਸੀਆਂ ਤਣੀਆਂ ਫੇਰ ਢਿੱਲੀਆਂ ਹੋ ਗਈਆਂ ਨੇ। ਜਿਵੇਂ ਕੋਈ ਧੁੱਪੇ ਸੁੱਤਾ ਛੋਟਾ ਜਿਹਾ ਸਫ਼ੈਦ ਕੁੱਤਾ ਅਚਾਨਕ ਖੜਾਕ ਸੁਣ ਕੇ ਪਲ ਲਈ ਅੱਖਾਂ ਖੋਹਲੇ। ਚਾਰੇ ਪਾਸੇ ਚੁਕੰਨਾਂ ਹੋ ਕੇ ਵੇਖੇ। ਹਵਾ ਨੂੰ ਸੁੰਘੇ। 'ਨਹੀਂ ਕੋਈ ਨਹੀਂ?' ਤੇ ਫੇਰ ਮੁੜ ਕੇ ਅਲਸਾਈਆਂ ਅੱਖਾਂ ਬੰਦ ਕਰ ਕੇ ਸੌਂ ਜਾਵੇ।

ਉਮੇਸ਼ ਬ੍ਰੇਕਫ਼ਾਸਟ ਖਾ ਕੇ ਉਹਦੇ ਕੋਲ ਮੰਜੇ ਤੇ ਬਹਿ ਗਿਆ। ਉਹ ਅਖ਼ਬਾਰ ਦੇ ਸਫ਼ੇ ਉਲਟ ਰਹੀ ਸੀ। ਉਮੇਸ਼ ਦੀਆਂ ਨਜ਼ਰਾਂ ਉਹਨੇ ਆਪਣੇ 'ਤੇ ਮਸਿਸੂਸ ਕੀਤੀਆਂ।

ਬਰਫ਼ ਦਾ ਰੇਗਿਸਤਾਨ ਪਿਘਲਣ ਲਗਾ।

(ਨਹੀਂ, ਹੁਣ ਨਹੀਂ। ਬਿਲਕੁਲ ਨਹੀਂ।)

ਪਰ ਜਦੋਂ ਉਮੇਸ਼ ਨੇ ਉਹਨੂੰ ਬਾਹਵਾਂ ਵਿਚ ਲੈ ਕੇ ਉਹਦੇ ਹੋਠਾਂ ਨੂੰ ਚੁੰਮਿਆ ਤਾਂ ਉਹਨੂੰ ਲਗਾ ਉਹ ਬਿਲਕੁਲ ਬੇਬਸ ਸੀ। ਮੋਮ ਦੀ ਬਣੀ ਹੋਈ। ਗਰਮ ਮੋਮ ਦੀ।

ਇਕੋ ਚੁੰਮੀ, ਤੇ ਉਮੇਸ਼ ਉਠ ਖੜੋਤਾ।

"ਆਈ ਗਿਵ ਯੂ ਥਰਟੀ ਸੈਕੰਡਜ਼ ਟੂ ਗੇਟ ਰੈਡੀ ਟੂ ਰਿਸੀਵ ਮੀ," ਤੇ ਉਹ ਕਾਹਲੀ ਨਾਲ ਕੱਪੜੇ ਲਾਹੁਣ ਲਗਾ।

'ਨਹੀਂ, ਇਹ ਗ਼ਲਤ ਏ। ਇਸ ਤਰ੍ਹਾਂ ਵੀ ਕਦੇ ਹੁੰਦਾ ਏ?" — ਇਕ ਗੀਤਾ ਬਗ਼ਾਵਤ ਕਰਦੀ ਏ।

'ਇਹ ਪਲ ਜਿਹੜਾ ਇਕ ਮਾਸੂਮ ਬੁਲਬੁਲ ਵਾਂਗੂੰ ਤੇਰੀ ਹਥੇਲੀ 'ਤੇ ਆ ਕੇ ਬਹਿ ਗਿਆ ਏ, ਇਹਨੂੰ ਨਾ ਉਡਾ। ਚਹਿਕ ਲੈਣ ਦੇ ਦੋ ਘੜੀਆਂ ਇਹਨੂੰ। ਬਸ ਘੜੀ ਦੀ ਘੜੀ ਇਹਨੇ ਗਾਉਣਾ ਏ, ਤੇ ਫੇਰ ਇਹਦੇ ਸੰਘ ਵਿਚ ਵੀ ਛਾਲਾ ਉੱਗ ਆਉਣਾ ਏ, ਤੇ ਫੇਰ ਇਹਨੇ ਕਦੇ......ਕਦੇ ਨਹੀਂ ਗਾ ਸਕਣਾ।' — ਦੂਜੀ ਗੀਤਾ ਆਖਦੀ ਏ।

ਤੇ ਕੋਈ ਤੀਜੀ ਗੀਤਾ ਚੁੱਪ ਚਾਪ ਕੱਪੜੇ ਲਾਹਣ ਲਗਦੀ ਏ।

ਗੀਤਾ ਨੂੰ ਲਗਦਾ ਏ, ਉਹ ਸਤਹ ਦੇ ਉਤੇ ਹੀ ਕਿਧਰੇ ਫ਼ਲੋਟ ਕਰ ਰਹੀ ਏ। ਮਰੀ ਹੋਈ ਇਕ ਲੱਕੜ ਵਾਂਗੂੰ। ਤੇ ਤੂਫ਼ਾਨ ਉਹਦੇ ਉਤੋਂ ਗੁਜ਼ਰਦਾ ਜਾ ਰਿਹਾ ਏ। ਭਿੱਜਦੀ ਜ਼ਰੂਰ ਏ, ਪਰ ਡੁੱਬਦੀ ਨਹੀਂ।



ਮਗਰੋਂ, ਇਕ ਦਮ ਉਮੇਸ਼ ਉੱਠ ਖੜੋਤਾ। "ਕੱਪੜੇ ਪਾ ਲੈ," ਕਹਿ ਕੇ ਗ਼ੁਸਲਖ਼ਾਨੇ ਵਿਚ ਚਲਾ ਗਿਆ।

ਗੀਤਾ ਪੋਲੇ ਪੈਰੀਂ ਉੱਠ ਕੇ ਡਰੈਸਿੰਗ ਟੇਬਲ ਦੇ ਸਾਹਮਣੇ ਜਾ ਖੜੋਂਦੀ ਏ। ਆਪਣੇ ਆਪ ਨੂੰ ਬਿਲਕੁਲ ਇਕ ਅਜਨਬੀ ਵਾਂਗੂੰ ਵੇਖਦੀ ਏ — ਸਿਰ ਤੋਂ ਪੈਰਾਂ ਤੱਕ।

ਸ਼ੀਸ਼ੇ ਵਿਚ ਜਿਹੜੀ ਗੀਤਾ ਏ — ਉਹਦੇ 'ਤੇ ਨਾ ਉਹਨੂੰ ਤਰਸ ਆਉਂਦਾ ਏ, ਨਾ ਗ਼ਰੂਰ! ਨਾ ਉਹਦੇ ਨਾਲ ਪਿਆਰ ਏ, ਨਾ ਨਫ਼ਰਤ।

ਇਕ ਠੰਢੀ ਯਖ਼ ਬੇ-ਨਿਆਜ਼ੀ।

ਬਾਹਰ ਨਿਕਲ ਕੇ ਉਮਸ਼ ਆਪਣਾ ਸਾਮਾਨ ਪੈਕ ਕਰਨ ਲਗ ਪਿਆ।

"ਕਿਉਂ, ਹੁਣੇ ਚਲਾ ਜਾਣਾ ਏ?"

"ਹਾਂ, ਸਾਮਾਨ ਹੁਣੇ ਗੱਡੀ ਵਿਚ ਰਖ ਲਵਾਂਗਾ, ਫੇਰ ਕੰਮ ਕੁੰਮ ਮੁਕਾ ਕੇ ਕਿਸੇ ਵੇਲੇ ਵੀ ਚਲਾ ਜਾਵਾਂਗਾ, ਸ਼ਾਮੀਂ।"

"ਪਰ......ਤੂੰ ਤੇ ਕਿਹਾ ਸੀ, ਚਾਰ ਦਿਨ ਰਹਾਂਗਾ।" ਗੀਤਾ ਨਾ ਵਿਦ੍ਰੋਹ ਕਰਦੀ ਏ, ਨਾ ਉਲਾਹਮਾ ਦੇਂਦੀ ਏ। ਬੱਸ, ਬੜੀ ਬੇਲਾਗ, ਸਪਾਟ ਆਵਾਜ਼ ਵਿਚ ਆਖਦੀ ਏ ਮਹਿਜ਼।

"ਨਹੀਂ, ਜਾਣਾ ਤੇ ਹੈ ਈ। ਬਾਰਾਂ ਵਜੇ ਤੋਂ ਬਾਅਦ ਤਾਂ ਫੇਰ ਇਹ ਪੂਰੇ ਦਿਨ ਦੇ ਪੈਸੇ ਲਾ ਲੈਣਗੇ।"

ਗੀਤਾ ਚੁੱਪ ਰਹਿੰਦੀ ਏ।

ਰਾਹ ਵਿਚ।

"ਮੈਂ ਤੈਨੂੰ ਕਿਥੇ ਉਤਾਰ ਦਿਆਂ?" ਉਮੇਸ਼ ਪੁੱਛਦਾ ਏ।

"ਕਿਧਰੇ ਵੀ।"

"ਤੂੰ ਨਾਰਾਜ਼ ਏਂ?"

"ਨਹੀਂ।"

"ਚੁੱਪ ਕਿਉਂ ਏਂ?"

"ਨਹੀਂ ਤਾਂ।"

"ਅੱਛਾ, ਅਗਲੀ ਵਾਰੀ ਕਦੋਂ ਆਵਾਂ?"

ਤੇ ਫੇਰ ਗੀਤਾ ਨੂੰ ਪਤਾ ਨਹੀਂ ਕੀ ਹੋਇਆ। ਇਕ ਦਮ ਵੱਸ ਪਈ ਉਹ, "ਐਤਕੀ ਮੈਨੂੰ ਪੁੱਛ ਕੇ ਆਇਆ ਏਂ ਤੂੰ? ਮੈਨੂੰ ਪੁੱਛ ਕੇ ਜਾ ਰਿਹਾ ਏਂ?......ਹਰ ਗੱਲ ਤੇਰੀ ਮਰਜ਼ੀ ਦੇ ਮੁਤਾਬਕ ਹੋਣੀ ਚਾਹੀਦੀ ਏ, ਹੈ ਨਾ? ਹਰ ਗੱਲ ਤੇਰੇ ਆਰਡਰ ਨਾਲ ਹੋਣੀ ਚਾਹੀਦੀ ਏ, ਤੇਰੇ ਆਰਾਮ ਲਈ। ਤੂੰ ਕਿਸੇ ਨੂੰ ਮੁਹੱਬਤ ਨਹੀਂ ਕਰ ਸਕਦਾ। ਤੂੰ ਸਿਰਫ਼ ਆਪਣੇ ਆਪ ਨੂੰ ਮੁਹੱਬਤ ਕਰਦਾ ਏਂ। ਆਪਣਾ ਆਰਾਮ। ਆਪਣੀ ਲੋੜ। ਤੂੰ ਮੈਨੂੰ......ਇਕ ਡੋਰ-ਮੈਟ ਵਾਂਗੂੰ......।"(ਨਹੀਂ, ਰੋਣਾ ਨਹੀਂ।

ਬਿਲਕੁਲ ਨਹੀਂ।'' ਚਿਣਗਾਂ ਵਾਂਗੂੰ ਸੁਲਗਦੇ ਇਹ ਅੱਥਰੂ......ਸੰਘ ਵਿਚ...... ਪੁੜਪੁੜੀਆਂ ਵਿਚ......।)

''ਜੋ ਤੂੰ ਚਾਹੇਂਗਾ, ਉਹੀ ਹੋਵੇਗਾ? ਜੋ ਤੂੰ ਨਹੀਂ ਚਾਹੇਂਗਾ, ਨਹੀਂ ਹੋਵੇਗਾ? ਮੈਂ ਦੂਜਿਆਂ ਨੂੰ ਆਪਣੀਆਂ ਡਿਸੀਯਨਜ਼ ਇੰਪੋਜ਼ ਨਹੀਂ ਕਰਨ ਦੇਂਦੀ ਹੁੰਦੀ ਆਪਣੇ ਆਪ 'ਤੇ।''

''ਇੰਪੋਜ਼ ਕੀ ਕਰ ਰਿਹਾਂ ਮੈਂ?'' ਉਮੇਸ਼ ਦੀ ਆਵਾਜ਼ ਵਿਚ ਥੋੜੀ ਜਿਹੀ ਝੰਜਲਾਹਟ ਸੀ, ਥੋੜੀ ਜਿਹੀ ਲਾਚਾਰੀ, ਥੋੜੀ ਜਿਹੀ ਬੇਕਸੂਰੀ ਦੀ ਫ਼ਰਿਆਦ।

(ਔਰਤਾਂ ਵਾਲੀ ਕੋਈ ਗੱਲ ਈ ਨਹੀਂ ਇਹਦੇ ਵਿਚ। ਤਦੇ ਹੀ ਤੇ ਖ਼ਾਵੰਦ ਨਾਲ ਰੁੱਸ ਕੇ ਬੈਠੀ ਏ ਏਨੇ ਸਾਲਾਂ ਤੋਂ। ਇਸ ਤਰ੍ਹਾਂ ਦੇ ਮਰਦਾਵੇਂ ਰੋਅਬ ਵਾਲੀ ਤੀਵੀਂ ਨਾਲ......। ਮੁਸ਼ਕਲ ਈ ਏ। ਪਰ ਬਿਸਤਰੇ ਵਿਚ ਇਹੀ ਔਰਤ......ਉਫ਼......! — ਤੇ ਇਕ ਗਰਮ ਲਹਿਰ ਉਮੇਸ਼ ਦੇ ਪਿੰਡੇ ਦੇ ਵਿਚਕਾਰੋਂ ਗੁਜ਼ਰਦੀ ਏ)।

''ਬਤਾਲੀ ਦਿਨ ਮੈਂ ਤੇਰੇ ਅੱਗੇ ਫ਼ਰਿਆਦਾਂ ਕਰਦੀ ਰਹੀ।'' (ਸਿਆਲ ਦੇ ਠਰੇ ਹੋਏ ਦਿਨ ਮੈਂ 'ਕੱਲਿਆਂ ਗੁਜ਼ਾਰੇ। ਕੋਹਾਂ ਲੰਮੀਆਂ ਠੰਢੀਆਂ ਠਾਰ ਰਾਤਾਂ ਮੈਂ 'ਕੱਲਿਆਂ ਗੁਜ਼ਾਰੀਆਂ। ਤੇ ਤੂੰ ਓਥੇ, ਆਪਣੇ ਸ਼ਹਿਰ, ਆਪਣੇ ਘਰ, ਆਪਣੀ ਬੀਵੀ ਕੋਲ ਸੁੱਤਾ ਰਿਹਾ। ਬਤਾਲੀ ਦਿਨ! — ਗੀਤਾ ਦਾ ਮਨ ਚੀਖ਼ ਚੀਖ਼ ਕੇ ਕਹਿ ਰਿਹਾ ਏ। ਉਹਦਾ ਦਿਲ ਕਰਦਾ ਏ ਇਸ ਲੰਮੇ ਚੌੜੇ ਬੰਦੇ ਨੂੰ ਮੋਢਿਆਂ ਤੋਂ ਫੜ ਕੇ ਜਾਮਣੂੰਆਂ ਵਾਂਗੂੰ ਰਿੜਕ ਦੇਵੇ। ਤੇ ਫੇਰ ਪਿੱਠ ਮੋੜ ਕੇ, ਤੇਜ਼ ਤੇਜ਼ ਦੂਰ ਨੱਸ ਜਾਏ ਕਿਤੇ।)

''ਬਤਾਲੀ ਦਿਨਾਂ ਮਗਰੋਂ ਤੂੰ ਆਇਆ ਏਂ। ਤੈਨੂੰ ਚਾਹੀਦਾ ਸੀ, ਮੈਨੂੰ ਚੁੱਕ ਕੇ ਲੈ ਜਾਂਦੋਂ ਕਿਧਰੇ।''

(ਚੁੱਕ ਕੇ ਲੈ ਜਾਣ ਵਾਸਤੇ ਤਾਂ ਜਿਗਰਾ ਚਾਹੀਦਾ ਏ। ਇਸ ਪਾਲਤੂ ਜਾਨਵਰ ਵਰਗੇ ਬੰਦੇ ਵਿਚ ਜਿਗਰਾ ਕਿਥੋਂ? ਚੁੱਕ ਕੇ ਲੈ ਜਾਣ ਵਾਸਤੇ ਤਾਂ ਭਖਦੀ ਅੱਗ ਚਾਹੀਦੀ ਏ। ਜਿਹੜਾ ਬੰਦਾ ਰੋਜ਼ ਕਿਸੇ ਹੋਰ ਤੀਵੀਂ ਨਾਲ ਆਦਤਨ ਸੌਂ ਸਕਦਾ ਹੋਵੇ, ਉਹਦੇ ਕੋਲ ਅੱਗ ਕਿਹੀ? ਵਧ ਤੋਂ ਵਧ ਇਕ ਕਾਂਗੜੀ...।)

''ਆਉਂਦਿਆਂ ਸਾਰ ਤਾਂ ਤੇਰੇ ਕੋਲ ਆਇਆਂ। ਦੌੜਦਾ।''

''ਝੂਠ। ਤੂੰ ਬੜਾ ਕੈਲਕੂਲੇਟ ਕਰ ਕੇ ਆਇਆ ਏਂ। ਸਾਮਾਨ ਆਪਣੇ ਦੋਸਤ ਦੇ ਘਰ ਰਖਿਆ। ਓਥੋਂ ਟੈਲੀਫ਼ੋਨ ਕੀਤਾ ਕਿ ਦੋ ਘੰਟਿਆਂ ਮਗਰੋਂ ਆ ਰਿਹਾਂ।''

(ਕਾਂਗੜੀ। ਬਸ ਇਕ ਨਿੱਕੀ ਜਿਹੀ ਕਾਂਗੜੀ। ਮਾੜੂਆ ਜਿਹਾ ਸੇਕ। ਉਹਨੂੰ ਝੋਲੀ ਵਿਚ ਛੁਪਾਈ ਰਖੋ। ਲੁਕਾ ਕੇ ਸੇਕੋ। ਬਕਵਾਸ!)

''ਹੂੰ।'' ਉਮੇਸ਼ ਦੀ ਆਵਾਜ਼ ਵਿਚ ਬੋਰੀਅਤ ਏ।

(ਤੇ ਹੋਰ ਕੀ ਕਰਦਾ? ਸਾਮਾਨ ਵੀ ਨਾ ਓਥੇ ਰਖਦਾ? ਸਿੱਧਾ ਤੇਰੇ ਕੋਲ ਆਉਂਦਾ? ਤਾਕਿ ਮੈਨੂੰ ਪਾਲਤੂ ਕੁੱਤੇ ਵਾਂਗੂ ਸੰਗਲੀ ਪਾ ਕੇ ਕੁੰਡੇ ਨਾਲ ਬੰਨ੍ਹ ਸੱਕੋਂ? ਉਹ ਤਾਂ ਘਰ ਮੇਰੀ ਬੀਵੀ ਵੀ ਕਰਦੀ ਏ। ਤੇਰੀ ਕੀ ਲੋੜ ਏ ਫੇਰ?)

''ਤੇ ਹੁਣ...ਮੈਂ ਤੇਰੇ ਕੋਲ ਸਾਂ। ਹੋਟਲ ਦੇ ਓਸ ਕਮਰੇ ਵਿਚ। ਏਨੀ ਸਿੰਪਲ



ਕਰਟਸੀ ਵੀ ਨਹੀਂ ਸੀ ਤੇਰੇ ਕੋਲ ਕਿ ਤੂੰ ਮੈਨੂੰ ਕਮ-ਅਜ਼-ਕਮ ਪੁੱਛ ਤੇ ਲੈਂਦੋਂ ਕਿ ਚਲੀਏ? ਕਰ ਦੇਈਏ ਕਮਰਾ ਖ਼ਾਲੀ?''

(ਬਿਲਕੁਲ ਫ਼ਜ਼ੂਲ ਬਕਵਾਸ ਏ ਇਹ ਔਰਤ। ਦੋ ਘੜੀਆਂ ਰੀਲੈਕਸ ਕਰਨ ਵਾਸਤੇ ਤਰੱਦਦ ਕੀਤਾ, ਤੇ ਇਹ ਵੀ...ਟੈਨਸ਼ਨ। ਪਰ ਬਿਸਤਰੇ ਵਿਚ ਇਹ ਔਰਤ... ਕਮਾਲ ਏ...।)

''ਮੈਨੂੰ ਪਤਾ ਏ ਤੂੰ ਕੀ ਸੋਚ ਰਿਹਾ ਏਂ। ਔਰਤਾਂ ਵਿਚ ਘੋੜਿਆਂ ਵਾਂਗੂੰ ਇਕ ਸਿਕਸਥ ਸੈਨਸ ਹੁੰਦੀ ਏ। ਤੂੰ ਸੋਚ ਰਿਹਾ ਏਂ ਕਿ ਬਿਸਤਰੇ ਵਿਚ ਤਾਂ ਇਹ ਔਰਤ ਠੀਕ ਏ, ਪਰ ਵੈਸੇ ਨਿਰੀ ਬੋਰੀਅਤ ਏ। ਤੂੰ ਉਂਜ ਪ੍ਰੋਫ਼ੈਸਰ ਏਂ। ਤੈਨੂੰ ਇਕ ਗੱਲ ਸਮਝਾਵਾਂ? ਜਿਹੜੀ ਤੀਵੀਂ ਬਿਸਤਰੇ ਵਿਚ ਏਨੀ ਇਨਟੈਨਸਿਟੀ ਨਾਲ ਮੁਹੱਬਤ ਕਰੇਗੀ ਤੈਨੂੰ, ਉਹ ਬਾਕੀ ਜ਼ਿੰਦਗੀ ਇਨਟੈਨਸਲੀ ਨਹੀਂ ਜੀਣਾ ਚਾਹੇਗੀ? ਬਿਸਤਰੇ ਵਿਚ ਤੁਹਾਨੂੰ ਮਰਦਾਂ ਨੂੰ ਮੱਚਦੀ ਅੱਗ ਵਾਲੀ ਤੀਵੀਂ ਚਾਹੀਦੀ ਏ, ਬਿਸਤਰੇ ਤੋਂ ਬਾਹਰ ਪਾਲਤੂ ਕਤੂਰੇ ਵਾਂਗ ਪੂਛ ਹਿਲਾਉਣ ਵਾਲੀ, ਠੰਡੇ ਬਰਫ਼ ਅਹਿਸਾਸ ਵਾਲੀ। ਜਿਹੜੀ ਤੀਵੀਂ ਬਿਸਤਰੇ ਦੀ ਘੜੀ ਅੱਗ ਵਾਂਗੂ ਭਖ਼ ਕੇ ਜੀਵੇਗੀ, ਉਹਦਾ ਜੀਣ ਦਾ ਅੰਦਾਜ਼ ਹੀ ਇਹੀ ਹੋਵੇਗਾ, ਇਹ ਤੈਨੂੰ ਨਹੀਂ ਸੀ ਸੁਝਿਆ?''

ਗੀਤਾ ਨੂੰ ਸਾਹ ਚੜ੍ਹ ਗਿਆ ਏ।

ਉਹਨੇ ਟੈਕਸੀ ਵਾਲੇ ਨੂੰ ਕਿਹਾ, ''ਜ਼ਰਾ ਰੋਕਨਾ।''

ਟੈਕਸੀ ਰੁਕੀ, ਉਹ ਕਾਹਲੀ ਨਾਲ ਉਤਰੀ, ਤੇ ਕਾੜ ਕਰ ਕੇ ਟੈਕਸੀ ਦਾ ਦਰਵਾਜ਼ਾ ਬੰਦ ਕਰ ਦਿਤਾ।

# ਗੁਲਬਾਨੋ

ਖ਼ੁਸ਼ਦਿਲ ਖ਼ਾਨ ਗਾਰਡ ਦੀ ਬੀਵੀ ਗੁਲਬਾਨੋ ਦੇ ਹੁਸਨ ਦੀ ਗੱਲ ਆਸ ਪਾਸ ਦੇ ਵੀਹਾਂ ਪਿੰਡਾਂ ਵਿਚ ਇਕ ਰਵਾਇਤ ਵਾਂਗੂੰ ਮਸ਼ਹੂਰ ਸੀ।

ਲੰਮੀ ਉੱਚੀ ਪਠਾਣੀ ! ਮੂੰਹ — ਜਿਵੇਂ ਕੱਚੇ ਦੁੱਧ ਦਾ ਕਟੋਰਾ ਹੋਵੇ। ਅੰਗ — ਜਿਵੇਂ ਕੱਚੀਆਂ ਕੂਲੀਆਂ ਮਲੂਕ ਗੰਦਲਾਂ ਹੋਣ, ਹੁਸਨ — ਜਿਵੇਂ ਕੋਈ ਪਰੀਆਂ ਦੀ ਬਾਤ ਹੋਵੇ।

ਪਰ ਹਰ ਪਰੀ ਨੂੰ ਕੋਈ ਦੇਵ ਜਿਵੇਂ ਆਪਣੇ ਪੱਥਰਾਂ ਦੇ ਕਿਲ੍ਹੇ ਵਿਚ ਲੁਕਾ ਰਖਦਾ ਏ, ਖ਼ੁਸ਼ਦਿਲ ਖ਼ਾਨ ਗਾਰਡ ਨੇ ਵੀ ਆਪਣੀ ਬੀਵੀ ਨੂੰ ਇੰਜੇ ਲੁਕਾ ਰਖਿਆ ਸੀ।

ਲੁਕਾ ਲੁਕਾ ਕੇ ਤਾਂ ਸਾਰੇ ਹੀ ਪਠਾਣ ਰਖਦੇ ਸਨ ਆਪਣੀਆਂ ਬੀਵੀਆਂ ਨੂੰ, ਜਿਵੇਂ ਉਹ ਆਪਣੀਆਂ ਤ੍ਰੀਮਤਾਂ ਨੂੰ ਵਿਆਹ ਵਰ ਕੇ ਨਾ ਲਿਆਏ ਹੋਣ, ਕਿਧਰੋਂ ਲੁੱਟ ਕੇ ਲਿਆਏ ਹੋਣ। ਪਰ ਖ਼ੁਸ਼ਦਿਲ ਖ਼ਾਨ ਗਾਰਡ ਦੀ ਬੀਵੀ ਦਾ ਪਰਛਾਵਾਂ ਵੀ ਕਦੇ ਕਿਸੇ ਮਰਦ ਨੇ ਨਹੀਂ ਸੀ ਤੱਕਿਆ।

ਖੁਲ੍ਹੇ ਡੁਲ੍ਹੇ ਮੌਸਮ ਵਿਚ ਪਿੰਡਾਂ ਦੀਆਂ ਔਰਤਾਂ ਰਲ ਕੇ ਸ਼ਹਿਰ ਸੌਦਾ-ਸੂਦਾ ਖ਼ਰੀਦਣ ਜਾਂਦੀਆਂ ! ਹਰ ਔਰਤ ਉਸ ਘੜੀ ਨੂੰ ਮੇਲੇ ਜਾਣ ਵਾਲੇ ਚਾਅ ਨਾਲ ਉਡੀਕਦੀ। ਬੁਰਕੇ ਪਾ ਕੇ, ਤੇ ਬੁਰਕਿਆਂ ਦੇ ਅੰਦਰ ਸਜ ਬਣ ਕੇ ਉਹ ਨਿਕਲਦੀਆਂ। ਅੱਗੇ ਅੱਗੇ ਢੋਲ ਹੁੰਦਾ। ਪਠਾਣ ਦੂਰੋਂ ਹੀ ਢੋਲ ਦੀ ਆਵਾਜ਼ ਸੁਣ ਕੇ ਰਾਹ ਖ਼ਾਲੀ ਕਰ ਦੇਂਦੇ। ਪਿੰਡੋਂ ਬਾਹਰ ਨਿਕਲ ਕੇ ਜਦੋਂ ਕਿਸੇ ਦੀ ਨਜ਼ਰ ਪੈਣ ਦਾ ਡਰ ਨਾ ਹੁੰਦਾ, ਤਾਂ ਬੁਰਕਿਆਂ ਨੂੰ ਪਿੱਛੇ ਸੁਟ ਕੇ ਪਠਾਣੀਆਂ ਦੇ ਮਹਿੰਦੀ-ਰੰਗੇ, ਚਾਂਦੀ ਦੀਆਂ ਪਾਜ਼ੇਬਾਂ ਵਾਲੇ ਪੈਰ ਢੋਲ ਦੇ ਤਾਲ ਨਾਲ ਨੱਚ ਨੱਚ ਕੇ ਬਾਵਰੇ ਹੋ ਜਾਂਦੇ। ਕਿੰਨੇ ਕਿੰਨੇ ਪਲਾਂ ਦਾ, ਦਿਨਾਂ ਦਾ, ਮਹੀਨਿਆਂ ਦਾ ਰੋਕ ਰੋਕ ਕੇ, ਡੱਕ ਡੱਕ ਕੇ ਬੰਨ੍ਹਿਆ ਨਾਚ ਚਸ਼ਮਿਆਂ ਵਾਂਗੂੰ ਉਹਨਾਂ ਦੀਆਂ ਅੱਡੀਆਂ ਵਿਚੋਂ ਫੁੱਟ ਨਿਕਲਦਾ, ਕੂਲ੍ਹਾਂ ਵਾਂਗੂੰ ਵਹਿ ਟੁਰਦਾ।

ਤੇ ਇਜ ਪਿੰਡੋ ਪਿੰਡ ਤ੍ਰੀਮਤਾਂ ਇਕੱਠੀਆਂ ਹੋਈ ਜਾਂਦੀਆਂ, — ਤੋਈ ਦੇ ਏਸ ਪਾਸੇ ਦੇ ਪਿੰਡਾਂ ਵਿਚੋਂ ਵੀ, ਤੋਈ ਦੇ ਉਸ ਪਾਸੇ ਦੇ ਪਿੰਡਾਂ ਵਿਚੋਂ ਵੀ।

ਪਰ ਖ਼ੁਸ਼ਦਿਲ ਖ਼ਾਨ ਗਾਰਡ ਦੇ ਪਿੰਡ ਗੜ੍ਹੀ ਮਵਾਜ਼ ਖ਼ਾਨ ਵਿਚ ਜਦੋਂ ਉਹ ਪਹੁੰਚਦੀਆਂ, ਤਾਂ ਇਕ ਹੂਕ ਸਾਰੀਆਂ ਦੇ ਕਾਲਜੇ ਵਿਚ ਉੱਠਦੀ ; ਇਕ ਪੀੜ ਗੁਲਬਾਨੋ ਦੇ ਕਲੇਜੇ ਵਿਚ ਕੁੜਵੱਲ ਬਣ ਕੇ ਰਹਿ ਜਾਂਦੀ। ਗੜ੍ਹੀ ਮਵਾਜ਼ ਖ਼ਾਨ ਦੀਆਂ



ਸਾਰੀਆਂ ਔਰਤਾਂ ਉਹਨਾਂ ਦੇ ਨਾਲ ਰਲ ਜਾਂਦੀਆਂ ; ਪਰ ਖ਼ੁਸ਼ਦਿਲ ਖ਼ਾਨ ਗਾਰਡ ਨੇ ਆਪਣੀ ਬੀਵੀ ਨੂੰ ਨਾਲ ਜਾਣ ਦੀ ਕਦੇ ਇਜਾਜ਼ਤ ਨਹੀਂ ਸੀ ਦਿਤੀ।

ਤੇ ਸਾਰੀਆਂ ਦੀਆਂ ਸਾਰੀਆਂ ਔਰਤਾਂ ਖ਼ੁਸ਼ਦਿਲ ਖ਼ਾਨ ਗਾਰਡ ਦੇ ਘਰ ਜਾਂਦੀਆਂ — ਉਸ ਪਿੰਜਰੇ ਪਈ ਕੂੰਜ ਦੇ ਘਰ। ਤੇ ਸਾਰੀਆਂ ਉਹਦੇ ਵਿਹੜੇ ਵਿਚ ਨੱਚਦੀਆਂ। ਢੋਲ ਵੱਜਦਾ। ਸਿਊ, ਬੇਰ, ਅਮਰੂਦ, ਛੱਲੀਆਂ, ਖ਼ੁਰਮਾਣੀਆਂ, ਗੁੜ, ਮਿਸਰੀ, ਵੰਡੀ ਜਾਂਦੀ, ਖਾਧੀ ਜਾਂਦੀ।

ਗੁਲਬਾਨੋ ਦੇ ਹੁਸਨ ਨੂੰ ਤੱਕ ਤੱਕ ਸਾਰੀਆਂ ਦੇ ਕਲੇਜੇ ਵਿਚ ਜਿਵੇਂ ਕੋਈ ਬੱਦਲ ਘਟਾਵਾਂ ਬਣ ਬਣ ਕੇ ਚੜ੍ਹਦੇ — ਘੇਰਨੀਆਂ ਪਾਉਂਦੇ। ਢੋਲ ਵੀ ਵੱਜਦਾ, ਪਰ ਉਹਦੇ ਵਿਚੋਂ ਕੋਈ ਦਰਦ ਕੁਰਲਾਂਦਾ। ਪਠਾਣੀਆਂ ਨੱਚਦੀਆਂ ਵੀ, ਪਰ ਉਹਨਾਂ ਦੀਆਂ ਅੱਡੀਆਂ ਵਿਚੋਂ ਕੋਈ ਪੀੜ ਵਲਿਅੱਸ ਖਾਂਦੀ ਨਿਕਲਦੀ। ਤੇ ਗੁਲਬਾਨੋ... ਉਹਦਾ ਦਰਦ ਉਹਨਾਂ ਰਾਤਾਂ ਵਰਗਾ ਸੀ ਜਿਨ੍ਹਾਂ ਨੂੰ ਹਨੇਰੇ ਰਾਹਾਂ 'ਤੇ ਠੇਡਾ ਲਗ ਜਾਂਦਾ ਏ, ਤੇ ਕੱਚੇ ਦੁੱਧ ਦਾ ਭਰਿਆ ਚੰਨ ਦਾ ਕਟੋਰਾ ਉਹਨਾਂ ਦੇ ਹੱਥੋਂ ਛੁਲ੍ਹਕ ਕੇ ਡੁਲ੍ਹ ਜਾਂਦਾ ਏ, ਤੇ ਲੱਖਾਂ ਤਾਰੇ ਉਹਨਾਂ ਦੀ ਹਿੱਕ ਵਿਚ ਕੋਲਿਆਂ ਵਾਂਗੂੰ ਸੁਲਗਦੇ ਨੇ।

ਔਰਤਾਂ ਆਪਣੇ ਰਾਹ ਟੁਰ ਜਾਂਦੀਆਂ। ਤੇ ਗੁਲਬਾਨੋ ਨੂੰ ਲਗਦਾ, ਜਿਵੇਂ ਇਹਨਾਂ ਕੰਧਾਂ ਦੇ ਤਪਦੇ ਤੰਦੂਰ ਵਿਚ ਉਹਦੀ ਜਿੰਦ ਮਨਛਿੱਟੀ ਵਾਂਗੂੰ ਸੜ ਜਾਏਗੀ।

ਕਈ ਵਾਰੀ ਖ਼ੁਸ਼ਦਿਲ ਖ਼ਾਨ ਗਾਰਡ ਦੇ ਸਾਥੀ ਤੇ ਦੋਸਤ ਉਹਨੂੰ ਆਖਦੇ ਕਿ ਉਹ ਵੀ ਆਪਣੀ ਤ੍ਰੀਮਤ ਨੂੰ ਉਹਨਾਂ ਔਰਤਾਂ ਦੇ ਨਾਲ ਜਾਣ ਦਿਆ ਕਰੇ।

"ਗਊਆਂ ਮਹੀਆਂ ਨੂੰ ਵੀ ਵੱਗ ਨਾਲ ਬਾਹਰ ਨਹਾਣ, ਪਾਣੀ ਪੀਣ ਭੇਜਣਾ ਹੀ ਪੈਂਦਾ ਏ।"

— ਪਰ ਖ਼ੁਸ਼ਦਿਲ ਖ਼ਾਨ ਇਹਦਾ ਕੋਈ ਜੁਆਬ ਨਾ ਦੇਂਦਾ।

ਜਦੋਂ ਵੀ ਇੰਜ ਔਰਤਾਂ ਦਾ ਝੁਰਮਟ ਖ਼ੁਸ਼ਦਿਲ ਖ਼ਾਨ ਗਾਰਡ ਦੇ ਘਰ ਆਉਂਦਾ, ਜਿਵੇਂ ਗੁੱਸੇ ਦਾ ਇਕ ਤੂਫ਼ਾਨ ਉਹਦੇ ਸਿਰ ਨੂੰ ਚੜ੍ਹਦਾ। ਉਹ ਗੱਲੇ ਗੱਲੇ ਸਾਰਿਆਂ ਦੇ ਗਲ ਪਿਆ ਪੈਂਦਾ। ਸਟੇਸ਼ਨ 'ਤੇ ਆਪਣੇ ਮਾਤਹਿਤਾਂ ਨਾਲ ਖ਼ਫ਼ਾ, ਨੌਕਰਾਂ ਨਾਲ ਖ਼ਫ਼ਾ, ਬੱਚਿਆਂ ਨਾਲ ਖ਼ਫ਼ਾ, ਬੀਵੀ ਨਾਲ ਖ਼ਫ਼ਾ। ਭਾਂਡੇ ਭੰਨ ਦੇਂਦਾ, ਚੀਜ਼ਾਂ ਤੋੜ ਸੁੱਟਦਾ। ਜਿਵੇਂ ਇਕ ਹਨੇਰੀ ਘਰ ਦੇ ਬੂਹੇ ਤੋੜ ਕੇ ਅੰਦਰ ਲੰਘ ਆਉਂਦੀ।

ਤੇ ਫੇਰ ਜਿਉਂ ਜਿਉਂ ਦਿਨ ਲੰਘਦੇ, ਹਨੇਰੀ ਦਾ ਘੱਟਾ ਬਹਿ ਜਾਂਦਾ। ਜ਼ਿੰਦਗੀ ਆਪਣੀ ਟੋਰੇ ਟੁਰਨ ਲਗਦੀ, ਜਿਸ ਵਿਚ ਨਵਾਂ ਨਾ ਕੁਝ ਵਾਪਰਦਾ, ਨਾ ਕੁਝ ਵਾਪਰਨ ਦੀ ਆਸ ਹੁੰਦੀ। ਗੁਲਬਾਨੋ ਦੀ ਜਿੰਦ ਕੰਧਾਂ ਨੂੰ ਇਕ ਆਦਤ ਵਾਂਗੂੰ ਕਬੂਲ ਲੈਂਦੀ।

ਖ਼ੁਸ਼ਦਿਲ ਖ਼ਾਨ ਗਾਰਡ ਦੇ ਘਰ ਇਕ ਚੰਨਣ ਦੁੱਧ ਦੇਣ ਆਉਂਦਾ ਸੀ। ਵਰ੍ਹਿਆਂ ਤੋਂ ਉਹ ਰੋਜ਼ ਸਵੇਰ ਸ਼ਾਮ ਉਹਨਾਂ ਦੇ ਘਰ ਦੁੱਧ ਦੀ ਵਲਟੋਹੀ ਦੇਣ ਆਉਂਦਾ। ਨਜ਼ਰਾਂ ਉਹਦੀਆਂ ਅੰਦਰਲੇ ਵਿਹੜੇ ਵਿਚੋਂ ਕੁਝ ਲੱਭਦੀਆਂ ਰਹਿੰਦੀਆਂ। ਪਰ ਗੁਲਬਾਨੋ ਉਹਨੂੰ ਕਦੇ ਨਜ਼ਰ ਨਾ ਆਈ।

ਪਰ ਇਕ ਦਿਹਾੜੇ...

...ਚੰਨਣ ਨੇ ਅਜੇ ਵਲਟੋਹੀ ਲਿਆ ਕੇ ਬਾਹਰਲੀ ਡਿਉੜ੍ਹੀ ਵਿਚ ਰਖੀ ਹੀ ਸੀ, ਕਿ ਵਿਹੜੇ ਵਿਚੋਂ ਗੁਲਬਾਨੋ ਲੰਘੀ। ਚੰਨਣ ਨੂੰ ਉਹਨੇ ਨਹੀਂ ਤੱਕਿਆ। ਚੰਨਣ ਨੇ ਬਸ ਇਕ ਝਾਤ ਉਹਦੀ ਵੇਖੀ, ਤੇ ਉਹਨੂੰ ਲਗਾ, ਜਿਵੇਂ ਉਹਦਾ ਹੁਸਨ ਪਾਣੀਆਂ ਨਾਲ ਧੋਤੀ ਇਕ ਚਿੱਟੀ ਦੁੱਧ ਚਮਕਦੀ ਕੂਲੀ ਸਿੱਪੀ ਵਰਗਾ ਸੀ। ਤੇ ਚੰਨਣ ਨੂੰ ਉਸ ਝਾਤ ਨੇ ਜਿਵੇਂ ਬਾਦਸ਼ਾਹ ਬਣਾ ਦਿਤਾ।

ਚੰਨਣ ਜਿਥੇ ਬਹਿੰਦਾ, ਜਿਥੇ ਖਲੋਂਦਾ, ਗੁਲਬਾਨੋ ਦੀਆਂ ਗੱਲਾਂ ਕਰਦਾ...ਉਹਦਾ ਮੂੰਹ ਇੰਜ ਸੀ, ਉਹਦੀ ਟੋਰ ਇੰਜ ਸੀ, ਉਹਦੇ ਕੱਪੜੇ ਏਸ ਰੰਗ ਦੇ ਸਨ, ਉਹਦੇ ਗਹਿਣੇ...ਉਹਦੇ ਹੱਥ...ਟੁਰਦੇ ਟੁਰਦੇ ਉਹਦੇ ਪੈਰ...

ਚੰਨਣ ਦੇ ਸਾਹਮਣਿਓਂ ਵਿਹੜੇ ਵਿਚੋਂ ਗੁਲਬਾਨੋ ਲੰਘੀ ਸੀ — ਆਪ ਗੁਲਬਾਨੋ। ਤੇ ਚੰਨਣ ਦੀ ਜਿੰਦ ਦੇ ਹਨੇਰੇ ਅਰਸ਼ਾਂ ਵਿਚੋਂ ਜਿਵੇਂ ਕਹਿਕਸ਼ਾਂ ਲੰਘ ਗਈ।

ਕੋਈ ਗੱਲ ਨਹੀਂ ਹੋਈ। ਗੁਲਬਾਨੋ ਨੇ ਚੰਨਣ ਵਲ ਵੇਖਿਆ ਵੀ ਨਹੀਂ ਸੀ। ਪਰ ਚੰਨਣ ਨੂੰ ਜਾਪਦਾ ਜਿਵੇਂ ਇਕ ਸੁਪਨਾ ਸੀ ਜਿਹੜਾ ਖੰਭ ਫੈਲਾ ਕੇ ਉਹਦੀ ਹਿੱਕ ਵਿਚ ਆ ਬੈਠਾ ਸੀ, ਤੇ ਉਹਨਾਂ ਕੂਲੇ ਨਿੱਘੇ ਖੰਭਾਂ ਹੇਠੋਂ ਕਈ ਰੀਝਾਂ, ਕਈ ਤਖ਼ੱਈਅਲ, ਕਈ ਆਸਾਂ ਆਪਣੀਆਂ ਨਿੱਕੀਆਂ ਨਿੱਕੀਆਂ ਬਾਰੀਕ ਲੰਮੀਆਂ ਧੌਣਾਂ ਕੱਢ ਕੇ ਮਾਸੂਮ ਨਿਡਰ ਅੱਖਾਂ ਨਾਲ ਉਸ ਦੁਨੀਆਂ ਨੂੰ ਤੱਕ ਰਹੇ ਸਨ — ਉਸ ਅਸਮਾਨ ਨੂੰ, ਉਸ ਧਰਤੀ ਨੂੰ, ਇਕ ਅਨੰਤ ਹੈਰਾਨੀ ਵਿਚ ਵੇਖ ਰਹੇ ਸਨ, ਜਿਹੜੀ ਲੱਖਾਂ ਵਰ੍ਹੇ ਪੁਰਾਣੀ ਸੀ, ਪਰ ਉਹਨਾਂ ਲਈ ਅਜ ਹੀ, ਹੁਣੇ ਹੀ, ਕੱਚੇ ਦੁੱਧ ਵਰਗੀ ਮਿੱਠੀ ਤੇ ਨਿੱਘੀ, ਸਿਰਫ਼ ਉਹਨਾਂ ਲਈ ਹੀ ਬਣੀ ਸੀ — ਸਿਰਫ਼ ਉਹਨਾਂ ਲਈ...।

ਇਕ ਝਾਤ — ਤੇ ਚੰਨਣ ਸ਼ਹਿਜ਼ਾਦਾ ਬਣ ਗਿਆ, ਇਕ ਬਾਦਸ਼ਾਹ ਬਣ ਗਿਆ।

ਇਕ ਚੰਨਣ ਸੀ, ਜਿਹਦੇ ਦਿਲ ਦੀਆਂ ਦਹਿਲੀਜ਼ਾਂ ਨੂੰ ਇਕ ਝਾਤ ਨੇ ਏਡਿਆਂ ਚੌੜਿਆਂ ਕਰ ਦਿਤਾ ਕਿ ਧਰਤ ਤੇ ਅਸਮਾਨ ਦੋਵੇਂ ਉਹਨਾਂ ਵਿਚੋਂ ਅੰਦਰ ਲੰਘ ਆਏ।

ਤੇ ਇਕ ਖ਼ੁਸ਼ਦਿਲ ਖ਼ਾਨ ਗਾਰਡ ਸੀ, ਜਿਹਨੂੰ ਉਸੇ ਗੁਲਬਾਨੋ ਦੀ ਵਰ੍ਹਿਆਂ ਦੀ ਨੇੜਤਾ ਨੇ ਵੀ ਉਸ ਪੱਥਰ ਵਾਂਗੂ ਬਣਾਈ ਰਖਿਆ, ਜਿਹੜਾ ਲਾਵੇ ਵਿਚ ਸੜ ਸੜ ਕੇ ਖਿੰਘਰ ਬਣ ਜਾਂਦਾ ਏ।

ਇਕ ਗੁਲਬਾਨੋ ਸੀ, ਜਿਹੜੀ ਖ਼ੁਸ਼ਦਿਲ ਖ਼ਾਨ ਦੇ ਕੋਲ ਸੀ...ਪਰ ਕੋਹਾਂ ਦੂਰ ਸੀ।

ਇਕ ਗੁਲਬਾਨੋ ਸੀ, ਜਿਹੜੀ ਚੰਨਣ ਤੋਂ ਕੋਹਾਂ ਦੂਰ ਸੀ...ਪਰ ਸਾਹੋਂ ਨੇੜੇ ਸੀ।

ਗੁਲਬਾਨੋ ਦੀ ਕਿਸੇ ਸਹੇਲੀ ਨੇ ਉਹਦੇ ਨਾਲ ਆ ਗੱਲ ਕੀਤੀ ਕਿ ਉਹਨਾਂ ਦੇ ਘਰ ਦੁੱਧ ਦੇਣ ਵਾਲਾ ਚੰਨਣ ਝੂਮ ਝੂਮ ਕੇ ਉਹਦੇ ਹੱਥਾਂ ਦੀਆਂ, ਉਹਦੇ ਪੈਰਾਂ ਦੀਆਂ, ਉਹਦੇ ਹੋਠਾਂ ਦੀਆਂ ਗੱਲਾਂ ਕਰਦਾ ਏ।

ਅਗਲੇ ਰੋਜ਼ ਗੁਲਬਾਨੋ ਨੇ ਦਰਵਾਜ਼ੇ ਦੀ ਝੀਥ ਪਿਛੋਂ ਚੰਨਣ ਨੂੰ ਇਕ ਨਜ਼ਰ ਵੇਖਿਆ, ਜਦੋਂ ਉਹਦੀ ਵਲਟੋਹੀ ਵਿਚੋਂ ਦੁੱਧ ਦੀ ਇਕ ਧਾਰ ਉਹਦੇ ਘਰ ਦੀ ਵਲਟੋਹੀ



ਵਿਚ ਪੈ ਰਹੀ ਸੀ। ਤੇ ਦੁੱਧ ਦੀ ਇਕ ਧਾਰ ਚੰਨਣ ਦੀ ਵਲਟੋਹੀ ਵਿਚੋਂ ਨਿਕਲ ਕੇ ਉਹਦੀ ਆਪਣੀ ਜਿੰਦ ਵਿਚ ਵੀ ਜਿਵੇਂ ਆ ਪਈ।

ਗੁਲਬਾਨੋ ਦੇ ਪੈਰ ਘਰ ਦੇ ਵਿਹੜੇ ਵਿਚ ਜਿਵੇਂ ਨੱਚ ਨੱਚ ਕੇ ਟੁਰਨ ਲਗੇ। ਇਕ ਗੀਤ ਜਿਵੇਂ ਲਹਿਰਾਂ ਵਾਂਗੂ ਉਹਦੀ ਜਿੰਦ ਦੇ ਕੰਢਿਆਂ ਦੀ ਗਲਵਕੜੀ ਵਿਚ, ਇਕ ਖ਼ੁਮਾਰ ਵਿਚ ਅੱਖਾਂ ਬੰਦ ਕਰ ਕੇ ਗੁਣਗੁਣਾਉਣ ਲਗਾ।

ਉਹਦੀ ਜਿੰਦ ਦੇ ਸੱਖਣੇ ਵਿਹੜੇ ਵਿਚ ਇਕ ਬੂਟਾ ਉਗਿਆ, ਤੇ ਉਹ ਵੀ ਚੰਨਣ ਦਾ। ਤੇ ਉਹਦੇ ਸਾਰੇ ਖ਼ੁਸ਼ਬੂ ਤੋਂ ਖ਼ਾਲੀ ਵਰ੍ਹਿਆਂ ਵਿਚ ਮਹਿਕ ਈ ਮਹਿਕ ਭਰ ਗਈ।

ਤੇ ਜਦੋਂ ਏਸ ਵਾਰ ਪਿੰਡਾਂ ਦੀਆਂ ਤ੍ਰੀਮਤਾਂ ਢੋਲ ਨਾਲ ਨੱਚਦੀਆਂ ਉਹਦੇ ਘਰ ਦੇ ਵਿਹੜੇ ਵਿਚ ਆਈਆਂ, ਤਾਂ ਢੋਲ ਵੀ ਖ਼ੁਸ਼ ਸੀ, ਗੁਲਬਾਨੋ ਵੀ ਖ਼ੁਸ਼ ਸੀ, ਸਾਰੀਆਂ ਤ੍ਰੀਮਤਾਂ ਵੀ ਗੁਲਬਾਨੋ ਨੂੰ ਖ਼ੁਸ਼ ਤੱਕ ਕੇ ਖ਼ੁਸ਼ ਸਨ, ਤੇ ਪਿੰਡੋਂ ਦੂਰ ਤੋਈ ਵਿਚੋਂ ਆਉਂਦੇ ਨਾਲੇ ਦੇ ਕੰਢੇ ਮੱਝਾਂ ਨੂੰ ਨੁਹਾਉਂਦਾ ਚੰਨਣ ਵੀ ਖ਼ੁਸ਼ ਸੀ।

ਪਰ ਇਕ ਨਹੀਂ ਸੀ ਖ਼ੁਸ਼, ਤਾਂ ਖ਼ੁਸ਼ਦਿਲ ਖ਼ਾਨ ਖ਼ੁਸ਼ ਨਹੀਂ ਸੀ।

ਹੌਲੀ ਹੌਲੀ ਚੰਨਣ ਦੀਆਂ ਗੱਲਾਂ ਲੋਕਾਂ ਦੀਆਂ ਕਹਾਣੀਆਂ ਦੇ ਖੰਭਾਂ 'ਤੇ ਉੱਡਦੀਆਂ ਉੱਡਦੀਆਂ ਖ਼ੁਸ਼ਦਿਲ ਖ਼ਾਨ ਦੇ ਕੋਲ ਜਾ ਪਹੁੰਚੀਆਂ।

ਇਕ ਖ਼ੂਨ ਉਹਦੇ ਸਿਰ ਨੂੰ ਚੜ੍ਹਿਆ। ਇਕ ਲਹੂ ਉਹਦੀਆਂ ਅੱਖਾਂ ਨੂੰ ਚੜ੍ਹਿਆ। ਤੇ ਉਹ ਘਰ ਆਇਆ।

ਗੁਲਬਾਨੋ ਕੱਪੜੇ ਧੋਂਦੀ ਸੋਟੇ ਦੀ ਠੱਪ ਠੱਪ ਦੇ ਤਾਲ ਨਾਲ ਗਾਉਂਦੀ ਪਈ ਸੀ।

ਖ਼ੁਸ਼ਦਿਲ ਖ਼ਾਨ ਨੇ ਉਹੀ ਸੋਟਾ ਖੋਹ ਕੇ ਉਹਦੇ ਲੱਕ ਵਿਚ ਮਾਰਿਆ, "ਤੈਨੂੰ ਪਤਾ ਨਹੀਂ, ਗੌਣਾ ਕੁਫ਼ਰ ਏ ?"

ਫੇਰ ਉਹਨੇ ਉਹਦੀ ਬਾਂਹ ਫੜ ਲਈ, ਤੇ ਘਸੀਟਦਾ ਘਸੀਟਦਾ ਉਹਨੂੰ ਵਿਹੜੇ ਵਿਚ ਲੈ ਆਇਆ! "ਦੱਸ, ਚੰਨਣ ਵਾਲੀ ਗੱਲ ਸੱਚ ਏ ?"

ਗੁਲਬਾਨੋ ਚੁੱਪ। ਜ਼ਿੰਦਗੀ ਦੇ ਇਕੋ ਇਕ ਸੁੱਚੇ ਸੱਚ ਨੂੰ ਉਹ ਕਿਸ ਤਰ੍ਹਾਂ ਝੂਠ ਕਹਿ ਦੇਂਦੀ ?

ਤੇ ਘਸੀਟਦਾ ਘਸੀਟਦਾ ਖ਼ੁਸ਼ਦਿਲ ਖ਼ਾਨ ਉਹਨੂੰ ਕੋਠੇ 'ਤੇ ਲੈ ਗਿਆ।

"ਆ ਤੈਨੂੰ ਤੇਰਾ ਚੰਨਣ ਮਿਲਾਵਾਂ...ਆ ਤੇਰਾ ਚੰਨਣ ਮਿਲਾਵਾਂ ਤੈਨੂੰ...।"

ਤੇ ਕੋਠੇ ਤੋਂ ਉਹਨੇ ਗੁਲਬਾਨੋ ਨੂੰ ਹੇਠਾਂ ਗਲੀ ਵਿਚ ਸੁੱਟ ਦਿਤਾ। ਗੁਲਬਾਨੋ ਦੀ ਇਕੋ ਚੀਕ ਨਿਕਲੀ, ਤੇ ਬਸ...।

ਆਵਾਜ਼ ਸੁਣ ਕੇ ਆਸੇ ਪਾਸਿਉਂ ਲੋਕ ਦੌੜੇ ਆਏ! ਤੇ ਅਚਾਨਕ ਖ਼ੁਸ਼ਦਿਲ ਖ਼ਾਨ ਨੂੰ ਖ਼ਿਆਲ ਆਇਆ, ਕਿ ਉਹਦੀ ਬੀਵੀ ਤਾਂ ਨੰਗੇ ਮੂੰਹ ਗਲੀ ਵਿਚ ਪਈ ਸੀ, ਤੇ ਸਾਰੇ ਲੋਕ ਉਹਨੂੰ ਤੱਕ ਰਹੇ ਸਨ।

ਵਾਹੋ ਦਾਹੀ ਉਹ ਥੱਲੇ ਆਇਆ। ਅੰਦਰੋਂ ਇਕ ਮੋਟੀ ਜਿਹੀ ਚਾਦਰ ਲੈ ਕੇ ਉਹ ਗਲੀ ਵਲ ਦੌੜਿਆ। ਝਟ ਪਟ ਚਾਦਰ ਉਹਨੇ ਗੁਲਬਾਨੋ ਦੇ ਮੂੰਹ 'ਤੇ ਪਾ ਦਿਤੀ।

# ਖੋਪੇ ਦੀ ਠੂਠੀ

ਜੂਹੀ ਦੇ ਮੰਜੇ ਦੀ ਸਰ੍ਹਾਂਦੀ ਵਲ ਬਾਰੀ ਏ। ਬਾਰੀ ਦੇ ਬਾਹਰ ਵਰਾਂਡਾ। ਵਰਾਂਡੇ ਦੇ ਦੋ ਥੰਮ੍ਹ। ਵਿਚਕਾਰੋਂ ਸਾਰੀ ਥਾਂ ਖ਼ਾਲੀ। ਉਸ ਖ਼ਾਲੀ ਥਾਂ ਤੋਂ ਰਤਾ ਕੁ ਪਰ੍ਹੇ ਇਕ ਰੁੱਖ ਦੀਆਂ ਉਤਲੀਆਂ ਟਾਹਣੀਆਂ। ਬਰਾਂਡੇ ਦੀਆਂ ਬੇ-ਕਿਵਾੜ ਚੌੜੀਆਂ ਬਾਰੀਆਂ (ਬਾਰੀਆਂ ? ਨਹੀਂ, ਸੱਖਣਾਪਣ। ਬੇ-ਕਿਵਾੜ ਖ਼ਾਲੀਪਣ) ਦੇ ਬਾਹਰ ਫੈਲੀਆਂ ਹੋਈਆਂ।

ਹਵਾ ਚਲ ਰਹੀ ਏ। ਰੁੱਖ ਦੀਆਂ ਬਾਹਵਾਂ ਨੂੰ ਹਿਲੋਰਦੀ ਏ। ਤੇਜ਼। ਹੋਰ ਤੇਜ਼। ਬਾਹਵਾਂ ਨੂੰ ਝਕਝੋਰਦੀ ਹੋਈ। ਬਾਹਵਾਂ ਹਿੱਲ ਰਹੀਆਂ ਨੇ। ਬੇ-ਸਹਾਰਾ ਛਟਪਟਾ ਰਹੀਆਂ ਨੇ। ਜਿਵੇਂ ਕੋਈ ਡੁੱਬਦਾ ਬੰਦਾ ਕਿਸੇ ਨੂੰ ਮਦਦ ਲਈ ਪੁਕਾਰ ਰਿਹਾ ਹੋਵੇ।

ਜੂਹੀ ਨੂੰ ਨੀਂਦਰ ਨਹੀਂ ਆ ਰਹੀ। ਅਗੇ ਜਦੋਂ ਨੀਂਦਰ ਨਹੀਂ ਆਉਂਦੀ, ਉਹ ਨੀਂਦਰ ਦੀ ਗੋਲੀ ਨਿਗਲ ਲੈਂਦੀ ਏ, ਤੇ ਬੇਖ਼ਬਰ ਸੌਂ ਜਾਂਦੀ ਏ। ਅਗਲੇ ਦਿਨ ਸਵੇਰੇ ਉੱਠ ਕੇ ਉਹ ਆਪਣੇ ਆਪ ਨੂੰ ਆਖਦੀ ਏ : "ਵੰਡਰਫ਼ੁਲ ! ਆਈ ਸਲੈਪਟ ਲਾਈਕ ਏ ਲਾਗ !" ਆਪੇ ਉਹਨਾਂ ਲਫ਼ਜ਼ਾਂ ਨੂੰ ਸੁਣਦੀ ਏ ਤੇ ਮੁਸਕਰਾਉਂਦੀ ਏ। "ਆਈ ਸਲੈਪਟ ਲਾਈਕ ਏ ਲਾਗ !"

ਰਾਤੀਂ ਕਈ ਵਾਰੀ ਉਹ ਬਹੁਤ ਚਿਰਕੀ ਘਰ ਪਰਤਦੀ ਏ (ਘਰ ? ਨਹੀਂ, ਇਸ ਕਮਰੇ ਵਿਚ।) ਓਦੋਂ ਉਹਨੂੰ ਜਾਪਦਾ ਏ ਜਿਵੇਂ ਉਹਦਾ ਪਿੰਡਾ ਪਰਾਇਆ ਹੋਵੇ। ਪਰਾਏ ਹੱਥ, ਪਰਾਏ ਪੈਰ, ਪਰਾਈਆਂ ਲੱਤਾਂ, ਪਰਾਇਆ ਸਿਰ। ਪਰਾਏ ਅੰਗ ਜਿਵੇਂ ਉਹ ਧਰੀਕੀ ਫਿਰਦੀ ਹੋਵੇ। ਪਰਾਈਆਂ ਲੱਕੜਾਂ ਦਾ ਜਿਵੇਂ ਇਕ ਢੇਰ ਹੋਵੇ। ਪਰ ਉਸ ਢੇਰ ਵਿਚ ਇਕ ਚੰਗਿਆੜੀ ਜਿਹੜੀ ਸੁਲਗਦੀ ਏ, ਉਹ ਆਪਣੀ ਏ। ਸੋਚਾਂ ਦੀ ਚੰਗਿਆੜੀ ! ਇਕੱਲ ਦੇ ਅਹਿਸਾਸ ਦੀ ਚੰਗਿਆੜੀ ! ਸੁਲਗਦੀ ਏ ! ਖ਼ਾਮੋਸ਼ ! ਬੇਲਫ਼ਜ਼ ! ਬੇ-ਬੋਲ ਸ਼ੋਰ ਵਾਂਗੂ ! ਓਦੋਂ ਦਿਲ ਕਰਦਾ ਏ, ਕੋਈ ਚੱਪਣੀ ਹੋਵੇ, ਜਿਹੜੀ ਪੁਰਾਣੇ ਪੀਲੇ ਪੱਤਝੜ ਦੇ ਪੱਤਿਆਂ ਦੇ ਢੇਰ ਵਿਚ ਸੁਲਗਦੀ ਧੁਖਦੀ ਅੱਗ 'ਤੇ ਮੂਧੀ ਮਾਰ ਛੱਡਾਂ। ਕੋਈ ਠੂਠੀ ਹੋਵੇ...ਮਿੱਟੀ ਦੀ ! ਜਾਂ ਖੋਪੇ ਦੀ...?...

ਜੂਹੀ ਮੁਸਕਰਾਂਦੀ ਏ। ਕੌੜੀ ਕਸੈਲੀ ਮੁਸਕਰਾਹਟ ! ਉਹਦੀ ਮੁਸਕਰਾਹਟ ਜਿਵੇਂ ਉਹਦੇ ਆਪਣੇ ਆਪ ਨੂੰ ਆਖਦੀ ਏ...'ਹੂੰਹ !' ਨਿੱਕੀ ਜਿਹੀ ਹਾਸੀ ਹੱਸ ਕੇ !

ਰੁੱਖ ਤੋਂ ਪਾਰ...ਪਰੇ...ਗੁਲਾਬੀ ਰੰਗ ਦੀ ਇਕ ਉੱਚੀ ਇਮਾਰਤ ਏ। ਕਿਸੇ ਸਰਕਾਰੀ ਦਫ਼ਤਰ ਦੀ ਇਮਾਰਤ ! ਚੰਨ-ਚਾਨਣੀ ਉਸ ਗੁਲਾਬੀ ਦੀਵਾਰ 'ਤੇ ਪੈ ਕੇ



ਡੁੱਲ੍ਹੇ ਹੋਏ ਦੁੱਧ ਵਾਂਗੂੰ ਖਿਲਰ ਜਾਂਦੀ ਏ। ਕੇਸਰ-ਘੁਲੇ ਦੁੱਧ ਵਾਂਗੂੰ ! "ਦੁੱਧ ਵਿਚ ਕੇਸਰ..." ਜੂਹੀ ਨੂੰ ਲਗਦਾ ਏ, ਉਹਨੂੰ ਕੋਈ ਬੜੀ ਪੁਰਾਣੀ ਗੱਲ, ਯਾਦ ਆ ਰਹੀ ਏ। ਪਰ ਯਾਦ ਕੁਝ ਵੀ ਨਹੀਂ ਆਉਂਦਾ। ਉਹ ਸ਼ਾਇਦ ਗੁਜ਼ਰੇ ਜ਼ਮਾਨਿਆਂ ਦੀ ਕੋਈ ਗੱਲ ਸੀ। ਗੱਲ ਦੇ ਤੇ ਉਹਦੇ ਵਿਚਕਾਰ ਬਹੁਤ ਸਾਰੀਆਂ ਸੁਆਹ-ਰੰਗੀਆਂ ਸਦੀਆਂ ਆ ਖਲੋਤੀਆਂ ਨੇ — ਝੁੰਗਲਮਾਟੇ ਮਾਰ ਕੇ !

"ਫ਼ਜ਼ੂਲ...! ਬਕਵਾਸ !"

ਉਸ ਪਿਘਲੀ ਹੋਈ ਗੁਲਾਬੀ-ਮਾਇਲ ਸਫ਼ੈਦੀ ਦਾ ਪਿਛੋਕੜ...ਤੇ ਅਗੇ ਰੁੱਖ ਦੀਆਂ ਮਦਦ ਲਈ ਪੁਕਾਰਦੀਆਂ ਛਟਪਟਾਂਦੀਆਂ ਬਾਹਵਾਂ ! ਉਸ ਪਿਛੋਕੜ ਦੇ ਅਗੇ ਖੜੋਤੀਆਂ ਉਹ ਬਾਹਵਾਂ ਕਾਲੀਆਂ ਜਾਪਦੀਆਂ ਨੇ। ਕਿਸੇ ਅਫ਼ਰੀਕਨ ਕੁੜੀ ਦੀਆਂ ਸਾਂਵਲੀਆਂ ਸੁਡੌਲ ਬਾਹਵਾਂ ਵਰਗੀਆਂ।

'ਅਫ਼ਰੀਕਨ ਕੁੜੀਆਂ ਦਾ ਜਿਸਮ...! ਤੇ ਅਫ਼ਰੀਕਨ ਮਰਦ ਦਾ ਜਿਸਮ...! ਉਹ ਸੀ...ਬੈਂਡ ਵਜਾਂਦਾ ਸੀ...ਸ਼ਹਿਨਾਈ ਵਰਗਾ। ਤੇ ਉਹਦਾ ਜਿਸਮ...।'

ਅੱਗ ਦੀ ਇਕ ਲਹਿਰ ਵਲਿਅੱਸ ਖਾਂਦੀ ਹੋਈ ਜੂਹੀ ਦੇ ਜਿਸਮ ਵਿਚੋਂ ਗੁਜ਼ਰਦੀ ਏ।

'ਉੱਠਾਂ ? ਨੀਂਦਰ ਦੀ ਗੋਲੀ ਖਾ ਲਵਾਂ ?' ਜੂਹੀ ਸੋਚਦੀ ਏ। ਪਰ ਜਿਸਮ ਉਹਦੀ ਸੋਚ ਤੋਂ ਬਿਲਕੁਲ ਬੇ-ਨਿਆਜ਼ ਏ ਜਿਵੇਂ।

'ਜਦੋਂ ਗੋਲੀ ਖਾਨੀ ਆਂ, ਤਾਂ ਇਸ ਤਰ੍ਹਾਂ ਲਗਦਾ ਏ ਜਿਵੇਂ ਸਿਰ ਕੋਈ ਕੱਚਾ ਘੜਾ ਹੋਵੇ, ਜਿਹੜਾ ਪਾਣੀ ਵਿਚ ਖੁਰ ਕੇ ਡੁੱਬ ਰਿਹਾ ਹੋਵੇ। ਉਹ ਕਿਹੜੀ ਕੁੜੀ ਸੀ ? ਕੀ ਨਾਂ ਸੀ ਉਹਦਾ ? — ਜਿਹੜੀ ਕੱਚਾ ਘੜਾ ਢਿੱਡ ਨਾਲ ਬੰਨ੍ਹ ਕੇ ਕਿਸੇ ਸ਼ੂਕਦੇ ਦਰਿਆ ਵਿਚ ਡੁੱਬ ਮੋਈ ਸੀ ? ਨਹੀਂ ਯਾਦ ਆ ਰਿਹਾ...ਨਹੀਂ ਯਾਦ ਆ ਰਿਹਾ...'

ਜੂਹੀ ਝੁੰਜਲਾ ਕੇ ਦੋ ਉਂਗਲਾਂ ਨਾਲ ਤੇ ਪੋਟੇ ਨਾਲ ਮੱਥੇ ਦੇ ਮਾਸ ਨੂੰ ਮਲਦੀ ਏ ਤੇ ਚੂੰਢੀ ਭਰ ਕੇ ਮਰੋੜਦੀ ਏ। 'ਨਹੀਂ ਯਾਦ ਆ ਰਿਹਾ...।' ਕੱਚਾ ਘੜਾ ਜਿਵੇਂ ਕਿਸੇ ਭੰਵਰ ਵਿਚ ਫਸ ਗਿਆ ਹੋਵੇ। ਗੋਲ ਗੋਲ ਘੁੰਮਦਾ ਏ, ਤੇ ਹੇਠੋਂ ਹੇਠੋਂ ਖੁਰਦਾ ਜਾਂਦਾ ਏ।

'ਟੂ ਹੈੱਲ ਵਿਦ ਇਟ !'

ਉਸ ਦਿਨ ਹਰਬੰਸ ਕਹਿ ਰਿਹਾ ਸੀ, "ਤੈਨੂੰ ਇਕ ਗੱਲ ਆਖਣੀ ਏ।"

"ਕਹਿ ਨਾ !" ਜੂਹੀ ਨੇ ਕਿਹਾ।

"ਨਹੀਂ, ਤੂੰ ਐਵੇਂ ਨਾਰਾਜ਼ ਹੋ ਜਾਏਂਗੀ।" ਸ਼ਾਇਦ ਉਹ ਸੱਚਮੁਚ ਹਿਚਕਿਚਾ ਰਿਹਾ ਹੋਵੇ, ਪਰ ਜੂਹੀ ਨੂੰ ਲਗਾ, ਉਹ ਐਵੇਂ ਨਖ਼ਰਾ ਕਰ ਰਿਹਾ ਸੀ। 'ਨਹੀਂ, ਨਖ਼ਰਾ ਵੀ ਨਹੀਂ। ਨਖ਼ਰਾ ਲਫ਼ਜ਼ ਠੀਕ ਨਹੀਂ। ਖ਼ੈਰ ਛੱਡੋ !'

ਹਰਬੰਸ ਵਧੀਆ ਆਦਮੀ ਏ। ਦੋਸਤ ਏ। ਦੋਸਤ ਦਾ ਨਖ਼ਰਾ ਵੀ ਬਰਦਾਸ਼ਤ ਕਰ ਲਿਆ, ਤੇ ਕੀ ਹੋਇਆ।

"ਨਹੀਂ ਨਾਰਾਜ਼ ਹੁੰਦੀ। ਦੋਸਤ ਦੀ ਗੱਲ ਨਾਲ ਵੀ ਕੋਈ ਨਾਰਾਜ਼ ਹੁੰਦਾ ਏ!"

ਹਰਬੰਸ ਕਹਿਣ ਲਗਾ, "ਉਂਜ ਗੱਲ ਨੂੰ ਖਿੱਚੀਂ ਨਾ! ਤੇ ਨਾ ਉਹਦੇ ਵਾਲ ਦੀ ਖੱਲ ਲਾਹੀਂ। ਹੈਂ?"

"ਅੱਛਾ!"

"ਇਕ ਕਹਾਣੀ ਸੁਣਾਵਾਂ ? ਤੈਨੂੰ ਪਤਾ ਏ ਨਾ, ਇੰਗਲੈਂਡ ਵਿਚ ਕਈ ਸਿਨੇਮਾ ਹਾਲ ਨੇ ਜਿਥੇ ਪੂਰੇ ਦਿਨ ਦੀ ਟਿਕਟ ਮਿਲਦੀ ਏ। ਟਿਕਟ ਲੈ ਲਓ ਤੇ ਬੇਸ਼ਕ ਸਾਰਾ ਦਿਨ ਬੈਠੇ ਰਹਵੋ। ਸਾਰੇ ਸ਼ੋ ਪਏ ਵੇਖੋ। ਪਰ ਕੌਣ ਏਸ ਤਰ੍ਹਾਂ ਸਾਰਾ ਦਿਨ ਪਿਆ ਬਹਿੰਦਾ ਏ? ਵਿਹਲ ਕਿਥੇ ਐ ਲੋਕਾਂ ਕੋਲ?"

ਜੂਹੀ ਦੇ ਮਨ ਵਿਚ ਐਮਿਊਜ਼ਮੈਂਟ ਭਰੀ ਉਤਸੁਕਤਾ ਏ। ਜਦੋਂ ਉਹ ਇਸ ਤਰ੍ਹਾਂ ਤਾਂਘ ਨਾਲ ਕੋਈ ਗੱਲ ਸੁਣਦੀ ਪਈ ਹੋਵੇ, ਤਾਂ ਉਹਦੀਆਂ ਅੱਖਾਂ ਵਿਚ ਬੱਚਿਆਂ ਵਰਗੀ ਹੈਰਾਨੀ ਤੇ ਉਤਸੁਕਤਾ ਆ ਖੜੋਂਦੀਆਂ ਨੇ। ਹਰਬੰਸ ਨੇ ਉਸ ਮਾਸੂਮ ਉਤਸੁਕਤਾ ਨੂੰ ਵੇਖਿਆ। ਉਹਦਾ ਜੀਅ ਕੀਤਾ, ਉਹ ਜੂਹੀ ਦੀਆਂ ਅੱਖਾਂ ਚੁੰਮ ਲਵੇ। ਪਰ ਉਹ ਤੇ ਕਹਾਣੀ ਸੁਣਾ ਰਿਹਾ ਸੀ। ਉਹ ਥਾਂ ਵੀ ਬੜੀ ਬੇਲੋਚ ਸੀ। ਕਰੜੀ ਕੁਰਾਹੜੀ! ਹਰਬੰਸ ਦਾ ਦਫ਼ਤਰ ਸੀ ਉਹ। ਮੇਜ਼ ਦੇ ਉਰਲੇ ਪਾਸੇ ਜੂਹੀ ਬੈਠੀ ਸੀ, ਪਰਲੇ ਪਾਸੇ ਹਰਬੰਸ। ਵਿਚਕਾਰ ਮੇਜ਼ 'ਤੇ ਚੋਖੇ ਸਾਰੇ ਕਾਗ਼ਜ਼ ਖਿਲਰੇ ਹੋਏ ਸਨ। ਇਕ ਕਮਾਨੀਦਾਰ ਟੇਬਲ ਲੈਂਪ ਸੀ, ਕਾਲੇ ਰੰਗ ਦਾ। ਸ਼ੇਡ ਦੇ ਅੰਦਰੋਂ ਚਿੱਟੀ ਰੌਸ਼ਨੀ ਝਰ ਰਹੀ ਸੀ, 'ਤੇ ਮੇਜ਼ ਤੇ ਕਾਗ਼ਜ਼ਾਂ ਉੱਤੇ ਰੌਸ਼ਨੀ ਦਾ ਇਕ ਢੇਰ ਲਗਾ ਹੋਇਆ ਸੀ। ਕਲਮਦਾਨ ਵਿਚ ਅੜੁੰਗੇ ਦੋ ਲੰਮੇ ਕਲਮਾਂ ਦਾ ਪਰਛਾਵਾਂ ਮੇਜ਼ ਤੇ ਬੜਾ ਲੰਮਾ ਤੇ ਕਾਲਾ ਹੋ ਕੇ ਲੇਟਿਆ ਹੋਇਆ ਸੀ।

ਹਰਬੰਸ ਨੇ ਆਪਣੀਆਂ ਨਜ਼ਰਾਂ ਜੂਹੀ ਦੀਆਂ ਅੱਖਾਂ ਨਾਲੋਂ ਖਿੱਚ ਕੇ ਲਾਹੀਆਂ।

"ਇਕ ਆਦਮੀ ਸੀ। ਉਹਨੇ ਮੂਵੀ ਦਾ ਇਕ ਸ਼ੋ ਵੇਖਿਆ। ਦੂਜਾ ਵੇਖਿਆ। ਤੀਜਾ ਵੇਖਿਆ। ਚੌਥਾ ਤੇ ਆਖ਼ਰੀ ਸ਼ੋ ਸ਼ੁਰੂ ਹੋਣ ਵਾਲਾ ਸੀ। ਸਿਨੇਮਾ ਦਾ ਇਕ ਕਰਮਚਾਰੀ ਉਸ ਬੰਦੇ ਦਾ ਰਤਾ ਮਾਸਾ ਵਾਕਫ਼ ਸੀ। ਉਹ ਉਸ ਕੋਲ ਆਇਆ, ਤੇ ਆਖਣ ਲਗਾ, "ਜੀ, ਐਸੀ ਕਿਹੜੀ ਖ਼ਾਸ ਗੱਲ ਐ ਮੂਵੀ ਵਿਚ ਕਿ ਤੁਸੀਂ ਹੁਣ ਚੌਥਾ ਸ਼ੋ ਵੀ ਵੇਖਣ ਲਗੇ ਓ?" ਉਹ ਬੰਦਾ ਕਹਿਣ ਲਗਾ, "ਇਕ ਸੀਨ ਏ ਨਾ, ਜਿਸ ਵਿਚ ਹੀਰੋਇਨ ਦਰਿਆ 'ਤੇ ਨਹਾਉਣ ਲਗਦੀ ਏ, ਤੇ ਇਕ ਇਕ ਕਰ ਕੇ ਆਪਣੇ ਕੱਪੜੇ ਲਾਂਹਦੀ ਏ। ਹੇਠਲੇ ਕੱਪੜੇ ਲਾਹੁਣ ਲਗਦੀ ਏ, ਤੇ ਉਹਦੇ ਸਾਹਮਣੇ ਵਿਛੀ ਰੇਲ ਦੀ ਪਟੜੀ ਤੋਂ ਗੱਡੀ ਲੰਘਣ ਲਗ ਪੈਂਦੀ ਏ। ਮੈਂ ਇਸ ਕਰ ਕੇ ਏਥੇ ਬੈਠਾ ਕਿ ਕੀ ਪਤਾ ਕਿਸੇ ਸ਼ੋ ਵਿਚ ਉਹ ਗੱਡੀ ਅੱਧਾ ਕੁ ਮਿੰਟ ਲੇਟ ਹੋ ਜਾਵੇ, ਤੇ ਉਸ ਕੁੜੀ ਨੂੰ ਆਪਣੇ ਆਖ਼ਰੀ ਕੱਪੜੇ ਲਾਂਹਦਿਆਂ ਮੈਂ ਤੱਕ ਸਕਾਂ।"

ਜੂਹੀ ਲਈ ਅੱਖਾਂ ਵਿਚ ਬਾਲਾਂ ਵਰਗੀ ਉਤਸੁਕਤਾ ਤੇ ਮੁਸਕਰਾਹਟ ਸੰਭਾਲਣੀ ਔਖੀ ਹੋ ਰਹੀ ਸੀ। ਉਹਦਾ ਜੀਅ ਕਰਦਾ ਸੀ, ਉਹ ਅੱਖਾਂ ਬੰਦ ਕਰ ਕੇ ਕੁਰਸੀ ਦੀ ਪਿੱਠ ਨਾਲ ਸਿਰ ਟਿਕਾ ਲਵੇ।

ਪਰ ਨਹੀਂ, ਇਹ ਇਕ ਖੇਡ ਸੀ। ਤੇ ਇਸ ਨੂੰ ਤੋੜ ਤਕ ਖੇਡਣਾ ਜ਼ਰੂਰੀ ਸੀ।



"ਸੋ ਵ੍ਹਾਟ?"

ਹਰਬੰਸ ਚੁੱਪ ਚਾਪ ਅੱਖਾਂ ਝਮਕਦਾ ਏ। ਮੇਜ਼ ਤੇ ਪਏ ਕਾਗ਼ਜ਼ਾਂ ਵਲ ਵੇਖਦਾ ਏ, "ਇਹ ਆਦਮੀ ਦੀ ਫ਼ਿਤਰਤ ਏ। ਮੈਂ ਮਰਦ ਆਂ, ਮੈਨੂੰ ਪਤਾ ਏ। ਜਿੰਨਾ ਚਿਰ ਇਕ ਓਹਲਾ ਰਹਿੰਦਾ ਏ, ਓਨਾ ਚਿਰ ਮਰਦ ਨੂੰ ਉਤਸੁਕਤਾ ਰਹਿੰਦੀ ਏ, ਤਾਂਘ ਰਹਿੰਦੀ ਏ। ਉਸ ਉਤਸੁਕਤਾ ਦੀ ਖ਼ਾਤਰ ਉਹ ਬਾਵਰਾ ਹੋਇਆ ਰਹਿੰਦਾ ਏ। ਝੱਲਾ ਹੋਇਆ ਔਰਤ ਦੇ ਮਗਰ ਭੱਜਦਾ ਰਹਿੰਦਾ ਏ। ਉਹ ਔਰਤ ਨੂੰ ਨਹੀਂ, ਔਰਤ ਦੀ ਮਿਸਟਰੀ ਦਾ ਦੀਵਾਨਾ ਏ। ਜੇ ਉਹਦੀ ਦੀਵਾਨਗੀ ਕਾਇਮ ਰਖਣੀ ਹੋਵੇ, ਉਹਦੇ ਕੋਲੋਂ...ਆਈ ਮੀਨ...ਕਿਸੇ ਕੋਲੋਂ ਜੇ ਕੋਈ ਕੰਮ ਕੱਢਣਾ ਹੋਵੇ...ਤਾਂ ਉਹ ਮਿਸਟਰੀ ਜ਼ਰੂਰ ਪੈਦਾ ਕਰੋ, ਤੇ ਫੇਰ ਏਨਾ ਫ਼ਾਸਲਾ ਰਖੋ ਕਿ ਮਿਸਟਰੀ ਜੀਊਂਦੀ ਰਹਿ ਸਕੇ।"

ਜੂਹੀ ਦੇ ਕੰਨਾਂ ਦੀਆਂ ਕਰੂੰਬਲਾਂ ਵਿਚੋਂ ਸੇਕ ਝਰਨ ਲਗਦਾ ਏ। ਝਰ ਝਰ ਕੇ ਧੌਣ ਨੂੰ ਭਿਉਂ ਰਿਹਾ ਏ...ਇਕ ਗਿੱਲਾ ਗਰਮ ਸੇਕ!

"ਪਰ ਤੂੰ ਪਤਾ ਨਹੀਂ ਇਹ ਫ਼ਾਸਲਾ ਕਿਉਂ ਨਹੀਂ ਰਖਦੀ? ਉਂਜ ਤੇਰੀ ਇਹ ਖੁਲ੍ਹ ਬੜੀ ਹੀ ਖ਼ੂਬਸੂਰਤ ਏ। ਪਹਾੜੀ ਨਾਲਿਆਂ ਵਰਗੀ ਖੁਲ੍ਹ, ਤੇ ਉਮਾਹ, ਤੇ...। ਮੈਂ ਤੇ ਸੋਚਨਾਂ ਕਿ ਇਹਦੇ ਵਿਚ ਮਾਸੂਮੀਅਤ ਵੀ ਏ। ਪਰ ਮੇਰੇ ਸੋਚਣ ਨਾਲ ਕੀ ਹੁੰਦਾ ਏ? ਮੈਂ ਤੇ ਤੇਰਾ ਦੋਸਤ ਆਂ। ਸੁਆਲ ਇਹ ਵੇ ਕਿ ਬਾਕੀ ਲੋਕ ਕੀ ਸੋਚਦੇ ਨੇ। ਤੇ ਜਿਸ ਵੇਲੇ ਕੋਈ ਤੇਰੇ ਬਾਰੇ ਹਲਕੀ ਗੱਲ ਕਰਦਾ ਏ, ਕਲੇਜਾ ਕਬਾਬ ਹੋ ਜਾਂਦਾ ਏ।"

ਜੂਹੀ ਨੇ ਤੱਕਿਆ, ਹਰਬੰਸ ਨੂੰ ਸੱਚਮੁਚ ਗੱਲ ਕਰਦਿਆਂ ਤਕਲੀਫ਼ ਹੋ ਰਹੀ ਸੀ। ਜੂਹੀ ਦਾ ਜੀਅ ਕੀਤਾ, ਉਹ ਮੇਜ਼ ਨੂੰ ਤਲੀਆਂ ਵਿਚ ਫੜ ਕੇ ਰੱਦੀ ਕਾਗ਼ਜ਼ ਦੇ ਟੁਕੜੇ ਵਾਂਗੂੰ ਮਰੋੜ ਕੇ ਪਰ੍ਹਾਂ ਚਾ ਸੁੱਟੇ, ਤੇ ਅਗੇ ਵਧ ਕੇ ਹਰਬੰਸ ਦੇ ਮੋਢੇ 'ਤੇ ਸਿਰ ਸੁੱਟ ਦੇਵੇ।

ਪਰ ਹਰਬੰਸ ਤਾਂ ਫ਼ਾਸਲੇ ਦੀ ਗੱਲ ਕਰ ਰਿਹਾ ਏ।

ਫ਼ਾਸਲਾ!

"ਕੀ ਕਿਹਾ ਏ ਕਿਸੇ? ਮੈਨੂੰ ਦੱਸ ਕੇ ਮਨ ਹੌਲਾ ਕਰ ਲੈ ਨਾ।"

"ਨਹੀਂ, ਉਹ ਮੈਂ ਤੈਨੂੰ ਨਹੀਂ ਦਸ ਸਕਦਾ। ਬੜੀ ਹਲਕੀ ਗੱਲ ਏ। ਮੈਨੂੰ ਤੇ ਜਿਹੜੀ ਤਕਲੀਫ਼ ਹੋਣੀ ਸੀ, ਹੋ ਗਈ। ਤੈਨੂੰ ਹੁਣ ਕਾਹਨੂੰ ਹੋਵੇ?"

"ਨਾ ਹਰਬੰਸ! ਪਲੀਜ਼! ਲੈਟ ਮੀ ਸ਼ੇਅਰ ਯੋਅਰ ਪੇਨ! ਲੈਟ ਮੀ!"

ਇਕ ਖ਼ਾਮੋਸ਼ ਪਲ ਦੋ ਸਿਰਿਆਂ ਵਿਚਕਾਰ ਬੱਧੀ ਰੱਸੀ ਵਾਂਗੂੰ ਕੰਬਦਾ ਰਿਹਾ।

"ਕਲ੍ਹ ਕਪੂਰ ਨੇ ਡਰਿੰਕਸ ਵਾਸਤੇ ਇਨਵਾਈਟ ਕੀਤਾ ਹੋਇਆ ਸੀ। ਹੋਰ ਵੀ ਕੁਝ ਲੋਕ ਸਨ। ਉਥੇ...ਤੇਰੀ ਗੱਲ ਤੁਰ ਪਈ।"

ਜੂਹੀ ਦੇ ਕੰਨਾਂ ਤੋਂ ਝਰਦਾ ਗਿੱਲਾ ਗਰਮ ਸੇਕ ਉਹਦੀ ਧੌਣ ਤੋਂ ਤਿਲ੍ਹਕਦਾ ਹੋਇਆ ਉਹਦੀ ਹਿੱਕ 'ਤੇ ਰੇਂਗਣ ਲਗਦਾ ਏ। ਪਿੱਠ 'ਤੇ ਫਿਸਲਣ ਲਗਦਾ ਏ।

"ਹਰਿੰਦਰ ਵੀ ਸੀ ਉਥੇ। ਤੂੰ ਜਾਣਦੀ ਏਂ ਨਾ ਉਹਨੂੰ? ਕਹਿਣ ਲਗਾ, 'ਜੀ ਜੂਹੀ ਦੀ ਕੀ ਗੱਲ ਕਰਦੇ ਓ? ਉਹਨੇ ਤੇ ਟਕੇ ਟਕੇ ਦੀ ਹਾਂਡੀ ਲਾਈ ਹੋਈ ਏ'।"

ਜੂਹੀ ਨਜ਼ਰਾਂ ਹੇਠਾਂ ਕਰ ਕੇ ਮੇਜ਼ ਵਲ ਵੇਖ ਰਹੀ ਏ, ਪਰ ਅਸਲ ਵਿਚ ਉਹ ਤੱਕ ਕੁਝ ਵੀ ਨਹੀਂ ਰਹੀ।

ਅਚਾਨਕ ਇਕ ਸੋਚ ਭਟਕਦੀ ਹੋਈ ਉਹਦੇ ਦੁਆਲੇ ਘੁੰਮਣ ਲਗਦੀ ਏ — ਕਾਲੇ ਬਰਸਾਤੀ ਭੂੰਡ ਵਾਂਗੂ ਘੂੰ ਘੂੰ ਕਰਦੀ ਹੋਈ ਉਹਦੇ ਇਰਦ ਗਿਰਦ ਚੱਕਰ ਲਾਣ ਲਗਦੀ ਏ। ਜੂਹੀ ਸੋਚਦੀ ਏ — ਉਹ ਧਰਤੀ ਈਹੋ ਈ ਧਰਤੀ ਨਹੀਂ ਹੋਣੀ ਜਿਹੜੀ ਕਿਸੇ ਕੁੜੀ ਨੂੰ ਆਪਣੀ ਬੁੱਕਲ ਵਿਚ ਲੁਕਾਉਣ ਲਈ ਫਟ ਗਈ ਸੀ। 'ਕੇਡਾ ਸਸਤਾ, ਘਟੀਆ, ਘਿਸਿਆ ਪਿਟਿਆ ਖ਼ਿਆਲ ਏ!' — ਜੂਹੀ ਸੋਚਦੀ ਏ। ਉਹਦਾ ਦਿਲ ਕਰਦਾ ਏ, ਮੁਸਕਰਾ ਦੇਵੇ।

'ਟੂ ਹੈੱਲ ਵਿਦ ਇਟ!'

ਇਕ ਸੁਪਨਾ ਸੀ ਜਿਹੜਾ ਕਦੇ ਰੇਸ਼ਮੀ ਖੰਭਾਂ ਵਾਲੀ ਇਕ ਛੋਟੀ ਜਿਹੀ ਚਿੜੀ ਵਾਂਗੂ ਪੰਭ ਸਮੇਟ ਕੇ ਉਹਦੀਆਂ ਅੱਖਾਂ ਵਿਚ ਆ ਬੈਠਾ ਸੀ।

ਰਾਜਿੰਦਰ ਨੇ ਉਹਨੂੰ ਕਿਹਾ ਸੀ, 'ਅਸੀਂ ਰਲ ਕੇ ਕੰਮ ਕਰਾਂਗੇ, ਰਲ ਕੇ ਘਰ ਬਣਾਵਾਂਗੇ, ਰਲ ਕੇ ਸੁਪਨੇ ਬੀਜਾਂਗੇ, ਰਲ ਕੇ ਉਹਨਾਂ ਸੁਪਨਿਆਂ ਦੀ ਫ਼ਸਲ ਦੇ ਬੋਹਲ ਇਕੱਠੇ ਕਰਾਂਗੇ'।

ਰਾਜਿੰਦਰ ਨੂੰ ਉਹ 'ਰਾਜੂ' ਕਹਿ ਕੇ ਬੁਲਾਂਦੀ ਹੁੰਦੀ ਸੀ।

ਰਾਜੂ ਨੇ ਉਹਦੇ ਮਨ ਵਿਚ ਵੀ ਸੁਪਨੇ ਜਗਾ ਦਿਤੇ ਤੇ ਪਿੰਡੇ ਵਿਚ ਵੀ। ਉਹਦੇ ਹੱਥਾਂ ਵਿਚ ਪਤਾ ਨਹੀਂ ਕੀ ਸੀ। ਉਹ ਜਿਥੇ ਵੀ ਹੱਥ ਰਖ ਦੇਂਦਾ, ਜੂਹੀ ਨੂੰ ਲਗਦਾ ਪਿੰਡੇ ਦਾ ਉਹ ਹਿੱਸਾ ਪਾਣੀ ਬਣ ਗਿਆ ਏ...ਕੋਸਾ ਗੁਣਗੁਣਾ ਪਾਣੀ। ਜਾਂ ਨਿਰੀ ਧੁੱਪ। ਜਾਂ ਨਿਰਾ ਮੀਂਹ। ਜਾਂ ਨਿਰੀ ਮਹਿਕ! ਜਾਂ ਨਿਰੀ ਹਵਾ...ਧੁੱਪੇ ਪਿੰਡਾ ਸੇਕ ਕੇ ਅਲਸਾਈ ਹੋਈ ਕੋਸੀ ਕੋਸੀ ਹਵਾ।

ਜੂਹੀ ਦੀ ਜ਼ਿੰਦਗੀ ਦੇ ਬਰੇਤਿਆਂ ਵਿਚੋਂ ਜਿਵੇਂ ਗੰਗਾ ਤੁਰਨ ਲਗ ਪਈ।

ਪਾਣੀਆਂ ਵਿਚ ਅਜੀਬ ਅੱਗ ਸੀ, ਅਜੀਬ ਸੇਕ ਸੀ, ਅਜੀਬ ਠੰਢ ਸੀ, ਅਜੀਬ ਨਿੱਘ ਸੀ, ਅਜੀਬ ਸਕੂਨ ਸੀ, ਅਜੀਬ ਨਸ਼ਾ ਸੀ।

ਜੂਹੀ ਦੀਆਂ ਅੱਖਾਂ ਵਿਚ ਬੈਠੀ ਰੇਸ਼ਮੀ ਖੰਭਾਂ ਵਾਲੀ ਚਿੜੀ ਆਪਣੀ ਧੌਣ ਅੰਦਰ ਵਾੜ ਕੇ, ਹਿੱਕ 'ਤੇ ਚੁੰਝ ਰਖ ਕੇ ਚੁੱਪ ਚਾਪ ਸੂਰਜ ਦੀਆਂ ਪਹਿਲੀਆਂ ਕਿਰਨਾਂ ਦਾ ਇੰਤਜ਼ਾਰ ਕਰ ਰਹੀ ਸੀ।

ਜਿਸ ਵੇਲੇ ਰਾਜੂ ਜੂਹੀ ਨੂੰ ਆਪਣੀਆਂ ਬਾਹਵਾਂ ਵਿਚ ਲਪੇਟ ਲੈਂਦਾ, ਤੇ ਜੂਹੀ ਆਪਣਾ ਸਿਰ ਉਹਦੀ ਹਿੱਕ 'ਤੇ ਰਖ ਦੇਂਦੀ, ਤਾਂ ਉਹਨੂੰ ਲਗਦਾ ਜਿਵੇਂ ਬੇਹੋਸ਼ ਹੋ ਜਾਵੇਗੀ।

ਜੂਹੀ ਨੇ ਉੱਠ ਕੇ ਵਕਤ ਵੇਖਿਆ — ਪੌਣੇ ਦੋ। ਉਹ ਨਾਈਟ ਗਾਊਨ ਪਾ ਕੇ ਬਾਹਰ ਵਰਾਂਡੇ ਵਿਚ ਆ ਖੜੋਤੀ। ਵਰਾਂਡੇ ਤੋਂ ਬਾਹਰ ਰੁੱਖ ਦੀਆਂ ਬਾਹਵਾਂ ਉਸੇ ਤਰ੍ਹਾਂ ਬਿਹਬਲਤਾ ਨਾਲ ਫੈਲ ਫੈਲ ਕੇ ਕਿਸੇ ਨੂੰ ਮਦਦ ਲਈ ਪੁਕਾਰ ਰਹੀਆਂ ਸਨ। ਪੱਤਿਆਂ



ਵਿਚ ਉੱਭੇ ਸਾਹ ਲੈਂਦੀ ਹਵਾ! ਪਰਲੀ ਗੁਲਾਬੀ ਕੰਧ 'ਤੇ ਚਾਨਣੀ ਦਾ ਅਕਸ ਮੱਧਮ ਪੈਂਦਾ ਜਾ ਰਿਹਾ ਸੀ।

ਕਈ ਭਟਕਦੀਆਂ ਹੋਈਆਂ ਸੋਚਾਂ ਹਨੇਰੇ ਪਰਛਾਵਿਆਂ ਵਿਚੋਂ ਪੋਲੇ ਪੈਰੀਂ ਤੁਰਦੀਆਂ ਆਉਂਦੀਆਂ ਨੇ, ਤੇ ਉਹਦੇ ਕੋਲ ਆ ਕੇ ਖੜੋ ਜਾਂਦੀਆਂ ਨੇ।

ਜੂਹੀ ਨੂੰ ਲਗਦਾ ਏ, ਉਹ ਅੱਜ ਇਕ ਮੁੱਦਤ ਮਗਰੋਂ ਆਪਣੇ ਆਪ ਕੋਲ ਖੜੋਤੀ ਹੋਈ ਏ। ਉਹਨੇ ਆਪਣੀ ਜ਼ਿੰਦਗੀ ਵਿਚ ਏਨੀ ਦੌੜ ਭੱਜ ਲੈ ਆਂਦੀ ਏ, ਏਨੀ ਹਲਚਲ, ਕਿ ਆਪਣੇ ਆਪ ਕੋਲ ਮੁੜਨ ਦੀ ਵੀ ਵਿਹਲ ਨਹੀਂ ਮਿਲਦੀ।

ਅਨਿਲ ਕਹਿੰਦਾ ਏ, "ਜੂਹੀ, ਅੱਜ ਮੈਂ ਬੇਹੱਦ ਉਦਾਸ ਹਾਂ।"

ਜੂਹੀ ਨੂੰ ਪਤਾ ਏ, ਉਹਦੇ ਅਗੇ ਉਦਾਸੀ ਦਾ ਰੋਣਾ ਕਾਹਦੇ ਲਈ ਰੋਇਆ ਜਾ ਰਿਹਾ ਏ। ਪਰ ਉਹ ਅਨਿਲ ਨੂੰ ਬੇਖਟਕੇ ਆਪਣੀ ਗੱਲ ਕਹਿਣ ਦੇਂਦੀ ਏ।

"ਤੈਨੂੰ ਪਤਾ ਏ ਨਾ ਕਿਸ਼ਵਰ ਦਾ? ਚਾਰ ਵਰ੍ਹਿਆਂ ਦੀ ਮੁਹੱਬਤ ਮਗਰੋਂ ਉਹਨੇ ਕਲ੍ਹ ਮੈਨੂੰ ਕਹਿ ਦਿਤਾ ਏ, ਮੇਰੇ ਘਰ ਨਾ ਆਇਆ ਕਰ।"

"ਕਿਉਂ ਪਰ?"

"ਇਕ ਆਰਟਿਸਟ ਕਿਸਮ ਦਾ ਮੁੰਡਾ ਏ। ਉਹਦੇ ਨਾਲੋਂ ਪੰਜ ਛੇ ਵਰ੍ਹੇ ਛੋਟਾ ਵੀ ਏ। ਕੁਆਰਾ ਏ। ਉਹਨੇ ਕਿਹਾ ਏ, ਕਿਸ਼ਵਰ, ਤੂੰ ਆਪਣੇ ਖ਼ਾਵੰਦ ਕੋਲੋਂ ਤਲਾਕ ਲੈ ਲੈ, ਮੈਂ ਤੇਰੇ ਨਾਲ ਵਿਆਹ ਕਰਵਾ ਲਵਾਂਗਾ। ਤੇ ਉਹ ਕਿਸ਼ਵਰ ਇਕਦਮ ਏਨੇ ਵਰ੍ਹਿਆਂ ਦੀ ਮੁਹੱਬਤ ਨੂੰ ਭੁੱਲ ਗਈ। ਮੈਨੂੰ ਉਹਨੇ ਸਾਫ਼ ਕਹਿ ਦਿਤਾ ਏ ਕਿ ਉਹਨੂੰ ਨਾ ਮਿਲਿਆ ਕਰਾਂ। ਤਲਾਕ ਲਈ ਉਹਨੇ ਆਪਣੀ ਬਰਾਦਰੀ ਵਿਚ ਦਰਖ਼ਾਸਤ ਕਰ ਦਿਤੀ ਏ।"

ਜੂਹੀ ਚੁੱਪ ਚਾਪ ਸੁਣਦੀ ਏ।

"ਜੂਹੀ, ਅੱਜ ਮੇਰੇ ਅੰਦਰ ਕੁਝ ਮਰਦਾ ਜਾ ਰਿਹਾ ਏ। ਟੁਡੇ ਆਈ ਵਾਂਟ ਟੂ ਪੁਟ ਮਾਈ ਹੈੱਡ ਆਨ ਯੋਅਰ ਸ਼ੋਲਡਰ, ਐਂਡ ਕ੍ਰਾਈ।" ਅਨਿਲ ਦੀ ਆਵਾਜ਼ ਵਿਚ ਅੱਥਰੂ ਭਰੇ ਹੋਏ ਨੇ।

ਜੂਹੀ ਨੂੰ ਪਤਾ ਏ ਕਿ ਸਿਰ ਮੋਢੇ 'ਤੇ ਧਰਨ ਮਗਰੋਂ ਉਹ ਉਹਦੀ ਹਿੱਕ ਤੇ ਧਰੇਗਾ, ਫੇਰ ਉਹਦੇ ਕੰਬਦੇ ਹੋਏ ਹੱਥ ਉਹਦੇ ਬਲਾਊਜ਼ ਦੇ ਹੁੱਕਾਂ ਨੂੰ ਟਟੋਲਣ ਲਗਣਗੇ।

'ਪਰ ਇਸ ਵਿਚ ਵੀ ਕੀ ਹਰਜ ਏ?' — ਜੂਹੀ ਸੋਚਦੀ ਏ। 'ਅੱਜ ਮੈਂ ਵੀ ਵਿਹਲੀ ਆਂ। ਤੇ ਇਕੱਲੀ। ਤੇ ਠੰਢ ਉਤੋਂ ਕਿੱਡੀ ਏ!'

ਇਕ ਗਰਮ ਨਿੱਘੇ ਬਿਸਤਰੇ ਦਾ ਤਸੱਵਰ ਉਹਦੇ ਸਾਹਮਣੇ ਉੱਭਰ ਖੜੋਂਦਾ ਏ। ਤੇ ਉਹ ਅਨਿਲ ਦੇ ਨਾਲ ਤੁਰ ਪੈਂਦੀ ਏ।

ਜੂਹੀ ਹਨੇਰੇ ਵਿਚ ਆਪਣੀਆਂ ਦੋਵੇਂ ਤਲੀਆਂ ਸਾਹਮਣੇ ਫੈਲਾਂਦੀ ਏ। ਹੱਥਾਂ ਦੀਆਂ ਤਲੀਆਂ ਵਿਚ ਵੀ ਜਿਵੇਂ ਹਨੇਰਾ ਘੁਲਿਆ ਹੋਇਆ ਹੋਵੇ। ਅਜੀਬ ਪਿਘਲੇ ਹੋਏ ਜਾਪ ਰਹੇ ਨੇ ਹੱਥ। ਦੋਹਾਂ ਤਲੀਆਂ ਨਾਲ ਉਹ ਆਪਣੀਆਂ ਤਪਦੀਆਂ ਗੱਲ੍ਹਾਂ

ਨੂੰ ਕੱਜ ਲੈਂਦੀ ਏ, ਫੇਰ ਉਂਗਲਾਂ ਨੂੰ ਫੈਲਾ ਕੇ ਕੰਨਾਂ ਦੀਆਂ ਕਰੂੰਮਲਾਂ ਨੂੰ ਵੀ ਕੱਜ ਲੈਂਦੀ ਏ। ਤੇ ਫੇਰ ਤਲੀਆਂ ਨੂੰ ਹੌਲੀ ਹੌਲੀ ਹੇਠਾਂ ਗਰਦਨ 'ਤੇ ਫਿਸਲ ਜਾਣ ਦੇਂਦੀ ਏ।

ਸਰੂਪ ਆਖਦਾ ਏ, "ਜਦੋਂ ਮੈਂ ਬਹੁਤ ਖ਼ੁਸ਼ ਹੋਵਾਂ, ਓਦੋਂ ਤੇਰੇ ਕੋਲ ਆਉਨਾਂ। ਜਾਂ ਜਦੋਂ ਬਹੁਤ ਉਦਾਸ ਹੋਵਾਂ, ਜਾਂ ਬਹੁਤ ਖਿੱਝਿਆ ਹੋਇਆ ਹੋਵਾਂ, ਓਦੋਂ ਲਗਦਾ ਏ ਤੇਰੇ ਬਿਨਾਂ ਦੁਨੀਆਂ ਵਿਚ ਮੇਰਾ ਹੋਰ ਦੋਸਤ ਹੀ ਕੋਈ ਨਹੀਂ।"

ਜੂਹੀ ਮੁਸਕਰਾਂਦੀ ਏ।

ਸਰੂਪ ਆਖਦਾ ਏ, "ਅੱਜ ਮੈਂ ਬਹੁਤ ਖਿੱਝਿਆ ਹੋਇਆ ਸਾਂ। ਪਤਾ ਨਹੀਂ ਕੀ ਗੱਲ ਏ। ਸਵੇਰ ਤੋਂ ਕੋਈ ਖ਼ਾਸ ਗੱਲ ਵੀ ਨਹੀਂ ਹੋਈ। ਪਰ..."

ਉਹ ਜੂਹੀ ਵਲ ਤੱਕਦਾ ਏ। ਜੂਹੀ ਬੜੀ ਫ਼ਰਮਾਂਬਰਦਾਰੀ ਨਾਲ ਸਿਰ ਹਿਲਾਂਦੀ ਏ।

"ਕਈ ਵਾਰੀ ਏਸ ਤਰ੍ਹਾਂ ਹੁੰਦਾ ਏ ਨਾ ਕਿ ਸਾਨੂੰ ਖਿੱਝ ਦੀ ਅਸਲੀ ਵਜ੍ਹਾ ਦਾ ਨਹੀਂ ਪਤਾ ਹੁੰਦਾ। ਪਰ ਕੋਈ ਨਿੱਕੀ ਜਿਹੀ ਗੱਲ...ਕੋਈ ਬੜੀ ਹੀ ਇਨਸਿਗਨੀ-ਫ਼ੀਕੈਂਟ ਗੱਲ ਦਿਮਾਗ਼ ਵਿਚ ਜਾ ਵੜਦੀ ਏ, ਤੇ ਜੇ ਦੋ ਚਾਰ ਇਹੋ ਜਿਹੀਆਂ ਗੱਲਾਂ ਇਕੱਠੀਆਂ ਹੋ ਜਾਣ, ਤਾਂ ਦਿਮਾਗ਼ 'ਤੇ ਅਜੀਬ ਕਿਸਮ ਦਾ ਬੋਝ ਬਣ ਜਾਂਦਾ ਏ, ਜਿਸ ਤੋਂ ਨਾ ਤੁਸੀਂ ਛੁਟਕਾਰਾ ਪਾ ਸਕਦੇ ਓ, ਨਾ ਉਹਨੂੰ ਚੁੱਕੀ ਰਖ ਸਕਦੇ ਓ।"

"ਹਾਂ, ਕਦੇ ਕਦੇ ਹੁੰਦਾ ਏ ਏਸ ਤਰ੍ਹਾਂ।"

ਸਰੂਪ ਇਕ ਟੱਕ ਉਹਦੇ ਮੂੰਹ ਵਲ ਵੇਖਦਾ ਏ। ਉਹ ਜ਼ਿਵੇਂ ਉਸ ਕੋਲੋਂ ਕੋਈ ਮਦਦ ਮੰਗ ਰਿਹਾ ਏ।

"ਐਂਜ ਕਰ ਸਰੂਪ, ਤੂੰ ਅੱਜ ਸਵੇਰ ਤੋਂ ਵਾਪਰੀਆਂ ਸਾਰੀਆਂ ਗੱਲਾਂ ਯਾਦ ਕਰਨ ਦੀ ਕੋਸ਼ਿਸ਼ ਕਰ। ਕਈ ਵਾਰੀ ਇਹ ਵੀ ਹੁੰਦਾ ਏ, ਕਿ ਜਦੋਂ ਅਸੀਂ ਖਿੱਝ ਦੀ ਵਜ੍ਹਾ ਨੂੰ ਸੱਚਮੁਚ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਲੱਭਦੀ ਹੀ ਨਹੀਂ। ਤੇ ਫੇਰ ਆਪਣੀ ਮੂਰਖਤਾ ਤੇ ਹੱਸ ਛਡੀਦਾ ਏ।"

"ਖ਼ੈਰ ਛੱਡ, ਹੁਣ ਮੈਨੂੰ ਵਜ੍ਹਾ ਲੱਭਣ ਦੀ ਕੀ ਲੋੜ ਏ? ਤੂੰ ਜੂ ਮੇਰੇ ਕੋਲ ਏਂ। ਹੁਣ ਮੈਨੂੰ ਕਿਸੇ ਚੀਜ਼ 'ਤੇ ਖਿੱਝ ਨਹੀਂ ਆ ਰਹੀ।"

ਜੂਹੀ ਚੁੱਪ ਚਾਪ ਮੁਸਕਰਾਂਦੀ ਏ।

"ਚਲ ਕਿਧਰੇ ਬਾਹਰ ਚਲੀਏ।"

ਤੇ ਜੂਹੀ ਉੱਠ ਕੇ ਤੁਰ ਪੈਂਦੀ ਏ।

ਹਰ ਵਾਰੀ ਜਦੋਂ ਉਹ ਕਿਸੇ ਨਾਲ ਬਾਹਰ ਜਾਂਦੀ ਏ, ਜਦੋਂ ਉਹ ਕਿਸੇ ਦੀ ਹਿੱਕ 'ਤੇ ਸਿਰ ਰਖਦੀ ਏ, ਤਾਂ ਉਹਨੂੰ ਲਗਦਾ ਏ ਕਿ ਸ਼ਾਇਦ ਅਜ ਤਕ ਦੀ ਇਹ ਧਧਕਦੀ ਭੁੱਖ ਮਿੱਟ ਜਾਵੇਗੀ। ਪਰ ਹਰ ਵਾਰੀ ਉਹ ਭੁੱਖ ਸਾਬਤ ਦੀ ਸਾਬਤ ਕਿਧਰੇ ਅੰਦਰ



ਹਾ ਰਹਿ ਜਾਂਦੀ ਏ। ਸਾਰੇ ਪਿੰਡੇ ਵਿਚ ਗ਼ਰਮ ਲਾਵੇ ਵਾਂਗੂੰ ਰੇਂਗਦੀ ਰਹਿੰਦੀ ਏ। ਗਰਮ ਅੱਗ ਵਾਂਗੂੰ ਧਧਕਦੀ ਰਹਿੰਦੀ ਏ। ਗਰਮ ਧੁੱਪ ਵਾਂਗੂੰ ਫੈਲੀ ਰਹਿੰਦੀ ਏ।

ਜੂਹੀ ਸੋਚਦੀ ਏ, ਆਪਣੀ ਭੁੱਖ ਭਾਵੇਂ ਨਾ ਵੀ ਲੱਥੇ, ਕਿਸੇ ਦੂਜੇ ਦੀ ਭੁੱਖ ਲਾਹੁਣ ਦੀ ਵੀ ਤਸੱਲੀ ਕਾਫ਼ੀ ਹੋਣੀ ਚਾਹੀਦੀ ਏ।

ਜੂਹੀ ਵਾਪਸ ਕਮਰੇ ਵਿਚ ਮੁੜ ਆਈ। ਬਿਸਤਰੇ ਦੇ ਕੋਲ ਖੜੋ ਗਈ। ਨਾਈਟ ਗਾਊਨ ਲਾਹ ਦਿਤਾ। ਫੇਰ ਨਾਈਟ ਸੂਟ ਦੀ ਬੁਸ਼ਰਟ। ਪਜਾਮਾ। ਬਿਸਤਰੇ 'ਤੇ ਲੇਟੀ, ਤਾਂ ਪਿੰਡੇ ਨੂੰ ਠੰਢੀਆਂ ਚੱਦਰਾਂ ਦੀ ਛੁਹ ਸੁਖਾਵੀਂ ਲਗੀ। ਪਰ ਪਲ ਕੁ ਮਗਰੋਂ ਪਿੰਡੇ ਦੀ ਤਪਸ਼ ਫੇਰ ਮੁੜ ਆਈ। ਜੂਹੀ ਨੇ ਸੋਚਿਆ—'ਨਹੀਂ, ਪੀੜ ਕੱਪੜਿਆਂ ਦੀ ਨਹੀਂ ਸੀ। ਸੇਕ ਕੱਪੜਿਆਂ ਦਾ ਨਹੀਂ ਸੀ। ਸੇਕ ਤਾਂ ਪਿੰਡੇ ਦਾ ਏ। ਪੀੜ ਤਾਂ ਕਿਧਰੇ ਅੰਦਰ ਏ। ਭੁੱਖ ਨਾਲ ਕੁਲਬੁਲਾਂਦੀ ਪੀੜ। ਦਰਦ ਨਾਲ ਚੁਰਮੁਰਾਂਦੀ ਪੀੜ।'

'ਟੂ ਹੈੱਲ ਵਿਦ ਇਟ।'

'ਕਦੇ ਇਸ ਮਾਸ ਨੂੰ ਪਿੰਡੇ ਨਾਲੋਂ ਲਾਹਿਆ ਜਾ ਸੱਕੇ — ਕੱਪੜਿਆਂ ਵਾਂਗੂੰ!'

ਟੈਲੀਫ਼ੋਨ ਦੀ ਘੰਟੀ ਵਜਦੀ ਏ। ਬਲਵੰਤ ਦੀ ਬੇਹੱਦ ਕਾਹਲੀ ਆਵਾਜ਼ ਸੁਣਾਈ ਦੇਂਦੀ ਏ, "ਜੂਹੀ, ਤੂੰ ਅੱਜ ਸ਼ਾਮੀਂ ਆ ਜਾ — ਮੇਰੇ ਘਰ।"

"ਕੋਈ ਖ਼ਾਸ ਕੰਮ ਏ?"

"ਤੂੰ ਆਵੀਂ ਨਾ! ਬਾਕੀ ਗੱਲਾਂ ਫੇਰ ਕਰਾਂਗੇ।"

ਜੂਹੀ ਨੂੰ ਪਤਾ ਏ, 'ਬਾਕੀ ਗੱਲਾਂ' ਕੀ ਹੋਣਗੀਆਂ।

ਪਰ ਉਹ ਬਾਲਾਂ ਵਾਂਗੂੰ ਇਸ 'ਮੇਕ ਬਿਲੀਵ' ਦੀ ਖੇਡ ਵਿਚ ਈਮਾਨਦਾਰੀ ਨਾਲ ਆਪਣੀ ਵਾਰੀ ਦੇਂਦੀ ਏ। ਰਤਾ ਰੌਂਦ ਨਹੀਂ ਮਾਰਦੀ।

ਬਲਵੰਤ ਜਦੋਂ ਉਦਾਸ ਹੋਵੇ, ਤਾਂ ਵਿਸਕੀ ਪੀਂਦਾ ਏ, ਤੇ ਸ਼ਿਅਰ ਆਖਦਾ ਏ।

ਪੜਾ ਹੈ ਸਾਇਆ-ਏ ਗ਼ਮ
ਜਬ ਹਯਾਤੇ-ਇਨਸਾਂ ਪਰ
ਵੋ ਦਾਸਤਾਂ ਭੀ ਸੁਨਾਓ
ਬੜੀ ਉਦਾਸ ਹੈ ਰਾਤ।

ਜੂਹੀ ਆਪਣੀ ਜਿਨ ਸਿੱਪ ਕਰਦੀ ਏ, ਤੇ ਇਸ ਗ਼ਜ਼ਲ ਦਾ ਦੂਜਾ ਸ਼ਿਅਰ ਸੁਣਾਂਦੀ ਏ:

ਇਸੀ ਖੰਡਰ ਮੇਂ ਕਹੀਂ ਕੁਛ
ਦੀਏ ਹੈਂ ਟੂਟੇ ਹੂਏ,
ਉਨਹੀਂ ਸੇ ਕਾਮ ਚਲਾਓ
ਬੜੀ ਉਦਾਸ ਹੈ ਰਾਤ!

ਤੇ ਮਗਰੋਂ...ਥੱਕ ਹਾਰ ਕੇ ਜਦੋਂ ਉਹ ਜੂਹੀ ਦੇ ਨਾਲ ਲੇਟਿਆ ਹੋਇਆ ਏ, ਤਾਂ ਜੂਹੀ ਦੇ ਵਾਲਾਂ ਵਿਚ ਉਂਗਲਾਂ ਫੇਰਦਾ ਹੋਇਆ ਆਖਦਾ ਏ:

ਮੁਹੱਬਤ ਮੇਂ ਇਕ ਵਕਤ ਐਸਾ ਭੀ ਗੁਜ਼ਰਾ,
ਨਾ ਤੁਮ ਯਾਦ ਆਏ ਨਾ ਹਮ ਯਾਦ ਆਏ।

ਜੂਹੀ ਨੂੰ ਪਤਾ ਏ, ਕਿ ਬਲਵੰਤ ਉਹਦੀ ਤੇ ਆਪਣੀ ਮੁਹੱਬਤ ਦੀ ਗੱਲ ਨਹੀਂ ਕਰ ਰਿਹਾ, ਕਿਸੇ ਹੋਰ ਮੁਹੱਬਤ ਦੀ ਕੜਵਾਹਟ ਨੂੰ ਉਹਦੇ ਸਾਥ ਵਿਚ ਡੋਬ ਕੇ ਪੀਣ ਦੀ ਕੋਸ਼ਿਸ਼ ਕਰ ਰਿਹਾ ਏ। ਤੇ ਜੂਹੀ ਮਨ ਵਿਚ ਆਖਦੀ ਏ: 'ਹਮੀਂ ਸੇ ਕਾਮ ਚਲਾਓ! ਹੂੰਹ...! ਕਾਮ ਚਲਾਓ...!'

ਤੇ ਉਹ ਅਮਰੀਕਨ ਮੁੰਡਾ ਜਿਹਦੀ ਬੀਵੀ ਨੂੰ ਬੁਲਾਣ ਦੀ ਇਜਾਜ਼ਤ ਅਜੇ ਉਹਦੀ ਕੰਪਨੀ ਨੇ ਨਹੀਂ ਸੀ ਦਿਤੀ, ਤੇ ਏਡੇ ਵਡੇ ਘਰ ਵਿਚ ਬਿਲਕੁਲ ਇਕੱਲਾ ਰਹਿੰਦਾ ਸੀ, ਤੇ ਵਿਹਲੇ ਵੇਲੇ ਕਿਤਾਬਾਂ ਪੜ੍ਹਦਾ ਸੀ ਤੇ ਮੁਗਦਰ ਚੁੱਕ ਕੇ ਕਸਰਤ ਕਰਦਾ ਸੀ। ਉਹ ਜੂਹੀ ਕੋਲੋਂ ਹਿੰਦੀ ਸਿਖਦਾ ਹੁੰਦਾ ਸੀ। ਤੇ ਜਦੋਂ ਬਹੁਤ ਇਕੱਲਾ ਹੋਵੇ, ਜਾਂ ਜਦੋਂ ਉਹਦੀ ਬੀਵੀ ਦੀ ਬੜੀ ਉਦਾਸੀ ਵਾਲੀ ਚਿੱਠੀ ਆਵੇ, ਜਿਸ ਵਿਚ ਨਿਊਯਾਰਕ ਦੀਆਂ ਰਾਤਾਂ ਦੇ ਨੀਲੇ ਤੇ ਕਾਸ਼ਨੀ ਹਨੇਰੇ ਦਾ ਜ਼ਿਕਰ ਹੋਵੇ, ਤਾਂ ਉਹ ਜੂਹੀ ਨੂੰ ਆਪਣੀਆਂ ਮੋਹਲਿਆਂ ਵਰਗੀਆਂ ਸਖ਼ਤ ਬਾਹਵਾਂ ਵਿਚ ਲਪੇਟ ਕੇ ਕਹਿੰਦਾ ਸੀ, "ਅਜ ਹਿੰਦੀ ਨਹੀਂ ਪੜ੍ਹਨੀ। ਕੁਛ ਨਹੀਂ ਪੜ੍ਹਨਾ। ਅੱਜ ਮੈਂ ਬਹੁਤ ਉਦਾਸ ਹਾਂ।"

ਤੇ ਮਹੇਸ਼, ਤੇ ਓਮ, ਤੇ ਨਰਿੰਦਰ, ਤੇ ਹਰਪਾਲ, ਤੇ...

'ਯਾਦ ਨਹੀਂ। ਕੁਝ ਯਾਦ ਨਹੀਂ।' ਜੂਹੀ ਦੇ ਸਿਰ ਦੀਆਂ ਨਾੜਾਂ ਮੰਜੀ ਦੀ ਦੌਣ ਵਾਂਗੂੰ ਕੱਸੀਆਂ ਜਾ ਰਹੀਆਂ ਨੇ।

'ਕੜੱਕ ਕਰਕੇ ਟੁੱਟ ਜਾਣਗੀਆਂ।'

ਤੇ...ਰਾਜੂ...ਰਾਜੂ...!

ਕੀ ਹੋਇਆ ਆਖ਼ਰ?

ਕੁਝ ਵੀ ਨਹੀਂ ਹੋਇਆ।

ਹੋਇਆ ਇਹ, ਕਿ ਘਰ ਦਾ ਸੁਪਨਾ ਟੁੱਟ ਕੇ ਜਦੋਂ ਖਿੱਲਰਿਆ, ਤਾਂ ਉਹਦੀ ਇਕ ਚਿੱਪਰ ਇਕ ਘਰ ਦੀ ਬਰਸਾਤੀ ਬਣ ਗਈ। ਰਾਜਿੰਦਰ ਨੇ ਉਹ ਬਰਸਾਤੀ ਕਿਰਾਏ 'ਤੇ ਲੈ ਲਈ ਸੀ। ਕਦੇ ਕਦੇ ਉਹ ਦੋਵੇਂ ਉਥੇ ਜਾਂਦੇ ਸਨ — ਦੋ ਜਾਂ ਚਾਰ ਜਾਂ ਛੇ ਘੰਟਿਆਂ ਮਗਰੋਂ ਵਾਪਸ ਪਰਤ ਆਉਂਦੇ ਸਨ, ਆਪਣੇ ਆਪਣੇ ਘਰ।

ਰਾਜਿੰਦਰ ਦੀ ਮੁਹੱਬਤ ਦੀ ਸ਼ਿੱਦਤ ਘਟਦੀ ਗਈ। ਤੜਪ, ਉਮਾਹ, ਤਾਂਘ...ਸਭ ਕੁਝ ਹੌਲੀ ਹੌਲੀ ਮਰ ਗਈਆਂ। ਪਤਾ ਨਹੀਂ ਕਿਸ ਤਰ੍ਹਾਂ, ਪਰ ਹੋਇਆ ਇਹੀ।

ਜੂਹੀ ਜਦੋਂ ਪਿਛੇ ਮੁੜ ਕੇ ਵੇਖਦੀ ਏ ਤਾਂ ਉਸ ਨੂੰ ਇਹੀ ਯਾਦ ਆਉਂਦਾ ਏ, ਕਿ ਬਹੁਤ ਚਿਰ ਰਾਜਿੰਦਰ ਅਗੇ ਅਗੇ ਦੌੜਦਾ ਰਿਹਾ ਸੀ, ਉਹ ਪਿਛੇ ਪਿਛੇ ਦੌੜਦੀ ਗਈ ਸੀ। ਤੇ ਫੇਰ ਥੱਕ ਗਈ ਸੀ। ਤੇ ਫੇਰ ਉਹਨੂੰ ਆਪਣਾ ਆਪ ਫ਼ਜ਼ੂਲ ਫ਼ਜ਼ੂਲ, ਅਰਥਹੀਣ ਲਗਣ ਲਗ ਪਿਆ ਸੀ। ਬੇਲੋੜਾ! ਫ਼ਾਲਤੂ! ਯੂਜ਼ਲੈੱਸ!



ਤੇ ਫੇਰ ਉਹ ਆਪਣੀ ਲੋੜ ਤਲਾਸ਼ ਕਰਨ ਲਗ ਪਈ। ਲੋਕਾਂ ਦੀਆਂ ਨਜ਼ਰਾਂ ਵਿਚੋਂ। ਲੋਕਾਂ ਦੀ ਭੁੱਖ ਵਿਚੋਂ। ਆਪਣੇ ਆਪ ਦੀ, ਆਪਣੇ ਜਿਸਮ ਦੀ, ਆਪਣੀ ਹੋਂਦ ਦੀ ਸਾਰਥਕਤਾ ਲਭਦੀ ਲਭਦੀ...ਮਾਇਨੇ ਤਲਾਸ਼ ਕਰਦੀ ਕਰਦੀ...

'ਉਫ਼, ਜੇ ਹੁਣ ਵੀ ਨਾ ਸੌਂ ਸੱਕੀ, ਤਾਂ ਸਿਰ ਫਟ ਜਾਏਗਾ।'

ਉਹ ਉੱਠੀ। ਨੀਂਦਰ ਵਾਲੀਆਂ ਗੋਲੀਆਂ ਵਾਲੀ ਸ਼ੀਸ਼ੀ ਨੂੰ ਤਲੀ 'ਤੇ ਲੁੱਦ ਲਿਆ।

'ਜੇ ਸਾਰੀਆਂ ਫੱਕ ਲਵਾਂ?'

ਫੇਰ ਹੌਲੀ ਹੌਲੀ, ਜਿਵੇਂ ਕੋਈ ਬੜਾ ਪਵਿੱਤਰ ਤੇ ਮੁਕੱਦਸ ਤੇ ਗੰਭੀਰ ਕੰਮ ਕਰੀਦਾ ਏ, ਗੋਲੀਆਂ ਨੂੰ ਇਕ ਇਕ ਕਰ ਕੇ ਸ਼ੀਸ਼ੀ ਵਿਚ ਵਾਪਸ ਪਾ ਦਿਤਾ। ਸਿਰਫ਼ ਦੋ ਗੋਲੀਆਂ ਤਲੀ 'ਤੇ ਰਹਿਣ ਦਿਤੀਆਂ। ਸਲੀਪਰ ਪਾ ਕੇ ਬਾਥਰੂਮ ਵਿਚ ਚਲੀ ਆਈ। ਬੱਤੀ ਜਗਾਈ। ਵਾਸ਼ ਬੇਸਨ ਦਾ ਨਲਕਾ ਖੋਲ੍ਹਿਆ। ਬੇਸਨ ਦੇ ਉਤੇ ਲਗੇ ਸ਼ੀਸ਼ੇ ਵਿਚ ਉਹਦਾ ਮੂੰਹ, ਧੌਣ, ਮੋਢੇ, ਛਾਤੀ, ਤੇ ਬਾਹਵਾਂ ਦਾ ਉਤਲਾ ਹਿੱਸਾ ਨਜ਼ਰ ਆ ਰਿਹਾ ਸੀ। ਜੂਹੀ ਨੇ ਉਹਦੇ ਵਲ ਇਸ ਤਰ੍ਹਾਂ ਵੇਖਿਆ ਜਿਵੇਂ ਕਿਸੇ ਨਿਊਡ ਪੋਰਟਰੇਟ ਨੂੰ ਵੇਖੀਦਾ ਏ ਕਿਸੇ ਕਿਤਾਬ ਵਿਚ, ਜਾਂ ਆਰਟ ਗੈਲਰੀ ਦੀ ਕਿਸੇ ਕੰਧ 'ਤੇ ਲਟਕੀ ਹੋਈ। 'ਕਿੱਲਾਂ ਨਾਲ ਕੰਧ 'ਤੇ ਠੁੱਕੀ ਹੋਈ ਪੋਰਟਰੇਟ!' — ਉਹਨੇ ਸੋਚਿਆ। ਪਰ ਇਸ ਖ਼ਿਆਲ ਨਾਲ ਨਾ ਦਰਦ ਦਾ ਕੋਈ ਅਹਿਸਾਸ ਜਾਗਿਆ, ਨਾ ਉਹਨੂੰ ਆਪਣੇ ਆਪ 'ਤੇ ਰਤਾ ਵੀ ਤਰਸ ਆਇਆ। ਉਹ ਜਿਵੇਂ ਇਹ ਗੱਲ ਕਿਸੇ ਹੋਰ ਬਾਰੇ ਸੋਚ ਰਹੀ ਸੀ, ਕਿਸੇ ਹੋਰ ਬਾਰੇ ਆਖ ਰਹੀ ਸੀ, ਕਿਸੇ ਤੀਜੇ ਬੰਦੇ ਨੂੰ।

ਗਲਾਸ ਵਿਚ ਉਹਨੇ ਪਾਣੀ ਭਰਿਆ। ਦੋਵੇਂ ਗੋਲੀਆਂ ਮੂੰਹ ਵਿਚ ਸੁੱਟ ਕੇ ਪਾਣੀ ਦੇ ਦੋ ਤਿੰਨ ਵਡੇ ਵਡੇ ਘੁੱਟ ਭਰੇ। ਗਲਾਸ ਵਿਚ ਝਾਕ ਕੇ ਤੱਕਿਆ। ਇਹ ਪਾਣੀ ਐਵੇਂ ਕਾਹਨੂੰ ਰੋੜ੍ਹਨਾ ਏ? — ਫ਼ਾਲਤੂ! ਤੇ ਉਹਨੇ ਬਾਕੀ ਦਾ ਪਾਣੀ ਵੀ ਪੀ ਲਿਆ। ਬਿਨਾਂ ਪਿਆਸ ਤੋਂ। ਐਵੇਂ ਹੀ।

ਵਾਪਸ ਉਹ ਬਿਸਤਰੇ 'ਤੇ ਆ ਕੇ ਲੇਟ ਗਈ।

'ਖੱਪੇ ਦੀ ਠੂਠੀ'...

ਸ਼ਾਮ ਨੂੰ ਸੁਖਦੇਵ ਦੇ ਘਰ ਡਰਿੰਕਸ ਸਨ। ਚਾਰ ਪੰਜ ਲੋਕ, ਬੱਸ। ਬਾਕੀ ਸੁਖਦੇਵ, ਤੇ ਉਹਦੀ ਬੀਵੀ!

ਸੁਖਦੇਵ ਦਾ ਇਕ ਦੋਸਤ ਲੁਧਿਆਣਿਓਂ ਆਇਆ ਹੋਇਆ ਸੀ। ਉਹ ਸੁਣਾ ਰਿਹਾ ਸੀ, "ਬਸ ਜੀ, ਕੁੜੀ ਵਾਲਿਆਂ ਦੇ ਪਿੰਡ ਜਾ ਕੇ ਢੁੱਕੇ, ਤਾਂ ਉਹਨਾਂ ਨੇ ਸਾਨੂੰ ਬਿਠਾ ਦਿਤਾ। ਇਕ ਇਕ ਖੱਪੇ ਦੀ ਠੂਠੀ ਸਾਡੇ ਹੱਥ ਫੜਾ ਦਿਤੀ। ਅਸੀਂ ਸਾਰੇ ਇਕ ਦੂਜੇ ਦੇ ਮੂੰਹ ਵਲ ਤੱਕੀਏ। ਸਮਝ ਨਾ ਆਵੇ ਕਿ ਇਸ ਠੂਠੀ ਦਾ ਕੀ ਕਰੀਏ। ਕੋਈ ਕੰਨ ਵਿਚ ਆਖੇ ਕਿ ਇਹਦੇ ਵਿਚੋਂ ਗਰੀ ਕੱਢ ਕੇ ਖਾਣੀ ਹੋਣੀ ਏ, ਸਗਣ ਕਰਨਾ ਹੋਣਾ ਏ ਇਹਨਾਂ ਨੇ ਇਸੇ ਤਰ੍ਹਾਂ। ਕੋਈ ਆਖੇ, ਉਂਜੇ ਈ ਕੂਜਿਆਂ ਵਾਂਗੂੰ

ਹੱਥ ਫੜਾਂ ਗਏ ਨੇ, ਰੁਮਾਲਾਂ ਵਿਚ ਬੰਨ੍ਹ ਕੇ ਬੋਝੇ ਵਿਚ ਪਾ ਲਓ। ਤਾਹੀਏਂ ਉਹ ਵਿਸਕੀ ਦੀਆਂ ਬੋਤਲਾਂ ਖੋਲ੍ਹ ਕੇ ਲੈ ਆਏ, 'ਤੇ ਸਾਡੀਆਂ ਠੂਠੀਆਂ ਵਿਚ ਲੱਦਣ ਲਗ ਪਏ — ਵਾਰੋ ਵਾਰੀ। ਨੀਟ ਹੀ। ਅਸੀਂ ਸਾਰੇ ਹਿਚਕਿਚਾਏ। ਨਾ ਪਾਣੀ, ਨਾ ਸੋਡਾ। ਉਹ ਕਹਿਣ ਲਗੇ, ਜੀ ਪੀ ਜਾਓ। ਖੱਪੇ ਦੀ ਠੂਠੀ ਵਿਚ ਪਾ ਕੇ ਪੀਵੀਏ, ਤਾਂ ਨੀਟ ਕੁਝ ਨਹੀਂ ਕਹਿੰਦੀ। ਹਜ਼ਮ ਹੋ ਜਾਂਦੀ ਏ। ਇਹੀ ਇਸ ਠੂਠੀ ਦੀ ਕਰਾਮਾਤ ਏ।''

'ਖੱਪੇ ਦੀ ਠੂਠੀ...'

ਨੀਂਦਰ ਕੋਸੇ ਪਾਣੀ ਵਾਂਗੂੰ ਉਹਦੇ ਸਿਰ ਵਿਚ ਭਰਦੀ ਜਾ ਰਹੀ ਸੀ। ਉਹਦਾ ਸਿਰ ਜਿਵੇਂ ਕੱਚਾ ਘੜਾ ਸੀ, ਜਿਹੜਾ ਨੀਂਦਰ ਦੇ ਸਫ਼ੈਦੀ-ਮਾਇਲ ਹਨੇਰੇ ਪਾਣੀਆਂ ਵਿਚ ਹੇਠੋਂ ਹੇਠੋਂ ਖੁਰਦਾ ਜਾ ਰਿਹਾ ਸੀ।

ਜੂਹੀ ਜਿਵੇਂ ਕਿਸੇ ਦੇ ਮੋਢੇ 'ਤੇ ਸਿਰ ਰਖ ਕੇ ਹੌਲੀ ਹੌਲੀ ਕੁਝ ਕਹਿ ਰਹੀ ਸੀ (ਪਰ ਕਿਹਦਾ ਮੋਢਾ ਸੀ ਇਹ? ਰਾਜੂ ਦਾ? ਪਤਾ ਨਹੀਂ, ਕਿਸ ਦਾ। ਕੁਝ ਪਤਾ ਨਹੀਂ। ਸਿਰਫ਼ ਇਕ ਮੋਢਾ ਸੀ, ਜਿਸ 'ਤੇ ਸਿਰ ਰਖ ਕੇ ਬੇਹੱਦ ਇਕੱਲ ਦੇ ਛਿਣਾਂ ਵਿਚ ਗੱਲਾਂ ਕਰ ਲਿਆ ਕਰਦੀ ਸੀ — ਬੇ-ਬੋਲ, ਬੇ-ਆਵਾਜ਼ ਗੱਲਾਂ)।

'ਮੈਨੂੰ ਲਗਦਾ ਏ, ਮੈਂ ਵੀ ਖੱਪੇ ਦੀ ਠੂਠੀ ਆਂ। ਜ਼ਿੰਦਗੀ ਦੀ ਸ਼ਰਾਬ ਮੇਰੇ ਵਿਚ ਪਾ ਕੇ ਪੀਤੀ ਜਾ ਸਕਦੀ ਏ। ਨੀਟ ਹੀ। ਰਤਾ ਨੁਕਸਾਨ ਨਹੀਂ ਕਰਦੀ। ਉਹਦੀ ਸਾਰੀ ਕੁੜੱਤਣ, ਸਾਰੀ ਹਵਾਂਕ, ਸਾਰਾ ਪਾਗਲਪਣ — ਖੱਪੇ ਦੀ ਠੂਠੀ ਵਿਚ ਪਾ ਕੇ ਪੀਤਾ ਜਾ ਸਕਦਾ ਏ। ਮੈਂ ਵੀ ਖੱਪੇ ਦੀ ਠੂਠੀ ਆਂ। ਸ਼ਰਾਬ ਪੀ ਕੇ ਠੂਠੀ ਨੂੰ ਲੋਕੀਂ ਸੁੱਟ ਛਡਦੇ ਨੇ। ਨਸ਼ਾ ਆਪਣੇ ਨਾਲ ਲੈ ਜਾਂਦੇ ਨੇ। ਖ਼ੁਸ਼ੀ ਆਪਣੇ ਘਰ ਲੈ ਜਾਂਦੇ ਨੇ — ਆਪਣੀ ਬੀਵੀ ਕੋਲ...ਆਪਣੇ ਬੱਚਿਆਂ ਕੋਲ... ਘਰ...। ਬਰਸਾਤੀ ਨਹੀਂ। ਘਰ...। ਬਰਸਾਤੀ...ਨਹੀਂ। ਰਾਜੂ।'

ਤੇ ਸਿਰ ਦਾ ਘੜਾ ਖੁਰਦਾ ਜਾ ਰਿਹਾ ਏ। ਨੀਂਦਰ ਦੇ ਪਾਣੀਆਂ ਵਿਚ ਘੁਲਦਾ ਜਾ ਰਿਹਾ ਏ।



# ਇਕ ਮਰਿਆ ਹੋਇਆ ਪਲ

ਧੁੱਪ ਢਲ ਰਹੀ ਸੀ। ਸੜਕ ਦੇ ਦੋਹੀਂ ਪਾਸੀਂ ਉੱਗੇ ਦੇਵਦਾਰਾਂ ਦੇ ਪਰਛਾਵੇਂ ਲੰਮੇ ਹੋ ਗਏ ਸਨ। ਹਵਾ ਵਿਚ ਖ਼ੁਨਕੀ ਵਧ ਰਹੀ ਸੀ।

ਕੇਸਰ ਜੰਮਣ ਵਾਲੀ ਧਰਤੀ ਬਹੁਤ ਪਿੱਛੇ ਰਹਿ ਗਈ ਸੀ। ਅਨੰਤ ਨਾਗ ਤੋਂ ਉਹਨਾਂ ਨੇ ਬੱਸ ਬਦਲੀ ਸੀ। ਬੱਸ ਵਾਲਿਆਂ ਨੇ ਕਿਹਾ ਸੀ: ''ਸਾਹਬ, ਇਹਨਾਂ ਹੜ੍ਹ ਦੇ ਦਿਨਾਂ ਵਿਚ ਰਸਤੇ ਦਾ ਕੁਝ ਪਤਾ ਨਹੀਂ। ਅੱਜ ਨੌਂ ਦਿਨਾਂ ਮਗਰੋਂ ਬੱਸ ਕੁੱਕੜ ਨਾਗ ਜਾ ਰਹੀ ਏ। ਪਰ ਜਿਥੋਂ ਰਸਤਾ ਬਹੁਤਾ ਖ਼ਰਾਬ ਹੋਇਆ, ਉਥੋਂ ਵਾਪਸ ਮੁੜ ਆਵੇਗੀ, ਅਗੇ ਨਹੀਂ ਜਾਏਗੀ।''

ਰੰਜਨ ਨੇ ਕਿਹਾ, ''ਕੋਈ ਗੱਲ ਨਹੀਂ।''

ਅਰਪਨਾ ਨੇ ਕਿਹਾ, ''ਜਿਥੋਂ ਬੱਸ ਪਰਤੇਗੀ, ਅਸੀਂ ਵੀ ਪਰਤ ਆਵਾਂਗੇ।''

ਅੱਛਾਬਲ ਤਕ ਸੜਕ ਬਿਲਕੁਲ ਠੀਕ ਸੀ। ਅੱਛਾਬਲ ਬੱਸ ਪੰਜੀ ਮਿੰਟ ਰੁਕੀ ਵੀ। ਰੰਜਨ ਤੇ ਅਰਪਨਾ ਤੇ ਦੋ ਤਿੰਨ ਹੋਰ ਮੁਸਾਫ਼ਰ ਉਤਰ ਕੇ ਅੱਛਾਬਲ ਦੇ ਅੰਦਰ ਵੀ ਗਏ। ਬਾਕੀ ਸਾਰੇ ਕਸ਼ਮੀਰੀ ਲੋਕ ਸਨ — ਪੇਂਡੂ। ਜਿਨ੍ਹਾਂ ਵਾਸਤੇ ਅੱਛਾਬਲ, ਬੱਸ, ਘਰ ਦੀ ਮੁਰਗੀ ਸੀ, ਦਾਲ ਬਰਾਬਰ।

ਸਿਧੇ ਖੜੋਤੇ ਦਰਖ਼ਤ ਸਨ, ਬਾਗ਼ ਸਨ, ਜਿਨ੍ਹਾਂ ਵਿਚ ਡੇਹਲੀਆ ਤੇ ਹਾਲੀਹਾਕਸ ਤੇ ਹਾਈਡਰੈਂਜੀਆਜ਼ ਖਿੜ ਰਹੇ ਸਨ। ਬਾਰਾਂਦਰੀਆਂ ਸਨ, ਮਹਿਰਾਬਾਂ ਸਨ। ਚਸ਼ਮੇ ਦਾ ਪਾਣੀ ਛੋਟੀਆਂ ਇੱਟਾਂ ਤੇ ਪੱਥਰਾਂ ਦੀਆਂ ਬਣੀਆਂ ਨਿਕੀਆਂ ਪਤਲੀਆਂ ਨਹਿਰਾਂ ਵਿਚ ਵੱਗ ਰਿਹਾ ਸੀ — ਸਾਵੀ ਭਾਹ ਮਾਰਦਾ, ਕਿਉਂਕਿ ਪਾਣੀ ਦੇ ਹੇਠਾਂ ਪੱਥਰਾਂ ਤੇ ਇੱਟਾਂ 'ਤੇ ਗਹਿਰੀ ਹਰੀ ਕਾਈ ਜੰਮ ਗਈ ਹੋਈ ਸੀ, ਤੇ ਸ਼ਫ਼ਾਫ਼ ਪਾਣੀ ਆਪਣੀ ਹਿੱਕ ਵਿਚ ਉਹ ਰਗ ਵੀ ਮਲਕੜੇ ਜਿਹੇ ਘੋਲ ਕੇ ਵਹਿ ਰਿਹਾ ਸੀ।

ਰੰਜਨ ਨੇ ਇਕ ਬੁੱਕ ਵਿਚ ਪਾਣੀ ਚੁਕਿਆ, ਤੇ ਬੁੱਕ ਅਰਪਨਾ ਵਲ ਵਧਾਈ। ਅਰਪਨਾ ਨੇ ਦੋਹਾਂ ਹੱਥਾਂ ਦਾ ਕੁੱਜਾ ਬਣਾ ਕੇ ਅਗੇ ਵਧਾ ਦਿਤਾ। ਰੰਜਨ ਨੇ ਆਪਣੇ ਬੁੱਕ ਵਾਲਾ ਪਾਣੀ ਅਰਪਨਾ ਦੇ ਹੱਥਾਂ ਦੇ ਕੁੱਜੇ ਵਿਚ ਪਲਟ ਦਿਤਾ। ਪਾਣੀ ਦੇ ਹੇਠੋਂ ਅਰਪਨਾ ਦੀ ਤਲੀ ਦੀ ਗੁਲਾਬੀ ਭਾਹ ਤੇ ਉਹਦੇ ਹੱਥ ਦੀਆਂ ਲਕੀਰਾਂ ਹੋਰ ਵੀ ਉੱਘੜ ਆਈਆਂ।

''ਕੇਡਾ ਠੰਢਾ ਏ'', ਅਰਪਨਾ ਦੇ ਜਿਸਮ ਵਿਚੋਂ ਇਕ ਕੰਬਣੀ ਲੰਘੀ।

ਰੰਜਨ ਨੇ ਆਪਣਾ ਬੁੱਕ ਅਗੇ ਵਧਾਇਆ, ਅਰਪਨਾ ਨੇ ਉਹ ਪਾਣੀ ਵਾਪਸ ਰੰਜਨ

ਦੇ ਬੁੱਕ ਵਿਚ ਪਾ ਦਿਤਾ। ਰੰਜਨ ਨੇ ਉਹ ਬੁੱਕ ਹੋਠਾਂ ਨਾਲ ਲਾਇਆ। ਬੁੱਕ ਦੇ ਉਤੋਂ ਉਹਨੇ ਅਰਪਨਾ ਵਲ ਤੱਕਿਆ। ਉਹਦੀਆਂ ਨਜ਼ਰਾਂ ਨੇ ਜਿਵੇਂ ਹੱਥ ਵਧਾ ਕੇ ਅਰਪਨਾ ਦੀਆਂ ਗੱਲ੍ਹਾਂ ਨੂੰ, ਉਹਦੀਆਂ ਅੱਖਾਂ ਨੂੰ, ਉਹਦੇ ਹੋਠਾਂ ਨੂੰ ਆਹਿਸਤਾ ਜਿਹੇ ਛੋਹਿਆ।

ਬਾਹਰ ਡਰਾਈਵਰ ਨੇ ਹਾਰਨ ਵਜਾਇਆ।

ਰੰਜਨ ਨੇ ਉਸ ਇਕ ਪਲ ਨੂੰ ਘੁੱਟ ਕੇ ਫੜਦਿਆਂ ਕਿਹਾ, "ਅਰਪਨਾ!"

ਅਰਪਨਾ ਦੇ ਅੰਦਰ ਇਕ ਕੋਸੀ ਲਹਿਰ ਸੱਪ ਵਾਂਗ ਵਲ ਖਾਂਦੀ ਆਈ, ਤੇ ਕਿਨਾਰੇ ਨੂੰ ਛੂਹ ਕੇ ਵਾਪਸ ਮੁੜ ਗਈ।

ਹਾਰਨ ਦੀ ਆਵਾਜ਼ ਫੇਰ ਆਈ — ਏਸ ਵਾਰੀ ਉਹਦੇ ਵਿਚ ਕਾਹਲਾਪਣ ਸੀ, ਬਮਲੂਮੀ ਜਿਹੀ ਤਲਖ਼ੀ ਵੀ ਸੀ।

ਰੰਜਨ ਤੇ ਅਰਪਨਾ ਬਾਹਰ ਵਲ ਤੁਰ ਪਏ।

ਪਰਲੇ ਪਹਾੜਾਂ ਤੋਂ ਬੱਦਲ ਉੱਠ ਕੇ ਆਸਮਾਨ 'ਤੇ ਖਿੱਲਰ ਰਹੇ ਸਨ।

ਅੱਛਾਬਲ ਤੋਂ ਕੁਝ ਅੱਗੇ ਇਕ ਪੁਲ ਟੁੱਟਾ ਹੋਇਆ ਸੀ। ਡਰਾਈਵਰ ਨੇ ਕਿਹਾ, "ਬੱਸ ਅਗੇ ਨਹੀਂ ਜਾਏਗੀ। ਏਥੋਂ ਈ ਵਾਪਸ ਪਰਤੇਗੀ।"

ਕਸ਼ਮੀਰੀ ਸਵਾਰੀਆਂ ਨੇ ਉੱਚੀ ਉੱਚੀ ਰੌਲਾ ਪਾਇਆ। ਸਾਰੇ ਜਣੇ ਡਰਾਈਵਰ ਨਾਲ ਗੱਲਾਂ ਕਰਨ ਲਗੇ। ਡਰਾਈਵਰ ਨੇ ਕਿਹਾ, "ਕੁਝ ਨਹੀਂ ਹੋ ਸਕਦਾ। ਪੁਲ ਚੁਰਮੁਰਾ ਰਿਹਾ ਏ, ਤੇ ਬੱਸ ਹਰਗਿਜ਼ ਅਗੇ ਨਹੀਂ ਜਾ ਸਕਦੀ।"

ਬਹੁਤ ਸਾਰੇ ਲੋਕ ਉਤਰ ਗਏ — ਸ਼ਾਇਦ ਉਹਨਾਂ ਨੇ ਨੇੜੇ ਤੇੜੇ ਦੇ ਪਿੰਡਾਂ ਵਿਚ ਜਾਣਾ ਸੀ। ਦੋ ਚਾਰ ਸੈਲਾਨੀ ਸਨ, ਉਹਨਾਂ ਨੇ ਵਾਪਸ ਉਸੇ ਬੱਸ ਵਿਚ ਸਿਰੀਨਗਰ ਮੁੜ ਜਾਣ ਦਾ ਫ਼ੈਸਲਾ ਕੀਤਾ। ਅਰਪਨਾ ਤੇ ਰੰਜਨ ਹੇਠਾਂ ਉਤਰੇ, ਤੇ ਅਣਮੰਨੇ ਜਿਹੇ ਪੁਲ ਵਲ ਤੱਕਣ ਲਗੇ।

"ਕਿਉਂ ਨਾ ਪੈਦਲ ਚਲੀਏ ਕੁੱਕੜ ਨਾਗ", ਰੰਜਨ ਨੇ ਸਲਾਹ ਦਿਤੀ।

"ਪੈਦਲ?" ਅਰਪਨਾ ਨੇ ਹੈਰਾਨ ਹੋ ਕੇ ਪੁੱਛਿਆ। "ਤੇ ਵਾਪਸ ਕਿਸ ਤਰ੍ਹਾਂ ਆਵਾਂਗੇ? ਹੋਰ ਕੋਈ ਬੱਸ ਤਾਂ ਏਥੋਂ ਮਿਲੇਗੀ ਨਹੀਂ, ਤੇ ਉਤੋਂ ਸ਼ਾਮ ਪੈ ਰਹੀ ਏ।"

"ਵਾਪਸ ਜ਼ਰੂਰ ਆਉਣਾ ਏ? ਨਹੀਂ ਆਵਾਂਗੇ। ਉਥੇ ਇਕ ਰੈਸਟ ਹਾਊਸ ਹੈ, ਛੋਟਾ ਜਿਹਾ, ਉਥੇ ਹੀ ਰਹਿ ਜਾਵਾਂਗੇ।"

ਅਰਪਨਾ ਦੇ ਜਿਸਮ ਦੇ ਸਾਰੇ ਪੱਠੇ ਤਣ ਗਏ — ਇਹ ਇਕ ਬੜਾ ਹੀ ਅਹਿਮ ਪਲ ਸੀ, ਜਿਸ ਦੀ ਦਹਿਲੀਜ਼ 'ਤੇ ਉਹ ਖੜੋਤੀ ਸੀ।

... ... ...

ਰੰਜਨ ਉਹਦਾ ਬੜਾ ਪੁਰਾਣਾ ਵਾਕਫ਼ ਸੀ — ਚੰਗਾ ਦੋਸਤ ਸੀ। ਉਹ ਉਸੇ ਹੀ ਕਾਲਜ ਵਿਚ ਅੰਗਰੇਜ਼ੀ ਦਾ ਲੈਕਚਰਰ ਸੀ, ਜਿਸ ਵਿਚ ਉਹ ਸਾਈਕਾਲੋਜੀ ਪੜ੍ਹਾਂਦੀ ਸੀ। ਛੇ ਵਰ੍ਹਿਆਂ ਤੋਂ ਉਹ 'ਕੱਠੇ ਕੰਮ ਕਰ ਰਹੇ ਸਨ। ਇਹਨਾਂ ਛੇ ਵਰ੍ਹਿਆਂ ਵਿਚ ਕੋਈ ਛੇ ਸੌ ਵਾਰੀ ਉਹ ਰਲ ਕੇ ਬੈਠੇ ਸਨ, ਗੱਪਾਂ ਮਾਰੀਆਂ ਸਨ, ਸ਼ਿਅਰ ਸੁਣੇ ਸੁਣਾਏ ਸਨ,



ਕਿਤਾਬਾਂ ਦੀਆਂ ਗੱਲਾਂ ਕੀਤੀਆਂ ਸਨ, ਕੌਫ਼ੀ ਪੀਤੀ ਸੀ। ਦੁਨੀਆਂ ਭਰ ਦੀਆਂ ਗੱਲਾਂ ਕੀਤੀਆਂ ਸਨ। ਉਹਨਾਂ ਦਾ ਰਿਸ਼ਤਾ ਦੋਸਤੀ ਦਾ ਬੜਾ ਹੀ ਪਿਆਰਾ ਰਿਸ਼ਤਾ ਸੀ।

ਫੇਰ ਜਦੋਂ ਰੰਜਨ ਨੂੰ ਇਕ ਕੁੜੀ ਚੰਗੀ ਲਗੀ, ਉਹਨੇ ਸਭ ਤੋਂ ਪਹਿਲਾਂ ਅਰਪਨਾ ਨੂੰ ਹੀ ਦਸਿਆ। ਅਰਪਨਾ ਉਸ ਕੁੜੀ ਨੂੰ ਮਿਲ ਕੇ ਚਾਅ ਨਾਲ ਭਰ ਗਈ — ਬੜੀ ਪਿਆਰੀ, ਰੰਜਨ ਦੇ ਖ਼ਾਬਾਂ ਦੇ ਚੌਖਟੇ ਵਿਚ ਫ਼ਿੱਟ ਹੁੰਦੀ ਕੁੜੀ। ਉਹਦਾ ਨਾਂ ਸੀ ਮਨਦੀਪ, ਪਰ ਸਾਰੇ ਉਹਨੂੰ ਮੰਨੂੰ ਸੱਦਦੇ ਸਨ।

ਅਰਪਨਾ ਦੋਹਾਂ ਨੂੰ ਘਰ ਬੁਲਾਂਦੀ — ਖਾਣੇ 'ਤੇ, ਚਾਹ 'ਤੇ। ਤਿੰਨੇ ਰਲ ਕੇ ਸੈਰ ਕਰਨ ਜਾਂਦੇ। ਰੰਜਨ ਆਪਣੀਆਂ ਨਿੱਕੀਆਂ ਨਿੱਕੀਆਂ ਗੱਲਾਂ ਅਰਪਨਾ ਨਾਲ ਕਰਦਾ — ਨਿੱਕੀਆਂ ਨਿੱਕੀਆਂ ਗੱਲਾਂ ਵਿਚ ਅਰਪਨਾ ਦੀ ਸਲਾਹ ਲੈਂਦਾ। ਜਦੋਂ ਕਦੇ ਮੰਨੂੰ ਉਹਦੇ ਨਾਲ ਨਾਰਾਜ਼ ਹੋ ਜਾਂਦੀ, ਉਹ ਅਰਪਨਾ ਕੋਲ ਆ ਕੇ ਆਪਣਾ ਦੁੱਖੜਾ ਰੋਂਦਾ — ਉਹਦੇ ਹਰ ਬਦਲਦੇ ਮੂਡ ਦੀ ਗੱਲ ਅਰਪਨਾ ਨਾਲ ਕਰਦਾ।

ਕਦੇ ਕਦੇ ਉਹ ਅਰਪਨਾ ਦੇ ਹੱਥ ਨੂੰ ਆਪਣੇ ਹੱਥਾਂ ਵਿਚ ਘੁਟ ਕੇ ਕਹਿੰਦਾ, "ਅਰਪਨਾ, ਤੂੰ ਮੇਰੀ..."

"ਹਾਂ, ਕੀ?" ਅਰਪਨਾ ਹੱਸ ਕੇ ਪੁੱਛਦੀ।

"ਤੂੰ ਮੇਰੀ ਸਭ ਤੋਂ ਨਿੱਘੀ ਦੋਸਤ ਏਂ।"

"ਚੁੱਪ! ਆਖੀਦਾ ਨਹੀਂ। ਨਜ਼ਰ ਲਗ ਜਾਂਦੀ ਏ"। ਅਰਪਨਾ ਜਿਵੇਂ ਇਕ ਬਾਲ ਨੂੰ ਸਮਝਾਂਦੀ।

ਫੇਰ ਮੰਨੂੰ ਇੰਗਲੈਂਡ ਕੋਈ ਕੋਰਸ ਕਰਨ ਗਈ। ਉਥੇ ਉਹਨੂੰ ਇਕ ਮੁੰਡਾ ਮਿਲਿਆ, ਜਿਹੜਾ ਯੂਗੋਸਲਾਵੀਆ ਦਾ ਰਹਿਣ ਵਾਲਾ ਸੀ। ਮੰਨੂੰ ਨੂੰ ਉਹ ਮੁੰਡਾ ਰੰਜਨ ਨਾਲੋਂ ਬਹੁਤਾ ਚੰਗਾ ਲਗਣ ਲੱਗ ਪਿਆ। ਸੋ ਮੰਨੂੰ ਨੇ ਕੁਝ ਚਿਰ ਮਗਰੋਂ ਉਸ ਮੁੰਡੇ ਨਾਲ ਵਿਆਹ ਕਰਵਾ ਲਿਆ।

ਰੰਜਨ ਨੂੰ ਪਤਾ ਲਗਾ, ਤਾਂ ਉਹਦੇ ਅੰਦਰ ਕੁਝ ਟੁੱਟ ਗਿਆ। ਅਰਪਨਾ ਨੇ ਕਦੇ ਕਿਸੇ ਨੂੰ ਇੰਜ ਟੁੱਟਦਿਆਂ ਨਹੀਂ ਸੀ ਤੱਕਿਆ — ਉਤੋਂ ਸਾਬਤ ਰਹਿਣਾ, ਤੇ ਵਿਚੋਂ ਸਾਰਾ ਕੁਝ ਤਿੜਕ ਕੇ ਚੁਰਮੁਰਾ ਜਾਣਾ। ਅਰਪਨਾ ਨੇ ਸਾਰੀ ਕੋਸ਼ਿਸ਼ ਕੀਤੀ ਕਿ ਰੰਜਨ ਨੂੰ ਏਸ ਪੀੜ ਤੋਂ ਬਚਾ ਲਵੇ, ਪਰ ਏਹ ਪੀੜ ਤਾਂ ਏਡੀ ਵੱਡੀ ਸੀ ਕਿ ਝੱਲਿਆਂ ਝਲੀਂਦੀ ਨਹੀਂ ਸੀ।

ਹੁਣ ਉਹਨਾਂ ਦੀ ਯੂਨੀਵਰਸਿਟੀ ਨੇ ਗਰਮੀਆਂ ਦੀਆਂ ਛੁੱਟੀਆਂ ਵਿਚ ਇਕ ਸੈਮੀਨਾਰ ਰਖਿਆ ਸੀ ਸਿਰੀਨਗਰ। ਅਰਪਨਾ ਰੰਜਨ ਦੇ ਸੱਤ ਤਰਲੇ ਕਰ ਕੇ ਉਹਨੂੰ ਵੀ ਨਾਲ ਲੈ ਆਈ ਸੀ।

ਸਾਰਾ ਦਿਨ ਲੈਕਚਰ ਹੁੰਦੇ, ਡਿਸਕਸ਼ਨਜ਼ ਹੁੰਦੀਆਂ, ਲਿਖਿਆ ਜਾਂਦਾ, ਪੜ੍ਹਿਆ ਜਾਂਦਾ। ਰਾਤ ਵੇਲੇ ਕੈਂਪ ਫ਼ਾਇਰ ਹੁੰਦੀ — ਕਦੇ ਬਾਹਰ, ਕਦੇ ਮੀਂਹ-ਕਣੀ ਹੋਵੇ ਤਾਂ ਕਮਰੇ ਦੇ ਅੰਦਰ ਹੀ ਅੱਗ ਬਾਲ ਕੇ ਸਾਰੇ ਉਹਦੇ ਦੁਆਲੇ ਬਹਿ ਜਾਂਦੇ। ਕੋਈ ਗਾਉਂਦਾ, ਕੋਈ ਕਹਾਣੀ ਸੁਣਾਂਦਾ, ਕੋਈ ਲਤੀਫ਼ੇ ਸੁਣਾਂਦਾ। ਦੁਨੀਆਂ ਭਰ ਦੇ ਪਾਲਿਟਿਕਸ ਨੂੰ ਰੂੰ ਵਾਂਗੂੰ ਪਿੰਜਿਆ ਜਾਂਦਾ। ਤੇ ਕੌਫ਼ੀ ਪੀਤੀ ਜਾਂਦੀ।

ਰੰਜਨ ਗੁੰਮ-ਸੁੰਮ ਬੈਠਾ ਰਹਿੰਦਾ।

ਰਾਤੀਂ ਉਹਨੇ ਇਕ ਸ਼ਿਅਰ ਸੁਣਾਇਆ ਸੀ — "ਸ਼ਬਨਮ ਰਾਤ ਦੀ ਤ੍ਰਾਰੀਕੀ ਨੂੰ ਧੋਂਦੀ ਏ ; ਕਦੇ ਮੇਰੇ ਪਿੰਡੇ 'ਤੇ ਪਿਆ ਜ਼ਿੰਦਗੀ ਦਾ ਘੱਟਾ ਵੀ ਧੋਵੇ।" ਤੇ ਅਰਪਨਾ ਦੀਆਂ ਅੱਖਾਂ ਭਿੱਜ ਆਈਆਂ ਸਨ। ਰੰਜਨ ਨੇ ਉਹ ਅੱਥਰੂ ਤੱਕ ਲਿਆ ਸੀ, ਜਿਹੜਾ ਵੱਗਿਆ ਨਹੀਂ ਸੀ। ਤੇ ਪਹਿਲੀ ਵਾਰੀ ਉਹਦਾ ਜੀਅ ਕੀਤਾ ਸੀ, ਉਹ ਅਰਪਨਾ ਦੀਆਂ ਪਲਕਾਂ ਨੂੰ ਚੁੰਮ ਲਵੇ।

ਫੇਰ ਉਹਨੂੰ ਮੰਨੂੰ ਦੀ ਯਾਦ ਆ ਗਈ।

ਹੜ੍ਹਾਂ ਕਰ ਕੇ ਸੜਕਾਂ ਤੇ ਪੁਲਾਂ ਦੀ ਹਾਲਤ ਖ਼ਸਤਾ ਹੋ ਗਈ ਸੀ — ਏਸ ਕਰ ਕੇ ਬੜੇ ਦਿਨਾਂ ਤੋਂ ਉਹ ਲੋਕ ਬਾਹਰ ਨਹੀਂ ਸਨ ਨਿਕਲੇ। ਅੱਜ ਐਤਵਾਰ ਸੀ, ਨਾਲੇ ਬੱਸਾਂ ਦੇ ਅੱਡੇ ਤੋਂ ਪਤਾ ਲਗਾ ਕਿ ਕੁੱਕੜ ਨਾਗ ਬੱਸ ਜਾਏਗੀ। ਏਸੇ ਕਰ ਕੇ ਉਹ ਤੁਰ ਪਏ।

ਪਰ ਹੁਣ ਇਹ ਪੁਲ ਦੀ ਮੁਸੀਬਤ......

... ... ...

"ਹੱਛਾ, ਚਲੋ", ਅਰਪਨਾ ਨੇ ਕਿਹਾ।

ਤੇ ਉਹ ਦੋਵੇਂ ਤੁਰ ਪਏ।

ਬੜੀ ਖ਼ੂਬਸੂਰਤ ਥਾਂ ਸੀ। ਬੜੀ ਹਸੀਨ ਸੜਕ ਸੀ। ਥਾਂ ਥਾਂ ਤੋਂ ਟੁੱਟੀ ਪਈ ਸੀ — ਨਿੱਕੀ ਜਿਹੀ, ਸੁੰਗੜੀ ਹੋਈ। ਉਹਦੇ ਆਸ ਪਾਸ ਲੰਮ-ਸਲੰਮੇ ਦੇਵਦਾਰ ਖੜੇ ਸਨ। ਦੂਰ ਦੂਰ ਤਕ ਸਰਸਬਜ਼ ਖੇਤਾਂ ਦੀ ਬੁੱਕਲ ਮਾਰ ਕੇ ਵਾਦੀ ਦੀ ਨਾਰ ਅਲਸਾਈ ਹੋਈ ਲੇਟੀ ਹੋਈ ਸੀ।

ਅਰਪਨਾ ਦੇ ਅੰਦਰ ਇਕ ਖਿਚਾਓ ਸੀ, ਜਿਹੜਾ ਵਧਦਾ ਜਾ ਰਿਹਾ ਸੀ। ਉਹਨੂੰ ਲਗ ਰਿਹਾ ਸੀ ਕਿ ਅੱਜ ਦਾ ਦਿਨ ਬੜਾ ਅਹਿਮ ਏ ; ਇੱਜ 'ਕੱਠੇ ਟੁਰਦੇ ਜਾਣਾ ਵੀ ਬੜਾ ਜ਼ਰੂਰੀ ਏ ; ਇਹ ਆਸ ਪਾਸ ਫੈਲਿਆ ਹੁਸਨ, ਇਹਨਾਂ ਲੰਮੇ ਦੇਵਦਾਰਾਂ ਦੇ ਸਾਏ ਵਿਚ ਲੇਟੀ ਹੋਈ ਇਹ ਸੜਕ, ਡੁੱਬਦੇ ਸੂਰਜ ਦਾ ਇਹ ਚਮਤਕਾਰੀ ਜਲੌ — ਜਿਵੇਂ ਬਹੁਤ ਸਾਰਾ ਕੇਸਰ ਡੁਲ੍ਹ ਗਿਆ ਹੋਵੇ ; ਇਹ ਸਾਰਾ ਕੁਝ ਬੜਾ ਜ਼ਰੂਰੀ ਸੀ, ਬੜਾ ਅਹਿਮ ਸੀ। ਤੇ ਇਸ ਸਾਰੇ ਕੁਝ ਦੇ ਦਰਮਿਆਨ ਉਹ ਜਿਹੜੀ ਜੀਅ ਰਹੀ ਸੀ, ਜਿਹੜੀ ਧੱਕ ਧੱਕ ਕਰ ਰਹੀ ਸੀ, ਜਿਹੜੀ ਸਾਹ ਲੈ ਰਹੀ ਸੀ, ਉਹਦਾ ਸਾਹ ਲੈਣਾ, ਉਹਦਾ ਜੀਣਾ ਵੀ ਬੜਾ ਹੀ ਅਹਿਮ ਸੀ।

ਰੰਜਨ ਨੇ ਉਹਦਾ ਹੱਥ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਹੌਲੀ ਹੌਲੀ ਘੁੱਟ ਰਿਹਾ ਸੀ। ਜਿਸ ਵੇਲੇ ਉਹ ਘੁੱਟਦਾ ਸੀ, ਉਹਦੇ ਆਪਣੇ ਹੱਥ ਵਿਚੋਂ ਇਕ ਕੰਬਣੀ ਸ਼ੁਰੂ ਹੋ ਕੇ ਲਹਿਰਦੀ ਹੋਈ ਅਰਪਨਾ ਦੀਆਂ ਤਲੀਆਂ ਵਿਚ ਪਹੁੰਚਦੀ ਸੀ, ਤੇ ਉਹਦੇ ਸਾਰੇ ਜਿਸਮ ਵਿਚ ਖਿੱਲਰ ਜਾਂਦੀ ਸੀ।

ਅਰਪਨਾ ਦੇ ਅੰਦਰਲੀ ਤੀਵੀਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਅੱਜ ਇਸ ਦੋਸਤੀ



ਦਾ ਰੰਗ-ਰੂਪ ਬਦਲ ਜਾਏਗਾ — ਅੱਜ ਕੁਝ ਹੋਏਗਾ। ਸ਼ਾਇਦ ਰੰਜਨ ਉਹਨੂੰ ਅਚਾਨਕ ਦੋਹਾਂ ਮੋਢਿਆਂ ਤੋਂ ਫੜੇ, ਤੇ ਆਪਣੀਆਂ ਬਾਹਵਾਂ ਵਿਚ ਕੱਸ ਲਵੇ, ਸ਼ਾਇਦ ਉਹ ਉਹਦੇ ਕੰਬਦੇ ਹੋਠਾਂ ਉਤੇ......

ਅਚਾਨਕ ਅਰਪਨਾ ਦਾ ਜੀਅ ਕੀਤਾ, ਬੜੀ ਹੀ ਸ਼ਿੱਦਤ ਨਾਲ ਜੀਅ ਕੀਤਾ ਕਿ ਰੰਜਨ ਉਹਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲਵੇ...ਘੁੱਟ ਲਵੇ...ਹੋਰ ਘੁੱਟ ਲਵੇ...

ਅਰਪਨਾ ਦਾ ਸਾਰਾ ਜਿਸਮ ਝੁਰਝੁਰਾ ਰਿਹਾ ਸੀ, ਤੇ ਉਹਦੇ ਅੰਦਰ ਇਕ ਤਣਾਓ ਸੀ — ਟੈਨਸਨੈੱਸ।

ਰੰਜਨ ਵੀ ਚੁੱਪ ਸੀ। ਸ਼ਾਇਦ ਉਹਦੇ ਅੰਦਰ ਵੀ ਇੰਜ ਦਾ ਹੀ ਤਣਾਓ ਸੀ।

ਰਾਹ ਵਿਚ ਇਕ ਪਿੰਡ ਆਇਆ। ਬੱਚੇ ਘਰਾਂ ਤੋਂ ਬਾਹਰ ਖੜੋ ਕੇ ਉਹਨਾਂ ਨੂੰ ਤੱਕਣ ਲਗੇ। ਦੋ ਚਾਰ ਕੁੜੀਆਂ ਵੀ ਵੇਖਣ ਲਈ ਖੜੋ ਗਈਆਂ। ਉਹਨਾਂ ਕੁੜੀਆਂ ਦੀਆਂ ਗੋਰੀਆਂ ਪਿੰਡਲੀਆਂ ਉਹਨਾਂ ਦੇ ਮੈਲ-ਮਾਰੇ ਕਲੂਟੇ ਝਗਲ ਮਗਲ ਫ਼ਿਰਨਾਂ ਦੇ ਹੇਠੋਂ ਝਾਕ ਰਹੀਆਂ ਸਨ। ਜਿਵੇਂ ਕਿਸੇ ਬੁੱਤ-ਤਰਾਸ਼ ਨੇ ਇਕ ਪੱਥਰ ਵਿਚੋਂ ਹਾਲੀਂ ਸਿਰਫ਼ ਮੂੰਹ, ਪਿੰਡਲੀਆਂ, ਪੈਰ ਤੇ ਹੱਥ ਘੜੇ ਹੋਣ, ਬਾਕੀ ਦਾ ਅਨਘੜ ਪੱਥਰ ਜਿਵੇਂ ਉਹਦੇ ਹਥੌੜੇ ਛੈਣੀਆਂ ਦੀ ਇੰਤਜ਼ਾਰ ਕਰ ਰਿਹਾ ਹੋਵੇ।

ਅਰਪਨਾ ਨੇ ਉਹਨਾਂ ਕੁੜੀਆਂ ਕੋਲੋਂ ਪੁੱਛਿਆ, "ਕੁੱਕੜ ਨਾਗ ਕਿੰਨੀ ਦੂਰ ਏ ?"

ਉਹਨਾਂ ਆਪਣੇ ਰੰਗੀਨ ਰੁਮਾਲਾਂ ਵਾਲੇ ਸਿਰ ਹਿਲਾ ਕੇ ਇਕ ਦੂਜੀ ਵਲ ਕਨੱਖੀਆਂ ਨਾਲ ਤੱਕਿਆ। ਤੇ ਹੋਠਾਂ 'ਤੇ ਹੱਥ ਰਖ ਕੇ ਖਿੱਚ ਖਿੱਚ ਗੁਟਕੀਆਂ।

ਕੋਈ ਜੁਆਬ ਨਹੀਂ।

ਇਕ ਮਰਦ ਉਧਰੋਂ ਲੰਘਿਆ। ਉਹਨੇ ਕੁੜੀਆਂ ਨੂੰ ਕਸ਼ਮੀਰੀ ਵਿਚ ਡਾਂਟਿਆ। ਡਾਂਟਿਆ ਈ ਹੋਵੇਗਾ, ਕਿਉਂਕਿ ਉਹਦੀ ਆਵਾਜ਼ ਵਿਚ ਡਾਂਟ ਸੀ। ਫੇਰ ਉਹਨੇ ਸੁਆਲੀਆ ਨਜ਼ਰਾਂ ਨਾਲ ਅਰਪਨਾ ਤੇ ਰੰਜਨ ਵਲ ਤੱਕਿਆ, ਜ਼ਿਵੇਂ ਪੁੱਛ ਰਿਹਾ ਹੋਵੇ, "ਕਿਉਂ ਖੜੇ ਓ ਏਥੇ ?"

ਰੰਜਨ ਨੇ ਉਹਨੂੰ ਆਪਣੀ ਮੁਸ਼ਕਲ ਦੱਸੀ। ਉਹਦਾ ਰਵੱਈਆ ਇਕ ਦਮ ਦੋਸਤਾਨਾ ਹੋ ਗਿਆ। ਉਹਨੇ ਕਿਹਾ, "ਕੁੱਕੜ ਨਾਗ ਬਸ ਮਸਾਂ ਅੱਧਾ ਕੁ ਮੀਲ ਹੋਰ ਅੱਗੇ ਐ।"

ਰੰਜਨ ਨੇ ਉਹਨੂੰ ਪੁੱਛਿਆ — "ਇਕ ਇਕ ਪਿਆਲਾ ਚਾਹ ਦਾ ਮਿਲ ਸਕੇਗਾ ?"

ਉਹਨੇ ਕਿਹਾ — "ਠਹਿਰੋ !" ਤੇ ਪਿੰਡ ਦੇ ਅੰਦਰ ਵਲ ਤੁਰ ਪਿਆ।

ਥੋੜੀ ਦੇਰ ਮਗਰੋਂ ਉਹ ਇਕ ਨਿੱਕਾ ਜਿਹਾ ਸਮਾਵਾਰ ਚੁੱਕ ਕੇ ਆ ਗਿਆ। ਇਕ ਹੱਥ ਦੀ ਪਹਿਲੀ ਉਂਗਲ ਵਿਚ ਉਹਨੇ ਦੋ ਪਿਆਲਿਆਂ ਦੇ ਹੈਂਡਲ ਪਰੋਏ ਹੋਏ ਸਨ।

ਰੰਜਨ ਤੇ ਅਰਪਨਾ ਸੜਕ ਦੇ ਕਿਨਾਰੇ ਹੀ ਘਾਹ 'ਤੇ ਬਹਿ ਗਏ ਸਨ। ਉਹਨੇ ਸਮਾਵਾਰ ਲਿਆ ਕੇ ਉਹਨਾਂ ਦੇ ਕੋਲ ਹੀ ਰਖ ਦਿਤਾ। ਪਹਿਲਾ ਕੱਪ ਉਹਨੇ ਭਰਨਾ ਸ਼ੁਰੂ ਕੀਤਾ, ਤਾਂ ਅਰਪਨਾ ਤੇ ਰੰਜਨ ਨੇ ਹੈਰਾਨ ਹੋ ਕੇ ਇਕ ਦੂਜੇ ਵਲ ਤੱਕਿਆ — ਇਹ ਚਾਹ ਐ ?

ਉਹ ਗੁਲਾਬੀ ਰੰਗ ਦੀ ਕੋਈ ਗਰਮ ਗਰਮ ਚੀਜ਼ ਸੀ — ਅਜੀਬ ਰੰਗ, ਅਜੀਬ ਹਵਾੜ੍ਹ ।

"ਇਹ ਚਾਹ ਏ ?" ਰੰਜਨ ਨੇ ਪੁੱਛ ਹੀ ਲਿਆ ।

"ਜੀ, ਕਸ਼ਮੀਰੀ ਚਾਹ" — ਬਣੇ ਮਾਣ ਨਾਲ ਉਸ ਬੰਦੇ ਨੇ ਕਿਹਾ । "ਪੀਓਗੇ, ਤਾਂ ਸਾਰੀਆਂ ਚਾਹਵਾਂ ਨੂੰ ਭੁਲ ਜਾਓਗੇ ।"

ਇਕ ਦੂਜੇ ਵਲ ਤੱਕਦਿਆਂ, ਝਕਦਿਆਂ ਝਕਦਿਆਂ ਦੋਹਾਂ ਨੇ ਪਿਆਲੇ ਮੂੰਹ ਨੂੰ ਲਾਏ । ਉਫ਼, ਅਜੀਬ ਸੁਆਦ ! ਲੂਣ ਵਾਲਾ, ਕੁਝ ਸੋਡੇ ਵਰਗਾ ਸੁਆਦ ! ਕੋਲ ਉਹ ਕਸ਼ਮੀਰੀ ਮੁਸਕਰਾਂਦਾ ਹੋਇਆ ਉਹਨਾਂ ਵਲ ਤਕ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ, "ਵੇਖਿਆ ਨਾ ! ਮੈਂ ਕਿਹਾ ਨਹੀਂ ਸੀ ? ਭੁੱਲ ਗਈਆਂ ਨਾ ਸੱਤੇ ਬਹਿਸ਼ਤਾਂ ?"

ਦੋਹਾਂ ਨੇ ਆਪਣੇ ਮੂੰਹ ਦੇ ਪਰਭਾਵ ਨੂੰ ਬੜੀ ਮੁਸ਼ਕਲ ਨਾਲ ਠੀਕ ਕਰਦਿਆਂ ਕਿਹਾ, "ਬਹੁਤ ਖ਼ੂਬ ! ਬਹੁਤ ਲਜ਼ੀਜ਼ ਏ !"

ਇਕ ਮੁੰਡਾ ਆਇਆ । ਉਹਨੇ ਪੁੱਛਿਆ, "ਟੂਲ ਲੇਗਾ ?"

"ਟੂਲ ?" ਰੰਜਨ ਨੇ ਹੈਰਾਨ ਹੋ ਕੇ ਪੁੱਛਿਆ ।

"ਸਾਬ, ਅੰਡਾ," ਚਾਹ ਵਾਲੇ ਕਸ਼ਮੀਰੀ ਨੇ ਸਮਝਾਇਆ ।

ਦੋਹਾਂ ਨੂੰ ਭੁੱਖ ਬਹੁਤ ਲਗੀ ਸੀ । ਪਰ ਉਹਨਾਂ ਅੰਗਰੇਜ਼ੀ ਵਿਚ ਗੱਲ ਕਰ ਕੇ ਸਲਾਹ ਕੀਤੀ, ਕਿ ਇਸ ਚਾਹ ਨਾਲ ਅੰਡਾ ਅੰਦਰ ਨਹੀਂ ਜਾਏਗਾ । ਸੋ ਖਿਸਕੋ ਏਥੋਂ ।

"ਨਹੀਂ, ਬਸ", ਰੰਜਨ ਨੇ ਕਿਹਾ ।

ਅਧਾ ਅਧਾ ਕਪ ਦੋਹਾਂ ਨੇ ਜਿਵੇਂ ਕਿਵੇਂ ਪੀਤਾ — ਬਾਕੀ ਦਾ ਉਸ ਕਸ਼ਮੀਰ ਦੀ ਨਜ਼ਰ ਬਚਾ ਕੇ ਇਕ ਪਾਸੇ ਲੁੜ੍ਹਕਾਇਆ, ਤੇ ਇਕ ਰੁਪਈਆ ਉਹਦੀ ਤਲੀ 'ਤੇ ਰੱਖ ਕੇ ਉਹਦਾ ਸ਼ੁਕਰੀਆ ਕਰ ਕੇ ਟੁਰ ਪਏ । ਉਹਨੇ ਝੁਕ ਕੇ ਸਲਾਮ ਕੀਤੀ, ਤੇ ਰੁਪਈਆ ਬੋਝੇ ਵਿਚ ਪਾ ਲਿਆ । ਰੰਜਨ ਦਾ ਖ਼ਿਆਲ ਸੀ, ਉਹ ਹੁਣੇ ਆਖੇਗਾ, "ਸਾਬ, ਬਖ਼ਸ਼ੀਸ਼ !" ਪਰ ਪਤਾ ਨਹੀਂ ਕਿਉਂ ਉਹ ਚੁੱਪ ਰਿਹਾ ।

ਕੁਝ ਚਿਰ ਟੁਰਨ ਮਗਰੋਂ ਪਾਣੀ ਦੇ ਜ਼ੋਰ ਨਾਲ ਡਿੱਗਣ ਦਾ ਸ਼ੋਰ ਸੁਣਾਈ ਦੇਣ ਲਗਾ, ਦੂਰੋਂ ਦੋ ਚਾਰ ਘਰਾਂ ਦੀਆਂ ਛੱਤਾਂ ਵੀ ਨਜ਼ਰ ਆਈਆਂ ।

"ਆ ਗਿਆ ਕੁੱਕੜ ਨਾਗ", ਰੰਜਨ ਨੇ ਕਿਹਾ ।

ਅਰਪਨਾ ਚੁੱਪ ਸੀ । ਉਹਦੇ ਗਲੇ ਦੀਆਂ ਸਾਰੀਆਂ ਨਸਾਂ ਵੀ ਤਣ ਗਈਆਂ ਹੋਈਆਂ ਸਨ, ਤੇ ਉਹਦੇ ਕੋਲੋਂ ਬੋਲਿਆ ਨਹੀਂ ਸੀ ਜਾ ਰਿਹਾ ।

"ਪਹਿਲਾ ਕੰਮ ਤਾਂ ਇਹ ਕਰਾਂਗੇ, ਕੁਝ ਖਾ ਕੇ ਚਾਹ ਪੀਵਾਂਗੇ", ਰੰਜਨ ਨੇ ਕਿਹਾ । ਉਹਦੀ ਆਵਾਜ਼ ਦੀ ਟੋਨ ਬਿਲਕੁਲ ਸਾਧਾਰਨ ਸੀ, ਜਿਵੇਂ ਉਹ ਕਾਲਜ ਦੇ ਕੌਫ਼ੀ ਹਾਊਸ ਵਿਚ ਬੈਠਾ ਅਰਪਨਾ ਕੋਲੋਂ ਪੁੱਛ ਰਿਹਾ ਹੋਵੇ, "ਕੌਫ਼ੀ ਪੀਏਂਗੀ ਕਿ ਚਾਹ ?"

"ਤਾਂ ਕੀ ਰੰਜਨ ਉਹ ਨਹੀਂ ਚਾਹੁੰਦਾ, ਜੋ ਮੈਂ ਸੋਚ ਰਹੀ ਹਾਂ ? ਪਰ ਕਿਉਂ ?" — ਅਰਪਨਾ ਸੋਚ ਰਹੀ ਸੀ । ਏਸ ਸੋਚ ਨਾਲ ਉਹਦੇ ਅੰਦਰ ਇਕ ਤਲਖ਼ੀ ਭਰ ਗਈ, "ਕਿਉਂ ? ਕਿਉਂ ?"



ਪਾਣੀ ਦਾ ਸ਼ੋਰ ਹੋਰ ਨੇੜੇ ਆਉਂਦਾ ਜਾ ਰਿਹਾ ਸੀ ।

ਬਹੁਤ ਉੱਚਾ, ਬਿਲਕੁਲ ਸਿੱਧੀ ਢਲਵਾਨ ਵਾਲਾ ਪਹਾੜ ਸੀ, ਜਿਸ ਦੇ ਪੈਰਾਂ ਵਿਚ ਕੁੱਕੜ ਨਾਗ ਸੀ । ਪਰ ਚਸ਼ਮੇ ਦੀ ਏਨੀਂ ਆਵਾਜ਼ ? ਪਲ ਕੁ ਲਈ ਅਰਪਨਾ ਨੂੰ ਵਹਿਮ ਹੋਇਆ, ਕਿ ਇਹ ਆਵਾਜ਼ ਅਸਲ ਵਿਚ ਉਹਦੇ ਆਪਣੇ ਅੰਦਰੋਂ ਆ ਰਹੀ ਸੀ — ਇਕ ਪਾਗਲ ਸ਼ੋਰ ਦੀ ਆਵਾਜ਼ !

ਨਹੀਂ, ਆਵਾਜ਼ ਪਾਣੀ ਦੀ ਹੀ ਸੀ ।

"ਚਸ਼ਮੇ ਦੇ ਪਾਣੀ ਦਾ ਏਨਾਂ ਸ਼ੋਰ ਕਿਸ ਤਰ੍ਹਾਂ ਏ ?" ਅਰਪਨਾ ਨੇ ਪੁੱਛਿਆ ।

"ਹੁਣੇ ਤੱਕੇਂਗੀ, ਤੇ ਸਮਝੇਂਗੀ", ਰੰਜਨ ਮੁਸਕਰਾਇਆ । ਉਹਦੀ ਮੁਸਕਰਾਹਟ ਤੇ ਉਹਦੀ ਤੱਕਣੀ ਅਰਪਨਾ ਨੂੰ ਛੁੰਹਦੀ ਹੋਈ ਗੁਜ਼ਰ ਗਈ ।

ਉਹਨੇ ਆਪਣੇ ਮੱਥੇ ਤੋਂ ਹੱਥ ਨਾਲ ਵਾਲਾਂ ਨੂੰ ਪਿੱਛੇ ਕੀਤਾ — ਭਾਵੇਂ ਉਹਦੇ ਵਾਲ ਖਿੱਲਰੇ ਉੱਕਾ ਹੀ ਨਹੀਂ ਸਨ ਹੋਏ, ਕਿਉਂਕਿ ਉਹਨੇ ਸਿਰ 'ਤੇ ਸਕਾਰਫ਼ ਬੰਨ੍ਹਿਆਂ ਹੋਇਆ ਸੀ ।

ਬੱਦਲ ਹੋਰ ਝੁਕ ਆਏ ਸਨ । ਪੂਰਬ ਵਲ ਸ਼ਾਮ ਦੇ ਗਹਿਰਾਂਦੇ ਪਰਛਾਵੇਂ ਊਂਘ ਰਹੇ ਸਨ, ਤੇ ਪੱਛਮ ਦੀ ਕੰਨੀ ਹਾਲੀਂ ਸੁਰਖ਼ ਰੰਗ ਵਿਚ ਭਿੱਜੀ ਹੋਈ ਨਿੱਚੜ ਰਹੀ ਸੀ । ਆਸਮਾਨ ਨੀਵਾਂ ਹੁੰਦਾ ਹੁੰਦਾ ਪਹਾੜਾਂ ਦੀਆਂ ਚੋਟੀਆਂ ਦੇ ਨਾਲ ਖਹਿਸਰ ਰਿਹਾ ਸੀ । ਹਵਾ ਵਿਚ ਨਮੀ ਦੀ ਖ਼ੁਸ਼ਬੂ ਸੀ । ਸ਼ਾਮ ਦੀ ਕਜਰਾਰੀ ਖ਼ਾਮੋਸ਼ੀ ਵਿਚ ਦਰਖ਼ਤ ਅਹਿੱਲ ਖੜੇ ਸਨ ।

— ਇਹ ਵੇਲਾ ਚੁੱਪ ਹੋ ਕੇ ਮਗਨ ਹੋ ਜਾਣ ਦਾ ਏ, ਕਿਸੇ ਵਿਸਮਾਦ ਵਿਚ ਗੁਆਚ ਜਾਣ ਦਾ ਏ, ਅਰਪਨਾ ਨੇ ਸੋਚਿਆ ।

"ਅਰਪਨਾ, ਤੈਨੂੰ ਪਤਾ ਏ ? ਤਰਕਾਲਾਂ ਵੇਲੇ ਰੁੱਖਾਂ ਦਾ ਇਕ ਪੱਤਾ ਵੀ ਨਹੀਂ ਹਿੱਲਦਾ । ਜੇ ਹਵਾ ਬਹੁਤ ਤੇਜ਼ ਹੋਵੇ, ਤਾਂ ਹੋਰ ਗੱਲ ਏ । ਨਹੀਂ ਤੇ ਸਭ ਕੁਝ ਖ਼ਾਮੋਸ਼ ਹੋ ਜਾਂਦਾ ਏ । ਇਸ ਬੇ-ਹਿੱਸ ਹੋਣ ਵਿਚ ਜ਼ਿੰਦਗੀ ਤੋਂ ਮੁਨਕਰ ਹੋਣ ਵਾਲੀ ਗੱਲ ਨਹੀਂ, ਸਗੋਂ ਜ਼ਿੰਦਗੀ ਦੀ ਸਾਰੀ ਇਨਟੈਨਸਿਟੀ ਨੂੰ ਮਹਿਸੂਸ ਕਰਨ ਵਾਲੀ ਗੱਲ ਏ, ਜ਼ਿੰਦਗੀ ਦੇ ਸੁਆਦ ਨੂੰ ਪੀ ਲੈਣ ਵਾਲੀ ਗੱਲ ਏ — ਸਾਰੇ ਕੌੜੇ ਮਿੱਠੇ ਸੁਆਦ ਨੂੰ ।"

ਅਰਪਨਾ ਬੇਹੱਦ ਹੈਰਾਨ ਹੋਈ ਕਿ ਰੰਜਨ ਤੇ ਉਹ ਦੋਵੇਂ ਇਕੋ ਹੀ ਗੱਲ ਸੋਚ ਰਹੇ ਸਨ ।

— ਅੱਜ ਕੀ ਹੋਵੇਗਾ ? ਕੀ ਹੋਵੇਗਾ ?—ਅਰਪਨਾ ਦੇ ਸਾਰੇ ਨਰਵਜ਼, ਸਾਰੇ ਪੱਠੇ ਇਕ ਅਜੀਬ ਇੰਤਜ਼ਾਰ ਵਿਚ, ਅਜੀਬ ਚਾਹਤ ਵਿਚ ਖਿੱਚੇ ਹੋਏ ਸਨ ।

ਰੈਸਟ ਹਾਊਸ ਦੇ ਚੌਕੀਦਾਰ ਨੇ ਇਕ ਕਮਰਾ ਉਹਨਾਂ ਲਈ ਖੋਹਲ ਦਿਤਾ । ਉਹਨੂੰ ਚਾਹ ਲਿਆਉਣ ਲਈ ਰੰਜਨ ਨੇ ਕਿਹਾ । ਅਰਪਨਾ ਨੇ ਕਿਹਾ, "ਜਿੰਨਾ ਚਿਰ ਚਾਹ ਬਣਦੀ ਏ, ਤੂੰ ਥੋੜਾ ਜਿਹਾ ਗਰਮ ਪਾਣੀ ਤੇ ਸਾਬਣ ਲੈ ਆ, ਮੂੰਹ ਹੱਥ ਧੋਣ ਲਈ ।"

ਪੈਰ ਤੇ ਮੂੰਹ ਹੱਥ ਧੋ ਕੇ ਅਰਪਨਾ ਨੇ ਸਕਾਰਫ਼ ਨਾਲ ਹੀ ਪੂੰਝ ਕੇ ਸਕਾਰਫ਼ ਕਿੱਲੀ 'ਤੇ ਖਲੇਰ ਦਿਤਾ । ਫੇਰ ਉਹਨੇ ਰੰਜਨ ਵਲ ਤੱਕਿਆ ।

— ਹੁਣ ? — ਉਹਨੇ ਸੋਚਿਆ।

ਨ਼ਹੀਂ।

ਚਾਹ ਆ ਗਈ। ਨਾਲ ਕਸ਼ਮੀਰੀ ਨਮਕੀਨ ਛੋਟੇ ਬੰਨ ਸਨ।

"ਇਹਨਾਂ ਵਿਚ ਤੇ ਚੱਕ ਹੀ ਨਹੀਂ ਵੱਜਦਾ", ਅਰਪਨਾ ਨੇ ਉਹਦਾ ਇਕ ਟੁਕੜਾ ਦੰਦਾਂ ਨਾਲ ਟੁੱਕਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਮੈਂ ਦੱਸਾਂ ? ਇਹਨਾਂ ਨੂੰ ਚਾਹ ਵਿਚ ਡੋਬ ਡੋਬ ਕੇ ਖਾਹ", ਤੇ ਉਹਨੇ ਬੰਨ ਦਾ ਇਕ ਸਿਰਾ ਚਾਹ ਦੀ ਪਿਆਲੀ ਵਿਚ ਡੋਬ ਲਿਆ।

"ਇੰਜ ਨਹੀਂ ਮੈਂ ਖਾ ਸਕਦੀ।"

"ਨਾ ਸਹੀ। ਦੰਦਾਂ ਦੀ ਵਰਜ਼ਿਸ਼ ਕਰਾ ਸਗੋਂ, ਸਲਿਮ ਹੋ ਜਾਣਗੇ", ਰੰਜਨ ਨੇ ਮੁਸਕਰਾਂਦਿਆਂ ਹੋਇਆਂ ਆਖਿਆ।

— ਇਹ ਕਿਹੋ ਜਿਹੀਆਂ ਗੱਲਾਂ ਅਸੀਂ ਕਰ ਰਹੇ ਹਾਂ ? ਨਿਹਾਇਤ ਬਚਗਾਨਾ ਗੱਲਾਂ; ਬਿਲਕੁਲ ਇਨਸਿਗਨੀਫ਼ੀਕੈਂਟ ਗੱਲਾਂ! — ਅਰਪਨਾ ਨੇ ਸੋਚਿਆ।

ਉਹ ਚਾਹ ਪੀ ਰਹੇ ਸਨ, ਤੇ ਚੌਕੀਦਾਰ ਫ਼ਾਇਰ-ਪਲੇਸ ਵਿਚ ਲੱਕੜਾਂ ਰੱਖ ਕੇ ਸੁਲਗਾ ਗਿਆ। ਸੁੱਕੀਆਂ ਲੱਕੜਾਂ ਸਨ, ਪਲ ਵਿਚ ਹੀ ਧੂ ਧੂ ਕਰ ਕੇ ਬਲ ਪਈਆਂ। ਕਮਰਾ ਖਿੜ ਆਇਆ।

ਚਾਹ ਪੀ ਕੇ ਉਹ ਅੱਗ ਦੇ ਕੋਲ ਜਾ ਬੈਠੇ।

— ਹੁਣ ? — ਅਰਪਨਾ ਨੇ ਸੋਚਿਆ।

ਉਹਨੇ ਰੰਜਨ ਵਲ ਤੱਕਿਆ।

ਨਹੀਂ।

ਪਲ ਕੁ ਮਗਰੋਂ ਉਹ ਬਾਹਰ ਆ ਗਏ। ਠੰਢ ਕਾਫ਼ੀ ਹੋ ਗਈ ਸੀ। ਅੱਗ ਦੇ ਕੋਲੋਂ ਆਉਣ ਕਰ ਕੇ ਹਵਾ ਹੋਰ ਵੀ ਠੰਢੀ ਲਗੀ। ਅਰਪਨਾ ਨੂੰ ਕੰਬਣੀ ਆ ਗਈ। ਸਵੇਰੇ ਆਉਣ ਲਗਿਆਂ ਕੋਈ ਖ਼ਾਸ ਠੰਢ ਨਹੀਂ ਸੀ, ਤੇ ਉਹ ਆਪਣਾ ਪਤਲਾ ਕੋਟ ਪਾ ਕੇ ਟੁਰ ਪਈ ਸੀ। ਹੁਣ ਓਸ ਕੋਟ ਵਿਚੋਂ ਠੰਢ ਗੁਜ਼ਰ ਕੇ ਉਹਦੀ ਕਮੀਜ਼ ਦੇ ਪਾਰ ਉਹਦੇ ਪਿੰਡੇ ਨੂੰ ਛੁਹ ਰਹੀ ਸੀ।

ਅਰਪਨਾ ਫੇਰ ਕੰਬੀ, ਉ...ਉ...ਉ...ਉ...

ਰੰਜਨ ਨੇ ਆਪਣੀ ਬਾਂਹ ਉਹਦੇ ਮੋਢਿਆਂ ਦੁਆਲੇ ਵਲਾ ਕੇ ਉਹਨੂੰ ਆਪਣੀ ਵੱਖੀ ਦੇ ਨਾਲ ਘੁੱਟ ਲਿਆ, "ਠੰਢ ਲਗਦੀ ਏ ? ਮੇਰੇ ਨਾਲ ਨਾਲ ਤੁਰ।"

ਅਰਪਨਾ ਦੇ ਸਾਰੇ ਪਿੰਡੇ ਵਿਚੋਂ ਇਕ ਗਰਮ ਲਹਿਰ ਕੰਬਦੀ ਹੋਈ ਲੰਘ ਗਈ।

— ਹੁਣ ? — ਉਹਨੇ ਸੋਚਿਆ।

ਨਹੀਂ।

ਪਾਣੀ ਦੇ ਕਿਨਾਰੇ ਪਹੁੰਚ ਗਏ ਸਨ ਉਹ। ਪਾਣੀ ਸੀ ਕਿ ਇਕ ਪਾਗਲਪਣ ਸੀ,



ਜਿਹੜਾ ਥੋੜੀ ਜਿਹੀ ਉਚਾਈ ਤੋਂ ਇਕ ਅੰਨ੍ਹੇ ਜੋਸ਼ ਵਿਚ ਆ ਕੇ ਥੱਲੇ ਡਿਗਦਾ ਸੀ, ਤੇ ਝੱਗੋ ਝੱਗ ਹੋ ਕੇ ਵੱਲਿਅਸ ਖਾਂਦਾ, ਤੇਜ਼ੀ ਨਾਲ ਅਗੇ ਦੌੜ ਪੈਂਦਾ ਸੀ। ਦੂਧੀਆ ਰੰਗ ਦਾ ਝੱਗੋ ਝੱਗ ਉਫ਼ਨਦਾ ਹੋਇਆ, ਵਲ ਖਾਂਦਾ, ਪਟਕਦਾ, ਦੌੜਦਾ, ਵਹਾ ਦਿਸਦਾ ਸੀ; ਬਸ! ਤੇ ਅੰਤਾਂ ਦਾ ਸ਼ੋਰ ਸੀ। ਸ਼ਾਮ ਦੇ ਗਹਿਰਾਂਦੇ ਪਰਛਾਵਿਆਂ ਵਿਚ ਵੀ ਉਹ ਪਾਣੀ ਦੁੱਧ ਵਾਂਗੂੰ ਚਿੱਟਾ ਨਜ਼ਰ ਆ ਰਿਹਾ ਸੀ। ਸੈਂਕੜੇ ਨਿੱਕੀਆਂ ਨਿੱਕੀਆਂ ਛਿੱਟਾਂ ਉੱਡ ਕੇ ਅਰਪਨਾ ਦੇ ਸਾਰੇ ਪਿੰਡੇ ਉਤੇ ਪਈਆਂ ਪੈਂਦੀਆਂ ਸਨ।

"ਐਥੇ ਤੇ ਸਵੇਰੇ ਮੈਂ ਨਹਾਵਾਂਗੀ", ਅਰਪਨਾ ਨੇ ਬਾਲਾਂ ਵਾਂਗੂੰ ਮਚਲ ਕੇ ਕਿਹਾ।

"ਹਾਂ, ਨਹਾਏਂਗੀ! ਤੇਰਾ ਕੀਮਾ ਬਣ ਜਾਏਗਾ ਏਥੇ", ਰੰਜਨ ਨੇ ਕਿਹਾ, ਤੇ ਨਾਲ ਹੀ ਆਪਣੀ ਬਾਂਹ ਉਹਦੇ ਮੋਢਿਆਂ ਦੁਆਲੇ ਰਤਾ ਕੁ ਹੋਰ ਕੱਸ ਲਈ।

ਅਰਪਨਾ ਦਾ ਸਾਰਾ ਜਿਸਮ ਇੰਤਜ਼ਾਰ ਵਿਚ ਸੀ।

"ਪਰ ਇਹ ਪਾਣੀ ਆਉਂਦਾ ਕਿਥੋਂ ਵੇ ?" ਅਰਪਨਾ ਨੇ ਕੁਝ ਚਿਰ ਮਗਰੋਂ ਆਪਣੀ ਆਵਾਜ਼ ਸਾਂਵੀਂ ਰਖਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਰਤਾ ਕੁ ਅੱਗੇ ਨੇ ਉਹ ਥਾਵਾਂ। ਤੂੰ ਜ਼ਰਾ ਏਥੇ ਠਹਿਰ, ਮੈਂ ਚੌਕੀਦਾਰ ਕੋਲੋਂ ਟਾਰਚ ਲੈ ਆਵਾਂ, ਮਤੇ ਆਉਂਦੀ ਵਾਰੀ ਰਾਹ ਈ ਨਾ ਲੱਭੇ।"

ਰੰਜਨ ਵਾਪਸ ਮੁੜ ਆਇਆ, ਤੇ ਉਹ ਅਗੇ ਟੁਰ ਪਏ।

ਅਗੇ ਜਾ ਕੇ ਪਹਾੜ ਦੇ ਬਿਲਕੁਲ ਪੈਰਾਂ ਕੋਲੋਂ ਪਾਣੀ ਦੀ ਇਕ ਮੋਟੀ ਜਿਹੀ ਧਾਰ ਉੱਛਲ ਕੇ ਬਾਹਰ ਨਿਕਲ ਰਹੀ ਸੀ — ਏਨੀ ਮੋਟੀ ਕਿ ਜੇ ਉਹਨੂੰ ਜੱਫੀ ਵਿਚ ਲੈਣ ਦੀ ਕੋਸ਼ਿਸ਼ ਕੀਤੀ ਜਾਵੇ, ਤਾਂ ਨਾ ਆਵੇ। ਏਨਾ ਸਾਰਾ ਪਾਣੀ ਪਹਾੜ ਦੀ ਕੁੱਖ ਵਿਚੋਂ ਇਕ ਪਾਗ਼ਲ ਵੇਗ ਵਿਚ ਬਾਹਰ ਨਿਕਲ ਰਿਹਾ ਸੀ — ਅੰਤਾਂ ਦੀ ਕਾਹਲ ਵਿਚ।

"ਏਸੇ ਤਰ੍ਹਾਂ ਪੰਜ ਛੇ ਥਾਂ ਤੋਂ ਪਾਣੀ ਨਿਕਲਦਾ ਏ — ਤੇ ਫੇਰ ਉਹ ਸਾਰਾ ਪਾਣੀ ਉਥੇ 'ਕੱਠਾ ਹੋ ਜਾਂਦਾ ਏ ਜਿਥੋਂ ਅਸੀਂ ਹੁਣੇ ਆਏ ਹਾਂ", ਰੰਜਨ ਨੇ ਉਹਨੂੰ ਦਸਿਆ।

ਪਾਣੀ ਹਨੇਰੇ ਵਿਚ ਦੁੱਧ ਵਾਂਗੂੰ ਚਿੱਟਾ ਜਾਪ ਰਿਹਾ ਸੀ। ਪਲ ਦੇ ਪਲ ਲਈ ਅਰਪਨਾ ਨੂੰ ਲੱਗਾ ਜਿਵੇਂ ਚੰਨ ਦਾ ਤੇ ਤਾਰਿਆਂ ਦਾ ਸਾਰਾ ਚਾਨਣ — ਗੋਰਾ ਚਿੱਟਾ ਮਲੂਕ ਚਾਨਣ — ਘੁਲ ਕੇ ਪਹਾੜ ਦੀ ਬੁੱਕਲ ਵਿਚੋਂ ਬਾਹਰ ਵਹਿ ਤੁਰਿਆ ਸੀ।

ਬੱਦਲ ਤੇ ਜਿਵੇਂ ਬਿਲਕੁਲ ਸਿਰ ਦੇ ਉਤੇ ਖੜੋਤੇ ਸਨ। ਵਿਚ ਵਿਚ ਬਿਜਲੀ ਚਮਕ ਰਹੀ ਸੀ — ਜਿਵੇਂ ਕੋਈ ਉਸ ਬੱਦਲਾਂ ਦੀ ਲੋਈ ਦਾ ਲੰਗਾਰ ਲਾਹ ਰਿਹਾ ਹੋਵੇ।

ਹਵਾ ਦਰਖ਼ਤਾਂ ਦੇ ਵਿਚੋਂ ਸਰਸਰਾਂਦੀ ਹੋਈ ਗੁਜ਼ਰ ਰਹੀ ਸੀ। ਇਹ ਹਵਾ ਦੇ ਸਾਹ ਦੀ ਆਵਾਜ਼ ਸੀ, ਕਿ ਦਰਖ਼ਤਾਂ ਦੇ ਸਾਹ ਦੀ ? ਜਾਂ ਦੋਹਾਂ ਦੇ ਸਾਹ ਉਹਦੇ ਆਪਣੇ ਸਾਹਾਂ ਨਾਲ ਰਲ ਗਏ ਸਨ ?

ਅਰਪਨਾ ਸੋਚ ਰਹੀ ਸੀ — ਪਤਾ ਨਹੀਂ, ਇਸ ਪਹਾੜ ਦੀ ਹਿੱਕ ਵਿਚ ਕੀ ਉਮੁਲਦਾ ਏ। ਪਤਾ ਨਹੀਂ ਕੀ ਵਾਪਰਦੀਆਂ ਨੇ ਇਹਦੀ ਹਿੱਕ ਵਿਚ...। ਕਿਸ ਲਾਡ ਨਾਲ, ਕਿਸ ਪਿਆਰ ਨਾਲ ਇਹਨੇ ਬਰਫ਼ਾਂ ਨੂੰ ਆਪਣੇ ਅੰਦਰ ਸਮੇਟ ਲਿਆ ਹੋਵੇਗਾ — ਮਹਿਬੂਬ ਦੇ ਨਾਂ ਵਾਂਗੂੰ। ਤੇ ਹੁਣ ਪਾਗਲ ਅੱਥਰੂਆਂ ਵਾਂਗੂੰ ਉਹ ਪਿਘਲ ਕੇ ਵਹਿ ਤੁਰੀਆਂ ਨੇ।

ਅਚਾਨਕ ਉਹਨੇ ਰੰਜਨ ਵਲ ਤੱਕਿਆ। ਰੰਜਨ ਉਹਦੇ ਵਲ ਹੀ ਤੱਕ ਰਿਹਾ ਸੀ। ਅਰਪਨਾ ਦਾ ਦਿਲ ਇਕ ਧੜਕਣ ਭੁੱਲ ਗਿਆ।

— ਹੁਣ ? — ਉਹਨੇ ਸੋਚਿਆ।

ਰਾਤ ਇਕ ਸੱਪਣੀ ਵਾਂਗੂੰ ਵਲਿਅਸ ਖਾਂਦੀ ਹੋਈ ਪਰਛਾਵਿਆਂ ਲੱਦੀ ਸ਼ਾਮ ਦੀ ਕੁੰਜ ਲਾਹ ਕੇ ਬਾਹਰ ਨਿਕਲ ਰਹੀ ਸੀ।

ਰੰਜਨ ਵਾਪਸ ਮੁੜ ਪਿਆ। "ਬਾਕੀ ਸਭ ਕੁਝ ਸਵੇਰੇ ਤੱਕਾਂਗੇ।"

ਵਾਪਸ ਕਮਰੇ ਵਿਚ ਪਰਤ ਕੇ ਵੇਖਿਆ, ਚੌਕੀਦਾਰ ਲਾਲਟੈਨ ਰਖ ਗਿਆ ਹੋਇਆ ਸੀ। ਇਕ ਸੁਪਨੀਲਾ ਚਾਨਣ ਸਾਰੇ ਕਮਰੇ ਵਿਚ ਊਂਘਦਾ ਹੋਇਆ ਰੀਂਗ ਰਿਹਾ ਸੀ।

"ਅਲਫ਼ ਲੈਲਾ ਦੀਆਂ ਕਹਾਣੀਆਂ ਦਾ ਐਟਮਸਫ਼ੀਅਰ ਏ" ਅਰਪਨਾ ਨੇ ਮੁਸਕਰਾ ਕੇ ਕਿਹਾ।

"ਸਾਰੀ ਅਲਫ਼ ਲੈਲਾ ਯਾਦ ਆ ਜਾਏਗੀ ਜਿਸ ਵੇਲੇ ਦੇਵੀ ਜੀ ਨੂੰ ਸਾਰੀ ਰਾਤ ਕੁੱਕੜੀ ਵਾਂਗੂੰ ਠੰਢ ਵਿਚ ਬਹਿ ਕੇ ਠੁਰਕਣਾ ਪਿਆ", ਰੰਜਨ ਨੇ ਹੱਸਦਿਆਂ ਹੋਇਆਂ ਕਿਹਾ।

ਅਰਪਨਾ ਨੇ ਵੇਖਿਆ, ਰੰਜਨ ਦਾ ਹਾਸਾ ਓਪਰਾ ਸੀ; ਕਿਸੇ ਭਾਰ ਨਾਲ ਲੱਦਿਆ ਹੋਇਆ ਜਿਵੇਂ ਲੁੜਕ ਰਿਹਾ ਹੋਵੇ।

ਇਕ ਪਲ ਕੰਬਦਾ ਹੋਇਆ ਕਮਰੇ ਦੇ ਫ਼ਰਸ਼ ਤੇ ਛੱਤ ਵਿਚਕਾਰ ਖੜੋ ਗਿਆ।

ਚੌਕੀਦਾਰ ਨੇ ਬੂਹਾ ਠਕੋਰਿਆ, "ਖਾਣਾ ਖਾਉਗੇ ਸਾਹਿਬ ?"

"ਜ਼ਰੂਰ ਖਾਵਾਂਗੇ, ਫ਼ੌਰਨ ਲੈ ਆ", ਰੰਜਨ ਨੇ ਕਿਹਾ।

ਚੌਕੀਦਾਰ ਖਾਣਾ ਲੈ ਆਇਆ। ਚੌੜੇ ਕਹਿੰ ਦੇ ਥਾਲਾਂ ਵਿਚ ਇਕ ਪਾਸੇ ਮੋਟੇ ਗੋਲ ਗੋਲ ਚਾਵਲਾਂ ਦਾ ਢੇਰ ਸੀ, ਇਕ ਕੌਲ ਵਿਚ ਪਾਣੀ ਵਿਚ ਕੁਝ ਪੱਤੇ ਤਰ ਰਹੇ ਸਨ — ਇਹ ਕੜਮ ਦਾ ਸਾਗ ਸੀ। ਦੂਜੇ ਕੌਲ ਵਿਚ ਦਾਲ ਸੀ — ਪਤਲੀ, ਡੁਬਕੀ ਮਾਰਨ ਵਰਗੀ। ਤੀਜੇ ਕੌਲ ਵਿਚ ਮੱਛੀ ਦੀ ਤਰਕਾਰੀ ਸੀ।

"ਸਾ'ਬ, ਇਹ ਖ਼ਾਸ ਅੱਛਾਬਲ ਦਾ ਟਰਾਊਟ ਏ" — ਚੌਕੀਦਾਰ ਨੇ ਖ਼ੁਸ਼ਾਮਦਾਨਾ ਲਹਿਜੇ ਵਿਚ ਕਿਹਾ।

"ਇਸ ਤੋਂ ਮਗਰੋਂ ਚਾਹ ਦਾ ਇਕ ਇਕ ਕੱਪ" ਰੰਜਨ ਨੇ ਚੌਕੀਦਾਰ ਨੂੰ ਦੱਸਿਆ।"

ਚੌਕੀਦਾਰ ਚਲਾ ਗਿਆ। ਉਹ ਦੋਵੇਂ ਚੁੱਪ ਚਾਪ ਖਾਣਾ ਖਾਂਦੇ ਰਹੇ। ਗਰਾਹੀ ਅਰਪਨਾ ਦੇ ਸੰਘੋਂ ਹੇਠਾਂ ਨਹੀਂ ਸੀ ਉਤਰ ਰਹੀ। ਕੀ ਹੋਏਗਾ ? — ਉਹਦਾ ਸਾਰਾ ਜਿਸਮ, ਉਹਦੇ ਸਾਰੇ ਖ਼ਿਆਲ ਇੰਜ ਸਨ, ਜਿਵੇਂ ਹੁਣੇ ਤਿੜਕ ਕੇ ਟੁੱਟ ਜਾਣਗੇ।

ਰੋਟੀ ਖਾ ਕੇ ਉਹ ਅੱਗ ਕੋਲ ਬਹਿ ਗਏ, ਤੇ ਸੋਚਣ ਲਗੇ, ਰਾਤ ਕਿਸ ਤਰ੍ਹਾਂ ਬਿਤਾਈ ਜਾਵੇ। ਟੁਰ ਟੁਰ ਕੇ ਥਕਾਵਟ ਕਾਫ਼ੀ ਹੋਈ ਹੋਈ ਸੀ, ਤੇ ਸੌਣ ਲਈ ਕੋਈ ਬਿਸਤਰਾ ਨਹੀਂ ਸੀ।

"ਚੌਕੀਦਾਰ ਦੀ ਹੀ ਖ਼ੁਸ਼ਾਮਦ ਕਰਨੀ ਆਂ", ਰੰਜਨ ਨੇ ਸੋਚਿਆ।



ਜਿਸ ਵੇਲੇ ਚੌਕੀਦਾਰ ਚਾਹ ਦੇਣ ਆਇਆ, ਰੰਜਨ ਨੇ ਉਹਨੂੰ ਕਿਹਾ, "ਥੋੜਾ ਜਿਹਾ ਸੁੱਕਾ ਘਾਹ ਹੋਵੇ ਨਾ, ਤੇ ਇਕ ਅੱਧ ਗਰਮ ਕੱਪੜਾ। ਬਸ, ਕਾਫ਼ੀ ਏ।"

ਚੌਕੀਦਾਰ ਪਲ ਕੁ ਤਾਂ ਚੁਪਚਾਪ ਉਹਦੇ ਮੂੰਹ ਵਲ ਵਿਹੰਦਾ ਰਿਹਾ, ਫੇਰ 'ਅੱਛਾ ਸਾ'ਬ' ਕਹਿ ਕੇ ਚਲਾ ਗਿਆ।

ਬਾਹਰ ਬੱਦਲ ਗਰਜ ਰਿਹਾ ਸੀ। ਦਰਖ਼ਤਾਂ ਦੇ ਪੱਤੇ ਖੜਖੜਾ ਰਹੇ ਸਨ। ਰਾਤ ਦੀ ਖ਼ਾਮੋਸ਼ੀ ਹੁੰਕਾਰ ਰਹੀ ਸੀ। ਪਾਣੀ ਦਾ ਸ਼ੋਰ ਵਾਤਾਵਰਣ ਵਿਚ ਘੁਲ ਰਿਹਾ ਸੀ — ਇਕ ਬਹੁਤ ਗੂੜ੍ਹੇ ਰੰਗ ਵਾਂਗੂੰ।

— ਸ਼ੋਰ ਦਾ ਰੰਗ...ਗੂਹੜਾ ਰੰਗ... — ਅਰਪਨਾ ਸੋਚ ਰਹੀ ਸੀ।

ਘਾਹ ਵਿਛ ਗਿਆ। ਦੋ ਕੰਬਲ ਆ ਗਏ।

— ਹੁਣ ? — ਅਰਪਨਾ ਨੇ ਕੰਬਦਿਆਂ ਹੋਇਆਂ ਸੋਚਿਆ।

ਉਹਨੇ ਰੰਜਨ ਦੇ ਮੂੰਹ ਵਲ ਤੱਕਿਆ।

— ਜੇ ਹੁਣ ਨਹੀਂ, ਤਾਂ ਫੇਰ ਕਦੇ ਵੀ ਨਹੀਂ...

— ਇਹ ਦੋਸਤੀ ਦਾ ਰਿਸ਼ਤਾ ਜੇ ਮੁਹੱਬਤ ਦੇ ਰਿਸ਼ਤੇ ਵਿਚ ਤਬਦੀਲ ਹੋਵੇਗਾ, ਤਾਂ ਅੱਜ ਦੀ ਰਾਤ, ਨਹੀਂ ਤੇ ਫੇਰ ਕਦੇ ਵੀ ਨਹੀਂ।...

ਆਪਣੇ ਆਪਣੇ ਕੋਟ ਉਹਨਾਂ ਨੇ ਘਾਹ ਉਤੇ ਖਲੇਰ ਲਏ।

ਰੰਜਨ ਨੇ ਕਿਹਾ, "ਅੱਪੂ, ਡਰ ਤੇ ਨਹੀਂ ਲਗੇਗਾ ਤੈਨੂੰ ਹਨੇਰੇ ਤੋਂ ? ਲੈਂਪ ਬੁਝਾ ਦਿਆਂ ਨਾ ?"

"ਤੇਰੇ ਹੁੰਦਿਆਂ ਤੇ ਮੈਨੂੰ ਕਦੇ ਵੀ ਡਰ ਨਹੀਂ ਲਗਾ"।

ਅਰਪਨਾ ਨੇ ਆਪਣੀ ਆਵਾਜ਼ ਨੂੰ ਪੂਰੀ ਕੋਸ਼ਿਸ਼ ਨਾਲ ਘੁੱਟ ਕੇ ਫੜਿਆ ਹੋਇਆ ਸੀ, ਕਿਧਰੇ ਉਹਦੀ ਲਰਜ਼ਸ਼ ਨੂੰ ਰੰਜਨ ਮਹਿਸੂਸ ਨਾ ਕਰ ਲਵੇ।

ਰੰਜਨ ਨੇ ਲੈਂਪ ਬਿਲਕੁਲ ਨਿੰਮ੍ਹਾਂ ਕਰ ਦਿਤਾ। ਫੇਰ ਪਲ ਦਾ ਪਲ ਰੁਕ ਕੇ ਉੱਕਾ ਬੁਝਾ ਦਿਤਾ; ਤੇ ਆ ਕੇ ਆਪਣੇ ਕੋਟ 'ਤੇ ਲੇਟ ਗਿਆ। ਅਰਪਨਾ ਆਪਣੇ ਕੋਟ 'ਤੇ ਪਿੱਠ ਦੇ ਭਾਰ ਲੇਟੀ ਹੋਈ ਸੀ, ਤੇ ਕੰਬਲ ਉਹਨੇ ਘੁੱਟ ਕੇ ਆਪਣੇ ਦੁਆਲੇ ਲਪੇਟਿਆ ਹੋਇਆ ਸੀ, ਪਰ ਜਿਸਮ ਉਹਦਾ ਅਜੇ ਵੀ ਕੰਬ ਰਿਹਾ ਸੀ। ਉਂਜ ਠੰਢ ਉੱਕਾ ਨਹੀਂ ਸੀ। ਕਮਰੇ ਵਿਚ ਬਲਦੀ ਅੱਗ ਨੇ ਕਮਰੇ ਨੂੰ ਦੋਸਤਾਨਾ ਨਿੱਘ ਨਾਲ ਭਰ ਦਿਤਾ ਸੀ।

ਪਤਾ ਨਹੀਂ ਕਿੰਨੇ ਪਲ ਦੋਹਾਂ ਦੇ ਸਿਰਾਂ ਤੋਂ ਖ਼ਾਮੋਸ਼ ਪਰਵਾਜ਼ ਕਰਦੇ ਲੰਘ ਗਏ — ਅਰਪਨਾ ਨੂੰ ਲਗਾ, ਜਿਵੇਂ ਇਕ ਜੁਗ ਗੁਜ਼ਰ ਰਿਹਾ ਸੀ, ਆਪਣੇ ਵੱਡੇ ਸਾਰੇ ਰਥ ਵਿਚ ਬੈਠਾ ਹੋਇਆ, ਤੇ ਰਥ ਦੇ ਪਹੀਏ ਉਹਦੀ ਆਪਣੀ ਹਿੱਕ ਤੋਂ ਲੰਘ ਰਹੇ ਸਨ।

ਅਰਪਨਾ ਨੂੰ ਲਗਾ, ਏਸ ਅਚਵੀਂ ਦੀ ਘੁਟਣ ਨਾਲ ਤਾਂ ਉਸ ਦੀਆਂ ਪਸਲੀਆਂ ਚੁਰਮੁਰਾਂਦੀਆਂ ਹੋਈਆਂ ਕੜਕ ਜਾਣਗੀਆਂ।

— ਜੇ ਹੁਣ ਨਹੀਂ, ਤਾਂ ਫੇਰ ਕਦੇ ਵੀ ਨਹੀਂ...ਜੇ ਹੁਣ ਨਹੀਂ ਤਾਂ ਫੇਰ ਕਦੇ ਵੀ ਨਹੀਂ...

ਅਰਪਨਾ ਨੂੰ ਰੰਜਨ ਦੀ ਇਕ ਇਕ ਗੱਲ ਯਾਦ ਆ ਰਹੀ ਸੀ। ਮੰਨੂੰ ਦੇ ਵਿਆਹ ਤੋਂ ਮਗਰੋਂ ਦੀ ਰਾਤ, ਜਦੋਂ ਰੰਜਨ ਉਹਦੇ ਘਰ ਹੀ ਗੱਲਾਂ ਕਰਦਾ ਕਰਦਾ, ਕੌਫ਼ੀ ਪੀਂਦਾ ਪੀਂਦਾ ਥੱਕ ਹਾਰ ਕੇ ਲੇਟ ਗਿਆ ਸੀ, ਤੇ ਉਹਨੂੰ ਨੀਂਦ ਨਹੀਂ ਸੀ ਆ ਰਹੀ; ਤੇ ਅਰਪਨਾ ਨੇ ਉਹਦੇ ਵਾਲਾਂ ਵਿਚ ਹੌਲੀ ਹੌਲੀ ਉਂਗਲਾਂ ਫੇਰੀਆਂ ਸਨ, ਉਹਦੀਆਂ ਕਨਪਟੀਆਂ ਨੂੰ ਥਪਥਪਾਇਆ ਸੀ; ਤੇ ਰੰਜਨ ਨੇ ਉਹਦਾ ਹੱਥ ਫੜ ਕੇ ਹੋਠਾਂ 'ਤੇ ਰਖ ਲਿਆ ਸੀ। ਫੇਰ ਕਈ ਵਾਰੀ ਉਹ ਇੰਜ ਉਹਦੇ ਵਲ ਤੱਕਦਾ ਹੋਇਆ ਹੌਲੀ ਜਿਹੀ ਆਖਦਾ, "ਅਰਪਨਾ...ਅਪੂ...", ਉਹਦੀ ਆਵਾਜ਼ ਜਿਵੇਂ ਕਿਸੇ ਡੂੰਘੇ ਖੂਹ ਵਿਚੋਂ ਆ ਰਹੀ ਹੁੰਦੀ, ਤੇ ਪਤਾ ਨਹੀਂ ਕਾਹਦਾ ਕਾਹਦਾ ਬੋਝ ਉਸ ਆਵਾਜ਼ 'ਤੇ ਲੱਦਿਆ ਹੁੰਦਾ, ਤੇ ਅਰਪਨਾ ਦੀਆਂ ਪਲਕਾਂ ਝੁਕ ਜਾਂਦੀਆਂ।...ਇਕ ਵਾਰੀ ਇਕ ਗ਼ਜ਼ਲ ਲਿਖ ਕੇ ਉਹਨੇ ਅਰਪਨਾ ਨੂੰ ਦਿਤੀ ਸੀ,'ਇਹ ਮੈਂ ਤੇਰੇ ਲਈ ਲਿਖੀ ਏ।'...ਕੱਲ੍ਹ ਰਾਤੀਂ ਉਹ ਸ਼ਿਅਰ ਸੁਣਾਂਦਿਆਂ ਉਹਨੇ ਕਿੰਜ ਤੱਕਿਆ ਸੀ ਅਰਪਨਾ ਵਲ...ਕਿੰਜ ਤੱਕਿਆ ਸੀ...

ਬਾਹਰ ਮੀਂਹ ਵੱਸਣਾ ਸ਼ੁਰੂ ਹੋ ਗਿਆ ਸੀ। ਕਣੀਆਂ ਕੜਕੜਾਂਦੀਆਂ ਹੋਈਆਂ ਟੀਨ ਦੀ ਛੱਤ 'ਤੇ ਡਿੱਗ ਰਹੀਆਂ ਸਨ।

ਅੱਗ ਵਾਲੀ ਥਾਂ ਵਿਚ ਲੱਕੜਾਂ ਸੁਲਗ ਰਹੀਆਂ ਸਨ। ਰੰਜਨ ਚੁੱਪ ਸੀ। ਅਰਪਨਾ ਦਾ ਜੀਅ ਕੀਤਾ, ਉਹ ਰੋ ਪਵੇ...ਫਫਕ ਕੇ, ਸੁਬਕਦੀ ਹੋਈ ਰੋ ਦੇਵੇ...ਤਾਂ ਕਿ ਇਹ ਸਾਰਾ ਖਿੱਚਿਆ ਹੋਇਆ ਤਣਾਓ, ਉਹਦੇ ਜਿਸਮ ਦੀ ਸਾਰੀ ਕਲਵਲਾਂਦੀ ਪੀੜ ਅੱਥਰੂਆਂ ਵਿਚ ਵਹਿ ਜਾਏ।

— ਨਹੀਂ, ਨਹੀਂ, ਇੰਜ ਨਹੀਂ।

ਰੰਜਨ ਨੇ ਅਰਪਨਾ ਵਲ ਹੱਥ ਵਧਾ ਕੇ ਉਹਦੇ ਵਾਲਾਂ ਨੂੰ ਪਲੋਸਿਆ, "ਅਰਪਨਾ, ਸੌਂ ਗਈ?"

ਅਰਪਨਾ ਦੀ ਆਵਾਜ਼ ਕੰਬ ਰਹੀ ਸੀ, "ਨਹੀਂ"। ਤੇ ਉਹਨੇ ਆਪਣੀ ਗੱਲ੍ਹ ਆਹਿਸਤਾ ਜਿਹੇ ਰੰਜਨ ਦੇ ਹੱਥ ਦੀ ਤਲੀ 'ਤੇ ਰਖ ਦਿਤੀ।

— ਹੁਣ...ਹੁਣ...

ਅਰਪਨਾ ਦੀ ਸਾਰੀ ਜਿੰਦ ਥਰਥਰਾ ਰਹੀ ਸੀ।

"ਅਰਪਨਾ..." ਰੰਜਨ ਦੀ ਆਵਾਜ਼ ਦਾ ਕਾਂਬਾ ਅਰਪਨਾ ਨੂੰ ਛੋਹਿਆ। ਰੰਜਨ ਦੀ ਆਵਾਜ਼ ਭਾਰੀ ਸੀ।

— ਹੁਣ...ਹੁਣ...

ਅਰਪਨਾ ਦੇ ਜਿਸਮ ਦਾ ਇਕ ਇਕ ਲੂੰਅ ਝਨਕਾਰਦਾ ਹੋਇਆ ਗੂੰਜ ਰਿਹਾ ਸੀ।

ਫੇਰ ਅਰਪਨਾ ਨੇ ਤੱਕਿਆ, ਰੰਜਨ ਦੀਆਂ ਅੱਖਾਂ ਉਹਦੀਆਂ ਅੱਖਾਂ ਵਿਚ ਝਾਕ ਰਹੀਆਂ ਸਨ, ਤੇ ਅੱਗ ਦੀਆਂ ਲਾਟਾਂ ਦੇ ਪਰਛਾਵੇਂ ਉਹਨਾਂ ਅੱਖਾਂ ਨੂੰ ਬੇਹੱਦ ਦਿਲਕਸ਼ ਬਣਾ ਰਹੇ ਸਨ।

ਅਰਪਨਾ ਨੇ ਰੰਜਨ ਦੇ ਗਰਮ ਸਾਹ ਨੂੰ ਆਪਣੀਆਂ ਗੱਲ੍ਹਾਂ 'ਤੇ ਮਹਿਸੂਸ ਕੀਤਾ। ਇਕ ਡੀਕ ਨਾਲ ਉਹਨੇ ਉਹਨਾਂ ਸਾਹਾਂ ਦੀ ਮਹਿਕ ਨੂੰ ਪੀ ਲਿਆ।



ਬਾਹਰ ਮੀਂਹ ਵੱਸ ਰਿਹਾ ਸੀ। ਪਾਣੀ ਦਾ ਸ਼ੋਰ ਫੈਲ ਫੈਲ ਕੇ ਖਿੱਲਰ ਰਿਹਾ ਸੀ। ਪਰ ਅਰਪਨਾ ਦੇ ਆਪਣੇ ਅੰਦਰ ਢੋਲਾਂ ਵਾਂਗੂੰ ਵਜਦੀ ਧੱਕ ਧੱਕ ਦਾ ਏਨਾ ਰੌਲਾ ਸੀ, ਕਿ ਉਹਨੂੰ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਉਸ ਦੀ ਸਾਰੀ ਜਿੰਦ ਦਾ ਬੇ-ਕਿਨਾਰ ਸਮੁੰਦਰ ਸੁੰਗੜ ਕੇ ਹਸਤੀ ਦਾ ਇਕ ਨਿੱਕਾ ਜਿਹਾ ਜ਼ੱਰਾ ਬਣ ਗਿਆ ਸੀ, ਤੇ ਉਹ ਜ਼ੱਰਾ ਕੰਬ ਰਿਹਾ ਸੀ...ਥਰਥਰਾ ਰਿਹਾ ਸੀ।

ਕੱਸਿਆ ਹੋਇਆ ਤਣਾਓ...! ਅਰਪਨਾ ਨੂੰ ਲਗਾ, ਉਹਦਾ ਸਾਰਾ ਜਿਸਮ ਹੁਣੇ ਬੰਬ ਵਾਂਗ ਫ਼ਟ ਜਾਵੇਗਾ। ਇਕ ਧਮਾਕਾ ਹੋਵੇਗਾ, ਤੇ ਉਹਦਾ ਜਿਸਮ ਕਣ-ਕਣ ਹੋ ਕੇ ਖਿੱਲਰ ਜਾਏਗਾ।

"ਰੰਜਨ...ਰੰਜਨ..." ਅਰਪਨਾ ਦੇ ਹੋਠਾਂ 'ਤੇ ਲਫ਼ਜ਼ ਕੰਬ ਰਹੇ ਸਨ।

ਰੰਜਨ ਨੇ ਉਹਦੇ ਵਾਲਾਂ ਵਿਚ ਉਂਗਲਾਂ ਫੇਰਦਿਆਂ ਉਹਦੇ ਪਾਸੇ ਨਾਲ ਪਈ ਉਹਦੀ ਲੰਮ-ਸਲੰਮੀ ਗੁੱਤ ਨੂੰ ਖੋਲ੍ਹ ਦਿਤਾ, ਤੇ ਸਾਰੇ ਵਾਲ ਆਪਣੀ ਧੌਣ ਦੁਆਲੇ ਲਪੇਟ ਲਏ। ਫੇਰ ਰੰਜਨ ਦੇ ਹੱਥਾਂ ਦੀ ਕੰਬਦੀ ਹੋਈ ਮੰਗ ਜਿਵੇਂ ਊਂਘ ਗਈ, ਉਹਦਾ ਸਾਰਾ ਜਿਸਮ ਸਿਥਲ ਹੁੰਦਾ ਹੁੰਦਾ ਭਾਰਾ ਹੋ ਗਿਆ।

ਅਰਪਨਾ ਨੂੰ ਲਗਾ, ਰੰਜਨ ਇਕ ਦਮ ਬਹੁਤ ਦੂਰ ਚਲਾ ਗਿਆ ਸੀ। ਪਤਾ ਨਹੀਂ ਕਿਥੇ ਗੁਆਚ ਗਿਆ ਸੀ।

ਰੰਜਨ ਨੇ ਇਕ ਹਉਕਾ ਭਰਿਆ, "ਮੰਨੂੰ ਦੇ ਵਾਲ ਵੀ ਤੇਰੇ ਵਰਗੇ ਸਨ ਅੱਪੂ! — ਕੋਹ ਕੋਹ ਲੰਮੇ ਕੇਸ!" ਤੇ ਉਹਨੇ ਅਰਪਨਾ ਦੀ ਗੱਲ੍ਹ ਨੂੰ ਆਪਣੀ ਤਲੀ ਨਾਲ ਦੁਲਾਰਿਆ।

ਅਰਪਨਾ ਨੂੰ ਲੱਗਾ, ਜਿਵੇਂ ਤੇਜ਼ ਦੌੜਦਿਆਂ ਉਹਦਾ ਮੱਥਾ ਕਿਸੇ ਕੰਧ ਨਾਲ ਜਾ ਵੱਜਾ ਸੀ।

ਅਰਪਨਾ ਨੂੰ ਲਗਾ, ਉਹਦੇ ਅੰਦਰ ਦੀ ਤੀਵੀਂ ਦੇ ਢਿੱਡ ਵਿਚ ਰੰਜਨ ਨੇ ਛੁਰਾ ਖੋਭ ਦਿਤਾ ਸੀ।

ਅਰਪਨਾ ਦੀਆਂ ਬਾਹਵਾਂ ਢਿੱਲੀਆਂ ਹੋ ਗਈਆਂ। ਉਹਦੇ ਪਿੰਡੇ ਦੀ ਕੰਬਣੀ ਅਚਾਨਕ ਠਿਠਕ ਕੇ ਖੜੋ ਗਈ।

ਉਹਦੀਆਂ ਸੋਚਾਂ ਵਿਚ ਧੂ-ਧੂ ਕਰ ਕੇ ਬਲਦੀ ਅੱਗ ਪਾਣੀ ਦੇ ਛੱਟੇ ਨਾਲ ਸੁਨ-ਸੁਨ ਕਰ ਕੇ ਬੁਝ ਗਈ। ਉਹਦੇ ਅੰਦਰ ਇਕ ਭੁਚਾਲ ਜਿਵੇਂ ਥੰਮ੍ਹ ਗਿਆ। ਉਹਦੇ ਪਿੰਡੇ ਨਾਲ ਜਿਵੇਂ ਕਿਸੇ ਨੇ ਮਣਾਂ-ਮੂੰਹੀਂ ਭਾਰੇ ਪੱਥਰ ਬੰਨ੍ਹ ਦਿਤੇ।

— ਓਹ, ਤਾਂ ਰੰਜਨ ਮੰਨੂੰ ਦਾ ਸਬਸਟੀਚਿਊਟ ਤਲਾਸ਼ ਕਰ ਰਿਹਾ ਏ — ਸਿਰਫ਼ ਇਕ ਸਬਸਟੀਚਿਊਟ! ਇਹਨੂੰ ਮੇਰੀ ਲੋੜ ਸਿਰਫ਼ ਏਸ ਕਰ ਕੇ ਐ, ਕਿਉਂਕਿ ਮੈਂ ਮੰਨੂੰ ਦੇ ਵਟਾਂਦਰੇ ਵਿਚ ਇਹਦੇ ਕੋਲ ਆਂ। ਉਹ ਮੇਰੀਆਂ ਬਾਹਵਾਂ ਵਿਚ ਲੇਟਿਆਂ ਮੰਨੂੰ ਨੂੰ ਯਾਦ ਕਰ ਰਿਹਾ ਏ...।

ਉਹਦੇ ਅੰਦਰ ਕੁਝ ਕੁਰਲਾ ਰਿਹਾ ਸੀ — ਰੰਜਨ, ਤੂੰ ਤੇ ਮੈਨੂੰ ਲੱਭਣਾ ਸੀ। ਸਿਰਫ਼ ਮੈਨੂੰ। ਮੈਂ ਤੇ ਉਸੇ ਰੰਜਨ ਦੀ ਇੰਤਜ਼ਾਰ ਕਰਦੀ ਪਈ ਸਾਂ, ਜਿਹੜਾ ਉਮਰ ਦੀ ਲੰਮੀ ਪਗਡੰਡੀ 'ਤੇ ਸਿਰਫ਼ ਮੈਨੂੰ ਲੱਭਦਾ, ਭਟਕਦਾ ਭਟਕਦਾ ਮੇਰੀਆਂ ਬਾਹਵਾਂ ਵਿਚ ਪਹੁੰਚ

ਜਾਵੇ । ਤੇ ਫੇਰ ਆਪਣੀਆਂ ਬਾਹਵਾਂ ਵਿਚ ਮੈਨੂੰ ਛੁਪਾ ਲਵੇ । ਪਰ ਤੂੰ ਤੇ ਮੈਨੂੰ ਨੂੰ ਲੱਭ ਰਿਹਾ ਏਂ ।

ਰੰਜਨ ਦੀਆਂ ਤਲੀਆਂ ਵਿਚੋਂ ਫੇਰ ਕੰਬਣੀਆਂ ਨਿਕਲ ਰਹੀਆਂ ਸਨ, ਤੇ ਅਰਪਨਾ ਦੇ ਪਿੰਡੇ ਵਿਚ ਕੁਝ ਜਗਾਣ ਦੀ ਕੋਸ਼ਿਸ਼ ਕਰ ਰਹੀਆਂ ਸਨ । ਪਰ ਉਹ 'ਕੁਝ' ਸੁੱਤਾ ਨਹੀਂ ਸੀ ਹੋਇਆ, ਉਹ ਤੇ ਮਰ ਚੁਕਾ ਸੀ ।

ਰੰਜਨ ਨੇ ਵੀ ਏਸ ਗੱਲ ਨੂੰ ਮਹਿਸੂਸ ਕੀਤਾ । "ਕਿਉਂ ਕੀ ਗੱਲ ਏ ਅੱਪੂ ?"—ਉਹਨੇ ਆਹਿਸਤਾ ਜਿਹੇ ਪੁੱਛਿਆ ।

"ਕੁਝ ਨਹੀਂ ਰੰਜਨ, ਮੈਂ...ਬਸ...ਮੈਂ ਸਬਸਟੀਚਿਊਟ ਨਹੀਂ ਬਣ ਸਕਦੀ ।" ਉਹਨੇ ਰੰਜਨ ਦੀਆਂ ਬਾਹਵਾਂ ਆਹਿਸਤਾ ਜਿਹੇ ਆਪਣੇ ਦੁਆਲਿਉਂ ਖੋਲ੍ਹ ਦਿਤੀਆਂ ।

"ਪਰ...ਅਰਪਨਾ...," ਰੰਜਨ ਅਚਕਚਾ ਕੇ ਹੈਰਾਨ ਹੋ ਰਿਹਾ ਸੀ ।

"ਕੁਝ ਨਹੀਂ...ਤੂੰ ਸੌਂ ਜਾ," ਅਰਪਨਾ ਨੇ ਰੰਜਨ ਨੂੰ ਵਾਪਸ ਉਹਦੇ ਕੋਟ 'ਤੇ ਲਿਟਾ ਦਿਤਾ ।

ਅੱਗ ਵਾਲੀ ਥਾਂ ਵਿਚ ਲੱਕੜਾਂ ਬੁੱਝ ਗਈਆਂ ਸਨ ; ਸਿਰਫ਼ ਸੁਆਹ ਦੇ ਵਿਚ ਕੁਝ ਚਿੰਗਾਰੀਆਂ ਨਿੰਮ੍ਹਾ ਨਿੰਮ੍ਹਾ ਚਮਕ ਰਹੀਆਂ ਸਨ ।

ਇਕ ਮਰਿਆ ਹੋਇਆ ਪਲ ਕਮਰੇ ਵਿਚ ਚਮਗਾਦੜ ਵਾਂਗੂੰ ਉਲਟਾ ਲਟਕਿਆ ਹੋਇਆ ਸੀ ।



# ਕਮਰਾ ਨੰਬਰ ਅੱਠ

ਸਾਰੀ ਰਾਤ ਉਹ ਪੀਂਦੀ ਰਹੀ । ਸੁਰਖ਼ ਰੰਗ ਦੀ ਕੋਈ ਸ਼ਰਾਬ ਸੀ । ਕੋਲ ਉਹਨੇ ਵੱਡੀ ਸਾਰੀ ਥਰਮਸ ਵਿਚ ਬਰਫ਼ ਭਰ ਰੱਖੀ ਸੀ । ਬਰਫ਼ ਦੇ ਟੁਕੜੇ ਗਲਾਸ ਵਿਚ ਪਾਈ ਜਾਂਦੀ । ਪੀਵੀ ਜਾਂਦੀ ।

ਸਿਗਰੇਟ ਦੇ ਬਾਅਦ ਸਿਗਰੇਟ । ਗਲਾਸ ਦੇ ਬਾਅਦ ਗਲਾਸ ।

ਕੁਝ ਮਿੰਟ ਲੰਘਦੇ ਤੇ ਉਹ ਉੱਠ ਕੇ ਕਮਰੇ ਵਿਚ ਟਹਿਲਣ ਲਗਦੀ । ਗੁਸਲਖ਼ਾਨੇ ਦੀ ਬੱਤੀ ਦਾ ਸਵਿੱਚ ਸ਼ਾਇਦ ਹਰ ਵਾਰੀ ਭੁੱਲ ਜਾਂਦੀ । ਸਾਰੇ ਸਵਿੱਚ ਆਨ ਕਰ ਕਰ ਕੇ ਵੇਖਦੀ । ਕਦੇ ਕਮਰੇ ਦੀ ਕੋਈ ਬੱਤੀ ਜਗ ਪੈਂਦੀ, ਕਦੇ ਕੋਈ । ਕਦੇ ਕੋਈ ਪੱਖਾ ਚੱਲ ਪੈਂਦਾ, ਕਦੇ ਕੋਈ । ਸਵਿੱਚ ਆਨ ਕਰੀ ਜਾਂਦੀ, ਆਫ਼ ਕਰੀ ਜਾਂਦੀ । ਗੁਸਲਖ਼ਾਨੇ ਦੀ ਬੱਤੀ ਦਾ ਸਵਿੱਚ ਸਭ ਤੋਂ ਅਖ਼ੀਰ ਵਿਚ ਮਿਲਦਾ ।

ਗੁਸਲਖ਼ਾਨੇ ਦੀ ਬੱਤੀ ਜਗਦੀ । ਦਰਵਾਜ਼ਾ ਬੰਦ ਹੁੰਦਾ । ਸ਼ਾਵਰ ਦੀ ਆਵਾਜ਼ ਆਉਂਦੀ । ਸ਼ਾਇਦ ਹਰ ਵਾਰ ਉੱਠ ਕੇ ਨਹਾਂਦੀ ਸੀ ਉਹ...

ਫੇਰ ਮੇਰੀ ਰਤਾ ਕੁ ਅੱਖ ਲਗ ਗਈ ।

ਤੜਕਾ ਹੋਣ ਤੇ ਆਇਆ ਬਾਹਰ ਕਾਂ ਬੋਲਿਆ । ਕਾਂ ਦੀ ਆਵਾਜ਼ ਨਾਲੇ ਹੀ ਸ਼ਾਇਦ ਮੇਰੀ ਜਾਗ ਖੁਲ੍ਹ ਗਈ । ਤੱਕਿਆ, ਉਹ ਕੁਰਸੀ ਤੇ ਨਿਢਾਲ ਬੈਠੀ ਸੀ । ਸਿਰ ਪਿੱਛੇ ਕੁਰਸੀ ਦੀ ਪਿੱਠ 'ਤੇ ਸੁੱਟ ਕੇ । ਅੱਖਾਂ ਬੰਦ ਕਰ ਕੇ । ਮੈਂ ਗਹੁ ਨਾਲ ਉਹਦੇ ਮੂੰਹ ਵਲ ਤੱਕਿਆ ।

ਇਕ ਪੂਰੀ ਰਾਤ ਅਸਾਂ ਇਕੋ ਕਮਰੇ ਵਿਚ ਬਿਤਾਈ ਸੀ । ਸਾਰੀ ਰਾਤ ਇਕ ਦਰਦ ਉਹਨੇ ਤੇ ਮੈਂ ਇਕੱਠਿਆਂ ਇਕੋ ਛੱਤ ਹੇਠਾਂ ਹੰਢਾਇਆ ਸੀ । ਇਹ ਦਰਦ ਉਹਦਾ ਆਪਣਾ ਸੀ, ਤੇ ਮੇਰਾ ਪਰਾਇਆ ਸੀ । ਫ਼ਰਕ ਸਿਰਫ਼ ਏਨਾ ਸੀ । ਪਰ ਦਰਦ ਸ਼ਾਇਦ ਇਨਫ਼ੈਕਸ਼ਸ ਡਿਜ਼ੀਜ਼ ਏ — ਘਟੋ ਘਟ ਮੇਰੇ ਲਈ ਤਾਂ ਹੈ । ਮੈਨੂੰ ਝਟ ਉਹ ਛੂਤ ਦੀ ਬੀਮਾਰੀ ਵਾਂਗੂੰ ਆ ਚੰਬੜਦਾ ਏ ।

ਸਾਰੀ ਰਾਤ ਅਸਾਂ ਦੋਹਾਂ ਨੇ ਉਨੀਂਦਰਾ ਵੀ ਇਕੱਠਿਆਂ ਹੰਢਾਇਆ ਸੀ — ਉਹਦਾ ਆਪਣਾ ਤੇ ਮੇਰਾ ਪਰਾਇਆ ਉਨੀਂਦਰਾ । ਸਾਰੀ ਰਾਤ ਉਹ ਵੀ ਜਾਗਦੀ

ਰਹੀ ਸੀ, ਤੇ ਮੈਂ ਵੀ ਉਹਦੇ ਨਾਲ ਜਾਗਦੀ ਰਹੀ ਸਾਂ । ਬਿਨਾਂ ਉਸ ਨੂੰ ਜਾਣੇ । ਬਿਨਾਂ ਉਹਦੇ ਚਿਹਰੇ ਦੀ ਪਛਾਣ ਦੇ । ਸਿਰਫ਼ ਇਹ ਕਿ ਇਕ ਮਨੁੱਖ ਸੀ ਉਸ ਕਮਰੇ ਵਿਚ, ਜਿਹੜਾ ਬਹੁਤ ਬੇਚੈਨ ਸੀ । ਏਨੀ ਤਲਖ ਬੇਚੈਨੀ ਦੇ ਗੁਆਂਢ ਰਹਿ ਕੇ ਕੋਈ ਕਿਸ ਤਰ੍ਹਾਂ ਬੇਲਾਗ ਰਹਿ ਸਕਦਾ ਏ ?

ਪਰ ਇਸ ਸਭ ਕੁਝ ਦੇ ਬਾਵਜੂਦ ਮੈਂ ਤੇ ਉਹ ਦੋਵੇਂ ਅਜਨਬੀ ਸਾਂ । ਉਸ ਦੇ ਨੰਗੇ ਦਰਦ ਨੂੰ ਨਜ਼ਰ ਭਰ ਕੇ ਮੈਂ ਤੱਕ ਨਹੀਂ ਸਾਂ ਸਕਦੀ । ਅੱਖਾਂ ਚੁਰਾ ਰਹੀ ਸਾਂ ।

ਸਾਰੀ ਰਾਤ ਜਿਸ ਵੇਲੇ ਬੱਤੀ ਜਗਦੀ ਹੁੰਦੀ ਸੀ, ਉਹਦੇ ਚਿਹਰੇ ਵਲ ਤੱਕਣ ਦੀ ਹਿੰਮਤ ਨਹੀਂ ਸੀ ਪੈਂਦੀ । ਬੁੱਝੀ ਬੱਤੀ ਵਿਚ ਸਿਰਫ਼ ਉਹਦੇ ਚਿਹਰੇ ਦਾ ਤੇ ਹੱਥਾਂ ਦਾ ਅਹਿਸਾਸ ਹੁੰਦਾ ਸੀ, ਜਿਸ ਵੇਲੇ ਸਿਗਰੇਟ ਦਾ ਇਕ ਦਗ਼ਦਾ ਪੁਆਇੰਟ ਹਨੇਰੇ ਵਿਚ ਹੇਠੋਂ ਉਤੇ ਜਾਂਦਾ ਸੀ, ਉਤੋਂ ਹੇਠਾਂ ਆਉਂਦਾ ਸੀ ।

ਉਸ ਦਾ ਚਿਹਰਾ ਥਕਾਵਟ ਨਾਲ ਹੰਭਿਆ ਪਿਆ ਸੀ । ਝੁਰੜੀ ਕੋਈ ਨਹੀਂ ਸੀ, ਪਰ ਚਿਹਰੇ ਦਾ ਮਾਸ ਰਤਾ ਰਤਾ ਢਿੱਲਾ ਲਗ ਰਿਹਾ ਸੀ । ਚਿਹਰਾ ਚਾਲ੍ਹੀਆਂ ਤੋਂ ਉਰ੍ਹਾਂ ਦਾ ਸੀ, ਪਰ ਗਰਦਨ ਤੇ ਹੱਥ ਘਟੋ ਘਟ ਪੰਜਤਾਲੀਆਂ ਦੇ । ਨੀਲੇ ਰੰਗ ਦੇ ਨਾਈਟ ਗਾਊਨ ਵਿਚ ਲਿਪਟੀ ਉਹ ਕੁਰਸੀ 'ਤੇ ਇੰਜ ਪਈ ਸੀ, ਜਿਵੇਂ ਜ਼ਿੰਦਗੀ ਦੀਆਂ ਸਾਰੀਆਂ ਬਾਜ਼ੀਆਂ ਹਾਰ ਕੇ, ਤੇ ਸਾਰਾ ਘਰ ਬਾਹਰ ਰੋਹੜ ਕੇ ਬੈਠੀ ਹੋਵੇ ।

ਕਾਵਾਂ ਦੀ ਆਵਾਜ਼ ਨਾਲ ਉਹਦੀ ਵੀ ਸ਼ਾਇਦ ਜਾਗ ਖੁਲ੍ਹ ਗਈ । ਪਰ ਜਿਸ ਵੇਲੇ ਉਹਨੇ ਉਸੇ ਤਰ੍ਹਾਂ ਅਡੋਲ ਬੈਠਿਆਂ ਬੈਠਿਆਂ ਅੱਖਾਂ ਖੋਲ੍ਹ ਦਿਤੀਆਂ, ਮੈਨੂੰ ਸ਼ੱਕ ਹੋਇਆ ਕਿ ਉਹ ਪਹਿਲੋਂ ਵੀ ਸੁੱਤੀ ਨਹੀਂ ਸੀ ਹੋਈ, ਸਿਰਫ਼ ਅੱਖਾਂ ਬੰਦ ਸਨ — ਸ਼ਾਇਦ ਅੰਤਾਂ ਦੀ ਥਕਾਵਟ ਕਰ ਕੇ, ਜਾਂ ਸਾਰੀ ਰਾਤ ਲਗਾਤਾਰ ਪੀਤੀ ਗਈ ਸ਼ਰਾਬ ਕਰ ਕੇ । ਮੈਂ ਝੱਟ ਨਜ਼ਰਾਂ ਚੁਰਾ ਲਈਆਂ । ਪਾਸਾ ਪਰਤ ਕੇ ਕੰਧ ਵਲ ਮੂੰਹ ਕਰ ਲਿਆ...

ਬੰਬਈ ਆ ਕੇ ਮੈਂ ਹਮੇਸ਼ਾ ਵਾਈ. ਡਬਲਿਊ. ਸੀ. ਏ. ਵਿਚ ਠਹਿਰਦੀ ਹਾਂ । ਇਕ ਧਾਰਨਾ ਬਣੀ ਹੋਈ ਏ ਮਨ ਵਿਚ ਕਿ ਕੁੜੀਆਂ ਦਾ ਹੋਸਟਲ ਏ, ਸੁਰੱਖਿਅਤ ਹੋਵੇਗਾ । ਹੈ ਵੀ ਬੜਾ ਸਾਂਭਿਆ ਸਿਕਰਿਆ ਜਿਹਾ । ਪਰ ਕਮਰੇ ਪੁਰਾਣੇ, ਮੰਜੇ ਲੋਹੇ ਦੇ, ਉਤੇ ਰੂੰ ਦੇ ਸਖ਼ਤ ਗੜ੍ਹੰਮਾਂ ਵਾਲੇ ਗੱਦੇ । ਜਿੰਨੇ ਦਿਨ ਰਹਿੰਦੀ ਹਾਂ, ਨੀਂਦਰ ਦੀ ਗੋਲੀ ਖਾ ਕੇ ਸੌਣਾ ਪੈਂਦਾ ਏ । ਐਤਕੀ ਆਈ, ਤਾਂ ਪੁਰਾਣੇ ਵਾਈ. ਡਬਲਿਊ. ਸੀ. ਏ. ਦੇ ਨਾਲ ਇਕ ਨਵੀਂ ਨਕੋਰ ਇਮਾਰਤ ਬਣੀ ਹੋਈ ਸੀ — ਵਾਈ. ਡਬਲਿਊ. ਸੀ. ਏ. ਇੰਟਰਨੈਸ਼ਨਲ ਗੈਸਟ ਹਾਊਸ । ਸੋਚਿਆ, ਇਸੇ ਵਿਚ ਰਿਹਾ ਜਾਵੇ । ਰੀਸੈਪਸ਼ਨ ਤੋਂ ਪਤਾ ਲਗਾ ਕਿ ਵੱਖਰਾ ਕਮਰਾ, ਕੋਈ ਖ਼ਾਲੀ ਨਹੀਂ, ਹਾਂ ਡਾਰਮੈਟਰੀ ਹੈ — ਚਾਰ ਮੰਜਿਆਂ ਵਾਲਾ ਖੁਲ੍ਹਾ ਹਾਲ ਕਮਰਾ, ਜਿਸ ਵਿਚ ਐਸ ਵੇਲੇ ਸਿਰਫ਼ ਇਕ ਹੋਰ ਗੈਸਟ ਏ । ਮੈਂ ਕਿਹਾ, ਚਲੋ ਕੋਈ ਗੱਲ ਨਹੀਂ, ਦੋ ਮੰਜਿਆਂ ਦੀ ਵਿੱਥ ਪਾ ਕੇ ਸੌਂ ਜਾਵਾਂਗੀ । ਕੀ ਹਰਜ ਏ ? ਨਵੀਂ ਤਰ੍ਹਾਂ ਰਹਿ ਕੇ ਵੀ ਵੇਖਣਾ ਚਾਹੀਦਾ ਏ । ਸੋ ਇਸ ਕਮਰੇ ਵਿਚ ਆ ਗਈ ।



ਇਕ ਸ਼ਾਮ ਤੋਂ ਅਗਲੀ ਸਵੇਰ ਤਕ ਇਹ ਔਰਤ ਇਕੋ ਕਮਰੇ ਵਿਚ ਮੇਰੇ ਨਾਲ ਰਹਿ ਰਹੀ ਸੀ, ਕਿਸੇ ਅਨੋਖੀ ਅਣਬਿਆਨੀ ਪੀੜ ਨਾਲ ਲੜ ਰਹੀ ਸੀ । ਤੇ ਮੈਨੂੰ ਲਗ ਰਿਹਾ ਸੀ, ਇਸ ਦੀ ਪੀੜ ਨੂੰ ਵੰਡਾਣੋਂ ਮੈਂ ਅਸਮਰਥ ਸਾਂ..

ਕੰਧ ਵਾਲੇ ਪਾਸੇ ਮੂੰਹ ਕਰ ਕੇ ਵੀ ਜਿਵੇਂ ਮੈਂ ਉਹਨੂੰ ਵੇਖ ਸਕਦੀ ਸਾਂ, ਮੇਰੀ ਪਿੱਠ ਵਾਲੇ ਪਾਸੇ ਬੈਠੀ ਹੋਈ ਨੂੰ । ਆਵਾਜ਼ ਤੋਂ ਅੰਦਾਜ਼ਾ ਹੋਇਆ ਕਿ ਉਹ ਉੱਠੀ ਸੀ । ਉੱਠ ਕੇ ਬਾਹਰਲਾ ਦਰਵਾਜ਼ਾ ਉਹਨੇ ਖੋਲ੍ਹਿਆ ਸੀ । ਘੰਟੀ ਦਬਾਈ ਸੀ । ਉਹ ਬੂਹੇ ਵਿਚ ਹੀ ਖੜੀ ਰਹੀ । ਨਾਈਟ ਡਿਊਟੀ ਵਾਲਾ ਵੇਟਰ ਅੱਖਾਂ ਮਲਦਾ ਹੋਇਆ ਆਇਆ (ਇਹ ਸਭ ਮੈਂ ਆਵਾਜ਼ਾਂ ਤੋਂ ਅੰਦਾਜ਼ਾ ਲਗਾ ਰਹੀ ਸਾਂ । ਉਸ ਪਾਸੇ ਤੱਕਣ ਦੀ ਜੁਰਅੱਤ ਨਹੀਂ ਸੀ ਮੇਰੇ ਵਿਚ) ।

ਉਸ ਨੇ ਕਿਹਾ — ਹਮ ਏਕ ਬਾਟਲੀ ਪਾਨੀ ਮਾਂਗਤਾ ।

— ਵੇਰੀ ਵੈੱਲ ਮੇਮ ਸਾ'ਬ — ਬੈਰੇ ਨੇ ਮਸ਼ੀਨ ਵਾਂਗੂ ਜੁਆਬ ਦਿਤਾ ।

ਉਹ ਅੰਦਰ ਆ ਕੇ ਫੇਰ ਬਾਲਕਨੀ ਦੇ ਬੂਹੇ ਵਿਚ ਜਾ ਖਲੋਤੀ । ਮਾਚਸ ਦੀ ਤੀਲੀ ਘਸਾਣ ਦੀ ਆਵਾਜ਼ ਆਈ । ਉਹਨੇ ਸ਼ਾਇਦ ਸਿਗਰੇਟ ਸੁਲਗਾਇਆ ਸੀ ।

ਪਾਣੀ ਆ ਗਿਆ । ਫੇਰ ਉਹਨੇ ਬਰਫ਼ ਮੰਗਵਾਈ । ਭਰ ਭਰ ਕੇ ਪਾਣੀ ਦੇ ਗਲਾਸ, ਵਿਚ ਬਰਫ਼ ਦੇ ਟੁਕੜੇ ਪਾ ਕੇ ਉਹ ਪੀਂਦੀ ਰਹੀ — ਜਿਸ ਤਰ੍ਹਾਂ ਰਾਤੀਂ ਸ਼ਰਾਬ ਪੀਂਦੀ ਰਹੀ ਸੀ ।

ਅੱਧੇ ਘੰਟੇ ਮਗਰੋਂ ਪਾਣੀ ਦੀ ਇਕ ਹੋਰ ਬੋਤਲ । ਫੇਰ ਹੋਰ, ਫੇਰ ਹੋਰ । ਜਿੰਨਾ ਚਿਰ ਮੈਂ ਉੱਠੀ, ਚਾਹ ਪੀਤੀ, ਤਿਆਰ ਹੋਈ, ਬਰੇਕਫ਼ਾਸਟ ਖਾਧਾ, ਉਹ ਪਾਣੀ ਦੇ ਗਲਾਸ ਪੀਂਦੀ ਰਹੀ । ਗਲਾਸ ਤੋਂ ਮਗਰੋਂ ਗਲਾਸ । ਜਿਵੇਂ ਅੰਦਰ ਬਲਦੀ ਕਿਸੇ ਭੱਠੀ ਨੂੰ ਬੁਝਾ ਰਹੀ ਹੋਵੇ । ਪਰ ਭੱਠੀ ਸੀ ਕਿ ਬੁੱਝਣ ਵਿਚ ਹੀ ਨਹੀਂ ਸੀ ਆ ਰਹੀ ।

— ਮੇਮ ਸਾਹਬ, ਬੈੱਡ ਟੀ ? — ਉਹ ਭਾਵੇਂ ਬਿਸਤਰੇ 'ਤੇ ਨਹੀਂ, ਕੁਰਸੀ 'ਤੇ ਬੈਠੀ ਸੀ, ਪਰ ਸਵੇਰ ਦੇ ਪਿਆਲੇ ਦਾ ਨਾਂ ਬੈੱਡ ਟੀ ਹੀ ਸੀ, ਸੋ ਬੈਰਾ ਟ੍ਰੇ ਲੈ ਕੇ ਉਹਦੇ ਕੋਲ ਖੜਾ ਪੁੱਛ ਰਿਹਾ ਸੀ । ਸ਼ਾਇਦ ਪੁੱਛਣ ਦਾ ਇਹ ਮਤਲਬ ਸੀ ਕਿ ਟ੍ਰੇ ਕਿਥੇ ਰੱਖਾਂ ?

— ਨਹੀਂ ਮਾਂਗਤਾ ।

ਟ੍ਰੇ ਵਾਪਸ ਚਲੀ ਗਈ ।

ਘੰਟੇ ਕੁ ਮਗਰੋਂ ਬਰੇਕਫ਼ਾਸਟ ਆਇਆ ।

— ਨਹੀਂ ਮਾਂਗਤਾ ।

— ਨਿਊਜ਼ਪੇਪਰ ?

— ਨਹੀਂ ਮਾਂਗਤਾ ।

ਮੈਂ ਨਹਾ ਰਹੀ ਸਾਂ । ਬਾਹਰਲਾ ਬੂਹਾ ਖੜਕਿਆ : ਹਲਕੀ ਟਿਕ ਟਿਕ । ਫੇਰ ਜ਼ੋਰ ਦੀ ਠੱਕ ਠੱਕ । ਉਹਨੇ ਬੂਹਾ ਖੋਲ੍ਹਿਆ । ਪਤਾ ਨਹੀਂ ਕੌਣ ਸੀ । ਗੁਸਲਖ਼ਾਨੇ

ਵਿਚ ਮੈਨੂੰ ਉਸ ਦੇ ਚੀਖ਼ਣ ਦੀ ਆਵਾਜ਼ ਆਈ — "ਆਈ ਡੌਂਟ ਵਾਂਟ ਐਨੀਥਿੰਗ। ਆਈ ਡੌਂਟ ਵਾਂਟ ਟੂ ਬੀ ਡਿਸਟਰਬਡ। ਵ੍ਹਾਈ ਡੂ ਯੂ ਡਿਸਟਰਬ ਮੀ ਅਗੇਨ ਐਂਡ ਅਗੇਨ ? ਨਹੀਂ, ਕੁਛ ਨਹੀਂ ਚਾਹੀਏ ਮੁਝੇ। ਨੋ ਟੀ, ਨੋ ਬਰੇਕਫ਼ਾਸਟ। ਡੌਂਟ ਵਾਂਟ ਟੂ ਬੀ ਡਿਸਟਰਬਡ।"

ਮੈਂ ਬਾਹਰ ਨਿਕਲੀ। ਉਹ ਫੇਰ ਕੁਰਸੀ 'ਤੇ ਨਿਢਾਲ ਬੈਠੀ ਸੀ। ਸਿਰ ਪਿੱਛੇ ਸੁੱਟ ਕੇ। ਮੈਂ ਵੇਖਿਆ, ਉਹਦੇ ਵਾਲ ਛੋਟੇ ਛੋਟੇ ਕੱਟੇ ਹੋਏ ਸਨ। ਕੁਰਸੀ ਦੀ ਪਿੱਠ ਨਾਲ ਬੇਜਾਨ ਜਿਹੇ ਟਿਕੇ ਹੋਏ। ਉਹਦੀਆਂ ਉਂਗਲਾਂ ਵਿਚ ਸਿਗਰੇਟ ਸੁਲਗ ਰਿਹਾ ਸੀ। ਹੱਥ ਕੁਰਸੀ ਦੀ ਬਾਂਹ 'ਤੇ ਪਿਆ ਸੀ। ਬਿਲਕੁਲ ਨਿਮਾਣਾ ਜਿਹਾ, ਵਿਚਾਰਾ ਜਿਹਾ ਲਗ ਰਿਹਾ ਸੀ।

ਉਸ ਵੇਲੇ ਇਕ ਪਲ ਲਈ ਮਨ ਵਿਚੋਂ ਖ਼ਿਆਲ ਗੁਜ਼ਰਿਆ ਕਿ ਉਸ ਦੇ ਮੋਢਿਆਂ ਦੁਆਲੇ ਬਾਂਹ ਵਲਾ ਕੇ ਉਹਦਾ ਸਿਰ ਆਪਣੇ ਮੋਢੇ ਨਾਲ ਟਿਕਾ ਲਵਾਂ ਤੇ ਪੁੱਛਾਂ — ਤੈਨੂੰ ਕੀ ਤਕਲੀਫ਼ ਏ ? ਮੈਨੂੰ ਦੱਸ। ਕਿਸੇ ਨਾਲ ਗੱਲ ਨਹੀਂ ਕਰੇਂਗੀ ਤਾਂ ਪਾਗਲ ਹੋ ਜਾਵੇਂਗੀ। ਇਹ ਦੁਨੀਆਂ ਤੇ ਚੰਗੇ ਭਲੇ ਬੰਦੇ ਦੀ ਵਾਤ ਨਹੀਂ ਪੁੱਛਦੀ। ਪਾਗਲ ਹੋ ਜਾਵੇਂਗੀ, ਤਾਂ ਕੋਈ ਨੇੜੇ ਨਹੀਂ ਆਏਗਾ।

ਪਰ ਨਹੀਂ, ਕੁਝ ਨਹੀਂ ਕਿਹਾ ਮੈਂ। ਉਸ ਦੇ ਦਰਦ ਦੇ ਨੰਗੇਜ ਨੂੰ ਤੱਕਣ ਦੀ ਸ਼ਾਇਦ ਮੇਰੇ ਵਿਚ ਹਿੰਮਤ ਨਹੀਂ ਸੀ। ਨਾਲੇ ਬੰਬਈ ਮੈਂ ਕੰਮ ਕਰਨ ਆਈ ਹੋਈ ਸਾਂ। ਸਾਢੇ ਨੌਂ ਵਜ ਰਹੇ ਸਨ। ਦਫ਼ਤਰਾਂ ਦੇ ਖੁਲ੍ਹਣ ਦਾ ਵੇਲਾ ਹੋ ਰਿਹਾ ਸੀ। ਮੈਂ ਬਾਹਰ ਜਾਣਾ ਸੀ...

ਸ਼ਾਮ ਨੂੰ ਪਰਤ ਕੇ ਆਈ, ਤਾਂ ਪੂਰਾ ਕਮਰਾ ਸਿਗਰੇਟ ਦੇ ਧੂੰਏਂ ਨਾਲ ਭਰਿਆ ਹੋਇਆ ਸੀ। ਉਹ ਸ਼ਾਇਦ ਅੰਦਰ ਗ਼ੁਸਲਖ਼ਾਨੇ ਵਿਚ ਨਹਾ ਰਹੀ ਸੀ। ਕਮਰੇ ਦੀ ਬੰਦ ਹਵਾ ਵਿਚ ਸਾਹ ਘੁੱਟ ਰਿਹਾ ਸੀ। ਮੈਂ ਦੋਵੇਂ ਬਾਰੀਆਂ ਖੋਲ੍ਹ ਦਿਤੀਆਂ। ਪਰਦੇ ਹਟਾ ਦਿਤੇ। ਬਾਹਰ ਬਾਲਕਨੀ 'ਤੇ ਖੁੱਲ੍ਹਣ ਵਾਲਾ ਦਰਵਾਜ਼ਾ ਖੋਹਲ ਦਿਤਾ। ਬਾਲਕਨੀ ਵਿਚ ਨਿਕਲ ਕੇ ਖੜੋ ਗਈ।

ਇਹ ਕਮਰਾ ਦੂਜੀ ਮੰਜ਼ਲ 'ਤੇ ਸੀ। ਹੇਠੋਂ ਪਾਪਲਰ ਦਾ ਇਕ ਰੁੱਖ ਦੀਵਾਰ ਦੇ ਨਾਲ ਕਰ ਕੇ ਹੀ ਸਿੱਧਾ ਉਤੇ ਵਲ ਆ ਰਿਹਾ ਸੀ। ਉਸ ਦੇ ਸਿਰ ਉਤਲੀਆਂ ਕੂਲੀਆਂ ਨਰਮ ਕਰੂੰਮਲਾਂ ਨੂੰ ਮੈਂ ਹੱਥ ਵਧਾ ਕੇ ਛੂਹ ਸਕਦੀ-ਸਾਂ। ਮੈਂ ਹੱਥ ਵਧਾ ਕੇ ਉਹਨਾਂ ਨੂੰ ਇਸ ਤਰ੍ਹਾਂ ਦੁਲਾਰਿਆ, ਜਿਵੇਂ ਸੁੱਤੇ ਬੱਚੇ ਦੀਆਂ ਗਲ੍ਹਾਂ ਨੂੰ ਪਲੋਸੀਦਾ ਏ। ਇਕ ਮੁਸਕ੍ਰਾਹਟ ਮੇਰੇ ਹੋਠਾਂ ਤੇ ਆ ਖੜੋਤੀ !

ਤਾਹੀਏਂ ਮਹਿਸੂਸ ਹੋਇਆ, ਮੇਰੇ ਐਨ ਪਿੱਛੇ ਕਰ ਕੇ ਕੋਈ ਖੜਾ ਸੀ। ਤ੍ਰਭਕ ਕੇ ਵੇਖਿਆ, ਓਹੀ ਸੀ। ਮੇਰੇ ਪਿਛੇ ਦਰਵਾਜ਼ੇ ਦੇ ਕੋਲ ਕਰ ਕੇ ਪਏ ਮੇਜ਼ ਤੋਂ ਸਿਗਰਟਾਂ ਦੀ ਡੱਬੀ ਚੁੱਕ ਰਹੀ ਸੀ। ਮੈਨੂੰ ਲੱਗਾ, ਮੇਰੀ ਮੁਸਕਰਾਹਟ ਜਿਵੇਂ ਕੋਈ ਅਨਐਥੀਕਲ ਗੱਲ ਸੀ। ਬੇਥਵ੍ਹੀ। ਬੇਮੌਕਾ।

ਮੈਂ ਜਿਵੇਂ ਉਹਦੀ ਚੋਰੀ ਕਰ ਰਹੀ ਸਾਂ, ਤੇ ਉਸ ਨੇ ਮੇਰੀ ਚੋਰੀ ਫੜ ਲਈ ਸੀ।



ਮੈਨੂੰ ਸ਼ਰਮ ਆਈ। ਬਾਲਕਨੀ ਵਿਚੋਂ ਹਟ ਗਈ।

ਮੈਨੂੰ ਲਗਾ, ਉਸ ਕਮਰੇ ਵਿਚ ਨਾ ਮੈਂ ਆਪਣੇ ਬਿਸਤਰੇ 'ਤੇ ਲੇਟ ਸਕਦੀ ਸਾਂ, ਨਾ ਕੁਰਸੀ 'ਤੇ ਬਹਿ ਸਕਦੀ ਸਾਂ। ਨਾ ਪੜ੍ਹ ਸਕਦੀ ਸਾਂ, ਨਾ ਆਰਾਮ ਕਰ ਸਕਦੀ ਸਾਂ। ਮੈਂ ਜਿਵੇਂ ਕੋਈ ਚੋਰ ਸਾਂ — ਤੇ ਉਸ ਦੀਆਂ ਨਜ਼ਰਾਂ ਤੋਂ ਬਚ ਰਹੀ ਸਾਂ।

ਏਨੀ ਪੀੜ ਦੇ ਸਾਹਮਣੇ ਹਰ ਮਨੁੱਖ ਸ਼ਾਇਦ ਚੋਰ ਹੁੰਦਾ ਏ, ਕਿਉਂਕਿ ਉਹ ਇਸ ਪੀੜ ਵਿਚੋਂ ਹਿੱਸਾ ਨਹੀਂ ਵੰਡਾ ਸਕਦਾ। ਹਰ ਮਨੁੱਖ ਨੂੰ ਆਪਣੀ ਸਲੀਬ ਆਪਣੇ ਹੀ ਮੋਢਿਆਂ 'ਤੇ ਚੁੱਕ ਕੇ ਉਸ ਥਾਂ 'ਤੇ ਲਿਜਾਣੀ ਪੈਂਦੀ ਏ, ਜਿਥੇ ਉਸ ਸਲੀਬ ਨੂੰ ਗੱਡ ਕੇ ਉਸ ਨੂੰ ਉਸੇ ਨਾਲ ਸੂਲੀ ਚਾੜ੍ਹਿਆ ਜਾਵੇਗਾ।

ਮੈਂ ਚੁੱਪਚਾਪ ਨਹਾ ਕੇ, ਕੱਪੜੇ ਬਦਲ ਕੇ ਬਾਹਰ ਚਲੀ ਗਈ। ਨੇੜੇ ਦੇ ਇਕ ਸਿਨੇਮਾ ਹਾਲ ਵਿਚ ਜਾ ਬੈਠੀ। ਕੋਈ ਠਾਹ ਠੂਹ ਵਾਲੀ ਫ਼ਿਲਮ ਸੀ। ਇਹੋ ਜਿਹੀਆਂ ਮਾਰ-ਧਾੜ ਦੀਆਂ ਫ਼ਿਲਮਾਂ ਮੈਨੂੰ ਕਦੇ ਚੰਗੀਆਂ ਨਹੀਂ ਲਗਦੀਆਂ। ਪਰ ਵਕਤ ਬਿਤਾਣਾ ਸੀ। ਸਾਰੇ ਦਿਨ ਦੀ ਥੱਕੀ ਹੋਈ ਸਾਂ। ਤੇ ਉਥੇ ਕਮਰੇ ਵਿਚ ਅੰਤਾਂ ਦੀ ਹੁੰਮਸ ਸੀ।

ਫ਼ਿਲਮ ਵੇਖ ਕੇ ਬਾਹਰ ਨਿਕਲੀ। ਇਕ ਛੋਟੇ ਜਿਹੇ ਰੈਸਤੋਰਾਂ ਵਿਚ ਦੋ ਸੈਂਡਵਿਚ ਖਾ ਕੇ ਕੌਫ਼ੀ ਦਾ ਪਿਆਲਾ ਪੀਤਾ। (ਅਜੀਬ ਗੱਲ ਏ ਕਿ ਇਕੱਲਿਆਂ ਕਿਧਰੇ ਬਹਿ ਕੇ ਬਾਕਾਇਦਾ ਕਿਸਮ ਦੀ ਰੋਟੀ ਖਾਣੀ ਮੈਨੂੰ ਵਲਗਰ ਲਗਦੀ ਏ। ਇਕੱਲਿਆਂ ਬਹਿ ਕੇ ਕੋਈ ਕਿਸ ਤਰ੍ਹਾਂ ਰੋਟੀ ਖਾ ਸਕਦਾ ਏ ? ਹਾਂ, ਸੈਂਡਵਿਚ ਦੀ ਗੱਲ ਵਖਰੀ ਏ। ਸੈਂਡਵਿਚ ਤਾਂ ਮਹਿਜ਼ ਸੈਂਡਵਿਚ ਨੇ...)

ਵਾਪਸ ਮੁੜੀ ਤਾਂ ਤੀਜੇ ਮੰਜੇ ਲਈ ਵੀ ਇਕ ਹੋਰ ਔਰਤ ਆ ਚੁੱਕੀ ਸੀ। ਇਹ ਨਵੀਂ ਆਈ ਤੀਵੀਂ ਕੋਈ ਫ਼ਾਰੇਨਰ ਸੀ। ਬੜੀ ਥੱਕੀ ਜਾਪਦੀ ਸੀ। ਪਰ ਗੱਲਾਂ ਕਰਨ ਦੀ ਸ਼ੌਕੀਨ। ਮੈਨੂੰ ਪੁੱਛਣ ਲੱਗੀ — ਤੂੰ ਕਿੱਥੋਂ ਆਈ ਏਂ ?

ਮੈਂ ਕਿਹਾ — ਦਿੱਲੀਓਂ।

— ਕਿਸ ਕੰਮ ?

ਕਿਹਾ — ਜਰਨਲਿਸਟ ਹਾਂ। ਚੱਕਰ ਲਾਣੇ ਪੈਂਦੇ ਨੇ। ਕਦੇ ਇਕ ਸ਼ਹਿਰ, ਕਦੇ ਦੂਜੇ ਸ਼ਹਿਰ।

ਉਹ ਕਹਿਣ ਲਗੀ — 'ਮੈਂ ਸਿਲੋਨ ਤੋਂ ਆਈ ਹਾਂ। ਉਥੇ ਹਾਲੀ ਮੈਂ ਪੰਦਰਾਂ ਦਿਨ ਹੋਰ ਰਹਿਣਾ ਸੀ, ਪਰ ਅਚਾਨਕ ਰੀਵੋਲਟ ਹੋ ਗਿਆ। ਸੜਕਾਂ 'ਤੇ ਗੋਲੀਆਂ ਚਲ ਰਹੀਆਂ ਸਨ। ਹੱਲੇ ਗੁੱਲੇ ਤੋਂ ਹਮੇਸ਼ਾ ਮੈਨੂੰ ਡਰ ਲਗਦਾ ਏ। ਮੈਂ ਦੌੜ ਆਈ,' ਉਹ ਹੱਸੀ।

— ਰੀਵੋਲਟ ਦੀ ਵਜ੍ਹਾ ਨਹੀਂ ਪਤਾ ਲਗੀ ? ਏਧਰ ਅਖ਼ਬਾਰਾਂ ਵਾਲੇ ਤਾਂ ਕੁਝ ਪੱਲੇ ਨਹੀਂ ਪਏ ਪਾਂਦੇ।

— ਨਹੀਂ, ਮੈਨੂੰ ਕੋਈ ਸਮਝ ਨਹੀਂ ਆਈ। ਕੋਈ ਕੁਝ ਕਹਿ ਰਿਹਾ ਸੀ, ਕੋਈ ਕੁਝ। ਪਰ ਮੈਂ ਬਹੁਤਾ ਧਿਆਨ ਨਹੀਂ ਦਿਤਾ। ਰੌਲੇ ਰੱਪੇ ਵਿਚ ਮੈਨੂੰ ਕੋਈ ਦਿਲਚਸਪੀ

ਨਹੀਂ। ਨਾ ਸਿਆਸਤ ਦੇ ਸ਼ੋਰ ਵਿਚ। ਰੌਲਾ ਤਾਂ ਮੇਰੇ ਆਪਣੇ ਮੁਲਕ ਵਿਚ ਬਥੇਰਾ ਏ — ਸਟੇਟਸ ਵਿਚ। ਦੁਨੀਆਂ ਦੇ ਇਸ ਹਿੱਸੇ ਵਿਚ ਮੈਂ ਸ਼ਾਂਤੀ ਦੀ ਤਲਾਸ਼ ਵਿਚ ਆਈ ਸਾਂ।

ਅਚਾਨਕ ਉਹਦੀ ਆਵਾਜ਼ ਬਹੁਤ ਉਦਾਸ ਹੋ ਗਈ। ਜਿੰਨਾ ਚਿਰ ਮੇਰੇ ਨਾਲ ਗੱਲਾਂ ਕਰ ਰਹੀ ਸੀ, ਨਾਲ ਨਾਲ ਆਪਣੇ ਬਕਸੇ ਵਿਚੋਂ ਕੱਪੜੇ ਕੱਢ ਕੱਢ ਕੇ ਹੈਂਗਰਾਂ 'ਤੇ ਟੰਗਦੀ ਜਾਂਦੀ ਸੀ। ਪਰ ਇਹ ਗੱਲ ਕਹਿ ਕੇ, ਇਕ ਹੱਥ ਵਿਚ ਕੋਈ ਕੱਪੜਾ ਤੇ ਦੂਜੇ ਵਿਚ ਹੈਂਗਰ ਫੜ ਕੇ ਉਹ ਜਿਵੇਂ ਥੱਕ ਕੇ ਮੰਜੇ 'ਤੇ ਬਹਿ ਗਈ। ਮੈਨੂੰ ਸੁੱਝ ਨਹੀਂ ਸੀ ਰਿਹਾ ਕਿ ਹੁਣ ਮੈਨੂੰ ਕੀ ਕਹਿਣਾ ਚਾਹੀਦਾ ਏ। ਗ਼ੁਸਲਖ਼ਾਨੇ ਦੇ ਦਰਵਾਜ਼ੇ ਵਲ ਵੇਖਿਆ, ਸ਼ਾਇਦ ਉਹ ਔਰਤ ਬਾਹਰ ਆ ਜਾਵੇ, ਤੇ ਮਾਹੌਲ ਬਦਲ ਜਾਵੇ। ਪਰ ਨਹੀਂ, ਨਿਜਾਤ ਦੀ ਜਦੋਂ ਲੋੜ ਹੁੰਦੀ ਏ, ਨਹੀਂ ਮਿਲਦੀ।

— ਸਟੇਟਸ ਵਿਚ, ਯਾਨੀ ਘਰ ਆਪਣੇ, ਤੂੰ ਕੰਮ ਕਰਨੀ ਏਂ?

— ਹਾਂ, ਮੈਂ ਟੀਚਰ ਹਾਂ।

— ਤੇਰਾ ਟੱਬਰ ਉਥੇ ਹੀ ਹੋਵੇਗਾ। ਤੈਨੂੰ ਯਾਦ ਕਰਦੇ ਹੋਣਗੇ। (ਬੜੀ ਬੇਵਕੂਫ਼ੀ ਵਾਲੀ ਗੱਲ ਸੀ। ਪਰ ਗੱਲਾਂ ਵੀ ਕਿਤੇ ਟੇਪ ਕੀਤੀਆਂ ਹੁੰਦੀਆਂ ਨੇ, ਕਿ ਠੀਕ ਪਲ ਵਿਚ ਠੀਕ ਗੱਲ ਹੀ ਵਜਾਈ ਜਾ ਸਕੇ?)

— ਕੋਈ ਟੱਬਰ ਨਹੀਂ।

ਉਹਦੀ ਆਵਾਜ਼ ਜਿਵੇਂ ਖੂਹ ਵਿਚੋਂ ਆ ਰਹੀ ਸੀ। ਉਹਦੀਆਂ ਨਜ਼ਰਾਂ ਪਰ੍ਹੇ ਬਾਲਕਨੀ ਤੋਂ ਪਾਰ ਦੂਰ ਕਿਤੇ ਤੱਕ ਰਹੀਆਂ ਸਨ — ਇਕੋ ਇਕ ਪੁੱਤਰ ਸੀ। ਬੜੇ ਸਾਲਾਂ ਤੋਂ ਇਕੱਲਿਆਂ ਉਹਨੂੰ ਪਾਲਿਆ ਸੀ। ਏਅਰ ਫ਼ੋਰਸ ਵਿਚ ਸੀ। ਵੀਅਤਨਾਮ ਵਿਚ ਮਾਰਿਆ ਗਿਆ।

— ਓਹ, ਆਈ'ਮ ਸੌਰੀ! (ਆਮ ਤੌਰ ਤੇ ਇਹ ਲਫ਼ਜ਼ ਝੂਠੇ ਹੁੰਦੇ ਨੇ, ਪਰ ਐਸ ਵੇਲੇ ਝੂਠ ਨਹੀਂ ਸਾਂ ਕਹਿ ਰਹੀ।)

— ਲਗਦਾ ਸੀ, ਪਾਗਲ ਹੋ ਜਾਵਾਂਗੀ। ਫੇਰ ਸੋਚਿਆ, ਕਿਧਰੇ ਨਿਕਲ ਕੇ ਦੌੜ ਜਾਵਾਂ। ਇਹੀ ਸੁਝਿਆ ਕਿ ਦੁਨੀਆਂ ਦੇ ਇਸ ਹਿੱਸੇ ਵਿਚ ਸ਼ਾਇਦ ਬਹੁਤ ਸਾਰੀ ਸ਼ਾਂਤੀ ਹੋਵੇਗੀ। ਸ਼ਾਇਦ ਏਥੋਂ ਦੀ ਹਵਾ ਵਿਚ ਤੇ ਮਿੱਟੀ ਵਿਚ ਵੀ ਸ਼ਾਂਤੀ ਹੋਵੇਗੀ। ਯੋਗਾ, ਮਿਹਰ ਬਾਬਾ, ਸੱਤਿਆ ਸਾਈਂ ਬਾਬਾ, ਇਹਨਾਂ ਬਾਰੇ ਪੜ੍ਹ ਰਖਿਆ ਸੀ। ਸੋ ਏਧਰ ਦੌੜ ਆਈ।

ਏਨੇ ਚਿਰ ਵਿਚ ਗ਼ੁਸਲਖ਼ਾਨੇ ਦਾ ਦਰਵਾਜ਼ਾ ਖੁਲ੍ਹਿਆ। ਉਹ ਬਾਹਰ ਨਿਕਲੀ। ਬਿਸਤਰੇ ਦੀ ਸਫ਼ੈਦ ਚਾਦਰ ਨੂੰ ਉਹਨੇ ਪਿੱਠ ਪਿੱਛੋਂ ਬਾਹਵਾਂ ਦੇ ਹੇਠੋਂ ਦੀ ਅਗਾਂਹ ਲਿਆ ਕੇ, ਖੱਬੇ ਸਿਰੇ ਨੂੰ ਸੱਜੇ ਮੋਢੇ 'ਤੇ, ਸੱਜੇ ਸਿਰੇ ਨੂੰ ਖੱਬੇ ਮੋਢੇ 'ਤੇ ਸੁੱਟਿਆ ਹੋਇਆ ਸੀ। ਸਫ਼ੈਦ ਚੱਦਰ ਵਿਚ ਲਿਪਟੀ ਉਹ ਖ਼ੂਬਸੂਰਤ ਲਗ ਰਹੀ ਸੀ।

ਸ਼ਾਇਦ ਤੀਜੇ ਬੰਦੇ ਦੇ ਆਉਣ ਨਾਲ ਉਹ ਵਿਦੇਸ਼ੀ ਤੀਵੀਂ ਗੱਲਾਂ ਬੰਦ ਕਰ ਕੇ ਆਪਣੇ ਕੱਪੜੇ ਮੁੜ ਕੇ ਹੈਂਗਰਾਂ 'ਤੇ ਟੰਗਣ ਵਿਚ ਮਸਰੂਫ਼ ਹੋ ਗਈ। ਮੈਂ ਨਹਾਉਣ



ਲਈ ਗ਼ੁਸਲਖ਼ਾਨੇ ਵਿਚ ਚਲੀ ਗਈ। ਗ਼ੁਸਲਖ਼ਾਨੇ ਵਿਚ ਅਜੇ ਵੀ ਕਿਸੇ ਟੈਲਕਮ ਦੀ ਬਹੁਤ ਪਿਆਰੀ ਖ਼ੁਸ਼ਬੂ ਉੱਡ ਰਹੀ ਸੀ।

ਨਹਾ ਕੇ ਬਾਹਰ ਨਿਕਲੀ ਤਾਂ ਉਹ ਵਿਦੇਸ਼ੀ ਤੀਵੀਂ ਆਪਣੇ ਮੰਜੇ ਵਾਲੀ ਬੱਤੀ ਬੁਝਾ ਕੇ ਲੇਟ ਚੁੱਕੀ ਸੀ। ਉਹ ਮੇਰੀ ਪੁਰਾਣੀ ਸਾਥਣ (!) ਆਪਣੇ ਮੰਜੇ ਦੇ ਕੋਲ ਕੁਰਸੀ 'ਤੇ ਬੈਠੀ ਆਪਣੇ ਨਹੁੰਆਂ ਤੋਂ ਪੁਰਾਣਾ ਪਾਲਸ਼ ਲਾਹ ਰਹੀ ਸੀ। ਪਾਲਸ਼ ਦੀ ਸ਼ੀਸ਼ੀ ਉਹਦੇ ਕੋਲ ਪਈ ਸੀ। ਮੈਨੂੰ ਤਸੱਲੀ ਹੋਈ ਕਿ ਉਹ ਸ਼ਾਇਦ ਨਾਰਮਲ ਹੋ ਰਹੀ ਸੀ।

ਆਪਣੇ ਮੰਜੇ ਦੀ ਬੱਤੀ ਜਗਾਂਦੀ, ਤਾਂ ਰੌਸ਼ਨੀ ਸਿੱਧੀ ਉਸ ਵਿਦੇਸ਼ੀ ਤੀਵੀਂ ਦੇ ਮੂੰਹ 'ਤੇ ਪੈਣੀ ਸੀ, ਸੋ ਨਹੀਂ ਜਗਾਈ। ਕੁਝ ਪੜ੍ਹਨ ਤੋਂ ਬਿਨਾਂ ਸੌਣਾ ਵੀ ਨਾਮੁਮਕਿਨ ਸੀ। ਨਾਲੇ ਅਜੇ ਸਿਰਫ਼ ਗਿਆਰਾਂ ਵਜੇ ਸਨ। ਭਾਵੇਂ ਪਿਛਲੀ ਰਾਤ ਉੱਕਾ ਨਹੀਂ ਸਾਂ ਸੁੱਤੀ, ਪਰ ਐਸ ਵੇਲੇ ਨਹਾ ਧੋ ਕੇ ਕੁਝ ਪੜ੍ਹਨ 'ਤੇ ਦਿਲ ਕਰ ਰਿਹਾ ਸੀ। ਸੋ ਦੋ ਤਿੰਨ ਕਿਤਾਬਾਂ ਬਕਸੇ ਵਿਚੋਂ ਕੱਢੀਆਂ, ਤੇ ਲਾਉਂਜ ਵਿਚ ਚਲੀ ਗਈ। ਘੰਟੇ ਕੁ ਮਗਰੋਂ ਮੁੜੀ, ਤਾਂ ਨੀਂਦਰ ਸਿਰ ਵਿਚ ਗਾੜ੍ਹੇ ਧੂੰਏਂ ਵਾਂਗੂੰ ਭਰ ਰਹੀ ਸੀ।

ਹੌਲੀ ਜਿਹੀ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਉਹ ਕੁਰਸੀ 'ਤੇ ਬੈਠੀ ਸੀ। ਇਕ ਹੱਥ ਵਿਚ ਸੁਲਗਦਾ ਹੋਇਆ ਸਿਗਰੇਟ, ਦੂਜੇ ਵਿਚ ਸ਼ਰਾਬ ਦਾ ਗਲਾਸ। ਸੁਰਖ਼ ਰੰਗ ਦੀ ਸ਼ਰਾਬ, ਵਿਚ ਬਰਫ਼ ਦਾ ਤੈਰਦਾ ਹੋਇਆ ਟੁਕੜਾ।

ਮੈਂ ਚੁੱਪ ਚਾਪ ਜਾ ਕੇ ਆਪਣੀ ਮੰਜੀ ਤੇ ਲੇਟ ਗਈ।

ਓਹੀ ਬੇਚੈਨੀ। ਓਹੀ ਘੜੀ ਮੁੜੀ ਉੱਠਣਾ। ਬੁੱਝਦੀਆਂ ਜਗਦੀਆਂ ਬੱਤੀਆਂ। ਗ਼ੁਸਲਖ਼ਾਨਾ। ਸ਼ਾਵਰ। ਸ਼ਰਾਬ। ਹੋਰ ਸ਼ਰਾਬ। ਖੁਲ੍ਹਦਾ ਬੰਦ ਹੁੰਦਾ ਥਰਮਸ। ਬਰਫ਼ ਦੇ ਟੁਕੜਿਆਂ ਦੀ ਖਣਕਾਰ।

ਵਕਤ ਦੇ ਪੈਰਾਂ ਨਾਲ ਕਿਸੇ ਨੇ ਬੇੜੀਆਂ ਬੰਨ੍ਹ ਕੇ ਕਿਸੇ ਹਨੇਰੇ ਤਹਿਖ਼ਾਨੇ ਵਿਚ ਬੰਦ ਕਰ ਦਿਤਾ ਸੀ। ਉਥੇ ਉਹ ਪੱਥਰ ਦੀਆਂ ਬੋਲੀਆਂ ਦੀਵਾਰਾਂ ਨਾਲ ਸਿਰ ਮਾਰ ਰਿਹਾ ਸੀ, ਤੇ ਕੋਹੇ ਜਾ ਰਹੇ ਸੂਰ ਵਾਂਗੂੰ ਚੀਖ਼ ਰਿਹਾ ਸੀ।

ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਉਸ ਅਮਰੀਕਨ ਔਰਤ ਨੂੰ ਵੀ ਨੀਂਦਰ ਨਹੀਂ ਆ ਰਹੀ। ਆਪਣੇ ਮੰਜੇ ਤੇ ਬੜੀ ਬੇਆਰਾਮੀ ਨਾਲ ਉਹ ਪਾਸੇ ਪਰਤ ਰਹੀ ਸੀ। ਬਹੁਤ ਬੇਚੈਨੀ ਨਾਲ ਕਦੇ ਚੱਦਰ ਉਤੇ ਲੈਂਦੀ ਸੀ, ਕਦੇ ਲਾਹ ਦੇਂਦੀ ਸੀ। ਫੇਰ ਉਹਨੇ ਸਰ੍ਹਾਣਾ ਸਿਰ ਹੇਠੋਂ ਕੱਢ ਕੇ ਮੂੰਹ ਉਤੇ ਧਰ ਲਿਆ। ਉਤੋਂ ਦੋਵਾਂ ਬਾਹਵਾਂ ਨਾਲ ਦਬਾ ਲਿਆ। ਸ਼ਾਇਦ ਸਾਰੀਆਂ ਆਵਾਜ਼ਾਂ ਤੋਂ ਆਪਣੇ ਆਪ ਨੂੰ ਅਲਗ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਪਰ ਕਮਰੇ ਵਿਚ ਇਹ ਜਿਹੜੀ ਇਕ ਵਹਿਸ਼ਤ-ਭਰੀ ਪੀੜ ਘੁਮੜ ਰਹੀ ਸੀ, ਇਕ ਖ਼ਾਮੋਸ਼ ਬੇਚੈਨੀ, ਇਕ ਆਪਰੈੱਸਿਵ ਰੈੱਸਟਲੈਸਨੈੱਸ ਜਿਹੜੀ ਦੀਵਾਰਾਂ ਦੇ ਅੰਦਰ ਭਰ ਗਈ ਸੀ — ਇਕ ਹੁੰਮਸ ਵਾਂਗੂੰ, ਇਕ ਸਫ਼ੋਕੇਸ਼ਨ ਵਾਂਗੂੰ, ਸਾਹ-ਘੁੱਟੂ ਬੇਚੈਨੀ, ਉਸ ਨੂੰ ਆਪਣੇ ਆਪ ਤੋਂ ਬਾਹਰ ਕੋਈ ਕਿਵੇਂ ਡੱਕ ਸਕਦਾ ਸੀ।

ਆਖ਼ਰ ਉਹ ਜਿਵੇਂ ਝੁੰਜਲਾ ਕੇ ਮੰਜੇ 'ਤੇ ਉਠ ਕੇ ਬਹਿ ਗਈ — 'ਫ਼ਾਰ ਹੈਵਨਜ਼ ਸੇਕ, ਸਟਾਪ ਇਟ। ਆਈ ਵਾਂਟ ਟੂ ਸਲੀਪ।'

— 'ਕੌਣ ਮਨ੍ਹਾਂ ਕਰ ਰਿਹਾ ਏ ? ਸੌਂ ਜਾਹ ਨਾ !' ਉਹ ਔਰਤ ਨਾ ਆਪਣੀ ਥਾਂ ਤੋਂ ਹਿੱਲੀ, ਨਾ ਮੁੜ ਕੇ ਤੱਕਿਆ। ਉਸੇ ਤਰ੍ਹਾਂ ਬੈਠੀ ਬੈਠੀ ਬੜੀ ਰੋਹਬਦਾਰ ਆਵਾਜ਼ ਵਿਚ ਬੋਲੀ।

— ਕੌਣ ਸੌਂ ਸਕਦਾ ਏ ਇਸ ਤਰ੍ਹਾਂ ? ਜਦ ਤਕ ਤੂੰ ਨਾ ਸਵੇਂ, ਕੋਈ ਨਹੀਂ ਸੌਂ ਸਕਦਾ ਇਸ ਕਮਰੇ ਵਿਚ।

— ਮੇਰੇ ਸੌਣ ਨਾ ਸੌਣ ਵਿਚ ਇੰਟਰਫ਼ੀਅਰੈਂਸ ਵੀ ਕੋਈ ਨਹੀਂ ਕਰ ਸਕਦਾ। ਮੇਰੀ ਮਰਜ਼ੀ ਹੋਵੇਗੀ, ਸਵਾਂਗੀ : ਨਹੀਂ ਮਰਜ਼ੀ ਹੋਵੇਗੀ, ਨਹੀਂ ਸਵਾਂਗੀ।

ਅਮਰੀਕਨ ਔਰਤ ਦੀ ਆਵਾਜ਼ ਗੁੱਸੇ ਨਾਲ ਕੰਬਣ ਲਗੀ — ਤੂੰ ਕੀ ਸੋਚਨੀ ਏਂ ਇਕ ਤੂੰਹੀਓਂ ਦੁਖੀ ਏਂ ? ਤੂੰ ਕੀ ਸੋਚਨੀ ਏਂ, ਤੇਰੀ ਤਕਲੀਫ ਨੇ ਤੈਨੂੰ ਲਾਈਸੈਂਸ ਦੇ ਦਿਤਾ ਏ ਕਿ ਤੂੰ ਸਿਰਫ਼ ਆਪਣੇ ਲਈ ਜੀਵੇਂ ? (ਇਸ ਤਰ੍ਹਾਂ, ਜਿਵੇਂ ਕੋਈ ਆਖੇ, ਤੂੰ ਸਮਝ ਕੀ ਰਖਿਆ ਏ ਆਪਣੇ ਆਪ ਨੂੰ ? ਨਵਾਬਜ਼ਾਦੀ ਏਂ ਤੂੰ ਕੋਈ ? ਕਿਧਰ ਦੀ ਹੂਰਾਂ ਪਰੀ ਏਂ ਤੂੰ ?)

— 'ਗੋ ਐਂਡ ਕਨਸਲਟ ਏ ਡਾਕਟਰ ਅਬਾਊਟ ਯੋਅਰ ਨਰਵਜ਼ !' — ਉਸ ਤੀਵੀਂ ਨੇ ਕਿਹਾ, ਅਡੋਲ ਬੈਠੀ ਬੈਠੀ ਨੇ ਹੀ।

'ਓ...ਓ...' — ਅਮਰੀਕਨ ਔਰਤ ਨੇ ਗੁੱਸੇ ਨਾਲ ਤਿਲਮਿਲਾ ਕੇ ਕਿਹਾ, ਤੇ ਉੱਠ ਕੇ ਆਪਣਾ ਸਿਰਹਾਣਾ ਤੇ ਚੱਦਰ ਚੁੱਕ ਕੇ ਲਾਊਂਜ ਵਿਚ ਚਲੀ ਗਈ। ਸ਼ਾਇਦ ਲਾਊਂਜ ਦੇ ਸੋਫ਼ੇ ਤੇ ਸੌਣ ਲਈ...

ਅਗਲੇ ਦਿਨ ਸ਼ਾਮ ਵੇਲੇ ਕਮਰੇ ਦੇ ਬੂਹੇ 'ਤੇ ਟਿਕ ਟਿਕ ਹੋਈ। ਮੈਂ ਦਰਵਾਜ਼ਾ ਖੋਲ੍ਹਿਆ। ਵਾਈ. ਡਬਲਿਊ. ਸੀ. ਏ. ਦਾ ਮੈਸੰਜਰ ਬੁਆਏ ਸੀ। ਨਾਲ ਇਕ ਪਾਦਰੀ। ਮੈਸੰਜਰ ਬੁਆਏ ਨੇ ਮੇਰੀ ਸਾਥਣ ਨੂੰ ਕਿਹਾ, "ਫ਼ਾਦਰ'ਜ਼ ਹੀਅਰ।" ਉਹ ਅੱਖਾਂ ਮੀਟ ਕੇ ਕੁਰਸੀ 'ਤੇ ਬੈਠੀ ਸੀ। ਉਠ ਖੜੋਤੀ। ਉਸੇ ਤਰ੍ਹਾਂ ਸਫ਼ੈਦ ਚੱਦਰ ਵਿਚ ਲਿਪਟੀ ਹੋਈ ਉਹ ਪਾਦਰੀ ਨਾਲ ਲਾਊਂਜ ਵਿਚ ਚਲੀ ਗਈ।

ਮੈਂ ਉਂਜ ਬੜੀ ਸ਼ਾਇਸਤਾ ਕਿਸਮ ਦੀ ਔਰਤ ਹਾਂ। ਕਿਸੇ ਦੀ ਗੱਲ ਚੋਰੀ ਚੋਰੀ ਸੁਣਨੀ ਮੇਰੇ ਵੱਸ ਦੀ ਗੱਲ ਹੀ ਨਹੀਂ। ਪਰ ਉਸ ਔਰਤ ਦੇ ਬਾਰੇ ਪਤਾ ਨਹੀਂ ਕੀ ਗੱਲ ਸੀ, ਮੈਂ ਵੀ ਉੱਠ ਕੇ ਲਾਊਂਜ ਦੇ ਨਾਲ ਵਾਲੇ ਰੀਡਿੰਗ ਰੂਮ ਵਲ ਤੁਰ ਪਈ। ਕਿਊਰਿਆਸਿਟੀ ? ਪਤਾ ਨਹੀਂ। ਪਰ ਮੈਂ ਉਸ ਦੇ ਬਾਰੇ ਜਾਨਣਾ ਚਾਹੁੰਦੀ ਸਾਂ। ਨਾਲੇ ਸ਼ਾਇਦ ਇਹ ਵੀ ਸੋਚਿਆ ਹੋਵੇਗਾ ਕਿ ਇਸ ਦੀ ਪੀੜ ਸਾਰੀ ਸਾਰੀ ਰਾਤ ਮੈਂ ਵੰਡਦੀ ਰਹੀ ਹਾਂ — ਖ਼ਾਮੋਸ਼। ਇਸ ਨੂੰ ਨੰਗੀ ਪੀੜ ਦੀ ਗਲੀ ਵਿਚੋਂ ਛਟਪਟਾਂਦਿਆਂ ਲੰਘਦੀ ਨੂੰ ਵੇਖਦੀ ਰਹੀ ਹਾਂ — ਨੰਗੀਆਂ ਅੱਖਾਂ ਨਾਲ। ਫੇਰ ਓਹਲਾ ਕਾਹਦਾ ?

ਉਹ ਪਾਦਰੀ ਨੂੰ ਕਹਿ ਰਹੀ ਸੀ, "ਫ਼ਾਦਰ, ਆਈ ਡੋਂਟ ਹੈਵ ਐਨੀ ਕਨਫ਼ੈਸ਼ਨ ਟੂ ਮੇਕ। ਕੋਈ ਨਹੀਂ ਸੀ ਗੱਲ ਕਰਨ ਵਾਲਾ। ਨਾਟ ਏ ਸਿੰਗਲ ਸੋਲ ਟੂ ਟਾਕ ਟੂ। ਇਹ ਸਾਰੀ ਪੀੜ ਇਕੱਲਿਆਂ ਬਰਦਾਸ਼ਤ ਨਹੀਂ ਸੀ ਹੋ ਰਹੀ। ਇਹ ਇਕੱਲਾਪਣ। ਇਹ ਲੋਨਲੀਨੈੱਸ। ਹੋਪਲੈੱਸ, ਹੈਲਪਲੈੱਸ ਫ਼ਰਸਟਰੇਸ਼ਨ ਆਫ਼ ਸਟਾਰਕ ਲੋਨਲੀਨੈੱਸ।



ਮੈਂ ਸੋਚਿਆ, ਜੇ ਕਿਸੇ ਨਾਲ ਗੱਲ ਨਹੀਂ ਕਰਾਂਗੀ, ਤਾਂ ਪਾਗਲ ਹੋ ਜਾਵਾਂਗੀ। ਆਈ 'ਲ ਗੋ ਨਟਸ !"

ਉਸ ਦੀ ਆਵਾਜ਼ ਵਿਚ ਕੁਝ ਇਸ ਤਰ੍ਹਾਂ ਦੀ ਨਾਉਮੀਦੀ ਸੀ, ਕੁਝ ਇਸ ਤਰ੍ਹਾਂ ਦੀ ਲਾਚਾਰੀ ਸੀ, ਕੁਝ ਇਸ ਤਰ੍ਹਾਂ ਦੀ ਨਿਢਾਲ ਸੀ ਉਹ ਆਵਾਜ਼, ਕਿ ਮੈਂ ਉਥੋਂ ਤੁਰ ਆਈ। ਤੁਰਦਿਆਂ ਤੁਰਦਿਆਂ ਉਸ ਦੀਆਂ ਗੱਲਾਂ ਦੇ ਕੁਝ ਟੁਕੜੇ ਵੀ ਮੇਰੇ ਨਾਲ ਤੁਰਦੇ ਆ ਗਏ। ਕਹਿ ਰਹੀ ਸੀ — ਜਿਥੇ ਮੈਂ ਰਹਿੰਦੀ ਹਾਂ, ਉਥੋਂ ਦੀਆਂ ਖ਼ਾਲੀ ਸੱਖਣੀਆਂ ਦੀਵਾਰਾਂ ਨਾਲ ਸਿਰ ਪਟਕ ਪਟਕ ਕੇ ਕਈ ਆਵਾਜ਼ਾਂ ਰੋਂਦੀਆਂ ਸਨ। ਮੇਰੇ ਇਕੱਲੇ ਦਿਨ ਤੇ ਇਕੱਲੀਆਂ ਰਾਤਾਂ ਦੀਆਂ ਬੇਆਵਾਜ਼ ਆਵਾਜ਼ਾਂ। ਏਥੇ ਦੌੜ ਆਈ। ਪਰ ਲਗਦਾ ਏ, ਸਿਰਫ਼ ਦੀਵਾਰਾਂ ਹੀ ਉਥੇ ਛੱਡ ਆਈ ਹਾਂ, ਬਾਕੀ ਸਾਰੀਆਂ ਗੱਲਾਂ, ਤੇ ਰੋਣ ਦੀਆਂ ਆਵਾਜ਼ਾਂ, ਤੇ ਅਣਵੱਗੇ ਅੱਥਰੂਆਂ ਦਾ ਸੈਲਾਬ, ਸਭ ਨਾਲ ਲੈ ਆਈ ਹਾਂ। ਦੀਵਾਰਾਂ ਵਿਚ ਹੀ ਨਹੀਂ, ਉਹ ਤੇ ਮੇਰੀ ਛਾਤੀ ਵਿਚ ਵੀ ੀਆਂ ਨੇ, ਸਾਰੀਆਂ ਦੀਆਂ ਸਾਰੀਆਂ ਆਵਾਜ਼ਾਂ। ਮੈਂ ਕਿੱਥੇ ਜਾਵਾਂ ?...

ਅਗਲੇ ਦਿਨ ਚੌਥੇ ਮੰਜੇ ਵਾਲੀ ਕੁੜੀ ਵੀ ਆ ਗਈ। ਸਵੇਰ ਤੋਂ ਸ਼ਾਮ ਤਕ ਅਖ਼ਬਾਰਾਂ ਦੇ 'ਵਾਂਟਿਡ' ਕਾਲਮ ਪੜ੍ਹਦੀ ਰਹੀ। ਨੌਕਰੀ ਲੱਭ ਰਹੀ ਸੀ ਸ਼ਾਇਦ ! ਅਚਾਨਕ ਮੈਨੂੰ ਖ਼ਿਆਲ ਆਇਆ, ਕਿਸੇ ਅਖ਼ਬਾਰ ਦੇ ਕਿਸੇ ਵਾਂਟਿਡ ਕਾਲਮ ਵਿਚ ਕੋਈ ਇਹੋ ਜਿਹਾ ਇਸ਼ਤਿਹਾਰ (ਇਸ਼ਤਿਹਾਰ ? ਕੇਡਾ ਵਲਗਰ ਲਫ਼ਜ਼ ਏ ! ਨਹੀਂ, ਇਕ ਸੁਨੇਹਾ !) ਹਾਂ, ਕੋਈ ਇਹੋ ਜਿਹਾ ਸੁਨੇਹਾ ਨਹੀਂ ਛਪ ਸਕਦਾ ? — 'ਇਕ ਔਰਤ। ਉਮਰ ਚਾਲ੍ਹੀਆਂ ਦੇ ਪਰਲੇ ਪਾਸੇ। ਖ਼ੂਬਸੂਰਤ, ਟਾਲਰੇਬਲੀ ਖ਼ੂਬਸੂਰਤ। ਬਹੁਤ ਬਹੁਤ ਇਕੱਲੀ। ਬਹੁਤ ਬਹੁਤ ਤੇਜ਼, ਤਲਖ਼ ਪੀੜ ਵਿਚੋਂ ਗੁਜ਼ਰ ਰਹੀ। ਉਸ ਨੂੰ ਲੋੜ ਏ ਕਿਸੇ ਮਹਿਬੂਬ ਮਰਦ ਦੀ। ਜਿਥੇ ਵੀ ਕਿਧਰੇ ਕੋਈ ਬਹੁਤ ਬਹੁਤ ਇਕੱਲਾ ਮਰਦ, ਜਿਸ ਨੇ ਜ਼ਿੰਦਗੀ ਦੀ ਤਲਖ਼ੀ ਨੂੰ ਪੀਤਾ ਹੋਵੇ, ਇਸ ਸੁਨੇਹੇ ਨੂੰ ਪੜ੍ਹਦਾ ਹੋਵੇ, ਉਹ ਵਾਈ. ਡਬਲਿਊ. ਸੀ. ਏ. ਇੰਟਰਨੈਸ਼ਨਲ ਗੈਸਟ ਹਾਊਸ ਦੇ ਕਮਰਾ ਨੰਬਰ ਅੱਠ ਵਿਚ ਆ ਜਾਵੇ। ਪਰ ਛੇਤੀ ! ਬਹੁਤ ਛੇਤੀ ! ਇਕੱਲੇਪਣ ਦੀ ਹੁੰਮਸ ਵਿਚ ਕੁਝ ਨਹੀਂ ਪਤਾ ਹੁੰਦਾ ਕਿ ਕਿਹੜਾ ਸਾਹ ਆਏਗਾ, ਕਿਹੜਾ ਨਹੀਂ ਆਏਗਾ।'

# ਪੰਜ ਰੁਪਏ ਵਾਲਾ ਕੰਮ

ਦੂਰੋਂ ਤੁਰਦੀ ਆਉਂਦੀ ਵੰਦਨਾ ਮੁਸਕਰਾ ਪਈ। ਅਨਿਲ ਨੇ ਵੇਖਿਆ, ਵੰਦਨਾ ਦੀ ਮੁਸਕਰਾਹਟ ਵਿਚ ਦੋ ਅੱਥਰੂ ਵੀ ਘੁਲੇ ਹੋਏ ਨੇ। ਮੁਸਕਰਾਹਟ ਸਲ੍ਹਾਬੀ ਹੋਈ ਏ।

ਦੋਵੇਂ ਕੁਝ ਨਹੀਂ ਬੋਲਦੇ, ਚੁੱਪ ਚਾਪ ਤੁਰ ਪੈਂਦੇ ਨੇ।

ਹਮੇਸ਼ਾ ਇਸੇ ਤਰ੍ਹਾਂ ਹੁੰਦਾ ਏ। ਵੰਦਨਾ ਚੁੱਪ ਚਾਪ ਅਨਿਲ ਦੇ ਨਾਲ ਤੁਰ ਪੈਂਦੀ ਏ। ਕੁਝ ਨਹੀਂ ਬੋਲਦੀ।

ਵੰਦਨਾ ਦੀ ਖ਼ਾਮੋਸ਼ੀ ਜੋ ਕੁਝ ਬੋਲਦੀ ਏ, ਉਹ ਅਨਿਲ ਜਾਣਦਾ ਏ। ਉਹਨਾਂ ਚੁੱਪ ਬੋਲਾਂ ਦਾ ਉਹਨੂੰ ਕੋਈ ਜੁਆਬ ਨਹੀਂ ਅਹੁੜਦਾ। ਏਸੇ ਕਰ ਕੇ ਉਹ ਚੁੱਪ ਰਹਿੰਦਾ ਏ।

ਵੰਦਨਾ ਦੀ ਮੁਸਕਰਾਹਟ ਦੀ ਸਿੱਲ੍ਹ ਦਾ ਵੀ ਅਨਿਲ ਨੂੰ ਪਤਾ ਏ। ਉਹਦਾ ਜੀਅ ਕਰਦਾ ਏ, ਨਾਲ ਤੁਰਦੀ ਵੰਦਨਾ ਨੂੰ ਖਿੱਚ ਕੇ ਹਿੱਕ ਨਾਲ ਲਾ ਲਵੇ, ਤੇ ਆਖੇ, 'ਤੂੰ ਮੇਰੀ ਏਂ। ਤੈਨੂੰ ਪਤਾ ਏ ਨਾ ਏਸ ਗੱਲ ਦਾ? ਬਸ ਫੇਰ ਮੁਸਕਰਾ ਦੇਹ! ਦਿਲ ਨਾਲ ਮੁਸਕਰਾਈਂ, ਐਵੇਂ ਝੂਠੀ ਮੂਠੀ ਨਹੀਂ। ਹਾਂ, ਐਂਜ!'

ਪਰ ਉਹ ਕੁਝ ਵੀ ਨਹੀਂ ਆਖਦਾ।

ਕੁਝ ਚਿਰ ਮਗਰੋਂ ਅਨਿਲ ਨਿੱਕੀ ਜਿਹੀ ਹਾਸੀ ਹੱਸ ਕੇ ਕਹਿੰਦਾ ਏ, "ਦੇਵੀ ਜੀ, ਜੇ ਐਡੇ ਲੰਮੇ ਤੜੰਗੇ ਮਰਦ ਨਾਲ ਤੁਰਦਿਆਂ ਵੀ ਤੁਸੀਂ ਭਿੱਜੇ ਖੰਭਾਂ ਵਾਲੀ ਫ਼ਾਖ਼ਤਾ ਵਾਂਗੂੰ ਹੀ ਤੁਰਨਾ ਏਂ, ਤਾਂ..."

ਵੰਦਨਾ ਉਹਦੇ ਵਲ ਵੇਖਦੀ ਏ। ਅਨਿਲ ਝੇਂਪ ਜਾਂਦਾ ਏ। ਉਹਨੂੰ ਲਗਦਾ ਏ, ਉਹਨੇ ਨਿਹਾਇਤ ਬੇਵਕੂਫ਼ੀ ਵਾਲੀ ਕੋਈ ਗੱਲ ਕਰ ਦਿਤੀ ਏ।

ਫੇਰ ਖ਼ਾਮੋਸ਼ੀ।

"ਕਿੱਥੇ ਚਲੀਏ?" ਅਨਿਲ ਪੁੱਛਦਾ ਏ। ਅੱਗੇ ਵੀ ਸੈਂਕੜੇ ਵਾਰ ਉਹ ਇਹੋ ਸੁਆਲ ਕਰ ਚੁੱਕਾ ਏ — ਪਿਛਲੇ ਡੇਢ ਸਾਲ ਵਿਚ। ਹਰ ਵਾਰ ਵੰਦਨਾ ਇਹੀ ਜੁਆਬ ਦੇਂਦੀ ਏ, "ਜਿੱਥੇ ਮਰਜ਼ੀ!"

ਉਹਦੀ 'ਜਿੱਥੇ ਮਰਜ਼ੀ' ਦੇ ਅਰਥ ਅਨਿਲ ਨੂੰ ਵੱਖੋ ਵੱਖ ਵਕਤਾਂ ਤੇ ਵੱਖ ਵੱਖ ਸਮਝ ਆਉਂਦੇ ਨੇ। ਜੇ ਉਸ ਨੂੰ ਵੰਦਨਾ 'ਤੇ ਬਹੁਤ ਲਾਡ ਆ ਰਿਹਾ ਹੋਵੇ ਤਾਂ ਉਹਨੂੰ ਲੱਗਦਾ ਏ, ਇਹਨਾਂ ਲਫ਼ਜ਼ਾਂ ਵਿਚ ਵੰਦਨਾ ਦਾ ਬੇਹੱਦ ਮਾਸੂਮ ਆਤਮ-ਸਮਰਪਣ ਏਂ। ਜੇ ਉਹਨੂੰ ਝੁੰਜਲਾਹਟ ਆ ਰਹੀ ਹੋਵੇ ਤਾਂ ਉਹ ਸੋਚਦਾ ਏ, 'ਹਾਂ, ਇਹ ਕੋਈ



ਜ਼ਿੰਮੇਵਾਰੀ ਕਿਉਂ ਸੰਭਾਲੇਗੀ? ਹਰ ਜ਼ਿੰਮੇਵਾਰੀ ਮੇਰੀ ਏ! ਥਾਂ ਲੱਭਣ ਦੀ ਜ਼ਿੰਮੇਵਾਰੀ ਮੇਰੀ, ਹਰ ਉੱਚੀ ਨੀਵੀਂ ਗੱਲ ਦੀ ਜ਼ਿੰਮੇਵਾਰੀ ਮੇਰੀ।'

ਤੇ ਥਾਂ ਲੱਭਣੀ ਸੱਚ ਮੁੱਚ ਡਾਢਾ ਔਖਾ ਕੰਮ ਹੁੰਦਾ ਏ।

ਉਹਨੇ ਹਰ ਮੁਮਕਿਨ ਥਾਂ ਨੂੰ ਤਲਾਸ਼ ਕੀਤਾ ਏ। ਹਰ ਮੁਮਕਿਨ ਥਾਂ ਦੀ ਊਚ-ਨੀਚ ਨੂੰ ਪਰਖਿਆ ਏ। ਕਈ ਵਾਰੀ ਉਹ ਸੋਚਦਾ ਏ, ਇਸੇ ਗੱਲ ਤੇ ਰੀਸਰਚ ਕੀਤੀ ਜਾ ਸਕਦੀ ਏ, ਥੀਸਿਸ ਲਿਖਿਆ ਜਾ ਸਕਦਾ ਏ।

ਰੇਲਵੇ ਸਟੇਸ਼ਨਾਂ ਦੇ ਪਲੇਟਫ਼ਾਰਮਾਂ 'ਤੇ ਪਏ ਬੈਂਚ, ਸਟੇਸ਼ਨਾਂ ਦੇ ਵੇਟਿੰਗ ਰੂਮ। ਬੱਸ ਦੇ ਇਕ ਟਰਮੀਨਸ ਤੋਂ ਦੂਜੇ ਟਰਮੀਨਸ ਤਕ ਜਾ ਕੇ ਫੇਰ ਵਾਪਸੀ। ਦਿੱਲੀਓਂ ਤੀਹ ਪੈਂਤੀ ਮੀਲ ਦੂਰ ਕਿਸੇ ਥਾਂ ਦਾ ਟਿਕਟ ਲੈ ਕੇ ਗੱਡੀ ਵਿਚ ਬਹਿ ਕੇ ਜਾਣਾ, ਤੇ ਮੁੜ ਆਉਣਾ। ਹਸਪਤਾਲਾਂ ਦੇ ਲਾਅਨਾਂ ਵਿਚ ਬੈਠੇ ਮਰੀਜ਼ਾਂ ਤੇ ਮਰੀਜ਼ਾਂ ਦੇ ਰਿਸ਼ਤੇਦਾਰਾਂ ਦੀਆਂ ਟੋਲੀਆਂ ਤੋਂ ਰਤਾ ਵਿਕੋਲਿੱਤਰੇ ਜਾ ਬਹਿਣਾ ਤਾਕਿ ਇਹੀ ਜਾਪੇ ਕਿ ਉਹ ਕਿਸੇ ਡਾਕਟਰ ਦਾ ਇੰਤਜ਼ਾਰ ਕਰ ਰਹੇ ਨੇ, ਜਾਂ ਕੋਈ ਮਰੀਜ਼ ਅੰਦਰ ਬੀਮਾਰ ਏ ਜਿਸ ਦੀ ਹਾਲਤ ਦੀ ਖ਼ਬਰਗੀਰੀ ਰਖਣ ਲਈ ਏਥੇ ਬੈਠੇ ਨੇ। ਕਬਰਿਸਤਾਨ ਵਿਚ ਕਿਸੇ ਰੁੱਖ ਦੇ ਹੇਠਾਂ ਜਾ ਬਹਿਣਾ। ਵੱਡੇ ਸਰਕਾਰੀ ਦਫ਼ਤਰਾਂ ਦੇ ਬਾਹਰ ਇੰਤਜ਼ਾਰ ਕਰਨ ਵਾਲੇ ਲੋਕਾਂ ਵਿਚ ਰਲ ਕੇ ਬੈਂਚਾਂ ਦੇ ਖੂੰਜਿਆਂ ਵਿਚ ਸੁੰਗੜ ਜਾਣਾ। ਲਾਇਬਰੇਰੀਆਂ ਦੇ ਲਾਅਨਾਂ ਵਿਚ ਕੋਈ ਕਿਤਾਬ ਖੋਹਲ ਕੇ ਪੜ੍ਹਨ ਦਾ ਬਹਾਨਾ ਕਰਨਾ। ਇਸ ਤੋਂ ਛੁਟ ਗਿਆਰਾਂ ਮੀਲ ਦੂਰ ਯੂਨੀਵਰਸਿਟੀ ਦਾ ਕੌਫ਼ੀ ਹਾਊਸ, ਦਿੱਲੀ ਵਿਚ ਬਣੇ ਕਈ ਬਾਗ਼ ਤੇ ਮਕਬਰੇ, ਸੁੰਨਸਾਨ ਸੜਕਾਂ ਦੇ ਵਿਚਕਾਰ ਬਣੇ ਟਰੈਫ਼ਿਕ ਆਈਲੈਂਡ। ਦਿੱਲੀ ਦੇ ਆਸ ਪਾਸ ਦੇ ਕਈ ਪਿੰਡ। ਓਖਲਾ, ਕੁਤਬ, ਤੁਗ਼ਲਕਾਬਾਦ, ਤੇ ਹੋਰ ਸੈਂਕੜੇ ਥਾਵਾਂ। ਬਾਕੀ ਓਹੀ ਆਮ ਲੋਕਾਂ ਵਾਂਗੂੰ ਕਦੇ ਕਿਸੇ ਰੈਸਤੋਰਾਂ ਵਿਚ ਜਾਂ ਸਿਨੇਮਾ-ਘਰ ਵਿਚ ਜਾ ਬੈਠਦੇ ਨੇ।

ਕਈ ਵਾਰੀ ਅਨਿਲ ਨੇ ਸੋਚਿਆ ਏ, ਕਿਧਰੇ ਕੋਈ ਕਮਰਾ ਕਿਰਾਏ ਤੇ ਲੈ ਛੱਡੇ। ਪਰ ਜਿਸ ਘਰ ਵਿਚ ਕਦੇ ਕਦਾਈਂ ਦੋ ਬੰਦੇ ਦੋ ਚਾਰ ਘੰਟਿਆਂ ਲਈ ਆਉਣਗੇ, ਕੁਝ ਚਿਰ ਮਗਰੋਂ ਉਸ ਮਹੱਲੇ ਵਿਚੋਂ ਲੰਘ ਸਕਣਾ ਮੁਮਕਿਨ ਹੋ ਸਕੇਗਾ? ਇਹੀ ਸੋਚ ਕੇ ਅਨਿਲ ਆਪਣੀ ਇਸ ਖ਼ਾਹਿਸ਼ ਨੂੰ ਦਬਾ ਲੈਂਦਾ ਏ।

ਨਾਲ ਚੁੱਪ ਚਾਪ ਤੁਰਦੀ ਵੰਦਨਾ 'ਤੇ ਅਨਿਲ ਨੂੰ ਬੇਹੱਦ ਪਿਆਰ ਆ ਰਿਹਾ ਏ।

"ਵੰਦਨਾ!"

"ਹੂੰ!"

ਅਨਿਲ ਦਾ ਜੀਅ ਕਰਦਾ ਏ ਅੱਜ ਉਹ ਆਪਣੇ ਉਸ਼ੇ. ਦੋਸਤ ਦੇਵਿੰਦਰ ਦੇ ਘਰ ਦੀ ਚਾਬੀ ਲੈ ਕੇ ਵੰਦਨਾ ਨੂੰ ਓਥੇ ਲੈ ਜਾਏ।

ਪਰ ਹਰ ਵਾਰੀ ਜਦੋਂ ਉਹ ਵੰਦਨਾ ਨੂੰ ਕਿਸੇ ਦੋਸਤ ਦੇ ਘਰ ਦੀ ਚਾਬੀ ਮੰਗ ਕੇ ਲੈ ਜਾਂਦਾ ਏ, ਤਾਂ ਮਗਰੋਂ ਵੰਦਨਾ ਹੋਰ ਉਦਾਸ ਹੋ ਜਾਂਦੀ ਏ।

ਘੜੀ ਦੀ ਘੜੀ ਉਹਦਾ ਸਾਰਾ ਪਿੰਡਾ ਆਪਣੇ ਸਾਰੇ ਤਣਾਓ ਦਾ ਨਕਾਬ ਲਾਹ ਕੇ ਪਰ੍ਹਾਂ ਰਖ ਦੇਂਦਾ ਏ। ਸਾਰਾ ਜਿਸਮ, ਸਾਰੀ ਰੂਹ ਜਿਵੇਂ ਆਰਾਮ ਕਰਨ ਲਗ ਪੈਂਦੇ ਨੇ,

ਲੱਤਾਂ ਬਾਹਾਂ ਫੈਲਾ ਕੇ, ਜਿਸਮ ਢਿੱਲਾ ਛੱਡ ਕੇ। ਤੇ ਫੇਰ ਉਹ ਅਨਿਲ ਦੇ ਗਲ ਦੁਆਲਿਓਂ ਬਾਹਵਾਂ ਈ ਨਹੀਂ ਖੋਹਲਦੀ।

ਅਨਿਲ ਆਖਦਾ ਏ, "ਵੰਦਨਾ, ਉਠ ਨਾ ਹੁਣ ਰਾਣੀ, ਘਰ ਦੇ ਮਾਲਕਾਂ ਦੇ ਆਉਣ ਦਾ ਵੇਲਾ ਹੋ ਗਿਆ ਏ। ਪਰਾਹੁਣਿਆਂ ਨੂੰ ਜਾਣਾ ਚਾਹੀਦਾ ਏ ਹੁਣ।"

ਵੰਦਨਾ "ਊਂ...ਹੂੰ..." ਕਹਿ ਕੇ ਕੁਨਮੁਨਾਉਂਦੀ ਹੋਈ ਅਨਿਲ ਦੀ ਛਾਤੀ ਦੇ ਵਾਲਾਂ ਨਾਲ ਆਪਣੀ ਗਲ੍ਹ ਰਗੜਦੀ ਏ।

ਕੁਝ ਚਿਰ ਖ਼ਾਮੋਸ਼ੀ ਵਾਤਾਵਰਨ ਵਿਚ ਹੌਲੀ ਹੌਲੀ ਚੱਲ ਰਹੇ ਪੱਖੇ ਵਾਂਗੂੰ ਹਿੱਲਦੀ ਰਹਿੰਦੀ ਏ, ਗੁਣਗੁਣਾਉਂਦੀ ਰਹਿੰਦੀ ਏ।

"ਵੰਦਨਾ, ਉਠ ਮੇਰੀ ਜਾਨ, ਉਹ ਆ ਕੇ ਬਾਹਰੋਂ ਨਾਕ ਕਰੇਗਾ, ਤੇ......"

ਵੰਦਨਾ ਪੈਰ ਦੇ ਅੰਗੂਠੇ ਨਾਲ ਅਨਿਲ ਦੇ ਪੈਰ ਦੇ ਪਾਸੇ ਨੂੰ ਪਲੋਸਦੀ ਏ, ਤੇ ਚੁੱਪ ਰਹਿੰਦੀ ਏ। ਚੁੱਪ ਤੇ ਅਹਿੱਲ।

ਤੇ ਫੇਰ ਜਦੋਂ ਅਨਿਲ ਜ਼ਬਰਦਸਤੀ ਉਹਦੀਆਂ ਬਾਹਵਾਂ ਨੂੰ ਆਪਣੇ ਦੁਆਲਿਉਂ ਖੋਲ੍ਹ ਕੇ ਆਖਦਾ ਏ, "ਲੈ, ਝਟਪਟ ਤਿਆਰ ਹੋ ਜਾਹ ਹੁਣ," ਤੇ ਆਪ ਗ਼ੁਸਲਖ਼ਾਨੇ ਵਿਚ ਵੜ ਜਾਂਦਾ ਏ, ਤਾਂ ਵੰਦਨਾ ਬੇਹੱਦ ਉਦਾਸ ਹੋ ਜਾਂਦੀ ਏ।

ਅਨਿਲ ਬਾਹਰ ਆ ਕੇ ਵੇਖਦਾ ਏ, ਵੰਦਨਾ ਆਪਣੇ ਆਪ ਤੋਂ ਬੇਖ਼ਬਰ ਕੰਧ ਵਾਲੇ ਪਾਸੇ ਮੂੰਹ ਕਰ ਕੇ ਨਿੱਸਲ ਲੰਮੀ ਪਈ ਹੋਈ ਏ, ਤੇ ਕੰਧ ਵਲ ਤੱਕਦੀਆਂ ਉਹਦੀਆਂ ਅੱਖਾਂ ਵਿਚ ਡੱਬ ਡੱਬ ਅੱਥਰੂ ਭਰੇ ਹੋਏ ਨੇ।

ਤੇ ਫੇਰ ਅਨਿਲ ਨੂੰ ਸਮਝ ਨਹੀਂ ਆਉਂਦੀ, ਉਹ ਕੀ ਕਰੇ।

ਜੇ ਉਹ ਵੰਦਨਾ ਨੂੰ ਬੜੀ ਨੇੜਿਓਂ ਪਿਆਰ ਕਰੇਂਦਾ ਏ, ਵੰਦਨਾ ਮਗਰੋਂ ਏਨੀ ਉਦਾਸ ਹੋ ਜਾਂਦੀ ਏ, ਕਿ ਕਈ ਕਈ ਦਿਨ ਉਹ ਉਦਾਸੀ ਗਿੱਲੇ ਕੱਪੜੇ ਵਾਂਗੂੰ ਉਹਦੇ ਗਲ ਨਾਲ ਚੰਬੜੀ ਰਹਿੰਦੀ ਏ।

ਜੇ ਅਨਿਲ ਵੰਦਨਾ ਨੂੰ ਕਿਸੇ ਰੈਸਤੋਰਾਂ ਵਿਚ ਬਿਠਾ ਕੇ ਉਹਦੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਏ, ਤਾਂ ਵੰਦਨਾ ਅਥਾਹ ਡੂੰਘਾਣਾਂ ਅੱਖਾਂ ਵਿਚ ਭਰ ਕੇ ਉਹਦੇ ਵਲ ਤੱਕਦੀ ਏ, ਤੇ ਉਦਾਸ ਰਹਿੰਦੀ ਏ। ਉਦਾਸ ਤੇ ਖ਼ਾਮੋਸ਼।

ਜੇ ਅਨਿਲ ਉਹਨੂੰ ਉੱਕਾ ਨਹੀਂ ਮਿਲਦਾ, ਤਾਂ ਉਹ ਉਹਨੂੰ ਟੈਲੀਫ਼ੋਨ ਕਰਦੀ ਏ, ਤੇ ਟੈਲੀਫ਼ੋਨ ਤੇ ਹੁਬਕੀਂ ਹੁਬਕੀਂ ਰੋਣ ਲਗ ਪੈਂਦੀ ਏ।

ਕਦੇ ਕਿਸੇ ਬੜੇ ਹੀ ਨਿੱਘੇ ਤੇ ਅਪਣਾਪੇ ਨਾਲ ਭਰੇ ਖਿਣ ਵਿਚ ਉਹ ਉਸ ਦੀ ਛਾਤੀ ਦੇ ਵਾਲਾਂ ਵਿਚ ਪੋਲੀ ਪੋਲੀ ਉਂਗਲਾਂ ਘੁਮਾਉਂਦੀ ਏ, ਤੇ ਕਹਿੰਦੀ ਏ, "ਅਨੂੰ, ਮੈਨੂੰ ਗ਼ਲਤ ਨਾ ਸਮਝੀਂ।...ਬਹੁਤ ਮਨ...ਉਦਾਸ ਰਹਿੰਦਾ ਏ।...ਇਹ ਨਾ ਸਮਝ ਲਵੀਂ ਕਿ ਰੋਂਦੂ ਕੁੜੀ ਏ।...ਮਤਾਂ ਏਸੇ ਕਰ ਕੇ...ਛੱਡ ਕੇ...। ਹਾਏ,... ਜੇ ਕਦੇ ਤੈਨੂੰ ਪਤਾ ਹੁੰਦਾ ਕਿ ਮੈਂ ਤੈਨੂੰ ਕਿੰਨਾ...ਕਿੰਨਾ...ਕਿੰਨਾ ਪਿਆਰ...!"

ਅਨਿਲ ਨੂੰ ਪਤਾ ਏ ਕਿ ਵੰਦਨਾ ਵਰਗੀ ਕੁੜੀ ਨੂੰ ਮੁਹੱਬਤ ਕਰਨ ਲਈ ਜਿਹੜੀ ਸੇਜ ਵਿਛਾਉਣ ਦੀ ਲੋੜ ਏ ਉਹਦਾ ਵਾਣ ਦੋਹਾਂ ਦੀਆਂ ਇਕੱਠੀਆਂ ਜ਼ਿੰਦਗੀਆਂ ਵਿਚ ਸਾਹ



ਲੈਂਦੇ ਇਕ ਇਕ ਪਲ ਨਾਲ ਵੱਟਿਆ ਜਾ ਸਕਦਾ ਏ। ਬਸ, ਹੋਰ ਕੋਈ ਤਰੀਕਾ ਨਹੀਂ।

ਜ਼ਿੰਦਗੀ ਦੇ ਹਰ ਪਲ ਦਾ ਸਾਥ ਦਰਕਾਰ ਏ, ਸਿਰਫ਼ ਦੋਸਤ ਕੋਲੋਂ ਮੰਗੀ ਹੋਈ ਚਾਬੀ ਦੇ ਉਹਲੇ ਲੁਕੇ ਦੋ ਚਾਰ ਘੰਟੇ ਨਹੀਂ...ਖੋਹੇ ਹੋਏ ਘੰਟੇ...ਚੋਰੀ ਦੇ ਘੰਟੇ! ਨਹੀਂ!

ਪਰ ਹਰ ਪਲ ਇਕੱਠਿਆਂ ਗੁਜ਼ਾਰਨ ਲਈ ਜਿਸ ਸਾਂਝ ਵਿਚ ਬੱਝਣ ਦੀ ਲੋੜ ਏ, ਉਸ ਸਾਂਝ ਲਈ ਰੋਟੀ ਚਾਹੀਦੀ ਏ, ਘਰ ਚਾਹੀਦਾ ਏ, ਨੌਕਰੀ ਚਾਹੀਦੀ ਏ, ਕੱਪੜੇ ਚਾਹੀਦੇ ਨੇ, ਭਾਂਡੇ ਚਾਹੀਦੇ ਨੇ, ਬਾਲਣ ਚਾਹੀਦਾ ਏ...ਆਟਾ, ਦਾਲਾਂ, ਸਬਜ਼ੀਆਂ, ਲੂਣ, ਮਿਰਚਾਂ, ਹਲਦੀ, ਮਸਾਲੇ, ਬਿਜਲੀ, ਪਾਣੀ...

... ... ... ...

ਅਨਿਲ ਵੰਦਨਾ ਵਲ ਤੱਕਦਾ ਏ।

ਵੰਦਨਾ ਚੁੱਪ ਚਾਪ ਤੁਰਦੀ ਜਾ ਰਹੀ ਏ।

"ਵੰਦੂ!" ਅਨਿਲ ਦੀ ਆਵਾਜ਼ ਬੇਹਦ ਕੋਮਲ ਏ।

"ਹੂੰ?" ਵੰਦਨਾ ਦੀ ਆਵਾਜ਼ ਬੇਹੱਦ ਬੋਝਲ ਏ।

"ਵੰਦੀ, ਅੱਜ ਕਿਸੇ ਪੁਰਾਣੇ ਉਜਾੜ ਖੰਡਰ ਵਿਚ ਚਲੀਏ। ਹੈਂ?"

"ਚਲੋ," ਵੰਦਨਾ ਦੀ ਆਵਾਜ਼ ਵਿਚੋਂ ਬੇਦਿਲੀ ਸਾਹ ਲੈਂਦੀ ਏ।

... ... ... ...

ਹਮਾਯੂੰ ਦਾ ਮਕਬਰਾ...ਸ਼ਾਮ ਦੀ ਹਲਕੀ ਜਿਹੀ ਕੋਮਲਤਾ...ਚਾਨਣ ਦਾ ਹਲਕਾ ਜਿਹਾ ਕੂਲਾਪਣ...

ਬਾਹਰ ਲਾਅਨ ਨੇ...ਮਖ਼ਮਲੀ ਘਾਹ ਨਾਲ ਕੱਜੇ। ਇਕ ਲਾਅਨ ਦੇ ਵਿਚਕਾਰ ਇਕ ਬੜਾ ਵਡਾ ਰੁੱਖ ਏ। ਅਨਿਲ ਉਸ ਰੁੱਖ ਵਲ ਤੱਕਦਾ ਏ, ਤਾਂ ਉਸ ਨੂੰ ਪੱਤਿਆਂ ਦੇ ਵਿਚੋਂ ਹਲਕਾ ਜਿਹਾ ਗੁਲਾਬੀ ਰੰਗ ਝਰ ਝਰ ਝਰਦਾ ਨਜ਼ਰ ਆਉਂਦਾ ਏ।

"ਤਕ, ਵੰਦੀ, ਐਸ ਰੁੱਖ ਨੂੰ ਤੱਕ। ਇਹਦੇ ਪੱਤਿਆਂ ਵਿਚੋਂ ਸੂਹੀ ਭਾਹ ਛਣ ਛਣ ਕੇ ਹੇਠਾਂ ਆ ਰਹੀ ਏ। ਆ, ਇਹਦੇ ਹੇਠਾਂ ਖੜੋ ਜਾਈਏ, ਸੂਹੇ ਸੂਹੇ ਰੰਗ ਨਾਲ ਨਹਾਤੇ ਜਾਵਾਂਗੇ।"

ਉਹ ਵੰਦਨਾ ਦਾ ਹੱਥ ਫੜ ਕੇ ਰੁੱਖ ਦੇ ਹੇਠਾਂ ਲੈ ਆਉਂਦਾ ਏ। ਵੰਦਨਾ ਦੇ ਹੱਥ ਵਿਚ ਕੋਈ ਹੁੰਗਾਰਾ ਨਹੀਂ।

ਅਨਿਲ ਵੰਦਨਾ ਦੇ ਮੂੰਹ ਵਲ ਤੱਕਦਾ ਏ।

ਅਚਾਨਕ ਉਸ ਨੂੰ ਜਾਪਦਾ ਏ ਕਿ ਉਹ ਬੜੀ ਹੀ ਬਚਗਾਨੀ ਹਰਕਤ ਕਰ ਰਿਹਾ ਏ। ਨਿਹਾਇਤ ਬੇਵਕੂਫ਼ੀ ਵਾਲੀ।

ਦੋਵੇਂ ਰੁੱਖ ਦੇ ਹੇਠਾਂ ਖਲੋਂਦੇ ਨੇ। ਪਰ ਪੱਤਿਆਂ ਵਿਚੋਂ ਸੂਹਾ ਰੰਗ ਝਰਨਾ ਖ਼ਤਮ ਹੋ ਚੁੱਕਾ ਏ।

... ... ... ...

ਪੌੜੀਆਂ...ਤੰਗ...ਉੱਚੀਆਂ ਉੱਚੀਆਂ ਪੌੜੀਆਂ ਹੀ ਪੌੜੀਆਂ...

ਅਨਿਲ ਨੇ ਵੰਦਨਾ ਦਾ ਹੱਥ ਫੜਿਆ ਹੋਇਆ ਏ। ਅਨਿਲ ਅਗੇ ਅਗੇ, ਉਤਲੀ ਪੌੜੀ 'ਤੇ। ਵੰਦਨਾ ਪਿਛੇ ਪਿਛੇ, ਅਨਿਲ ਨਾਲੋਂ ਹੇਠਲੀ ਪੌੜੀ 'ਤੇ।

ਅਚਾਨਕ ਅਨਿਲ ਨੂੰ ਮਹਿਸੂਸ ਹੁੰਦਾ ਏ, ਵੰਦਨਾ ਰੁਕ ਗਈ ਏ।

"ਕਿਉਂ, ਥੱਕ ਗਈ ?"

"ਅਨਿਲ !" ਵੰਦਨਾ ਦਾ ਚਿਹਰਾ ਇਸ ਤਰ੍ਹਾਂ ਉਤਾਂਹ ਅਨਿਲ ਵਲ ਉਠਿਆ ਹੋਇਆ ਏ ਜਿਸ ਤਰ੍ਹਾਂ ਕਦੇ ਕਦੇ ਅਨਿਲ ਦੇ ਹੱਥ ਵਿਚ ਉਤਾਂਹ ਉੱਠਦਾ ਏ, ਜਦੋਂ ਅਨਿਲ ਦੇ ਹੋਠ ਝੁਕਦੇ ਨੇ...ਹੋਰ ਝੁਕਦੇ ਨੇ...

ਇਕ ਝੁਰਝੁਰੀ ਅਨਿਲ ਦੇ ਪਿੰਡੇ 'ਚੋਂ ਲੰਘਦੀ ਏ।

"ਹਾਂ ਜੀ, ਕੀ ਗੱਲ ? ਬੋਲੋ !"

"ਅਨਿਲ, ਇਹ ਪੌੜੀਆਂ ਕਦੇ ਖ਼ਤਮ ਵੀ ਹੋਣਗੀਆਂ ਕਿ ਨਹੀਂ ?"

ਵੰਦਨਾ ਅਨਿਲ ਦੀਆਂ ਅੱਖਾਂ ਵਿਚ ਏਨਾ ਡੂੰਘਾ ਤੱਕਦੀ ਏ। ਤੇ ਉਸ ਦੀ ਆਵਾਜ਼ ਵਿਚ ਹੁੰਕਾਰਦੀ ਹੋਈ ਗਹਿਰਾਈ ਏ। ਅਨਿਲ ਨੂੰ ਪਤਾ ਏ, ਵੰਦਨਾ ਹਮਾਯੂੰ ਦੇ ਮਕਬਰੇ ਦੀਆਂ ਪੌੜੀਆਂ ਦੀ ਗੱਲ ਨਹੀਂ ਪਈ ਕਰਦੀ।

ਅਨਿਲ ਇਕ ਪੌੜੀ ਹੇਠਾਂ ਉਤਰ ਆਉਂਦਾ ਏ, ਵੰਦਨਾ ਦੇ ਲੱਕ ਦੁਆਲੇ ਬਾਂਹ ਵਲਾ ਕੇ ਪੌੜੀਆਂ ਚੜ੍ਹਨ ਲਗਦਾ ਏ। ਚੁੱਪ ਚਾਪ।

ਅਨਿਲ ਨੂੰ ਪਤਾ ਏ, ਐਸ ਵੇਲੇ ਉਹ ਜੋ ਵੀ ਆਖੇਗਾ, ਵੰਦਨਾ ਨੂੰ ਨਿਰਰਥਕ ਜਾਪੇਗਾ।

— ਜੇ ਮੈਂ ਰਤਾ ਉੜ ਕੇ ਇਹਦੇ ਹੋਠਾਂ ਨੂੰ ਚੁੰਮ ਲਵਾਂ, ਤਾਂ ਸ਼ਾਇਦ ਉਸ ਗੱਲ ਦੀ ਇਹਨੂੰ ਸਮਝ ਆ ਜਾਵੇ — ਅਨਿਲ ਸੋਚਦਾ ਏ।

ਪਰ ਮਕਬਰੇ ਦੀਆਂ ਪੌੜੀਆ ਤਾਂ ਉਤੋਂ ਤੋਂ ਹੇਠਾਂ ਤਕ ਖੁਲ੍ਹੀਆਂ ਨੇ। ਸਭ ਪਾਸੇ ਲੋਕਾਂ ਦੀਆਂ ਨਜ਼ਰਾਂ ਹੋ ਸਕਦੀਆਂ ਨੇ। ਲੋਕਾਂ ਦੀਆਂ ਨਜ਼ਰਾਂ ਤਾਂ ਕਿਧਰੇ ਵੀ ਹੋ ਸਕਦੀਆਂ ਨੇ।

— ਨਹੀਂ, ਅਜੇ ਨਹੀਂ।

ਵੰਦਨਾ ਜਿਵੇਂ ਆਪਣਾ ਸਾਰਾ ਭਾਰ ਅਨਿਲ ਦੀ ਵੱਖੀ 'ਤੇ ਪਾ ਕੇ ਆਪ ਹੌਲੀ ਹੋ ਜਾਣਾ ਚਾਹੁੰਦੀ ਏ।

ਕਮਰੇ...ਹੋਰ ਉਤਾਂਹ ਜਾਂਦੀਆਂ ਪੌੜੀਆਂ, ਬਾਹਰ ਨਿੱਕੀਆਂ ਨਿੱਕੀਆਂ ਬੁਰਜੀਆਂ, ਚੌੜਾ ਚੌੜਾ ਵਿਹੜਾ...

ਕਮਰਿਆਂ ਵਿਚੋਂ ਕਿਸੇ ਬਹੁਤ ਪੁਰਾਣੀ ਚੀਜ਼ ਦੀ ਤੇ ਬਹੁਤ ਪੁਰਾਣੇ ਬੰਦ ਸਾਹਾਂ ਦੀ ਹਵਾਂਕ ਆਉਂਦੀ ਏ।

ਬਾਹਰ ਵਿਹੜੇ ਵਿਚ ਇਕ ਬੁਰਜੀ ਦੇ ਨਾਲ ਢੋਹ ਲਾ ਕੇ ਅਨਿਲ ਤੇ ਵੰਦਨਾ ਬਹਿ ਗਏ ਨੇ।

ਅਨਿਲ ਆਸ ਪਾਸ ਵੇਖਦਾ ਏ।

ਕੋਈ ਨਹੀਂ।



ਅਨਿਲ ਵੰਦਨਾ ਦੇ ਮੋਢਿਆਂ ਦੁਆਲੇ ਬਾਂਹ ਵਲਾ ਲੈਂਦਾ ਏ।

ਫੇਰ ਅੱਖ ਦੇ ਕੋਨਿਆਂ ਵਿਚੋਂ ਨਜ਼ਰ ਆ ਰਹੇ ਅਰਧ-ਗੋਲੇ ਵਿਚ ਤਰਾਸ਼ੇ ਵਿਹੜੇ ਵਿਚ ਝਾਤ ਮਾਰਦਾ ਏ।

ਹੱਥ ਦੀ ਇਕ ਜੁੰਬਸ਼ ਨਾਲ ਵੰਦਨਾ ਦਾ ਸਿਰ ਅਨਿਲ ਦੇ ਮੋਢਿਆਂ ਨਾਲ ਆ ਟਿਕਦਾ ਏ।

ਓਸ ਹੱਥ ਨਾਲ ਵੰਦਨਾ ਦਾ ਮੂੰਹ ਉਤਾਂਹ ਕਰ ਕੇ ਉਹ ਵੰਦਨਾ ਦੀਆਂ ਅੱਖਾਂ ਵਿਚ ਝਾਕਦਾ ਏ, "ਵੰਦਨਾ !"

ਵੰਦਨਾ ਕੁਝ ਨਹੀਂ ਬੋਲਦੀ। ਅੱਖਾਂ ਬੰਦ ਕਰ ਲੈਂਦੀ ਏ।

ਅਨਿਲ ਦੇ ਹੋਠ ਵੰਦਨਾ ਦੇ ਹੋਠਾਂ 'ਤੇ ਜਾ ਟਿਕਦੇ ਨੇ।

ਨਾਲ ਨਾਲ ਅਨਿਲ ਦੀਆਂ ਅੱਖਾਂ ਵਿਹੜੇ ਦਾ ਜਾਇਜ਼ਾ ਲੈ ਰਹੀਆਂ ਨੇ।

"ਅੰਨੂੰ," ਵੰਦਨਾ ਦਾ ਤਣਾਓ ਪਿਘਲ ਰਿਹਾ ਏ ਜਿਵੇਂ। ਉਹਦੀ ਆਵਾਜ਼ ਵਿਚ ਹਲਕਾ ਜਿਹਾ ਕਾਂਬਾ ਏ। ਉਹਦੇ ਹੱਥ ਦੀਆਂ ਉਂਗਲਾਂ ਅਨਿਲ ਦੀ ਗਲ੍ਹ ਨੂੰ ਪਲੋਸ ਰਹੀਆਂ ਨੇ।

ਅਚਾਨਕ ਪਿਛਲੇ ਪਾਸਿਉਂ ਖੰਘੂਰੇ ਦੀ ਆਵਾਜ਼ ਆਉਂਦੀ ਏ, ਤੇ ਨਾਲ ਛੱਤ ਦੀਆਂ ਇੱਟਾਂ ਨਾਲ ਟਕਰਾਉਂਦੀ ਲਾਠੀ ਦੀ ਠੋਹਕਰ !

ਐਟਮ ਬੰਬ ਦਾ ਅਸਰ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਇਸ ਨਾਲੋਂ ਰਤਾ ਕੁ ਘੱਟ ਹੋਇਆ ਹੋਵੇਗਾ, ਕਿਉਂਕਿ ਦੋਹਾ ਸ਼ਹਿਰਾਂ ਦੇ ਲੋਕ ਘੂਕ ਸੁੱਤੇ ਪਏ ਸਨ।

ਕੋਲੋਂ ਲੰਘਦਾ ਚੌਕੀਦਾਰ ਕਿਸਮ ਦਾ ਬੰਦਾ ਸੰਘਣੀਆਂ ਮੁੱਛਾਂ ਵਿਚੋਂ ਰਤਾ ਕੁ ਹੋਠ ਸਿਕੋੜਦਾ ਏ। ਅੱਖਾਂ ਦੇ ਕੋਨਿਆਂ ਵਿਚੋਂ ਦੋਹਾਂ ਵਲ ਝਾਕਦਾ ਏ। ਤੇ ਫੇਰ ਹੱਥ ਨੂੰ ਮੱਥੇ ਵਲ ਲਿਜਾ ਕੇ ਹੌਲੀ ਜਿਹੀ ਕਹਿੰਦਾ ਏ, "ਬੰਦਗੀ ਹਜ਼ੂਰ !"

ਅਨਿਲ ਦਾ ਹੱਥ ਇਕ ਮਸ਼ੀਨ ਵਾਂਗੂੰ ਬੋਝੇ ਵਿਚ ਜਾਂਦਾ ਏ। ਉਂਗਲੀ ਦੇ ਪੋਟੇ ਨਾਲ ਉਹ ਬੋਝੇ ਵਿਚ ਪਏ ਸਿੱਕਿਆਂ ਦੇ ਪਿੰਡਿਆਂ ਨੂੰ ਟਟੋਲ ਕੇ ਵੇਖਦਾ ਏ। ਇਕ ਅਠਿਆਨੀ ਕੱਢ ਕੇ ਉਹ ਚੌਕੀਦਾਰ ਦੇ ਹੱਥ ਫੜਾਉਂਦਾ ਹੋਇਆ ਜ਼ਬਰਦਸਤੀ ਮੁਸਕਰਾਉਣ ਦੀ ਕੋਸ਼ਿਸ਼ ਕਰਦਾ ਏ, "ਨਮਸਤੇ ਬਈ ! ਯੇ ਲੋ, ਚਾਏ ਕੇ ਲੀਏ।"

"ਇਸ ਕੀ ਕਿਆ ਜ਼ਰੂਰਤ ਐ ਸਾਹਿਬ !" ਚੌਕੀਦਾਰ ਅਨਿਲ ਦੇ ਹੱਥੋਂ ਅਠਿਆਨੀ ਫੜਨ ਮਗਰੋਂ ਆਖਦਾ ਏ।

ਤੇ ਫੇਰ ਉਹ ਰਵਾਂ ਰਵੀਂ ਅਗਾਂਹ ਲੰਘ ਜਾਂਦਾ ਏ।

ਪਰ ਅਨਿਲ ਦਾ ਹੱਥ ਫੇਰ ਵੰਦਨਾ ਦੇ ਮੋਢਿਆਂ ਦੇ ਪਰਲੇ ਪਾਸੇ ਨਹੀਂ ਜਾਂਦਾ।

ਵੰਦਨਾ ਚੁੱਪ ਚਾਪ ਹੇਠਾਂ ਦਰ ਵਿਛੀ ਸੜਕ ਨੂੰ ਤੇ ਉਸ ਤੋਂ ਪਰ੍ਹਾਂ ਫੈਲੇ ਖੇਤਾਂ ਨੂੰ ਤੱਕ ਰਹੀ ਏ।

... ... ...

ਦਸਾਂ ਕੁ ਮਿੰਟਾਂ ਮਗਰੋਂ ਚੌਕੀਦਾਰ ਮੁੜ ਆਉਂਦਾ ਏ। ਸੰਘਣੀਆਂ ਮੁੱਛਾਂ ਵਿਚੋਂ

ਦੱਬੀ ਹੋਈ ਮੁਸਕਾਣ ਨਾਲ ਕਹਿੰਦਾ ਏ, ''ਕਿਉਂ ਸਾਬ, ਯੇ ਜਗ੍ਹਾ ਪਸੰਦ ਨਹੀਂ ਤੋ ਅਊਰ ਦਿਖਾਊਂ ? ਫ਼ਸਟ ਕਿਲਾਸ ਜਗ੍ਹਾ ।''

ਤੇ ਉਹ ਅਨਿਲ ਨੂੰ ਬੜੇ ਅਨੁਰੋਧ ਨਾਲ ਆਪਣੇ ਨਾਲ ਲੈ ਤੁਰਦਾ ਏ, ਵੰਦਨਾ ਪਿੱਛੇ ਪਿੱਛੇ ਆ ਰਹੀ ਏ ।

ਵੰਦਨਾ ਨੂੰ ਜਾਪਦਾ ਏ, ਸਾਰੇ ਦਾ ਸਾਰਾ ਮਕਬਰਾ ਜਿਵੇਂ ਉਹਦੀ ਆਪਣੀ ਹਿੱਕ 'ਤੇ ਹੀ ਉੱਸਰਿਆ ਹੋਇਆ ਏ ।

ਚੌਕੀਦਾਰ ਦੋਹਾਂ ਨੂੰ ਇਕ ਹਨੇਰੀ ਜਿਹੀ ਤੰਗ ਜਿਹੀ ਗਲੀ ਦੇ ਅੰਦਰ ਵਾੜ ਦੇਂਦਾ ਏ । ਇਹ ਗਲੀ ਕਮਰੇ ਦੇ ਇਕ ਖੂੰਜਿਓਂ ਸ਼ੁਰੂ ਹੋ ਕੇ ਪਤਾ ਨਹੀਂ ਅੰਦਰ ਕਿਥੋਂ ਤਕ ਚਲੀ ਗਈ ਏ ।

ਹੌਲੀ ਜਿਹੀ ਉਹ ਕਹਿੰਦਾ ਏ, ''ਫ਼ਿਕਰ ਨਾ ਕਰਨਾ ਸਾਹਬ । ਬਾਹਰ ਮੈਂ ਖੜਾ ਹੂੰ ।''

ਤੇ ਉਹ ਹੱਥ ਉੱਚਾ ਕਰ ਕੇ ਬਹੁਤ ਸਾਰੀ ਵਿਸ਼ਾਲਤਾ ਅੱਖਾਂ ਵਿਚ ਭਰ ਕੇ ਜਿਸ ਵੇਲੇ ਗੱਲ ਕਰ ਰਿਹਾ ਏ, ਅਨਿਲ ਨੂੰ ਜਾਪਦਾ ਏ, ਜਿਵੇਂ ਉਹ ਬੁੱਧ ਹੋਵੇ...ਦੁਨੀਆਂ ਨੂੰ ਸ਼ਾਂਤੀ ਤੇ ਮੁਕਤੀ ਦਾ ਤੋਹਫ਼ਾ ਦੇਣ ਵਾਲਾ ਬੁੱਧ...ਹੱਥ ਉੱਚਾ ਕਰ ਕੇ, ਅੱਖਾਂ ਵਿਚ ਡੂੰਘਾਣਾਂ ਭਰ ਕੇ ਆਸ਼ੀਰਵਾਦ ਦੇਣ ਵਾਲਾ ਬੁੱਧ ਭਗਵਾਨ !

ਦੋਵੇਂ ਅੰਦਰ ਚਲੇ ਜਾਂਦੇ ਨੇ ।

ਵੰਦਨਾ ਕੰਬ ਰਹੀ ਏ, ''ਇਹ ਕਿਥੇ ਆ ਗਏ ਓ ਤੁਸੀਂ ? ਐਨੇ ਪੜ੍ਹੇ ਲਿਖੇ ਹੋ ਕੇ...ਕਿਸ ਤਰ੍ਹਾਂ ਉਹਦੇ ਮਗਰ ਮਗਰ ਲੇਲੇ ਵਾਂਗੂ ਤੁਰਦੇ ਆ ਗਏ ਨੇ...। ਪਤਾ ਨਹੀਂ, ਅੱਜ ਕਲ੍ਹ ਹਜ਼ਾਰਾਂ ਲੋਕੀਂ...ਏਸੇ ਤਰ੍ਹਾਂ...ਲੁੱਟੇ...''

ਅਨਿਲ ਆਪਣਾ ਮਰਦਊਪੁਣਾ ਜ਼ਾਹਰ ਕਰਨ ਲਈ ਮੁਸਕਰਾਉਂਦਾ ਏ, ਤੇ ਵੰਦਨਾ ਨੂੰ ਬਾਹਵਾਂ ਵਿਚ ਘੁਟ ਲੈਂਦਾ ਏ ।

''ਪਗਲੀ, ਮੈਂ ਜੂ ਤੇਰੇ ਨਾਲ ਆਂ ।''

ਤੇ ਅਨਿਲ ਦੀਆਂ ਉਂਗਲਾਂ ਵੰਦਨਾ ਦੇ ਵਾਲਾਂ ਵਿਚ ਤੁਰਨ ਲਗਦੀਆਂ ਨੇ। ਪਰ ਉਸ ਤੋਰ ਵਿਚ ਹਮੇਸ਼ਾ ਵਾਲਾ ਨਸ਼ਾ ਗ਼ਾਇਬ ਏ।

ਅਨਿਲ ਦੀ ਨਜ਼ਰ ਗਲੀ ਦੇ ਬਾਹਰ ਵਾਲੇ ਸਿਰੇ ਵੱਲ ਏ ।

ਵੰਦਨਾ ਨੂੰ ਜਾਪਦਾ ਏ, ਅਨਿਲ ਦੇ ਹੋਠ ਅੱਜ ਕੋਈ ਸੁਨੇਹਾ ਦੇਣਾ ਭੁੱਲ ਗਏ ਨੇ।

ਚਾਰ ਪੰਜ ਮਿੰਟ...ਤੇ ਦੋਵੇਂ ਬਾਹਰ ਆ ਜਾਂਦੇ ਨੇ।

ਚੌਕੀਦਾਰ ਦੀਆਂ ਸੰਘਣੀਆਂ ਮੁੱਛਾਂ ਵਿਚੋਂ ਬੜੀ ਹੀ ਅਜੀਬ ਹਾਸੀ ਝਰਦੀ ਏ ।

ਅਨਿਲ ਘਬਰਾ ਕੇ ਬੋਝੇ ਵਿਚ ਹੱਥ ਮਾਰਦਾ ਏ। ਦੋ ਰੁਪਏ ਕੱਢ ਕੇ ਉਹ ਚੌਕੀਦਾਰ ਵਲ ਵਧਾਉਂਦਾ ਏ ।

ਚੌਕੀਦਾਰ ਰੁਪਏ ਨਹੀਂ ਫੜਦਾ । ਇਕ ਹੱਥ ਵਿਚ ਲਾਠੀ ਨੂੰ ਫੜ ਕੇ ਤੇ ਦੂਜਾ ਹੱਥ ਮੱਥੇ ਵਲ ਲਿਜਾ ਕੇ ਕਹਿੰਦਾ ਏ, ''ਹੀ ਹੀ...ਸਾਹਿਬ...ਯੇ ਤੋ ਦੋ ਰੁਪਏ ਵਾਲਾ ਕਾਮ ਨਹੀਂ ਏ ਜੀ । ਯੇ ਤੋ ਪਾਂਚ ਰੁਪਏ ਵਾਲਾ ਕਾਮ ਏ ਜੀ ।''



# ਦਿਓਰ ਭਾਬੀਆਂ

ਦੁਪਹਿਰ ਬੜੀ ਲੰਮੀ ਸੀ । ਅਕੇਵੇਂ ਨਾਲ ਭਰੀ ਹੋਈ । ਕਿਸੇ ਵਡੇ ਸ਼ਹਿਰ ਵਿਚ ਜੁਲਾਈ ਦੇ ਮਹੀਨੇ ਦੀਆਂ ਦੁਪਹਿਰਾਂ ਵੀ ਕਮਬਖ਼ਤ ਅਜੀਬ ਬੋਰੀਅਤ ਹੁੰਦੀਆਂ ਨੇ । ਨਾ ਗੁਜ਼ਰਦੀਆਂ ਨੇ, ਨਾ ਬਚ ਕੇ ਗੁਜ਼ਰ ਜਾਣ ਦੇਂਦੀਆਂ ਨੇ । ਵਕਤ ਜਿਵੇਂ ਦੋ ਪੁੜਾਂ ਵਿਚ ਫਸ ਕੇ ਘੁਟ ਗਿਆ ਸੀ । ਅਜੀਬ ਅਕ਼ਲਕਾਂਦ !

ਪਰਕਾਸ਼ ਨੇ ਰਿਸੀਵਰ ਚੁਕਿਆ, ਤੇ ਨੰਬਰ ਘੁਮਾਣ ਲਗਾ ।

''ਕਪੂਰ !'' — ਇਕ ਠੰਢੀ, ਸਧੀ ਹੋਈ, ਅਫ਼ਸਰਾਨਾ ਆਵਾਜ਼ ।

''ਹਾਂ ਕਾਕਾ ! ਅਜ ਸ਼ਾਮ ਦੀ ਕੋਈ ਐਪਾਇੰਟਮੈਂਟ ਤੇ ਨਹੀਂ ਨਾ ?''

ਦੂਜੇ ਪਾਸਿਉਂ ਆਵਾਜ਼ ਇਕ ਦਮ ਨਿੱਘੀ ਹੋ ਗਈ । ਨਿੱਘੀ ਤੇ ਮੁਲਾਇਮ । ਸਾਰਾ ਕਸਾਉ ਢਿੱਲਾ ਪੈ ਗਿਆ । ''ਓ...ਪਰਕਾਸ਼ ! ਐਪਾਇੰਟਮੈਂਟ ਹੋਵੇ ਵੀ ਮੇਰੀ ਜਾਨ, ਤਾਂ ਤੇਰੇ ਸਿਰ ਤੋਂ ਕੁਰਬਾਨ ਕਰ ਦੇਈਏ । ਤੂੰ ਹੁਕਮ ਤੇ ਕਰ ਯਾਰ !''

''ਹੁਕਮ ਕਾਹਦਾ ਏ ਬੰਦਾ ਪਰਵਰ ! ਐਵੇਂ ਜ਼ਰਾ ਵਕਤ ਨਹੀਂ ਸੀ ਕੱਟ ਰਿਹਾ, ਸੋਚਿਆ, ਇਹਨੂੰ ਕੈਂਚੀ ਲੈ ਕੇ ਕੱਟੀਏ ।''

''ਧਾਰ ਕੈਂਚੀ ਦੀ ਰਤਾ ਤਿੱਖੀ ਹੋਣੀ ਚਾਹੀਦੀ ਏ ।''

''ਹੋ ਜਾਵੇਗੀ ।''

'' 'ਕੱਲਾ ਬੈਠਾ ਏਂ ਕਿ ਕੋਈ ਕੋਲ ਏ ?''

''ਕੋਲ ਹੁੰਦਾ ਕੋਈ, ਤੇ ਉਜਬਗ, ਤੈਨੂੰ ਹੀ ਫ਼ੋਨ ਕਰਦਾ ?''

''ਹੱਛਾ, ਫੇਰ ਇਹ ਦੱਸ ਕਿ ਟਰੰਪ ਕਾਰਡਜ਼ ਕੀ ਕੀ ਹੋਣਗੇ ।''

''ਟਰੰਪ ਕਾਰਡ ਆਪਣੇ ਆਪਣੇ, ਯਾਰ ! ਬਾਹਰੋਂ ਕੋਈ ਕੁੜੀ ਅਰੇਂਜ ਕਰਨੀ ਹੋਵੇ, ਤਾਂ ਵਕਤ ਚਾਹੀਦਾ ਏ । ਤੇ ਮੈਂ ਅੱਜ ਵਿਹਲਾ ਨਹੀਂ ।''

''ਆਹੋ, ਚੱਕੀ ਪੀਹਣੀ ਏ ਨਾ ਤੂੰ ਤੇ !''

''ਨਹੀਂ, ਚੱਕੀ ਤੇ ਕੀ...''

''ਬੱਸ, ਤੂੰ ਕਰਾਏਂਗਾ ਸਾਡਾ ਕੂੰਡਾ ਸ਼ਰੀਫ਼ ! ਆਪਣੇ ਆਪਣੇ ਟਰੰਪ ਕਾਰਡ ਰੋਜ਼ ਰੋਜ਼ ਵਰਤ ਕੇ ਉਹਨਾਂ ਦਾ ਵੀ ਰੰਗ ਘਿਸ ਜਾਂਦਾ ਏ । ਚਹੁੰ ਮਹੀਨਿਆਂ ਵਿਚ ਉਹ ਵੀ ਘਰ ਦੀਆਂ ਬੇਗ਼ਮਾਂ ਵਰਗੇ ਹੋ ਜਾਂਦੇ ਨੇ । ਖ਼ੈਰ, ਤੇਰੀ ਮਰਜ਼ੀ ਬਈ !''

''ਅਗਲੀ ਵਾਰੀ ਲਈ ਪਰਾਮਿਸ !''

''ਅੱਛਾ ਚਲ ਮਾਫ਼ ਕੀਤਾ !''

... ... ...

ਪਰਕਾਸ਼ ਨੇ ਇਕ ਹੋਰ ਨੰਬਰ ਘੁਮਾਇਆ।

ਰੀਸੈਪਸ਼ਨਿਸਟ ਦੀ ਬੜੀ ਪ੍ਰੋਫ਼ੈਸ਼ਨਲ ਆਵਾਜ਼।

"ਮਿਸਟਰ ਪੁਰੀ ਪਲੀਜ਼!"

ਪੁਰੀ ਦੀ ਆਵਾਜ਼।

"ਕਿਉਂ ਬੇਟਾ, ਕੀ ਬਣ ਰਿਹਾ ਏ?"

"ਕੁਝ ਨਹੀਂ, ਬਸ ਇਕ ਮੈਨੂਸਕਰਿਪਟ ਵੇਖ ਰਿਹਾ ਸਾਂ।"

"ਮੈਨੂਸਕਰਿਪਟ?" — ਪਰਕਾਸ਼ ਦੀ ਆਵਾਜ਼ ਵਿਚ ਸ਼ਰਾਰਤ ਲਹਿਕ ਉੱਠੀ, ਤੇ ਅਜੀਬ ਉਤਸੁਕਤਾ।

ਪੁਰੀ ਹੱਸ ਪਿਆ, "ਅਰੇ ਨਹੀਂ ਬਈ, ਕਾਗ਼ਜ਼, ਤੇ ਕਾਗ਼ਜ਼, ਤੇ ਹੋਰ ਕਾਗ਼ਜ਼। ਬਸ!"

"ਓ...!!' ਪਰਕਾਸ਼ ਨੇ ਬਨਾਵਟੀ ਹਉਕਾ ਭਰਿਆ, ਲਮਕਾ ਕੇ। ਇਤਮੀਨਾਨ ਦਾ ਹਉਕਾ। "ਮੈਂ ਸਮਝਿਆ...।"

ਪੁਰੀ ਤੇ ਪਰਕਾਸ਼ ਦੋਵੇਂ ਪਬਲਿਸ਼ਰ ਸਨ। ਦੋਹਾਂ ਨੇ ਘਰੋਂ ਜਾਂ ਦਫ਼ਤਰੋਂ ਜਦੋਂ ਗੱਲ ਕਰਨੀ ਹੋਵੇ, ਤਾਂ ਆਪਣੀ 'ਕੋਡ' ਵਿਚ ਕਰਦੇ ਸਨ। ਉਸ ਦੇ ਮੁਤਾਬਿਕ ਆਥਰ ਦਾ ਮਤਲਬ ਸੀ ਕੋਈ ਨਵੀਂ ਕੁੜੀ, ਤੇ ਮੈਨੂਸਕਰਿਪਟ ਦਾ ਮਤਲਬ ਸੀ ਉਹਦੇ ਜਿਸਮ ਦੀ ਬਨਾਵਟ, ਰੂਪ-ਰੇਖਾ, ਵਜ਼ਾ-ਕਤਾ, ਚਿਹਰਾ-ਮੁਹਰਾ, ਵਗ਼ੈਰਾ ਵਗ਼ੈਰਾ।

"ਬਾਕੀ ਮੈਨੂਸਕਰਿਪਟ ਕੀ ਹੋਣੇ ਨੇ ਜਨਾਬ! ਅੱਜ ਕਲ੍ਹ ਤੇ ਚੰਗੇ ਆਥਰ ਹੀ ਨਹੀਂ ਮਿਲਦੇ। ਸਭ ਘਿਸੇ-ਪਿਟੇ। ਓਰਿਜਿਨੈਲਿਟੀ ਹੈ ਈ ਨਹੀਂ ਕਿਧਰੇ।"

"ਆਥਰ ਦੇ ਪੁੱਤਰ, ਤੈਨੂੰ ਆਥਰਾਂ ਦੀ ਘਾਟ ਏ? ਤੇਰੇ ਕੋਲ ਤੇ ਤਿੰਨ ਤਿੰਨ ਟਰੰਪ ਕਾਰਡ ਨੇ ਬੱਚੂ! ਆਪਣਾ ਹਾਲ ਖ਼ਸਤਾ ਏ ਅਲਬੱਤਾ। ਸਿਰਫ਼ ਇਕ ਟਰੰਪ ਕਾਰਡ, ਤੇ ਆਥਰ ਨਦਾਰਦ! ਬੜੀ ਔੜ ਦਾ ਮੌਸਮ ਏ। ਬਿਹਾਰ ਵਿਚ ਵੀ ਤੱਕੋ ਨਾ..."

"ਹਾਂ, ਬਿਹਾਰ ਦੀ ਹਾਲਤ ਤੇ ਵਾਕਈ...।"

"ਖ਼ੈਰ, ਬਾਕੀ ਗੱਲਾਂ ਸ਼ਾਮ ਨੂੰ। ਤਸ਼ਰੀਫ਼ ਲੈ ਆਉਣਾ। 'ਕੱਲੇ ਨਾ ਆਉਣਾ। ਬੜੀ ਬੋਰੀਅਤ ਦਾ ਜ਼ਮਾਨਾ ਏ। ਰਤਾ ਕੁ...ਦੋ ਘੜੀਆਂ...ਹੀ ਹੀ...।"

... ... ...

ਇਕ ਹੋਰ ਨੰਬਰ।

"ਬਈ ਦਲਜੀਤ, ਸ਼ਾਮ ਨੂੰ ਛੇ ਵਜੇ। ਹਾਂ ਪੂਰੇ! ਚਲੇ ਆਓ ਮੇਰੀ ਜਾਨ!"

"ਜੀਊਂਦਾ ਰਹੁ ਪਿਆਰੇ! ਬਸ, ਮੈਂ ਵੀ ਹੁਣੇ ਬੈਠਾ ਬੈਠਾ ਇਹੀ ਸੋਚ ਰਿਹਾ ਸਾਂ। ਉਬਾਸੀਆਂ ਆਈ ਜਾ ਰਹੀਆਂ ਸਨ!"

"ਤੈਨੂੰ ਮੈਂ ਯਾਦ ਪਿਆ ਕਰਦਾ ਸਾਂ, ਤੈਨੂੰ ਤੇ ਨਿੱਛਾਂ ਆਉਣੀਆਂ ਚਾਹੀਦੀਆਂ



ਸਨ, ਉਦਬਿਲਾਓ! ਇਹ ਉਬਾਸੀਆਂ ਕਿਹੜੇ ਮਰਜ਼ ਦੀਆਂ ਸਿਮਪਟਮਜ਼ ਹੁੰਦੀਆਂ ਨੇ?"

"ਉਬਾਸੀਆਂ...ਉਦਾਸੀਆਂ...ਉਬਾਸੀਆਂ ਕਿ ਉਦਾਸੀਆਂ...ਹੰ...ਹੰ...!"

"ਤੇ ਆਪਣੀ ਭੰਗੀਆਂ ਦੀ ਤੋਪ ਵੀ ਨਾਲ ਲੈ ਆਈਂ, ਸੁਣਿਐ?"

"ਯਾਰ, ਭੰਗੀਆਂ ਦੀ ਤੋਪ ਦਾ ਨਾਮ-ਕਰਨ ਸੰਸਕਾਰ ਹੋਇਆ ਏ। ਉਹਦਾ ਨਵਾਂ ਨਾਂ ਮੈਂ ਪੈਟਨ ਟੈਂਕ ਰਖਿਆ ਏ। ਹੰ...ਹੰ...।"

ਦਲਜੀਤ ਦੀ ਮਹਿਬੂਬਾ ਗੋਰੀ ਚਿੱਟੀ ਸੀ, ਤੇ ਗੋਲ ਮਟੋਲ, ਲੰਮੀ ਉੱਚੀ!

"ਉਹਨੂੰ ਨਾ ਕਹਿ ਬਹੀਂ ਕਿਤੇ! ਫੇਰ ਛੇ ਤੋਂ ਅੱਠ ਵਜ ਜਾਣਗੇ ਉਥੇ ਉਹਦੇ ਘਰ ਹੀ ਨਾਜ਼ ਉਠਾਂਦਿਆਂ।"

"ਬਸ, ਉਹਨੂੰ ਤੇ ਉਠਾ ਨਹੀਂ ਸਕਦੇ, ਉਹਦੇ ਨਾਜ਼ ਹੀ ਉਠਾ ਕੇ ਰੀਝ ਲਾਹ ਲਈਦੀ ਏ...ਹੰ...ਹੰ...।"

"ਖ਼ੁਸ਼ਕਿਸਮਤ ਓ ਬਈ! ਕੜਕੀ ਤੇ ਸਾਨੂੰ ਏ। ਟਰੰਪ ਕਾਰਡ ਸਾਡਾ ਅਸਲ ਵਿਚ ਬੜਾ ਬੇਰੰਗ ਹੋ ਗਿਆ ਏ। ਤੇ ਹੋਰ ਕੋਈ ਆਥਰ ਵਾਥਰ ਮਿਲ ਨਹੀਂ ਰਿਹਾ!"

"ਆਥਰ ਤੇ ਹੈ ਇਕ ਯਾਰ! ਕਲ੍ਹ ਹੀ ਸ਼ਿਮਲਿਉਂ ਆਇਆ ਏ।"

"ਅੱਛਾ? ਕੈਸੀ ਏ?" ਪਰਕਾਸ਼ ਦੀ ਆਵਾਜ਼ ਵਿਚ ਉਤਸ਼ਾਹ ਚਮਕ ਪਿਆ।

"ਮੈਨੂਸਕਰਿਪਟ ਮੈਂ ਵੇਖਿਆ ਸੀ ਕਲ੍ਹ ਰਾਤੀਂ — ਐਵੇਂ ਸਰਸਰੀ ਨਜ਼ਰ ਮਾਰੀ ਸੀ। ਚੰਗਾ ਸੀ।"

"ਫੁਟ ਨੋਟ ਵੇਖੇ? ਹੈੱਡ ਲਾਈਨਜ਼ ਵੇਖੀਆਂ?"

"ਹਾਂ ਹਾਂ, ਉਹ ਸਭ ਠੀਕ ਸਨ। ਐਨ ਟਿੱਚ!"

"ਬਾਕੀ ਮੈਟਰ ਨਹੀਂ ਪੜ੍ਹਿਆ?"

"ਨਹੀਂ, ਮੈਟਰ ਪੜ੍ਹਨ ਦਾ ਕੰਮ ਤੁਸੀਂ ਕਰਿਆ ਜੇ ਨਾ! ਵਿਹਲੇ ਓ!" ਦਲਜੀਤ ਦੀ ਆਵਾਜ਼ ਯਕਦਮ ਬੜੀ ਸ਼ਾਇਸਤਾ ਹੋ ਗਈ ਸੀ।

"ਬੜੀ ਸ਼ਰੀਫ ਆਵਾਜ਼ ਵਿਚ ਬੋਲ ਰਿਹਾ ਏਂ। ਮੇਰਾ ਖ਼ਿਆਲ ਏ, ਭਾਬੀ ਜਾਨ ਆ ਗਈ ਏ ਕਮਰੇ ਵਿਚ।"

"ਹਾਂ ਜੀ!"

"ਹਾਂ ਜੀ ਦੇ ਯੱਕੇ! ਕੁਝ ਹੋਰ ਦੱਸ ਨਾ ਉਹਦੇ ਬਾਰੇ!"

"ਹਾਂ, ਪਬਲਿਸ਼ ਕਰ ਦੇਣਾ ਚਾਹੀਦਾ ਏ ਮੈਨੂਸਕਰਿਪਟ। ਆਥਰ ਵੀ ਕਾਫ਼ੀ ਰੀਜ਼ਨੇਬਲ ਲਗਦਾ ਸੀ। ਕਰੋਲ ਬਾਗ਼ ਠਹਿਰਿਆ ਏ। ਮੇਰਾ ਖ਼ਿਆਲ ਏ, ਤੁਸੀਂ ਉਹਨੂੰ ਮਿਲ ਕੇ ਟਰਮਜ਼ ਡਿਸਕੱਸ ਕਰ ਲਓ, ਤੇ ਬਸ, ਰਤਾ ਮੈਨੂਸਕਰਿਪਟ 'ਤੇ ਨਜ਼ਰ ਮਾਰ ਕੇ ਐਗਰੀਮੈਂਟ ਸਾਈਨ ਕਰ ਲਓ।"

"ਐਗਰੀਮੈਂਟ?" ਪਰਕਾਸ਼ ਦੇ ਮੂੰਹ ਵਿਚ ਪਾਣੀ ਭਰ ਆਇਆ।

"ਹਾਂ ਜੀ!"

"ਕੀ ਖ਼ਿਆਲ ਏ, ਅੱਜ ਈ ਸਾਈਨ ਹੋ ਜਾਣਗੇ?"

"ਇਹ ਤੇ ਡੀਪੈਂਡ ਕਰਦਾ ਏ ਤੁਹਾਡੇ 'ਤੇ। ਆਥਰ ਵਿਚਾਰਾ ਤੇ ਜਿਸ ਵੇਲੇ ਮੈਨੂਸਕਰਿਪਟ ਲੈ ਕੇ ਬਾਹਰ ਨਿਕਲਦਾ ਏ, ਬਸ ਉਹਨੂੰ ਚੰਗਾ ਪਬਲਿਸ਼ਰ ਮਿਲਣਾ ਚਾਹੀਦਾ ਏ। ਐਗਰੀਮੈਂਟ ਵਿਚ ਉਹਨੂੰ ਕੀ ਇਤਰਾਜ਼ ਹੋਣਾ ਏ ਭਲਾ ? ਬਾਕੀ ਤੁਸੀਂ ਤੇ ਐਨੇ ਐਕਸਪੀਰੀਐਂਸਡ ਪਬਲਿਸ਼ਰ ਓ। ਯੂ ਆਰ ਇਨ ਦੀ ਲਾਈਨ ਫ਼ਾਰ ਦ ਲਾਸਟ ਟੂ ਡੀਕੇਡਜ਼ ਨਾਊ !"

"ਨਹੀਂ, ਮੈਂ ਤੇ ਤੇਰੇ ਜੰਮਣ ਤੋਂ ਪਹਿਲਾਂ ਦਾ ਵਾਂ ਕਿ ਲਾਈਨ ਵਿਚ !"

"ਹੈਂ ਜੀ ?"

"ਹਛਾ ਹਛਾ, ਤੂੰ ਕਰੀ ਜਾਹ ਐਕਟਿੰਗ ! ਕੋਈ ਗੱਲ ਨਹੀਂ। ਸਿਰਫ਼ ਏਨੀ ਗੱਲ ਕਰ ਕਿ ਤੂੰ ਮੈਨੂੰ ਨਾਲ ਲਿਜਾ ਰਿਹਾ ਏਂ ਨਾ ?"

"ਜੀ, ਮੈਂ ਜ਼ਰਾ ਪੁੱਛਣਾ ਵਾਂ ਐਹਨਾਂ ਕੋਲੋਂ। ਸ਼ਾਮ ਨੂੰ ਇਹਨਾਂ ਨੂੰ ਕੋਈ ਕੰਮ ਤੇ ਨਹੀਂ ਨਾ ! ਕਿਸੇ ਵੇਲੇ ਬਾਹਰ ਈ ਜਾਣਾ ਹੁੰਦਾ ਏ।"

ਦਲਜੀਤ ਨੇ ਆਪਣੀ ਬੀਵੀ ਨਾਲ ਗੱਲ ਕੀਤੀ।

"ਅਸਲ ਵਿਚ ਇਹ ਤੁਹਾਡੀ ਬੜੀ ਇੱਜ਼ਤ ਕਰਦੇ ਨੇ। ਕੋਈ ਹੋਰ ਹੁੰਦਾ ਤੇ ਇਜਾਜ਼ਤ ਨਹੀਂ ਸੀ ਮਿਲਣੀ, ਪਰ ਤੁਹਾਡੇ ਕੰਮ ਲਈ ਮਿਲ ਗਈ ਏ। ਪਰ ਤੁਹਾਡੀ ਆਦਤ ਏ ਲੰਮੀਆਂ ਗੱਲਾਂ ਕਰਨ ਦੀ, ਰਤਾ ਝਟ ਪਟ ਗੱਲ ਕਰਨੀ। ਅਸਲ ਵਿਚ ਆਈ ਹੇਟ ਬੀਇੰਗ ਅਵੇ ਫ਼ਰਾਮ ਮਾਈ ਹੋਮ ਇਨ ਦ ਈਵਨਿੰਗਜ਼ !"

"ਬੱਲੇ ਬੇਟਾ ! ਹੱਸ ਪਈ ਏ ਨਾ ਭਾਬੀ ? ਖ਼ੁਸ਼ ਹੋ ਗਈ ਏ ਨਾ ?"

"ਹਾਂ ਜੀ।"

"ਕੇੜਾ ਗਊ ਵਰਗਾ ਖ਼ਾਵੰਦ ਮਿਲਿਆ ਹੋਇਆ ਏ ਉਹਨੂੰ ! ਹਾਏ ! ਕਿੱਲੇ ਨਾਲ ਬੰਨ੍ਹਿਆ ਨਜ਼ਰ ਵੀ ਨਾ ਆਵੇ। ਅੱਖ ਵਿਚ ਪਾਇਆ ਰੜਕੇ ਵੀ ਨਾ !"

"ਹਾਂ ਜੀ !"

"ਸ਼ਾਮ ਨੂੰ ਟਪਕ ਪਵੀਂ ਏਥੇ — ਪੂਰੇ ਚਾਰ ਵਜੇ ! ਉਹਨੂੰ ਪਹਿਲੋਂ ਪਸਮਾਉਣਾ, ਫੇਰ ਰੱਸਾ ਪਾ ਕੇ ਨਾਲ ਲਿਆਉਣਾ — ਦੋ ਘੰਟੇ ਤਾਂ ਲਗਣਗੇ। ਛੇ ਵਜੇ ਬਾਕੀ ਲੋਕ ਆ ਰਹੇ ਨੇ।"

"ਬਹੁਤ ਹਛਾ ਜੀ !"

... ... ...

"ਕੌਣ ? ਸਹਿਗਲ ? ਬਈ ਸ਼ਾਮ ਨੂੰ ਛੇ ਵਜੇ। ਬਸ...ਰਤਾ ਕਾਕਟੇਲ... ਤੇ...ਆਪਣੀ ਡਾਰਲਿੰਗ ਨੂੰ ਵੀ ਲੈ ਆਵੀਂ।"

"ਨਾ ਲਿਆਇਆ ਤੇ ਤੁਸੀਂ ਆਬਲਾਈਜ ਕਰ ਦੇਣਾ। ਨਿੱਕਿਆਂ ਹੁੰਦਿਆਂ ਕਹਿੰਦੇ ਸਾਂ ਨਾ, ਵੰਡ ਖਾਈਏ, ਖੰਡ ਖਾਈਏ।"

"ਸ਼ੱਟ ਅਪ !"

ਸਹਿਗਲ ਹੱਸਿਆ, "ਫ਼ਿਕਰ ਨਾ ਕਰ, ਮੈਨੂੰ ਪਤਾ ਏ। ਭਾਵੇਂ ਕੂਜਿਆਂ ਵਾਲੀ ਮਿਸਰੀ ਹੋਵੇ, ਭਾਵੇਂ ਰਾਸ਼ਨ ਦੀ ਖੰਡ, ਤੇ ਭਾਵੇਂ ਚਾਕਲੇਟ, ਸਭ ਆਪਣੀ ਆਪਣੀ।"

"ਬਿਲਕੁਲ ! ਦੈਟ'ਸ ਦ ਰੂਲ ਆਫ਼ ਦ ਗੇਮ।"

"ਹਾਂ, ਅਲਬੱਤਾ ਜੱਫੀ ਕਿੱਸੀ ਮਾਫ਼ ਏ।"

"ਉਹ ਤੇ ਹੈ। ਜਦ ਤਕ ਨੀਅਤਾਂ ਸਾਫ਼ ਰਹਿਣ।"

"ਹੋਰ ਕੌਣ ਕੌਣ ਆ ਰਿਹਾ ਏ ?"

"ਬਸ ਆਪਣੀ ਚੰਡਾਲ ਚੌਕੜੀ।"

"ਕੋਈ ਆਥਰ ?"

"ਆਪਣੇ ਲਈ ਕੋਸ਼ਿਸ਼ ਕਰ ਰਿਹਾਂ, ਵੇਖੋ !"

"ਹੁਣ ਇਹ ਬਦਦਿਆਨਤੀ ਦੀ ਹੱਦ ਏ ਨਾ ? ਆਥਰਾਂ ਦੀ ਕੋਸ਼ਿਸ਼ ਸਿਰਫ਼ ਆਪਣੇ ਲਈ। ਸਾਡੀਆਂ ਪਰੈੱਸਾਂ ਵਿਚ ਸਾਰੀਆਂ ਮਸ਼ੀਨਾਂ ਨੂੰ ਭਾਵੇਂ ਜ਼ੰਗ ਲਗ ਜਾਵੇ !"

"ਜ਼ੰਗ ਪਏ ਲਗਦੇ ਨੇ ਤੁਹਾਡੀਆਂ ਮਸ਼ੀਨਾਂ ਨੂੰ ! ਚਾਰੋ ਕਿਸੇ ਹੋਰ ਨੂੰ !"

"ਹੱਛਾ ਬਈ, ਮਰਜ਼ੀ ਏ ਖ਼ੁਦਾ ਦੀ। ਸਭ ਦਾ ਪਰਵਰਦਿਗਾਰ ਏ ਉਹ !"

"ਹਾਂ ਇਹੋ ਜਿਹੀਆਂ ਗੱਲਾਂ ਵਿਚ ਆਪਣੇ ਰਾਮ ਕ੍ਰਿਸ਼ਨ ਨੂੰ ਕਾਹਨੂੰ ਘਸੀਟ ਕੇ ਖੱਜਲ ਕਰਨਾ ਏ ! ਮੌਕੇ ਮੌਕੇ ਸਿਰ...!"

"ਨਾਲੇ ਕ੍ਰਿਸ਼ਨ ਕੋਲੋਂ ਤੇ ਉਂਜ ਈ ਡਰ ਲਗੇਗਾ ਨਾ ! ਜੇ ਰਾਹ ਵਿਚ ਹੀ ਉਹਨੂੰ ਵੀ ਗੋਪੀ ਬਣਾ ਲਿਆ ਤੇ..."

"ਸ਼ੱਟ ਅਪ !"

"ਜੋ ਹੁਕਮ !"

... ... ...

... ... ...

ਏਅਰ ਕੰਡੀਸ਼ਨਡ ਕਮਰਾ। ਰੀਕਾਰਡ ਚੇਂਜਰ 'ਤੇ ਪੱਛਮੀ ਮਿਊਜ਼ਿਕ ਦੀ ਕਿਸੇ ਧੁਨ ਦਾ ਰੀਕਾਰਡ। ਠੰਢੀ—ਬਰਫ਼ ਵਿਚ ਲਿਪਟੀ ਬੀਅਰ। ਪਰਕਾਸ਼ ਸੋਫ਼ੇ ਦੀ ਕੁਰਸੀ 'ਤੇ ਬੈਠਾ ਏ। ਨਾਲ ਵਾਲੇ ਮੂਹੜੇ 'ਤੇ ਇਕ ਕੁੜੀ। ਨਾਂ ਕੋਈ ਵੀ ਹੋ ਸਕਦਾ ਏ ਇਸ ਕੁੜੀ ਦਾ, ਪਰ ਫ਼ਿਲਹਾਲ ਨਾਂ ਫ਼ਰੀਦਾ, ਜਿਸ ਨੂੰ ਬੋਲਣ ਲਗਿਆਂ ਉਹਨੇ ਅੰਗਰੇਜ਼ੀ ਲਹਿਜੇ ਵਿਚ 'ਫਰਿਡਾ' ਬੋਲਿਆ ਸੀ। ਦੀਵਾਨ 'ਤੇ ਦਲਜੀਤ ਤੇ ਉਹਦੀ ਮਹਿਬੂਬਾ ਚੰਨੀ। ਸੋਫ਼ੇ 'ਤੇ ਪੁਰੀ ਤੇ ਉਹਦੀ ਮਹਿਬੂਬਾ ਹੇਮਾ। ਦੂਜੇ ਸੋਫ਼ੇ 'ਤੇ ਕਪੂਰ ਤੇ ਉਸ ਦੀ ਸੋਨੀਆ। ਸੋਨੀਆ ਸਿਰਫ਼ ਨੱਚ ਕੇ ਖੁਲ੍ਹਦੀ ਏ। ਜਦ ਤਕ ਨੱਚ ਨਾ ਲਵੇ, ਘੁਟੀ ਰਹਿੰਦੀ ਏ। ਤੇ ਨਾਚ ਦਾ ਪਹਿਲਾ ਦੌਰ ਭਾਵੇਂ ਕਪੂਰ ਨਾਲ ਨੱਚ ਲਵੇ, ਦੂਜੇ ਦੌਰ ਵੇਲੇ ਜ਼ਰੂਰ ਉਹ ਆਪਣੇ ਕਿਸੇ ਨਾ ਕਿਸੇ 'ਦੇਵਰ' ਨਾਲ ਨੱਚਦੀ ਏ। ਫ਼ਿਲਹਾਲ ਉਹ ਖ਼ਾਮੋਸ਼ ਬੈਠੀ ਲਾਈਮ ਜੂਸ ਕਾਰਡੀਅਲ ਦੀਆਂ ਬਾਹਵਾਂ ਵਿਚ ਲਿਪਟੀ ਜਿਨ ਪੀ ਰਹੀ ਏ।

ਸਹਿਗਲ ਅਜੇ ਆਇਆ ਨਹੀਂ। ਉਹਦੀ ਇੰਤਜ਼ਾਰ ਹੋ ਰਹੀ ਏ। ਸਾਰੇ ਉਹਦੇ ਨਾ ਆਉਣ ਬਾਰੇ ਥੋੜੇ ਥੋੜੇ ਚਿਰ ਮਗਰੋਂ ਆਪਣੀ ਝੁੰਜਲਾਹਟ ਜ਼ਾਹਰ ਕਰਦੇ ਨੇ। ਨਵੀਂ ਕੁੜੀ ਫ਼ਰੀਦਾ ਤੇ ਚੰਨੀ ਚੁੱਪ ਰਹਿੰਦੀਆਂ ਨੇ। ਫ਼ਰੀਦਾ ਤਾਂ ਇਸ ਲਈ, ਕਿ

ਉਹ ਸਹਿਗਲ ਨੂੰ ਜਾਣਦੀ ਹੀ ਨਹੀਂ ਅਜੇ। ਚੰਨੀ ਇਸ ਲਈ, ਕਿਉਂਕਿ ਉਹਦੇ ਮਨ ਵਿਚ ਚੋਰ ਏ। ਸਿਰਫ਼ ਪਰਕਾਸ਼ ਨੂੰ ਇਸ ਗੱਲ ਦਾ ਪਤਾ ਏ। ਦਲਜੀਤ ਜਦੋਂ ਪਿਛਲੇ ਸਾਲ ਵਲਾਇਤ ਗਿਆ ਹੋਇਆ ਸੀ, ਚੰਨੀ ਬੇਹੱਦ ਇਕੱਲੀ ਸੀ। ਸਹਿਗਲ ਨੇ ਇਕ ਦਿਨ ਪਰਕਾਸ਼ ਨੂੰ ਫ਼ੋਨ 'ਤੇ ਕਿਹਾ, "ਬਈ, ਚੰਨੀ ਇਕੱਲੀ ਏ।"

"ਇਕੱਲੀ ਤਾਂ ਹੈ।"

"ਉਹਦੇ ਬਾਰੇ ਕੁਝ ਸੋਚਣਾ ਚਾਹੀਦਾ ਏ।"

"ਜ਼ਰੂਰ ਸੋਚਣਾ ਚਾਹੀਦਾ ਏ।"

"ਨਾਲੇ ਦਲਜੀਤ ਦਾ ਖ਼ਤ ਆਇਆ ਏ।"

"ਕੀ?"

"ਲਿਖਿਆ ਏ, ਪਲੇਟਫ਼ਾਰਮ 'ਤੇ ਜਿਹੜਾ ਸਾਮਾਨ ਛਡ ਆਇਆ ਵਾਂ, ਉਹਦਾ ਧਿਆਨ ਰੱਖਿਆ ਜੇ!"

"ਰੱਖੋ ਧਿਆਨ ਫੇਰ।"

"ਤੱਕੋ ਨਾ, ਅਸੀਂ ਉਹਦੇ ਦੇਵਰ ਹੋਏ।"

"ਜ਼ਰੂਰ ਹੋਏ। ਪੱਕੇ।"

"ਘਰ ਦਾ ਮਾਲ ਬਾਹਰ ਜਾਂਦਾ ਸ਼ੋਭਾ ਨਹੀਂ ਦੇਂਦਾ।"

"ਬਿਲਕੁਲ ਨਹੀਂ ਦੇਂਦਾ।"

"ਘਰ ਦੀ ਸ਼ੈ ਘਰ ਵਿਚ ਹੀ ਰਹਿਣੀ ਚਾਹੀਦੀ ਏ।"

"ਤੂੰ ਗੱਲ ਕਰ ਨਾ ਹੁਣ ਸਿੱਧੀ। ਬਹੁਤ ਹੋ ਚੁੱਕੀ ਬਕ ਬਕ! ਗੱਲ ਕਰ, ਕੀ ਇਰਾਦਾ ਏ।"

"ਇਰਾਦਾ ਕੀ ਹੋਣਾ ਏ ਬਾਦਸ਼ਾਹੋ! ਮੈਂ ਇਹੋ ਸੋਚਿਆ ਸੀ, ਕਿ ਜਦ ਤਕ ਦਲਜੀਤ ਨਹੀਂ ਆਉਂਦਾ, ਸਾਨੂੰ ਦੇਵਰਾਂ ਨੂੰ ਚਾਹੀਦਾ ਏ ਕਿ ਸਾਰੇ ਰਲ ਕੇ ਉਹਦੇ 'ਤੇ ਚਾਦਰ ਪਾ ਲਈਏ।"

"ਚਾਦਰ ਦੇ ਪੁੱਤਰ! ਦਲਜੀਤ ਨੂੰ ਪਤਾ ਲਗਾ ਤਾਂ ਤੇਰਾ ਰਗੜਾ ਸ਼ਰੀਫ਼ ਚੜ੍ਹ ਜਾਵੇਗਾ ਬੱਚੂ!"

"ਲਓ, ਅਸੀਂ ਤੇ ਸਗੋਂ ਉਹਦੀ ਹੀ ਖ਼ਾਤਰ...। ਹੈਂ...ਹੈਂ...। ਤੁਸੀਂ ਆਪ ਈ ਸੋਚੋ! ਪਰਉਪਕਾਰ..."

"ਹਾਂ ਹਾਂ, ਕਰੋ ਪਰਉਪਕਾਰ। ਪਾਓ ਸਿਰ ਸੁਆਹ ਸਾਡੇ ਵੀ! ਦੇਖ ਬੱਚੂ, ਜੇ ਤੂੰ ਮੁੜ ਕੇ ਇਹ ਗੱਲ ਕੀਤੀ ਨਾ, ਤੇਰਾ ਕਿੱਲ ਕੋਕਾ ਠੋਕਣਾ ਪਏਗਾ।"

ਪਰ ਗੱਲ ਸਹਿਗਲ ਨੇ...

ਅਸਲ ਵਿਚ ਸਹਿਗਲ ਨੂੰ ਸਾਰੀ ਦੁਨੀਆਂ ਦੇ ਦਰਦ ਦੀ ਚਿੰਤਾ ਸੀ। ਕਿਸੇ ਯਸੂ ਮਸੀਹ ਜਾਂ ਭਗਵਾਨ ਬੁੱਧ ਤੋਂ ਘਟ ਨਹੀਂ ਸੀ ਉਹ! ਸੋ ਚੰਨੀ ਦੇ ਦਰਦ ਦਾ ਤਾਜ ਉਹਨੇ ਆਪਣੇ ਸਿਰ 'ਤੇ ਧਰ ਲਿਆ।

ਓਦੋਂ ਤੋਂ ਚੰਨੀ ਉਹਦੇ ਕੋਲੋਂ ਹਰ ਮਹਿਫ਼ਲ ਵਿਚ ਕਤਰਾਂਦੀ ਏ। ਪਰਕਾਸ਼



ਅਜਿਹੇ ਵੇਲੇ ਬੜਾ ਖ਼ਰਗੋਸ਼ ਵਰਗਾ ਮੂੰਹ ਬਣਾ ਕੇ ਕਹਿੰਦਾ ਏ, "ਕਿਉਂ, ਕੋਈ ਖਟਪਟ ਹੋ ਗਈ ਏ ਦੇਵਰ ਭਾਬੀ ਵਿਚ? ਅਸਲ ਵਿਚ ਰਿਸ਼ਤਾ ਹੀ ਨਾਜ਼ਕ ਏ!"

ਤੇ ਸਹਿਗਲ ਬੜੀਆਂ ਢੀਠ ਨਜ਼ਰਾਂ ਨਾਲ ਚੰਨੀ ਵਲ ਤੱਕ ਕੇ ਇਕ ਟਕ ਮੁਸਕਰਾਂਦਾ ਏ, "ਦਸੋ ਜੀ!"

ਇਹਨਾਂ ਕੁੜੀਆਂ ਦੇ ਨਾਂ ਭਾਵੇਂ ਕੁਝ ਵੀ ਹੋਣ — ਚੰਨੀ, ਹੇਮਾ, ਫ਼ਰੀਦਾ ਜਾਂ ਸੋਨੀਆ — ਕੋਈ ਵੀ ਨਾਂ ਹੋਵੇ, ਇਹ ਸਭ ਆਪਣੇ ਆਪਣੇ ਮਹਿਬੂਬ ਦੀਆਂ 'ਡਾਰਲਿੰਗ' ਨੇ। ਸਿਰਫ਼ ਡਾਰਲਿੰਗ! ਬੀਵੀਆਂ ਘਰ ਲਈ, ਬੱਚਿਆਂ ਲਈ, ਰਿਸ਼ਤੇਦਾਰਾਂ ਲਈ, ਸੋਸ਼ਲ ਫ਼ੰਕਸ਼ਨਜ਼ ਲਈ, ਤੇ ਮਰਨਿਆਂ ਪਰਨਿਆਂ ਲਈ। ਡਾਰਲਿੰਗਾਂ ਦੋਸਤਾਂ — ਯਾਨੀ ਜਿਗਰੀ ਦੋਸਤਾਂ — ਦੀਆਂ ਮਹਿਫ਼ਲਾਂ ਲਈ, ਬੀਅਰਾਂ ਤੇ ਵਿਸਕੀਆਂ ਲਈ, ਅੰਗਰੇਜ਼ੀ ਧੁਨਾਂ ਦੇ ਨਾਲ ਨੱਚਣ ਲਈ, ਤੇ ਬਿਸਤਰਿਆਂ ਲਈ। ਡਾਰਲਿੰਗਾਂ ਬਦਲਦੀਆਂ ਰਹਿੰਦੀਆਂ ਨੇ — ਮੂਡ ਦੇ ਮੁਤਾਬਿਕ, ਹਾਲਾਤ ਦੇ ਮੁਤਾਬਿਕ। ਬੀਵੀਆਂ ਧਰੂ ਤਾਰੇ ਵਾਂਗੂ ਸਥਿਰ, ਅਡੋਲ, ਬੇ-ਤਬਦੀਲ! ਬੀਵੀਆਂ ਰੁਟੀਨ ਪੈਦਾ ਕਰਦੀਆਂ ਨੇ, ਡਾਰਲਿੰਗਾਂ ਉਸ ਰੁਟੀਨ ਨੂੰ ਤੋੜਨ ਵਿਚ ਮਦਦ ਕਰਦੀਆਂ ਨੇ। ਰੁਟੀਨ ਪੈਦਾ ਕਰ ਕੇ ਬੀਵੀ ਫ਼ਖ਼ਰ ਕਰਦੀ ਏ, ਕਿਉਂਕਿ ਰੁਟੀਨ ਦੇ ਨਾਲ ਨਿਭਣ ਵਾਲਾ ਖ਼ਾਵੰਦ ਆਦਰਸ਼ ਪਤੀ ਹੁੰਦਾ ਏ। ਰੁਟੀਨ ਨੂੰ ਤੋੜ ਕੇ ਡਾਰਲਿੰਗ ਫ਼ਖ਼ਰ ਕਰਦੀ ਏ, ਕਿਉਂਕਿ ਉਹਦੀ ਹੋਂਦ ਈ ਇਸੇ ਕਾਮਯਾਬੀ ਦੇ ਸਿਰ 'ਤੇ ਕਾਇਮ ਏ।

ਕਮਰੇ ਵਿਚ ਹਵਾ ਬਿਲਕੁਲ ਨਹੀਂ। ਬੇ-ਹਵਾ ਠੰਢ ਏ ਇਕ। ਜੰਮੇ ਹੋਏ ਕੁਹਰੇ ਵਰਗੀ ਠੰਢ ਨਹੀਂ। ਰੈਫ਼ਰਿਜਰੇਟਰ ਵਰਗੀ ਠੰਢ!

ਫ਼ਰੀਦਾ ਗਾ ਰਹੀ ਏ। ਸਭ ਦਾ ਇਸਰਾਰ ਸੀ — ਪੁਰ-ਜ਼ੋਰ! ਫ਼ਰੀਦਾ ਗਾ ਰਹੀ ਏ, ਤੇ ਦੀਵਾਰ ਵਲ ਤੱਕ ਰਹੀ ਏ। ਇਸ ਵੇਲੇ ਉਹ ਪਰਕਾਸ਼ ਦੀ ਡਾਰਲਿੰਗ ਨਹੀਂ ਲਗਦੀ, ਕਿਸੇ ਦੀ ਡਾਰਲਿੰਗ ਨਹੀਂ ਲਗਦੀ, ਸਿਰਫ਼ ਇਕ ਕੁੜੀ ਲਗਦੀ ਏ — ਮਹਿਜ਼ ਇਕ ਕੁੜੀ......

"ਦਰਦ ਕੀ ਰਾਤ ਹੈ
ਚੁਪ ਚਾਪ ਗੁਜ਼ਰ ਜਾਨੇ ਦੋ"

ਪਤਾ ਨਹੀਂ ਕਿਸ ਸ਼ਾਇਰ ਦੀ ਗ਼ਜ਼ਲ ਏ। ਸ਼ਾਇਰ ਦੇ ਨਾਂ ਨਾਲ ਕਿਸੇ ਦਾ ਕੋਈ ਸਰੋਕਾਰ ਨਹੀਂ। ਲਫ਼ਜ਼ਾਂ ਨਾਲ ਵੀ ਸ਼ਾਇਦ ਕਿਸੇ ਦਾ ਕੋਈ ਸਰੋਕਾਰ ਨਹੀਂ। ਸਿਰਫ਼ ਇਕ ਕੁੜੀ ਨਾਲ ਸਰੋਕਾਰ ਏ, ਤੇ ਉਹਦੀ ਆਵਾਜ਼ ਨਾਲ, ਜਿਹੜੀ ਵਿਸਕੀ ਤੇ ਜਿਨ ਤੇ ਰੰਮ ਦੇ ਘੁੱਟਾਂ ਵਿਚ ਘੁਲਦੀ ਜਾ ਰਹੀ ਏ — ਸੁਲਗਦੀ ਹੋਈ ਬਰਫ਼ ਵਾਂਗੂ...!

ਵਾਤਾਵਰਣ ਅਚਾਨਕ ਬੜਾ ਬੋਝਲ ਹੋ ਗਿਆ ਏ। ਏਨਾ ਅਡੰਬਰ ਬੋਝਲ ਵਾਤਾਵਰਣ ਲਈ ਤੇ ਨਹੀਂ ਸੀ ਰਚਾਇਆ ਗਿਆ! ਇਹ ਤਾਂ ਓਹੀ ਬੇਹੂਦਗੀ ਹੋਈ — ਰੋਜ਼ ਦੀ ਬਕ ਬਕ, ਬੋਰੀਅਤ......! ਇਸੇ ਬੋਰੀਅਤ ਦੇ ਧੁੰਦਲੇ ਕੱਚ ਨੂੰ ਤੋੜਨ ਲਈ ਤਾਂ......

ਚੰਨੀ ਗਾਉਣ ਲਗਦੀ ਏ — ਹੱਸਦੀ ਹੱਸਦੀ......

"ਮੈਨੂੰ ਹੀਰੇ ਹੀਰੇ ਆਖੇ
ਨੀ ਮੁੰਡਾ ਲੰਬੜਾਂ ਦਾ,
ਹਾਏ ਨੀ ਮੁੰਡਾ ਲੰਬੜਾਂ ਦਾ......"

ਗਾਉਂਦੀ ਗਾਉਂਦੀ ਰਹਿ ਰਹਿ ਕੇ ਦਲਜੀਤ ਦੇ ਮੋਢਿਆਂ 'ਤੇ ਝੂੰਮ ਜਾਂਦੀ ਏ।

ਗਾਣਾ ਖ਼ਤਮ ਹੁੰਦਾ ਏ, ਤਾਂ ਦਲਜੀਤ ਉਹਨੂੰ ਬੇਸਾਖ਼ਤਾ ਚੁੰਮ ਲੈਂਦਾ ਏ। ਵਾਤਾਵਰਣ ਇਕਦਮ ਖੁਲ੍ਹ ਜਾਂਦਾ ਏ — ਜਿਵੇਂ ਹਵਾ ਦਾ ਕੋਈ ਸਾਹ ਅੰਦਰ ਲੰਘ ਆਇਆ ਹੋਵੇ।

"ਸਹਿਗਲ ਅਜੇ ਤਕ ਨਹੀਂ ਬਹੁੜਿਆ," ਪਰਕਾਸ਼ ਦੀ ਆਵਾਜ਼ ਵਿਚ ਫੇਰ ਬੋਝਲ ਉਦਾਸੀ ਘਿਰ ਰਹੀ ਏ।

ਫ਼ਰੀਦਾ ਸੋਚਦੀ ਏ — ਸਭ ਕੁਝ ਕਿੰਨਾ ਬੇਮਤਲਬ ਏ!

ਬਾਹਰ ਸ਼ਾਮ ਪੂਰੀ ਤਰ੍ਹਾਂ ਉਤਰ ਚੁੱਕੀ ਹੋਵੇਗੀ ਸ਼ਾਇਦ। ਕਮਰੇ ਵਿਚ ਤਾਂ ਪਹਿਲੋਂ ਤੋਂ ਹੀ ਬੱਤੀਆਂ ਜਗ ਰਹੀਆਂ ਸਨ। ਮੋਟੇ ਭਾਰੇ ਪਰਦੇ ਸਾਰੇ ਬੂਹਿਆਂ ਬਾਰੀਆਂ ਨੂੰ ਕੱਜ ਲਪੇਟ ਕੇ ਖੜੋਤੇ ਸਨ। ਏਸੇ ਕਰ ਕੇ ਬਾਹਰ ਦੀ ਸ਼ਾਮ ਦਾ ਕੋਈ ਤਅੱਲਕ ਨਹੀਂ ਸੀ ਇਸ ਕਮਰੇ ਨਾਲ। ਨਾ ਹੀ ਬਾਹਰ ਦੀ ਗਰਮੀ ਦਾ ਕੋਈ ਦਖ਼ਲ ਸੀ।

ਫ਼ਰੀਦਾ ਸੋਚਦੀ ਏ, — ਇਹ ਕਮਰਾ ਏਡਾ ਭਰਿਆ ਹੋ ਕੇ ਵੀ ਕੇਡਾ ਸੱਖਣਾ ਏ। ਪਤਾ ਨਹੀਂ ਕਿਹੜੀ ਛੱਤ ਚੋ ਰਹੀ ਏ, ਤੇ ਇਕ ਖ਼ਾਲੀਪਣ ਉਸ ਵਿਚੋਂ ਟਪਕ ਰਿਹਾ ਏ...ਟਪ ਟਪ!

ਦਲਜੀਤ ਤੇ ਚੰਨੀ ਹੱਸ ਰਹੇ ਨੇ। ਪਰਕਾਸ਼ ਉੱਠ ਕੇ ਡਰਿੰਕਸ ਮਿਲਾ ਰਿਹਾ ਏ। ਪੁਰੀ ਆਪਣੀ ਮਹਿਬੂਬਾ ਦੇ ਪੱਟ 'ਤੇ ਸਿਰ ਰਖ ਕੇ ਅੱਧਲੇਟਿਆ ਹੋ ਗਿਆ ਏ। ਹੇਮਾ ਦੀਆਂ ਅੱਖਾਂ ਵਿਚੋਂ ਬਹੁਤ ਸਾਰੀ ਸ਼ੋਖ਼ੀ ਖੰਭ ਫੈਲਾ ਕੇ ਉੱਡਦੀ ਏ, ਤੇ ਕਮਰੇ ਵਿਚ ਚਾਰੇ ਪਾਸੇ ਚੱਕਰ ਲਾਂਦੀ ਏ।

ਪੁਰੀ ਕੋਈ ਲਤੀਫ਼ਾ ਸੁਣਾ ਰਿਹਾ ਏ — ਕੱਪੜਿਆਂ ਤੋਂ ਬਿਨਾਂ ਇਕ ਨੰਗਾ ਲਤੀਫ਼ਾ। ਸਾਰੇ ਹੱਸ ਰਹੇ ਨੇ! ਚੰਨੀ ਦਾ ਹਾਸਾ ਸਭ ਨਾਲੋਂ ਵਧੇਰੇ ਖੁਲ੍ਹਿਆ ਹੋਇਆ ਏ, ਤੇ ਸ਼ੋਖ਼! ਪਹਾੜੀ ਕੂਲ੍ਹ ਵਰਗਾ।

ਫ਼ਰੀਦਾ ਮੁਸਕਰਾਂਦੀ ਏ।

ਦਰਵਾਜ਼ਾ ਖੁਲ੍ਹਿਆ। ਸਹਿਗਲ ਦਰਵਾਜ਼ੇ ਵਿਚ ਇਕ ਪਾਸੇ ਖੜੋ ਕੇ ਬੂਹੇ ਨੂੰ ਇਕ ਹੱਥ ਨਾਲ ਫੜ ਕੇ ਮਿਸਿਜ਼ ਖ਼ਾਨ ਨੂੰ ਅੰਦਰ ਲੰਘਾਂਦਾ ਏ, ਪਿਛੇ ਆਪ ਲੰਘ ਆਉਂਦਾ ਏ।

ਸਾਰਿਆਂ ਵਿਚ ਇਕ ਅਜੀਬ ਪੁਰ-ਜੋਸ਼ ਹਲਚਲ ਮਚ ਜਾਂਦੀ ਏ। ਸਾਰਿਆਂ ਦੇ ਚਿਹਰੇ ਖਿੜ ਉੱਠਦੇ ਨੇ। ਪੁਰੀ ਉੱਠ ਕੇ ਬਹਿ ਜਾਂਦਾ ਏ, ਤੇ ਦੋਵੇਂ ਬਾਹਵਾਂ ਫੈਲਾ ਕੇ ਚੁਟਕੀਆਂ ਵਜਾ ਵਜਾ ਕੇ ਉੱਚੀ ਆਵਾਜ਼ ਵਿਚ ਗਾਉਣ ਲੱਗਦਾ ਏ:



"ਮਹਿਫ਼ਲ ਮੇਂ ਉਨ ਕੇ ਆਨੇ ਸੇ
ਹਰ ਸ਼ੈ ਪੇ ਨੂਰ ਆ ਜਾਤਾ ਹੈ।"

... ... ... ...

ਦਲਜੀਤ ਬੇ-ਸਾਖ਼ਤਾ ਮਿਸਿਜ਼ ਖ਼ਾਨ ਨੂੰ ਲਿਪਟ ਜਾਂਦਾ ਏ, "ਹੈਲੋ ਭਾਬੀ ਜਾਨ, ਅੱਜ ਤੇ ਏਨੀ ਚਿਰਕ ਕਰ ਦਿਤੀ ਤੁਸਾਂ। ਸਾਰੇ ਦੇਵਰਾਂ ਦੀ ਜਾਨ ਈ ਨਿਕਲ ਚਲੀ ਸੀ।"

ਮਿਸਿਜ਼ ਖ਼ਾਨ ਹੱਸ ਰਹੀ ਏ। ਉਹਦੇ ਦੰਦਾਂ ਦਾ ਰੰਗ ਪਾਨ ਦੇ ਰੰਗ ਹੇਠਾਂ ਕੱਜਿਆ ਹੋਇਆ ਏ।

ਚੰਨੀ ਇਕ ਦਮ ਉਠ ਕੇ ਖੜੀ ਗਈ। ਸੂਹਾ ਘੱਟ ਉਹਦਾ ਮੂੰਹ ਹੋ ਰਿਹਾ ਸੀ। ਆਪਣੇ ਹੱਥ ਵਿਚਲਾ ਗਲਾਸ ਉਹਨੇ ਭੁਆ ਕੇ ਕੰਧ ਨਾਲ ਮਾਰਿਆ, ਤੇ ਕਾਹਲੀ ਨਾਲ ਦਰਵਾਜ਼ੇ ਵਲ ਵਧੀ।

ਸਾਰੇ ਭਬੱਤਰ ਗਏ। ਦਲਜੀਤ ਘਬਰਾ ਕੇ ਮਿਸਿਜ਼ ਖ਼ਾਨ ਤੋਂ ਪਰ੍ਹਾਂ ਹੋ ਗਿਆ। ਪਰਕਾਸ਼ ਦਾ ਮੂੰਹ ਹੈਰਾਨੀ ਨਾਲ ਖੁਲ੍ਹਾ ਸੀ। ਪੁਰੀ ਤੇ ਹੇਮਾ ਉਥੇ ਖੜੋਤੇ ਸਨ। ਪੁਰੀ ਦਾ ਹੱਥ ਰਤਾ ਕੁ ਅਗਾਂਹ ਵਧ ਕੇ ਜਿਵੇਂ ਖ਼ਾਲੀਪਣ ਵਿਚ ਅਟਕ ਕੇ ਰਹਿ ਗਿਆ ਸੀ।

ਸਿਰਫ਼ ਫ਼ਰੀਦਾ ਬੈਠੀ ਸੀ, ਆਪਣਾ ਗਲਾਸ ਹੱਥ ਵਿਚ ਫੜ ਕੇ, ਤੇ ਚੰਨੀ ਵਲ ਵੇਖ ਰਹੀ ਸੀ।

ਦਲਜੀਤ ਨੇ ਅੱਗੇ ਹੋ ਕੇ ਚੰਨੀ ਦੀ ਬਾਂਹ ਫੜ ਲਈ।

"ਛੱਡ ਦਿਓ!" ਉਹ ਜ਼ਖ਼ਮੀ ਸ਼ੇਰਨੀ ਵਾਂਗੂ ਗੁਰਾਂਈ, ਤੇ ਬਾਹਰ ਨਿਕਲ ਗਈ। ਉਹਦੇ ਮਗਰ ਮਗਰ ਦਲਜੀਤ ਬਾਹਰ ਨਿਕਲ ਗਿਆ।

ਇਕ ਔਖੀ ਜਿਹੀ ਖ਼ਾਮੋਸ਼ੀ ਕਮਰੇ ਦੀਆਂ ਕੰਧਾਂ ਵਿਚਕਾਰ ਤਣੀ ਗਈ। ਹਰ ਪਾਸੇ ਦੋ ਕੰਧਾਂ, ਤੇ ਵਿਚਕਾਰ ਤਣੀ ਹੋਈ, ਦੌੜਦੀ ਹੋਈ ਖ਼ਾਮੋਸ਼ੀ, ਜਿਸ ਦਾ ਰੌਲਾ ਏਨਾ ਸੀ ਕਿ ਕੋਈ ਵੀ ਬੰਦਾ ਦੂਜੇ ਬੰਦੇ ਨਾਲ ਗੱਲ ਕਰਨ ਦਾ ਜਿਗਰਾ ਨਹੀਂ ਸੀ ਕਰ ਸਕਦਾ।

ਪਲ ਮਣਾਂ ਮੂੰਹੀਂ ਭਾਰੇ ਹੋ ਗਏ ਸਨ।

ਪਰਕਾਸ਼ ਨੇ ਖੰਘੂਰੇ ਨਾਲ ਗਲਾ ਸਾਫ਼ ਕੀਤਾ, "ਕੋਈ ਗੱਲ ਨਹੀਂ। ਰਤਾ ਜ਼ਿਆਦਾ ਪੀਤੀ ਗਈ ਹੋਣੀ ਏ।"

ਸਾਰਿਆਂ ਨੂੰ ਪਤਾ ਸੀ ਕਿ ਇਹ ਗ਼ਲਤ ਏ, ਪਰ ਸਾਰੇ ਚੁੱਪ ਰਹੇ। ਇਕ ਬਹਾਨਾ ਚਾਹੀਦਾ ਸੀ ਤਾਂ ਕਿ ਉਹ ਪਲ ਅਡੋਲ ਉੜ ਕੇ, ਕੁੱਬਾ ਹੋ ਕੇ, ਕਮਤਿਓਂ ਬਾਹਰ ਨਿਕਲ ਜਾਵੇ। ਅਡੋਲ ਪੁਲ ਦੇ ਹੇਠੋਂ ਦੀ ਸਰਕ ਜਾਵੇ।

"ਵੈੱਲ, ਕਮ ਆਨ! ਲੈਟ'ਸ ਸਿੰਗ।" ਪੁਰੀ ਨੇ ਬਹੁਤ ਸਾਰਾ ਉਤਸ਼ਾਹ ਬਟੋਰ ਕੇ ਆਵਾਜ਼ ਵਿਚ ਭਰ ਲਿਆ ਸੀ।

ਪਰ ਮਹਿਫ਼ਲ ਦੀ ਤਾਨ ਇਕ ਵਾਰੀ ਟੁੱਟੀ, ਤੇ ਫੇਰ ਜੁੜ ਨਹੀਂ ਸਕੀ।

ਕੁਝ ਚਿਰ ਮਗਰੋਂ ਤਿੰਨੇ ਜਣੇ ਆਪਣੀਆਂ ਆਪਣੀਆਂ ਡਾਰਲਿੰਗਾਂ ਦੀ ਕਮਰ ਵਿਚ ਹੱਥ ਪਾ ਕੇ ਨਿੱਖੜ ਗਏ ।

... ... ...

ਹੇਮਾ ਚੰਨੀ ਨੂੰ ਕਨਾਟ ਪਲੇਸ ਸ਼ਾਪਿੰਗ ਕਰਦੀ ਮਿਲ ਪਈ । "ਬਈ, ਚੰਨੋ, ਉਸ ਦਿਨ ਤੈਨੂੰ ਹੋਇਆ ਕੀ ਸੀ ? ਉਂਜ ਤੇ ਮੈਂ ਤੈਨੂੰ ਨਾ ਪੁੱਛਦੀ, ਪਰ ਤੂੰ ਜਾਣਦੀ ਏਂ, ਤੇਰੇ ਮੇਰੇ ਵਿਚ ਕਾਹਦਾ ਲੁਕਾ ਏ !"

ਬਹੁਤ ਚਿਰ ਤਾਂ ਚੰਨੀ ਟਾਲਦੀ ਰਹੀ । ਪਰ ਹੇਮਾ ਨੇ ਵੀ ਅੱਜ ਪੁੱਛ ਕੇ ਛੱਡਣ ਦੀ ਕਸਮ ਖਾ ਰਖੀ ਸੀ । ਆਖ਼ਰ ਚਿਕਨ ਪੇਟੀਜ਼ ਤੇ ਆਈਸਕਰੀਮ ਕੌਫ਼ੀ ਦੀ ਰਿਸ਼ਵਤ ਦੇਣ ਮਗਰੋਂ ਹੇਮਾ ਨੇ ਚੰਨੀ ਨੂੰ ਵਰਚਾ ਹੀ ਲਿਆ ।

ਚੰਨੀ ਕਹਿਣ ਲਗੀ, "ਕੋਈ ਉਹਲੇ ਲੁਕਾ ਵਾਲੀ ਗੱਲ ਤੇ ਹੈ ਈ ਨਹੀਂ ਸੀ । ਸਾਰਿਆਂ ਦੇ ਸਾਹਮਣੇ ਈ ਤੇ...ਜੀਤ ਨੇ...ਮਿਸਿਜ਼ ਖ਼ਾਨ ਨੂੰ...।"

"ਪਰ ਇਹਦੇ ਵਿਚ ਕੀ ਗੱਲ ਸੀ ਭਲਾ ? ਉਹ ਤੇ ਕਈ ਵਾਰੀ ਪੁਰੀ ਸਾਹਿਬ ਤੈਨੂੰ ਗਲਵੱਕੜੀ ਪਾ ਲੈਂਦੇ ਨੇ, ਕਈ ਵਾਰੀ ਦਲਜੀਤ ਜੀ ਮੈਨੂੰ ਫੜ ਕੇ ਚੁੰਮ ਲੈਂਦੇ ਨੇ । ਇਹ ਤੇ ਦੇਵਰ ਭਾਬੀਆਂ ਵਿਚ ਚਲਦਾ ਈ ਏ," ਹੇਮਾ ਮੁਸਕਰਾ ਪਈ ।

"ਨਹੀਂ, ਜੱਫੀ ਪਾਣ ਦੀ ਗੱਲ ਤੇ ਕੋਈ ਨਹੀਂ ਸੀ......", ਚੰਨੀ ਦੀ ਆਵਾਜ਼ ਡੁੱਬਦੀ ਜਾ ਰਹੀ ਸੀ ।

"ਫੇਰ ਕੀ ਸੀ ?" ਹੇਮਾ ਦੀ ਉਤਸੁਕਤਾ ਜਿਵੇਂ ਪੱਬਾਂ ਭਾਰ ਖਲੋ ਗਈ ਸੀ ।

"ਵੇਖੋਂ ਨਾ, ਸਹਿਗਲ ਨੇ ਤੇ ਆਪਣੀ ਉਸ ਖ਼ਾਨ ਦੀ ਬੱਚੀ ਨੂੰ ਇਹੀ ਦਸਿਆ ਨਾ ਕਿ ਮੈਂ ਬੜਾ ਸ਼ਰੀਫ਼ ਆਂ, ਤੇਰੇ ਤੇ ਮਰਨਾ ਵਾਂ, ਤੇਰੇ ਬਿਨਾਂ ਕਿਸੇ ਤੀਵੀਂ ਨੂੰ ਛੂੰਹਦਾ ਵੀ ਨਹੀਂ । ਤੇ ਮੈਨੂੰ ਲਗਾ, ਦਲਜੀਤ ਨੇ ਉਹਨੂੰ ਜੱਫੀ ਪਾ ਕੇ ਮੇਰੀ ਤੌਹੀਨ ਕਰ ਦਿਤੀ ਸੀ । ਜੇ ਸਹਿਗਲ ਮੈਨੂੰ ਵੀ ਜੱਫੀ ਪਾ ਲੈਂਦਾ, ਤਾਂ ਤੇ ਕੋਈ ਗੱਲ ਨਹੀਂ ਸੀ...... ਪਰ......"



# ਹਾਟ ਵਾਟਰ ਬਾਟਲ

ਅਸੀਂ ਓਡੀਅਨ ਤੋਂ ਪਿਕਚਰ ਤੱਕ ਕੇ ਬਾਹਰ ਨਿਕਲੀਆਂ, ਤਾਂ ਸਾਹਮਣੇ ਹੀ ਉਹ ਨਜ਼ਰ ਆ ਗਈ, ਜਿਵੇਂ ਸਾਨੂੰ ਨਜ਼ਰ ਆਉਣ ਲਈ ਹੀ ਓਥੇ ਖੜੋਤੀ ਹੋਈ ਹੋਵੇ ।

"ਔਹ ਤੱਕ, ਮੰਜਰੀ," ਲਾਜ ਨੇ ਮੈਨੂੰ ਕੂਹਣੀ ਮਾਰ ਕੇ ਬੜੇ ਰਾਜ਼ਦਾਰਾਨਾ ਤੇ ਸਕੈਂਡਲਾਨਾ ਅੰਦਾਜ਼ ਵਿਚ ਫੁਸਫੁਸਾ ਕੇ ਕਿਹਾ ।

"ਆਹੋ, ਮੰਜੇ ਵਾਲੀ ਮੰਜਰੀ," ਮੈਂ ਪੂਰੀ ਦੀ ਪੂਰੀ ਸ਼ਰਾਰਤ ਨਾਲ ਅੱਧੀ ਕੁ ਮੁਸਕਰਾਹਟ ਨੂੰ ਹੋਠਾਂ ਵਿਚ ਦਬਾਂਦਿਆਂ ਓਸੇ ਅੰਦਾਜ਼ ਵਿਚ ਜੁਆਬ ਦਿਤਾ ।

"ਕੌਣ ? ਕੌਣ ?" ਕਮਲਾ ਨੂੰ ਤੇ ਸ਼ੁਕੀ ਨੂੰ ਸਾਡੀ ਗੱਲ ਦੀ ਸਮਝ ਨਹੀਂ ਸੀ ਆਈ । ਪਰ ਸਾਡੀ ਟੋਨ ਤੋਂ ਉਹ ਸਮਝ ਗਈਆਂ ਸਨ, ਕਿ ਗੱਲ ਕੋਈ ਨਿਹਾਇਤ ਅਹਿਮ ਤੇ ਚਟਪਟੀ ਏ । ਏਸੇ ਕਰਕੇ ਉਹਨਾਂ ਦੀਆਂ ਅੱਖਾਂ ਹੈਰਾਨੀ ਨਾਲ ਤੇ ਗੱਲ ਜਾਨਣ ਦੀ ਉਤਸੁਕਤਾ ਨਾਲ ਰਤਾ ਹੋਰ ਚੌੜੀਆਂ ਹੋ ਗਈਆਂ ਸਨ ; ਤੇ ਉਹ ਆਪਣੀਆਂ ਧੌਣਾਂ ਵਿਚ ਅਜੀਬ ਖ਼ਮ ਪੈਦਾ ਕਰ ਕੇ ਆਪਣੇ ਸਿਰਾਂ ਨੂੰ ਸਾਡੇ ਦੋਹਾਂ ਵਲ ਟੇਢਾ ਕਰ ਕੇ ਜਿਵੇਂ ਆਪ ਇਕ ਦਗਦਾ ਹੋਇਆ ਪ੍ਰਸ਼ਨ-ਚਿੰਨ੍ਹ ਬਣ ਗਈਆਂ ਸਨ : "ਕੌਣ ? ਕੌਣ ?"

ਕਮਲਾ ਦੇ ਸਿਰ 'ਤੇ ਜਿਹੜਾ ਇਕ ਨਾਰੀਅਲ ਦੀਆਂ ਜਟਾਂ ਵਰਗਾ ਵਾਲਾਂ ਦਾ ਛੱਜਾ ਸੀ, ਮੈਨੂੰ ਲਗਾ, ਜਿਵੇਂ ਉਹ ਵੀ ਗੱਲ ਸੁਣਨ ਦੀ ਤੀਬਰਤਾ ਵਿਚ ਰਤਾ ਕੁ ਹੋਰ ਉੱਚਾ ਹੋ ਗਿਆ ਸੀ ।

"ਸਬਰ ਕਰੋ, ਸਬਰ ਕਰੋ," ਮੈਂ ਰਤਾ ਭਾਰਿਆਂ-ਗੌਰਿਆਂ ਹੋ ਕੇ ਕਿਹਾ । ਜਾਦੂ ਦੀ ਪਟਾਰੀ ਮੇਰੇ ਹੱਥ ਵਿਚ ਸੀ, ਤੇ ਮੈਂ ਇਕ ਚੰਗੇ ਸੁਲਝੇ ਹੋਏ ਸਭਿਅ ਮਦਾਰੀ ਵਾਂਗੂੰ ਉਸ ਦੇ ਢੱਕਣ ਤੱਕ ਹੱਥ ਲਿਜਾ ਕੇ ਫੇਰ ਵਾਪਸ ਲਿਆ ਰਹੀ ਸਾਂ ।

"ਔਸ ਕੁੜੀ...ਨਾ ਸੱਚ ਔਰਤ..." ਲਾਜ ਨੇ ਗੱਲ ਸ਼ੁਰੂ ਕੀਤੀ ।

"ਅਰੇ ਬਈ, ਨਾ ਉਹ ਕੁੜੀ ਏ, ਨਾ ਔਰਤ, ਦੋਹਾਂ ਦੇ ਵਿਚਕਾਰ ਕੋਈ ਚੀਜ਼ ਏ," ਮੈਂ ਆਪਣੀ ਫ਼ਿਲਾਸਫ਼ੀ ਝਾੜੀ ।

"ਹਾਂ, ਤੇ ਉਹ ਚੀਜ਼ ਔਹ ਸਾਹਮਣੇ ਖੜੋਤੀ ਜੇ — ਕਾਲੀ ਸਾੜ੍ਹੀ ਵਾਲੀ । ਨਜ਼ਰ ਭਰ ਕੇ ਤੱਕ ਲਵੋ, ਤੇ ਹਿੱਲੋ ਏਥੋਂ । ਗੱਲ ਉਹਦੀ ਅੱਗੇ ਚੱਲ ਕੇ ਸੁਣਾਨੇ ਆਂ," ਲਾਜ ਨੇ ਵੀ ਰਤਾ ਭਾਰਾਂ 'ਤੇ ਪੈ ਕੇ ਕਿਹਾ ।

ਕਮਲਾ ਤੇ ਸ਼ੁਕੀ ਨੇ ਡਾਢੀਆਂ ਭੁੱਖੀਆਂ ਨਜ਼ਰਾਂ ਨਾਲ ਉਸ ਕੁੜੀ-ਨੁਮਾ-ਔਰਤ ਦਾ

ਸਿਰ ਦੇ ਵਾਲਾਂ ਤੋਂ ਲੈ ਕੇ ਪੈਰਾਂ ਦੇ ਨਹੁੰਆਂ ਤੱਕ ਮੁਆਇਨਾ ਕੀਤਾ — ਇਹ ਮੁਆਇਨਾ ਇਕ ਲਗਾਤਾਰ ਕਿਰਿਆ ਸੀ, ਜਿਹੜੀ ਵਕਤ ਦੇ ਕੁਝ ਫ਼ਾਸਲੇ ਤੱਕ ਹੁੰਦੀ ਰਹੀ।

ਅਸੀਂ ਮਸਾਂ ਸੱਤ-ਅੱਠ ਕਦਮ ਅੱਗੇ ਗਈਆਂ ਹੋਵਾਂਗੀਆਂ ਕਿ ਸ਼ੁਕੀ ਕੁਨਮੁਨਾਈ, "ਦੱਸੋ ਅੜੀਓ, ਕੌਣ ਸੀ ਇਹ ?"

"ਬਈ, ਦੱਸ ਤਾਂ ਦਿੱਤੈ। ਮੰਜਰੀ ਸੀ।" ਮੈਂ ਗਲੋਂ ਲਾਹੁਣ ਵਾਲੀ ਟੋਨ ਵਿਚ ਕਿਹਾ, ਭਾਵੇਂ ਇਹ ਵੀ ਪਟਾਰੀ ਦੇ ਢੱਕਣ ਤੱਕ ਹੱਥ ਲਿਜਾ ਕੇ ਇਕ ਵਾਰੀ ਹੋਰ ਪਿਛਾਂਹ ਖਿੱਚਣ ਵਾਲੀ ਗੱਲ ਹੀ ਸੀ।

"ਮੰਜੇ ਵਾਲੀ ਮੰਜਰੀ", ਲਾਜ ਨੇ ਮੇਰੇ ਵੱਲ ਤੱਕ ਕੇ ਅੱਖ ਮਾਰੀ। ਇਹ ਵ਼ਾਰ ਤਾਂ ਹੋਰ ਵੀ ਤਿੱਖਾ ਸੀ ; ਅੱਧਾ ਢੱਕਣ ਲਾਹ ਕੇ ਫੇਰ ਠੱਪ ਬੰਦ ਕਰ ਦੇਣ ਵਰਗੀ ਹਰਕਤ।

'ਹਾਏ, ਲਾਜ ਕਮਬਖ਼ਤ ਉਂਜ ਅੱਖ ਵਧੀਆ ਮਾਰਦੀ ਏ,' ਮੈਂ ਸੋਚਿਆ।

"ਬਈ, ਦੱਸਣਾ ਜੇ ਤਾਂ ਦੱਸੋ ! ਐਵੇਂ ਕਾਹਨੂੰ ਭਾਰਾਂ 'ਤੇ ਪਈਆਂ ਪੈਂਦੀਆਂ ਹੋ ?" ਕਮਲਾ ਨੇ ਬਨਾਵਟੀ ਗੁੱਸੇ ਨਾਲ ਕਿਹਾ। ਪਰ ਅੰਦਰੋਂ ਜਿਵੇਂ ਉਹ ਆਖ ਰਹੀ ਸੀ : 'ਹਾੜੇ ਹਾੜੇ, ਦੱਸ ਵੀ ਦਿਓ ਨਾ ਹੁਣ। ਐਵੇਂ ਕਾਹਨੂੰ ਪਈਆਂ ਖਪਾਂਦੀਆਂ ਹੋ ?'

"ਬਈ, ਕੌਫ਼ੀ ਵੌਫ਼ੀ ਪਿਲਾਓ ਤੇ ਦੱਸਨੇ ਆਂ। ਏਨੀਆਂ ਅਹਿਮ ਗੱਲਾਂ ਕੀ ਇੰਜ ਸੜਕਾਂ 'ਤੇ ਤੁਰਦਿਆਂ ਹੋ ਸੱਕਦੀਆਂ ਨੇ ? ਉਹ ਸ਼ਿਅਰ ਏ ਨਾ...", ਤੇ ਮੈਂ ਉਹਨਾਂ ਨੂੰ ਇਕ ਨਿਹਾਇਤ ਊਟ-ਪਟਾਂਗ ਸ਼ਿਅਰ ਸੁਣਾਇਆ, ਜਿਸ ਦਾ ਤਅੱਲੁਕ ਨਾ ਸੜਕਾਂ ਨਾਲ ਸੀ, ਤੇ ਨਾ ਕੌਫ਼ੀ ਨਾਲ।

"ਲੈ, ਬੱਸ, ਇਹ ਗੱਲ ਸੀ ? ਚੱਲੋ ਕਿਤੇ। ਔਹ ਕੋਲ ਈ ਲਾ-ਬੋਹੀਮ ਏ। ਓਥੇ ਈ ਚੱਲੋ," ਸ਼ੁਕੀ ਨੇ ਕਾਹਲੀ ਨਾਲ ਫ਼ੈਸਲਾ ਕੀਤਾ।

ਤੇ ਅਸੀਂ 'ਲਾ-ਬੋਹੀਮ' ਜਾ ਵੜੀਆਂ।

ਤੇ ਕੁਝ ਲਾਜ ਨੇ ਤੇ ਕੁਝ ਮੈਂ ਤਾਣਾ-ਪੇਟਾ ਉਣ ਕੇ ਮੰਜਰੀ ਦੀ ਗੱਲ ਕਮਲਾ ਤੇ ਸ਼ੁਕੀ ਨੂੰ ਸੁਣਾਈ —

... ... ...

ਮੰਜਰੀ ਜਦੋਂ ਮਿਰਾਂਡਾ ਵਿਚ ਪੜ੍ਹਦੀ ਸੀ, ਤਾਂ ਉਸ ਦੇ ਹੁਸਨ ਦੀ ਗੱਲ ਯੂਨੀ-ਵਰਸਿਟੀ ਤੇ ਉਸ ਦੇ ਆਸ ਪਾਸ ਖਿੱਲਰੇ ਕਾਲਜਾਂ ਵਿਚ ਪੜ੍ਹਦੇ ਮੁੰਡਿਆਂ ਵਿਚ ਲੋਕ-ਕਥਾ ਵਾਂਗੂੰ ਪਰਸਿੱਧ ਸੀ। ਯੂਨੀਵਰਸਿਟੀ ਦੇ ਕੌਫ਼ੀ-ਹਾਊਸ ਵਿਚ ਮੁੰਡੇ 'ਕੱਠੇ ਹੁੰਦੇ, ਤਾਂ ਕੋਈ ਚਿੜੀ ਦਾਲ ਦਾ ਦਾਣਾ ਲਿਆਉਂਦੀ, ਕੋਈ ਕਾਂ ਚੌਲਾਂ ਦਾ ਦਾਣਾ ਲਿਆਉਂਦਾ, ਤੇ ਕੌਫ਼ੀ ਵਿਚੋਂ ਉੱਠਦੇ ਧੂੰਏਂ ਵਿਚ ਖਿਚੜੀ ਪਕਾਈ ਜਾਂਦੀ, ਕਿ ਮੰਜਰੀ ਨਾਲ ਕਿਸ ਤਰ੍ਹਾਂ ਗੱਲ ਕੀਤੀ ਜਾਵੇ, ਤੇ ਫੇਰ 'ਸਿਲਸਿਲਾ' ਅਗੇ ਤੋਰਿਆ ਜਾਵੇ।

ਓਸ ਜ਼ਮਾਨੇ ਵਿਚ ਉਹ ਸ਼ਾਇਦ ਪਹਿਲੀ ਕੁੜੀ ਸੀ, ਜਿਸ ਨੇ ਦਿੱਲੀ ਵਿਚ ਜੰਮੂ ਦੀਆਂ ਔਰਤਾਂ ਵਰਗੀ ਸੁੱਥਣ ਪਾਈ — ਥੱਲਿਓਂ ਚੂੜੀਦਾਰ ਪਜਾਮੇ ਵਰਗੀਆਂ ਚੋਣਾਂ, ਤੇ ਚੋਣਾਂ ਤੋਂ ਇਕ ਦਮ ਬਾਅਦ ਸੁੱਥਣ ਵਰਗਾ ਖੁਲ੍ਹਾ ਘੇਰਾ। ਹੇਠਾਂ ਓਹੋ ਜਿਹੀ ਰੰਗਦਾਰ



ਸੁੱਥਣ, ਉਤੇ ਖੁਲ੍ਹੀ-ਡੁਲ੍ਹੀ ਕਮੀਜ਼, ਜਿਸ ਨੂੰ ਅੱਜ ਕਲ੍ਹ ਦੀਆਂ ਕੁੜੀਆਂ ਸੈਕਸ਼ਰਟ, ਯਾਨੀ ਬੋਰੀ-ਕਮੀਜ਼ ਕਹਿੰਦੀਆਂ ਨੇ। ਬਿਲਕੁਲ ਕੰਟ੍ਰਾਸਟ ਰੰਗ ਦੀ। ਫੇਰ ਉਤੇ ਸਲਵਾਰ ਦੇ ਰੰਗ ਦੀ ਚੁੰਨੀ। ਕਟੋਰੇ ਵੀ ਨਹੀਂ, ਬਾਟੇ ਜਿੱਡੀਆਂ ਅੱਖਾਂ। ਕੜੇ ਵਾਲੇ ਗਲਾਸ ਵਰਗਾ ਕੱਦ-ਬੁੱਤ। ਤੇ ਫੇਰ ਹਜ਼ਾਰਾਂ ਨਿਵਾਣਾਂ, ਉਚਾਣਾਂ, ਟੋਏ, ਟਿੱਬੇ, ਖ਼ਮ ਤੇ ਜ਼ਾਵੀਏ। ਮੰਜਰੀ ਕੀ ਸੀ ਇਕ ਗ਼ਜ਼ਬ ਸੀ, ਇਕ ਲੋਹੜਾ ਸੀ, ਇਕ ਕਿਆਮਤ ਸੀ।

ਜਿਹੜਾ ਵੀ ਮੁੰਡਾ ਮੰਜਰੀ ਨਾਲ ਦੋ ਗੱਲਾਂ ਕਰ ਲੈਂਦਾ, ਉਹ ਕੌਫ਼ੀ ਹਾਊਸ ਵਿਚ ਬਹਿ ਕੇ ਉਸ ਦੀ ਪੂਰੀ ਕਹਾਣੀ ਬਣਾ ਕੇ ਦੋਸਤਾਂ ਨੂੰ ਸੁਣਾਂਦਾ। ਦੋਸਤ ਕਿਥੋਂ ਪਿੱਛੇ ਰਹਿਣ ਵਾਲੇ ਸਨ ? ਉਹ ਵੀ ਅਗਲੇ ਦਿਨ ਮੰਜਰੀ ਨਾਲ ਇਕ ਗੱਲ ਕਰ ਆਉਂਦੇ। ਭਾਵੇਂ ਇਹ ਗੱਲ ਇਹ ਹੀ ਹੋਵੇ, "ਜੀ, ਤੁਹਾਡੇ ਕੋਲ ਐਮਰਸਨ ਦੇ ਐੱਸੇ ਹੈਣ ?" — ਪਰ ਕਹਾਣੀ ਇਸ ਗੱਲ 'ਤੇ ਵੀ ਉੱਸਰ ਸਕਦੀ ਸੀ, ਤੇ ਉੱਸਰਦੀ। ਮੰਜਰੀ ਵਿਚ ਖ਼ਵਰੇ ਕਿਹੜਾ ਜਾਦੂ ਸੀ, ਕਿ ਇੰਜ ਕੌਫ਼ੀ ਹਾਊਸ ਵਿਚ ਬਹਿਣ ਵਾਲੇ ਕਈ ਮੁੰਡੇ ਕਹਾਣੀਕਾਰ ਬਣ ਗਏ।

ਇੰਜ ਕਹਾਣੀਆਂ ਤਾਂ ਕਈਆਂ ਮੁੰਡਿਆਂ ਨਾਲ ਬਣੀਆਂ, ਪਰ ਨਾਵਲ ਕਿਸੇ ਨਾਲ ਨਾ ਬਣਿਆ।

ਬੀ. ਏ. ਵਿਚੋਂ ਦੋ ਵਾਰੀ ਫ਼ੇਹਲ ਹੋ ਕੇ, ਤੇ ਤੀਜੀ ਵਾਰ ਪਾਸ ਹੋ ਕੇ ਜਦੋਂ ਮੰਜਰੀ ਵਿਹਲੀ ਹੋਈ, ਤਾਂ ਸਵਾਲ ਪੈਦਾ ਹੋਇਆ, ਹੁਣ ਕੀ ਕਰੇ ? ਵਿਆਹ ? ਊਂ ਹੂੰ ! ਅਜੇ ਨਹੀਂ ! ਅਜੇ ਤਾਂ ਉਹ ਦੁਨੀਆਂ ਤੱਕੇਗੀ, ਘੁੰਮੇਗੀ, ਐਸ਼ ਕਰੇਗੀ, ਖੇਡੇਗੀ। ਤੇ ਕਹਾਣੀਆਂ ? ਕੋਈ ਹਰਜ ਨਹੀਂ ਕਹਾਣੀਆਂ ਦਾ। ਚੰਗੀਆਂ ਹੀ ਨੇ ਸਗੋਂ। ਪੜ੍ਹੀਆਂ, ਤੇ ਮਿੰਝ ਵਿਚ ਛੁੱਟੀ ਹੋਈ। ਨਾਵਲ ? ਊਂਹ, ਨਿਰੀ ਬੋਰੀਅਤ ! ਨਿਰੀ ਸਿਰਪੀੜ !

ਰੈਸਤੋਰਾਂ ਵਿਚ ਦੁਨੀਆਂ ਤਕਦੀ, ਘੁੰਮਦੀ, ਤੇ ਕਹਾਣੀਆਂ ਦੀ ਨਾਇਕਾ ਬਣਦੀ ਮੰਜਰੀ ਦਾ ਕੁਝ ਚਿਰ ਵਾਹਵਾ ਬੀਤਿਆ, ਤੇ ਫੇਰ ਉਹ ਬੋਰ ਹੋ ਗਈ। ਬੋਰੀਅਤ ਨੂੰ ਘਟਾਉਣ ਲਈ ਉਸ ਨੇ ਕੰਮ ਕਰਨਾ ਸ਼ੁਰੂ ਕਰ ਦਿਤਾ ; ਓਹੀ ਕਸਬ, ਜਿਸ ਦਾ ਅੱਜ ਕਲ੍ਹ ਬਹੁਤ ਫ਼ੈਸ਼ਨ ਏ — ਇਨਟੀਰੀਅਰ ਡੈਕੋਰੇਸ਼ਨ। ਜਿਵੇਂ ਔਰਤਾਂ ਦੇ ਕੱਪੜਿਆਂ ਦੇ ਫ਼ੈਸ਼ਨ ਬਦਲਦੇ ਨੇ, ਵਾਲਾਂ ਦੇ ਫ਼ੈਸ਼ਨ ਬਦਲਦੇ ਨੇ, ਏਸੇ ਤਰ੍ਹਾਂ ਕੰਮਾਂ-ਧੰਦਿਆਂ ਦੇ ਫ਼ੈਸ਼ਨ ਵੀ ਵਟੀਂਦੇ ਨੇ। ਕੋਈ ਜ਼ਮਾਨਾ ਸੀ, ਜਦੋਂ ਪੜ੍ਹਾਣ ਦੇ ਕੰਮ ਦਾ ਬੜਾ ਰਿਵਾਜ ਸੀ। ਅੱਜ ਕਲ੍ਹ ਮਾਸਟਰਨੀ ਹੋਣਾ ਗਾਹਲ ਵਾਂਗੂੰ ਸਮਝਿਆ ਜਾਂਦਾ ਏ। ਅੱਜ ਕਲ੍ਹ ਅਲਟਰਾ-ਮਾਡਰਨ ਕਸਬ ਤਾਂ ਬੱਸ, ਜਾਂ ਇਨਟੀਰੀਅਰ ਡੈਕੋਰੇਸ਼ਨ ਏ ਤੇ ਜਾਂ ਐਮੇਚਿਓਰ ਆਰਟਿਸਟ ਬਣ ਕੇ ਡਰਾਮਿਆਂ ਵਿਚ ਹਿੱਸਾ ਲੈਣਾ।

ਮੰਜਰੀ ਇਕ ਅਲਟਰਾ-ਮਾਡਰਨ ਸ਼ੋ-ਰੂਮ ਦੀ ਇਨਟੀਰੀਅਰ ਡੈਕੋਰੇਸ਼ਨ ਕਰ ਰਹੀ ਸੀ। ਉਸ ਦੇ ਮਾਲਕ ਨੇ ਇਕ ਦਿਨ ਮੰਜਰੀ ਨੂੰ ਕੌਫ਼ੀ ਲਈ ਬੁਲਾਇਆ। ਫੇਰ ਡਿਨਰ ਲਈ। ਤੇ ਫੇਰ...। ਪਰ ਮੰਜਰੀ ਏਸ ਗੱਲੋਂ ਕਾਫ਼ੀ ਸਖ਼ਤ ਸੀ। ਉਸ ਨੂੰ ਝੁਕਾਉਣਾ ਸੌਖਾ ਨਹੀਂ ਸੀ। ਡਿਨਰਾਂ ਤੋਂ ਅੱਗੇ ਉਸ ਨੇ ਕਦੀ ਵੀ ਕੋਈ ਕਹਾਣੀ ਨਹੀਂ ਸੀ ਵਧਣ ਦਿਤੀ। ਲੋਕੀਂ ਕਈ ਵਾਰੀ ਹੈਰਾਨ ਹੁੰਦੇ, ਕਿ ਆਖ਼ਰ ਕਿਉਂ ? ਜਿਵੇਂ ਕਈ

ਵੈਜੀਟੇਰੀਅਨ ਅੰਡਾ ਖਾ ਲੈਂਦੇ ਨੇ, ਕੇਕ ਖਾ ਲੈਂਦੇ ਨੇ, ਪੇਸਟਰੀ ਖਾ ਲੈਂਦੇ ਨੇ, ਪਰ ਮਾਸ ਨਹੀਂ ਖਾਂਦੇ। ਆਖ਼ਰ ਦਿਲ ਏ ਆਪਣਾ ਆਪਣਾ। ਨੁਕਤਾ-ਨਜ਼ਰ ਏ ਆਪਣਾ ਆਪਣਾ।

ਮੰਜਰੀ ਜਦੋਂ ਨਹੀਂ ਲਿਫ਼ੀ, ਤਾਂ ਉਸ ਦੇ ਹੋਰ ਕੰਮ ਆਉਣ ਦੀ ਬੜੀ ਸਾਊ ਤੇ ਈਮਾਨਦਾਰ ਖ਼ਾਹਿਸ਼ ਉਸ ਨੇ ਉਹਨੂੰ ਆਪਣੇ ਫ਼ਲਾਈਟ ਲੈਫ਼ਟੀਨੈਂਟ ਪੁੱਤਰ ਦੇ ਨਵੇਂ ਬਣਾਏ ਫ਼ਲੈਟ ਦੀ ਡੈਕੋਰੇਸ਼ਨ ਦਾ ਕੰਮ ਵੀ ਦੇ ਦਿਤਾ। ਮੰਜਰੀ ਅਜਿਹੀ ਉਸ ਫ਼ਲੈਟ ਦੀ ਡੈਕੋਰੇਸ਼ਨ ਕਰਨ ਗਈ, ਕਿ ਆਪ ਹੀ ਇਨਟੀਰੀਅਰ ਡੈਕੋਰੇਸ਼ਨ ਦਾ ਇਕ ਪੀਸ ਬਣ ਕੇ ਰਹਿ ਗਈ।

ਜਿਹੜਾ ਵੀ ਇਸ ਵਿਆਹ ਦੀ ਖ਼ਬਰ ਸੁਣਦਾ, ਉਸ ਦੇ ਦਿਲ ਦੀ ਇਕ ਧੜਕਣ ਤਾਂ ਜ਼ਰੂਰ ਹੀ ਵਿਚਾਲੇ ਲੜਖੜਾ ਕੇ ਰਹਿ ਜਾਂਦੀ।

ਫ਼ਲਾਈਟ ਲੈਫ਼ਟੀਨੈਂਟ ਮਲਿਕ ਵਿਚ ਲੈਫ਼ਟੀਨੈਂਟ ਵਾਲੀ ਕੋਈ ਵੀ ਗੱਲ ਨਹੀਂ ਸੀ। ਫ਼ਲਾਈਟ ਨਾਲ ਤਾਂ ਉਸ ਦਾ ਪਿਛਲੇ ਜਨਮ ਦਾ ਵੀ ਕੋਈ ਸੰਬੰਧ ਨਜ਼ਰ ਨਹੀਂ ਸੀ ਆਉਂਦਾ। ਕੱਦ ਸਾਢੇ ਪੰਜ ਫ਼ੁੱਟ, ਮੂੰਹ 'ਤੇ ਮਾਤਾ ਦੇ ਦਾਗ਼, ਪਲਸਤਰ ਉੱਖੜੀ ਹੋਈ ਕੰਧ ਵਰਗਾ ਰੰਗ-ਰੂਪ, ਤੇ ਕਲੀ ਲੱਥੇ ਹੋਏ ਭਾਂਡੇ ਵਰਗੀ ਸ਼ਕਲ।

ਜਿਹੜਾ ਵੀ ਦੋਹਾਂ ਨੂੰ ਤੱਕਦਾ, ਮੱਥੇ 'ਤੇ ਹੱਥ ਮਾਰ ਕੇ ਰਹਿ ਜਾਂਦਾ। ਯੂਨੀਵਰਸਿਟੀ ਦੇ ਪੁਰਾਣੇ ਕੌਫ਼ੀ ਹਾਊਸ ਵਿਚ ਪੁਰਾਣੀਆਂ ਕਹਾਣੀਆਂ ਦੇ ਨਾਇਕ ਨਵੇਂ ਪਿਆਲਿਆਂ ਵਿਚੋਂ ਨਿਕਲਦੀ ਕੌਫ਼ੀ ਦੀ ਤਾਜ਼ੀ ਭਾਫ਼ ਵੱਲ ਤੱਕਦੇ ਤੇ ਸਿਰ ਧੁਨਦੇ: "ਕੁਦਰਤ ਉਸ ਖ਼ੁਦਾ ਕੀ..."

ਜਿਵੇਂ ਕਿ ਹੋਇਆ ਕਰਦਾ ਹੈ, ਕੁਝ ਚਿਰ ਵਾਹਵਾ ਗੁਜ਼ਰਿਆ। ਤੇ ਫੇਰ, ਜਿਵੇਂ ਕਿ ਹੋਇਆ ਕਰਦਾ ਹੈ, ਖਟਪਟ ਹੋਣ ਲਗੀ।

ਮੰਜਰੀ ਆਪਣੇ ਖ਼ਾਵੰਦ ਤੋਂ ਬਹੁਤ ਸੋਹਣੀ ਸੀ, ਤੇ ਉਹ ਨਜ਼ਰ-ਬੱਟੂ ਜਿਹਾ ਉਹਦੇ ਨਾਲ ਤੁਰਦਾ ਵੀ ਨਹੀਂ ਸੀ ਢੁਕਦਾ! ਉਹ ਆਪਣੀ ਬੀਵੀ ਦੀ ਖ਼ੂਬਸੂਰਤੀ ਤੋਂ ਡਾਢੀ ਖਾਰ ਖਾਂਦਾ ਸੀ। ਏਨੀ ਖ਼ੂਬਸੂਰਤ ਸ਼ੈ, ਕਿਸੇ ਹੋਰ ਦੀ ਨਜ਼ਰ ਪਈ, ਤੇ ਗਈ। ਕੱਜ ਕੇ, ਵਲ੍ਹੇਟ ਕੇ ਰੱਖਾਂ ਇਸ ਨੂੰ — ਉਹ ਸੋਚਦਾ। ਜੇ ਉਹਦਾ ਵੱਸ ਚਲਦਾ, ਤਾਂ ਇਕ ਪਟਾਰੀ ਬਣਵਾ ਕੇ ਉਹਦੇ ਵਿਚ ਉਹਨੂੰ ਮਣੀ ਵਾਲੇ ਸੱਪ ਵਾਂਗੂੰ ਪਾ ਕੇ ਸਾਂਭ ਰਖਦਾ। ਪਰ ਉਹ ਤੇ ਤੀਵੀਂ ਸੀ, ਜਿਸ ਦੀਆਂ ਦੋ ਅੱਖਾਂ ਵੀ ਸਨ, ਜਿਨ੍ਹਾਂ ਨਾਲ ਉਹ ਸਾਰੀ ਦੁਨੀਆਂ (ਤੇ ਉਹਦੇ ਲੋਕਾਂ, ਲੋਕਾਂ ਯਾਨੀ ਮਰਦਾਂ) ਨੂੰ ਤੱਕ ਸਕਦੀ ਸੀ। ਉਹਦੀ ਇਕ ਜ਼ਬਾਨ ਵੀ ਸੀ, ਜਿਹਦੇ ਨਾਲ ਉਹ ਦੁਨੀਆਂ-ਭਰ ਦੇ ਲੋਕਾਂ (ਲੋਕਾਂ, ਯਾਨੀ ਮਰਦਾਂ) ਨਾਲ ਗੱਲਾਂ ਕਰ ਸਕਦੀ ਸੀ। ਉਹਦੇ ਦੋ ਯਾਕੂਤ ਵਰਗੇ ਹੋਠ ਵੀ ਸਨ, ਜਿਨ੍ਹਾਂ ਨੂੰ ਜਦੋਂ ਉਹ ਦੀਵੇ ਵਾਂਗੂੰ ਫੈਲਾਅ ਕੇ ਵਿਚ ਮੁਸਕਰਾਹਟ ਦੀ ਇਕ ਵੱਟੀ ਰੱਖ ਦੇਂਦੀ, ਤਾਂ ਧਰਤੀ ਦੇ ਹੇਠਾਂ ਵਾਲਾ ਧਰਮੀ ਧੌਲ ਆਪਣਾ ਸਿੰਗ ਬਦਲਦਾ (ਧਰਮੀ ਧੌਲ ਨੇ ਹੀ ਅਸਲ ਵਿਚ ਮਲਿਕ ਨਾਲ ਵੀ ਡਾਢੀ ਅਧਰਮੀ ਵਾਲੀ ਗੜਬੜ ਕੀਤੀ ਸੀ; ਕਿਉਂਕਿ ਇਹੋ ਜਿਹੇ ਹੀ ਕਿਸ ਕੁਚਾਲੀ ਛਿਣ ਵਿਚ ਮਲਿਕ 'ਨੇ ਉਹਨੂੰ ਬੀਵੀ ਬਣਾ ਲਿਆ ਸੀ। ਤੇ ਇਹੋ



ਜਿਹੇ ਹੀ ਛਿਣ ਵਿਚ ਇੰਜ ਹੋਰ ਕੌਣ ਨਹੀਂ ਸੀ ਬੇਵਕੂਫ਼ ਬਣ ਸਕਦਾ ਭਲਾ?) ਤੇ ਉਸ ਦੀਆਂ ਦੋ ਟੰਗਾਂ ਵੀ ਸਨ, ਜਿਨ੍ਹਾਂ ਵਿਚ ਉਹ ਜੰਮੂ-ਕੱਟ ਸੁਥਣੀ ਪਾ ਕੇ, ਤੇ ਪੈਰੀਂ ਲੇਟੈੱਸਟ ਤਿੱਖੀ ਅੱਡੀ ਵਾਲੀਆਂ ਤਿੱਖੀਆਂ ਜਿਹੀਆਂ, ਸੁਬਕ ਜਿਹੀਆਂ ਚੱਪਲਾਂ ਪਾ ਕੇ ਕਿਤੇ ਦੀ ਕਿਤੇ ਟੁਰ ਕੇ ਜਾ ਸਕਦੀ ਸੀ।

ਮਲਿਕ ਜਿਉਂ ਜਿਉਂ ਸੋਚਦਾ, ਉਹਦੀਆਂ ਪਸਲੀਆਂ ਦੇ ਅੰਦਰਵਾਰ ਈਰਖਾ ਦਾ ਇਕ ਦਗ਼ਦਾ ਹੋਇਆ ਫੁੱਲ ਖਿੜਦਾ, ਤੇ ਉਹਦੀ ਵਿਹੁ-ਭਰੀ ਕਸੈਲੀ ਹਵਾਂਕ ਉਹਦੇ ਸਿਰ ਨੂੰ ਚੜ੍ਹਦੀ।

ਮਲਿਕ ਦਾ ਇਹ ਰਵੱਈਆ ਤੱਕ ਕੇ ਮੰਜਰੀ ਦਾ ਦਿਲ ਘਰ ਵਿਚ ਹੋਰ ਉਪਰਾਮ ਹੁੰਦਾ, ਤੇ ਉਹ ਤਿੱਖੀ ਅੱਡੀ ਵਾਲੀਆਂ ਚੱਪਲਾਂ ਪਾ ਕੇ ਬਾਹਰ ਚਲੀ ਜਾਂਦੀ।

ਤੇ ਬਦਮਜ਼ਗੀ ਹੋਰ ਵਧਦੀ।

ਜਿਉਂ ਜਿਉਂ ਖਟਪਟ ਵਧਦੀ ਗਈ, ਮੰਜਰੀ ਹੋਰ ਲਾ-ਪਰਵਾਹ ਹੁੰਦੀ ਗਈ। ਜਿਵੇਂ ਉਹ ਅੰਦਰੋਂ — ਭਾਵੇਂ ਬਿਲਕੁਲ ਏਸ ਗੱਲ ਨੂੰ ਨਾ ਜਾਣਦਿਆਂ ਹੋਇਆਂ — ਇਕ ਚੈਲੰਜ ਸਵੀਕਾਰ ਕਰ ਰਹੀ ਸੀ: "ਨਹੀਂ, ਤੇ ਨਾ ਸਹੀ। ਇੰਜੇ, ਤੇ ਇੰਜੇ ਸਹੀ। ਬਾਹਰ ਜਾਵਾਂਗੀ, ਘੁੰਮਾਂਗੀ। ਜਿਥੇ ਜੀਅ ਕਰੇ, ਜਾਵਾਂਗੀ। ਜਿਹਦੇ ਨਾਲ ਦਿਲ ਕਰੇ, ਗੱਲ ਕਰਾਂਗੀ। ਵਗਾੜ ਲਏ ਮੇਰਾ ਜਿਨ੍ਹੇ ਕੁਝ ਵਗਾੜਨਾ ਏਂ।"

ਮਲਿਕ ਜਿਉਂ ਜਿਉਂ ਖਿੱਝਦਾ, ਜਿਉਂ ਜਿਉਂ ਮੰਜਰੀ 'ਤੇ ਸ਼ੱਕ ਕਰਦਾ, ਜਿਉਂ ਜਿਉਂ ਉਹਨੂੰ ਬੰਨ੍ਹਣ ਦੀ ਕੋਸ਼ਿਸ਼ ਕਰਦਾ, ਉਹ ਸਾਰੇ ਕਿੱਲੇ-ਰੱਸੇ ਤੋੜੀ ਜਾਂਦੀ। ਮਲਿਕ ਦੇ ਬਣਾਏ ਹੋਏ ਵੀ, ਤੇ ਆਪਣੇ ਅੰਦਰਲੇ ਵੀ।

ਤੇ ਇਕ ਜ਼ਮਾਨਾ ਐਸਾ ਆਇਆ ਕਿ ਜੇ ਕੋਈ ਡਿਨਰ ਤੋਂ ਮਗਰੋਂ ਉਹਨੂੰ ਥੋੜ੍ਹਾ ਚਿਰ ਘਰ ਚੱਲਣ ਲਈ ਕਹਿੰਦਾ, ਤਾਂ ਉਹ ਮੰਨ ਜਾਂਦੀ। ਉਹ ਜਿਵੇਂ ਮਲਿਕ ਕੋਲੋਂ ਇੰਜ ਖ਼ਾਹਮਖ਼ਾਹ ਸ਼ੱਕ ਕਰਨ ਦਾ ਬਦਲਾ ਲੈ ਰਹੀ ਸੀ, ਉਸ ਨੂੰ ਡੈਕੋਰੇਸ਼ਨ ਪੀਸ ਬਣਾਉਣ ਲਈ ਵਿਆਹ ਦੇ ਬੰਧਨ ਵਿਜ ਬੰਨ੍ਹ ਲੈਣ ਦੀ ਸਜ਼ਾ ਦੇ ਰਹੀ ਸੀ।

ਤੇ ਇੰਜ ਉਹਦੇ ਬਾਰੇ ਗੱਲਾਂ ਕਰਦੇ ਕਰਦੇ ਲੋਕ ਕੁਝ ਇੰਜ ਦੀਆਂ ਗੱਲਾਂ ਕਰਨ ਲਗ ਪਏ:

"ਔਹ ਮੰਜਰੀ ਪਈ ਜਾਂਦੀ ਜੇ।"

"ਕਿਹੜੀ ਮੰਜਰੀ?"

"ਅਰੇ ਓਹੀ, ਮੰਜੀ ਵਾਲੀ ਮੰਜਰੀ।"

ਲੋਕੀਂ ਮਲਿਕ ਨੂੰ ਕਹਿੰਦੇ, "ਛੱਡ ਯਾਰ ਤੂੰ ਵਿਚੋਂ ਉਹਦਾ ਖਹਿੜਾ। ਧੱਕਾ ਮਾਰ ਕੇ ਬਾਹਰ ਕੱਢ ਸੂ। ਕੋਈ ਔਰਤ ਏ ਉਹ? ਚਗ਼ਲ ਏ ਸਾਰੇ ਜ਼ਮਾਨੇ ਦੀ।"

ਪਰ ਮਲਿਕ ਇਹ ਵੀ ਨਾ ਕਰ ਸਕਦਾ। ਏਨੀ ਸੋਹਣੀ ਬੀਵੀ...! ਉਹਨੂੰ ਛੱਡ ਕੇ ਉਹ ਕੀ ਕਰੇਗਾ? ਉਹ ਸੋਚਦਾ, ਉਹ ਤੇ ਗੁਆਚੇ ਹੋਏ ਵੱਛੇ ਵਰਗਾ ਹੋ ਜਾਏਗਾ। ਨਹੀਂ, ਮੰਜਰੀ ਨੂੰ ਛੱਡ ਦੇਣਾ ਮਲਿਕ ਦੇ ਵੱਸ ਦੀ ਗੱਲ ਨਹੀਂ ਸੀ। ਮਲਿਕ ਸੋਚਦਾ,

ਮੰਜਰੀ ਨੂੰ ਉਹ ਏਸ ਕਰਕੇ ਨਹੀਂ ਛੱਡ ਸਕਦਾ, ਕਿਉਂਕਿ ਉਹਨੂੰ ਉਹ ਪਿਆਰ ਕਰਦਾ ਏ, ਮੁਹੱਬਤ ਕਰਦਾ ਏ। ''ਆਈ ਲਵ ਹਰ,'' ਉਹ ਕਈ ਵਾਰੀ 'ਕੱਲੇ ਕਮਰੇ ਵਿਚ ਆਪਣੇ ਆਪ ਨੂੰ ਉੱਚੀ ਬੋਲ ਕੇ ਆਖਦਾ, ''ਆਈ ਲਵ ਹਰ; ਆਈ ਕਾਂਟ ਲੀਵ ਹਰ।''

ਜਦੋਂ ਉਹ ਇਹੀ ਗੱਲ ਮੰਜਰੀ ਨੂੰ ਆਖਦਾ, ਮੰਜਰੀ ਨੂੰ ਉਹਦੇ ਤੋਂ ਹੋਰ ਨਫ਼ਰਤ ਆਉਂਦੀ : ''ਇਹ ਆਦਮੀ ਏ ਕਿ ਪਜਾਮਾ ? ਮੁਹੱਬਤ...। ਉਂਹ...! ਇਹ ਤਰੀਕਾ ਏ ਮੁਹੱਬਤ ਦਾ ? ਇੰਜ ਤੇ ਇਹ ਕਹੇਗਾ ਇਸ ਨੂੰ ਆਪਣੇ ਰੇਡੀਓਗਰਾਮ ਨਾਲ ਮੁਹੱਬਤ ਏ; ਤੇ ਉਹਦੇ ਉੱਤੇ ਜਿਹੜੀਆਂ ਨਿੱਕੀਆਂ ਨਿੱਕੀਆਂ ਲੱਕੜ ਦੀਆਂ ਰੰਗ-ਬਰੰਗੀਆਂ ਗੁੱਡੀਆਂ ਪਈਆਂ ਨੇ, ਉਹਨਾਂ ਨਾਲ ਵੀ ਮੁਹੱਬਤ ਏ। ਮੁਹੱਬਤ ਦਾ ਲਗਦਾ...!''

ਫੇਰ ਮਲਿਕ ਦੀ ਬਦਲੀ ਸਿਰੀਨਗਰ ਹੋ ਗਈ।

ਗਰਮੀਆਂ ਵਿਚ ਤਾਂ ਮੰਜਰੀ ਦਾ ਵਾਹਵਾ ਦਿਲ ਲਗਾ ਰਿਹਾ। ਦਿੱਲੀਓਂ ਕਈ ਉਹਦੇ ਵਾਕਫ਼ ਸੈਰ ਕਰਨ ਸਿਰੀਨਗਰ ਆਏ ਹੋਏ ਸਨ। ਪਰ ਜਦੋਂ ਉਹ ਸਾਰੇ ਮੌਸਮੀ ਪਰਿੰਦੇ ਜੁਲਾਈ ਵਿਚ ਵਾਪਸ ਮੁੜ ਗਏ, ਤਾਂ ਮੰਜਰੀ ਦਾ ਦਿਲ ਉਕਤਾਉਣ ਲੱਗਾ। ਸਾਰਾ ਦਿਨ ਕੋਈ ਕਰੇ ਵੀ, ਤਾਂ ਕੀ ਕਰੇ ?

ਪਰ ਮਲਿਕ ਬਹੁਤ ਖ਼ੁਸ਼ ਸੀ। ਇਹਨਾਂ ਦਿਨਾਂ ਵਿਚ ਉਹਨੇ ਮੰਜਰੀ ਨੂੰ ਕਈ ਸਾੜ੍ਹੀਆਂ ਖ਼ਰੀਦ ਦਿਤੀਆਂ, ਗਰਮ ਕਢਾਈ ਵਾਲਾ ਹਾਊਸ ਕੋਟ ਬਣਵਾ ਦਿਤਾ, ਹੀਰੇ ਦੇ ਟਾਪਸ ਲੈ ਦਿਤੇ। ਮੰਜਰੀ ਨੂੰ ਸ਼ੌਕ ਆਇਆ, ਤੇ ਉਹਨੇ ਨੱਕ ਵਿੰਨ੍ਹਵਾ ਲਿਆ। ਮਲਿਕ ਨੇ ਉਹਨੂੰ ਬੜੇ ਲਾਡ ਨਾਲ ਹੀਰੇ ਦੀ ਨੱਥ ਬਣਵਾ ਦਿਤੀ — ਕੋਕੇ ਵਰਗੀ ਨਿਕਚੋ ਜਿਹੀ ਨੱਥ।

ਸਤਹ 'ਤੇ ਪਾਣੀ ਠਹਿਰਿਆ ਹੋਇਆ ਸੀ, ਪਰ ਡੂੰਘਾਣ ਵਿਚ ਉਸੇ ਤਰ੍ਹਾਂ ਉੱਸਲ-ਵੱਟੇ ਭੰਨ ਰਿਹਾ ਸੀ।

ਅਕਤੂਬਰ ਦੇ ਅਖ਼ੀਰ ਵਿਚ ਠੰਢ ਸ਼ੁਰੂ ਹੋਈ, ਤਾਂ ਮੰਜਰੀ ਨੇ ਕਿਹਾ, ਇੰਜ, ਸਾਰਾ ਦਿਨ ਉਕੜੂੰ ਬਹਿ ਕੇ ਤੇ ਨਹੀਂ ਉਹ ਸਿਆਲ ਕੱਟ ਸਕਦੀ। ਨਾ ਕੰਮ, ਨਾ ਕਾਜ। ਇਹ ਵੀ ਕੋਈ ਗੱਲ ਹੋਈ ਭਲਾ ? ਸਾਰਾ ਦਿਨ, ਸਾਰੀ ਰਾਤ, ਬੱਸ ਇਕ ਠੰਢ ਨਾਲ ਲੜਨ ਦੀ ਹੀ ਚਿੰਤਾ ਕਰੀ ਜਾਓ। ਨਾ, ਉਹ ਤੇ ਪੇਕੇ ਜਾਵੇਗੀ, ਦਿੱਲੀ। ਮਲਿਕ ਨੇ ਰੋਕਣ ਲਈ ਸਾਰੀ ਵਾਹ ਲਾਈ। ਪਰ ਮੰਜਰੀ ਦੀਆਂ ਦੋ ਲੱਤਾਂ ਸਨ ਆਖ਼ਰ, ਤੇ ਨਾਲੇ ਹੁਣ ਤਾਂ ਸਿਰੀਨਗਰੋਂ ਦੋ ਦੋ ਰਸਤੇ ਨੇ ਦਿੱਲੀ ਆਉਣ ਦੇ — ਇਕ ਸੜਕ ਤੋਂ, ਬੱਸ ਦੇ ਰਾਹ; ਦੂਜਾ ਹਵਾ ਵਿਚੋਂ, ਹਵਾਈ ਜਹਾਜ਼ ਦੇ ਰਾਹ। ਕਿਉਂ ਨਾ ਉਹਨਾਂ ਦਾ ਇਸਤੇਮਾਲ ਕੀਤਾ ਜਾਵੇ ?

ਤੇ ਮੰਜਰੀ ਦਿੱਲੀ ਆ ਗਈ।

ਕੋਈ ਐਸ਼ ਜਿਹੀ ਐਸ਼ ਸੀ, ਮਲਿਕ ਸੌ ਮੀਲ ਦੂਰ, ਮਾਂ-ਪਿਓ ਦਾ ਫ਼ਾਲਤੂ ਲਾਡ, ਕਿ ਧੀ ਸਹੁਰਿਓਂ ਆਈ ਏ ਚਾਰ ਦਿਹਾੜੇ ਪੇਕੇ ਰਹਿਣ, ਕਸ਼ਮੀਰ ਦੀ ਜਵਾਨ ਹਵਾ ਦਾ



ਮੂੰਹ 'ਤੇ ਨਿਖਾਰ, ਤੇ ਨਵੇਂ ਵਿੰਨ੍ਹਾਏ ਹੋਏ ਨੱਕ ਵਿਚ ਨਵੀਂ ਹੀਰੇ ਦੀ ਨੱਥ। ਮੰਜਰੀ ਉੱਡੀ ਫਿਰਦੀ ਸੀ।

ਮਲਿਕ ਦੇ ਖ਼ਤ ਆਉਂਦੇ — ਉਲਾਹਮੇ, ਸ਼ਿਕਵੇ, ਸ਼ਿਕਾਇਤਾਂ, ਸ਼ੱਕ ! ਤੇ ਮੰਜਰੀ ਜਿਵੇਂ ਸੌ ਮੀਲ ਦੂਰ ਬੈਠੇ ਖ਼ਾਵੰਦ ਤੋਂ ਬਦਲਾ ਲੈਂਦੀ — ਲੋਕਾਂ ਨਾਲ ਘੁਮਦੀ ਰਹਿੰਦੀ। ਡੂੰਘੀ ਰਾਤ ਲੰਘਦੀ, ਤੇ ਘਰ ਆਉਂਦੀ।

ਇਕ ਦਿਨ ਉਹਦਾ ਆਪਣੇ ਪੁਰਾਣੇ ਦੋਸਤ ਨਈਮ ਨਾਲ ਸ਼ਾਮ ਬਿਤਾਣ ਦਾ ਪ੍ਰੋਗਰਾਮ ਸੀ। ਚਾਰ ਕੁ ਵਜੇ ਉਹਨੇ ਤਿਆਰ ਹੋਣਾ ਸ਼ੁਰੂ ਕੀਤਾ, ਕਿ ਡਾਕ ਵਿਚ ਉਹਦੇ ਖ਼ਾਵੰਦ ਦੀ ਚਿੱਠੀ ਆ ਗਈ। ਨੌਕਰ ਨੇ ਲਿਫ਼ਾਫ਼ਾ ਜਦੋਂ ਉਹਦੇ ਹੱਥ ਫੜਾਇਆ, ਤਾਂ ਉਹਦੇ ਦੰਦਾਂ ਹੇਠਾਂ ਜਿਵੇਂ ਰੇਤ ਦੀ ਕਿਰਚ-ਕਿਰਚ ਹੋਈ। ਲਿਫ਼ਾਫ਼ਾ ਭਾਰਾ ਸੀ। ਉਹਨੇ ਉਸ ਨੂੰ ਆਪਣੇ ਪਰਸ ਵਿਚ ਰੱਖ ਲਿਆ, 'ਫੇਰ ਪੜ੍ਹਾਂਗੀ, ਕਿਸੇ ਵਿਹਲੇ ਵੇਲੇ'। ਤੇ ਆਪਣੇ ਵਾਲਾਂ ਵਿਚ ਨਾਈਲੋਨ ਦੇ ਵਾਲ ਰਲਾ ਕੇ ਜੂੜਾ ਬਣਾਨ ਲਗੀ।

ਸ਼ਾਮੀਂ ਉਹ ਨਈਮ ਨਾਲ ਅਸ਼ੋਕਾ ਗਈ। ਥੋੜ੍ਹੀ ਸ਼ੈਮਪੇਨ ਪੀਤੀ। ਕਿੰਨਾ ਚਿਰ ਦੋਵੇਂ ਨੱਚਦੇ ਰਹੇ। ਫੇਰ ਦੋਹਾਂ ਨੇ ਰੋਟੀ ਖਾਧੀ। ਉਸ ਤੋਂ ਮਗਰੋਂ ਨਈਮ ਉਹਨੂੰ ਆਪਣੇ ਘਰ ਲੈ ਗਿਆ।

ਅਚਾਨਕ ਮੰਜਰੀ ਨੂੰ ਆਪਣੇ ਖ਼ਾਵੰਦ ਦਾ ਖ਼ਤ ਯਾਦ ਆਇਆ। ਉਹਨੇ ਹੱਥ ਵਧਾ ਕੇ ਟੇਬਲ ਲੈਂਪ ਜਗਾਇਆ, ਤੇ ਪਰਸ ਵਿਚੋਂ ਉਹ ਲਫ਼ਾਫ਼ਾ ਕੱਢ ਕੇ ਲੇਟਿਆਂ ਲੇਟਿਆਂ ਹੀ ਪੜ੍ਹਨ ਲਗੀ।

ਬੜਾ ਰੋਮੈਂਟਿਕ ਖ਼ਤ ਸੀ। ਉਹਦੇ ਖ਼ਾਵੰਦ ਨੇ ਕਾਫ਼ੀ ਮਿਹਨਤ ਨਾਲ ਲਿਖਿਆ ਲਗਦਾ ਸੀ। ਮੰਜਰੀ ਸੋਚ ਰਹੀ ਸੀ, ਕਿ ਸ਼ਾਇਦ ਇਹ ਮੁਹੱਬਤ ਦੇ ਇਜ਼ਹਾਰ ਵਾਲੇ ਫ਼ਿਕਰੇ ਉਹਨੇ ਉਸ ਕਿਤਾਬ ਵਿਚੋਂ ਚੁਰਾਏ ਹੋਣਗੇ...ਕੀ ਨਾਂ ਏ ਉਹਦਾ ? ਉਹੀ, ਦੁਨੀਆਂ ਦੇ ਮਸ਼ਹੂਰ ਆਸ਼ਕਾਂ ਮਾਸ਼ੂਕਾਂ ਦੇ ਖ਼ਤਾਂ ਵਾਲੀ ਅੰਗਰੇਜ਼ੀ ਦੀ ਕਿਤਾਬ। ਲਿਖਿਆ ਸੀ, ਕਿ ਉਹ ਬੇਹੱਦ ਉਦਾਸ ਏ ਆਪਣੀ ਨਾਜ਼ੋ ਬੀਵੀ ਤੋਂ ਬਿਨਾਂ; ਖਾਣਾ ਪਾਣਾ ਕੁਝ ਵੀ ਚੰਗਾ ਨਹੀਂ ਲੱਗਦਾ ਉਸ ਨੂੰ; ਦੋਸਤ ਬੁਲਾਂਦੇ ਨੇ, ਤਾਂ ਵੀ ਉਹ ਕਿਤੇ ਨਹੀਂ ਜਾਂਦਾ; ਤੇ ਰਾਤੀਂ ਨੀਂਦਰ ਤਾਂ ਉਹਨੂੰ ਉੱਕਾ ਹੀ ਨਹੀਂ ਆਉਂਦੀ, ਕਿਉਂਕਿ... 'ਮੇਰੀ ਮੰਜੂ, ਬੜੀ ਠੰਢ ਏ। ਕੜਾਕੇ ਦੀ ਠੰਢ ! ਮੇਰਾ ਸਾਰਾ ਨਿੱਘ ਤਾਂ ਤੂੰ ਆਪਣੇ ਨਾਲ ਹੀ ਲੈ ਗਈ ਏਂ। ਅਸਲ ਵਿਚ ਤੂੰ ਮੇਰੀ ਜ਼ਿੰਦਗੀ ਦਾ ਨਿੱਘ ਏਂ। ਮੇਰੀ ਚੰਗੀ ਮੰਜੂ, ਆ ਜਾਹ ਨਾ ! ਦਿੱਲੀ ਤੋਂ ਦਿਲ ਨਹੀਂ ਭਰਿਆ ਅਜੇ ਤੇਰਾ ? ਤੱਕ, ਮੇਰੇ 'ਤੇ ਹੀ ਰਹਿਮ ਖਾਹ। ਮੈਂ ਤੇਰੇ ਬਿਨਾਂ ਸਾਰੀ ਸਾਰੀ ਰਾਤ ਪਾਲੇ ਵਿਚ ਠਰਨਾ ਵਾਂ।''

''ਹੂੰ, ਤਾਂ ਇਸ ਕਮਬਖ਼ਤ ਨੂੰ ਮੇਰੀ ਲੋੜ ਸਿਰਫ਼ ਬਿਸਤਰਾ ਨਿੱਘਾ ਕਰਨ ਲਈ ਐ !''

ਤੇ ਅਚਾਨਕ ਉਹਨੂੰ ਇਕ ਤਰਕੀਬ ਸੁੱਝੀ।

ਸਵੇਰੇ ਉੱਠ ਕੇ ਪਹਿਲਾ ਕੰਮ ਮੰਜਰੀ ਨੇ ਇਹ ਕੀਤਾ, ਕਿ ਜਾਨਕੀ ਦਾਸ ਦੀ ਦੁਕਾਨ ਤੋਂ ਇਕ ਹਾਟ-ਵਾਟਰ ਬਾਟਲ ਖ਼ਰੀਦ ਕੇ, ਪੈਕਿਟ ਬਣਵਾ ਕੇ, ਪਾਰਸਲ ਆਪਣੇ ਖ਼ਾਵੰਦ ਨੂੰ ਘੱਲ ਦਿਤਾ।

# ਬੁੱਤ-ਸ਼ਿਕਨ

ਕਾਲਜ ਦੇ ਸਟਾਫ਼-ਰੂਮ ਵਿਚ ਮਿਸਿਜ਼ ਪਾਂਡੇ, ਮਿਸਿਜ਼ ਭਟਨਾਗਰ, ਮਿਸ ਦੂਬੇ ਤੇ ਮਿਸਿਜ਼ ਸੂਦ ਵਿਚ ਕੋਈ ਬੜੀ ਰਾਜ਼ਦਾਰਾਨਾ ਗੱਲ ਹੋ ਰਹੀ ਏ। ਚਾਰੇ ਜਣੀਆਂ ਮੇਜ਼ ਉੱਤੇ ਅੱਗੇ ਵਲ ਨੂੰ ਝੁਕੀਆਂ ਹੋਈਆਂ ਨੇ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਇਕ ਚਮਕ ਏ।

ਮਿਸਿਜ਼ ਭਟਨਾਗਰ ਸਾਹੋ-ਸਾਹ ਹੋਈ ਕੋਈ ਗੱਲ ਸੁਣਾ ਰਹੀ ਏ। ਮਿਸ਼ਿਜ਼ ਸੂਦ ਸਾਰੀ ਹੈਰਾਨੀ ਅੱਖਾਂ ਵਿਚ ਭਰ ਕੇ ਕਹਿੰਦੀ ਏ, "ਹੱਛਾ, ਤਾਹੀਓਂ ਮਹਾਰਾਣੀ ਦੇ ਪੈਰ ਨਹੀਂ ਲਗਦੇ ਧਰਤੀ 'ਤੇ।"

ਸਾਰੀਆਂ ਇਕ ਅਨੋਖੇ ਖ਼ੁਮਾਰ ਵਿਚ, ਇਕ ਅਨੋਖੀ ਤਸੱਲੀ ਵਿਚ ਮੁਸਕਰਾ ਰਹੀਆਂ ਨੇ।

ਮਿਸ ਸੂਦ ਸਟਪਟਾ ਕੇ ਬੂਹੇ ਵਲ ਵੇਖਦੀ ਏ—ਮਿਸਿਜ਼ ਚੌਧਰੀ ਅੰਦਰ ਆ ਰਹੀ ਏ।

ਹਲਕੇ ਜਿਹੇ ਰੰਗ ਦੀ ਹੈਂਡਲੂਮ ਸਿਲਕ ਦੀ ਕਮੀਜ਼ ਸਲਵਾਰ, ਹਲਕੇ ਚਾਕਲੇਟ ਰੰਗ ਦੀ ਸਿਲਕ ਦੀ ਚੁੰਨੀ, ਸਿੱਧੇ ਚੀਰ ਨਾਲ ਸਿੱਧੇ ਜਿਹੇ ਵਾਹੇ ਹੋਏ ਵਾਲ, ਲੰਮ-ਸਲੰਮੀ ਇਕ ਗੁੱਤ, ਗੰਭੀਰ ਹੁਸਨ, ਸ਼ਹਿਦ ਦੇ ਰੰਗ ਦੀਆਂ ਅੱਖਾਂ, ਸਿੱਪ ਦੇ ਅੰਦਰਲੇ ਰੰਗ ਵਰਗਾ ਮੂੰਹ, ਬਿਲਕੁਲ ਹਲਕੀ ਜਿਹੀ ਲਿਪਸਟਿਕ ਦੀ ਛੋਹ, ਤੇ ਹੱਥ ਵਿਚ ਦੋ ਤਿੰਨ ਕਿਤਾਬਾਂ।

ਸਭ ਚੁੱਪ ਹੋ ਜਾਂਦੀਆਂ ਨੇ।

ਪਰ ਅੱਜ ਅੱਗੇ ਵਾਂਗੂ ਸਭ ਨੇ ਨਜ਼ਰਾਂ ਚੁਰਾ ਕੇ ਦੂਜੇ ਪਾਸੇ ਨਹੀਂ ਤੱਕਿਆ। ਹੱਥਾਂ ਨੇ ਘਬਰਾ ਨੇ ਕੋਈ ਮੈਗਜ਼ੀਨ ਨਹੀਂ ਟਟੋਲੀ। ਸਭ ਨੇ ਸਿੱਧਾ ਮਿਸਿਜ਼ ਚੌਧਰੀ ਵੱਲ ਤੱਕਿਆ। ਤੇ ਮਿਸਿਜ਼ ਚੌਧਰੀ ਨੇ ਵੇਖਿਆ, ਕਿ ਅੱਠ ਅੱਖਾਂ ਮੁਸਕਰਾਂਦੀਆਂ ਹੋਈਆਂ ਉਹਨੂੰ ਘੂਰ ਰਹੀਆਂ ਨੇ—ਜਿਵੇਂ ਵੰਗਾਰ ਰਹੀਆਂ ਹੋਣ, ਜਿਵੇਂ ਹੱਸ ਰਹੀਆਂ ਹੋਣ, ਜਿਵੇਂ ਤਸੱਲੀ ਨਾਲ ਚਮਕ ਰਹੀਆਂ ਹੋਣ।

ਅਚਾਨਕ ਮਿਸਿਜ਼ ਪਾਂਡੇ ਹੌਲੀ ਜਿਹੀ ਕੋਈ ਗੱਲ ਕਰਦੀ ਏ, ਤੇ ਚਾਰੇ ਜਣੀਆਂ ਠਹਾਕਾ ਮਾਰ ਕੇ ਹੱਸ ਪੈਂਦੀਆਂ ਨੇ।

ਮਿਸਿਜ਼ ਚੌਧਰੀ ਨੂੰ ਲਗਦਾ ਏ, ਉਹਦੇ ਜਿਸਮ ਵਿਚ ਕਲੋਰੋਫ਼ਾਰਮ ਦੀ ਬੇਹੋਸ਼ੀ ਦੀ ਪਹਿਲੀ ਲਹਿਰ ਲੰਘੀ ਏ। ਇਕ ਝਟਕੇ ਨਾਲ ਉਹ ਆਪਣੇ ਆਪ ਨੂੰ ਸੰਭਾਲਦੀ ਏ, ਤੇ ਉਹਦੇ ਕਦਮ ਇਕ ਕੁਰਸੀ ਵੱਲ ਨੂੰ ਵਧ ਜਾਂਦੇ ਨੇ।



'ਮੈਂ ਇਨ੍ਹਾਂ ਸਾਰਿਆਂ ਦਾ ਕੀ ਵਿਗਾੜਿਆ ਏ? ਕੀ ਵਿਗਾੜਿਆ ਏ ਮੈਂ?' ਉਹਦੇ ਅੰਦਰ ਆਪਣੇ ਆਪ ਘਬਰਾ ਕੇ ਇਕ ਚੀਕ ਉਠ ਰਹੀ ਏ।

ਮਿਸਿਜ਼ ਚੌਧਰੀ ਜਦੋਂ ਏਸ ਕਾਲਜ ਵਿਚ ਹਿਸਟਰੀ ਦੀ ਲੈਕਚਰਰ ਬਣ ਕੇ ਆਈ, ਤਾਂ ਮਰਦ ਲੈਕਚਰਰਜ਼ ਨੇ ਉਹਦੇ ਵਲ ਉਚੇਚੇ ਤੌਰ ਤੇ ਤੱਕਿਆ।

"ਗ੍ਰੇਸਫ਼ੁਲ!" ਪ੍ਰੋ: ਧਰਮਵੀਰ ਨੇ ਕਿਹਾ।

"ਹਸੀਨ ਸਾਦਗੀ!" ਪੋ: ਪਾਲ ਨੇ ਆਵਾਜ਼ ਵਿਚ ਸਾਰੀ ਸ਼ਲਾਘਾ ਭਰ ਕੇ ਰੀਮਾਰਕ ਦਿਤਾ।

"ਇਰਰੇਜ਼ਿਸਟੇਬਲੀ ਚਾਰਮਿੰਗ!" ਪ੍ਰੋ: ਸਿੰਘ ਨੇ ਬੜੇ ਰਾਜ਼ਦਾਰਾਨਾ ਲਹਿਜੇ ਵਿਚ ਪ੍ਰੋ: ਮਲਹੋਤਰਾ ਨੂੰ ਕਿਹਾ।

ਕੁਝ ਲੈਕਚਰਰ ਔਰਤਾਂ ਸਨ। ਉਨ੍ਹਾਂ ਮਿਸਿਜ਼ ਚੌਧਰੀ ਨੂੰ ਆਪਣੇ ਗਰੁੱਪ ਵਿਚ ਰਲਾਣ ਦੀ ਕੋਸ਼ਿਸ਼ ਕੀਤੀ। ਮਿਸਿਜ਼ ਚੌਧਰੀ ਉਨ੍ਹਾਂ ਨਾਲ ਚਾਰ ਪੰਜ ਦਿਹਾੜੇ ਬੈਠੀ ਵੀ, ਪਰ ਉਹ ਇੰਜ ਬਹਿੰਦੀ, ਜਿਵੇਂ ਕੋਈ ਕਿਨਾਰੇ 'ਤੇ ਖੜੋ ਕੇ ਲੋਕਾਂ ਨੂੰ ਚਿੱਕੜ ਵਿਚ ਵੜ ਕੇ ਪਾਣੀ ਤਕ ਪਹੁੰਚਦਿਆਂ, ਕਪੜੇ ਭਿਉਂਦਿਆਂ ਵੇਖੇ।

ਮਿਸਿਜ਼ ਪਾਂਡੇ ਮਿਸਿਜ਼ ਭਟਨਾਗਰ ਦੀ ਸਾੜ੍ਹੀ ਦੀ ਤਾਰੀਫ਼ ਕਰਦੀ, 'ਓਹ ਲਵਲੀ, ਇਹ ਰੰਗ ਤੇ ਤੁਹਾਨੂੰ ਏਨਾ ਢੁੱਕਦਾ ਏ ਮਿਸਿਜ਼ ਭਟਨਾਗਰ!"

"ਮਿਸਟਰ ਭਟਨਾਗਰ ਦੀ ਸੀਲੈਕਸ਼ਨ ਏ ਕਿ ਤੁਹਾਡੀ ਆਪਣੀ?" ਮਿਸ ਦੂਬੇ ਇਕ ਮੁਸਕਰਾਹਟ ਆਪਣੇ ਹੋਠਾਂ 'ਤੇ ਚਿਪਕਾ ਕੇ ਪੁੱਛਦੀ।

"ਸਾੜ੍ਹੀਆਂ ਤਾਂ ਅੱਜ ਕਲ੍ਹ ਰਾਇਲਟੀ 'ਤੇ ਬੜੀਆਂ ਸੋਹਣੀਆਂ ਆਈਆਂ ਹੋਈਆਂ ਨੇ।" ਮਿਸਿਜ਼ ਸੂਦ ਆਪਣੀ ਪੰਜ ਦਿਨਾਂ ਦੀ ਅਵਾਰਾਗਰਦੀ ਦੀ ਮਿਹਨਤ ਨਾਲ ਕਮਾਈ ਜਾਣਕਾਰੀ ਨੂੰ ਇਲਾਇਚੀ ਵਾਂਗ ਤਲੀ 'ਤੇ ਰਖ ਕੇ ਪੇਸ਼ ਕਰਦੀ।

"ਨਹੀਂ, 'ਕਲਾ ਭਵਨ' 'ਤੇ ਵੀ ਬਿਲਕੁਲ ਲੇਟੈੱਸਟ ਵੈਰਾਇਟੀ ਏ।" ਮਿਸਿਜ਼ ਭਟਨਾਗਰ ਇੰਜ ਆਸਾਨੀ ਨਾਲ ਸਾਰੀ ਬਾਜ਼ੀ ਮਿਸਿਜ਼ ਸੂਦ ਨੂੰ ਨਹੀਂ ਸੀ ਜਿੱਤਣ ਦੇ ਸਕਦੀ।

ਤੇ ਮਿਸਿਜ਼ ਚੌਧਰੀ ਉਕਤਾਉਂਦੀ ਰਹਿੰਦੀ।

ਜਾਂ ਉਹ ਆਪਣੇ ਬੱਚਿਆਂ ਦੀਆਂ ਗੱਲਾਂ ਕਰਦੀਆਂ ਰਹਿੰਦੀਆਂ ਜਾਂ ਆਪਣੇ ਪਤੀਆਂ ਦੀਆਂ, ਜਾਂ ਕਾਰਾਂ ਦੇ ਨਵੇਂ ਮਾਡਲਾਂ, ਜਾਂ ਨਵੀਆਂ ਪਿਕਚਰਾਂ ਦੀਆਂ।

ਤੇ ਸਾਰੀਆਂ ਵੱਸੇ ਵੱਸੇ ਮਿਸਿਜ਼ ਚੌਧਰੀ ਨੂੰ ਆਪਣੇ ਰੰਗ ਦੇ ਡੋਲ ਵਿਚ ਘਸੀਟ ਕੇ ਇਕ ਅੱਧ ਡੋਬਾ ਜ਼ਰੂਰ ਦੇਣਾ ਚਾਹੁੰਦੀਆਂ। ਪਰ ਮਿਸਿਜ਼ ਚੌਧਰੀ ਬੇ-ਨਿਆਜ਼ ਰਹਿੰਦੀ।

ਔਰਤਾਂ ਆਪਣੇ ਆਪ ਵਿਚ ਸਿਮਟੀ ਤੀਵੀਂ ਨੂੰ ਬੜੇ ਧੜੱਲੇ ਨਾਲ ਨਫ਼ਰਤ ਕਰ ਸਕਦੀਆਂ ਨੇ। ਵਾਹ, ਇਹ ਮਹਾਰਾਣੀ ਸਮਝਦੀ ਕੀ ਏ ਆਪਣੇ ਆਪ ਨੂੰ? ਬਹੁਤ ਸੁਪੀਰੀਅਰ? ਕਿਹੜਾ ਸੁਰਖ਼ਾਬ ਦਾ ਪਰ ਲਗਾ ਹੋਇਆ ਏ ਇਹਨੂੰ?

ਹੌਲੀ ਹੌਲੀ, ਅੱਠਾਂ ਦਸਾਂ ਦਿਨਾਂ ਵਿਚ ਹੀ, ਸਾਰੀਆਂ ਨੇ ਮਿਸਿਜ਼ ਚੌਧਰੀ 'ਨੂੰ

ਆਪਣੇ ਨਾਲ ਰਲਾਣ ਦੀਆਂ ਕੋਸ਼ਿਸ਼ਾਂ ਬਿਲਕੁਲ ਨਾ ਕਾਮਯਾਬ ਹੁੰਦੀਆਂ ਵੇਖ ਕੇ ਹਥਿਆਰ ਸੁੱਟ ਦਿਤੇ ।

ਮਿਸਿਜ਼ ਚੌਧਰੀ ਖ਼ਾਲੀ ਪੀਰੀਅਡ ਵਿਚ ਸਟਾਫ਼ ਰੂਮ ਵਿਚ ਕੋਈ ਕੋਨਾ ਲੱਭਦੀ, ਤੇ ਕਿਸੇ ਸੋਫ਼ੇ ਵਿਚ ਜਾ ਧਸਦੀ। ਅਖ਼ਬਾਰ ਪੜ੍ਹਦੀ ਰਹਿੰਦੀ, ਜਾਂ ਕੋਈ ਕਿਤਾਬ ।

ਬਾਕੀ ਸਾਰੀਆਂ ਲੈਕਚਰਰਜ਼ ਨੇ ਉਹਦੇ ਖ਼ਿਲਾਫ਼ ਇਕ ਸਾਂਝਾ ਮੋਰਚਾ ਬਣਾ ਲਿਆ। ਉਹ ਆਉਂਦੀ, ਤਾਂ ਗੱਲਾਂ ਹੁੰਦੀਆਂ ਹੁੰਦੀਆਂ ਰੁਕ ਜਾਂਦੀਆਂ, ਹਾਸੇ ਖਿਲਰਦੇ ਖਿਲਰਦੇ ਸਿਮਟ ਜਾਂਦੇ, ਗੱਲਾਂ ਦੀ ਵਾਲਿਊਮ ਬਿਲਕੁਲ ਮੱਧਮ ਹੋ ਜਾਂਦੀ ।

ਮਰਦ ਲੈਕਚਰਰਜ਼ ਨੇ ਵੀ ਮਿਸਿਜ਼ ਚੌਧਰੀ ਨਾਲ ਮਾਸੂਮ ਜਿਹੀਆਂ ਖੁਲ੍ਹਾਂ ਲੈਣ ਦੀ ਕੋਸ਼ਿਸ਼ ਕੀਤੀ ।

ਬਿਲਕੁਲ ਐਬਜ਼ਾਰਵਡ ਓ ਤੁਸੀਂ ਤੇ ਪੜ੍ਹਨ ਵਿਚ, ਮਿਸਿਜ਼ ਚੌਧਰੀ । ਕੀ ਪੜ੍ਹ ਰਹੇ ਓ ?''—ਪ੍ਰੋ: ਧਰਮਵੀਰ ਪੁੱਛਦੇ ।

''ਇਕ ਕੱਪ ਕੌਫ਼ੀ ਦਾ ਮਿਸਿਜ਼ ਚੌਧਰੀ ?'' ਪ੍ਰੋ: ਸਿੰਘ ਮੁਸਕਰਾ ਕੇ ਨਿਉਤਾ ਦੇਂਦੇ ।

ਮਿਸਿਜ਼ ਚੌਧਰੀ ਆਪਣੀ ਸਲੋਨੀ ਗੰਭੀਰ ਮੁਸਕਰਾਹਟ ਨਾਲ ਜਦੋਂ ''ਨੋ, ਥੈਂਕ ਯੂ !'' ਕਹਿੰਦੀ, ਤਾਂ ਪ੍ਰੋ: ਸਿੰਘ ਨੂੰ ਲਗਦਾ, ਜਿਵੇਂ ਗਰਮ ਕੌਫ਼ੀ ਉਹਨਾਂ ਦੇ ਪਿੰਡੇ 'ਤੇ ਛਲਕ ਗਈ ਹੋਵੇ ।

ਤੇ ਇੰਜ ਕੁਝ ਦਿਨਾਂ ਵਿਚ ਹੀ ਮਰਦ ਲੈਕਚਰਰਜ਼ ਨੇ ਵੀ ਉਹਦੇ ਖ਼ਿਲਾਫ਼ ਇਕ ਜਾਇੰਟ ਡੀਫ਼ੈਂਸ ਬਣਾ ਲਿਆ ।

ਮਿਸਿਜ਼ ਚੌਧਰੀ ਅਗੇ ਵਾਂਗੂ ਹੀ ਬੇ-ਨਿਆਜ਼ ਸੀ । ਚੁੱਪ-ਚੁੱਪ, ਸਿਆਣੀ-ਸਿਆਣੀ, ਗੰਭੀਰ-ਗੰਭੀਰ, ਭੋਲੀ-ਭੋਲੀ ਉਹ ਇਕ ਪਾਸੇ ਬੈਠੀ ਰਹਿੰਦੀ, ਪੜ੍ਹਦੀ ਰਹਿੰਦੀ ।

ਪਰ ਵਿਦਿਆਰਥੀਆਂ ਦੀ ਉਹ ਮਹਿਬੂਬਾ ਸੀ । ਪਹਿਲੋਂ ਪਹਿਲ ਪਿਛਲੇ ਬੈਂਚਾਂ ਤੋਂ ਦੋ ਤਿਨ ਮੁੰਡਿਆਂ ਨੇ ਸ਼ਰਾਰਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਬਿਲਕੁਲ ਸਾਵੀਂ ਆਵਾਜ਼ ਵਿਚ ਮਿਸਿਜ਼ ਚੌਧਰੀ ਨੇ ਉਹਨਾਂ ਨੂੰ ਕਿਹਾ, ਕਿ ਕੰਮ ਦੇ ਵੇਲੇ ਉਹ ਬਿਲਕੁਲ ਕੰਮ ਕਰਦੀ ਏ ਤੇ ਕੰਮ ਲੈਂਦੀ ਏ, ਜੇ ਕਿਸੇ ਨੇ ਉਹਦੇ ਨਾਲ ਹੱਸਣਾ ਖੇਡਣਾ ਹੋਵੇ ਤਾਂ ਪੀਰੀਅਡ ਤੋਂ ਬਾਅਦ ਉਹ ਉਹਨੂੰ ਕਲਾਸ ਰੂਮ ਤੋਂ ਬਾਹਰ ਮਿਲ ਲਵੇ, ਤਾਂ ਸਭ ਚੁੱਪ ਹੋ ਗਏ ।

ਫੇਰ ਮਿਸਿਜ਼ ਚੌਧਰੀ ਦੀ ਜ਼ਿਆਣਪ ਵਿਚ ਕੋਈ ਅਜਿਹਾ ਜਾਦੂ ਸੀ, ਉਹਦੀ ਸੂਝ-ਭਰੀ ਜਾਣਕਾਰੀ ਵਿਚ ਕੋਈ ਅਜਿਹਾ ਟੂਣਾ ਸੀ ਕਿ ਸਾਰੇ ਉਹਦੀ ਇੱਜ਼ਤ ਕਰਨ ਲਗ ਪਏ । ਏਨੀ ਇੱਜ਼ਤ, ਜਿੰਨੀ ਉਹਨਾਂ ਅੱਜ ਤਕ ਕਿਸੇ ਦੀ ਨਹੀਂ ਸੀ ਕੀਤੀ । ਉਹਦੀ ਪਿੱਠ ਪਿਛੇ ਵੀ ਕੋਈ ਮਾੜਾ ਬੋਲ ਉਹਦੇ ਬਾਰੇ ਨਾ ਬੋਲਦਾ ।

ਹੁਣ ਖ਼ਾਲੀ ਪੀਰੀਅਡਜ਼ ਵਿਚ ਵੀ ਮਿਸਿਜ਼ ਚੌਧਰੀ ਕੋਲ ਸਟਾਫ਼-ਰੂਮ ਵਿਚ ਬਹਿਣ ਲਈ ਘੱਟ ਹੀ ਵਕਤ ਬਚਦਾ । ਸਟੂਡੈਂਟਸ ਆਪਣੀ ਪੜ੍ਹਾਈ ਦੀਆਂ ਮੁਸ਼ਕਲਾਂ, ਆਪਣੀਆਂ ਨਿੱਜੀ ਸਮੱਸਿਆਵਾਂ ਲੇ ਕੇ ਉਹਦੇ ਕੋਲ ਆਏ ਰਹਿੰਦੇ ।



ਕੰਮ ਵਿਚ ਉਹਨੂੰ ਏਨਾ ਮਗਨ ਵੇਖ ਕੇ ਲੈਕਚਰਰ ਉਹਦੇ ਨਾਲ ਹੋਰ ਨਾਰਾਜ਼ ਸਨ !

ਸਾਰਿਆਂ ਨੂੰ ਇੰਜ ਲਗਦਾ, ਜਿਵੇਂ ਉਹ ਇਕ ਸੰਗਮਰਮਰ ਦਾ ਬੁੱਤ ਸੀ — ਉਤੋਂ ਚਿਕਨਾ ਦਿਸਣ ਵਾਲਾ, ਸਖ਼ਤ ਪੱਥਰ । ਤੇ ਉਹ ਬੁੱਤ ਇਕ ਉੱਚੇ 'ਪੈਡੇਸਟਲ' 'ਤੇ ਖੜਾ ਸੀ, ਇਕ ਉੱਚੇ ਚਬੂਤਰੇ 'ਤੇ । ਉਹ ਸਾਰੇ ਉਹਦੇ ਥੱਲੇ ਖੜੇ ਸਨ ਤੇ ਉਸ ਬੁੱਤ ਤੇ ਝੱਲਾ ਰਹੇ ਸਨ, ਕਿ ਉਹ ਏਨਾ ਉੱਚਾ ਕਿਉਂ ਸੀ, ਕਿ ਇੰਜ ਉੱਚਾ ਤੱਕਦਿਆਂ ਉਹਨਾਂ ਦੀਆਂ ਧੌਣਾਂ ਆਕੜ ਜਾਂਦੀਆਂ ਸਨ, ਤੇ ਉਹਨਾਂ ਦੇ ਹੱਥ ਉਹਨੂੰ ਛੋਹ ਨਹੀਂ ਸਨ ਸਕਦੇ । ਉਹ ਉਸ ਬੁੱਤ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਥੱਲੇ ਡੇਗ ਲੈਣਾ ਚਾਹੁੰਦੇ ਸਨ, ਉਹਨੂੰ ਆਪਣੇ ਹੱਥਾਂ ਨਾਲ ਮਸਲ ਕੇ ਆਪਣੀਆਂ ਨਹੁੰਦਰਾਂ ਨਾਲ ਖੁਰਚ ਕੇ, ਪੈਰਾਂ ਹੇਠ ਰੋਂਦ ਦੇਣਾ ਚਾਹੁੰਦੇ ਸਨ । ਪਰ ਉਹ ਬੇਬਸ ਸਨ । ਤੇ ਇਹ ਬੇਬਸੀ ਮਿਸਿਜ਼ ਚੌਧਰੀ ਦੇ ਖ਼ਿਲਾਫ਼ ਨਫ਼ਰਤ ਬਣ ਕੇ ਰਿੱਝ ਰਹੀ ਸੀ, ਦੀਵਾਰ ਬਣ ਕੇ ਉੱਸਰ ਰਹੀ ਸੀ ।

ਨਾਲੇ ਕਿਸੇ ਨੂੰ ਕੋਈ ਹੱਕ ਨਹੀਂ ਕਿ ਉਹ ਇੰਜ ਦੂਜਿਆਂ ਨਾਲੋਂ ਉੱਚਾ ਉਠ ਜਾਏ ਤਾਕਿ ਬਾਕੀ ਸਾਰੇ ਲੋਕ ਉਹਦੇ ਕੋਲ ਖਲੋਣ, ਤੇ ਬੌਣੇ ਨਜ਼ਰ ਆਉਣ । ਤੇ ਜੇ ਕੋਈ ਉੱਚਾ ਉੱਠ ਹੀ ਜਾਏ, ਤਾਂ ਬੌਣਿਆਂ ਦਾ ਇਖ਼ਲਾਕਨ ਤੇ ਕਾਨੂੰਨਨ ਹੱਕ ਬਣਦਾ ਏ ਕਿ ਉਹ ਜਹਾਦ ਕਰ ਦੇਣ । ਤੇ ਬੌਣੇ ਜਹਾਦ ਕਰ ਰਹੇ ਸਨ ।

ਤੇ ਇੰਜ ਕੁਝ ਹਫ਼ਤੇ ਗੁਜ਼ਰ ਗਏ ।

... ... ...

ਪਰ ਅਚਾਨਕ ਅੱਜ ਸਾਰਿਆਂ ਦੇ ਮੂੰਹ ਚਮਕ ਉੱਠੇ ਸਨ, ਸਾਰਿਆਂ ਦੀਆਂ ਅੱਖਾਂ ਵਿਚ ਰੌਣਕ ਸੀ ।

ਮਿਸਿਜ਼ ਭਟਨਾਗਰ ਪੱਕੀ ਖ਼ਬਰ ਲਿਆਈ ਸੀ, ਕਿ ਮਿਸਿਜ਼ ਚੌਧਰੀ ਨੂੰ ਉਹਦੇ ਖਾਵੰਦ ਨੇ ਛਡ ਦਿਤਾ ਹੋਇਆ ਸੀ, ਤੇ ਮਿਸਿਜ਼ ਚੌਧਰੀ ਦਾ ਇਕ ਬੱਚਾ ਵੀ ਸੀ, ਤੇ ਹੁਣ ਉਹ ਕੱਲੀ ਰਹਿੰਦੀ ਸੀ, ਤੇ ਉਹਦੇ ਖਾਵੰਦ ਨੇ ਸਭ ਨੂੰ ਇਹ ਕਹਿ ਰਖਿਆ ਸੀ ਕਿ ਉਹ ਉਹਨੂੰ ਏਸ ਕਰ ਕੇ ਆਪਣੇ ਕੋਲ ਨਹੀਂ ਰਖਦਾ, ਕਿਉਂਕਿ ਉਹਦਾ ਚਾਲ-ਚਲਨ ਠੀਕ ਨਹੀਂ ।

ਮਿਸਿਜ਼ ਭਟਨਾਗਰ ਤੇ ਜਿਵੇਂ ਸੱਤ ਸਮੁੰਦਰ ਪਾਰ ਦੇ ਕਿਸੇ ਟਾਪੂ ਤੋਂ ਉਹ ਤੋਤਾ ਫੜ ਲਿਆਈ ਸੀ ਜਿਸ ਵਿਚ ਏਸ ਰਾਜਕੁਮਾਰੀ ਨੇ ਆਪਣੀ ਜਾਨ ਰੱਖੀ ਹੋਈ ਸੀ ।

ਉਹਨੇ ਆਪਣਾ ਰਾਜ਼ 'ਦਸਣਾ ਕਿਸੇ ਨੂੰ ਨਾ !' ਕਹਿ ਕੇ ਹੌਲੀ ਹੌਲੀ ਚਹੁੰ ਪੰਜਾਂ ਨੂੰ ਦਸਿਆ । ਤੇ ਰੀਸੈੱਸ ਹੁੰਦਿਆਂ ਹੁੰਦਿਆਂ ਇਹ ਖ਼ਬਰ ਜੰਗਲ ਦੀ ਅੱਗ ਵਾਂਗੂ ਸਾਰੇ ਸਟਾਫ਼ ਵਿਚ ਫੈਲ ਚੁਕੀ ਸੀ ।

ਮਿਸ ਦੂਬੇ ਨੇ ਇਕ ਵਾਰੀ ਦੱਬੀ ਆਵਾਜ਼ ਵਿਚ ਕਿਹਾ, ''ਕੀ ਪਤਾ, ਇਹ ਗ਼ਲਤ ਹੀ ਹੋਵੇ । ਹਰ ਮਰਦ ਜਦੋਂ ਔਰਤ 'ਤੇ ਜ਼ੁਲਮ ਕਰਦਾ ਏ, ਤਾਂ ਉਹਨੂੰ ਕੱਜਣ ਲਈ ਇਹੋ ਹੀ ਗੱਲ ਆਖਦਾ ਏ ਕਿ ਉਸ ਤੀਵੀਂ ਦਾ ਚਾਲ ਚਲਨ ਠੀਕ ਨਹੀਂ ।''

ਪਰ ਮਿਸਿਜ਼ ਭਟਨਾਗਰ ਇੰਜ ਆਪਣੇ ਸੱਤ ਸਮੁੰਦਰ ਪਾਰ ਦੇ ਅਜੂਬੇ ਨੂੰ ਬੇਇੱਜ਼ਤ ਹੋਣ ਦੇਣਾ ਮਨਜ਼ੂਰ ਨਹੀਂ ਸੀ ਕਰ ਸਕਦੀ, ''ਨਹੀਂ ਜੀ, ਸਾਰੇ ਇਹ ਪਏ ਕਹਿੰਦੇ

ਨੇ । ਤੇ ਖ਼ਲਕਤ ਦੀ ਜ਼ਬਾਨ ਤੇ ਖ਼ੁਦਾ ਦਾ ਨਕਾਰਾ ਹੁੰਦੀ ਏ ।''

''ਆਹੋ ਜੀ'', ਮਿਸਿਜ਼ ਪਾਂਡੇ ਨੇ ਇਸ ਸੁਆਦਲੀ ਗੱਲ ਦੇ ਜਾਦੂ ਨੂੰ ਕਾਇਮ ਰੱਖਣ ਵਿਚ ਆਪਣਾ ਈਮਾਨਦਾਰਾਨਾ ਸਹਿਯੋਗ ਦਿਤਾ ।

ਮਿਸਿਜ਼ ਚੌਧਰੀ ਸਟਾਫ਼-ਰੂਮ ਵਿਚ ਆਈ, ਤਾਂ ਅੱਗੇ ਵਾਂਗੂ ਗੱਲਾਂ ਦੀ ਮਹਿਫ਼ਲ ਬਰਖ਼ਾਸਤ ਨਹੀਂ ਹੋਈ, ਸਗੋਂ ਇਕ ਜ਼ੋਰ ਦਾ ਠਹਾਕਾ ਗੂੰਜਿਆ, ਜਿਵੇਂ ਸਾਰੇ ਦਿਨਾਂ ਦੀ ਕਸਰ ਕੱਢ ਕੇ ਉਹਨਾਂ ਇਕ ਥੱਪੜ ਮਿਸਿਜ਼ ਚੌਧਰੀ ਦੀ ਗੱਲ੍ਹ 'ਤੇ ਮਾਰਿਆ ਹੋਵੇ ।

ਸਾਰੀਆਂ ਨਜ਼ਰਾਂ ਮਿਸਿਜ਼ ਚੌਧਰੀ ਵੱਲ ਘੁੰਮੀਆਂ । ਅੱਜ ਕਿਸੇ ਨੇ ਅੱਖਾਂ ਨਹੀਂ ਚੁਰਾਈਆਂ । ਸਾਰੀਆਂ ਅੱਖਾਂ ਵਿਚ ਇਕ ਬੇ-ਨਕਾਬ ਕਰਨ ਵਾਲੀ ਵੰਗਾਰ ਸੀ, 'ਕਿਉਂ ਮਹਾਰਾਣੀ ਜੀ, ਕਾਹਦੀ ਐਂਠ ਏ ?'...'ਮਿਜਾਜ਼ ਦਰੁਸਤ ਨੇ ਨਾ ?'

ਮਰਦ ਲੈਕਚਰਰਜ਼ ਨੇ ਬੇਬਾਕ ਨਜ਼ਰਾਂ ਨਾਲ ਮਿਸਿਜ਼ ਚੌਧਰੀ ਵਲ ਤੱਕਿਆ, 'ਹਾਂ, ਤੇ ਪਾਕੀਜ਼ਾ ਫ਼ਾਖ਼ਤਾ, ਇਹ ਨਕਾਬ ਏਸ ਲਈ ਸੀ, ਕਿਉਂਕਿ ਤੁਹਾਡਾ ਖ਼ਾਵੰਦ ਕਹਿੰਦਾ ਏ ਕਿ ਤੁਸੀਂ...ਹੈਂ...ਹੈਂ...ਹੈਂ...।' ਅੱਖਾਂ ਦੇ ਕਈ ਜੋੜਿਆਂ ਵਿਚ ਮਜ਼ਾਕ ਸੀ, ਤਨਜ਼ ਸੀ, ਖਿੱਲੀ ਉਡਾਉਣ ਵਾਲੀ ਚਮਕ ਸੀ ।

ਪ੍ਰੋ: ਪਾਲ ਨੇ ਅੱਜ ਬਿਨਾ ਕਿਸੇ ਤਕੱਲਫ਼ ਤੋਂ ਮਿਸਿਜ਼ ਚੌਧਰੀ ਨੂੰ ਕਿਹਾ, ''ਮਿਸਿਜ਼ ਚੌਧਰੀ, ਅੱਜ ਕਲ੍ਹ ਇਕ ਫ਼ਿਲਮ ਬੜੀ ਸੋਹਣੀ ਚਲ ਰਹੀ ਏ, 'ਐਨ ਅਫੇਅਰ ਟੂ ਰੀਮੈਂਬਰ' । ਜੇ ਸ਼ਾਮ ਦਾ ਤੁਹਾਡਾ ਕੋਈ ਖ਼ਾਸ ਪਰੋਗਰਾਮ ਨਾ ਹੋਵੇ, ਤਾਂ ਚੱਲੋ ।''

ਮਿਸਿਜ਼ ਚੌਧਰੀ ਨੇ ਪ੍ਰੋ: ਪਾਲ ਵਲ ਕਹਿਰੀ ਘੂਰੀ ਨਾਲ ਤੱਕਿਆ । ਪ੍ਰੋ: ਪਾਲ ਨੇ ਉਹਦੀ ਘੂਰੀ ਦੀ ਕੋਈ ਪਰਵਾਹ ਨਾ ਕਰਦਿਆਂ ਮੁਸਕਰਾ ਕੇ ਤੇ ਖੱਬੀ ਅੱਖ ਥੋੜ੍ਹੀ ਜਿਹੀ ਦੱਬ ਕੇ ਕਿਹਾ, ''ਬਾਦਸ਼ਾਹੋ, ਅਸੀਂ ਤੁਹਾਡੇ ਕਿਹੜੇ ਮਾਂਹ ਪੁੱਟੇ ਨੇ ? ਸਾਡੇ ਨਾਲ ਵੀ ਕਦੇ ਚੱਲ ਪਵੋ ।''

ਸਾਰੇ ਜਿਵੇਂ ਇਹ ਸੋਚ ਰਹੇ ਸਨ, ਕਿ ਮਿਸਿਜ਼ ਚੌਧਰੀ ਇਕ ਔਰਤ ਨਹੀਂ ਸੀ ਜਿਸ ਦੇ ਸਾਥ ਨੂੰ, ਜਿਸ ਦੀ ਮੁਹੱਬਤ ਨੂੰ ਜਿੱਤਣ ਦੀ ਲੋੜ ਹੁੰਦੀ ਏ, ਸਗੋਂ ਉਹ ਇਕ ਡਿੱਸ਼ ਸੀ ਜਿਹੜੀ ਉਹਨਾਂ ਦੇ ਅੱਗੇ ਮੇਜ਼ 'ਤੇ ਪਰੋਸ ਦਿਤੀ ਗਈ ਸੀ ।

... ... ... ...

ਮਿਸਿਜ਼ ਚੌਧਰੀ ਸਭ ਸਮਝ ਰਹੀ ਏ । ਤੇ ਉਹਨੂੰ ਪਤਾ ਏ ਕਿ ਇਹਨਾਂ ਵੰਗਾਰਦੀਆਂ ਹੱਸਦੀਆਂ ਅੱਖਾਂ ਦੇ ਪਿਛੇ ਕੀ ਏ ।

ਪਰ ਉਹ ਖ਼ਾਮੋਸ਼ ਏ । ਉਹਦੇ ਢਿੱਡ ਵਿਚ ਜਿਵੇਂ ਕੋਈ ਮਧਾਣੀ ਨਾਲ ਕੁਝ ਰਿੜਕ ਰਿਹਾ ਏ, ਤੇ ਉਹਦੇ ਪਿੰਡੇ ਦੇ ਸਾਰੇ ਲੂੰਅ ਜਿਵੇਂ ਸੁਲਗਦੀਆਂ ਚਿਣਗਾਂ ਬਣ ਗਏ ਨੇ ।

ਸਾਰੇ ਖ਼ੁਸ਼ ਨੇ ਕਿਉਂਕਿ ਉਹਨਾਂ ਨੇ ਉਸ ਬੁੱਤ ਨੂੰ ਘਸੀਟ ਕੇ ਪੈਡੇਸਟਲ ਤੋਂ ਥੱਲੇ ਡੇਗ ਲਿਆ ਏ, ਤੇ ਹੁਣ ਉਹ ਉਹਨੂੰ ਹੱਥ ਲਾ ਸਕਦੇ ਨੇ, ਵਲੂੰਧਰ ਸਕਦੇ ਨੇ, ਤੋੜ ਸਕਦੇ ਨੇ, ਉਹਦੇ ਠੀਕਰਿਆਂ ਨੂੰ ਪੈਰਾਂ ਹੇਠ ਰੋਂਦ ਸਕਦੇ ਨੇ ।



# ਮਹਿਕ ਦੀ ਮੌਤ

ਸ਼ਾਮ ਦੇ ਪਰਛਾਵੇਂ ਗਹਿਰੇ ਹੋ ਰਹੇ ਸਨ ।

ਕਸ਼ਮੀਰ ਦੀ ਵਾਦੀ ਦਾ ਕਜਲਾਇਆ ਹੁਸਨ । ਡੱਲ ਦੀਆਂ ਲਹਿਰਾਂ ਦੇ ਉਭਰਦੇ, ਫੈਲਦੇ, ਮਿਟਦੇ ਦਾਇਰੇ ! ਪਰਛਾਵਿਆਂ ਦਾ ਫੈਲਦਾ ਹੋਇਆ ਖਿਲਾਰ । ਤੇ ਮੋਨਕਾ ਡੱਲ ਦੇ ਕਿਨਾਰੇ ਬਣੀ ਛੋਟੀ ਦੀਵਾਰ ਦੇ ਨਾਲ ਨਾਲ ਤੁਰਦੀ ਜਾ ਰਹੀ ਸੀ ।

ਦੂਰੀ ਚੋਰੀ ਦੀਆਂ ਬੜੇ ਸਟਾਈਲ ਨਾਲ, ਇਕਿਬਾਨਾ ਵਰਗੀਆਂ, ਤਰਾਸ਼ੀਆਂ ਹੋਈਆਂ ਟਾਹਣੀਆਂ ਦੇ ਪਿਛੋਂ ਚੰਨ ਉੱਚਾ ਹੋ ਰਿਹਾ ਸੀ । ਸਾਵੇ, ਕੂਲੇ, ਲਵੇ ਲਵੇ ਧਾਨ ਦੇ ਖੇਤਾਂ ਦੀ ਖ਼ੁਸ਼ਬੂ ਹਵਾ ਵਿਚ ਰੁਮਕ ਰਹੀ ਸੀ । ਡੁੱਬਦੇ ਸੂਰਜ ਕੋਲੋਂ ਜਿਹੜਾ ਚਾਨਣ ਡੱਲ ਦੇ ਪਾਣੀਆਂ ਨੇ ਆਪਣੀ ਹਿੱਕ ਵਿਚ ਸਾਂਭਿਆ ਸੀ, ਉਹ ਚੁਪਕੇ ਜਿਹੇ ਉਨ੍ਹਾਂ ਪਾਣੀਆਂ ਵਿਚ ਤਰ ਰਿਹਾ ਸੀ । ਦੂਰ...ਦੂਰ...ਮਾਂਝੀਆਂ ਦੇ ਗੀਤ ਲਹਿਰਾਂ ਵਾਂਗੂ ਆ ਆ ਕੇ ਸਾਹਿਲ ਨੂੰ ਪੋਲੀ ਜਿਹੀ ਛੁਹ ਰਹੇ ਸਨ ।

ਲਹਿਰਾਂ ਦੀਆਂ ਗਲੀਆਂ ਵਿਚੋਂ ਗੀਤਾਂ ਦਾ ਕਾਰਵਾਂ ਗੁਜ਼ਰ ਰਿਹਾ ਸੀ — ਰਕਸ ਕਰਦਾ ਹੋਇਆ, ਥਿਰਕਦੇ ਹੋਏ ਪੈਰ...

ਮੋਨਕਾ ਨੂੰ ਲੱਗਾ, ਜਿਵੇਂ ਜ਼ਿੰਦਗੀ ਦੀਆਂ ਪਗਡੰਡੀਆਂ ਤੋਂ ਸੁਪਨਿਆਂ ਦਾ ਤੇ ਮਹਿਕਾਂ ਦਾ ਕਾਰਵਾਂ ਹੌਲੀ ਹੌਲੀ ਲੰਘਦਾ ਜਾ ਰਿਹਾ ਸੀ ।

ਜ਼ਿੰਦਗੀ ਕੇਡੀ ਹਸੀਨ ਸੀ, ਮੋਨਕਾ ਨੇ ਸੋਚਿਆ । ਹਾਏ, ਜੇ ਏਸ ਪਲ ਵਿਚ...ਏਸੇ ਪਲ ਵਿਚ ਉਹ ਪਿਘਲ ਕੇ ਇਕ ਲਹਿਰ ਬਣ ਜਾਏ...ਇਕ ਛੋਟੀ ਜਿਹੀ ਥਿਰਕਦੀ ਹੋਈ ਲਹਿਰ..., ਜਿਹੜੀ ਘੜੀ ਘੜੀ ਆ ਕੇ ਬਿਲਕੁਲ ਆਹਿਸਤਾ ਜਿਹੇ ਸਾਹਿਲ ਦਾ ਮੂੰਹ ਚੁੰਮ ਜਾਵੇ, ਤੇ ਫੇਰ ਥਿਰਕਦੀ ਹੋਈ ਵਾਪਸ ਮੁੜ ਜਾਵੇ ।...ਧਾ ਧਿੰਨ ਧਾ...।ਤਕਾ ਧਿੰਨ ਧਾ...

ਤੇ ਮੋਨਕਾ ਦੇ ਕਦਮ ਥਿਰਕਣ ਲੱਗ ਪਏ...ਧਾ ਧਿੰਨ ਧਾ।...ਉਦੇ ਸ਼ੰਕਰ... ਇੰਦਰਾਨੀ ਰਹਿਮਾਨ...। ਕੱਥਕ, ਤੇ ਮਨੀਪੁਰੀ, ਤੇ ਭਾਰਤ ਨਾਤਿਅਮ...!

ਸੇਬਾਂ ਦੀਆਂ ਝੁਕੀਆਂ ਹੋਈਆਂ ਟਹਿਣੀਆਂ ਦੇ ਉੱਤੇ ਚੰਨ ਇਕ ਪੱਕੇ ਹੋਏ ਸੁਰਖ਼ ਸੇਬ ਵਾਂਗੂ ਜਾਪ ਰਿਹਾ ਸੀ । ਅਲਸਾਈ ਹੋਈ ਚਾਂਦਨੀ ਹੌਲੀ ਹੌਲੀ ਲਹਿਰਾਂ ਦੇ ਫ਼ਰਸ਼ 'ਤੇ ਥਿਰਕ ਰਹੀ ਸੀ ।

ਲੀਓਨਾਰਦੋ ਦਾ ਵਿੰਜ਼ੀ, ਆ ਤੈਨੂੰ ਇਹ ਸ਼ਾਹਕਾਰ ਵਿਖਾਵਾਂ । ਆ, ਮੋਨਾ ਲਿਜ਼ਾ

ਨੂੰ ਅੱਜ ਏਸ ਪਿਛੋਕੜ ਵਿਚ ਖੜਿਆਂ ਕਰੀਏ। ਪਰ ਜਦੋਂ ਉਹਦੀ ਮੁਸਕਰਾਹਟ ਵੀ ਥਿਰਕੇਗੀ, ਕੀ ਤੂੰ ਉਹਦੀ ਲਰਜ਼ਸ਼ ਨੂੰ, ਉਹਦੀ ਕੰਬਦੀ ਹੋਈ ਬਰਕਣ ਨੂੰ—ਫੜ ਸਕੇਂਗਾ? ਆ, ਏਸ ਚਾਂਦਨੀ ਦੇ ਥਿਰਕਦੇ ਹੋਏ ਸਾਏ ਵਿਚ ਇਸ ਸ਼ਾਹਕਾਰ ਦਾ ਤਜਰਬਾ ਸ਼ੁਰੂ ਕਰੀਏ।

ਬੀਥੋਵਨ, ਤੇਰੀ ਨੌਵੀਂ ਸਿਮਫ਼ਨੀ ਦਾ ਜਾਦੂ, ਇਹ ਲਹਿਰਾਂ ਭਲਾ ਕਿਥੋਂ ਚੁਰਾ ਲਿਆਈਆਂ ਨੇ?

ਦੂਰ ਦੂਰ ਮਾਂਝੀਆਂ ਦੇ ਗੀਤ ਚਾਂਦਨੀ ਵਿਚ ਊਂਘਦੇ ਹੋਏ, ਹਨੇਰੇ ਦੇ ਪਰਛਾਵਿਆਂ ਵਿਚੋਂ ਉਭਰ ਰਹੇ ਸਨ। ਤੇ ਮੋਨਕਾ ਦੀ ਯਾਦ ਦੀਆਂ ਊਂਘਦੀਆਂ ਹੋਈਆਂ ਗਲੀਆਂ ਵਿਚੋਂ ਹੇਮੰਤ ਦਾ ਗੀਤ ਤੁਰਦਾ ਤੁਰਦਾ ਲੰਘ ਆਇਆ... ''ਥੱਲੇ ਜ਼ਮੀਨ ਏ, ਉਤੇ ਨੀਲਾ ਆਸਮਾਨ ਏ। ਜਦੋਂ ਰਾਤ ਪੈਂਦੀ ਏ, ਤੇ ਰਾਤ ਦਾ ਸੰਗੀਤ ਜ਼ਮੀਨ ਆਸਮਾਨ ਦੇ ਹੋਠਾਂ ਵਿਚੋਂ ਤਿਲ੍ਹਕਦਾ ਏ, ਤੂੰ ਉਹ ਸੰਗੀਤ ਕਦੇ ਸੁਣਿਆ ਏ ਕਿ ਨਹੀਂ?''

ਹੇਮੰਤ...ਮਲਕਾ ਪੁਖਰਾਜ...ਸਹਿਗਲ!

ਜਦੋਂ ਸਰਦੀਆਂ ਦੀ ਸ਼ਾਮ ਦੇ ਹਨੇਰੇ ਹੌਲੀ ਹੌਲੀ ਗਹਿਰੇ ਹੋ ਜਾਂਦੇ ਸਨ, ਅੱਗ ਵਾਲੀ ਥਾਂ ਵਿਚ ਛੋਟੀਆਂ ਛੋਟੀਆਂ ਲੱਕੜਾਂ ਚਟਖਦੀਆਂ ਸਨ, ਤੇ ਲਾਲ ਨਾਰੰਗੀ ਲਾਟਾਂ ਉਚੀਆਂ ਹੋ ਹੋ ਕੇ ਇਕ ਦੂਜੇ ਦੀ ਕਮਰ ਵਿਚ ਹੱਥ ਵਲਾ ਕੇ ਰੰਭਾ ਨੱਚਦੀਆਂ ਸਨ। ਤੇ ਰੇਡੀਓਗਰਾਮ ਵਿਚ ਰੀਕਾਰਡ ਲਗਾ ਦਿਤੇ ਜਾਂਦੇ ਸਨ, ਤੇ ਗੀਤਾਂ ਦੀਆਂ ਲਹਿਰਾਂ ਤੈਰਦੀਆਂ ਹੋਈਆਂ ਆਉਂਦੀਆਂ ਸਨ, ਤੇ ਅੱਗ ਦੀਆਂ ਲਪਟਾਂ ਵਿਚੋਂ ਉਭਰਦੇ ਚਾਨਣ ਦੀਆਂ ਲਹਿਰਾਂ ਨੂੰ ਹੌਲੀ ਜਿਹੀ ਚੁੰਮ ਕੇ ਖਿੱਲਰ ਜਾਂਦੀਆਂ ਸਨ।

ਮੋਨਕਾ ਨੂੰ ਆਪਣੀ ਜ਼ਿੰਦਗੀ ਵਿਚ ਸਾਰੇ ਗੁਜ਼ਰੇ ਹੋਏ ਖ਼ੂਬਸੂਰਤ ਪਲ ਯਾਦ ਆ ਰਹੇ ਸਨ। ਹਸੀਨ ਪਲਾਂ ਦੀ ਇਕ ਮਹਿਫ਼ਲ ਸੀ, ਜਿਹੜੀ ਉਹਦੇ ਦੁਆਲੇ ਜੁੜ ਬੈਠੀ ਸੀ, ਤੇ ਇਕ ਇਕ ਪਲ ਆ ਕੇ ਉਹਦੀ ਕਮਰ ਵਿਚ ਬਾਂਹ ਵਲਾ ਕੇ ਵਾਲਜ਼ ਨੱਚ ਰਿਹਾ ਸੀ।

ਤੇ ਚੰਨ ਸੇਬਾਂ ਦੇ ਦਰਖ਼ਤਾਂ ਤੋਂ ਉੱਚਾ ਉਠ ਆਇਆ ਸੀ, ਤੇ ਧਾਨ ਦੇ ਖੇਤਾਂ ਦੀ ਖ਼ੁਸ਼ਬੂ ਹੋਰ ਵੀ ਸ਼ਿੱਦਤ ਨਾਲ ਫੈਲ ਰਹੀ ਸੀ। ਸਾਰਾ ਕੁਝ ਸ਼ਿੱਦਤ ਨਾਲ ਜੀਊ ਰਿਹਾ ਸੀ। ਤੇ ਸੁਪਨੇ ਨੀਂਦਰ ਦੀਆਂ ਗਲੀਆਂ ਵਿਚੋਂ ਗੁਣਗੁਣਾਂਦੇ ਹੋਏ ਲੰਘ ਰਹੇ ਸਨ।

ਇਹ ਜ਼ਿੰਦਗੀ ਦਾ ਕਾਰਵਾਂ ਅੱਜ ਮੁੱਦਤਾਂ ਮਗਰੋਂ ਕਿਥੇ ਆ ਕੇ ਰੁਕ ਗਿਆ ਸੀ? ਆਸਮਾਨ ਦੇ ਵਿਹੜੇ ਵਿਚ ਤੰਬੂ ਗੱਡ ਕੇ, ਤਾਰਿਆਂ ਦੇ ਦੀਵੇ ਬਰੂਹਾਂ ਵਿਚ ਬਾਲ ਲਏ ਸਨ। ਇਹ ਕੌਣ ਗਾ ਰਿਹਾ ਸੀ?

ਮੋਨਕਾ ਤੁਰੀ ਜਾ ਰਹੀ ਸੀ।

ਪਿਛਲੇ ਪਾਸਿਉਂ, ਪਹਾੜੀ ਦੇ ਮੋੜ ਤੋਂ ਪਰੇ ਇਕ ਹਾਰਨ ਦੀ ਆਵਾਜ਼ ਆਈ। ਇੰਜਨ ਦੀ ਗੜਗੜਾਹਟ ਵੀ ਸੁਣਾਈ ਦਿਤੀ। ਬਸ ਤਾਂ ਐਸ ਵੇਲੇ ਕਿਥੇ ਹੋਣੀ ਏ। ਅਖ਼ੀਰਲੀ ਬੱਸ ਤਾਂ ਨਿਸ਼ਾਤ ਤੋਂ ਡੇਢ ਘੰਟਾ ਪਹਿਲਾਂ ਚਲੀ ਸੀ, ਤੇ ਹੁਣ ਤੇ...ਮੋਨਕਾ



ਨੇ ਘੜੀ ਵਲ ਨੀਝ ਲਾ ਕੇ ਵੇਖਿਆ। ਹਨੇਰੇ ਵਿਚ ਸੂਈਆਂ ਨਹੀਂ ਦਿੱਸੀਆਂ। ਪਤਾ ਨਹੀਂ ਕਿੰਨੇ ਵਜੇ ਨੇ...।

ਮੋਨਕਾ ਦੇ ਪੈਰ ਧਰਤੀ ਦਾ ਠੋਸ ਛੁਹ ਮਹਿਸੂਸ ਕਰ ਰਹੇ ਸਨ।

ਪਿਛਲੇ ਪਾਸਿਉਂ ਮੋਟਰ ਦੀ ਆਵਾਜ਼ ਆ ਰਹੀ ਸੀ।

—ਪਤਾ ਨਹੀਂ ਇਹ ਮੋਟਰ ਅਜੇ ਕਿੰਨੀ ਦੂਰ ਏ! ਕਮਬਖ਼ਤ ਕਿੰਜ ਖ਼ਾਮੋਸ਼ੀ ਨੂੰ ਤੋੜ ਦਿਤਾ ਸੂ! ਕੱਚ ਵਾਂਗੂੰ!

— ਤੇ ਏਸ ਸੁਨਸਾਨ ਜੰਗਲ ਵਿਚ ਪਹਾੜਾਂ ਦੀਆਂ ਵੱਖੀਆਂ ਨਾਲ ਆਵਾਜ਼ ਕਿੰਜ ਟਕਰਾਂਦੀ ਏ।

ਅਚਾਨਕ ਪਿਛਲੇ ਪਾਸਿਉਂ ਤੇਜ਼ ਰੌਸ਼ਨ ਆਈ। ਮੋਨਕਾ ਡੱਲ ਦੇ ਕਿਨਾਰੇ ਬਣੀ ਛੋਟੀ ਜਿਹੀ ਦੀਵਾਰ ਦੇ ਨਾਲ ਹੋ ਕੇ ਤੁਰਦੀ ਗਈ, ਤੇ ਮੋਟਰ ਇਕ ਸੱਨਾਟੇ ਵਿਚ ਕੋਲੋਂ ਦੀ ਲੰਘ ਗਈ।

'ਚਲੋ, ਛੁੱਟੀ ਹੋਈ,' ਮੋਨਕਾ ਨੇ ਸੋਚਿਆ, ਤੇ ਫੇਰ ਸੜਕ 'ਤੇ ਤੁਰਨ ਲਗੀ!

ਕੁਝ ਦੂਰ ਜਾ ਕੇ ਮੋਟਰ ਹੌਲੀ ਹੋ ਗਈ। ਤੇ ਫੇਰ ਖਲੋ ਗਈ।

— ਸ਼ਾਇਦ ਇਹ ਲੋਕ ਵੀ ਰਾਤ ਦੇ ਹਨੇਰੇ ਵਿਚ ਸੈਰ ਕਰਨ ਦੇ ਸ਼ੌਕੀਨ ਹੋਣਗੇ, ਜਿਸ ਤਰ੍ਹਾਂ ਮੈਂ ਓਸ ਸ਼ਾਮ ਵਾਲੀ ਬੱਸ ਵਿਚ ਨਹੀਂ ਸਾਂ ਚੜ੍ਹੀ।

ਤੇ ਤੁਰਦੀ ਤੁਰਦੀ ਮੋਨਕਾ ਉਸ ਕਾਰ ਦੇ ਕੋਲ ਪਹੁੰਚ ਗਈ। ਕਾਰ ਦੇ ਆਸ ਪਾਸ ਕੋਈ ਵੀ ਸੈਰ ਨਹੀਂ ਸੀ ਕਰ ਰਿਹਾ। ਏਸ ਥਾਂ ਸੜਕ ਦੇ ਇਕ ਪਾਸੇ ਸਿੱਧੇ ਉਤੇ ਵਲ ਜਾਂਦੇ ਪਹਾੜ ਸਨ, ਤੇ ਦੂਜੇ ਪਾਸੇ ਡੱਲ ਦੀ ਛੋਟੀ ਦੀਵਾਰ ਸੀ।

ਮੋਟਰ ਦੇ ਕੋਲੋਂ ਲੰਘਣ ਲਗਿਆਂ ਮੋਨਕਾ ਦੀ ਨਜ਼ਰ ਹਨੇਰੇ ਵਿਚ ਮੋਟਰ ਦੀਆਂ ਬਾਰੀਆਂ ਵਿਚੋਂ ਘੂਰਦੀਆਂ ਕੁਝ ਅੱਖਾਂ ਨਾਲ ਟਕਰਾਈ, ਤੇ ਇਕ ਠੰਢੀ ਕੰਬਣੀ ਉਹਦੀ ਰੀੜ੍ਹ ਦੀ ਹੱਡੀ ਵਿਚੋਂ ਲੰਘ ਗਈ।

ਉਹਦੇ ਕਦਮ ਤੇਜ਼ ਹੋ ਗਏ।

ਉਹਦੀਆਂ ਲੱਤਾਂ ਕੰਬ ਰਹੀਆਂ ਸਨ।

ਕਿਥੇ ਗਿਆ ਉਹ ਹੁਸਨ? ਉਹ ਮਹਿਕ? ਮੋਨਕਾ ਨੂੰ ਕੁਝ ਵੀ ਯਾਦ ਨਹੀਂ ਸੀ। ਘਬਰਾ ਕੇ ਉਸ ਨੇ ਆਪਣੇ ਚਾਰੇ ਪਾਸੇ ਤੱਕਿਆ — ਇਕ ਪਾਸੇ ਦੇਓਆਂ ਵਰਗੇ ਕਾਲੇ ਭਿਆਨਕ ਪਹਾੜ, ਦਿਓਦਾਰਾਂ ਤੇ ਪਾਈਨਾਂ ਦੇ ਜੰਗਲ ਦੀ ਗਰਜਦੀ ਹੋਈ ਹੁੰਕਾਰ, ਤੇ ਦੂਜੇ ਪਾਸੇ ਡੱਲ ਦੇ ਚੌੜੇ ਸੁਰਮਈ ਪਾਣੀ। ਤੇ ਵਿਚ ਇਹ ਸੜਕ—ਉਜਾੜ, ਹਨੇਰੀ, ਦੂਰ ਦੂਰ ਤਕ ਫੈਲੀ ਹੋਈ।

ਮੋਨਕਾ ਨੂੰ ਲਗਾ, ਉਹਦੀ ਪਿੱਠ ਵਿਚ ਉਹ ਮੋਟਰ ਵਿਚੋਂ ਝਾਕਦੀਆਂ ਅੱਖਾਂ ਛੇਕ ਕਰ ਰਹੀਆਂ ਸਨ। ਮੋਨਕਾ ਦੀਆਂ ਤਲੀਆਂ ਪਸੀਨੇ ਨਾਲ ਭਿੱਜ ਗਈਆਂ ਸਨ। ਉਹਦੀ ਪਿੱਠ ਦੀ ਖੱਲ ਜਿਵੇਂ ਤਪ ਰਹੀ ਸੀ ਤੇ ਖੱਲ ਦੇ ਹੇਠਾਂ ਉਹਦਾ ਮਾਸ ਰੀਂਗ ਰਿਹਾ ਸੀ।

'ਓ ਖ਼ੁਦਾ, ਕਿਧਰ ਜਾਵਾਂ?'

ਦੂਰ ਦੂਰ ਤਕ ਕੋਈ ਮਨੁੱਖ ਨਹੀਂ ਸੀ। ਮਾਂਝੀਆਂ ਦੇ ਗੀਤ ਖ਼ਾਮੋਸ਼ ਹੋ ਚੁਕੇ ਸਨ। ਧਾਨ ਦੇ ਖੇਤਾਂ ਦੀ ਮਹਿਕ ਬਹੁਤ ਪਿਛੇ ਰਹਿ ਗਈ ਸੀ।

ਉਹ ਮੋਟਰ ਫੇਰ ਫ਼ੁਲ ਲਾਈਟ ਨਾਲ ਉਹਦੇ ਕੋਲੋਂ ਘੂਕਦੀ ਹੋਈ ਲੰਘੀ। ਥੋੜ੍ਹੀ ਦੂਰ ਜਾ ਕੇ ਖਲੋ ਗਈ। ਤੇ ਫੇਰ ਤੇਜ਼ੀ ਨਾਲ ਬੈਕ ਹੋਈ।

ਮੋਨਕਾ ਨੂੰ ਲਗਾ, ਉਹਦੀ ਛਾਤੀ ਵਿਚੋਂ ਕੁਝ ਉੱਛਲ ਕੇ ਉਹਦੇ ਸੰਘ ਵਿਚ ਅੜ ਗਿਆ ਸੀ।

'ਜੇ ਡੱਲ ਵਿਚ ਛਾਲ ਮਾਰ ਦਿਆਂ...'

ਉਹ ਚੁੱਪ ਚਾਪ ਖੜੋ ਗਈ। ਇਕ ਗੋਡਾ ਉਹਨੇ ਡੱਲ ਦੀ ਦੀਵਾਰ 'ਤੇ ਰੱਖ ਲਿਆ ਜੇ ਕੋਈ ਮੋਟਰ ਵਿਚੋਂ ਉਤਰਿਆ ਤਾਂ ਉਹ ਡੱਲ ਵਿਚ ਕੁੱਦ ਜਾਏਗੀ, ਬੱਸ।

ਮੋਟਰ ਬੈਕ ਹੋ ਕੇ, ਉਹਦੇ ਕੋਲੋਂ ਪਿਛੇ ਵੱਲ ਨੂੰ ਲੰਘ ਗਈ।

ਮੋਨਕਾ ਇਕ ਦਮ ਦੌੜ ਪਈ। ਇਕ ਸਹਿਮੇ ਹੋਏ, ਡਰੇ ਹੋਏ ਖ਼ਰਗੋਸ਼ ਵਾਂਗੂ...

ਸੜਕ ਪਹਾੜ ਦੀ ਵੱਖੀ ਕੋਲੋਂ ਮੁੜ ਗਈ। ਤੇ ਮੋਨਕਾ ਨੇ ਤੱਕਿਆ, ਥੋੜ੍ਹੀ ਜਿਹੀ ਦੂਰ ਡੱਲ ਦੇ ਕਿਨਾਰੇ ਦੋ ਚਾਰ ਰੌਸ਼ਨੀਆਂ ਦਿਖਾਈ ਦੇ ਰਹੀਆਂ ਸਨ, ਤੇ ਕੁਝ ਤੀਵੀਆਂ ਮਰਦਾਂ ਦੀ ਗੱਲਾਂ ਕਰਨ ਦੀ ਮੱਧਮ ਜਿਹੀ ਆਵਾਜ਼ ਆ ਰਹੀ ਸੀ — ਸ਼ਾਇਦ ਇਹ ਮਾਛੀਆਂ ਦੇ ਡੋਂਗੇ ਸਨ, ਜਿਹੜੇ ਰਾਤ ਬਿਤਾਣ ਲਈ ਏਥੇ ਠਹਿਰ ਗਏ ਸਨ।

ਉਹ ਮੋਟਰ ਹੌਲੀ ਹੌਲੀ ਤੁਰਦੀ ਮੋਨਕਾ ਦੇ ਨਾਲ ਨਾਲ ਤੁਰਨ ਲਗੀ। ਇਕ ਤੇਜ਼ ਹਵਾੜ੍ਹ..., "ਆ ਜਾ ਮੇਰੀ ਜਾਨ", "ਜਾਨੇ ਮਨ", ਪਤਾ ਨਹੀਂ ਕੀ ਕੀ ਉਹ ਲੋਕ ਬੋਲ ਰਹੇ ਸਨ।

ਮੋਨਕਾ ਨੂੰ ਸਭ ਕੁਝ ਵਿੱਸਰ ਗਿਆ — ਆਪਣਾ ਤੇਜ਼ ਦੌੜਨਾ, ਤੇ ਹਉਂਕਦਾ ਸਾਹ, ਸਭ ਭੁੱਲ ਗਿਆ। ਸਾਰੀ ਦੁਨੀਆਂ, ਸਾਰੀ ਹਸਤੀ, ਸਾਰੀ ਖ਼ੁਦਾਈ ਸੁੰਗੜ ਕੇ ਉਹ ਪਰੇ ਟਿਮਟਿਮਾ ਰਹੀਆਂ ਦੋ ਤਿੰਨ ਬੱਤੀਆਂ ਤੇ ਗੱਲਾਂ ਦੀਆਂ ਉਭਰ ਰਹੀਆਂ ਆਵਾਜ਼ਾਂ ਵਿਚ ਸਿਮਟ ਗਈ।

ਮੋਨਕਾ ਉਹਨਾਂ ਡੋਂਗਿਆਂ ਦੇ ਕੋਲ ਪਹੁੰਚ ਗਈ। ਤੇ ਉਹ ਮੋਟਰ ਵੀ ਤੇਜ਼ੀ ਨਾਲ ਉਹਦੇ ਤੋਂ ਅੱਗੇ ਨਿਕਲ ਗਈ।

ਤੇ ਮੋਨਕਾ ਨੂੰ ਆਪਣੇ ਆਪ ਦੀ ਹੋਸ਼ ਪਰਤੀ। ਉਹਦਾ ਸਾਹ, ਕੰਬਦੀਆਂ ਹੋਈਆਂ ਲੱਤਾਂ, ਰੀਂਗਦੀਆਂ ਹੋਈਆਂ ਪਸੀਨੇ ਦੀਆਂ ਬੂੰਦਾਂ, ਸੰਘ ਵਿਚ ਅੜਿਆ ਖਲੋਤਾ ਦਿਲ, ਤੇ ਕੰਬਦਾ ਜਿਸਮ।

ਉਹਨੇ ਡੋਂਗੇ ਵਾਲਿਆਂ ਨੂੰ ਕਿਹਾ, ਤੇ ਇਕ ਜਣਾ ਸਿਰੀਨਗਰ ਜਾਣ ਲਈ ਮੰਨ ਗਿਆ। ਮੋਨਕਾ ਉਹਦੇ ਵਿਚ ਜਾ ਬੈਠੀ, ਤੇ ਡੋਂਗਾ ਡੱਲ ਦੇ ਉਤੇ ਤਿਲਕਣ ਲਗਾ।

ਮੋਨਕਾ ਕੁਝ ਚਿਰ ਚੁੱਪ ਚਾਪ ਅੱਖਾਂ ਮੀਟ ਕੇ ਬੈਠੀ ਰਹੀ। ਫੇਰ ਉਹਨੇ ਹੌਲੀ ਜਿਹੀ ਅੱਖਾਂ ਖੋਲ੍ਹ ਕੇ ਆਪਣੇ ਚਾਰੇ ਪਾਸੇ ਤੱਕਿਆ।



ਆਸਮਾਨ 'ਤੇ ਜਿਹੜਾ ਕਾਰਵਾਂ ਰੁਕ ਗਿਆ ਸੀ, ਉਹਦੇ ਤੰਬੂ ਜਿਵੇਂ ਸੜ ਚੁਕੇ ਸਨ, ਤੇ ਉਹਨਾਂ ਦੀ ਸੁਆਹ ਉੱਡ ਉੱਡ ਕੇ ਖਿੱਲਰ ਰਹੀ ਸੀ।

ਚਾਂਦਨੀ ਠੰਢੀ ਅੱਗ ਵਾਂਗੂੰ ਸੁਲਗ ਰਹੀ ਸੀ।

ਰਾਤ ਦੇ ਹਨੇਰੇ ਵਿਚ ਸੁੱਤੇ ਜੰਗਲਾਂ ਤੇ ਪਾਣੀਆਂ ਦੀ ਮਹਿਕ ਮਰ ਗਈ ਸੀ।

ਮੋਨਕਾ ਨੇ ਚੁੱਪ ਚਾਪ ਅੱਖਾਂ ਬੰਦ ਕਰ ਲਈਆਂ।

# ਸੂਲੀ ਉਤੇ ਲਟਕੇ ਪਲ

ਸਵੇਰੇ ਜਦੋਂ ਉਹ ਸੁੱਤੀ ਉਠੀ, ਤਾਂ ਕਰੁਣਾ ਨੂੰ ਸਮਝ ਨਹੀਂ ਸੀ ਆ ਰਹੀ, ਅੱਜ ਦਾ ਦਿਨ ਉਹ ਲੀਨੂੰ ਨਾਲ ਕਿੰਜ ਬਿਤਾਵੇ ।

ਐਤਵਾਰ ਸੀ । ਕਰੁਣਾ ਦਾ ਮਨ ਬਿਸਤਰੇ ਵਿਚੋਂ ਉੱਠਣ 'ਤੇ ਨਹੀਂ ਸੀ ਕਰਦਾ । ਇਕ ਅਜੀਬ ਅੱਧ-ਹੋਸ਼ੀ, ਇਕ ਅਜੀਬ ਸਿਥਲਤਾ ਉਹਦੇ ਅੰਗ ਅੰਗ ਉਤੇ ਕਾਈ ਵਾਂਗੂੰ ਜੰਮ ਗਈ ਸੀ ।

ਕਿੰਨੀਆਂ ਹੀ ਰਾਤਾਂ ਹੋ ਗਈਆਂ ਸਨ, ਖੁਭ ਕੇ ਨੀਂਦਰ ਨਹੀਂ ਸੀ ਆਈ ਉਹਨੂੰ । ਰੋਜ਼ ਸਵੇਰੇ ਜਦੋਂ ਉਹ ਬਿਸਤਰੇ ਵਿਚੋਂ ਓਠਦੀ, ਉਹਨੂੰ ਲਗਦਾ ਮੀਲਾਂ ਦੇ ਮੀਲ ਸਾਰੀ ਰਾਤ ਉਹ ਤੁਰਦੀ ਰਹੀ ਸੀ । ਸੱਤੀਂ ਸਵੇਰੀਂ ਜਦੋਂ ਲੋਕ ਹੌਲੇ ਫੁੱਲ ਹੋ ਕੇ ਜਾਗਦੇ, ਉਹ ਮਣਾਂ-ਮੂੰਹੀਂ ਥਕਾਵਟ ਨਾਲ ਲੱਦੀ ਹੋਈ ਜਾਗਦੀ ।

ਤੇ ਅੱਜ ਰਾਤ ਤਾਂ ਨੀਂਦਰ ਉਹਨੂੰ ਉੱਕਾ ਹੀ ਨਹੀਂ ਸੀ ਆਈ । ਪ੍ਰਭਾਤ ਵੇਲੇ ਕੁੱਕੜ ਬੋਲਦੇ ਉਹਨੇ ਸੁਣੇ ਸਨ । ਹੌਲੀ ਜਿਹੀ ਉਠ ਕੇ ਉਹ ਲੀਨੂੰ ਦੀ ਮੰਜੀ ਉਤੇ ਜਾ ਕੇ ਲੇਟ ਗਈ ਸੀ, ਤੇ ਉਹਨੂੰ ਸੁੱਤੀ ਪਈ ਨੂੰ ਵੇਖਦੀ ਰਹੀ । ਫੇਰ ਉਹਨੇ ਉਹਦੀ ਛੋਟੀ ਜਿਹੀ ਗੋਲ ਗਲ੍ਹ ਨਾਲ ਆਪਨੀ ਗਲ੍ਹ ਜੋੜੀ, ਤੇ ਪਤਾ ਨਹੀਂ ਕਿਸ ਵੇਲੇ ਉਹਦੀ ਅੱਖ ਲਗ ਗਈ ।

ਸਵੇਰੇ ਜਾਗੀ, ਤਾਂ ਕਰੁਣਾ ਸੋਚਣ ਲਗੀ, ਅੱਜ ਦਾ ਦਿਨ ਕਿਸ ਤਰ੍ਹਾਂ ਬਿਤਾਵੇ । ਸੁੱਤੀ ਰਹੇ ? ਲੇਟੀ ਰਹੇ ? ਜਾਂ ਉਠ ਜਾਏ ?

ਬੜੀ ਦੇਰ ਉਹ ਉਸੇ ਤਰ੍ਹਾਂ ਲੇਟੀ ਰਹੀ । ਲੀਨੂੰ ਦੇ ਪਧਰੇ ਆਉਂਦੇ ਜਾਂਦੇ ਸਾਹਾਂ ਨੂੰ ਸੁਣਦੀ ਰਹੀ ਸੀ । ਉਹਦੀ ਨੌਕਰਾਣੀ ਨੇ ਜਦੋਂ ਗਰਮ ਪਿਆਲਾ ਚਾਹ ਦਾ ਲਿਆ ਕੇ ਉਹਦੇ ਕੋਲ ਛੋਟੇ ਮੇਜ਼ ਉੱਤੇ ਰਖ ਦਿਤਾ, ਤਾਂ ਉਹ ਉਠ ਬੈਠੀ ।

"ਬੀਬੀ, ਆਜ ਕਾ ਬਾਤ ਹੋਈ ? ਉਠੋਂਗੀ ਨਾਹੀਂ ?"

"ਕੁਝ ਨਹੀਂ ਕਟੋਰੀਆ । ਬਸ, ਅੱਜ ਐਤਵਾਰ ਏ ਨਾ..."

— ਅੱਜ ਐਤਵਾਰ ਏ ਤੇ ਕਲ੍ਹ ਸੋਮਵਾਰ । ਤੇ ਸੋਮਵਾਰ ਸਵੇਰੇ ਹੀ...

— ਬੱਸ, ਬੱਸ । ਬੱਸ ਕੁਝ ਨਾ ਸੋਚ ! ਕੁਝ ਨਾ ਸੋਚ ! — ਉਹਦੇ ਅੰਦਰੋਂ ਕੁਝ ਚੀਕਿਆ ।



ਚਾਹ ਦਾ ਕੱਪ ਖ਼ਤਮ ਕਰ ਕੇ ਉਹਨੇ ਵਾਪਸ ਮੇਜ਼ ਉਤੇ ਰਖ ਦਿਤਾ ।

ਉਹਨੂੰ ਲਗਾ ਉਹਦੇ ਸਿਰ ਵਿਚ ਕਿਸੇ ਹਨੇਰੀ ਦੇ ਵਗਣ ਦਾ ਸ਼ੋਰ ਏ, ਘੱਟੇ ਦਾ ਗ਼ੁਬਾਰ । ਦੂਰੋਂ ਆਉਂਦੀ ਹੁੰਕਾਰ, ਤੇ ਬਸ ਕੁਝ ਦਿਸਦਾ ਨਹੀਂ, ਕੁਝ ਸੁਣਦਾ ਨਹੀਂ ।

— ਅੱਜ ਐਤਵਾਰ ਏ, ਤੇ ਕਲ੍ਹ ਸੋਮਵਾਰ, ਤੇ ਸੋਮਵਾਰ ਸਵੇਰੇ...

ਕਰੁਣਾ ਨੇ ਘੜੀ ਵਲ ਤਕਿਆ । ਸਾਢੇ ਅੱਠ ਵਜੇ ਸਨ । ਕਲ੍ਹ ਦਸ ਵਜੇ ਤੋਂ ਮਗਰੋਂ ਕਿਸੇ ਵੇਲੇ ਵੀ...ਕਿਸੇ ਵੇਲੇ ਵੀ...। ਅਸਲ ਵਿਚ ਸਾਢੇ ਪੰਝੀ ਘੰਟੇ ਹੀ ਕੋਲ ਸਨ, ਬੱਸ ।

ਤੇ ਕਰੁਣਾ ਨੇ ਲੀਨੂੰ ਦੇ ਮੂੰਹ ਵਲ ਤਕਿਆ । ਲੀਨੂੰ ਦੀਆਂ ਕਾਲੀਆਂ ਲੰਮੀਆਂ ਰੇਸ਼ਮੀ ਪਲਕਾਂ ਉਹਦੀਆਂ ਗੋਲ ਗਲ੍ਹਾਂ ਦੇ ਕਿਨਾਰੇ ਉਤੇ ਹਲਕੀ ਜਿਹੀ ਛਾਂ ਕਰ ਰਹੀਆਂ ਸਨ । ਉਹਦੇ ਵਾਲਾਂ ਦੇ ਦੋ ਤਿੰਨ ਘੁੰਗਰ ਉਹਦੇ ਮੱਥੇ ਉਤੇ ਪਲਮ ਆਏ ਸਨ । ਤੇ ਕਰੁਣਾ ਨੂੰ ਮਿਸਿਜ਼ ਦੀਵਾਨ ਦੀ ਗੱਲ ਯਾਦ ਆ ਗਈ, "ਹਾਏ ਜੇ ਤੇਰੀ ਧੀ ਬਸ ਛੇ ਸੱਤ ਸਾਲ ਹੋਰ ਵੱਡੀ ਹੁੰਦੀ, ਤਾਂ ਮੈਂ ਆਪਨੇ ਲਲਿਤ ਲਈ ਇਹਨੂੰ ਬਹੂ ਬਣਾ ਕੇ ਲੈ ਆਉਂਦੀ । ਲੀਨੂੰ ਬੇਟਾ, ਤੂੰ ਸੱਤ ਅੱਠ ਵਰ੍ਹੇ ਪਹਿਲਾਂ ਕਿਉਂ ਨਹੀਂ ਸੀ ਜੰਮੀ ?"

ਤੇ ਲੀਨੂੰ ਸ਼ਰਮਾ ਕੇ ਆਖਦੀ, "ਪਤਾ ਨਹੀਂ ਆਂਟੀ, ਇਹ ਤੇ ਮੇਰੀ ਅੰਮੀ ਨੂੰ ਪਤਾ ਏ । ਦੱਸ, ਅੰਮੀਂ ?"

ਪਤਾ ਨਹੀਂ ਕੀ ਸੀ, ਮੁਸਕਰਾਹਟ ਸੀ, ਕਿ ਕੋਈ ਅੱਥਰੂ ਸੀ, ਕਿ ਕੋਈ ਸਾਹ ਸੀ ਜਿਹੜਾ ਕਰੁਣਾ ਦੇ ਸੰਘ ਵਿਚ ਆ ਕੇ ਅੜ ਗਿਆ । ਕਰੁਣਾ ਨੇ ਇਕ ਖ਼ਾਲੀ ਘੁੱਟ ਭਰਿਆ, ਸੰਘੋਂ ਹੇਠਾਂ ਕਿਸੇ ਚੀਜ਼ ਨੂੰ ਲੰਘਾਣ ਦੀ ਕੋਸ਼ਿਸ਼ ਕੀਤੀ ।

ਕਰੁਣਾ ਬੇ-ਧਿਆਨੇ ਅਖ਼ਬਾਰ ਵੇਖਣ ਲਗੀ । ਸਪਰੂ ਹਾਊਸ ਵਿਚ ਬੱਚਿਆਂ ਦੀਆਂ ਦੋ ਚੰਗੀਆਂ ਫ਼ਿਲਮਾਂ ਲਗੀਆਂ ਹੋਈਆਂ ਸਨ । ਹਾਂ, ਇਹ ਠੀਕ ਏ, ਲੀਨੂੰ ਨੂੰ ਲੈ ਜਾਨੀ ਆਂ । ਫੇਰ ਪਤਾ ਨਹੀਂ...

ਕਰੁਣਾ ਨੇ ਲੀਨੂੰ ਨੂੰ ਉਠਾਇਆ ; ਤਿਆਰ ਕੀਤਾ ।

ਲੀਨੂੰ ਨੇ ਕਿਹਾ, "ਅੰਮੀਂ, ਕਿਹੜਾ ਫ਼ਰਾਕ ਪਾਵਾਂ ?"

ਕਰੁਣਾ ਨੇ ਅਲਮਾਰੀ ਖੋਲ੍ਹ ਦਿਤੀ । ਲੀਨੂੰ ਦੇ ਫ਼ਰਾਕ, ਤੇ ਸਕਰਟਾਂ ਬਲਾਊਜ਼ ਹੈਂਗਰਾਂ ਉਤੇ ਟੰਗੇ ਹੋਏ ਸਨ । ਕਰੁਣਾ ਦੇ ਆਪਨੇ ਕਪੜੇ, ਬਸ ਥੋੜ੍ਹੇ ਜਿਹੇ ਹੀ ਸਨ । ਬਾਕੀ ਸਾਰੇ ਲੀਨੂੰ ਦੇ ਸਨ । ਕਰੁਣਾ ਨੇ ਕਿਹਾ, "ਜਿਹੜਾ ਤੈਨੂੰ ਪਸੰਦ ਏ, ਪਾ ਲੈ ।"

ਲੀਨੂੰ ਦੇ ਮੂੰਹ ਉਤੇ ਇਕ ਹਲਕਾ ਜਿਹਾ ਪਰਛਾਵਾਂ ਆਇਆ । ਉਹਨੇ ਆਪਨੀ ਮਾਂ ਦੇ ਮੂੰਹ ਵਲ ਤਕਿਆ । ਕਰੁਣਾ ਦੂਜੇ ਪਾਸੇ ਤਕਣ ਲਗੀ ; ਦੋ ਕਦਮ ਓਧਰ ਹੋ ਕੇ ਮੇਜ਼ ਤੋਂ ਐਵੇਂ ਹੀ ਕੋਈ ਕਿਤਾਬ ਚੁਕ ਕੇ ਸਿੱਧੀ ਕਰ ਕੇ ਰਖਣ ਲਗ ਪਈ । ਪਿਛੇ ਹੋ ਰਹੀ ਖੜਰ-ਪਟਰ ਤੋਂ ਉਹਨੇ ਅੰਦਾਜ਼ਾ ਲਾਇਆ ਕਿ ਲੀਨੂੰ ਹੈਂਗਰ ਤੋਂ ਕੋਈ ਕਪੜਾ ਲਾਹ ਰਹੀ ਸੀ । ਕਰੁਣਾ ਨੇ ਤਕਿਆ, ਉਹਨੇ ਕਾਲਾ ਸ਼ੀਸ਼ਿਆਂ ਵਾਲਾ ਸਕਰਟ ਲਾਹਿਆ

ਸੀ, ਤੇ ਗਾੜ੍ਹੇ ਪੀਲੇ ਰੰਗ ਦਾ ਹੈਂਡਲੂਮ ਸਿਲਕ ਦਾ ਬਲਾਊਜ਼।

ਚੁਪਚਾਪ ਕਪੜੇ ਹੱਥ ਵਿਚ ਫੜ ਕੇ ਲੀਨੂੰ ਦੂਜੇ ਕਮਰੇ ਵਿਚ ਚਲੀ ਗਈ।

ਕੁਝ ਚਿਰ ਤੋਂ ਉਹ ਕਪੜੇ ਕਰੁਣਾ ਦੇ ਸਾਹਮਣੇ ਨਹੀਂ ਸੀ ਬਦਲਦੀ। ਕਰੁਣਾ ਸੋਚਦੀ, ਲੀਨੂੰ ਨੂੰ ਵੀ ਅਹਿਸਾਸ ਹੋ ਰਿਹਾ ਏ ਕਿ ਉਹ ਵਡੀ ਹੋ ਗਈ ਏ। ਪਗਲੀ, ਮਾਂ ਕੋਲੋਂ ਵੀ ਸ਼ਰਮ ਆਉਣ ਲਗ ਪਈ ਏ ਇਸ ਨੂੰ,—ਤੇ ਕਰੁਣਾ ਲਈ ਓਸ ਪਲ ਦੀ ਔਖ ਰਤਾ ਘਟ ਗਈ।

ਕਰੁਣਾ ਹਾਲੀ ਓਸੇ ਤਰ੍ਹਾਂ ਮੇਜ਼ ਦੇ ਨੇੜੇ ਚੁੱਪਚਾਪ ਖੜੋਤੀ ਸੀ ਕਿ ਲੀਨੂੰ ਕਪੜੇ ਬਦਲ ਕੇ ਆ ਗਈ'। ਅੱਜ ਕਰੁਣਾ ਨੂੰ ਉਹ ਅਗੇ ਨਾਲੋਂ ਵਡੀ ਲਗੀ, ਅਗੇ ਨਾਲੋਂ ਲੰਮੀ ਲਗੀ।

ਕਟੋਰੀ ਮੇਜ਼ ਉਤੇ ਚਾਹ ਰਖ ਗਈ ਸੀ। ਕਰੁਣਾ ਨੇ ਕਿਹਾ, ''ਲੀਨੂੰ ਦੋ ਕੱਪ ਬਣਾ ਛੇਤੀ ਨਾਲ, ਮੈਂ ਆਉਨੀ ਆਂ।'' ਉਹ ਜਿਵੇਂ ਲੀਨੂੰ ਤੋਂ ਆਪਣੇ ਮੂੰਹ ਉਤੇ ਆਏ ਪਰਛਾਵੇਂ ਲੁਕਾ ਲੈਣਾ ਚਾਹੁੰਦੀ ਸੀ।

ਮੇਜ਼ ਉਤੇ ਬੈਠੀ ਕਰੁਣਾ ਆਪਣੇ ਕੱਪ ਵਿਚ ਚਮਚਾ ਹਿਲਾ ਰਹੀ ਸੀ, ਭਾਵੇਂ ਉਹਨੂੰ ਪਤਾ ਸੀ ਕਿ ਅੱਧਾ ਚਮਚਾ ਖੰਡ ਚਰੋਕਣੀ ਘੁਲ ਚੁਕੀ ਹੋਵੇਗੀ। ਲੀਨੂੰ ਪਰੌਂਠਾ ਤੇ ਮੱਖਣ ਖਾ ਰਹੀ ਸੀ। ਅਚਾਨਕ ਕਰੁਣਾ ਨੂੰ ਲਗਾ ਕਿ ਲੀਨੂੰ ਵੀ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰ ਰਹੀ ਸੀ ਕਿ ਉਹਦੇ ਮੂੰਹ ਉਤੇ ਕੋਈ ਪਰਛਾਵਾਂ ਨਾ ਆਵੇ।

ਕਰੁਣਾ ਨੂੰ ਲਗਾ, ਜਿਵੇਂ ਲੀਨੂੰ ਕੁਝ ਦਿਨਾਂ ਵਿਚ ਹੀ ਵੱਡੀ ਹੋ ਗਈ ਹੋਵੇ, ਉਹਦੇ ਆਪਣੇ ਹਾਣ ਦੀ ਹੋ ਗਈ ਹੋਵੇ। ਦੋ ਹਾਣ ਦੀਆਂ ਕੁੜੀਆਂ, ਦੋ ਹਾਣ ਦੀਆਂ ਔਰਤਾਂ ਸਨ ਉਹ। ਤੇ ਇਕ ਬੋਲ ਸੀ ਜਿਸ ਨੂੰ ਦੋਵੇਂ ਨਹੀਂ ਸਨ ਬੋਲ ਰਹੀਆਂ। ਤੇ ਦੋਵੇਂ ਇਕ ਦੂਜੀ ਦਾ ਦਿਲ ਰਖਣ ਲਈ ਮਾਸੂਮ ਜਿਹੀ ਐਕਟਿੰਗ ਕਰ ਰਹੀਆਂ ਸਨ।

''ਲੀਨੂੰ ਮੱਖਣ ਹੋਰ ਲੈ।''

''ਦੇ ਦਿਓ, ਅੰਮੀ,'' ਸਿਰਫ਼ ਅੰਮੀ ਨੂੰ ਰਿਝਾਣ ਲਈ ਹੀ ਜਿਵੇਂ ਉਹ ਮੱਖਣ ਖਾ ਰਹੀ ਸੀ।

''ਲੀਨੂੰ ਤੇਰੇ ਦੁੱਧ ਦੇ ਕੱਪ ਵਿਚ ਓਵਲਟੀਨ ਪਾ ਦਿਆਂ?''

''ਪਾ ਦਿਓ, ਅੰਮੀ।''

—ਤੇ ਕਲ੍ਹ ਪਤਾ ਨਹੀਂ—ਕਰੁਣਾ ਨੇ ਅਗੋਂ ਸੋਚਣੋਂ ਆਪਣੇ ਆਪ ਨੂੰ ਪੂਰੇ ਜ਼ੋਰ ਨਾਲ ਵਰਜਿਆ।

ਤਿਆਰ ਹੋ ਕੇ ਦੋਵੇਂ ਸਪਰੂ ਹਾਊਸ ਪਹੁੰਚੀਆਂ। ਕਰੁਣਾ ਹਾਲ ਦੇ ਹਨੇਰੇ ਦੀ, ਫ਼ਿਲਮ ਦੀ ਧਨਵਾਦੀ ਸੀ। ਫ਼ਿਲਮ ਤੇ ਹਨੇਰਾ ਉਹਨਾਂ ਸਾਢੇ ਪੰਜੀਆਂ ਘੰਟਿਆਂ ਦੇ ਇਕ ਟੁਕੜੇ ਨੂੰ ਭਰ ਰਹੇ ਸਨ।

ਫ਼ਿਲਮ ਤੋਂ ਮਗਰੋਂ ਉਹ ਕੁਈਨਜ਼ਵੇ ਗਈਆਂ। ਕਰੁਣਾ ਨੇ ਲੀਨੂੰ ਨੂੰ ਜੈਪੁਰ



ਦੀਆਂ ਮੋਤੀਆਂ ਵਾਲੀਆਂ ਮੋਟੀਆਂ ਚੂੜੀਆਂ ਲੈ ਦਿਤੀਆਂ। ਇਕ ਕਹਾਣੀਆਂ ਦੀ ਕਿਤਾਬ ਲੈ ਦਿਤੀ।

''ਖਾਏਂਗੀ ਕੀ, ਲੀਨੂੰ?''

''ਕੁਝ ਨਹੀਂ, ਅੰਮੀ!''

ਪਰ ਲੀਨੂੰ ਨੇ ਜਦੋਂ ਇਹ ਕਹਿ ਕੇ ਆਪਣੀ ਮਾਂ ਦੇ ਮੂੰਹ ਵਲ ਤਕਿਆ, ਤਾਂ ਉਹਦੇ ਮੂੰਹ ਉਤੇ ਪਤਾ ਨਹੀਂ ਕੀ ਸੀ, ਲੀਨੂੰ ਨੇ ਝਟ ਕਿਹਾ,

''ਅੰਮੀਂ ਕਵਾਲਿਟੀ ਲੈ ਚਲੋਗੇ? ਡਬਲ ਸੰਡੇ ਖਾਵਾਂਗੇ।''

ਲੀਨੂੰ ਨੇ ਡਬਲ ਸੰਡੇ ਲਿਆ, ਤੇ ਕਰੁਣਾ ਨੇ ਕਾਫ਼ੀ ਦਾ ਕੱਪ।

ਇਕ ਔਖੀ ਜਿਹੀ ਚੁੱਪ ਟੇਬਲ ਦੇ ਉਤੇ, ਟੇਬਲ ਦੇ ਆਲੇ ਦੁਆਲੇ ਮੰਡਲਾਂਦੀ ਰਹੀ। ਬੇ-ਮਤਲਬ ਉਹ ਦੋਵੇਂ ਹੋਰਨਾਂ ਲੋਕਾਂ ਵਲ ਤੇ ਏਧਰ ਓਧਰ ਵੇਖਦੀਆਂ ਰਹੀਆਂ।

ਸ਼ਾਮ ਹੋ ਚੱਲੀ ਸੀ। ਕਨਾਟ ਪਲੇਸ ਦੀ ਚਹਿਲ-ਪਹਿਲ ਵਧਦੀ ਜਾ ਰਹੀ ਸੀ। ਥੋੜ੍ਹਾ ਜਿਹਾ ਟੁਰ ਕੇ ਕਰੁਣਾ ਨੇ ਲੀਨੂੰ ਕੋਲੋਂ ਪੁੱਛਿਆ, ''ਹੁਣ ਘਰ ਚਲੀਏ, ਕਿ ਹੋਰ ਕਿਧਰੇ ਚਲੀਏ?''

ਲੀਨੂੰ ਨੇ ਰਤਾ ਸੋਚ ਕੇ ਕਿਹਾ, ''ਅੰਮੀ', ਮੈਂ ਰਜਨੀ ਨੂੰ ਮਿਲ ਲਵਾਂ?''

ਕਰੁਣਾ ਤ੍ਰਭਕੀ—'ਮਿਲ ਲਵਾਂ'...ਤਾਂ ਕੀ ਉਹਨੂੰ ਵੀ ਡਰ ਸੀ, ਕਿ ਕਿਤੇ... ਕਿਤੇ...

ਆਪਣੇ ਆਪ ਨੂੰ ਕਰੁਣਾ ਨੇ ਸੰਭਾਲਿਆ, ''ਹਾਂ ਹਾਂ ਜ਼ਰੂਰ! ਹੁਣੇ ਚਲਨੇ ਆਂ।''

ਰਜਨੀ ਜਦੋਂ ਲੀਨੂੰ ਨੂੰ ਆਪਣੇ ਕਮਰੇ ਵਿਚ ਲੈ ਗਈ, ਤਾਂ ਰਜਨੀ ਦੀ ਮਾਂ ਨੇ ਬੜੀ ਰਾਜ਼ਦਾਰੀ ਨਾਲ ਕਰੁਣਾ ਦੇ ਕੋਲ ਸੋਫ਼ੇ ਉਤੇ ਬਹਿ ਕੇ ਪੁਛਿਆ ''ਮੈਂ ਸੁਣਿਆ ਏ ਕਿ...''

ਕਰੁਣਾ ਨੂੰ ਏਸ ਤਰ੍ਹਾਂ ਦੀ ਰਾਜ਼ਦਾਰੀ ਨਾਲ, ਏਸ ਤਰ੍ਹਾਂ ਦੀ ਹਮਦਰਦੀ ਨਾਲ ਚਿੜ੍ਹ ਸੀ। ਉਹਨੂੰ ਕਿਸੇ ਅਗੇ ਆਪਣਾ ਦੁਖ ਫੋਲ ਕੇ ਬਹਿ ਜਾਣਾ ਇਸ ਤਰ੍ਹਾਂ ਲਗਦਾ ਸੀ ਜਿਵੇਂ ਕਈ ਭਿਖਾਰੀ ਰਾਹ ਜਾਂਦਿਆਂ ਸਾਹਮਣੇ ਆਪਣੇ ਕੋਹੜ ਵਾਲੇ ਅੰਗ ਦਾ ਵਿਖਾਲਾ ਪਾ ਕੇ ਭੀਖ ਮੰਗ ਰਿਹਾ ਹੋਵੇ।

ਉਹਦਾ ਜੀਅ ਕੀਤਾ, ਉਹ ਓਥੋਂ ਉਠ ਜਾਏ। ਪਰ ਇਹ ਹੋ ਨਹੀਂ ਸੀ ਸਕਦਾ। ਸੋ ਉਹਨੇ ਝਟਪਟ ਰਜਨੀ ਦੀ ਮਾਂ ਦੀ ਗੱਲ ਕੱਟ ਕੇ ਕਿਹਾ, ''ਹਾਂ, ਕਲ੍ਹ ਫ਼ੈਸਲਾ ਹੋਏਗਾ।''

''ਤਰੀਕ ਏ ਕਲ੍ਹ?'' ਰਜਨੀ ਦੀ ਮਾਂ ਗੱਲ ਨੂੰ ਇੰਜ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਨਹੀਂ ਸੀ ਕਰਨਾ ਚਾਹੁੰਦੀ।

''ਹਾਂ, ਕਲ੍ਹ'', ਕਰੁਣਾ ਨੇ ਕੁਝ ਏਸਤਰ੍ਹਾਂ ਕਿਹਾ ਕਿ ਰਜਨੀ ਦੀ ਮਾਂ ਨੂੰ ਅਗੋਂ ਕੁਝ ਪੁਛਣ ਦੀ ਹਿੰਮਤ ਨਾ ਪਈ।

ਹਨੇਰਾ ਹੋ ਰਿਹਾ ਸੀ। ਠੰਢ ਵਧ ਰਹੀ ਸੀ। ਕਰੁਣਾ ਨੇ ਲੀਨੂੰ ਨੂੰ ਵਾਜ ਮਾਰ ਕੇ ਬੁਲਾਇਆ ਤੇ ਕਿਹਾ, ''ਬੇਟਾ, ਵਾਪਸ ਚਲੀਏ ਹੁਣ?''

''ਹਾਂ ਅੰਮੀਂ, ਮੈਂ ਤੇ ਥੱਕ ਵੀ ਗਈ ਆਂ'', ਲੀਨੂੰ ਨੂੰ ਜਿਵੇਂ ਅਚਾਨਕ ਆਪਣੀ ਥਕਾਵਟ ਮਹਿਸੂਸ ਹੋਈ।

ਘਰ ਪਹੁੰਚਦਿਆਂ ਤੱਕ ਰਾਤ ਹੋ ਗਈ।

ਕਟੋਰੀ ਨੇ ਪੁੱਛਿਆ, ''ਰੋਟੀ ਬਨਾ ਦਈਨ ਬੀਬੀ ?''

''ਤੂੰ ਤਵਾ ਚੁਲ੍ਹੇ ਤੇ ਰਖ ਕਟੋਰੀਆਂ, ਮੈਂ ਆਉਨੀ ਆਂ।''

ਤੇ ਕਰੁਣਾ ਨੇ ਆਪ ਫੁਲਕੇ ਬਣਾਏ, ਨਰਮ, ਗੋਲ, ਫੁਲੇ ਹੋਏ। ਮਖਣ ਨਾਲ ਚੋਪੜੇ। ਫੁਲਕੇ ਬਣਾਂਦਿਆਂ ਉਹਦੇ ਅੰਦਰ ਪਤਾ ਨਹੀਂ ਕੀ ਮਰੋੜਿਆ ਜਾ ਰਿਹਾ ਸੀ। ਬਿਲਕੁਲ ਬੇਤੁਕੀ ਗੱਲ ਉਹਨੂੰ ਯਾਦ ਆਈ ਕਿ ਜਿਵੇਂ ਜਦੋਂ ਉਹ ਛੋਟੀ ਜਿਹੀ ਸੀ ਤਾਂ ਉਹਦੇ ਪਿਤਾ ਜੀ ਕਿੱਕਰ ਦੀ ਤਾਜ਼ੀ ਦਾਤਣ ਦੇ ਦੋ ਟੁਕੜੇ ਕਰਨ ਲਗਿਆਂ ਉਹਨੂੰ ਮਰੋੜ ਮਰੋੜ ਕੇ ਤੋੜਦੇ ਹੁੰਦੇ ਸਨ।

ਰੋਟੀ ਖਾਣ ਮਗਰੋਂ ਲੀਨੂੰ ਚੁੱਪਚਾਪ ਆਪਣੀ ਰਜ਼ਾਈ ਵਿਚ ਵੜ ਗਈ।

ਚੁੱਪ ਇਕ ਭਾਰੀ ਸਿਲ ਸੀ, ਇਕ ਵਡੀ ਸਾਰੀ ਚੱਟਾਨ ਸੀ, ਜਿਸ ਦਾ ਭਾਰ ਜਿਵੇਂ ਸਾਰੇ ਦਾ ਸਾਰਾ ਕਰੁਣਾ ਦੀ ਛਾਤੀ 'ਤੇ ਪਿਆ ਹੋਇਆ ਸੀ।

''ਲੀਨੂੰ ਬੇਟਾ, ਤੂੰ ਹੱਥਾਂ ਉਤੇ ਕਰੀਮ ਲਾ ਲਈ ਏ ?'' ਕਰੁਣਾ ਨੇ ਜਿਵੇਂ ਉਸ ਚੱਟਾਨ ਨੂੰ ਤੋੜਨ ਦੀ ਕੋਸ਼ਿਸ਼ ਕੀਤੀ।

''ਓਹੋ, ਅੰਮੀਂ, ਉਹ ਤੇ ਮੈਂ ਭੁਲ ਹੀ ਗਈ'', ਲੀਨੂੰ ਨੇ ਇਕਦਮ ਰਜ਼ਾਈ ਵਿਚੋਂ ਉਠਦਿਆਂ ਕਿਹਾ, ਜਿਵੇਂ ਸਭ ਤੋਂ ਜ਼ਰੂਰੀ ਕੰਮ ਇਹੋ ਸੀ ਜਿਹੜਾ ਉਹ ਭੁਲ ਗਈ ਸੀ।

''ਠਹਿਰ ਜਾ, ਮੈਂ ਦੇਨੀ ਆਂ'', ਕਰੁਣਾ ਨੇ ਅਲਮਾਰੀ ਵਿਚੋਂ ਕਰੀਮ ਕੱਢ ਕੇ ਲੀਨੂੰ ਨੂੰ ਫੜਾਈ। ਉਹ ਜਿਵੇਂ ਏਸ ਯਾਦ ਆਏ ਕੰਮ ਦੀ ਸ਼ੁਕਰਗੁਜ਼ਾਰ ਸੀ, ਜਿਸ ਨੇ ਖਾਮੋਸ਼ੀ ਦੇ ਤਣਾਓ ਨੂੰ ਰਤਾ ਘਟਾਇਆ ਸੀ।

ਕਰੀਮ ਲਾ ਕੇ ਲੀਨੂੰ ਲੇਟ ਗਈ, ਤੇ ਉਹਨੇ ਅੱਖਾਂ ਮੀਟ ਲਈਆਂ।

ਕਰੁਣਾ ਨੇ ਬੱਤੀ ਬੁਝਾ ਦਿਤੀ, ਤੇ ਲੇਟ ਗਈ।

ਪਤਾ ਨਹੀਂ ਕਿੰਨਾ ਚਿਰ ਗੁਜ਼ਰ ਗਿਆ।

ਨਾਲ ਦੇ ਕਮਰੇ ਵਿਚ ਟੈਲੀਫ਼ੋਨ ਦੀ ਘੰਟੀ ਵੱਜੀ।

''ਹੈਲੋ'', ਕਰੁਣਾ ਨੇ ਰਿਸੀਵਰ ਚੁਕਿਆ।

''ਹੈਲੋ ਕਰੁਣਾ, ਕੀ ਕਰ ਰਹੀ ਸੈਂ ?''

''ਓਹ ਤੋਸ਼ੀ, ਕੁਝ ਨਹੀਂ, ਬਸ ਐਵੇਂ ਲੇਟੀ ਸਾਂ।''

''ਮੈਂ ਸ਼ਾਮੀਂ ਵੀ ਤੈਨੂੰ ਰਿੰਗ ਕੀਤਾ ਸੀ, ਤੂੰ ਘਰ ਨਹੀਂ ਸੈਂ ?''

''ਹਾਂ, ਮੈਂ ਤੇ ਲੀਨੂੰ ਜ਼ਰਾ ਗਈਆਂ ਸਾਂ ਬਾਹਰ।''

''ਲੀਨੂੰ ਕਿਥੇ ਵੇ ?''

''ਸੌਂ ਗਈ ਏ।''



''ਹੱਛਾ, ਬੱਸ। ਮੈਂ ਐਵੇਂ ਸੋਚਿਆ, ਪੁੱਛਾਂ...ਕਿ...ਕਿ ਕੀ ਪਈ ਕਰਨੀ ਏਂ।''

''ਓ, ਤੋਸ਼ੀ !'' ਕਰੁਣਾ ਦਾ ਜੀਅ ਕੀਤਾ, ਤੋਸ਼ੀ ਉਹਦੇ ਨਾਲ ਇਹ ਐਕਟਿੰਗ ਨਾ ਕਰੇ। ਤੋਸ਼ੀ ਉਹਦੀ ਬੜੀ ਡੂੰਘੀ ਦੋਸਤ ਸੀ।

''ਕਰੁਣਾ, ਮੈਂ ਥੋੜ੍ਹੇ ਚਿਰ ਲਈ ਆ ਜਾਵਾਂ ?'' ਤੋਸ਼ੀ ਜਿਵੇਂ ਤਰਲਾ ਕਰ ਰਹੀ ਸੀ।

''ਆ ਜਾ'', ਕਰੁਣਾ ਨੇ ਰਤਾ ਰੁਕ ਕੇ ਕਿਹਾ। ਹਰ ਤਕਲੀਫ਼ ਵੇਲੇ ਉਹਨੂੰ ਬਿਲਕੁਲ ਇਕੱਲਿਆਂ ਰਹਿਣਾ ਪਸੰਦ ਸੀ, ਪਰ ਤੋਸ਼ੀ ਦੀ ਗੱਲ ਹੋਰ ਸੀ।

ਕੁਝ ਚਿਰ ਮਗਰੋਂ ਤੋਸ਼ੀ ਆ ਗਈ।

''ਕਿਹਦੇ ਨਾਲ ਆਈ ਏਂ ?'' ਕਰੁਣਾ ਨੇ ਪੁੱਛਿਆ।

''ਡਰਾਈਵਰ ਆਇਆ ਏ। ਗੱਡੀ ਖੜੀ ਏ ਥੱਲੇ।''

ਦੋਵੇਂ ਚੁੱਪ ਚਾਪ ਬੈਠੀਆਂ ਰਹੀਆਂ।

''ਕੌਫ਼ੀ ਦਾ ਇਕ ਕੱਪ ਪੀਏਂਗੀ ?'' ਕਰੁਣਾ ਨੇ ਪੁੱਛਿਆ।

''ਕੋਈ ਲੋੜ ਨਹੀਂ ਐਸ ਵੇਲੇ'', ਤੋਸ਼ੀ ਦੇ ਸੰਘ ਵਿਚ ਕੁਝ ਅਟਕ ਰਿਹਾ ਸੀ।

''ਬਈ ਇਕ ਗਰਮ ਗ਼ਰਮ ਕੱਪ 'ਤੇ ਮੇਰਾ ਦਿਲ ਕਰ ਰਿਹਾ ਏ'', ਕਰੁਣਾ ਨੇ ਸਿਰਫ਼ ਕੁਝ ਕਰਨ ਲਈ ਕਿਹਾ।

''ਚੰਗਾ, ਠੀਕ ਏ।''

ਕਰੁਣਾ ਨੇ ਬਿਜਲੀ ਦੀ ਕੇਤਲੀ ਲਈ, ਤੇ ਓਸੇ ਕਮਰੇ ਵਿਚ ਹੀ ਉਹਦਾ ਪਲੱਗ ਲਾ ਦਿਤਾ। ਤੇ ਆ ਕੇ ਦੀਵਾਨ ਤੇ ਬਹਿ ਗਈ।

ਤੋਸ਼ੀ ਨੇ ਇਕ ਪਲ ਕਰੁਣਾ ਵਲ ਤੱਕਿਆ। ਫੇਰ ਉਹ ਦੂਜੇ ਪਾਸੇ ਤੱਕਣ ਲਗੀ। ਇਹੋ ਜਿਹੇ ਵੇਲੇ ਕੋਈ ਕਿਸੇ ਨੂੰ ਕੀ ਆਖੇ ? ਉਹਨੇ ਇਕ ਡੂੰਘਾ ਸਾਹ ਭਰਿਆ, ਤੇ ਫੇਰ ਉਹਨੂੰ ਹੌਲੀ ਹੌਲੀ ਬਾਹਰ ਕੱਢਣ ਲਗੀ — ਤਾਂ ਜੋ ਕਰੁਣਾ ਉਸ ਸਾਹ ਦੀ ਆਵਾਜ਼ ਨਾ ਸੁਣ ਲਵੇ।

ਓਸ ਔਖੀ ਤੇ ਭਾਰੀ ਚੁੱਪ ਵਿਚ ਦੋਹਾਂ ਨੂੰ ਕੇਤਲੀ ਵਿਚ ਕੁਨਮੁਨਾਂਦੇ ਪਾਣੀ ਦੀ ਆਵਾਜ਼ ਸੁਣਾਈ ਦੇਣ ਲਗ ਪਈ ਸੀ। ਕਰੁਣਾ ਨੂੰ ਪਤਾ ਸੀ, ਹਾਲੀ ਪਾਣੀ ਉਬਲਿਆ ਨਹੀਂ। ਫੇਰ ਵੀ ਉਹਨੇ ਉਠ ਕੇ ਕੇਤਲੀ ਦਾ ਢੱਕਣ ਲਾਹ ਕੇ ਉਹਦੇ ਅੰਦਰ ਝਾਕਿਆ। ਕੇਤਲੀ ਦੇ ਪਾਸਿਆਂ ਨਾਲ ਪਾਣੀ ਦੀਆਂ ਨਿੱਕੀਆਂ ਨਿੱਕੀਆਂ ਗੋਲੀਆਂ ਮੋਤੀਆਂ ਦੇ ਦਾਣਿਆਂ ਵਾਂਗੂੰ ਪਰੋਤੀਆਂ ਜਾ ਰਹੀਆਂ ਸਨ। ਕਰੁਣਾ ਨੇ ਢੱਕਣ ਫੇਰ ਰਖ ਦਿਤਾ।

''ਠੰਢ ਵਿਚ ਗਰਮ ਕੌਫ਼ੀ ਦਾ ਪਿਆਲਾ ਵੀ ਕਿੰਨੀ ਤਸਕੀਨ ਦੇਂਦਾ ਏ'', ਕਰੁਣਾ ਨੇ ਕਿਹਾ।

''ਮੇਰਾ ਵੀ ਜੀਅ ਕਰ ਰਿਹਾ ਏ ਹੁਣ ਤੇ,'' ਤੋਸ਼ੀ ਨੇ ਕਿਹਾ, ਭਾਵੇਂ ਕੌਫ਼ੀ ਦੀ ਉਹਨੂੰ ਉੱਕੀ ਲੋੜ ਨਹੀਂ ਸੀ।

ਕਰੁਣਾ ਰਸੋਈ ਵਿਚੋਂ ਕੱਪ ਲੈਣ ਗਈ। ਤੋਸ਼ੀ ਵੀ ਉਹਦੇ ਮਗਰੇ ਮਗਰ ਆ ਗਈ।

ਕੌੜੀ ਤਿਆਰੀ ਹੋ ਗਈ । ਚੁੱਪ ਚਾਪ ਆਪਣਾ ਆਪਣਾ ਕੱਪ ਫੜ ਕੇ ਦੋਵੇਂ ਪੀਣ ਲਗੀਆਂ ।

"ਕਰੁਣਾ, ਕੋਈ ਗੱਲ ਕਰ", ਤੋਸ਼ੀ ਜਿਵੇਂ ਉਸ ਚੁੱਪ ਤੋਂ ਘਬਰਾ ਉਠੀ ਸੀ ।

ਅਚਾਨਕ ਕਰੁਣਾ ਦੀਆਂ ਅੱਖਾਂ ਭਰ ਆਈਆਂ । ਉਸ ਪਲ ਵਿਚ ਪਤਾ ਨਹੀਂ ਕਿੰਜ ਉਹਦਾ ਕਠੋਰ ਜ਼ਬਤ ਖੁਰ ਗਿਆ ਸੀ ।

ਕਰੁਣਾ ਦੇ ਹੱਥ ਲਰਜ਼ ਰਹੇ ਸਨ । ਪਿਆਲਾ ਉਹਨੇ ਮੇਜ਼ ਉਤੇ ਰਖ ਦਿਤਾ । ਤੋਸ਼ੀ ਨੇ ਹੱਥ ਵਧਾ ਕੇ ਕਰੁਣਾ ਦੀਆਂ ਉਂਗਲਾਂ ਨੂੰ ਛੁਹਿਆ, ਪੋਲੀ ਜਿਹੀ ਉਹਨਾਂ ਨੂੰ ਥਾਪੜ ਦਿਤਾ ।

ਤੋਸ਼ੀ ਉਠ ਕੇ ਬਾਹਰ ਗਈ । ਕਾਰ ਸਟਾਰਟ ਹੋਣ ਦੀ ਆਵਾਜ਼ ਆਈ । ਵਾਪਸ ਆ ਕੇ ਤੋਸ਼ੀ ਨੇ ਕਿਹਾ, "ਮੈਂ ਡਰਾਈਵਰ ਦੇ ਹੱਥ ਸੁਨੇਹਾ ਭੇਜ ਦਿਤਾ ਏ ਕਿ ਰਾਤੀਂ ਮੈਂ ਏਥੇ ਹੀ ਰਹਾਂਗੀ ।"

ਕਰੁਣਾ ਨੂੰ ਏਸ ਗੱਲ ਨਾਲ ਨਾ ਤਸੱਲੀ ਹੋਈ, ਨਾ ਉਲਝਣ ਹੋਈ । ਬੱਸ, ਚੁੱਪ ਚਾਪ ਉਹ ਬੈਠੀ ਰਹੀ । ਝੋਲੀ ਵਿਚ ਪਏ ਆਪਣੇ ਦੋਹਾਂ ਹੱਥਾਂ ਨੂੰ ਖ਼ਾਮੋਸ਼ ਤੱਕਦੀ ਰਹੀ ।

ਤੋਸ਼ੀ ਨੇ ਉਹਦਾ ਕੱਪ ਚੁਕ ਕੇ ਉਹਨੂੰ ਫੜਾ ਦਿਤਾ । ਆਪਣਾ ਕੱਪ ਚੁਕ ਕੇ ਉਹ ਕੌੜੀ ਦੇ ਨਿੱਕੇ ਨਿੱਕੇ ਘੁਟ ਭਰਨ ਲਗੀ ।

"ਮੈਂ ਏਸੇ ਘੜੀ ਤੋਂ, ਇਹਨਾਂ ਹੀ ਪਲਾਂ ਤੋਂ, ਏਨੇ ਵਰ੍ਹੇ ਤ੍ਰਹਿੰਦੀ ਰਹੀ ਹਾਂ । ਏਸੇ ਘੜੀ ਤੋਂ ਡਰਦਿਆਂ ਮੈਂ ਤੇਰਾਂ ਵਰ੍ਹੇ ਉਸ ਘਰ ਵਿਚ ਕੱਟੇ, ਜਿਥੇ ਮੈਂ ਹਰ ਰੋਜ਼ ਮਰਦੀ ਰਹੀ, ਹਰ ਰੋਜ਼ ਜ਼ਬਹ ਹੁੰਦੀ ਰਹੀ", ਕਰੁਣਾ ਜਿਵੇਂ ਬਹੁਤੀ ਆਪਣੇ ਆਪ ਨਾਲ ਤੇ ਥੋੜ੍ਹੀ ਤੋਸ਼ੀ ਨਾਲ ਗੱਲ ਕਰ ਰਹੀ ਸੀ ।

ਤੋਸ਼ੀ ਚੁੱਪ ਸੀ ।

"ਜਦੋਂ ਵੀ ਕਦੀ ਉਸ ਘਰ ਦੀਆਂ ਦਲ੍ਹੀਜ਼ਾਂ ਤੋਂ ਬਾਹਰ ਜਾਣ ਦਾ ਖ਼ਿਆਲ ਆਇਆ, ਲੀਨੂੰ ਦਾ ਮੂੰਹ ਮੇਰੇ ਅਗੇ ਆ ਖਲੋਤਾ । ਏਸੇ ਘੜੀ ਤੋਂ ਡਰਦਿਆਂ ਮੇਰੇ ਪੈਰ ਬੱਝ ਜਾਂਦੇ ਰਹੇ ।"

"ਵੇਖ ਕਰੁਣਾ, ਇਕ ਵਾਰ ਹਿੰਮਤ ਕਰ ਕੇ ਤੂੰ ਇਕ ਕਦਮ ਚੁਕਿਆ ਏ, ਹੁਣ ਜੀਅ ਛੋਟਾ ਨਾ ਕਰ ।"

"ਨਹੀਂ, ਤੋਸ਼ੀ, ਦਿਲ ਤੇ ਮੈਂ ਬਿਲਕੁਲ ਪੱਕਾ ਕੀਤਾ ਹੋਇਆ ਏ", ਪਰ ਉਹਦੇ ਅੰਦਰ ਕੁਝ ਤਰੁੰਡਿਆ ਜਾ ਰਿਹਾ ਸੀ ।

ਉਠ ਕੇ ਉਹਨੇ ਕੇਤਲੀ ਵਿਚ ਹੋਰ ਪਾਣੀ ਪਾ ਦਿਤਾ ਤੇ ਫੇਰ ਪਲੱਗ ਲਾ ਦਿਤਾ । ਉਠਣ ਬਹਿਣ ਨਾਲ ਉਹਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ, ਖਿਲਰਦੇ ਜਾਂਦੇ ਖ਼ਿਆਲਾਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕੀਤੀ ।

"ਵਕੀਲ ਨੂੰ ਮਿਲੀ ਸੈਂ ?"

"ਹਾਂ, ਕਲ੍ਹ ਮਿਲੀ ਸਾਂ ।"



"ਕੁਝ ਆਖਦਾ ਸੀ ?"

"ਓਹੀ ਗੱਲ ਕਿ ਬੱਚਾ ਮਾਂ ਪਿਓ ਵਿਚੋਂ ਕਿਸ ਨੂੰ ਦਿਤਾ ਜਾਏ, ਇਸ ਬਾਰੇ ਜੱਜ ਦੀ ਮਰਜ਼ੀ ਹੈ — ਜਿਵੇਂ ਉਹ ਠੀਕ ਸਮਝੇ ।"

"ਜਹੱਨਮ ਵਿਚ ਜਾਏ ਇਹ ਕਾਨੂੰਨ । ਮਾਂ ਦਾ ਬੱਚੇ ਉਤੇ ਹੱਕ ਨਹੀਂ ? ਜੰਮੇ ਮਾਂ, ਪਾਲੇ ਮਾਂ, ਜੱਫਰ ਜਾਲੇ ਮਾਂ —", ਤੋਸ਼ੀ ਝੁੰਜਲਾ ਰਹੀ ਸੀ ।

ਤੇ ਕਰੁਣਾ ਨੂੰ ਸਾਰੇ ਜੱਫਰ ਜਾਲੇ ਹੋਏ ਯਾਦ ਆ ਰਹੇ ਸਨ । ਕਿੰਜ ਲੀਨੂੰ ਨੂੰ ਉਹਨੇ ਪਾਲਿਆ ਸੀ, ਕਿੰਜ ਮਾਂ ਤੇ ਪਿਓ ਦੋਹਾਂ ਦਾ ਪਿਆਰ ਉਹ ਇਕੱਲੀ ਹੀ ਉਹਨੂੰ ਦੇਂਦੀ ਰਹੀ ਸੀ, ਕਿੰਜ ਆਨੰਦ ਦੇ ਦਿਲ ਵਿਚ ਆਪਣੀ ਬੱਚੀ ਲਈ ਰਤਾ ਮੋਹ ਨਹੀਂ ਸੀ । ਸ਼ੇਰ ਚੀਤੇ ਵੀ ਆਪਣੇ ਬੱਚਿਆਂ ਨਾਲ ਮੋਹ ਕਰਦੇ ਨੇ, ਉਹਨਾਂ ਦੀ ਰਾਖੀ ਕਰਦੇ ਨੇ, ਪਰ ਇਹ ਆਨੰਦ ਸੀ ਕਿ..

"ਏਸ ਆਨੰਦ ਨੂੰ ਵੀ ਤੰਗ ਕਰਨ ਦਾ ਬਸ ਇਹੋ ਤਰੀਕਾ ਲਭਿਆ । ਢਾਈਆਂ ਵਰ੍ਹਿਆਂ ਵਿਚ ਮਸਾਂ ਮਸਾਂ ਤੂੰ ਇਹ ਘਰ ਬਣਾਇਆ ਸੀ । ਲੀਨੂੰ ਵੀ ਸਿਆਣੀ ਹੋ ਗਈ ਏ । ਏਨੇ ਸਾਲਾਂ ਮਗਰੋਂ ਰਤਾ ਤੈਨੂੰ ਚੈਨ ਮਿਲਿਆ ਸੀ । ਤੇ ਹੁਣ ਚੁੱਕ ਕੇ ਅਰਜ਼ੀ ਚਾ ਦਿਤੀ ਸੂ । ਕੋਈ ਪੁੱਛੇ, ਤੂੰ ਉਹਨੂੰ ਪਿਆਰ ਨਹੀਂ ਕਰਨਾ, ਉਹਨੂੰ ਪਾਲਣਾ ਨਹੀਂ, ਉਹਦੇ ਉਤੇ ਖ਼ਰਚ ਨਹੀਂ ਕਰਨਾ । ਇਹ ਅਰਜ਼ੀ ਸਿਰਫ਼ ਦੁਖ ਦੇਣ ਵਾਸਤੇ...ਹੋਰ ਕੀ...?" ਕਰੁਣਾ ਦੇ ਮੂੰਹ ਵਲ ਤਕ ਤਕ ਕੇ ਤੋਸ਼ੀ ਨੂੰ ਆਨੰਦ ਉਤੇ ਹੋਰ ਗੁੱਸਾ ਆ ਰਿਹਾ ਸੀ, ਹੋਰ ਝੁੰਜਲਾਹਟ ਹੋ ਰਹੀ ਸੀ ।

ਕੇਤਲੀ ਵਿਚ ਪਾਣੀ ਦੇ ਗੜ੍ਹਕਣ ਦਾ ਖੜਾਕ ਆ ਰਿਹਾ ਸੀ । ਕਰੁਣਾ ਨੇ ਉਠ ਕੇ ਦੋ ਕੱਪ ਹੋਰ ਬਣਾ ਲਏ । ਆਪਣਾ ਕੱਪ ਮੇਜ਼ ਉਤੇ ਰਖ ਕੇ ਉਹ ਅੰਦਰ ਚਲੀ ਗਈ । ਤੋਸ਼ੀ ਨੇ ਉਠ ਕੇ ਰਤਾ ਕੁ ਦੂਜੇ ਕਮਰੇ ਵਿਚ ਝਾਕਿਆ । ਕਰੁਣਾ ਲੀਨੂੰ ਉਤੇ ਰਜ਼ਾਈ ਦੇ ਰਹੀ ਸੀ । ਤੋਸ਼ੀ ਝਟਪਟ ਵਾਪਸ ਆ ਕੇ ਸੋਫ਼ੇ ਉਤੇ ਬਹਿ ਗਈ ।

ਕਰੁਣਾ ਵਾਪਸ ਆਈ, ਤੇ ਉਹਦੇ ਮੂੰਹ ਉਤੇ ਅਣ-ਵਗੇ ਅੱਥਰੂਆਂ ਦਾ ਏਨਾ ਖਿਚਾਓ ਸੀ ਕਿ ਉਹਦੀਆਂ ਗਲ੍ਹਾਂ ਫਰਕ ਰਹੀਆਂ ਸਨ । ਦੀਵਾਨ ਉਤੇ ਬਹਿੰਦਿਆਂ ਹੀ ਉਹਨੇ ਦੋਹਾਂ ਹੱਥਾਂ ਵਿਚ ਮੂੰਹ ਲੁਕਾ ਲਿਆ, ਤੇ ਫਫਕ ਫਫਕ ਕੇ ਰੋਣ ਲਗੀ । ਤੋਸ਼ੀ ਵੀ ਆ ਕੇ ਦੀਵਾਨ ਉਤੇ ਬਹਿ ਗਈ । ਚੁੱਪਚਾਪ ਉਹਨੇ ਕਰੁਣਾ ਦੇ ਕੰਬਦੇ ਮੋਢਿਆਂ ਦੁਆਲੇ ਆਪਣੀ ਬਾਂਹ ਵਲਾ ਲਈ ।

"ਸੋਚਨੀ ਆਂ...ਜੇ...ਜੱਜ ਨੇ ਲੀਨੂੰ ਆਨੰਦ ਨੂੰ ਹੀ ਦੇ ਦਿਤੀ...ਤੇ ਉਹ ਲੀਨੂੰ ਨੂੰ ਲੈ ਗਏ...ਤਾਂ ਰਾਤੀਂ...ਰਾਤੀਂ ਇਹਦੇ ਉਤੇ ਰਜ਼ਾਈ ਕੌਣ ਦਿਆ ਕਰੇਗਾ ?"

ਤੋਸ਼ੀ ਦਾ ਜੀਅ ਕੀਤਾ, ਕਿਤੇ ਲੁਕ ਕੇ ਰੋਏ । ਉਹਦੇ ਸੰਘ ਵਿਚ ਕੁਝ ਸੁਲਗ ਰਿਹਾ ਸੀ ।

ਕਰੁਣਾ ਨੇ ਆਪਣੇ ਆਪ ਨੂੰ ਸੰਭਾਲਿਆ ।

"ਹਛਾ ਤੋਸ਼ੀ, ਤੂੰ ਏਥੇ ਦੀਵਾਨ ਉਤੇ ਸੌਂ ਜਾਏਂਗੀ ਨਾ ?" ਹਾਲਾਂ ਕਿ ਕਰੁਣਾ ਨੂੰ ਪਤਾ ਸੀ ਕਿ ਜਦੋਂ ਤੋਸ਼ੀ ਰਾਤੀਂ ਉਹਦੇ ਕੋਲ ਰਹਿੰਦੀ ਸੀ, ਦੀਵਾਨ ਉਤੇ ਹੀ ਸੌਂਦੀ ਹੁੰਦੀ ਸੀ ।

ਤੋਸ਼ੀ ਨੇ ਸਿਰ ਹਿਲਾ ਕੇ ਹਾਂ ਕਰ ਦਿਤੀ।

ਕਰੁਣਾ ਅੰਦਰੋਂ ਇਕ ਚਿੱਟੀ ਚਾਦਰ ਲੈ ਆਈ। ਇਕ ਰਜ਼ਾਈ ਲੈ ਆਈ। ਆਪਣਾ ਨਾਈਟਸੂਟ ਉਹਨੇ ਤੋਸ਼ੀ ਨੂੰ ਦੇ ਦਿਤਾ, ਤੇ ਖ਼ਾਲੀ ਕੱਪ ਟਰੇਅ ਵਿਚ ਰਖ ਕੇ ਰਸੋਈ ਵਿਚ ਲੈ ਗਈ।

ਬੱਤੀ ਬੁਝਾ ਕੇ ਉਹ ਆਪਣੇ ਮੰਜੇ ਉਤੇ ਲੇਟ ਗਈ।

ਕਰੁਣਾ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਚਾਹੁੰਦੀ ਸੀ — ਇਹ ਰਾਤ ਏਨੀ ਲੰਮੀ ਹੋ ਜਾਏ ਕਿ ਮੁੱਕੇ ਹੀ ਨਾ। ਜਾਂ ਝਟ ਪਟ ਮੁੱਕ ਜਾਏ, ਸਵੇਰ ਹੋ ਜਾਏ, ਤੇ ਇਹ ਘੁਟਣ ਖ਼ਤਮ ਹੋ ਜਾਏ।

ਉਹ ਕੁਝ ਵੀ ਨਹੀਂ ਸੀ ਚਾਹ ਰਹੀ। ਉਹ ਕੁਝ ਵੀ ਨਹੀਂ ਸੀ ਉਡੀਕ ਰਹੀ। ਉਹ ਕੁਝ ਵੀ ਨਹੀਂ ਸੀ ਸੋਚ ਰਹੀ।

ਰਾਤ ਕਾਫ਼ੀ ਗੁਜ਼ਰ ਗਈ ਸੀ। ਕਰੁਣਾ ਉੱਠੀ, ਤੇ ਚੁਪ ਚਾਪ ਲੀਨੂੰ ਦੇ ਨਾਲ ਲੇਟ ਗਈ। ਲੀਨੂੰ ਦੀ ਗਲ੍ਹ ਉਤੇ ਉਹਨੇ ਹੌਲੀ ਜਿਹੇ ਆਪਣੇ ਬੁਲ੍ਹ ਰਖ ਦਿਤੇ।



# ਮਾਮੀ

ਸਾਹਮਣੇ ਘਰ ਵਿਚੋਂ ਰੋਣ ਦੀ ਆਵਾਜ਼ ਆ ਰਹੀ ਏ। ਮਾਮੀ ਮਰ ਗਈ ਏ।

ਇਹ ਰੋ ਕੇ ਕੌਣ ਕਿਸ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰ ਰਿਹਾ ਏ?

ਉਹਦੇ ਜੀਉਂਦਿਆਂ ਨਾ ਕੋਈ ਉਹਦੇ ਲਈ ਰੋਇਆ, ਨਾ ਕੋਈ ਉਹਦੇ ਲਈ ਹੱਸਿਆ। ਉਹ ਆਪੇ ਹੀ ਆਪਣੇ ਲਈ ਰੋਂਦੀ ਰਹੀ, ਕਲਪਦੀ ਰਹੀ, ਵਲਿਅੱਜ ਖਾ ਖਾ ਕੇ ਕ੍ਰਿੜਦੀ ਰਹੀ।

ਹੁਣ ਤੇ ਕਿੰਨੇ ਹੀ ਵਰ੍ਹੇ ਗੁਜ਼ਰ ਗਏ ਸਨ, ਉਹਦੇ ਅੱਥਰੂ ਹੀ ਮੁੱਕ ਗਏ ਹੋਏ ਸਨ।

ਅੱਜ ਉਹਨੂੰ ਕੌਣ ਰੋ ਰਿਹਾ ਏ?

ਜੇ ਮਾਮੀ ਉੱਠ ਸਕਦੀ, ਤਾਂ ਉਸ ਧਰਿੰਗੀ ਚਾਦਰ ਦੇ ਹੇਠੋਂ ਜ਼ਰੂਰ ਉੱਠ ਬਹਿੰਦੀ, ਤੇ ਮੰਜੇ ਦੀ ਬਾਹੀ ਨਾਲ ਟਿਕਾਈ ਹੋਈ ਆਪਣੀ ਸੋਟੀ ਲੱਭਦੀ ਹੋਈ ਜ਼ਰੂਰ ਕਹਿੰਦੀ, 'ਨੀ, ਮੇਰੇ ਸਰ੍ਹਾਣੇ ਬਹਿ ਕੇ ਕਾਹਨੂੰ ਰੋਨੀ ਏਂ? ਨੀ ਆਪਣੇ ਕੁਝ ਲੱਗਦਿਆਂ ਦੇ ਸਰ੍ਹਾਣੇ ਬਹਿ ਕੇ ਰੋ। ਨੀ...।'

ਤੇ ਉਹ ਬੋਲੀ ਜਾਂਦੀ। ਉਹਦਾ ਪੋਪਲਾ ਮੂੰਹ ਵੀ ਉਹਦੇ ਅੰਦਰਲੇ ਤਣਾਓ ਕਰ ਕੇ ਖਿੱਚਿਆ ਜਾਂਦਾ ਤੇ ਉਹ ਸੋਟੀ ਟੇਕਦੀ ਹੋਈ ਸੁੱਕੀਆਂ ਢਿੰਘ ਲੱਤਾਂ ਨੂੰ ਉੱਧੜ ਗੁੱਧੜ ਧਰਦੀ ਹੋਈ ਬਾਹਰ ਨਿਕਲ ਆਉਂਦੀ, ਤੇ ਬੂਹੇ ਕੋਲ ਖਲੋ ਕੇ ਉਹਨੂੰ ਸਮਝ ਨਾ ਆਉਂਦੀ ਕਿ ਉਹ ਬਾਹਰ ਕਿਉਂ ਨਿਕਲੀ ਸੀ।

ਪਰ ਮਾਮੀ ਨਹੀਂ ਉਠੇਗੀ। ਉਹ ਹੁਣ ਕਦੇ ਵੀ ਨਹੀਂ ਉਠ ਸਕੇਗੀ।

ਬਾਹਰ ਗਲੀ ਵਿਚ ਬੱਚੇ ਖੇਡ ਰਹੇ ਨੇ। ਦੁੱਧ ਵਾਲਾ ਗੁਆਲਾ ਦੁੱਧ ਦੇ ਵਡੇ ਲਮੂਤਰੇ ਡੱਬੇ ਹਥ ਵਿਚ ਲਟਕਾਈ ਤੁਰਿਆ ਜਾ ਰਿਹਾ ਏ। ਨਾਲ ਵਾਲੇ ਘਰ ਦਾ ਨੌਕਰ ਬਾਹਰ ਖੜੀ ਮੋਟਰ ਨੂੰ ਝਾੜਨ ਨਾਲ ਪੂੰਝ ਪੂੰਝ ਕੇ ਲਿਸ਼ਕਾ ਰਿਹਾ ਏ। ਪਰਲੇ ਘਰ ਵਾਲੇ ਬੇ ਜੀ ਆਪਣੇ ਮਾਇਆ ਲੱਗੇ ਸਫ਼ੈਦ ਦੁਪੱਟੇ ਦੀ ਬੁੱਕਲ ਮਾਰਦੇ ਹੋਏ ਘਰੋਂ ਬਾਹਰ ਨਿਕਲ ਰਹੇ ਨੇ ਤੇ ਗੁਆਂਢਣ ਨੂੰ ਕਹਿ ਰਹੇ ਨੇ, "ਮੈਂ ਕਿਹਾ ਇੰਦਰ ਕੌਰੇ, ਔਹ ਬੁੱਢੜੀ ਮਰ ਗਈ ਏ ਨਾ, ਪਤਾ ਈ? ਚੱਲ ਰਤਾ ਪਲ ਦਾ ਪਲ ਹੋ ਆਵੀਏ।"

ਮੇਰੀ ਗੁਆਂਢਣ ਦੀ ਆਪਣੇ ਬੱਚਿਆਂ ਨਾਲ ਕਲਪਣ ਦੀ ਆਵਾਜ਼ ਆ ਰਹੀ ਏ।

ਤੇ ਮਾਮੀ ਮਰ ਗਈ ਏ ।

ਮੈਂ ਹੈਰਾਨ ਸੋਚ ਰਹੀ ਹਾਂ, ਇਹ ਮਾਮੀ ਏਨਾ ਚਿਰ ਜੀਊਂਦੀ ਕਾਹਦੇ ਵਾਸਤੇ ਰਹੀ ? ਕਾਹਦੇ ਵਾਸਤੇ ?

ਮੇਰੀਆਂ ਅੱਖਾਂ ਵਿਚ ਇਕ ਵੀ ਅੱਥਰੂ ਨਹੀਂ ।

ਤਾਂ ਕੀ ਮੈਨੂੰ ਮਾਮੀ ਦੇ ਮਰਨ ਦਾ ਕੋਈ ਦੁੱਖ ਨਹੀਂ ਹੋਇਆ ? — ਮੈਂ ਆਪਣੇ ਆਪ ਕੋਲੋਂ ਸਵਾਲ ਕਰਦੀ ਹਾਂ ।

ਪਰ ਮੇਰਾ ਗਲਾ ਬੇ-ਵਜ੍ਹਾ ਦਰਦ ਕਰ ਉਠਿਆ ਏ । ਗਲੇ ਦੀਆਂ ਸਾਰੀਆਂ ਨਾੜਾਂ ਖਿੱਚੀਆਂ ਗਈਆਂ ਨੇ । ਅਚਾਨਕ ਮੈਨੂੰ ਖ਼ਿਆਲ ਆਉਂਦਾ ਏ ਕਿ ਮੇਰੇ ਸਾਰੇ ਅੱਥਰੂ ਗਲੇ ਵਿਚ ਅਟਕ ਗਏ ਨੇ ।

ਸ਼ਾਇਦ...ਸ਼ਾਇਦ ਮਾਮੀ ਦੇ ਵੀ ਸਾਰੇ ਅੱਥਰੂ ਉਹਦੇ ਸੰਘ ਵਿਚ ਅਟਕ ਗਏ ਹੋਏ ਸਨ ।

ਮਾਮੀ ਦੀ ਉਮਰ ਪਤਾ ਨਹੀਂ ਕਿੰਨੀ ਸੀ — ਸੱਠ ਵਰ੍ਹੇ, ਸੱਤਰ ਵਰ੍ਹੇ, ਜਾਂ ਸ਼ਾਇਦ ਏਸ ਤੋਂ ਵੀ ਵੱਧ । ਸਿਰ ਤੋਂ ਲੈ ਕੇ ਪੈਰਾਂ ਤਕ ਧੁਆਂਖੀ ਹੋਈ । ਵਾਲ ਉਹਦੇ ਚਿੱਟੇ ਹੋਣੇ ਚਾਹੀਦੇ ਸਨ — ਪਰ ਨਾ ਉਹ ਕਾਲੇ ਸਨ, ਨਾ ਸਫ਼ੈਦ ਸਨ । ਇਕ ਅਜੀਬ ਮੈਲਾ ਗੰਧਲਾ ਜਿਹਾ ਰੰਗ ਸੀ ਉਹਨਾਂ ਦਾ । ਝੁਰੜੀਆਂ ਦੇ ਜਾਲ ਵਿਚ ਫਸਿਆ ਫਸਿਆ ਮੂੰਹ । ਦੰਦ ਇਕ ਵੀ ਨਹੀਂ । ਪਰ ਮੂੰਹ ਦਾ ਪੋਪਲਾਪਣ ਇਕ ਖ਼ਾਸ ਤਣਾਓ ਦੇ ਨਾਲ ਖਿੱਚਿਆ ਹੋਇਆ, ਤੇ ਸਖ਼ਤ, ਕੁਰਾਹਡਾ । ਲੱਕ ਵਿਚ ਮਾੜਾ ਜਿਹਾ ਕੁੱਬ । ਹੱਥ ਵਿਚ ਸੋਟੀ । ਟੋਰ ਇੰਜ, ਜਿਵੇਂ ਕੋਈ ਘੀਚਮਚੋਲੇ ਵਾਹ ਰਿਹਾ ਹੋਵੇ । ਤੁਰਦੀ ਤੇ ਇੰਜ ਲਗਦਾ, ਜਿਵੇਂ ਉਹਦੇ ਜਿਸਮ ਦੇ ਅੰਦਰ ਸਾਰੇ ਪੇਚ ਪੁਰਜ਼ੇ ਖੋਖਲੇ ਹੋ ਗਏ ਹੋਏ ਸਨ ; ਬੱਸ, ਰਤਾ ਕੁ ਹੋਰ ਢਿੱਲੇ ਹੋ ਗਏ ਤਾਂ ਲੱਤਾਂ ਖੜਖੜਾਂਦੀਆਂ ਹੋਈਆਂ ਵੱਖਰੀਆਂ ਡਿੱਗ ਪੈਣਗੀਆਂ, ਬਾਹਵਾਂ ਚੁਰਮੁਰ ਕਰਦੀਆਂ ਵੱਖਰੀਆਂ ਹੋ ਜਾਣਗੀਆਂ, ਧੜ ਵਖਰਾ, ਤੇ ਸਿਰ ਵੱਖਰਾ ।

ਪਰ ਤਾਂ ਵੀ ਉਹ ਸਵੇਰੇ ਸਲੀਪਰ ਘਸੀਟਦੀ ਹੋਈ ਤੇ ਸੋਟੀ ਟੇਕਦੀ ਹੋਈ ਗੁਰਦੁਆਰੇ ਵੀ ਹੋ ਆਉਂਦੀ ; ਗੁਰਦੁਆਰੇ ਦੇ ਨਾਲ ਹੀ ਮੰਦਰ ਸੀ, ਉੱਥੇ ਵੀ ਮੱਥਾ ਟੇਕ ਆਉਂਦੀ । ਪਰ ਨਾ ਗੁਰਦੁਆਰੇ ਤੇ ਨਾ ਮੰਦਰ ਵਾਲੇ ਰੱਬ ਨੇ ਉਹਦੀ ਹੋਂਦ ਨੂੰ ਕਦੇ ਗਉਲਿਆ ਸੀ ।

ਮੇਰੀ ਮਾਂ ਦੇ ਉਹ ਪੇਕੇ ਸ਼ਹਿਰ ਦੀ ਸੀ । ਤੇ ਪਤਾ ਨਹੀਂ ਕਿਥੋਂ ਕੋਈ ਬਰਾਦਰੀ ਦਾ ਰਿਸ਼ਤਾ ਕੱਢ ਕੇ ਮੇਰੀ ਮਾਂ ਉਹਨੂੰ ਮਾਮੀ ਕਿਹਾ ਕਰਦੇ ਸਨ । ਮੇਰੀ ਮਾਂ ਉਹਨੂੰ ਮਾਮੀ ਕਹਿੰਦੇ ਸਨ, ਤੇ ਅਸਾਂ ਸਾਰਿਆਂ ਨੇ ਵੀ ਉਹਨੂੰ ਮਾਮੀ ਕਹਿਣਾ ਸ਼ੁਰੂ ਕਰ ਦਿਤਾ ।

ਮਾਮੀ ਸਾਡੀ ਸਾਰਿਆਂ ਦੀ ਮਾਮੀ ਸੀ ।

ਫ਼ਰਕ ਵੀ ਕੀ ਪੈਂਦਾ ਏ ? ਜਿਸ ਦਾ ਆਪਣਾ ਕੋਈ ਨਾ ਹੋਵੇ, ਉਹਦੇ ਨਾਲ ਭਾਵੇਂ ਦੂਜੇ ਕੋਈ ਰਿਸ਼ਤਾ ਬਣਾ ਲੈਣ — ਕੀ ਫ਼ਰਕ ਪੈਂਦਾ ਏ ?



ਮੈਂ ਛੋਟੀ ਹੁੰਦੀ ਸਾਂ, ਉਦੋਂ ਵੀ ਉਹ ਇੰਜੇ ਹੀ ਸਲੀਪਰ ਘਸੀਟਦੀ ਹੋਈ ਤੇ ਸੋਟੀ ਟੇਕਦੀ ਹੋਈ ਸਾਡੇ ਘਰ ਆ ਜਾਇਆ ਕਰਦੀ ਸੀ, "ਵੇਖ ਰਾਣੀਏ, ਉਹ ਮੈਨੂੰ ਕਹਿੰਦੀ ਊ, ਚੌਂਕੇ ਵਿਚ ਨਾ ਵੜ । ਮੈਂ ਭਲਾ ਉਹਦੇ ਚੌਂਕੇ ਵਿਚੋਂ ਕੀ ਲਟਕਣ ਲਾਹ ਲੈਣੇ ਨੇ ? ਆਂਹਦੀ ਏ, ਜਿਸ ਵੇਲੇ ਮੈਂ ਰਿੰਨ੍ਹਦੀ-ਪਕਾਂਦੀ ਹੋਵਾਂ, ਤੂੰ ਚੌਂਕੇ ਵਿਚ ਨਾ ਆਇਆ ਕਰ, ਤੇਰੀਆਂ ਨਜ਼ਰਾਂ ਭੁੱਖੀਆਂ ਨੇ, ਮੇਰੇ ਬਾਲਾਂ ਨੂੰ ਰਿੱਧਾ ਪੱਕਾ ਹਜ਼ਮ ਨਹੀਂ ਹੁੰਦਾ । ਭਲਾ ਦੱਸ ! ਨੀ ਉਹ ਉਹਦੇ ਈ ਬਾਲ ਨੇ, ਮੇਰੇ ਕੁਝ ਨਹੀਂ ਲੱਗਦੇ ? ਗੂੰਹ ਮੂਤਰ ਉਹਨਾਂ ਦਾ ਮੈਂ ਚੁੱਕਦੀ ਰਹੀ, ਪਾਲਦੀ ਉਹਨਾਂ ਨੂੰ ਮੈਂ ਰਹੀ । ਕਪੜੇ ਸਾਰਿਆਂ ਦੇ ਹੁਣ ਵੀ ਧੋਨੀ ਆਂ । ਭਾਂਡੇ ਮਾਂਜਣ ਵਾਲੀ ਮਹਿਰੀ ਵੀ ਹੁਣ ਲਾਈ ਸੂ ਜਦੋਂ ਦੀਆਂ ਜੋੜਾਂ ਦੀਆਂ ਪੀੜਾਂ ਸ਼ੁਰੂ ਹੋਈਆਂ ਨੇ ਮੈਨੂੰ, ਨਹੀਂ ਤੇ ਜੂਠੇ ਭਾਂਡੇ ਸਾਰਿਆਂ ਦੇ ਮੈਂ ਮਾਂਜਦੀ ਰਹੀ । ਤੇ ਅੱਜ ਮੈਂ ਉਹਨਾਂ ਦੀ ਰੋਟੀ ਨੂੰ ਈ ਨਜ਼ਰਾਂ ਲਾ ਦੇਣੀਆਂ ਨੇ ? ਹਾਏ ਹਾਏ !" ਡਾਢੇ ਕਲੇਸ਼ ਵਿਚ ਉਹ ਕਲਪਦੀ ।

"ਤੂੰ ਮਾਮੀ ਕਾਹਨੂੰ ਆਪਣੀਆਂ ਹੱਡੀਆਂ ਕਲਪਾਨੀ ਏਂ ? ਚੱਲੋ, ਨਹੀਂ ਵੜਨ ਦੇਂਦੀ ਤੇ ਨਾ ਸਹੀ । ਤੇਰਾ ਕੀ ਵਿਗੜਦਾ ਏ ? ਸਗੋਂ ਕੰਮ ਈ ਤੇਰਾ ਘੱਟ ਹੋਏਗਾ ਨਾ ।" ਮੇਰੀ ਮਾਂ ਉਹਨੂੰ ਵਰਚਾਂਦੀ ।

"ਕੰਮ ਕਾਹਦਾ ਘੱਟ ਹੋਣਾ ਏ ਧੀਏ ? ਹੋਰ ਤੇ ਸਾਰੇ ਕੰਮ ਕਰਾਂ, ਤੇ ਬਾਲਾਂ ਨੂੰ ਆਪਣੇ ਹੱਥੀਂ ਕੁਝ ਬਣਾ ਕੇ ਨਾ ਦਿਆਂ । ਸਿੰਦਰ ਤੇ ਮੂਲੀਆਂ ਵਾਲੇ ਪਰੌਂਠੇ ਖਾਂਦਾ ਈ ਮੇਰੇ ਹੱਥ ਦੇ ਪੱਕੇ ਹੋਏ ਨੇ ।" ਪਤਾ ਨਹੀਂ ਮੈਨੂੰ ਉਂਜ ਹੀ ਭੁਲੇਖਾ ਪੈਂਦਾ, ਪਰ ਮੈਨੂੰ ਲੱਗਦਾ ਕਿ ਉਹਦੀਆਂ ਅੱਖਾਂ ਗਿੱਲੀਆਂ ਨੇ — ਅਣਵੱਗੇ ਸੁੱਕੇ ਖ਼ੁਸ਼ਕ ਅੱਥਰੂਆਂ ਦੇ ਭਾਰ ਨਾਲ ਭਿੱਜ ਗਈਆਂ ਨੇ ।

"ਮੂਲੀਆਂ ਵਾਲੇ ਪਰੌਂਠੇ ਤੂੰ ਮੈਨੂੰ ਪਕਾ ਦੇਹ ਨਾ ਮਾਮੀ," ਮੈਂ ਉਹਨੂੰ ਕਹਿੰਦੀ ।

"ਨੀ ਸਦਕੇ ਧੀਏ, ਨੀ ਮੈਂ ਘੋਲ ਘੱਤੀ ਤੇਰੇ ਤੋਂ ਬੱਚੀਏ । ਡਾਢੇ ਸੋਹਣੇ ਮੱਖਣ ਵਾਲੇ ਪਰੌਂਠੇ ਪਕਾ ਕੇ ਖੁਆਵਾਂਗੀ ਆਪਣੀ ਰਾਣੀ ਨੂੰ । ਜਸਵੰਤ ਕੌਰੇ, ਮੂਲੀਆਂ ਘਰ ਹੈ ਨੀ ?" ਮਾਮੀ ਮੇਰੀ ਮਾਂ ਕੋਲੋਂ ਪੁੱਛਦੀ ।

"ਤੂੰ ਬਹੁ ਮਾਮੀ । ਇਹ ਤੇ ਐਵੇਂ ਤੈਨੂੰ ਪਈ ਖਪਾਂਦੀ ਏ ।"

"ਬਾਲ ਤੇ ਪਰਮੇਸ਼ਰ ਦਾ ਰੂਪ ਨੇ ਰਾਣੀਏ । ਇਹਨਾਂ ਕੀ ਖਪਾਣਾ ਏ ! ਅੱਜ ਕਿਤੇ ਮੇਰੀ ਧੀ ਨੇ ਮੇਰੇ ਪੱਕੇ ਪਰੌਂਠੇ ਖਾਣ ਲਈ ਕਿਹਾ ਏ", ਤੇ ਉਹ ਸਾਰੀ ਦੀ ਸਾਰੀ ਭਿੱਜ ਕੇ ਮੇਰੀ ਪਿੱਠ 'ਤੇ ਆਪਣਾ ਕੁੱਬਾ ਜਿਹਾ ਕੁਰਾਹਡਾ ਹੱਥ ਫੇਰਨ ਲਗਦੀ । ਮੈਨੂੰ ਲੱਗਦਾ, ਉਹਦੀਆਂ ਸਾਰੀਆਂ ਝੁਰੜੀਆਂ ਛੂ-ਮੰਤਰ ਕਰ ਕੇ ਉੱਡ ਗਈਆਂ ਸਨ ।

ਜਦੋਂ ਵੀ ਆਉਂਦੀ, ਉਹ ਕਲਪਦੀ ਹੋਈ ਆਉਂਦੀ, "ਰਾਣੀਏ, ਤੈਨੂੰ ਕੀ ਦੱਸਾਂ ? ਦੁਪਹਿਰਾਂ ਵੇਲੇ ਧੁੱਪੇ ਲੰਮੀ ਪੈ ਜਾਂਦੀ ਏ, ਆਂਹਦੀ ਏ ਮਾਲਸ਼ ਕਰ । ਸਾਰੀ ਉਮਰ ਤੇ ਇਹਦੀਆਂ ਮਾਲਸ਼ਾਂ ਮੈਂ ਕਰਦੀ ਰਹੀ, ਹੁਣ ਨਹੀਂ ਮੇਰੇ ਹੱਡਾਂ ਵਿਚੋਂ ਨਿਕਲਦਾ । ਤੇ ਨਾਲੇ ਉਸ ਭਲੀ ਲੋਕ ਕੋਲੋਂ ਕੋਈ ਪੁੱਛੇ, ਪਈ ਹੁਣ ਤੂੰ ਕਾਹਦੇ ਵਾਸਤੇ ਇਹ ਆਪਣਾ ਝੁਰੜੀਆਂ ਵਾਲਾ ਪਿੰਡਾ ਪਈ ਮੁਲੈਮ ਕਰਵਾਨੀ ਏਂ ?"

ਉਹਦੇ ਮੂੰਹ 'ਤੇ ਜਿਹੜਾ ਜਾਲ ਗਹਿਰਾ ਹੋਈ ਜਾਂਦਾ .ਸੀ, ਮੁੰਜ ਦੀਆਂ ਰੱਸੀਆਂ ਵਾਂਗੂ ਉਭਰਦਾ ਆਉਂਦਾ ਸੀ, ਉਹ ਪਤਾ ਨਹੀਂ ਤਿਊੜੀਆਂ ਦਾ ਜਾਲ ਸੀ ਕਿ ਝੁਰੜੀਆਂ ਦਾ। ਪਰ ਫੇਰ ਮੈਂ ਸੋਚਦੀ, ਕਿ ਤਿਊੜੀਆਂ ਤਾਂ ਸਿਰਫ਼ ਮੱਥੇ 'ਤੇ ਪਿਆ ਕਰਦੀਆਂ ਨੇ, ਹੋਠਾਂ ਦੇ ਆਸ ਪਾਸ, ਗੱਲ੍ਹਾਂ 'ਤੇ, ਠੋਡੀ 'ਤੇ, ਤਿਊੜੀਆਂ ਕਿਸ ਤਰ੍ਹਾਂ ਪੈ ਸਕਦੀਆਂ ਨੇ।

ਤੇ ਮੈਂ ਉਹਦੇ ਮੂੰਹ ਵੱਲ ਵੇਖਦੀ ਰਹਿੰਦੀ।

ਉਹ ਚਲੀ ਜਾਂਦੀ, ਤੇ ਮੈਂ ਆਪਣੀ ਮਾਂ ਕੋਲੋਂ ਪੁੱਛਦੀ, "ਇਹ ਕੀਹਦੀ ਗੱਲ ਕਰਦੀ ਸੀ, ਮਾਂ ?"

"ਆਪਣੀ ਹੀ ਕਰਦੀ ਸੀ, ਹੋਰ ਕੌਣ ਏ ਇਹਦਾ ਜਿਸ ਦੀ ਗੱਲ ਕਰੇਗੀ ?"

"ਨਹੀਂ, ਕੌਣ ਮਾਲਸ਼ ਕਰਵਾਂਦੀ ਏ ਇਹਦੇ ਕੋਲੋਂ ?"

"ਇਹਦੀ ਸੌਂਕਣ।"

"ਸੌਂਕਣ ਕੀ ਹੁੰਦੀ ਏ ਮਾਂ ?"

"ਜਾ ਕੇ ਪੜ੍ਹ। ਵੱਡਿਆਂ ਦੀਆਂ ਗੱਲਾਂ ਨਹੀਂ ਸੁਣੀਦੀਆਂ।" ਮੇਰੀ ਮਾਂ ਗੱਲ ਨੂੰ ਟਾਲ ਜਾਂਦੇ।

ਪਿਤਾ ਜੀ ਕਦੇ ਕਦੇ ਖਿਝ ਜਾਂਦੇ। ਜਦੋਂ ਉਹ ਚਲੀ ਜਾਂਦੀ, ਉਹ ਮੇਰੀ ਮਾਂ ਨੂੰ ਕਹਿੰਦੇ, "ਤੂੰ ਵੀ ਇਹ ਕੀ ਬਲਾ ਪਾਲ ਰੱਖੀ ਏ ? ਸਾਰਾ ਰੋਣਾ ਰੋਣ ਜੋਗੀ ਇਹੋ ਈ ਥਾਂ ਲੱਭਦੀ ਏ ਇਹਨੂੰ, ਸਾਰੇ ਸ਼ਹਿਰ ਵਿਚੋਂ ? ਆਪਣੇ ਫ਼ਿਕਰ ਘੱਟ ਹੁੰਦੇ ਨੇ ਕਿ ਨਾਲ ਮਾਮੀ ਦਾ ਵੀ...?"

"ਕੀ ਹੋ ਗਿਆ ਜੇ ਦੋ ਘੜੀਆਂ ਆ ਜਾਂਦੀ ਏ ਵਿਚਾਰੀ ? ਉਹਦਾ ਮਨ ਹੌਲਾ ਹੋ ਜਾਂਦਾ ਏ; ਤੇ ਮੇਰਾ ਕੀ ਵਿਗੜਦਾ ਏ ?"

ਮੈਂ ਵੱਡੀ ਹੋਈ, ਤਾਂ ਵੱਡਿਆਂ ਦੀਆਂ ਗੱਲਾਂ ਸੁਣਨ ਤੋਂ ਬਿਨਾ ਹੀ ਮੈਨੂੰ ਸਮਝ ਆ ਗਈ ਕਿ ਮਾਮੀ ਦੀ ਇਕ ਸੌਂਕਣ ਸੀ। ਉਹ ਮਰਦ ਮਰ ਗਿਆ ਹੋਇਆ ਸੀ ਜਿਹਨੇ ਇਹਨਾਂ ਦੋਹਾਂ ਔਰਤਾਂ ਨਾਲ ਲਾਵਾਂ ਲਈਆਂ ਸਨ। ਪਰ ਸੌਂਕਣਾਂ ਤੇ ਫੇਰ ਵੀ ਸੌਂਕਣਾਂ ਸਨ।

ਮਾਮੀ ਕੁਝ ਦਿਨਾਂ ਤੋਂ ਬੀਮਾਰ ਸੀ। ਮੇਰੀ ਮਾਂ ਉਹਦੀ ਖ਼ਬਰ ਲੈਣ ਜਾਂਦੇ। ਉਹ ਆਪਣੀ ਕੋਠੜੀ ਵਿਚ ਕੱਲ-ਮੁਕੱਲੀ ਪਈ ਹੁੰਦੀ।

"ਨੀ ਧੀਏ, ਇਹਨਾਂ ਮੈਨੂੰ ਮਾਰ ਸੁੱਟਣਾ ਏ। ਏਸੇ ਤਰ੍ਹਾਂ ਕੋਠੜੀ ਵਿਚ ਪਈ ਪਈ ਮੈਂ ਮਰ ਜਾਣਾ ਏ, ਤੇ ਇਹਨਾਂ ਨੂੰ ਪਤਾ ਈ ਨਹੀਂ ਲੱਗਣਾ। ਜਿਸ ਤਰ੍ਹਾਂ ਟਰੰਕਾਂ ਦੇ ਪਿੱਛੇ ਕਦੀ ਚੂਹਾ ਮਰ ਜਾਂਦਾ ਏ ਨਾ, ਤੇ ਫੇਰ ਜਦੋਂ ਉਹਦੀ ਬੋ ਆਉਂਦੀ ਏ, ਲੋਕੀਂ ਉਹਨੂੰ ਲੱਭਦੇ ਨੇ। ਏਸੇ ਤਰ੍ਹਾਂ ਇਹਨਾਂ ਨੂੰ ਵੀ ਉਦੋਂ ਈ ਪਤਾ ਲਗਣਾ ਏ, ਜਦੋਂ ਏਸ ਕੋਠੜੀ ਵਿਚੋਂ ਬੋ ਬਾਹਰ ਜਾਏਗੀ! ਹਾਏ !!"

"ਕੁਝ ਨਹੀਂ ਹੁੰਦਾ ਤੈਨੂੰ ਮਾਮੀ! ਤੂੰ ਐਵੇਂ ਨਾ ਪਈ ਕਲਪ। ਕੋਤਰ ਸੌ ਵਾਰੀ



ਤੂੰ ਬਿਮਾਰ ਹੋਈ, ਤੇ ਰਾਜ਼ੀ ਹੋਈ। ਏਸ ਤਰ੍ਹਾਂ ਕੋਈ ਪਿਆ ਮਰਦਾ ਏ ?" ਮੇਰੀ ਮਾਂ ਉਹਨੂੰ ਕਹਿੰਦੇ।

ਤੇ ਅੱਜ ਜਦੋਂ ਮਾਮੀ ਮਰ ਗਈ, ਤਾਂ ਅਚਾਨਕ ਮੇਰੇ ਮਨ ਵਿਚ ਖ਼ਿਆਲ ਆਇਆ, 'ਪਤਾ ਨਹੀਂ ਕਿਹੜੇ ਵੇਲੇ ਮੋਈ ਹੋਣੀ ਏ, ਤੇ ਕਿਹੜੇ ਵੇਲੇ ਪਤਾ ਲਗਾ ਹੋਣਾ ਏ। ਸ਼ਾਇਦ ਬੋ...,' ਮੇਰੇ ਸਿਰ ਵਿਚ ਖ਼ਿਆਲਾਂ ਦਾ ਇਕ ਵਾ-ਵਰੋਲਾ ਉੱਠਿਆ।

ਮੇਰੀ ਮਾਂ ਬੜੀ ਉਦਾਸ ਬੈਠੀ ਸੀ।

ਓਸ ਔਖੇ ਤਣਾਓ ਨੂੰ ਘੱਟ ਕਰਨ ਲਈ ਮੈਂ ਗੱਲ ਕੀਤੀ, "ਮਾਂ, ਉਸ ਆਦਮੀ ਨੇ ਮਾਮੀ ਨਾਲ ਪਹਿਲੋਂ ਵਿਆਹ ਕਰਵਾਇਆ ਸੀ ਨਾ ?"

"ਹਾਂ ਬੇਟਾ, ਮਾਮੀ ਨਾਲ ਹੀ ਕਰਵਾਇਆ ਸੀ," ਮੇਰੀ ਮਾਂ ਨੇ ਹਉਕਾ ਭਰ ਕੇ ਕਿਹਾ।

"ਫੇਰ ਉਹਨੇ ਦੂਜਾ ਵਿਆਹ ਕਿਉਂ ਕਰਵਾਇਆ ?"

"ਵਿਆਹ ਕੀ, ਪਹਿਲਾ ਵਿਆਹ ਵੀ ਕੋਈ ਵਿਆਹ ਸੀ ? ਚਹੁੰ ਲਾਵਾਂ ਦੀ ਚੋਰ ਹੋ ਗਈ ਮਾਮੀ ਤਾਂ। ਮਾਮੀ ਦੇ ਖ਼ਾਵੰਦ ਨੇ ਪਹਿਲੀ ਵਾਰੀ ਜਦੋਂ ਘੁੰਡ ਚੁਕ ਕੇ ਮਾਮੀ ਦਾ ਮੂੰਹ ਵੇਖਿਆ, ਬੱਸ ਪਿਛਲੇ ਪੈਰੀਂ ਕਮਰਿਓਂ ਬਾਹਰ ਨਿਕਲ ਗਿਆ।"

"ਕਿਉਂ ?" ਮੈਂ ਹੈਰਾਨ ਸਾਂ।

"ਬੱਸ, ਕਹਿਣ ਲੱਗਾ, ਉਹ ਸੋਹਣੀ ਨਹੀਂ।"

"ਪਰ...", ਮੈਨੂੰ ਸਮਝ ਨਹੀਂ ਸੀ ਆ ਰਹੀ, ਕੀ ਕਹਾਂ।

"ਕਾਣੀ ਨਹੀਂ ਸੀ, ਲੂਲ੍ਹੀ ਨਹੀਂ ਸੀ, ਸਾਰੇ ਨੈਣ ਪਰਾਣ ਵਾਹਵਾ ਨਰੋਏ ਸਾਬੂ। ਬੱਸ ਰੰਗ ਕਾਲਾ ਸੀ।"

"ਤੇ ਇਹ ਵੀ ਕੋਈ ਗੱਲ ਏ ? ਚਾਰ ਲਾਵਾਂ ਹੋ ਜਾਣ, ਤੇ ਔਰਤਾਂ ਸੱਤਾਂ ਬੱਜਾਂ ਵਾਲੇ ਖ਼ਾਵੰਦਾਂ ਨੂੰ ਵੀ ਪਰਮੇਸ਼ਰ ਸਮਝ ਲੈਂਦੀਆਂ ਨੇ।"

"ਔਰਤ ਦੀ ਗੱਲ ਹੋਰ ਏ। ਉਹਦੀ ਪੂਰੀ ਦੀ ਪੂਰੀ ਜ਼ਿੰਦਗੀ ਦਾ ਸ਼ੁਰੂ ਵੀ ਖ਼ਾਵੰਦ ਹੁੰਦਾ ਏ ਤੇ ਅਖ਼ੀਰ ਵੀ ਖ਼ਾਵੰਦ ਹੁੰਦਾ ਏ। ਪਰ ਮਰਦ ਲਈ ਔਰਤ ਉਹਦੀ ਜ਼ਿੰਦਗੀ ਦਾ ਸਿਰਫ਼ ਇਕ ਛੋਟਾ ਜਿਹਾ ਹਿੱਸਾ ਹੁੰਦੀ ਏ। ਜੇ ਉਹ ਹਿੱਸਾ ਵੀ ਬਣ ਸਕੇ ਔਰਤ, ਤਾਂ ਉਹ ਘਰ ਦੀ ਰਾਣੀ ਹੁੰਦੀ ਏ। ਤੇ ਜੇ ਉਹ ਵੀ ਨਾ ਬਣ ਸਕੇ, ਤਾਂ ਨਾ ਘਰ ਦੀ ਨਾ ਘਾਟ ਦੀ। ਨਾ ਮੋਇਆਂ ਵਿਚ, ਨਾ ਜੀਊਂਦਿਆਂ ਵਿਚ।"

ਮਾਮੀ ਦੀ ਮੌਤ ਨੇ ਜਿਵੇਂ ਸਾਡੇ ਦੋਹਾਂ ਵਿਚੋਂ ਵਰ੍ਹਿਆਂ ਦੀ ਵਿੱਥ ਪਿਘਲਾ ਦਿਤੀ ਸੀ। ਮੇਰੀ ਮਾਂ ਇਕ ਸਹੇਲੀ ਵਾਂਗੂ ਮੇਰੇ ਨਾਲ ਗੱਲਾਂ ਕਰ ਰਹੇ ਸਨ।

ਮੈਂ ਕਿੰਨਾ ਈ ਚਿਰ ਚੁੱਪ ਰਹੀ। ਸੋਚਦੀ ਰਹੀ। ਸੋਚਾਂ ਮੇਰੇ ਕਲੇਜੇ ਵਿਚ ਗਰਮ ਸਲਾਖ਼ਾਂ ਵਾਂਗੂ ਖੁਭਦੀਆਂ ਰਹੀਆਂ। ਮੇਰੀ ਮਾਂ ਵੀ ਆਪਣੇ ਗੋਡੇ 'ਤੇ ਠੋਡੀ ਰੱਖ ਕੇ ਪਤਾ ਨਹੀਂ ਕੀ ਕੀ ਸੋਚ ਰਹੇ ਸਨ। ਖ਼ਬਰੇ ਵਰ੍ਹਿਆਂ ਦੀ ਗਾੜ੍ਹੀ ਬੋਝਲ ਧੁੰਦ ਦੇ ਪਾਰੋਂ ਉਹ ਮਾਮੀ ਦਾ ਮੂੰਹ ਵੇਖ ਰਹੇ ਸਨ।

"ਫੇਰ ਮਾਂ ?"

"ਬੱਸ, ਪੇਕੇ ਜਾਵੇ, ਤਾਂ ਮਾਂ ਪਿਓ ਫੇਰ ਸਹੁਰੇ ਛੱਡ ਜਾਣ। ਸੱਸ ਆਖੇ, ਜੇ ਤੂੰ ਮੇਰੇ ਪੁੱਤਰ ਦੇ ਕੰਮ ਦੀ ਨਹੀਂ, ਤਾਂ ਮੈਂ ਤੈਨੂੰ ਚੁਲ੍ਹੇ ਵਿਚ ਡਾਹਣਾ ਏ ?"

—ਉਹਦੀ ਸੱਸ ਵੀ ਇਕ ਔਰਤ ਹੀ ਸੀ — ਇਕ ਤਲਖ਼ ਸੋਚ ਮੇਰੇ ਮੱਥੇ ਵਿਚ ਤ੍ਰਾਟ ਵਾਂਗੂੰ ਉਭਰੀ।

"ਫੇਰ ਉਹਦੇ ਖ਼ਾਵੰਦ ਨੇ ਉਹਨੂੰ ਆਪਣੇ ਘਰ ਤੋਂ ਦੂਰ ਕਿਸੇ ਦੇ ਮਕਾਨ ਵਿਚ ਇਕ ਕੋਠੜੀ ਲੈ ਦਿਤੀ। ਉਹਦਾ ਕਿਰਾਇਆ ਉਹ ਹਰ ਮਹੀਨੇ ਆਪੇ ਦੇ ਦੇਂਦਾ ਸੀ।"

"ਤੇ ਮਾਮੀ ਚਲੀ ਗਈ ਓਥੇ ?"

"ਜਾਂਦੀ ਨਾ, ਤਾਂ ਕੀ ਕਰਦੀ ? ਉਹ ਕਹਿੰਦਾ ਸੀ, "ਮੈਂ ਤੇਰਾ ਰੋਟੀ ਦਾ ਖ਼ਰਚ ਤਾਹੀਉਂ ਦੇਣਾ ਏ, ਜੇ ਤੂੰ ਮੇਰੀਆਂ ਅੱਖਾਂ ਤੋਂ ਦੂਰ ਰਵ੍ਹੇਂਗੀ।"

"ਰੋਟੀ ਦਾ ਖ਼ਰਚ ?"

"ਹਾਂ, ਦਸ ਰੁਪਈਏ ਮਹੀਨਾ ਉਹ ਮਾਮੀ ਨੂੰ ਦੇਂਦਾ ਹੁੰਦਾ ਸੀ। ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਮਾਮੀ ਆਪਣੇ ਖ਼ਾਵੰਦ ਦੇ ਵਿਹੜੇ ਦੀਆਂ ਦਹਿਲੀਜ਼ਾਂ ਵਿਚ ਜਾ ਬਹਿੰਦੀ, ਤੇ ਦਸ ਰੁਪਈਏ ਉਹ ਨੌਕਰ ਦੇ ਹੱਥ ਅੰਦਰੋਂ ਉਹਨੂੰ ਭਿਜਵਾ ਦੇਂਦਾ।"

—ਦਸ ਰੁਪਈਏ ਮਹੀਨਾ...ਸਾਰੀ ਜ਼ਿੰਦਗੀ ਦੀ ਕੀਮਤ — ਸਾਰੇ ਖ਼ਾਬਾਂ ਦੀ, ਤੇ ਸਾਹਾਂ ਦੀ, ਤੇ ਹੱਡੀਆਂ ਦੀ, ਤੇ ਕਾਲੇ ਸਾਂਵਲੇ ਗੋਸ਼ਤ ਦੀ ਕੀਮਤ...। ਕਿਉਂਕਿ ਮਾਮੀ ਨੂੰ ਉਹਦੇ ਖ਼ਾਵੰਦ ਨੇ ਵਸਾਇਆ ਨਹੀਂ, ਉਜਾੜ ਦਿਤਾ। ਖੇਤ ਨੂੰ ਸਾਈਂ ਵਾਹੇ, ਸੁਆਰੇ, ਗੋਡੇ, ਬੀਜੇ, ਤੇ ਖੇਤ ਵੱਸ ਪਿਆ। ਨਹੀਂ ਤੇ ਰੜਾ-ਰਿਟ, ਉਜਾੜ। ਮਕਾਨ ਵਿਚ ਕੋਈ ਰਹੇ, ਧੋਏ, ਪੂੰਝੇ, ਲਿਸ਼ਕਾਏ, ਤੇ ਮਕਾਨ ਵੱਸ ਗਿਆ। ਨਹੀਂ ਤੇ ਕਬੂਤਰਾਂ ਦੀਆਂ ਵਿੱਠਾਂ, ਗਰਦ-ਗ਼ੁਬਾਰ, ਮਿੱਟੀ ਘੱਟਾ, ਤੇ ਉਜਾੜ, ਸੁੰਨ-ਮਸਾਨ ! ਤੀਵੀਂ ਦਾ ਵੀ ਕੀ ਜੀਊਣ ਏ ?—ਮੈਂ ਸੋਚੀ ਜਾ ਰਹੀ ਹਾਂ।

"ਤੇ ਮਾਮੀ ਫੇਰ ਕਈ ਕਈ ਦਿਨ ਕਲਪਦੀ ਰਹਿੰਦੀ। ਕੰਧਾਂ ਬੂਹਿਆਂ ਨਾਲ ਲਗ ਲਗ ਕੇ ਰੋਂਦੀ ਰਹਿੰਦੀ। ਆਖਦੀ, ਹੋਰ ਤੇ ਮੈਂ ਸਭ ਸਹਾਰ ਲਿਆ, ਪਰ ਇਹ ਨਹੀਂ ਮੇਰੇ ਕੋਲੋਂ ਸਹਾਰਿਆ ਜਾਂਦਾ। ਉਹਦੀ ਗਲੀ ਵਿਚ ਜਦੋਂ ਮੈਂ ਵੜਨੀ ਆਂ, ਮੇਰੇ ਅੰਦਰ ਕੁਝ ਧੁਖਦਾ ਏ। ਉਹਦੇ ਘਰ ਦੀਆਂ ਦਹਿਲੀਜ਼ਾਂ ਵਿਚ ਜਦੋਂ ਮੈਂ ਜਾ ਕੇ ਬਹਿਨੀ ਆਂ, ਮੈਨੂੰ ਲਗਦਾ ਏ ਮੇਰੇ ਅੰਦਰ ਕੁਝ ਸੜਦਾ ਏ ਪਿਆ। ਜਦੋਂ ਉਸ ਵਿਹੜੇ ਵਿਚ ਉਹ ਟੁਰਦੀ ਫਿਰਦੀ ਮੈਨੂੰ ਦਿੱਸਦੀ ਏ, ਸੋਨੇ ਤੇ ਰੇਸ਼ਮਾਂ ਨਾਲ ਲੱਦੀ ਹੋਈ, ਤੇ ਉਹਦਾ ਖ਼ਾਵੰਦ ਦਸ ਰੁਪਈਏ ਨੌਕਰ ਦੇ ਹੱਥ ਬਾਹਰ ਭਿਜਵਾਂਦਾ ਏ, ਮੇਰੇ ਅੰਦਰ ਭਾਂਬੜ ਬਲ ਬਲ ਉੱਠਦੇ ਨੇ।"

"ਦੂਜਾ ਵਿਆਹ ਕਰ ਲਿਆ ਸੀ ਉਹਦੇ ਖ਼ਾਵੰਦ ਨੇ ?"

"ਹਾਂ, ਦੂਜਾ ਕਰ ਲਿਆ ਸੀ। ਤੇ ਉਹ ਉਹਦੀ ਸੌਂਕਣ ਮਾਮੀ ਵਲ ਇੰਜ ਵੇਖਦੀ ਸੀ, ਜਿਸ ਤਰ੍ਹਾਂ ਕਿਸੇ ਕੋਹੜ ਪਏ ਹੋਏ ਮਨੁੱਖ ਵਲ ਵੇਖੀਦਾ ਏ, ਜਾਂ ਪਾਂ ਪਏ ਹੋਏ ਕੁੱਤੇ ਵਲ।

"ਉਹ ਵੀ ਔਰਤ ਸੀ..."



"ਉਹ ਵੀ ਔਰਤ ਸੀ। ਪਰ ਜਦੋਂ ਝੱਖੜ ਝੁੱਲਿਆ ਹੋਵੇ, ਤੇ ਛੱਤ ਇਕੋ ਹੀ ਹੋਵੇ, ਤਾਂ ਮਨੁੱਖ ਓਸ ਛੱਤ ਹੇਠਾਂ ਆਪਣੀ ਥਾਂ ਬਣਾਨ ਦੀ ਕੋਸ਼ਿਸ਼ ਕਰੇਗਾ ਹੀ। ਦੂਜੇ ਨੂੰ ਧੱਕਾ ਦੇ ਕੇ ਬਾਹਰ ਕੱਢੇਗਾ ਹੀ।"

"ਪਰ ਮਾਮੀ ਉੱਥੇ ਜਾਂਦੀ ਹੀ ਕਿਉਂ ਸੀ ? ਆਪਣਾ ਕੋਈ ਕੰਮ ਕਰ ਲੈਂਦੀ, ਰੋਟੀ ਕਮਾ ਲੈਂਦੀ," ਮੈਨੂੰ ਗੁੱਸਾ ਆ ਰਿਹਾ ਸੀ।

"ਸ਼ਰੀਫ਼ ਘਰਾਣਿਆਂ ਦੀਆਂ ਨੂੰਹਾਂ ਧੀਆਂ ਕੋਈ ਏਸ ਤਰ੍ਹਾਂ ਕੰਮੀ ਕਮੀਣਾਂ ਵਾਂਗੂੰ ਕੰਮ ਕਰਦੀਆਂ ਸਨ ? ਮਾਮੀ ਕੀ ਕਰਦੀ ? ਸਹੁਰਿਆਂ ਪੇਕਿਆਂ ਦੀ ਇੱਜ਼ਤ ਨੂੰ ਛਾਤੀ ਨਾਲ ਲਾ ਕੇ ਬੈਠੀ ਰਹੀ, ਤੇ ਆਪਣੇ ਹੱਡ ਬਾਲਦੀ ਰਹੀ।"

— ਖ਼ਾਨਦਾਨ...ਇੱਜ਼ਤ...ਨੂੰਹ ਧੀ...ਵਾਹ...! ਵਧੀਆ ਮਜ਼ਾਕ ਏ — ਮੈਂ ਸੋਚਦੀ ਸਾਂ ਪਈ।

"ਏਸੇ ਤਰ੍ਹਾਂ ਇਹਨੇ ਵਰ੍ਹਿਆਂ ਦੇ ਵਰ੍ਹੇ ਗੁਜ਼ਾਰ ਲਏ। ਆਪਣੀ ਹੜ੍ਹਾਂ ਵਰਗੀ ਜੁਆਨੀ ਨੂੰ ਸਾੜ ਕੇ ਸੁਆਹ ਕਰ ਲਿਆ। ਤੇ ਫੇਰ ਉਹਦਾ ਆਦਮੀ ਮਰ ਗਿਆ। ਉਹਦੀ ਸੌਂਕਣ ਨੇ ਕਿਹਾ, ਮੈਂ ਤੇ ਕੋਈ ਨਹੀਂ ਦਸ ਰੁਪਈਏ ਮਹੀਨੇ ਦੇ ਦੇਣੇ — ਐਵੇਂ ਖ਼ਾਹਮਖ਼ਾਹ ਕਿਉਂ ਦਸ ਰੁਪਏ ਕੂੜੇ 'ਤੇ ਸੁੱਟਾਂ ?"

"ਫੇਰ ?"

"ਫੇਰ ਬਰਾਦਰੀ ਦੇ ਲੋਕਾਂ ਨੇ ਉਹਨੂੰ ਕਿਹਾ, ਕਿ ਬਈ ਜੇ ਦਸ ਰੁਪਏ ਨਾ ਦੇਏਂਗੀ ਉਹਨੂੰ, ਤਾਂ ਉਹ ਖਾਏਗੀ ਕਿਥੋਂ ? ਸਾਰੇ ਮਕਾਨ ਜਾਇਦਾਦ ਤੇਰਾ ਮਰਦ ਤੇਰੇ ਨਾਂ ਲੁਆ ਗਿਆ ਏ, ਉਹ ਵਿਚਾਰੀ ਰੋਟੀ ਕਿਥੋਂ ਖਾਵੇ ?"

"ਉਹ ਮੰਨ ਗਈ ?"

"ਮੰਨੀ ਕੀ, ਕਹਿਣ ਲਗੀ, ਰੋਟੀ ਖਾਣੀ ਸੂ ਤੇ ਏਥੇ ਘਰ ਰਵ੍ਹੇ, ਕੰਮ ਕਰੇ ਤੇ ਖਾਏ।"

"ਅੰ," ਮੈਂ ਹੁੰਗਾਰਾ ਭਰਿਆ।

"ਮਾਮੀ ਚਲੀ ਗਈ ਉੱਥੇ। ਉਸੇ ਘਰ ਵਿਚ ਜਿਸ ਘਰ ਵਿਚ ਉਹਦੀ ਡੋਲੀ ਗਈ ਸੀ, ਜਿਸ ਘਰ ਦੀਆਂ ਦਹਿਲੀਜ਼ਾਂ ਵਿਚ ਬਹਿ ਕੇ ਉਹਨੂੰ ਦਸ ਰੁਪਈਏ ਹਰ ਮਹੀਨੇ ਦੀ ਪਹਿਲੀ ਤਰੀਕ ਮਿਲਿਆ ਕਰਦੇ ਸਨ। ਮਾਮੀ ਗਈ, ਤੇ ਉਹਦੀ ਸੌਂਕਣ ਨੇ ਆਪਣੇ ਨੌਕਰ ਨੂੰ ਜੁਆਬ ਦੇ ਦਿਤਾ। ਨੌਕਰ ਦਾ ਕੰਮ ਮਾਮੀ ਨੇ ਸਾਂਭ ਲਿਆ। ਨੌਕਰ ਦੇ ਹਿੱਸੇ ਦੀ ਰੋਟੀ ਮਾਮੀ ਨੂੰ ਮਿਲਣ ਲਗੀ।"

ਮੈਂ ਜਿਵੇਂ ਕਿਸੇ ਧੁੰਦ ਵਿਚ ਗੁਆਚਦੀ ਜਾ ਰਹੀ ਸਾਂ। ਇਹ ਕਿਹੋ ਜਿਹੀ ਧੁੰਦ ਸੀ ? ਇਹਦੇ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੀ। ਤੇ ਏਸੇ ਕਰ ਕੇ ਇਕ ਬੇਬਸੀ ਸੀ, ਪੀੜ ਨਾਲ ਭਰੀ ਹੋਈ ਬੇਹਿਸ ਬੇਬਸੀ, ਤੇ ਉਹਦਾ ਤਲਖ਼ ਇਹਸਾਸ ਸੀ। ਤੇ ਦਰਦ ਦੀ ਇਕ ਤ੍ਰਾਟ ਸੀ।

"ਮਾਮੀ ਸਿਰ ਸੁੱਟ ਕੇ ਕੰਮ ਕਰਦੀ, ਰੋਟੀਆਂ ਪਕਾਂਦੀ, ਮੱਝ ਦਾ ਗੁਤਾਵਾ ਕਰਦੀ, ਦੁੱਧ ਰਿੜਕਦੀ, ਗੋਹੇ ਥੱਪਦੀ, ਬਹੁਕਰਾਂ ਦੇਂਦੀ, ਆਪਣੀ ਸੌਂਕਣ ਦੇ ਪਿੰਡੇ 'ਤੇ ਮਾਲਸ਼ ਕਰਦੀ, ਤੇ ਉਹਦਾ ਸਿਰ ਝਸਦੀ। ਪਰ ਜਦੋਂ ਉਹ ਬਾਲਾਂ ਦਾ ਕੰਮ ਕਰਦੀ, ਪਤਾ ਨਹੀਂ ਕਿਹੜੇ

ਚਾਅ ਨਾਲ ਉੱਡ ਉੱਡ ਕੇ ਉਹ ਸਾਰੇ ਬੱਚਿਆਂ ਦੀਆਂ ਸੱਤ ਸੱਤ ਚਾਕਰੀਆਂ ਕਰਦੀ। ਸੱਕੀ ਮਾਂ ਏਸ ਤਰ੍ਹਾਂ ਨਹੀਂ ਸੇਵਾ ਕਰਦੀ ਹੋਣੀ, ਜਿਸ ਤਰ੍ਹਾਂ ਉਹਨੇ ਆਪਣੀ ਸੌਂਕਣ ਦੇ ਬਾਲਾਂ ਦੀ ਕੀਤੀ। ਹੁਣ ਤੇ ਉਹਨੂੰ ਏਹੋ ਈ ਝੋਰਾ ਸੀ, ਪਈ ਉਹ ਵੀ ਨਹੀਂ ਉਹਦੀ ਵਾਤ ਪੁੱਛਦੇ। ਈਹੋ ਈ ਗਮ਼ ਸੀ ਉਹਨੂੰ।''

''ਤਾਹੀਏਂ ਤੁਸੀਂ ਸੱਤ ਕੰਮ ਛੱਡ ਕੇ ਵੀ ਉਹਦੀ ਗੱਲ ਸੁਣਦੇ ਸਓ।''

''ਤੁਰ ਗਈ ਗੱਲਾਂ ਸੁਣਾਨ ਵਾਲੀ, ਸੌਖੀ ਹੋ ਗਈ'', ਮੇਰੀ ਮਾਂ ਨੇ ਡੂੰਘਾ ਹਉਕਾ ਭਰਿਆ ਤੇ ਗੋਡਿਆਂ 'ਤੇ ਹੱਥ ਰੱਖ ਕੇ ਉੱਠ ਖਲੋਤੇ, ਰਸੋਈ ਵਲ ਤੁਰ ਪਏ, ਤੇ ਪੱਲੇ ਨਾਲ ਉਹਨਾਂ ਨੇ ਅੱਖਾਂ ਪੂੰਝ ਲਈਆਂ।

ਸਾਹਮਣੇ ਘਰ ਵਿਚ ਰੋਣ ਦੀ ਆਵਾਜ਼ ਖ਼ਤਮ ਹੋ ਚੁੱਕੀ ਏ। ਰੋਣ ਦੀ ਰਸਮ ਪੂਰੀ ਹੋ ਗਈ ਏ। ਹੁਣ ਸ਼ਾਇਦ ਮਾਮੀ ਨੂੰ ਨੁਹਾਇਆ ਜਾਏਗਾ, ਨਵੇਂ ਕੱਪੜੇ ਪੁਆਏ ਜਾਣਗੇ ...ਤੇ ਉੱਤੇ ਉਹ ਲੋਈ...ਉਹ ਕੂਲੀ ਮਟਮੈਲੇ ਰੰਗ ਦੀ ਕਾਤਲ ਲੋਈ...

ਥੋੜ੍ਹਾ ਚਿਰ ਹੋਇਆ ਏ, ਮੈਂ ਮਾਮੀ ਦੇ ਘਰ ਗਈ ਸਾਂ। ਉਸੇ ਕੋਠੜੀ ਵਿਚ ਪਈ ਸੀ। ਤੇ ਉਹਦੇ ਉੱਤੇ ਇਕ ਨਵੀਂ ਨਕੋਰ ਮਟਮੈਲੇ ਰੰਗ ਦੀ ਗਰਮ ਲੋਈ ਪਈ ਸੀ।

ਤੇ ਮਾਮੀ ਦੀ ਸੌਂਕਣ ਦਾ ਪੁੱਤਰ ਸਿੰਦਰ ਪਰਲੇ ਕਮਰੇ ਵਿਚ ਗੁੰਮ ਸੁੰਮ ਬੈਠਾ ਸੀ। ਮਾਮੀ ਦੀ ਸੌਂਕਣ ਨੂੰ ਅਸੀਂ ਨਿੱਕੀ ਮਾਮੀ ਕਿਹਾ ਕਰਦੇ ਸਾਂ। ਨਿੱਕੀ ਮਾਮੀ ਨੇ ਮੈਨੂੰ ਹੌਲੀ ਜਿਹੀ ਇਕ ਪਾਸੇ ਸੱਦ ਕੇ ਕਿਹਾ, ''ਜੀਤ, ਸਿੰਦਰ ਵੀਰ ਨੂੰ ਰੋਟੀ ਖੁਆ ਦੇਹ। ਸਵੇਰ ਦਾ ਇੰਜੇ ਡੌਰ ਭੌਰ ਬੈਠਾ ਏ। ਖ਼ਵਰੇ ਕੀ ਹੋਇਆ ਸੂ।''

ਮੈਂ ਚੁਪਚਾਪ ਘਰ ਗਈ। ਪਲੇਟ ਵਿਚ ਰੋਟੀ ਰਖ ਕੇ ਚੁੰਨੀ ਨਾਲ ਕੱਜ ਕੇ ਓਸ ਕਮਰੇ ਵਿਚ ਲੈ ਗਈ ਜਿਥੇ ਸਿੰਦਰ ਬੈਠਾ ਸੀ।

''ਵੀਰ, ਰੋਟੀ ਖਾ ਲਓ।''

ਤੇ ਸਿੰਦਰ ਨੇ ਅਚਕਚਾ ਕੇ, ਹੜਬੜਾ ਕੇ ਮੇਰੇ ਵਲ ਤੱਕਿਆ। ਉਹਦੀਆਂ ਅੱਖਾਂ ਵਿਚ ਡਰ ਸੀ, ਹੈਰਾਨੀ ਸੀ, ਜਿਵੇਂ ਉਹਨੂੰ ਕੁਝ ਸਮਝ ਨਾ ਆ ਰਹੀ ਹੋਵੇ।

ਫੇਰ ਉਹ ਬਾਲਾਂ ਵਾਂਗੂੰ ਰੋ ਪਿਆ। ''ਜੀਤ, ਪਤਾ ਨਹੀਂ ਕੀ ਹੋਇਆ। ਮੈਂ ਵੱਡੀ ਅੰਮਾਂ ਵਾਸਤੇ ਲੋਈ ਲਿਆਇਆ। ਬੜੇ ਵਰ੍ਹਿਆਂ ਤੋਂ ਉਹ ਮੈਨੂੰ ਕਹਿੰਦੀ ਸੀ, ਸਿੰਦਰ, ਤੇਰੀ ਨੌਕਰੀ ਵੀ ਲਗੀ, ਸੁੱਖ ਨਾਲ, ਪਰ ਆਪਣੀ ਬੁੱਢੜੀ ਮਾਂ ਜੋਗੀ ਤੂੰ ਕੋਈ ਚੀਜ਼ ਨਾ ਲਿਆਇਓਂ। ਵੇ ਪੁੱਤਰ, ਇਕ ਲੋਈ ਈ ਲੈ ਦੇਹ ਗਰਮ; ਹੱਡ ਕੜਕਦੇ ਰਹਿੰਦੇ ਨੇ ਪਾਲੇ ਵਿਚ। ਨਿੱਘ ਆਵੇਗਾ, ਤੇ ਮੈਂ ਵੀ ਸੋਚਾਂਗੀ, ਮੇਰਾ ਪੁੱਤਰ ਕਮਾ ਕੇ ਲਿਆਇਆ ਏ ਕੁਝ ਮਾਂ ਜੋਗਾ।

''...ਤੇ ਹੁਣ ਮੈਂ ਸੋਚਿਆ, ਵੱਡੀ ਅੰਮਾਂ ਬਿਮਾਰ ਏ, ਲੋਈ ਲੈ ਜਾਵਾਂ। ਬੱਸ, ਚਾਈਂ ਚਾਈਂ ਉਹ ਮੰਜੇ 'ਤੇ ਉੱਠ ਕੇ ਬਹਿ ਗਈ। ਲੋਈ ਦੀ ਬੁੱਕਲ ਉਹਨੇ ਮਾਰੀ। ਸੱਤ ਸੱਤ ਅਸੀਸਾਂ ਉਹਨੇ ਮੈਨੂੰ ਦਿੱਤੀਆਂ। ਹੱਸਦੀ ਹੱਸਦੀ ਹੱਥ ਉਲਾਰ ਕੇ ਮੇਰੀ ਪਿੱਠ 'ਤੇ ਪਿਆਰ ਦੇਣ ਲਗੀ, ਕਿ ਧੰਮ ਕਰ ਕੇ ਮੰਜੀ 'ਤੇ ਡਿੱਗ ਪਈ। ਮੈਂ ਹੱਥ ਲਾਇਆ, ਨਬਜ਼ ਈ ਨਾ ਲੱਭੇ। ਡਾਕਟਰ ਨੂੰ ਬੁਲਾਇਆ, ਉਹ ਕਹਿਣ ਲਗਾ, ਇਹ ਤੇ ਮਰ ਗਈ...''/



# ਮਾਂ-ਪੁੱਤਰ

ਸ਼ਾਂਤੀ ਕੋਲੋਂ ਇਕ ਪਲ ਵੀ ਕਿਤੇ ਟਿਕ ਕੇ ਨਹੀਂ ਬੈਠਿਆ ਜਾ ਰਿਹਾ ਸੀ। ਛਾਤੀ ਦੇ ਅੰਦਰ ਪਤਾ ਨਹੀਂ ਕਿਹੋ ਜਿਹੀ ਕੁਲਬੁਲਾਹਟ ਹੋ ਰਹੀ ਸੀ। ਇਕ ਚੀਜ਼ ਏਥੋਂ ਚੁੱਕ ਕੇ ਉਥੇ, ਦੂਜੀ ਉਥੋਂ ਚੁੱਕ ਕੇ ਏਥੇ। ਕੰਮ 'ਤੇ ਕੋਈ ਨਹੀਂ ਸੀ, ਪਰ ਵਿਹਲ ਵੀ ਕੋਈ ਨਹੀਂ ਸੀ। ਇਕ ਪਲ ਟਿਕ ਕੇ ਬਹਿਣ ਦੀ ਫ਼ੁਰਸਤ ਨਹੀਂ ਸੀ।

ਸ਼ਾਂਤੀ ਨੇ ਰਸੋਈ ਵਿਚ ਜਾ ਕੇ ਇਕ ਨਜ਼ਰ ਸਭ ਚੀਜ਼ਾਂ ਨੂੰ ਤੱਕਿਆ। ਤਿੰਨ ਚੁੱਲ੍ਹੇ ਬਲ ਰਹੇ ਸਨ — ਦੋ ਗੈਸ ਦੇ ਚੁੱਲ੍ਹੇ, ਇਕ ਬਿਜਲੀ ਦੀ ਹਾਟ-ਪਲੇਟ। ਤਿੰਨਾਂ ਉਤੇ ਪਤੀਲੇ ਪਏ ਸਨ। ਸ਼ਾਂਤੀ ਨੇ ਵਾਰੋ ਵਾਰੀ ਤਿੰਨਾਂ ਦੇ ਢੱਕਣ ਲਾਹ ਕੇ ਵੇਖਿਆ, ਨਾਲ ਨਾਲ ਧਰਮੂੰ ਨੂੰ ਦਸ ਵਾਰ ਦੁਹਰਾਈਆਂ ਹਿਦਾਇਤਾਂ ਫੇਰ ਦੁਹਰਾ ਦਿਤੀਆਂ, ''ਵੇਖ ਬੇਟਾ, ਚਿਕਨਕਰੀ ਵਿਚ, ਬਸ ਰਤਾ ਕੁ ਜਿੰਨੀ ਗਰੇਵੀ ਰੱਖੀਂ। ਥੱਲੇ ਲਾਹ ਕੇ ਬਰੀਕ ਬਰੀਕ ਹਰਾ ਧਨੀਆ ਕੱਟ ਕੇ ਉਤੇ ਧੂੜ ਦੇਵੀਂ। ਗਰਮ ਮਸਾਲਾ ਬਹੁਤਾ ਨਾ ਪਾਵੀਂ — ਲਲਿਤ ਨੂੰ ਸੁਖਾਂਦਾ ਨਹੀਂ।...ਧਰਮੂੰ ਬੋਲਿਆ, ਭਿੰਡੀ ਤੋਰੀ ਲੋਹੇ ਦੀ ਕੜਾਹੀ ਵਿਚ ਬਣਾਈਂ; ਰੰਗ ਤੇ ਰਤਾ ਕੁ ਕਾਲਾ ਹੋ ਜਾਂਦਾ ਏ, ਪਰ ਬਣਦੀ ਕਰਾਰੀ ਏ। ਬਹੁਤਾ ਘਿਉ ਨਾ ਪਾਵੀਂ — ਲਲਿਤ ਨੂੰ ਤਰਦਾ ਤਰਦਾ ਘਿਉ ਨਹੀਂ ਚੰਗਾ ਲਗਦਾ।''

ਦਿਲ ਵਿਚ ਉਹ ਸੋਚਣ ਲਗੀ, 'ਨਾਲੇ ਲਿਖਦਾ ਸੀ, ਉਬਲੀਆਂ ਹੋਈਆਂ ਸਬਜ਼ੀਆਂ ਤੇ ਉਬਲਿਆ ਗੋਸ਼ਤ ਈ ਖਾਨਾ ਵਾਂ। ਹੁਣ ਤੇ ਸਾਹਬ ਬਹਾਦਰ ਨੂੰ ਘਿਉ ਉੱਕਾ ਹੀ ਚੰਗਾ ਨਹੀਂ ਲਗਣਾ', ਉਹ ਮੁਸਕਰਾਈ।

ਰਸੋਈ ਵਿਚੋਂ ਨਿਕਲ ਕੇ ਸ਼ਾਂਤਾ ਖਾਣ-ਕਮਰੇ ਵਿਚ ਆ ਗਈ। 'ਟੇਬਲ ਠੀਕ ਏ? ਮੈਟੀਜ਼ ਠੀਕ ਨੇ?' ਗੁਲਦਾਨ ਵਿਚੋਂ ਸੁਬਕ ਜਿਹੀਆਂ ਲੰਮਸਲੰਮੀਆਂ ਟਾਹਣੀਆਂ ਨਿਕਲ ਕੇ ਫੈਲ ਰਹੀਆਂ ਸਨ। ਇਕ ਟਾਹਣੀ ਨੂੰ ਫੜ ਕੇ ਉਹਨੇ ਰਤਾ ਕੁ ਹੇਠਾਂ ਵਲ ਝੁਕਾ ਦਿਤਾ; ਤੇ ਉਹਨੂੰ ਉਸ ਜਾਪਾਨੀ ਔਰਤ ਦੀ ਗੱਲ ਯਾਦ ਆ ਗਈ, ਜਿਹੜੀ ਇਕ ਵਾਰੀ ਕਲੱਬ ਵਿਚ ਆਈ ਸੀ, ਤੇ ਫੁੱਲਾਂ ਦੀ ਸਜਾਵਟ ਬਾਰੇ ਉਹਨੇ ਨਿੱਕੀਆਂ ਨਿੱਕੀਆਂ ਗੱਲਾਂ ਦੱਸੀਆਂ ਸਨ — ਫਲਾਵਰ ਅਰੇਂਜਮੈਂਟ ਵਿਚੋਂ ਇਕ ਟਾਹਣੀ ਸਿੱਧੀ ਉਤੇ ਵਲ ਜਾਂਦੀ ਹੋਵੇ, ਆਕਾਸ਼ ਵਲ ਬਾਂਹ ਵਧਾਂਦੀ ਹੋਈ; ਇਕ ਬਿਲਕੁਲ ਹੇਠਾਂ ਵਲ ਝੁਕੀ ਹੋਵੇ, ਧਰਤੀ ਨੂੰ ਸਿਜਦਾ ਕਰਦੀ ਹੋਈ; ਤੇ ਇਕ ਰਤਾ ਕੁ ਝੁਕੀ ਹੋਵੇ, ਮਨੁੱਖ ਵਲ ਬਾਂਹ ਵਧਾਂਦੀ ਹੋਈ।

'ਤੇ ਮਨੁੱਖ ਦੀ ਆਪਣੀ ਜ਼ਿੰਦਗੀ ਦੀਆਂ ਟਾਹਣੀਆਂ ?' — ਸ਼ਾਂਤਾ ਦੇ ਖ਼ਿਆਲ ਹਮੇਸ਼ਾ ਵਾਂਗ ਭਟਕਣ ਲਗੇ। ਪਰ ਦੋ ਕਦਮ ਵੀ ਨਹੀਂ ਟੁਰੇ, ਕਿ ਸ਼ਾਂਤਾ ਨੇ ਉਹਨਾਂ ਵਲੋਂ ਨਜ਼ਰ ਹਟਾ ਲਈ। ਅੱਜ ਉਹ ਕਿਉਂ ਸੋਚੇ ਇਹੋ ਜਿਹੀਆਂ ਗੱਲਾਂ ? ਅੱਜ ਤੇ ਲਲਿਤ ਆ ਰਿਹਾ ਸੀ — ਤਿੰਨਾਂ ਵਰ੍ਹਿਆਂ ਮਗਰੋਂ। ਸਿਰਫ਼ ਉਹਦੇ ਕਹਿਣ ਕਰ ਕੇ ਕਿੰਜ ਸੱਤ ਸਮੁੰਦਰ ਪਾਰੋਂ ਚਲਿਆ ਆ ਰਿਹਾ ਸੀ! — ਸਿਰਫ਼ ਉਹਦੇ ਲਿਖਣ ਕਰ ਕੇ।

ਤੇ ਇਕ ਮੁਸਕਰਾਹਟ ਸ਼ਾਂਤੀ ਦੀ ਛਾਤੀ ਵਿਚ ਜਿਵੇਂ ਪੀਂਘ ਝੂਟਣ ਲਗੀ। ਇਕ ਅਨੋਖੀ ਤਸੱਲੀ ਨਾਲ, ਜਿਵੇਂ ਉਹਦੇ ਅੰਦਰਲੇ ਸਾਰੇ ਸੱਖਣੇ ਕੋਨੇ ਭਰ ਗਏ।

ਹਾਲੀਂ ਤਕ ਕੁਮਾਰ ਤੇ ਘਰ ਆਏ ਹੀ ਨਹੀਂ ਸਨ। 'ਆਹੋ ਜੀ, ਉਹਨਾਂ ਨੂੰ ਕੀ ? ਉਹਨਾਂ ਦਾ ਦਫ਼ਤਰ, ਕਲੱਬ, ਪਾਰਟੀਆਂ, ਬਰਿਜ ਤੇ ਫ਼ਲਾਸ਼ ਦੇ ਦੌਰ। ਉਹਨਾਂ ਨੂੰ ਕੀ ਲੋੜ ਏ ਆਪਣੇ ਪੁੱਤਰ ਦੀ ਘਰ ਬਹਿ ਕੇ ਉਡੀਕ ਕਰਨ ਦੀ ? ਲੋੜ ਤੇ ਉਹਨੂੰ ਏ, ਜਿਸ ਦੀ ਜ਼ਿੰਦਗੀ ਉੱਕਾ ਖ਼ਾਲੀ ਏ — ਸ਼ਾਂ ਸ਼ਾਂ ਕਰਦਾ ਸੱਖਣਾਪਨ।'

'ਅੱਜ ਨਹੀਂ ਸੋਚਾਂਗੀ ਇਹ ਸਭ! ਘਰ ਆਣ, ਨਾ ਆਣ ; ਮੈਨੂੰ ਕੀ ? ਮੇਰੇ ਵਾਸਤੇ ਉਹਨਾਂ ਦੇ ਘਰ ਆਉਣ ਦਾ ਕੋਈ ਮਹਿਨਾ ਨਹੀਂ। ਜੇ ਕਿਸੇ ਚੀਜ਼ ਦਾ, ਕਿਸੇ ਗੱਲ ਦਾ ਮਹਿਨਾ ਹੈ, ਤਾਂ ਉਹ ਇਹ ਵੇ ਕਿ ਲਲਿਤ ਆ ਰਿਹਾ ਏ। ਬੱਸ !'' ਸ਼ਾਂਤੀ ਨਿੱਕੇ ਨਿੱਕੇ ਕੰਮ ਕਰਦੀ ਜਾਂਦੀ ਸੀ ਤੇ ਸੋਚਦੀ ਜਾਂਦੀ ਸੀ।

ਅਚਾਨਕ ਟੈਲੀਫ਼ੋਨ ਦੀ ਘੰਟੀ ਵੱਜ ਉਠੀ।

"ਹੈਲੋ, ਮਿਸਿਜ਼ ਕੁਮਾਰ ਹੇਅਰ।"

"ਹਾਂ, ਬਈ, ਮੈਂ ਹਾਂ। ਮੈਂ ਦਫ਼ਤਰੋਂ ਸਿੱਧਾ ਏਅਰੋਡਰੋਮ ਜਾ ਰਿਹਾਂ। ਲਲਿਤ ਨੂੰ ਲੈ ਕੇ ਹੀ ਘਰ ਆਵਾਂਗਾ।"

"ਪਰ ਤੁਸਾਂ ਤੇ ਕਿਹਾ ਸੀ, ਆਪ ਆਉਗੇ ਜਾਂ ਗੱਡੀ ਭੇਜੋਗੇ, ਤੇ ਮੈਨੂੰ ਵੀ ਨਾਲ..."

"ਡਰਾਈਵਰ ਛੁੱਟੀ ਲੈ ਕੇ ਚਲਾ ਗਿਆ ਏ, ਤੇ ਮੈਨੂੰ ਏਥੇ ਕੰਮ ਏ। ਘਰ ਨਹੀਂ ਆ ਸਕਾਂਗਾ," ਮਿਸਟਰ ਕੁਮਾਰ ਨੇ ਬਿਲਕੁਲ ਅਫ਼ਸਰਾਨਾ ਅੰਦਾਜ਼ ਵਿਚ ਕਿਹਾ, ਤੇ ਟੈਲੀਫ਼ੋਨ ਬੰਦ ਕਰ ਦਿਤਾ।

'ਘਰ ਨਹੀਂ ਆ ਸਕਾਂਗਾ,' ਸ਼ਾਂਤੀ ਨੇ ਬੇਹੱਦ ਖਿੱਝ ਤੇ ਝੁੰਜਲਾਹਟ ਨਾਲ ਮਨ ਵਿਚ ਇਹ ਲਫ਼ਜ਼ ਦੁਹਰਾਏ। ਟੈਲੀਫ਼ੋਨ ਦੇ ਰਿਸੀਵਰ ਨੂੰ ਉਹਨੇ 'ਖਟਾਕ' ਕਰ ਕੇ ਵਾਪਸ ਰਖ ਦਿਤਾ, ਜਿਵੇਂ ਇਹ ਰਿਸੀਵਰ ਦਾ ਹੀ ਕਸੂਰ ਹੋਵੇ। ਮੇਜ਼ ਦੇ ਕੋਲੋਂ ਉਹ ਇਕ ਦਮ ਟੁਰ ਪਈ।

ਦੂਜੇ ਕਮਰੇ ਵਿਚ ਗਈ। ਕਾਹਲੀ ਕਾਹਲੀ ਟੁਰਦੀ ਹੋਈ ਤੀਜੇ ਕਮਰੇ ਵਿਚ ਗਈ। ਫੇਰ ਕਾਹਲੇ ਕਦਮਾਂ ਨਾਲ ਬਾਹਰ ਲਾਅਨ ਵਿਚ ਆ ਗਈ। ਇਕ ਉੱਡਦੀ ਹੋਈ ਨਜ਼ਰ ਉਹਨੇ ਬਾਹਰ ਖ਼ਾਲੀ ਚੁੱਪ-ਚਾਪ ਲੇਟੀ ਹੋਈ ਸੜਕ ਵਲ ਮਾਰੀ। ਫੇਰ ਉਹ ਅੰਦਰ ਮੁੜ ਆਈ। ਉਹਨੂੰ ਰਹਿ ਰਹਿ ਕੇ ਖਿੱਝ ਆ ਰਹੀ ਸੀ।

'ਘਰ ਨਹੀਂ ਆ ਸਕਾਂਗਾ,' ਇਹ ਲਫ਼ਜ਼ ਉਹ ਸੈਂਕੜੇ ਵਾਰ, ਹਜ਼ਾਰਾਂ ਵਾਰ ਟੈਲੀਫ਼ੋਨ 'ਤੇ ਸੁਣ ਚੁੱਕੀ ਸੀ। ਇਹਨਾਂ ਸਾਰੇ ਗੁਜ਼ਰੇ ਵਰ੍ਹਿਆਂ ਵਿਚ ਹਜ਼ਾਰਾਂ ਵਾਰ ਟੈਲੀਫ਼ੋਨ ਦੀ ਘੰਟੀ ਵੱਜੀ ਸੀ, ਹਜ਼ਾਰਾਂ ਵਾਰ ਉਹਨੇ ਰਿਸੀਵਰ ਚੁਕਿਆ ਸੀ — ਬੇਆਸ ਸੁਆਹ ਦੇ ਵਿਚੋਂ ਜਿਵੇਂ ਆਸ ਦੀ ਇਕ ਚੰਗਾਰੀ ਨੂੰ ਫੜਨ ਦੀ ਕੋਸ਼ਿਸ਼ ਵਿਚ, ਇਕ ਅਜੀਬ ਮਰੀ ਹੋਈ ਉਤਸੁਕਤਾ ਵਿਚ — ਤੇ ਦੂਜੇ ਪਾਸਿਉਂ ਉਸੇ ਆਵਾਜ਼ ਨੇ ਹਜ਼ਾਰਾਂ ਵਾਰ ਉਹੀ ਗੱਲ ਦੁਹਰਾਈ ਸੀ, 'ਘਰ ਨਹੀਂ ਆ ਸਕਾਂਗਾ।' ਤੇ ਸ਼ਾਂਤੀ ਜੁਆਬ ਵਿਚ ਖ਼ਾਮੋਸ਼ ਹੋ ਜਾਂਦੀ ਰਹੀ ਸੀ। ਇਸ ਦਾ ਜੁਆਬ ਕੁਮਾਰ ਮੰਗਦੇ ਵੀ ਨਹੀਂ ਸਨ, ਚਾਹੁੰਦੇ ਵੀ ਨਹੀਂ ਸਨ — ਇਕ ਦਮ ਟੈਲੀਫ਼ੋਨ ਬੰਦ ਕਰ ਦੇਂਦੇ ਸਨ। ਕਈ ਵਾਰੀ ਸ਼ਾਂਤਾ ਦਾ ਦਿਲ ਕੀਤਾ, ਉਹ ਆਖੇ, " 'ਨਹੀਂ ਆ ਸਕਾਂਗਾਂ' ਨਾਲੋਂ ਬਿਹਤਰ ਏ ਜੇ ਆਖੋ 'ਨਹੀਂ ਆਵਾਂਗਾ। ਘਰ ਨਹੀਂ ਆਵਾਂਗਾ।' ਨਾਲੇ ਇਕ ਲਫ਼ਜ਼ ਦੀ ਬਚਤ ਹੋ ਜਾਵੇਗੀ।" ਪਰ ਉਹਨੇ ਕਦੇ ਵੀ ਕੁਝ ਨਹੀਂ ਕਿਹਾ।

'ਕੁਝ ਨਹੀਂ ਕਿਹਾ' ਦਾ ਇਹ ਮਤਲਬ ਨਹੀਂ ਕਿ ਕਦੇ ਇਸ ਗੱਲ ਕਰ ਕੇ ਝਗੜਾ ਨਹੀਂ ਹੋਇਆ। ਝਗੜੇ ਹੋਏ, ਹੰਗਾਮੇ ਹੋਏ। ਕਈ ਵਾਰੀ ਤਾਂ ਇੰਜ ਦੇ ਤੂਫ਼ਾਨ ਆਏ ਕਿ ਲਗਾ, ਉਹ ਘਰ ਦੀਆਂ ਕੰਧਾਂ ਛੱਤਾਂ ਨੂੰ ਵੀ ਭੁਰਭੁਰੀਆਂ ਕਰ ਦੇਣਗੇ, ਤੇ ਕੰਧਾਂ ਚੁਰਮੁਰ ਕਰਦੀਆਂ ਮਲਬੇ ਦੇ ਢੇਰ ਬਣ ਜਾਣਗੀਆਂ।

ਪਰ ਫੇਰ ਸ਼ਾਂਤੀ ਆਪਣੇ ਆਪ ਨੂੰ ਸੰਭਾਲ ਲੈਂਦੀ — ਉਸ ਤੂਫ਼ਾਨ ਦੇ ਸਾਰੇ ਜ਼ੋਰ ਨੂੰ ਝੱਲ ਲੈਂਦੀ। ਨਾ, ਕੰਧਾਂ ਨੂੰ ਨਾ ਕੁਝ ਹੋਵੇ, ਛੱਤਾਂ ਸਲਾਮਤ ਰਹਿਣ, ਕਿਉਂਕਿ ਉਹਨਾਂ ਕੰਧਾਂ ਵਿਚਕਾਰ ਟਪੂੰ-ਟਪੂੰ ਕਰਦੇ ਇਕ ਬੱਚੇ ਦੇ ਪੈਰ ਏਧਰੋਂ ਓਧਰ ਦੌੜ ਰਹੇ ਸਨ। ਗੋਭਲੀਆਂ ਗੱਲ੍ਹਾਂ ਵਿਚ ਹੈਰਾਨੀ ਨਾਲ ਫੈਲਦੀਆਂ ਤੇ ਸ਼ਰਾਰਤ ਨਾਲ ਚਮਕਦੀਆਂ ਇਕ ਬੱਚੇ ਦੀਆਂ ਗਹਿਰੀਆਂ ਭੂਰੀਆਂ ਅੱਖਾਂ ਸਨ, ਜਿਨ੍ਹਾਂ 'ਤੇ ਸੰਘਣੀਆਂ ਕਾਲੀਆਂ ਪਲਕਾਂ ਦੀ ਛਾਂ ਸੀ। ਨਰਮ ਨਾਜ਼ਕ ਬਾਹਵਾਂ ਸਨ, ਜਿਹੜੀਆਂ ਜਦੋਂ ਸ਼ਾਂਤੀ ਦੇ ਦੁਆਲੇ ਲਿਪਟ ਜਾਂਦੀਆਂ, ਤਾਂ ਉਹਨੂੰ ਲਗਦਾ ਕਿ ਇਕ ਬਾਂਹ ਧਰਤੀ ਦੀ ਸੀ ਤੇ ਇਕ ਅਸਮਾਨ ਦੀ, ਤੇ ਉਹਨਾਂ ਵਿਚਕਾਰ ਉਹਦੀ ਜਿੰਦ ਨਸ਼ੇ ਨਸ਼ੇ ਵਿਚ ਡੁੱਬੀ ਲਿਪਟ ਗਈ ਸੀ। ਉਹਨਾਂ ਕੰਧਾਂ ਵਿਚ ਇਕ ਬੱਚੇ ਦੇ ਤੋਤਲੇ ਬੋਲ, ਪਰੀ-ਕਹਾਣੀਆਂ, ਚਿੜੀਆਂ ਤੇ ਲੂੰਮੜੀਆਂ ਦੀਆਂ ਕਹਾਣੀਆਂ, ਕਿਤਾਬਾਂ, ਕਾਪੀਆਂ, ਕਪੜੇ, ਬੂਟ, ਜੁਰਾਬਾਂ, ਤੇ ਉਹਦਾ ਭਵਿੱਖ — ਸਭ ਖਿਲਰੇ ਪਏ ਸਨ।

'ਘਰ ਨਹੀਂ ਆ ਸਕਾਂਗਾ,' ਸ਼ਾਂਤੀ ਇਹਨਾਂ ਲਫ਼ਜ਼ਾਂ ਨੂੰ ਮਨ ਵਿਚ ਧਾਨ ਵਾਂਗ ਕੁੱਟਦੀ ਹੋਈ ਰਸੋਈ ਵਿਚ ਪਹੁੰਚ ਗਈ। ਉਹਨੇ ਪਤੀਲੇ ਦਾ ਢੱਕਣ ਲਾਹ ਕੇ ਤੱਕਿਆ। ਪਰ ਧਰਮੂੰ ਨੂੰ ਕੁਝ ਵੀ ਕਹਿਣ ਤੇ ਉਹਦਾ ਦਿਲ ਨਹੀਂ ਕੀਤਾ।

ਅੱਜ ਉਹਦੇ ਕੋਲੋਂ ਇਹ ਲਫ਼ਜ਼ ਬਰਦਾਸ਼ਤ ਨਹੀਂ ਸਨ ਹੋ ਰਹੇ। ਉਹਨੇ ਸੋਚਿਆ ਹੋਇਆ ਸੀ, ਜਦੋਂ ਲਲਿਤ ਇਸ ਜ਼ਮੀਨ 'ਤੇ ਪਹਿਲਾ ਕਦਮ ਰਖੇਗਾ, ਉਹ ਉਹਦੀਆਂ ਬਾਹਵਾਂ ਵਿਚ ਹੋਵੇਗਾ। ਪਰ...'ਘਰ ਨਹੀਂ ਆ ਸਕਾਂਗਾ।'

ਵਕਤ ਗੁਜ਼ਰ ਹੀ ਨਹੀਂ ਰਿਹਾ ਸੀ।

ਸ਼ਾਂਤੀ ਬਾਹਰਲੇ ਗੇਟ 'ਤੇ ਹੀ ਖੜੀ ਸੀ, ਜਿਸ ਵੇਲੇ ਦੂਰੋਂ ਕੁਮਾਰ ਦੀ ਗਹਿਰੇ

ਸਲੇਟੀ ਰੰਗ ਦੀ ਮੋਟਰ ਆਉਂਦੀ ਨਜ਼ਰ ਆਈ।

ਸ਼ਾਂਤੀ ਦੀ ਛਾਤੀ ਦੇ ਅੰਦਰ — ਪਸਲੀਆਂ ਦੇ ਅੰਦਰਵਾਰ — ਇਹ ਕਿਹੜੀ ਅੱਲ੍ਹੜ ਕੁੜੀ ਖੇਹਨੂੰ ਪਈ ਖੇਡਦੀ ਸੀ ?

ਸ਼ਾਂਤੀ ਨੂੰ ਸਮਝ ਨਹੀਂ ਸੀ ਆ ਰਹੀ, ਕੀ ਕਰੇ। ਇਕ ਕਦਮ ਉਹ ਗੇਟ ਤੋਂ ਬਾਹਰ ਹੋ ਗਈ। ਮੋਟਰ ਰੁਕੀ। ਲਲਿਤ ਨੇ ਮੋਟਰ ਦਾ ਦਰਵਾਜ਼ਾ ਖੋਹਲਿਆ, ਤੇ ਮਾਂ ਵਲ ਆਇਆ, "ਓ ਮਾਈ ਡਾਰਲਿੰਗ ਮੌਮ !" ਤੇ ਲਲਿਤ ਨੇ ਸ਼ਾਂਤੀ ਨੂੰ ਆਪਣੀਆਂ ਬਾਹਵਾਂ ਵਿਚ ਲਪੇਟ ਲਿਆ। ਸ਼ਾਂਤੀ ਦਾ ਕੰਬਦਾ ਹੋਇਆ ਹੱਥ ਲਲਿਤ ਦੀ ਪਿੱਠ ਦੇ ਉਤੋਂ ਹੇਠਾਂ ਵਲ ਨੂੰ ਸਰਕਿਆ। ਉਹਨੂੰ ਲਗਾ, ਜਿਹੜਾ ਲਲਿਤ ਉਹਦੇ ਕੋਲੋਂ ਤਿੰਨ ਵਰ੍ਹੇ ਪਹਿਲਾਂ ਗਿਆ-ਸੀ, ਉਹ ਇਕ ਬਾਲ ਸੀ ; ਜਿਹੜਾ ਲਲਿਤ ਅੱਜ ਉਹਦੇ ਕੋਲ ਮੁੜ ਕੇ ਆਇਆ ਏ, ਇਕ ਮਰਦ ਏ — ਮਜ਼ਬੂਤ ਗੱਠਿਆ ਹੋਇਆ ਜਿਸਮ, ਫ਼ੌਲਾਦ ਵਰਗੀਆਂ ਬਾਹਵਾਂ, ਚੌੜੀ ਚਕਲੀ ਛਾਤੀ, ਲੰਮਾ, ਤਗੜਾ। ਤੇ ਜਵਾਨੀ ਦੀ ਤੇ ਸਿਹਤ ਦੀ ਇਕ ਖ਼ੁਸ਼ਬੂ ਲਲਿਤ ਦੇ ਜਿਸਮ ਵਿਚੋਂ ਉਠ ਕੇ ਸ਼ਾਂਤੀ ਵਲ ਆ ਰਹੀ ਸੀ।

ਅਚਾਨਕ ਸ਼ਾਂਤੀ ਨੂੰ ਲਗਾ, ਉਹ ਬਿਲਕੁਲ ਨਿੱਕੀ ਜਿਹੀ ਬਾਲੜੀ ਸੀ, ਜਿਹੜੀ ਏਸ ਮਜ਼ਬੂਤ ਮਰਦ ਦੀਆਂ ਬਾਹਵਾਂ ਵਿਚ ਲਿਪਟੀ ਹੋਈ ਸੀ, ਤੇ ਬਿਲਕੁਲ ਮਹਿਫ਼ੂਜ਼ ਸੀ ...ਬਿਲਕੁਲ ਮਹਿਫ਼ੂਜ਼ !

ਆਪਣੀ ਮਾਂ ਦੇ ਮੋਢਿਆਂ ਦੁਆਲੇ ਬਾਂਹ ਵਲਾ ਕੇ ਲਲਿਤ ਘਰ ਦੇ ਅੰਦਰ ਵਲ ਤੁਰ ਪਿਆ। ਮਿਸਟਰ ਕੁਮਾਰ ਮੋਟਰ ਦੀ ਡਿੱਗੀ ਵਿਚੋਂ ਸਾਮਾਨ ਕਢਵਾਣ ਲਗੇ।

ਧਰਮੂੰ ਆਪਣਾ ਪਰਨਾ ਮੋਢਿਆਂ 'ਤੇ ਰਖ ਕੇ ਬਰਾਂਡੇ ਵਿਚ ਖੜਾ ਸੀ, ਜਿਵੇਂ ਹੈਰਾਨ ਹੋ ਕੇ ਸੋਚ ਰਿਹਾ ਹੋਵੇ ਕਿ ਉਹਨੂੰ ਕੀ ਕਰਨਾ ਚਾਹੀਦਾ ਏ। ਪਿਛਲੇ ਵਰ੍ਹੇ ਉਹ ਏਸ ਘਰ ਵਿਚ ਆਇਆ ਸੀ, ਤੇ ਲਲਿਤ ਨੂੰ ਉਹ ਪਹਿਲੀ ਵਾਰ ਵੇਖ ਰਿਹਾ ਸੀ — ਭਾਵੇਂ ਉਹਨੂੰ ਪਤਾ ਜ਼ਰੂਰ ਸੀ ਕਿ ਇਸ ਘਰ ਦੇ ਛੋਟੇ ਮਾਲਿਕ ਵਲਾਇਤ ਵਿਚ ਵਡੀ ਪੜ੍ਹਾਈ ਕਰਨ ਗਏ ਹੋਏ ਨੇ।

ਧਰਮੂੰ ਦਾ ਇੰਜ ਗੁੰਮ-ਸੁੰਮ ਖੜੇ ਹੋਣਾ ਸ਼ਾਂਤੀ ਨੂੰ ਉਸ ਵੇਲੇ ਉੱਕਾ ਚੰਗਾ ਨਹੀਂ ਲਗਾ। "ਵੇ, ਬਾਹਰੋਂ ਸਾਮਾਨ ਚੁਕ ਕੇ ਅੰਦਰ ਲਿਆ ਨਾ," ਸ਼ਾਂਤੀ ਨੇ ਉਹਨੂੰ ਕਿਹਾ। ਉਸੇ ਵੇਲੇ ਧਰਮੂੰ ਨੇ ਹਿਚਕਿਚਾਂਦਿਆਂ ਹੋਇਆਂ ਲਲਿਤ ਵਲ ਤਕ ਦੋਵੇਂ ਹੱਥ ਜੋੜੇ, ਤੇ ਝਟ ਪਟ ਬਾਹਰ ਨਿਕਲ ਗਿਆ।

ਸ਼ਾਂਤੀ ਨੇ ਡਰਾਇੰਗ ਰੂਮ ਵਿਚ ਲਲਿਤ ਨੂੰ ਲਿਆ ਕੇ ਬਿਠਾ ਦਿਤਾ। ਸੋਫ਼ੇ 'ਤੇ ਕੋਲ ਹੀ ਆਪ ਬੈਠ ਗਈ। ਉਹਦੀ ਹਿੱਕ ਵਿਚ ਪਤਾ ਨਹੀਂ ਕੀ ਘੁਮੜ ਰਿਹਾ ਸੀ। ਕੀ ਗੱਲ ਕਰੇ ? ਕੁਝ ਸੁੱਝ ਨਹੀਂ ਸੀ ਰਿਹਾ।

ਸ਼ਾਂਤੀ ਚੁੱਪ ਚਾਪ ਬੈਠੀ ਰਹੀ। ਮੁਸਕਰਾਂਦੀ ਰਹੀ। ਲਲਿਤ ਵਲ ਵੇਖਦੀ ਰਹੀ।

ਅਗਲੇ ਹੀ ਪਲ ਅਚਾਨਕ ਉਹਦੀਆਂ ਅੱਖਾਂ ਧੁੰਦਲੀਆਂ ਹੋ ਆਈਆਂ — ਪਤਾ ਨਹੀਂ ਕਿਥੋਂ ਦੋ ਅੱਥਰੂ ਉਮਡਦੇ ਹੋਏ ਆਏ, ਤੇ ਉਹਦੀਆਂ ਅੱਖਾਂ ਵਿਚ ਖੜੋ ਗਏ।

ਲਲਿਤ ਚੁੱਪ ਸੀ। ਆਪਣੀ ਮਾਂ ਦਾ ਹੱਥ ਫੜ ਕੇ ਉਹਦੀ ਉਂਗਲ ਵਿਚ ਪਈ



ਮੁੰਦਰੀ ਨਾਲ ਖੇਡ ਰਿਹਾ ਸੀ ; ਉਹਦੀ ਵੀਣੀ ਵਿਚ ਪਈਆਂ ਚੂੜੀਆਂ ਨੂੰ ਦੂਰ ਨੇੜੇ ਕਰ ਰਿਹਾ ਸੀ।

ਕਿੰਜ ਸ਼ਾਂਤੀ ਤਿੰਨ ਵਰ੍ਹੇ ਸੋਚਦੀ ਰਹੀ ਸੀ — ਹਜ਼ਾਰਾਂ ਲੱਖਾਂ ਗੱਲਾਂ ਜਿਹੜੀਆਂ ਉਹ ਸਿਰਫ਼ ਆਪਣੇ ਪੁੱਤਰ ਨੂੰ ਕੋਲ ਬਿਠਾ ਕੇ ਕਰ ਸਕਦੀ ਸੀ। ਨਿੱਕੀਆਂ ਨਿੱਕੀਆਂ ਗੱਲਾਂ, ਘਰ ਦੀਆਂ ਗੱਲਾਂ, ਲਲਿਤ ਦੀਆਂ ਹੀ ਗੱਲਾਂ, ਕੁਮਾਰ ਦੀਆਂ ਗੱਲਾਂ, ਉਹਦੇ ਆਪਣੇ ਮਨ ਵਿਚ ਬੱਦਲਾਂ ਵਾਂਗ ਤੈਰਦੀਆਂ ਗੱਲਾਂ, ਘਟਾਵਾਂ ਬਣ ਕੇ ਉਮਡਦੀਆਂ ਗੱਲਾਂ।

ਪਰ ਉਸ ਵੇਲੇ ਉਹਨੂੰ ਕੁਝ ਵੀ ਨਹੀਂ ਸੀ ਸੁਝ ਰਿਹਾ।

ਸ਼ਾਂਤੀ ਚੁੱਪ ਬੈਠੀ ਸੀ।

"ਤੂੰ ਨਹਾਏਂਗਾ ? ਗ਼ੁਸਲਖ਼ਾਨੇ ਵਿਚ ਮੈਂ ਤੇਰਾ ਤੌਲੀਆ ਤੇ ਕਪੜੇ ਰਖ ਦਿਤੇ ਨੇ !"

ਲਲਿਤ ਨੇ ਕਿਹਾ, "ਹਾਂ, ਜ਼ਰੂਰ ਨਹਾਵਾਂਗਾ," ਤੇ ਕਾਹਲੀ ਨਾਲ ਉਠ ਕੇ ਖਲੋ ਗਿਆ, ਤੇ ਗ਼ੁਸਲਖ਼ਾਨੇ ਵਲ ਜਾਣ ਲਗਾ।

ਜਿਸ ਉਤਾਵਲ ਨਾਲ ਲਲਿਤ ਉਠ ਕੇ ਖਲੋਤਾ ਸੀ, ਉਹਦੇ ਨਾਲ ਸ਼ਾਂਤੀ ਦੇ ਮਨ ਵਿਚ ਅੰਦਰ ਹੀ ਅੰਦਰ ਕੁਝ ਕਸਮਸਾਇਆ।

ਧਰਮੂੰ ਸਾਮਾਨ ਅੰਦਰ ਲਿਆ ਰਿਹਾ ਸੀ। ਸ਼ਾਂਤੀ ਨੇ ਕਿਹਾ, "ਛੋਟੇ ਸਾਹਬ ਕੇ ਕਮਰੇ ਮੇਂ ਲੇ ਜਾਓ।"

ਕੁਮਾਰ ਵੀ ਅੰਦਰ ਆ ਗਏ । ਅੰਦਰ ਆ ਕੇ ਉਹ ਹਮੇਸ਼ਾ ਵਾਂਗ ਸਿੱਧੇ ਆਪਣੇ ਬੈੱਡ ਰੂਮ ਵਲ ਚਲੇ ਗਏ। ਹਮੇਸ਼ਾ ਵਾਂਗ ਉਹਨਾਂ ਕਾਹਲੀ ਨਾਲ ਕਪੜੇ ਲਾਹੇ ਤੇ ਬੈੱਡ ਰੂਮ ਦੇ ਨਾਲ ਲਗਦੇ ਛੋਟੇ ਗ਼ੁਸਲਖ਼ਾਨੇ ਵਿਚ ਵੜ ਗਏ। ਸ਼ਾਂਤੀ ਉਥੇ ਬੈਠੀ ਬੈਠੀ ਪਾਣੀ ਦੇ ਛੁਲਕਣ ਦੀ ਆਵਾਜ਼ ਸੁਣਦੀ ਰਹੀ।

ਸ਼ਾਂਤੀ ਨੇ ਸੋਚਿਆ, 'ਵੇਖਾਂ ਤੇ ਸਹੀ, ਸਾਮਾਨ ਠੀਕ ਤਰ੍ਹਾਂ ਰਖ ਦਿਤਾ ਸੂ ਕਿ ਨਹੀਂ। ਖੋਹਲਣਾ ਸ਼ੁਰੂ ਕਰਾਂ — ਸ਼ਾਇਦ ਲਲਿਤ ਨੂੰ ਉਹਦੇ ਵਿਚੋਂ ਕੁਝ ਚੀਜ਼ਾਂ ਦੀ ਲੋੜ ਪਵੇ।'

ਉਹ ਉਠੀ ਤੇ ਲਲਿਤ ਦੇ ਕਮਰੇ ਵਿਚ ਗਈ।

ਬਕਸ ਬੰਦ ਸਨ। ਗ਼ੁਸਲਖ਼ਾਨੇ ਦਾ ਬੂਹਾ ਖੜਕਾ ਕੇ ਉਹਨੇ ਪੁੱਛਿਆ, "ਲਲਿਤ, ਚਾਬੀਆਂ ਕਿਥੇ ਨੇ ? ਤੇਰੀਆਂ ਚੀਜ਼ਾਂ ਅਨਪੈਕ ਕਰ ਦਿਆਂ।"

"ਚਾਬੀਆਂ ਪੈਂਟ ਦੀ ਜੇਬ ਵਿਚ ਨੇ ਮਾਮਾ !" ਲਲਿਤ ਨੇ ਅੰਦਰੋਂ ਹੀ ਆਖਿਆ।

ਸ਼ਾਂਤੀ ਕਮਰੇ ਵਿਚ ਮੁੜ ਆਈ। ਲਲਿਤ ਦੀ ਪੈਂਟ ਦੀ ਜੇਬ ਵਿਚੋਂ ਉਹਨੇ ਚਾਬੀਆਂ ਕਢੀਆਂ। ਬਕਸ ਖੋਲ੍ਹੇ। ਕਪੜੇ ਕਢ ਕਢ ਕੇ ਪਲੰਘ 'ਤੇ ਰਖਣ ਲਗੀ।

ਕਪੜਿਆਂ ਦੀਆਂ ਤੈਹਾਂ ਵਿਚ ਇਕ ਫ਼ਰੇਮ ਕੀਤੀ ਹੋਈ ਫ਼ੋਟੋ ਸੀ। ਸ਼ਾਂਤੀ ਨੇ ਉਹਨੂੰ ਸਿਧਿਆਂ ਕਰ ਕੇ ਤੱਕਿਆ — "ਓ, ਤਾਂ ਇਹੀ 'ਐਨੀ' ਸੀ।' ਸਾੜ੍ਹੀ ਪਾ ਕੇ ਖੜੀ ਸੀ। ਭੋਲਾ ਮੂੰਹ, ਮੋਢਿਆਂ ਨੂੰ ਛੁੰਹਦੇ ਵਾਲ, ਅੱਖਾਂ ਨੀਲੀਆਂ, ਚਿਹਰੇ 'ਤੇ ਮਾਸੂਮ

ਜਿਹੀ ਮੁਸਕਰਾਹਟ। ਸਿੱਧੀ, ਜਿਵੇਂ ਸ਼ਾਂਤੀ ਵਲ ਹੀ ਤੱਕ ਰਹੀ ਸੀ, 'ਮੈਂ ਤੁਹਾਨੂੰ ਪਸੰਦ ਆਂ ? ਮੈਨੂੰ ਆਪਣੀ ਬਹੂ ਬਣਾ ਲਓਗੇ ਨਾ ?'

ਸ਼ਾਂਤੀ ਇਕਦਮ ਬੜੀ ਹੀ ਉਦਾਸ ਹੋ ਗਈ। ਉਹ ਤਸਵੀਰ ਉਹਨੇ ਮੂਧੀ ਕਰ ਕੇ ਬਕਸ ਵਿਚ ਹੀ ਰਖ ਦਿਤੀ, ਤੇ ਪਲੰਘ 'ਤੇ ਖਿਲਰੇ ਹੋਏ ਕਪੜੇ ਹੈਂਗਰਾਂ ਵਿਚ ਲਟਕਾਣ ਲਗੀ।

ਧਰਮੂੰ ਨੇ ਖਾਣਾ ਮੇਜ਼ 'ਤੇ ਰਖ ਦਿਤਾ। ਲਲਿਤ ਪਜਾਮਾ ਕੁੜਤਾ ਪਾ ਕੇ ਗ਼ੁਸਲਖ਼ਾਨੇ ਵਿਚੋਂ ਨਿਕਲ ਆਇਆ। ਕੁਮਾਰ ਵੀ ਆ ਗਏ।

ਰੋਟੀ ਖਾਂਦਿਆਂ ਮਿਸਟਰ ਕੁਮਾਰ ਨੇ ਪੁੱਛਿਆ, "ਰਸਤੇ ਵਿਚ ਕੋਈ ਤਕਲੀਫ਼ ਤੇ ਨਹੀਂ ਹੋਈ।"

ਸ਼ਾਂਤੀ ਇਸ ਸਵਾਲ ਦੇ ਬੇਹੱਦ ਰਸਮੀ ਹੋਣ ਬਾਰੇ ਝੁੰਜਲਾ ਉਠੀ। ਅੱਜ ਤਿੰਨਾਂ ਵਰ੍ਹਿਆਂ ਮਗਰੋਂ ਮਿਲੇ ਪੁੱਤਰ ਨਾਲ ਵੀ ਕੀ ਇੰਜ ਦੀਆਂ ਗੱਲਾਂ ਹੀ ਕਹਨਗੇ ਕੁਮਾਰ ?

"ਨਹੀਂ ਡੈਡੀ, ਬਿਲਕੁਲ ਨਹੀਂ।"

ਸ਼ਾਂਤੀ ਨੇ ਵੇਖਿਆ, ਲਲਿਤ ਅਗੇ ਨਾਲੋਂ ਘੱਟ ਖਾ ਰਿਹਾ ਸੀ।

"ਲਲਿਤ, ਐਹ ਚਿਕਨ-ਕਰੀ ਲੈ," ਸ਼ਾਂਤੀ ਨੇ ਡੋਂਗਾ ਲਲਿਤ ਵਲ ਵਧਾਂਦਿਆਂ ਕਿਹਾ।

ਲਲਿਤ ਨੇ ਇਕ ਛੋਟਾ ਜਿਹਾ ਪੀਸ ਲੈ ਲਿਆ, "ਥੈਂਕ ਯੂ, ਮਾਮਾ !"

ਸ਼ਾਂਤੀ ਨੂੰ ਸਮਝ ਨਹੀਂ ਸੀ ਆ ਰਹੀ, ਇਹ ਕੋਈ ਪ੍ਰਾਹੁਣਾ ਏ ਜਾਂ ਉਹੀ ਏ ਜਿਹਨੂੰ ਉਹਨੇ ਆਪਣੀ ਛਾਤੀ 'ਚੋਂ ਦੁੱਧ ਪਿਆਇਆ ਸੀ।

ਫੇਰ ਸਾਰੇ ਚੁੱਪ-ਚਾਪ ਖਾਣ ਲਗੇ।

ਸ਼ਾਂਤੀ ਦਾ ਜੀਅ ਕਰ ਰਿਹਾ ਸੀ, ਉਹ ਕੋਈ ਗੱਲ ਕਰੇ। ਪਰ ਕੀ ਗੱਲਾਂ ਕਰੇ ?

"ਸੱਚ, ਡੈਡੀ, ਤੁਸੀਂ ਜਿਹੜੀ ਘੜੀ ਲਿਖੀ ਸੀ, ਉਹ ਮੈਂ ਲੈ ਆਇਆਂ।"

"ਥੈਂਕ ਯੂ, ਬੇਟਾ।"

"ਤੇ ਮਾਮਾ, ਤੁਹਾਡੇ ਵਾਸਤੇ ਵੀ ਮੈਂ ਇਕ ਬੜੀ ਲਵਲੀ ਚੀਜ਼ ਲਿਆਇਆਂ।"

ਸ਼ਾਂਤੀ ਮੁਸਕਰਾ ਪਈ।

"ਲੈ, ਇਹ ਕਬਾਬ ਤੇ ਲੈ। ਤੈਨੂੰ ਤੇ ਬੜੇ ਪਸੰਦ ਨੇ। ਇਹ ਚਿਕਨ-ਕਰੀ...!'

"ਬੱਸ, ਮੰਮ !"

"ਹਾਲੀਂ ਤੇ ਤੂੰ ਅਗਲਾ ਹੀ ਪੀਸ ਨਹੀਂ ਖ਼ਤਮ ਕੀਤਾ ਚਿਕਨ ਦਾ। ਕਿਉਂ ?"

"ਮਾਮਾ, ਜ਼ਰਾ ਮਿਰਚ ਏ," ਲਲਿਤ ਨੇ ਰਤਾ ਝਕਦਿਆਂ ਕਿਹਾ।

ਓ, ਤੇ ਅੱਜ ਪਹਿਲੇ ਹੀ ਦਿਨ ਲਲਿਤ ਕੁਝ ਨਹੀਂ ਖਾ ਸਕੇਗਾ — ਏਨੀਆਂ ਰੀਝਾਂ ਨਾਲ ਬਣਾਈਆਂ ਸਾਰੀਆਂ ਉਹਦੀ ਪਸੰਦ ਦੀਆਂ ਚੀਜ਼ਾਂ। ਸ਼ਾਂਤੀ ਦੇ ਅੰਦਰ ਕੁਝ ਕੁਮਲਾ ਗਿਆ।

ਲਲਿਤ ਨੇ ਘੜੀ ਲਿਆ ਕੇ ਕੁਮਾਰ ਦੇ ਗੁੱਟ 'ਤੇ ਬੰਨ੍ਹ ਦਿਤੀ। ਇਕ ਸਾੜ੍ਹੀ ਲਿਆ ਕੇ ਸ਼ਾਂਤੀ ਦੀ ਝੋਲੀ ਵਿਚ ਰਖ ਦਿਤੀ।



"ਲਲਿਤ, ਮੈਂ...ਏਨੀ ਸੋਹਣੀ ਸਾੜ੍ਹੀ — ਮੈਂ ਕੀ ਕਰਨੀ ਸੀ ਬਟਾ...ਤੂੰ...," ਸ਼ਾਂਤੀ ਦੀ ਆਵਾਜ਼ ਰਤਾ ਕੁ ਕੰਬ ਰਹੀ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ, ਕੀ ਆਖੇ। ਅੱਖਾਂ ਉਹਦੀਆਂ ਧੁੰਦਲਾ ਰਹੀਆਂ ਸਨ।

ਸ਼ਾਂਤੀ ਦਾ ਜੀਅ ਕੀਤਾ — ਪੂਰੀ ਸ਼ਿੱਦਤ ਨਾਲ ਮਨ ਹੋਇਆ ਕਿ ਉਹ ਇਕ ਬਾਂਹ ਲਲਿਤ ਦੀ ਧੌਣ ਦੇ ਦੁਆਲੇ ਵਲਾ ਕੇ ਉਹਦਾ ਸਿਰ ਰਤਾ ਹੇਠਾਂ ਕਰੇ, ਤੇ ਉਹਦੇ ਮੱਥੇ ਨੂੰ ਚੁੰਮ ਲਵੇ। ਪਰ ਲਲਿਤ ਦਾ ਮਜ਼ਬੂਤ ਜਿਸਮ ਸਿੱਧਾ ਤਣ ਕੇ ਉਹਦੇ ਕੋਲ ਖਲੋਤਾ ਸੀ; ਤੇ ਉਹ ਜਿਵੇਂ ਉਹਦੀ ਲੰਬਾਈ, ਉਹਦੀ ਮਜ਼ਬੂਤੀ ਤੇ ਉਹਦੀ ਸਡੌਲ ਗਠਨ ਤੋਂ ਘਬਰਾ ਕੇ ਚੁੱਪ ਕਰ ਗਈ।

ਸਾੜ੍ਹੀ ਦੇ ਵਿਚ ਕੁਝ ਹੋਰ ਵੀ ਜਾਪਦਾ ਸੀ। ਉਹਨੇ ਸਾੜ੍ਹੀ ਦੀ ਤਹਿ ਖੋਲ੍ਹੀ। ਵਿਚ ਐਨੀ ਦੀ ਤਸਵੀਰ ਸੀ, ਤੇ ਇਕ ਪਰਫ਼ਿਊਮ ਦੀ ਸ਼ੀਸ਼ੀ, ਤੇ ਇਕ ਸੈਂਟ-ਸਪ੍ਰੇਅਰ ਸੀ।

ਇਕ ਪਲ ਦਾ ਪਲ ਸ਼ਾਂਤੀ ਦੇ ਦਿਮਾਗ਼ ਨੇ ਕੁਝ ਵੀ ਸੋਚਣੋਂ ਨਾਂਹ ਕਰ ਦਿਤੀ। ਉਂਜ-ਦੀ-ਉਂਜ ਉਹ ਤਸਵੀਰ ਵਲ ਵੇਖਦੀ ਰਹੀ।

ਲਲਿਤ ਨੇ ਰਤਾ ਝੁਕ ਕੇ ਮੁਸਕਰਾਂਦੀਆਂ ਅੱਖਾਂ ਨਾਲ ਸ਼ਾਂਤੀ ਵਲ ਤੱਕ ਕੇ ਹੌਲੀ ਜਿਹੀ ਪੁੱਛਿਆ, "ਪਸੰਦ ਏ ?"

ਸ਼ਾਂਤੀ ਨੇ ਮੁਸਕਰਾਣ ਦੀ ਪੂਰੀ ਕੋਸ਼ਿਸ਼ ਕਰਦਿਆਂ ਹੋਇਆਂ ਆਖਿਆ, "ਹਾਂ, ਬੇਟਾ, ਬਹੁਤ !"

... ... ...

ਡਰਾਇੰਗ ਰੂਮ ਵਿਚ ਬੈਠਾ ਲਲਿਤ ਕਿਸੇ ਮੈਗਜ਼ੀਨ ਦੇ ਸਫ਼ੇ ਪਲਟ ਰਿਹਾ ਸੀ। ਸ਼ਾਂਤੀ ਕਮਰੇ ਵਿਚ ਆਈ। ਲਲਿਤ ਨੂੰ ਇੰਜ ਬੈਠਿਆਂ ਉਹਨੇ ਤੱਕਿਆ — ਪਲ ਦਾ ਪਲ ਨਜ਼ਰ ਭਰ ਕੇ ਤੱਕਿਆ — ਤੇ ਵਾਪਸ ਜਾਣ ਲਗੀ।

"ਕਿਉਂ ਮਾਮਾ, ਤੁਰ ਚਲੇ ਓ ? ਬੈਠੋ ਨਾ !" ਲਲਿਤ ਨੇ ਮੈਗਜ਼ੀਨ ਬੰਦ ਕਰਦਿਆਂ ਆਖਿਆ।

"ਨਹੀਂ ਲਲਿਤ, ਮੈਂ ਤੇ ਐਵੇਂ ਹੀ...," ਸ਼ਾਂਤੀ ਦੀ ਆਵਾਜ਼ ਬੜੀ ਹਲਕੀ ਸੀ — ਬਿਲਕੁਲ ਮੱਧਮ !

ਲਲਿਤ ਉਠ ਕੇ ਸ਼ਾਂਤੀ ਕੋਲ ਆ ਗਿਆ, ਤੇ ਉਹਨੇ ਇਕ ਬਾਂਹ ਸ਼ਾਂਤੀ ਦੇ ਮੋਢਿਆਂ ਦੁਆਲੇ ਵਲਾ ਲਈ, "ਕਿਉਂ ਮਾਮਾ, ਉਦਾਸ ਕਿਉਂ ਹੋ ?" ਅਤੇ ਪਹਿਲੀ ਵਾਰੀ ਉਹਨੇ ਏਨੀ ਨੇੜੇ ਹੋ ਕੇ, ਏਨਾ ਆਪਣਾ ਹੋ ਕੇ, ਏਨਾ ਨਿੱਘਾ ਹੋ ਕੇ ਸ਼ਾਂਤੀ ਨਾਲ ਗੱਲ ਕੀਤੀ।

ਦੋ ਅੱਥਰੂ ਸ਼ਾਂਤੀ ਦੀਆਂ ਪਲਕਾਂ ਉਹਲੇ ਕੰਬੇ, ਤ੍ਰਭਕੇ। ਸ਼ਾਂਤੀ ਨੇ ਹਜ਼ਾਰ ਕੋਸ਼ਿਸ਼ ਕੀਤੀ, ਪਰ ਉਹ ਰੁਕੇ ਨਹੀਂ।

"ਅੰਮਾ !" ਲਲਿਤ ਨੇ ਬਿਲਕੁਲ ਮੱਧਮ ਆਵਾਜ਼ ਵਿਚ ਕਿਹਾ, ਤੇ ਸ਼ਾਂਤੀ ਦਾ

ਸਿਰ ਆਪਣੀ ਛਾਤੀ 'ਤੇ ਰਖ ਲਿਆ। ਸ਼ਾਂਤੀ ਦੇ ਅੱਥਰੂ ਹੋਰ ਬੇਕਾਬੂ ਹੋ ਗਏ। ਪਰ ਹੌਲੀ ਹੌਲੀ ਉਹਨੂੰ ਰਾਹਤ ਮਿਲਣ ਲਗੀ। ਇਕ ਅਨੋਖੀ ਤਸੱਲੀ ਦਾ ਖ਼ੁਮਾਰ ਉਹਨੂੰ ਆਪਣੇ ਸਾਰੇ ਜਿਸਮ ਵਿਚ ਰੇਂਗਦਾ ਮਹਿਸੂਸ ਹੋਇਆ। ਲਲਿਤ ਦੀ ਚੌੜੀ ਛਾਤੀ 'ਤੇ ਸਿਰ ਰਖਿਆਂ ਉਹਨੂੰ ਫੇਰ ਓਹੀ ਅਹਿਸਾਸ ਹੋਇਆ ਕਿ ਉਹ ਬਿਲਕੁਲ ਮਹਿਫ਼ੂਜ਼ ਏ — ਇਕੱਲੀ ਦੀਵਾਨਿਆਂ ਵਾਂਗ ਉਸ ਖਾਣ ਨੂੰ ਆਉਂਦੇ ਘਰ ਦੀਆਂ ਦੀਵਾਰਾਂ ਵਿਚਕਾਰ ! ਭਟਕ ਨਹੀਂ ਰਹੀ, ਸਗੋਂ ਆਰਾਮ ਕਰ ਰਹੀ ਏ... ਸੌਂ ਰਹੀ ਏ... ਬਿਲਕੁਲ ਮਹਿਫ਼ੂਜ਼...

ਲਲਿਤ ਦੀ ਛਾਤੀ ਦੇ ਨਿੱਘ ਦੀ ਛੁਹ ਨਾਲ ਉਹਨੂੰ ਆਪਣੀ ਪੂਰੀ ਜ਼ਿੰਦਗੀ ਦਾ ਪਾਲਾ ਵਿੱਸਰਦਾ ਜਾਪਿਆ — ਪਾਲੇ ਨਾਲ ਠਰੇ ਉਹਦੇ ਅੰਗ ਨਿੱਸਲ ਹੋਣ ਲਗੇ।

ਉਹਦੇ ਅੱਥਰੂ ਰੁਕ ਗਏ।

ਦੁਪੱਟੇ ਦਾ ਪੱਲਾ ਉਹਨੇ ਆਪਣੀਆਂ ਅੱਖਾਂ 'ਤੇ, ਆਪਣੀਆਂ ਗੱਲ੍ਹਾਂ 'ਤੇ ਫੇਰਿਆ।

"ਕੀ ਗੱਲ ਏ ਮਾਮਾ ?" ਲਲਿਤ ਨੇ ਉਹਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਬੜੀ ਡੂੰਘੀ ਆਵਾਜ਼ ਵਿਚ ਪੁੱਛਿਆ।

"ਕੁਝ ਨਹੀਂ," ਸ਼ਾਂਤੀ ਨੇ ਮੁਸਕਰਾਣ ਦੀ ਕੋਸ਼ਿਸ਼ ਕੀਤੀ।

... ... ...

ਲਲਿਤ ਨੇ ਰੀਕਾਰਡ ਚੇਂਜਰ 'ਤੇ ਵੈਸਟਰਨ ਮਿਊਜ਼ਿਕ ਦੇ ਰੀਕਾਰਡ ਲਾਏ ਹੋਏ ਸਨ, ਤੇ ਕੋਲ ਰਤਾ ਹਟ ਕੇ ਬੈਠਾ ਸੀ। ਅੱਖਾਂ ਬੰਦ ਕਰ ਕੇ ਸਿਗਰਟ ਪੀ ਰਿਹਾ ਸੀ। ਸਿਰ ਉਹਨੇ ਸੋਫ਼ੇ ਦੀ ਬੈਕ 'ਤੇ ਟਿਕਾਇਆ ਹੋਇਆ ਸੀ। ਪੈਰਾਂ ਨਾਲ ਹਲਕੀ ਹਲਕੀ ਥਾਪ ਦੇ ਰਿਹਾ ਸੀ। ਕਿਸੇ ਵੇਲੇ ਹਲਕਾ ਜਿਹਾ ਗੁਣਗੁਣਾ ਦੇਂਦਾ ਸੀ।

ਸ਼ਾਂਤੀ ਕਮਰੇ ਵਿਚ ਆਈ। ਉਹਦੇ ਹੱਥ ਵਿਚ ਇਕ ਪਲੇਟ ਸੀ, ਤੇ ਪਲੇਟ ਦੇ ਉਤੇ ਇਕ ਲੰਬਾ ਗਲਾਸ — ਜਿਸ ਵਿਚ ਕੋਕਾ ਕੋਲਾ ਸੀ। ਕਾਲੇ ਕਥੱਈ ਰੰਗ ਦੇ ਲੀਕੁਇਡ ਵਿਚ ਸਫ਼ੈਦ ਆਈਸ ਕਿਊਬ ਹਿੱਲ ਰਹੇ ਸਨ।

ਸ਼ਾਂਤੀ ਕੁਝ ਨਹੀਂ ਬੋਲੀ। ਪਰ ਲਲਿਤ ਨੂੰ ਜਿਵੇਂ ਉਹਦੀ ਹੋਂਦ ਦਾ ਅਹਿਸਾਸ ਹੋ ਗਿਆ ਸੀ, ਉਹਨੇ ਅੱਖਾਂ ਖੋਲ੍ਹੀਆਂ।

"ਓ ਮਾਈ ਲਵਲੀ ਅੰਮੀਂ ! ਥੈਂਕ ਯੂ !" ਕਹਿੰਦਿਆਂ ਕੋਕ ਦਾ ਗਲਾਸ ਚੁੱਕ ਲਿਆ।

ਸ਼ਾਂਤੀ ਮੁਸਕਰਾ ਪਈ।

ਉਹ ਵਾਪਸ ਜਾਣ ਲਗੀ। ਲਲਿਤ ਇਕ ਘੁੱਟ ਭਰ ਕੇ ਖੜੋ ਗਿਆ। ਗਲਾਸ ਉਹਨੇ ਛੋਟੇ ਜਿਹੇ ਮੇਜ਼ 'ਤੇ ਰਖ ਦਿਤਾ। ਸ਼ਾਂਤੀ ਦੇ ਹੱਥੋਂ ਪਲੇਟ ਵੀ ਫੜ ਕੇ ਰਖ ਦਿਤੀ।

"ਆਓ, ਮਾਮਾ, ਤੁਹਾਨੂੰ ਡਾਂਸ ਸਿਖਾਵਾਂ।" ਲਲਿਤ ਨੇ ਸ਼ਾਂਤੀ ਦੇ ਲੱਕ ਦੁਆਲੇ ਬਾਂਹ ਵਲਾਂਦਿਆਂ ਕਿਹਾ।

"ਵੇ, ਮੈਨੂੰ ਨਹੀਂ ਆਉਂਦਾ ਡਾਂਸ ਡੂੰਸ !" ਸ਼ਾਂਤੀ ਨੇ ਬਨਾਵਟੀ ਗੁੱਸੇ ਨਾਲ



ਕਿਹਾ ; ਪਰ ਇਕ ਮੁਸਕਰਾਹਟ ਸੀ, ਜਿਹੜੀ ਮੱਛੀ ਵਾਂਗ ਉਹਦੇ ਹੋਠਾਂ ਤੋਂ ਫਿਸਲਦੀ ਜਾ ਰਹੀ ਸੀ।

"ਮੈਂ ਸਿਖਾਨਾ ਵਾਂ ਨਾ। ਗੁਰੂ ਧਾਰਨ ਕਰੋ ਮੈਨੂੰ।" ਲਲਿਤ ਨੇ ਅੱਖਾਂ ਮੀਟ ਕੇ ਬੜਾ ਸੰਜੀਦਾ ਮੂੰਹ ਬਣਾ ਕੇ ਕਿਹਾ।

ਸ਼ਾਂਤੀ ਦਾ ਹਾਸਾ ਨਿਕਲ ਗਿਆ।

ਲਲਿਤ ਨੇ ਉਹਦਾ ਹੱਥ ਆਪਣੇ ਮੋਢੇ 'ਤੇ ਰਖਿਆ, ਦੂਜਾ ਹੱਥ ਫੜ ਕੇ ਆਹਿਸਤਾ ਆਹਿਸਤਾ ਕਮਰੇ ਵਿਚ ਥਿਰਕਣ ਲਗਾ, "ਹੁਣ ਇਹ ਕਦਮ ਚੁੱਕੋ... ਜਿਸਮ ਵਿਚ ਰਤਾ ਲਚਕ — ਹਾਂ, ਠੀਕ, ਹੁਣ ਦੂਜਾ... ਇੰਜ ਅਗੇ ਵੱਲ ਨੂੰ... ਤਾਲ ਦੇ ਨਾਲ... ਮੀਊਜ਼ਿਕ ਦਾ ਧਿਆਨ ਰਖੋ — ਹਾਂ, ਠੀਕ ...।"

ਸ਼ਾਂਤੀ ਦੀ ਛਾਤੀ ਦੇ ਅੰਦਰ ਕੁਝ ਘੁਮੜ ਰਿਹਾ ਸੀ। ਇਹ ਖ਼ੁਸ਼ੀ ਸੀ ? ਤਸੱਲੀ ਸੀ ? ਸਕੂਨ ਸੀ ? ਮਸੱਰਤ ਸੀ ? ਉਹਨੂੰ ਕੁਝ ਪਤਾ ਨਹੀਂ ਸੀ।

ਲਲਿਤ ਇਕ ਦਿਨ ਸ਼ਾਂਤੀ ਦੇ ਕਮਰੇ ਵਿਚ ਇਕ ਪਾਸੇ ਪਈ ਹੋਈ ਐਨੀ ਦੀ ਤਸਵੀਰ ਚੁੱਕ ਲਿਆਇਆ। ਸ਼ਾਂਤੀ ਸੋਫ਼ੇ 'ਤੇ ਬੈਠੀ ਲਲਿਤ ਦਾ ਸਵੈਟਰ ਬਣਾ ਰਹੀ ਸੀ। ਐਵੇਂ ਹੀ ਰੁਮਾਲ ਨਾਲ ਉਹਦਾ ਸ਼ੀਸ਼ਾ ਪੂੰਝਦਾ ਹੋਇਆ ਸ਼ਾਂਤੀ ਦੇ ਕੋਲ ਆ ਕੇ ਖੜੋ ਗਿਆ, "ਮਾਮਾ, ਇਹ ਤੁਹਾਡੀ ਵੁੱਡ ਬੀ ਨੂੰਹ ਦੀ ਤਸਵੀਰ ਕਿਥੇ ਰਖਾਂ ?"

ਸ਼ਾਂਤੀ ਦੇ ਮੂੰਹ 'ਤੇ ਇਕ ਪਰਛਾਵਾਂ ਆ ਕੇ ਖਲੋ ਗਿਆ। ਕੀ ਜੁਆਬ ਦੇਵੇ ? ਲਫ਼ਜ਼ ਉਹਦੇ ਸੰਘ ਵਿਚ ਅੜ ਗਏ।

"ਵੇਖ ਲੈ... ਐਥੇ ਕਿਤੇ...," ਉਹਨੇ ਪੂਰੇ ਜਤਨ ਨਾਲ ਆਪਣੀ ਆਵਾਜ਼ ਨੂੰ ਸਾਵੀਂ ਰਖਣ ਦੀ ਕੋਸ਼ਿਸ਼ ਕਰਦਿਆਂ ਕਿਹਾ, ਤੇ ਆਸ ਪਾਸ ਕਮਰੇ ਵਿਚ ਝਾਕਣ ਲਗੀ, ਜਿਵੇਂ ਉਸ ਤਸਵੀਰ ਲਈ ਥਾਂ ਲੱਭ ਰਹੀ ਹੋਵੇ।

ਲਲਿਤ ਨੇ ਆਪਣੀ ਮਾਂ ਦੇ ਮੂੰਹ 'ਤੇ ਘਿਰ ਆਏ ਉਸ ਪਰਛਾਵੇਂ ਨੂੰ ਤੱਕ ਲਿਆ ਸੀ। ਤਸਵੀਰ ਹੱਥ ਵਿਚ ਫੜ ਕੇ ਕਮਰੇ ਦੀਆਂ ਅਲਮਾਰੀਆਂ, ਸ਼ੈਲਫ਼ਾਂ ਦੇ ਟਾਪ, ਡੈਕੋਰੇਸ਼ਨ ਪੀਸਿਜ਼ ਦੇ ਆਸ ਪਾਸ ਦੀਆਂ ਖ਼ਾਲੀ ਥਾਵਾਂ ਤੇ ਦੀਵਾਰਾਂ ਨੂੰ ਤੱਕਣ ਲਗ ਪਿਆ।

ਸਾਹਮਣੇ ਰੇਡੀਓਗ੍ਰਾਮ ਦੇ ਉਤੇ ਥਾਂ ਖ਼ਾਲੀ ਸੀ। ਲਲਿਤ ਨੂੰ ਵੀ ਪਤਾ ਸੀ। ਸ਼ਾਂਤੀ ਨੂੰ ਵੀ ਪਤਾ ਸੀ। ਪਰ ਲਲਿਤ ਨੇ ਰਤਾ ਕੁ ਘੁੰਮ ਕੇ ਮੁਆਇਨਾ ਕੀਤਾ, ਤੇ ਕਿਹਾ, "ਏਥੇ ਤੇ ਕੋਈ ਥਾਂ ਨਜ਼ਰ ਨਹੀਂ ਆ ਰਹੀ। ਅੱਛਾ, ਫੇਰ ਸੋਚਾਂਗੇ।"

ਤੇ ਤਸਵੀਰ ਨੂੰ ਉਹ ਵਾਪਸ ਲੈ ਗਿਆ। ਪਲ ਦਾ ਪਲ ਉਹਨੂੰ ਵੇਖਦਾ ਰਿਹਾ। ਹੋਠਾਂ ਦੇ ਹਲਕੇ ਜਿਹੇ ਸਪਰਸ਼ ਨਾਲ ਉਹਨੇ ਉਹਨੂੰ ਚੁੰਮਿਆ ਤੇ ਮੂਧਿਆਂ ਕਰ ਕੇ ਰਖ ਦਿਤਾ। ਤੇ ਆਪਣੇ ਕਮਰੇ ਵਿਚ ਚਲਾ ਗਿਆ।

'ਪਰ ਕਿਉਂ ? ਅੰਮਾਂ ਨੂੰ ਕਿਉਂ ਇਹ ਪਸੰਦ ਨਹੀਂ ? ਮੈਂ ਇੰਗਲੈਂਡ ਤੋਂ ਜਦੋਂ ਲਿਖਿਆ ਸੀ ਕਿ ਏਥੇ ਇਕ ਕੁੜੀ ਏ 'ਐਨੀ', ਮੈਂ ਉਹਦੇ ਨਾਲ ਵਿਆਹ ਕਰ ਰਿਹਾਂ, ਤੁਹਾਡੀ ਅਸੀਸ ਚਾਹੀਦੀ ਏ, ਤਾਂ ਅੰਮੀ ਨੇ ਇਹੀ ਲਿਖਿਆ ਸੀ ਕਿ ਤੂੰ ਪਹਿਲੋਂ ਏਥੇ

ਆ, ਮੈਂ ਆਪ ਉਹਨੂੰ ਫੇਰ ਖ਼ਤ ਲਿਖਾਂਗੀ, ਆਪ ਉਹਨੂੰ ਪਸੰਦ ਕਰਾਂਗੀ, ਫੇਰ-ਉਹਦਾ ਨਾਂ 'ਐਨੀ' ਦੀ ਥਾਂ 'ਤੇ 'ਅੰਨੂੰ' ਰਖ ਦਿਆਂਗੀ, ਤੇ ਆਪਣੀ ਹੱਥੀਂ ਤੁਹਾਡਾ ਵਿਆਹ ਕਰਾਂਗੀ। ਜਾਂ ਤੈਨੂੰ ਨਾਲ ਲੈ ਕੇ ਇੰਗਲੈਂਡ ਜਾਵਾਂਗੀ, ਜਾਂ ਅੰਨੂੰ ਨੂੰ ਹਿੰਦੁਸਤਾਨ ਬੁਲਾ ਲਵਾਂਗੇ। ਆਪਣੀ ਹੱਥੀਂ ਮੈਂ ਉਹਨੂੰ ਦੁਲਹਨ ਬਣਾਵਾਂਗੀ। ਤੂੰ ਪਹਿਲੋਂ ਏਥੇ ਆ ਜਾ, ਮੇਰੇ ਕੋਲ।

'ਮੈਂ ਆ ਗਿਆ ਪਰ ਅੰਮਾਂ...'

ਲਲਿਤ ਬਾਰੀ ਤੋਂ ਬਾਹਰ ਤੱਕ ਰਿਹਾ ਸੀ, ਪਰ ਅਸਲ ਵਿਚ ਉਹ ਕੁਝ ਵੀ ਨਹੀਂ ਸੀ ਵੇਖ ਰਿਹਾ। ਸਿਗਰਟ ਪੀ ਰਿਹਾ ਸੀ, ਤੇ ਧੂੰਆਂ ਉਹਦੇ ਆਸ ਪਾਸ ਖਿੱਲਰ ਰਿਹਾ ਸੀ। ਬਾਹਰ ਸ਼ਾਮ ਗਹਿਰਾਂਦੀ ਜਾ ਰਹੀ ਸੀ।

ਸ਼ਾਂਤੀ ਅਡੋਲ ਆ ਕੇ ਉਹਦੇ ਪਿਛੇ ਖੜੋ ਗਈ, ''ਲਲਿਤ ਤੂੰ ਨਾਰਾਜ਼ ਏਂ ਮੇਰੇ ਨਾਲ ?'' — ਉਹਦੀ ਆਵਾਜ਼ ਜਿਵੇਂ ਬੜੀ ਦੂਰੋਂ ਆ ਰਹੀ ਸੀ...ਕਿਸੇ ਖੱਡ ਵਿਚੋਂ।

ਲਲਿਤ ਇਕ ਦਮ ਮੁੜਿਆ। ''ਨਹੀਂ ਅੰਮਾਂ, ਨਾਰਾਜ਼ ਕਿਉਂ ਹੋਣਾ ਸੀ ਭਲਾ ?'' ਲਲਿਤ ਨੇ ਪੂਰੀ ਕੋਸ਼ਿਸ਼ ਨਾਲ ਆਪਣੀ ਆਵਾਜ਼ ਨੂੰ ਲਾਪਰਵਾਹੀ ਦੀ ਛੁਹ ਦੇਣ ਦੀ ਕੋਸ਼ਿਸ਼ ਕੀਤੀ, ਰਤਾ ਕੁ ਹੱਸਣ ਦੀ ਕੋਸ਼ਿਸ਼ ਕੀਤੀ। ਤੇ ਉਹਨੇ ਲਾਡ ਨਾਲ ਇਕ ਬਾਂਹ ਸ਼ਾਂਤੀ ਦੇ ਮੋਢਿਆਂ ਦੇ ਦੁਆਲੇ ਵਲਾ ਦਿਤੀ।

ਸ਼ਾਂਤੀ ਅਚਾਨਕ ਫਫਕ ਕੇ ਰੋ ਉਠੀ। ਹਟਕੋਰਿਆਂ ਨਾਲ ਉਹਦਾ ਸਾਰਾ ਜਿਸਮ ਇੰਜ ਹਿੱਲ ਰਿਹਾ ਸੀ, ਜਿਵੇਂ ਕੋਈ ਜਾਮਨੂੰਆਂ ਨੂੰ ਕਸੋਰੇ ਵਿਚ ਪਾ ਕੇ ਰਿੜਕ ਰਿਹਾ ਹੋਵੇ।

''ਓ ਮਾਈ ਡਾਰਲਿੰਗ ਮਾਮਾ...'' ਲਲਿਤ ਨੇ ਜਿਵੇਂ ਭਿੱਜ ਕੇ ਕਿਹਾ, ਤੇ ਸ਼ਾਂਤੀ ਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲਿਆ।

''ਅੰਮੀਂ...ਅੰਮਾਂ...'' ਉਹ ਸ਼ਾਂਤੀ ਨੂੰ ਇਕ ਬਾਲ ਵਾਂਗ ਵਰਚਾ ਕੇ ਚੁੱਪ ਕਰਾ ਰਿਹਾ ਸੀ।

'ਅੰਮੀਂ ਨੂੰ ਕੀ ਹੋ ਰਿਹਾ ਏ ਇਹ ?' — ਲਲਿਤ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਉਹ ਬੇਹੱਦ ਪਰੇਸ਼ਾਨ ਹੋ ਰਿਹਾ ਸੀ। ਐਨੀ ਦੇ ਖ਼ਤ ਕਾਲੇ ਬੱਦਲਾਂ ਵਾਂਗ ਵੱਸਣ ਵੱਸਣ ਕਰਦੇ ਆਉਂਦੇ। ਲਲਿਤ ਹੈਰਾਨ ਸੀ ਕਿ ਕੀ ਕਰੇ। 'ਅੰਮੀਂ ਨੂੰ ਕੀ ਹੋਈ ਜਾਂਦਾ ਏ ?' — ਲੱਖ ਸੋਚਣ 'ਤੇ ਵੀ ਉਹਨੂੰ ਕੁਝ ਪਤਾ ਨਹੀਂ ਸੀ ਲਗ ਰਿਹਾ। ਪਰ ਆਪਣੀ ਪਰੇਸ਼ਾਨੀ ਨੂੰ ਹਰ ਵੇਲੇ ਲੁਕਾ ਕੇ ਮਾਂ ਦੀ ਪਰੇਸ਼ਾਨੀ ਨੂੰ ਘਟਾਣ ਦੀ ਕੋਸ਼ਿਸ਼ ਕਰਦਾ ਰਹਿੰਦਾ, ਹੱਸਦਾ ਰਹਿੰਦਾ। ਪਰ ਇੰਜ ਕਦ ਤਕ ? ਆਖ਼ਰ ਕਦ ਤਕ ? — ਉਹ ਸੋਚਦਾ।

ਕੁਮਾਰ ਆਪਣੇ ਕੰਮ ਵਿਚ ਮਸਤ ਰਹਿੰਦੇ। ਲਲਿਤ ਆਇਆ, ਤਾਂ ਦੋ ਚਾਰ ਦਿਨ ਉਹ ਦਫ਼ਤਰੋਂ ਸਿੱਧੇ ਘਰ ਆਏ। ਫੇਰ ਆਪਣੇ ਪੁਰਾਣੇ ਨੇਮ ਨਾਲ ਉਹਨਾਂ ਦਫ਼ਤਰੋਂ ਸਿੱਧਾ ਕਲੱਬ ਜਾਣਾ ਸ਼ੁਰੂ ਕਰ ਦਿਤਾ। ਰਾਤੀਂ ਦੇਰ ਨਾਲ ਆਉਂਦੇ। ਕਦੇ



ਕਦਾਈਂ ਹੀ ਰਾਤ ਦੀ ਰੋਟੀ ਘਰ ਖਾਂਦੇ। ਨਹੀਂ ਤੇ ਸ਼ਾਮੀਂ ਟੈਲੀਫ਼ੋਨ ਕਰ ਦੇਂਦੇ — ''ਮੇਰਾ ਖਾਣਾ ਬਾਹਰ ਏ, ਮੈਂ ਰਤਾ ਦੇਰ ਨਾਲ ਆਵਾਂਗਾ।'' ਆਉਂਦੇ, ਤਾਂ ਆਪਣੇ ਕਮਰੇ ਵਿਚ ਕੁਝ ਚਿਰ ਰੇਡੀਓ ਸੁਣਦੇ। ਫੇਰ ਸੌਂ ਜਾਂਦੇ। ਹੁਨਾਲ ਸਿਆਲ ਵਿਚ ਉਹ ਸੌਂਦੇ ਆਪਣੇ ਕਮਰੇ ਵਿਚ ਹੀ ਸਨ — ਏਅਰ ਕੰਡੀਸ਼ਨਡ ਕਮਰਾ ਸੀ, ਸੋ ਕੋਈ ਫ਼ਰਕ ਨਹੀਂ ਸੀ ਪੈਂਦਾ।

... ... ...

ਰਾਤ ਅੱਧੀ ਏਧਰ, ਅੱਧੀ ਓਧਰ...! ਕੁਮਾਰ ਆਪਣੇ ਕਮਰੇ ਵਿਚ ਸੁੱਤੇ ਪਏ ਸਨ। ਸ਼ਾਂਤੀ ਬਰਾਂਡੇ ਵਿਚ ਸੀ, ਤੇ ਲਲਿਤ ਬਾਹਰ ਲਾਅਨ ਵਿਚ। ਸ਼ਾਂਤੀ ਨੂੰ ਖ਼ਿਆਲ ਆਇਆ, ਕਿਤੇ ਲਲਿਤ ਨੇ ਚਾਦਰ ਨਾ ਲਾਹ ਦਿਤੀ ਹੋਵੇ। ਨਿੱਕਾ ਹੁੰਦਾ ਉਹ ਪਾਸਾ ਪਰਤਦਾ ਸੀ, ਤੇ ਸਾਰੀ ਚਾਦਰ ਉਹਦੇ ਹੇਠਾਂ ਆ ਜਾਂਦੀ ਸੀ। ਫੇਰ ਸ਼ਾਂਤੀ ਖਿੱਚ ਖਿੱਚ ਕੇ ਚਾਦਰ ਨੂੰ ਕੱਢਦੀ ਸੀ, ਤੇ ਲਲਿਤ ਨੂੰ ਕੱਜਦੀ ਰਹਿੰਦੀ ਸੀ। ਰਾਤੀਂ ਕਿੰਨੀ ਕਿੰਨੀ ਵਾਰੀ!

ਉਹ ਉਠੀ। ਹਲਕੀ ਜਿਹੀ ਚਾਂਦਨੀ ਅਡੋਲ ਹਰ ਚੀਜ਼ ਨੂੰ ਨੁਹਾ ਰਹੀ ਸੀ — ਬਿਨਾਂ ਆਹਟ ਤੋਂ ਲਲਿਤ ਦੇ ਮੰਜੇ ਕੋਲ ਜਾ ਕੇ ਉਹ ਖੜੋ ਗਈ। ਲਲਿਤ ਦੇ ਮੂੰਹ ਵੱਲ ਵੇਖਦੀ ਰਹੀ, ਉਹਦੇ ਸਾਹਾਂ ਵਲ, ਉਹਦੇ ਵਾਲਾਂ ਵਲ। ਕਿੰਨਾ ਹੀ ਚਿਰ! ਫੇਰ ਅਡੋਲ ਉਹਨੇ ਮੰਜੀ ਦੀ ਪੁਆਂਦੀਉਂ ਚਾਦਰ ਚੁੱਕੀ, ਤੇ ਲਲਿਤ ਦੇ ਉਤੇ ਦੇ ਦਿਤੀ। ਅਡੋਲ, ਬਿਲਕੁਲ ਅਡੋਲ! ਚਾਦਰ ਦੇਣ ਲਗਿਆਂ ਉਹਦੇ ਹੱਥ ਕੰਬ ਰਹੇ ਸਨ।

ਸ਼ਾਮ ਬੜੀ ਈ ਉਦਾਸ ਸੀ। ਸ਼ਾਂਤੀ ਦੇ ਮਨ 'ਤੇ ਇਕ ਅਜੀਬ ਸਿਥਲਤਾ ਦੀਆਂ ਤੈਹਾਂ ਜੰਮਦੀਆਂ ਜਾ ਰਹੀਆਂ ਸਨ — ਕਾਈ ਵਾਂਗ।

''ਅੰਮਾਂ, ਚਲੋ ਅੱਜ ਕਿਤੇ ਘੁੰਮਣ ਚਲੀਏ,'' ਲਲਿਤ ਨੇ ਮਾਂ ਨੂੰ ਚੁੱਪ ਚਾਪ ਬੈਠਿਆਂ ਵੇਖ ਕੇ ਕਿਹਾ।

''ਨਹੀਂ ਲਲਿਤ, ਮੈਂ ਹੁਣ ਐਸ ਵੇਲੇ ਕਿਥੇ ਤਿਆਰ ਹੋਵਾਂਗੀ। ਤੂੰ ਹੋ ਆ ਨਾ ਕਿਤੇ — ਕਲੱਬ ਈ ਚਲਾ ਜਾਹ ਡੈਡੀ ਕੋਲ, ਜਾਂ ਕਿਸੇ ਦੋਸਤ ਨਾਲ ਕੌਫ਼ੀ ਪੀ ਆ, ਜਾਂ...''

''ਨੋ, ਮਾਮਾ, ਹਮ ਤੋ ਆਜ ਅਪਨੀ ਪਿਆਰੀ ਅੰਮਾਂ ਕੇ ਸਾਥ ਹੀ ਜਾਏਂਗੇ'', ਲਲਿਤ ਨੇ ਬਾਲਾਂ ਵਾਂਗ ਮਚਲ ਕੇ ਕਿਹਾ।

ਸ਼ਾਂਤੀ ਮੁਸਕਰਾ ਪਈ। ਉਹਦਾ ਜੀਅ ਕੀਤਾ ਇਕ ਹਲਕੀ ਲਾਡਲੀ ਜਿਹੀ ਚਪੇੜ ਉਹ ਲਲਿਤ ਦੀ ਗੱਲ੍ਹ 'ਤੇ ਮਾਰੇ, ਤੇ ਆਖੇ ''ਸ਼ੈਤਾਨ''। ਪਰ ਫੇਰ ਉਹ ਆਪੇ ਹੀ ਝਕ ਗਈ।

ਉਹਦੇ ਅੰਦਰੋਂ ਲਾਡ ਦੀ, ਪਿਆਰ ਦੀ, ਤੇ ਪਤਾ ਨਹੀਂ ਕਾਹਦੀ ਇਕ ਲਹਿਰ ਉਠੀ, ਤੇ ਉਹਦੀ ਸਾਰੀ ਰੂਹ ਨੂੰ ਭਿਉਂ ਗਈ। ਪਿੰਡੇ ਨੂੰ ਵੀ।

"ਚੱਲ," ਉਹਨੇ ਸਿਰਫ਼ ਏਨਾਂ ਈ ਆਖਿਆ, ਤੇ ਉਠ ਕੇ ਖਲੋ ਗਈ।"

ਓਖਲਾ...ਪਾਣੀ ਦਾ ਫੈਲਾਓ...ਰਵਾਨੀ...ਗਹਿਰਾਂਦੀ ਹੋਈ ਕਜਲਾਈ ਸ਼ਾਮ! ਪਰਛਾਵਿਆਂ ਦਾ, ਮਾਦਕ ਜਿਹੇ ਹਨੇਰੇ ਦਾ ਲਹਿਰਾਂ ਨੂੰ ਛੂਹ ਕੇ ਲਡਿਆਣਾ। ਚਾਨਣ ਦੀਆਂ ਦੂਰ ਦੂਰ ਜਗਦੀਆਂ ਕੰਦੀਲਾਂ ਦਾ ਪਾਣੀ ਦੀਆਂ ਲਹਿਰਾਂ ਵਿਚ ਕੰਬ ਕੰਬ ਉਠਣਾ...

ਖ਼ਾਮੋਸ਼ੀ...ਨਿਰਜਨਤਾ...ਇਕੱਲ...

ਇਕ ਨਿੱਕੇ ਜਿਹੇ ਪੁਲ ਤੋਂ ਲੰਘ ਕੇ ਉਹ ਇਕ ਬਰੇਤੀ 'ਤੇ ਆ ਗਏ। ਰੇਤ ਦਾ ਇਕ ਉਭਰਿਆ ਹੋਇਆ ਲੰਮਾ ਚੌੜਾ ਟੁਕੜਾ...ਆਸ ਪਾਸ ਪਾਣੀ।

ਉਥੇ ਬਹਿ ਕੇ ਸ਼ਾਂਤੀ ਹੌਲੀ ਹੌਲੀ ਉਂਗਲਾਂ ਨਾਲ ਉਸ ਰੇਤ ਨੂੰ ਸਹਿਲਾਣ ਲਗੀ। ਰੇਤ ਵਿਚ ਨਮੀ ਸੀ, ਠੰਢਕ ਸੀ, ਕੂਲਾਪਣ ਸੀ, ਗੁਦਗੁਦਾਣ ਵਾਲੀ ਛੁਹ ਸੀ।

"ਅੰਮਾਂ, ਮੈਨੂੰ ਅੱਜ ਇਕ ਗੱਲ ਦਸੋਗੇ?"

"ਹੂੰ," ਸ਼ਾਂਤੀ ਜਿਵੇਂ ਬੜੀ ਦੂਰੋਂ ਬੋਲ ਰਹੀ ਸੀ।

"ਤੁਸੀਂ ਇੰਜ ਕਿਉਂ ਘੁਲ ਰਹੇ ਓ?" — ਲਲਿਤ ਦੀ ਆਵਾਜ਼ ਵਿਚ ਬੜਾ ਨਿੱਘ ਸੀ।

ਸ਼ਾਂਤੀ ਦਾ ਦਿਲ ਕੀਤਾ, ਆਪਣਾ ਸਿਰ ਲਲਿਤ ਦੀ ਝੋਲੀ ਵਿਚ ਰਖ ਦੇਵੇ, ਤੇ ਰੋਏ...ਰੋਏ...।

ਅਗੇ ਤੇ ਕਦੇ ਇੰਜ ਨਹੀਂ ਸੀ ਹੋਇਆ। ਵਰ੍ਹਿਆਂ ਦੇ ਵਰ੍ਹੇ ਤੰਦੂਰ ਵਿਚ ਉਹ ਮੁਰਗੇ ਵਾਂਗ ਭੁੰਨੀ ਗਈ ਸੀ। ਇੰਜ ਬੇ ਵਜ੍ਹਾ ਕਿਸੇ ਦੀ ਝੋਲੀ ਵਿਚ ਸਿਰ ਰਖ ਕੇ ਰੋਣ 'ਤੇ ਤਾਂ ਕਦੇ ਦਿਲ ਨਹੀਂ ਸੀ ਕੀਤਾ। ਜਾਂ ਸ਼ਾਇਦ ਅਗੇ ਕੋਈ ਝੋਲੀ ਹੀ ਨਜ਼ਰ ਨਹੀਂ ਸੀ ਆਈ।

"ਡੈਡੀ ਦਾ ਘਰ ਦਿਲ ਨਹੀਂ ਲਗਦਾ। ਤੁਹਾਡੇ ਨਾਲ।......ਕੀ ਵਜ੍ਹਾ ਅੰਮੀਂ?"

ਸ਼ਾਂਤੀ ਚੁੱਪ ਸੀ।

"ਡੈਡੀ ਕਿਤੇ ਹੋਰ ਥਾਂ...?" ਲਲਿਤ ਏਸ ਤੋਂ ਸਪਸ਼ਟ ਲਫ਼ਜ਼ਾਂ ਵਿਚ ਸ਼ਾਇਦ ਨਹੀਂ ਸੀ ਪੁੱਛ ਸਕਦਾ।

"ਨਹੀਂ, ਲਲਿਤ!"

"ਤੁਹਾਨੂੰ ਪੱਕਾ ਪਤਾ ਏ?"

"ਹਾਂ, ਲਲਿਤ, ਉਹ ਏਸ ਕਾਬਿਲ ਹੀ ਨਹੀਂ ਕਿ..." ਸ਼ਾਂਤੀ ਦੀ ਆਵਾਜ਼ ਕੰਬ ਰਹੀ ਸੀ।

ਲਲਿਤ ਇਕ ਸਵਾਲੀਆ ਨਿਸ਼ਾਨ ਬਣਿਆ ਬੈਠਾ ਸੀ।

"ਲਲਿਤ, ਜੇ ਤੂੰ ਘਰ ਪੁੱਛਦਾ, ਤਾਂ ਮੈਂ ਕਦੇ ਨਹੀਂ ਸਾਂ ਦੱਸ ਸਕਦੀ। ਪਰ ਏਥੇ..." ਸ਼ਾਂਤੀ ਨੂੰ ਲਗ ਰਿਹਾ ਸੀ ਕਿ ਏਥੇ ਕੋਈ ਖ਼ਾਸ ਗੱਲ ਏ ਜਿਹੜੀ ਉਹਦੀ ਰੂਹ



ਨੂੰ ਖੁਲ੍ਹਣ ਲਈ, ਵਿਗਸਣ ਲਈ, ਕਿਨਾਰੇ ਤੋੜ ਦੇਣ ਲਈ, ਵਹਿ ਤੁਰਨ ਲਈ, ਸਾਰੀਆਂ ਬਰੇਤੀਆਂ ਭਿਉਂ ਦੇਣ ਲਈ ਮਜਬੂਰ ਕਰ ਰਹੀ ਏ।

"ਦੱਸੋ ਨਾ, ਅੰਮਾਂ," ਲਲਿਤ ਉਹਦੇ ਹੋਰ ਨੇੜੇ ਹੋ ਗਿਆ। ਸ਼ਾਂਤੀ ਦਾ ਸਿਰ ਉਹਨੇ ਆਪਣੇ ਮੋਢੇ ਨਾਲ ਲਾ ਲਿਆ। "ਦੱਸੋ," ਉਹਨੇ ਬੜੇ ਲਾਡ ਨਾਲ ਆਖਿਆ।

"ਲਲਿਤ, ਆਪਣੀ ਸਾਰੀ ਜ਼ਿੰਦਗੀ ਵਲ ਜਦੋਂ ਮੁੜ ਕੇ ਵੇਖਨੀ ਆਂ, ਤਾਂ ਲਗਦਾ ਏ ਜਿਵੇਂ ਤਪਦੀਆਂ ਸੜਦੀਆਂ ਰੇਤਾਂ ਦਾ ਇਕ ਬੇ-ਕਿਨਾਰ ਸਹਿਰਾ ਏ, ਜਿਹਦੇ ਵਿਚ ਇਕ ਇਕੱਲਾ ਰੁੱਖ ਏ, ਤੇ ਉਹ ਤੂੰ ਏਂ। ਤੇ ਏਸ ਇਕ ਇਕੱਲੇ ਰੁੱਖ ਨੂੰ ਤੱਕ ਤੱਕ ਕੇ ਮੈਂ ਆਪਣੀ ਸਾਰੀ ਉਮਰ ਕੱਟ ਲਈ ਏ।"

ਲਲਿਤ ਚੁੱਪ ਸੀ।

"ਲਲਿਤ, ਕੋਈ ਮਾਂ ਆਪਣੇ ਪੁੱਤਰ ਨਾਲ ਇਹੋ ਜਿਹੀ ਗੱਲ ਨਹੀਂ ਕਰੇਗੀ। ਪਰ ਇਸ ਸਾਰੀ ਅਜਨਬੀ ਦੁਨੀਆਂ ਵਿਚ ਮੈਂ ਸਿਰਫ਼ ਇਕੋ ਮਨੁੱਖ ਨੂੰ ਜਾਣਦੀ ਆਂ, ਤੇ ਉਹ ਤੂੰ ਏਂ।"

ਖ਼ਾਮੋਸ਼ੀ...! ਹਨੇਰਾ ਹੌਲੀ ਹੌਲੀ ਝੁਕਦਾ ਆ ਰਿਹਾ ਸੀ। ਆਸਮਾਨ ਜਿਵੇਂ ਨੀਵਾਂ ਨੀਵਾਂ ਹੋ ਰਿਹਾ ਸੀ।

"ਤੇਰੇ ਡੈਡੀ...ਤੇਰੇ ਡੈਡੀ ਇਮਪੋਟੈਂਟ ਨੇ," ਸ਼ਾਂਤੀ ਦੀਆਂ ਭੁੱਬਾਂ ਨਿਕਲ ਗਈਆਂ।

ਲਲਿਤ ਚਕਰਾ ਗਿਆ।

ਹਟਕੋਰਿਆਂ ਨਾਲ ਘੁਲਦਿਆਂ ਸ਼ਾਂਤੀ ਨੇ ਬਾਕੀ ਦੀ ਗੱਲ ਝਟਪਟ ਕਹਿ ਦਿਤੀ, "ਸ਼ੁਰੂ ਸ਼ੁਰੂ ਵਿਚ ਉਹਨਾਂ ਪਤਾ ਨਹੀਂ ਕੋਈ ਦੁਆਈਆਂ ਟਰਾਈ ਕੀਤੀਆਂ। ਚਾਰ ਪੰਜ ਵਾਰੀ ਕੋਸ਼ਿਸ਼ ਕੀਤੀ ਮੇਰੇ ਕੋਲ ਆਉਣ ਦੀ। ਇਕ ਵਾਰੀ ਕਾਮਯਾਬ ਹੋ ਗਏ। ਤੇ ਲਲਿਤ — ਇੰਜ ਤੂੰ ਆ ਗਿਆ। ਬਸ, ਉਸ ਤੋਂ ਮਗਰੋਂ — ਛੱਬੀਆਂ ਵਰ੍ਹਿਆਂ ਤੋਂ...ਮੇਰੇ ਬੇਟੇ...ਜਿੰਨੀ ਤੇਰੀ ਪੂਰੀ ਜ਼ਿੰਦਗੀ ਏ, ਓਨੇ ਹੀ ਵਰ੍ਹਿਆਂ ਤੋਂ ਅਸੀਂ ਇਕੋ ਘਰ ਵਿਚ ਦੋ ਅਜਨਬੀਆਂ ਵਾਂਗ ਰਹਿੰਦੇ ਪਏ ਆਂ। ਮੈਨੂੰ ਤੂੰ ਬੰਨ੍ਹ ਬਿਠਾਇਆ ਸੀ। ਤੇ ਮੈਂ ਏਨੇ ਵਰ੍ਹੇ ਆਪਣੇ ਆਪ ਨਾਲ ਲੜਦੀ ਰਹੀ ਹਾਂ, ਆਪਣੇ ਆਪ ਨਾਲ ਘੁਲਦੀ ਰਹੀ ਹਾਂ," ਸ਼ਾਂਤੀ ਰੋਈ ਜਾ ਰਹੀ ਸੀ।

ਲਲਿਤ ਕੋਲ ਇਹਦਾ ਕੋਈ ਜੁਆਬ ਨਹੀਂ ਸੀ। ਇਹ ਪੀੜ ਏਡੀ ਵੱਡੀ ਸੀ ਕਿ ਇਹਦਾ ਜੁਆਬ ਕਿਸੇ ਖ਼ੁਦਾ ਕੋਲ ਵੀ ਨਹੀਂ ਸੀ।

ਲਲਿਤ ਨੂੰ ਲਗਾ, ਜਿਵੇਂ ਉਹ ਕੋਹ-ਤੂਰ 'ਤੇ ਚੜ੍ਹ ਆਇਆ ਏ, ਤੇ ਉਸ ਸੱਚਾਈ ਦੇ ਸੇਕ ਨਾਲ ਉਹ ਝੁਲਸ ਜਾਏਗਾ, ਸੜ ਜਾਏਗਾ।

ਉਹ ਘਰ ਵਾਪਸ ਮੁੜ ਆਏ। ਸਾਰਾ ਰਾਹ ਲਲਿਤ ਵੀ ਖ਼ਾਮੋਸ਼ ਰਿਹਾ, ਸ਼ਾਂਤੀ ਵੀ ਚੁੱਪ ਰਹੀ।

ਅੱਜ ਸ਼ਾਂਤੀ ਜਿਵੇਂ ਸਾਰੀ ਦੀ ਸਾਰੀ ਖਿੱਲਰ ਗਈ ਸੀ, ਬਿਖਰ ਗਈ ਸੀ।

ਰਾਤ...ਗੁਜ਼ਰਨ ਵਿਚ ਆ ਹੀ ਨਹੀਂ ਸੀ ਰਹੀ।

ਸ਼ਾਂਤੀ ਨੂੰ ਖ਼ਿਆਲ ਆਇਆ, ਅੱਜ ਤੇ ਲਲਿਤ ਬਾਹਰ ਲਾਅਨ ਵਿਚ ਸੌਂ ਰਿਹਾ ਏ। ਉਹਦਾ ਜਦੋਂ ਜੀਅ ਕਰੇ, ਉਹ ਜਾ ਕੇ ਉਹਨੂੰ ਤੱਕ ਸਕਦੀ ਏ। ਤੇ ਜੇ ਐਨੀ — ਅੰਨੂ...ਆ ਗਈ..., ਤਾਂ ਉਹ ਆਪਣੇ ਕਮਰੇ ਵਿਚ ਸੰਵਿਆ...ਕਰੇਗਾ...ਕਮਰੇ ਵਿਚ...ਕਮਰੇ ਵਿਚ...

ਤੇ ਫੇਰ ਪਤਾ ਨਹੀਂ ਕੀ ਹੋਇਆ, ਸ਼ਾਂਤੀ ਦੀਆਂ ਬੇਸਾਖ਼ਤਾ ਚੀਕਾਂ ਨਿਕਲ ਗਈਆਂ। ਪਾਗ਼ਲਾਂ ਵਾਂਗ ਉਹ ਚੀਖ਼ ਰਹੀ ਸੀ, ਕੱਪੜੇ ਪਾੜ ਰਹੀ ਸੀ।

ਲਲਿਤ ਬਾਹਰੋਂ ਲਾਅਨ ਵਿਚੋਂ ਨੱਠਾ ਆਇਆ। ਅੰਦਰੋਂ ਕੁਮਾਰ ਸਾਹਿਬ ਆ ਗਏ। ਨੌਕਰ ਉਠ ਖਲੋਤੇ।

ਸ਼ਾਂਤੀ ਕਿਸੇ ਦੇ ਵਸ ਵਿਚ ਨਹੀਂ ਸੀ ਆ ਰਹੀ।

ਡਾਕਟਰ ਨੂੰ ਫ਼ੋਨ ਕੀਤਾ। ਡਾਕਟਰ ਨੇ ਆ ਕੇ ਕਿਹਾ, "ਨਰਵਸ ਟੈਨਸ਼ਨ ਏ।" ਟੀਕਾ ਲਾ ਦਿਤਾ, ਤੇ ਕਿਹਾ, "ਸੁਆਣ ਦੀ ਕੋਸ਼ਿਸ਼ ਕਰੋ।"

ਲਲਿਤ ਨੇ ਅਗੇ ਹੋ ਕੇ ਮਾਂ ਦੇ ਵਾਲਾਂ 'ਤੇ ਹੱਥ ਫੇਰਿਆ, ਉਹਦੇ ਮੂੰਹ 'ਤੇ ਹੱਥ ਫੇਰਿਆ।

ਸ਼ਾਂਤੀ ਨੇ ਉਹਨੂੰ ਖਿੱਚ ਕੇ ਆਪਣੇ ਕੋਲ ਬਿਠਾ ਲਿਆ। ਉਹਦੀਆਂ ਅੱਖਾਂ ਫਟੀਆਂ ਫਟੀਆਂ ਉਹਨੂੰ ਤੱਕ ਰਹੀਆਂ ਸਨ। ਜਿਵੇਂ ਪਛਾਣਨ ਦੀ ਕੋਸ਼ਿਸ਼ ਕਰ ਰਹੀਆਂ ਹੋਣ। ਸਿਰ ਉਹਦਾ ਖੱਬਿਉਂ ਸੱਜੇ ਸੱਜਿਉਂ ਖੱਬੇ ਵਲਿਅਸ ਖਾ ਰਿਹਾ ਸੀ। ਉਹਦਾ ਸਾਰਾ ਜਿਸਮ ਮੰਜੇ 'ਤੇ ਪਿਆ ਤੜਪ ਰਿਹਾ ਸੀ, ਕੰਬ ਰਿਹਾ ਸੀ।

ਕੁਮਾਰ ਚੁੱਪ ਚਾਪ ਬੈਠੇ ਸਨ।

ਲਲਿਤ ਨੇ ਜ਼ਰਾ ਨੀਵਾਂ ਹੋ ਕੇ ਸ਼ਾਂਤੀ ਦਾ ਸਿਰ ਆਪਣੀ ਛਾਤੀ ਨਾਲ ਲਾ ਲਿਆ; ਫੇਰ ਉਹਨੂੰ ਬਾਹਵਾਂ ਵਿਚ ਘੁੱਟ ਲਿਆ।

ਸ਼ਾਂਤੀ ਖ਼ਾਮੋਸ਼ ਹੁੰਦੀ ਜਾ ਰਹੀ ਸੀ।

ਕੁਝ ਚਿਰ ਮਗਰੋਂ ਉਹ ਲਲਿਤ ਦੀਆਂ ਬਾਹਵਾਂ ਵਿਚ ਇਕ ਬੀਮਾਰ ਬੱਚੇ ਵਾਂਗ ਸੌਂ ਰਹੀ ਸੀ।

ਕੁਮਾਰ ਕੋਲ ਕੁਰਸੀ 'ਤੇ ਬੈਠੇ ਸਨ।

ਲਲਿਤ ਛੱਤ ਵਲ ਤੱਕ ਰਿਹਾ ਸੀ।



# ਇਕੱਲ ਦਾ ਰੰਗ

ਦਸੰਬਰ ਦਾ ਆਖ਼ਰੀ ਦਿਨ ਏ। ਆਖ਼ਰੀ ਦਿਨ ਦੀ ਦੁਪਹਿਰ। ਦੁਪਹਿਰ ਦਰਅਸਲ ਢਲ ਰਹੀ ਏ। ਤੇ ਸ਼ਾਮ ਹੋਣ ਵਿਚ ਅਜੇ ਬਹੁਤ ਦੇਰ ਏ।

ਲੋਕ ਨਿਊ ਯੀਅਰ ਈਵ ਮਨਾਉਣ ਦੀਆਂ ਤਿਆਰੀਆਂ ਵਿਚ ਨੇ। ਤੇ ਮੈਂ ਬਿਲਕੁਲ ਇਕੱਲੀ, ਬਿਲਕੁਲ ਖ਼ਾਲੀ ਹੋ ਗਈ ਹਾਂ।

ਸੋਚਿਆ ਸੀ, ਸਿਰਫ਼ ਇਕ ਨਿੱਕੇ ਜਿਹੇ ਪਲ ਵਿਚ ਇਹ ਖ਼ਿਆਲ ਨਰਮ ਹਵਾ ਦੇ ਝੋਂਕੇ ਵਾਂਗੂੰ ਮਨ ਦੀ ਕਿਸੇ ਗਲੀ ਵਿਚੋਂ ਲੰਘਿਆ ਸੀ, ਕਿ ਤੋਸ਼ੀ ਵਲ ਚਲੀ ਜਾਵਾਂ। ਫੇਰ ਸੋਚਿਆ, ਨਹੀਂ, ਜਾ ਕੇ ਗੱਲ ਕੀ ਕਰਾਂਗੀ! ਅੱਜ ਤਾਂ ਮੈਂ ਬਿਲਕੁਲ ਖ਼ਾਲੀ ਹਾਂ। ਇਕ ਗੱਲ ਤੋਂ ਵੀ ਖ਼ਾਲੀ, ਕਿਸੇ ਖ਼ਿਆਲ ਤੋਂ ਵੀ ਖ਼ਾਲੀ, ਪੀੜ ਤੋਂ ਵੀ ਖ਼ਾਲੀ, ਮਹਿਸੂਸ ਕਰਨ ਵਾਲੀ ਹਰ ਸ਼ਕਤੀ ਤੋਂ ਵੀ ਖ਼ਾਲੀ। ਖ਼ਾਲੀ, ਜਿਵੇਂ ਹਵਾ ਦਾ ਬਗੂਲਾ ਹੋਵੇ, ਜਿਵੇਂ ਨੀਲੇ ਗ਼ੁਬਾਰੇ ਵਾਂਗੂੰ ਫੈਲਿਆ ਆਸਮਾਨ ਹੋਵੇ।

ਅਚਾਨਕ ਮੈਨੂੰ ਲਗਦਾ ਏ, ਹਵਾ ਹੁਣੇ ਮੈਨੂੰ ਪਤਝੜ ਦੇ ਜ਼ਰਦ ਪੀਲੇ ਪੱਤੇ ਵਾਂਗੂੰ ਉਡਾਏਗੀ, ਤੇ ਪਤਾ ਨਹੀਂ ਕਿਥੇ ਜਾ ਕੇ ਪਟਕ ਦੇਵੇਗੀ।

ਪਿਛਲੀ ਸਾਰੀ ਰਾਤ ਹਵਾ ਚਲਦੀ ਰਹੀ ਸੀ। ਤੇਜ਼ ਹਵਾ ਪਤਝੜ ਦੇ ਸੁੱਕੇ ਪੀਲੇ ਪੱਤਿਆਂ ਨੂੰ ਟਾਹਣੀਆਂ ਤੋਂ ਝਕਝੋਰ ਕੇ ਆਪਣੀ ਬੁੱਕਲ ਨਾਲ ਹੂੰਝਦੀ, ਬਗੋਲੇ ਵਾਂਗੂੰ ਉਡਾਂਦੀ। ਪੱਤਿਆਂ ਦੀ ਕੁਰਮੁਰੀ ਆਵਾਜ਼ ਮੇਰੀ ਬਾਰੀ ਨੂੰ ਜਿਵੇਂ ਠਕੋਰਦੀ ਰਹੀ ਸੀ।

ਮੈਂ ਉਠ ਕੇ ਬਾਹਰ ਆ ਗਈ ਸਾਂ, ਲਾਅਨ ਵਿਚ। ਸ਼ਾਲ ਦੀ ਬੁੱਕਲ ਮਾਰ ਕੇ। ਕਰਾਰੀ ਹਵਾ ਮੇਰੇ ਵਾਲਾਂ ਦੇ ਵਿਚੋਂ ਦੀ ਲੰਘ ਗਈ। ਮੇਰੇ ਕੱਪੜਿਆਂ ਦੇ ਵਿਚਕਾਰੋਂ ਗੁਜ਼ਰ ਗਈ। ਮੂੰਹ ਖੋਹਲ ਕੇ ਮੈਂ ਲੰਮਾ ਸਾਹ ਲਿਆ। ਬਹੁਤ ਸਾਰੀ ਸਰਦ ਠੰਢੀ ਹਵਾ ਨੂੰ ਆਪਣੇ ਅੰਦਰ ਭਰ ਕੇ ਮੈਂ ਸਿਰ ਤੋਂ ਪੈਰਾਂ ਤਕ ਲਰਜ਼ ਗਈ। ਫੇਰ ਗੇਟ ਖੋਹਲ ਕੇ ਸੜਕ 'ਤੇ ਆ ਗਈ। ਚੱਪਾ ਕੁ ਚੰਨ ਦਾ ਹਨੇਰੇ-ਮਾਇਲ ਜ਼ਰਦ ਗੂੜ੍ਹਾ ਸੁਰਮਈ ਚਾਨਣ ਸਲੇਟੀ ਸੜਕ ਤੇ ਵਿਛਿਆ ਹੋਇਆ ਸੀ। ਤੇ ਪੱਤੇ — ਜਿਹੜੇ ਸੁਰਮਈ ਤੇ ਗਹਿਰੇ ਭੂਰੇ ਜਾਪ ਰਹੇ ਸਨ — ਬੇ-ਸਹਾਰਾ ਸੜਕ 'ਤੇ ਉੱਡ ਰਹੇ ਸਨ।

ਇਹ ਗੱਲ ਕਲ੍ਹ ਰਾਤ ਦੀ ਏ।

ਉਸੇ ਵੇਲੇ ਤੋਂ ਮੇਰੇ ਅੰਦਰ ਇਕ ਖ਼ਾਲੀਪਣ ਭਰਨਾ ਸ਼ੁਰੂ ਹੋਇਆ। ਇਕ ਅਜੀਬ ਖ਼ਾਲੀਪਣ, ਤੇ ਸੁੰਨਾਪਣ।

ਉਸ ਵੇਲੇ ਮੈਨੂੰ ਤੂੰ ਯਾਦ ਆਇਆ ਸਾਏਂ। 'ਯਾਦ ਆਇਆ ਸਾਏਂ' ਕਹਿਣਾ ਝੂਠ ਲਗਦਾ ਏ। ਤੇਰਾ ਅਹਿਸਾਸ ਤਾਂ ਹਰ ਵੇਲੇ ਮੇਰੇ ਨਾਲ ਹੁੰਦਾ ਏ। ਮੇਰੇ ਨਾਲ ਤੁਰਦਾ, ਸੌਂਦਾ, ਸਾਹ ਲੈਂਦਾ ਏ। ਯਾਦ ਆਉਣ ਵਾਲੀ ਚੀਜ਼ ਤਾਂ ਬਾਹਰੋਂ ਤੁਰ ਕੇ ਆਉਂਦੀ ਏ। ਤੂੰ ਤਾਂ ਮੇਰੇ ਤੋਂ ਕਦੇ ਪਰ੍ਹੇ ਗਿਆ ਹੀ ਨਹੀਂ। ਮੇਰੇ ਸਾਰੇ ਕਪੜਿਆਂ ਵਿਚ ਤੇਰੀ ਖ਼ੁਸ਼ਬੂ ਏ। ਮੇਰੀਆਂ ਸਾਰੀਆਂ ਕਿਤਾਬਾਂ 'ਤੇ ਤੇਰੀ ਛੁਹ ਅਜੇ ਵੀ ਲਰਜ਼ਦੀ ਏ। ਮੇਰੇ ਘਰ ਦੀਆਂ ਸਾਰੀਆਂ ਕੰਧਾਂ ਦੇ ਅੰਦਰ ਤੇਰੇ ਸਾਹਾਂ ਦੀ ਸੁਗੰਧ ਭਰੀ ਹੋਈ ਏ। ਬੂਹਿਆਂ ਬਾਰੀਆਂ ਵਿਚ ਤੂੰਹੇਂ ਈ ਖੜੋਤਾ ਹੁੰਨਾ ਏਂ। ਫ਼ਰਕ ਸਿਰਫ਼ ਏਨਾ ਏ ਕਿ ਕਦੇ ਇਹ ਘਰ ਤੇਰਾ ਤੇ ਮੇਰਾ ਦੋਹਾਂ ਦਾ ਹੁੰਦਾ ਸੀ। ਓਦੋਂ ਤੇਰੇ ਵਜੂਦ ਨਾਲ ਮੈਂ ਏਨੀ ਲਬਰੇਜ਼ ਸਾਂ ਕਿ ਮੈਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਕੰਧਾਂ ਦੇ ਵਿਚਕਾਰ ਭਰੀ ਹੋਈ ਹਵਾ ਵਿਚ ਕਿਸੇ ਦੇ ਸਾਹਾਂ ਦੀ ਖ਼ੁਸ਼ਬੂ ਕਿਸ ਤਰ੍ਹਾਂ ਨਰਮ ਮਹੀਨ ਧੁੰਦ ਵਾਂਗੂੰ ਫ਼ਰਸ਼ ਤੋਂ ਛੱਤ ਤਕ ਲਟਕੀ ਰਹਿ ਸਕਦੀ ਏ।

ਤੂੰ ਚਲਾ ਗਿਆ, ਤਾਂ ਇਹ ਅਹਿਸਾਸ ਹੋਇਆ। ਇਕ ਅਜੀਬ ਤਰੀਕੇ ਨਾਲ ਘਰ ਹੋਰ ਵੀ ਆਪਣਾ ਲਗਣ ਲਗਾ, ਤੇ ਨਾਲੇ ਬੇਹੱਦ ਬੇਗਾਨਾ। ਜਿਵੇਂ ਕਿਸੇ ਵੀਰਾਨ ਮੈਦਾਨ ਵਿਚ ਕਿਸੇ ਪੁਰਾਣੇ ਖੰਡਰ ਦੇ ਉਦਾਸ ਪੱਥਰ ਧੁੱਪ ਸੇਕਦੇ ਹੋਣ।

ਤੇ ਮੈਨੂੰ ਲਗਾ, ਮੇਰੇ ਆਪਣੇ ਅੰਦਰ ਵੀ ਬਹੁਤ ਕੁਝ ਰਿਸ ਕੇ ਕੰਧਾਂ ਦੇ ਅੰਦਰਲੀ ਹਵਾ ਵਿਚ ਫੈਲ ਗਿਆ ਏ। ਧੁੰਦ ਵਾਂਗੂੰ ਲਟਕ ਗਿਆ ਏ। ਤੇਰੇ ਸਾਹਾਂ ਵਾਂਗੂੰ। ਤੇਰੀ ਖ਼ੁਸ਼ਬੂ ਵਾਂਗੂੰ।

ਤੇ ਮੈਂ ਬਹੁਤ ਖ਼ਾਲੀ ਮਹਿਸੂਸ ਕਰਦੀ ਹਾਂ। ਇਕ ਦਮ ਖ਼ਾਲੀ। ਮੇਰੇ ਅੰਦਰ ਵੈਕੂਅਮ ਤੋਂ ਸਿਵਾ ਕੁਝ ਨਹੀਂ ਬਚਦਾ।

ਕਲ੍ਹ ਰਾਤ ਉਸ ਗਾੜ੍ਹੇ ਸੁਰਮਈ ਬੀਮਾਰ ਚਾਨਣ ਵਿਚ ਇਕ ਟੀਸ ਪੋਲੇ ਪੈਰੀਂ ਤੁਰਦੀ ਆਈ, ਤੇ ਚੁੱਪ ਚਾਪ ਪਸਲੀਆਂ ਦੇ ਅੰਦਰਵਾਰ ਲਹਿ ਗਈ ਸੀ। ਉਸ ਕਸਕ ਨੇ ਜਿਵੇਂ ਪਸਲੀਆਂ ਦੇ ਅੰਦਰੋਂ ਸਾਰਾ ਕੁਝ ਚੂਸ ਲਿਆ।

ਤੀਹ ਨਹੀਂ, ਇਕੱਤੀ ਦਸੰਬਰ ਦੀ ਰਾਤ ਸੀ। ਪਤਾ ਨਹੀਂ ਕਿੰਨੇ ਸਾਲ ਪਹਿਲਾਂ ਤੂੰ ਕਿਹਾ ਸੀ, "ਨਵਾਂ ਸਾਲ ਕਿਥੇ ਸ਼ੁਰੂ ਕਰੀਏ ? ਕਿਸ ਤਰ੍ਹਾਂ ?" ਮੈਂ ਕਿਹਾ ਸੀ, "ਕੰਨਿਆਂ ਕੁਮਾਰੀ ਚਲਨੇ ਆਂ।"

ਇਹ ਉਸ ਜ਼ਮਾਨੇ ਦੀ ਗੱਲ ਏ, ਜਦੋਂ ਤੂੰ ਮੇਰੀ ਬਾਲਾਂ ਵਰਗੀ ਹਰ ਜ਼ਿਦ ਨੂੰ ਹੱਸ ਕੇ ਮੰਨ ਲੈਂਦਾ ਸਾਏਂ। ਜਦੋਂ ਤੂੰ ਮੇਰੀ ਹਰ ਪਾਗਲ ਖ਼ਾਹਿਸ਼ ਨੂੰ, ਹਰ ਝੱਲੀ ਹਿਰਸ ਨੂੰ ਮੰਨਣ ਵਿਚ ਫ਼ਖ਼ਰ ਮਹਿਸੂਸ ਕਰਦਾ ਸਾਏਂ।

ਉਂਜ ਜਿਸ ਚੀਜ਼ ਨੂੰ ਲੋਕੀਂ ਜਵਾਨੀ ਕਹਿੰਦੇ ਨੇ, ਮੈਂ ਉਸ ਦੀ ਢਲੀ ਦੁਪਹਿਰ ਨੂੰ ਹੰਢਾ ਰਹੀ ਸਾਂ, ਤੇ ਤੂੰ ਉਸ ਦੀ ਸ਼ਾਮ ਨੂੰ। ਪਰ ਮੈਨੂੰ ਲਗਦਾ ਸੀ, ਜਿਵੇਂ ਮੈਂ ਆਪਣਾ



ਬਚਪਨ ਤੇ ਆਪਣੀ ਜਵਾਨੀ ਹਾਲੀ ਹੰਢਾਈ ਹੀ ਨਹੀਂ ਸੀ। ਬਚਪਨ ਵੀ ਅਛੋਹ ਮੇਰ ਅੰਦਰ ਪਿਆ ਸੀ, ਤੇ ਜਵਾਨੀ ਵੀ ਕੁਆਰੀ ਕੰਜਕ ਵਾਂਗੂੰ ਵਰ੍ਹਿਆਂ ਦੀ ਕਿਸੇ ਗੁੱਠੇ ਸੁੰਗੜੀ ਬੈਠੀ ਸੀ। ਉਮਰ ਦੀ ਇਸ ਢਲਦੀ ਦੁਪਹਿਰ ਵਿਚ ਮੈਂ ਪ੍ਰਭਾਤ ਤੇ ਸਿਖਰ ਦੁਪਹਿਰ ਦੋਵੇਂ ਹੰਢਾ ਰਹੀ ਸਾਂ — ਨਾਲੋ ਨਾਲ। ਮਨ ਜਿਸ ਜਿਸ ਵਰ੍ਹੇ ਦੀ ਦਹਿਲੀਜ਼ 'ਤੇ, ਉਮਰ ਦੇ ਜਿਸ ਜਿਸ ਪੜਾਅ 'ਤੇ ਠਿਠਕ ਕੇ ਖੜੋਤਾ ਰਹਿ ਗਿਆ ਸੀ, ਉਹ ਉਥੋਂ ਹੀ ਤੁਰ ਰਿਹਾ ਸੀ — ਮੁੱਢੋਂ ਸੁੱਢੋਂ ! ਕਿਉਂਕਿ ਤੂੰ ਮੇਰੇ ਨਾਲ ਸਾਏਂ।

ਮੈਂ ਆਪਣੇ ਮਨ ਦੀ ਕੋਈ ਗੱਲ ਤੇਰੇ ਨਾਲ ਕਰਨ ਲਗਦੀ ਸਾਂ, ਤਾਂ ਤੂੰ ਆਹਿਸਤਾ ਜਿਹੇ ਅੱਖਾਂ ਮੀਟ ਕੇ, ਸਿਰ ਨੂੰ ਮਾੜੀ ਜਿਹੀ ਜੁੰਬਸ਼ ਦੇ ਕੇ ਕਹਿੰਦਾ ਸਾਏਂ, "ਆਈ ਨੋ !" ਇਸ ਤੇਰੇ ਦੋ-ਅੱਖਰੇ ਬੋਲ ਵਿਚ ਪਤਾ ਨਹੀਂ ਕੀ ਜਾਦੂ ਸੀ ! ਮੈਨੂੰ ਲਗਦਾ ਸੀ, ਜਿਵੇਂ ਇਹ ਦੋਵੇਂ ਅੱਖਰ ਦੋ ਬਾਹਵਾਂ ਨੇ, ਜਿਨ੍ਹਾਂ ਦੀ ਵਲਗਣ ਵਿਚ ਮੈਂ ਬਿਲਕੁਲ ਬੇਫ਼ਿਕਰ ਸੌਂ ਸਕਦੀ ਸਾਂ। 'ਆਈ ਨੋ !' ਤੇ ਜ਼ਿੰਦਗੀ ਦੀ ਸਾਰੀ ਦੌੜ-ਭੱਜ ਨਿਰਰਥਕ ਲਗਣ ਲਗ ਪੈਂਦੀ। ਇਕ ਅਜੀਬ ਸਕੂਨ ! 'ਆਈ ਨੋ !' — ਤੇ ਜ਼ਿੰਦਗੀ ਦੇ ਸਾਰੇ ਗ਼ਮ ਬੇ-ਮਤਲਬ ਹੋ ਜਾਂਦੇ।

ਤੇਰੀ ਹੋਂਦ ਨੇ ਜਿਵੇਂ ਮੈਨੂੰ ਸਿਰ ਉੱਚਾ ਕਰ ਕੇ ਤੁਰਨ ਦੀ ਇਜਾਜ਼ਤ ਦੇ ਦਿਤੀ। ਤੇਰੀ ਹੋਂਦ ਨੇ ਜਿਵੇਂ ਮੇਰੀਆਂ ਆਪਣੀਆਂ ਸਿਖ਼ਰਾਂ ਦਾ ਅਹਿਸਾਸ ਮੈਨੂੰ ਕਰਵਾ ਦਿਤਾ। ਤੇਰੀ ਹੋਂਦ ਨੇ ਮੈਨੂੰ ਗ਼ਰੂਰ ਨਾਲ ਆਪਣੇ ਵਜੂਦ ਦੇ ਸ਼ੀਸ਼ੇ ਵਿਚੋਂ ਆਪਣਾ ਆਪਾ ਤੱਕਣ ਦੀ ਜਾਚ ਸਿਖਾਈ।

ਤੇ ਅਸੀਂ ਕੰਨਿਆ ਕੁਮਾਰੀ ਗਏ ਸਾਂ। ਅੱਜ ਵਾਲਾ ਇਹੀ ਦਿਨ ਸੀ। ਇਕੱਤੀ ਦਸੰਬਰ। ਦੁਪਹਿਰ ਇਸੇ ਤਰ੍ਹਾਂ ਢਲ ਰਹੀ ਸੀ। ਅਸੀਂ ਸ਼ਾਮ ਦੇ ਇੰਤਜ਼ਾਰ ਵਿਚ ਸੁਰਮਈ ਰੇਤ ਦੇ ਕਿਨਾਰੇ ਪਈਆਂ ਸਿਆਹ ਚੱਟਾਨਾਂ ਉਤੇ ਬੈਠੇ ਸਾਂ। ਚੱਟਾਨਾਂ ਦੇ ਪੈਰਾਂ ਵਿਚ ਕਿਤੇ ਸੁਰਖ਼ ਭਾਹ ਮਾਰਦੀ ਰੇਤ ਸੀ, ਕਿਤੇ ਹਲਕੀ ਨੀਲੀ, ਕਿਤੇ ਭੂਰੀ, ਕਿਤੇ ਸੁਰਮਈ। ਦੂਰ ਕਾਲੀਆਂ ਚੱਟਾਨਾਂ ਦਾ ਇਕ ਟਾਪੂ ਸੀ। ਤੂੰ ਕਿਹਾ ਸੀ, "ਬਸ, ਇਕ ਅੱਧ ਸਾਲ ਹੋਰ ਮੈਂ ਦੱਬ ਕੇ ਕੰਮ ਕਰਨਾ ਏਂ। ਆਪਣੇ ਟੱਬਰ ਵਾਸਤੇ। ਸਭ ਨੂੰ ਮੇਰੀ ਨਹੀਂ, ਸਿਰਫ਼ ਮੇਰੇ ਕਮਾਏ ਪੈਸਿਆਂ ਦੀ ਲੋੜ ਏ। ਸਿਵਾਏ ਤੇਰੇ ਮੇਰੀ — ਸਿਰਫ਼ ਮੇਰੀ — ਲੋੜ ਹੋਰ ਕਿਸੇ ਨੂੰ ਨਹੀਂ। ਚੋਖੇ ਸਾਰੇ ਪੈਸੇ ਸਾਰਿਆਂ ਜੋਗੇ ਕਮਾ ਕੇ ਤੇ ਸਭ ਹਵਾਲੇ ਕਰ ਕੇ ਤੂੰ ਤੇ ਮੈਂ ਇਸੇ ਤਰ੍ਹਾਂ ਦੇ ਕਿਸੇ ਟਾਪੂ ਤੇ ਚਲੇ ਜਾਵਾਂਗੇ। ਸਫ਼ੈਦ ਰੰਗ ਦਾ ਇਕ ਘਰ ਬਣਾਵਾਂਗੇ।"

ਮੈਂ ਕਿਹਾ, "ਸਫ਼ੈਦ ਨਹੀਂ। ਹਲਕੇ ਕ੍ਰੀਮ ਰੰਗ ਦਾ, ਜਾਂ ਹਲਕਾ ਚਾਕਲੇਟ ਰੰਗ।"

"ਰੰਗ ਤੇਰੀ ਪਸੰਦ ਦਾ।" ਤੇਰੀਆਂ ਅੱਖਾਂ ਵਿਚ ਪਿਘਲਿਆ ਹੋਇਆ ਫ਼ੈਸਲਾ ਸੀ। "ਠੀਕ ? ਛੱਤ ਤੱਕ ਉੱਚੀਆ ਅਲਮਾਰੀਆਂ ਹੋਣਗੀਆਂ ਉਸ ਵਿਚ। ਸ਼ੈਲਫ਼। ਸ਼ੈਲਫ਼ਾਂ ਵਿਚ ਕਿਤਾਬਾਂ। ਦੋਵੇਂ ਰਲ ਕੇ ਪੜ੍ਹਿਆ ਕਰਾਂਗੇ। ਤੂੰ ਕਹਾਣੀਆਂ ਲਿਖੀਂ। ਮੈਂ ਵੀ ਕੁਝ ਲਿਖਾਂਗਾ। ਸ਼ਾਇਦ ਹਿਸਟਰੀ। ਘਰ ਦੇ ਬਾਹਰ ਗੂੜ੍ਹੇ ਸਾਵੇ ਗੁਦਗੁਦੇ ਘਾਹ

ਦੇ ਲਾਅਨ ਵਿਚ ਅਸੀਂ ਬੈਠਿਆ ਕਰਾਂਗੇ। ਤੇਰੇ ਸਾਰੇ ਵਾਲ ਜਦੋਂ ਚਾਂਦੀ ਵਾਂਗੂੰ ਚਿੱਟੇ ਹੋ ਜਾਣਗੇ, ਮੇਰੇ ਵੀ, ਤਾਂ ਅਸੀਂ ਘਾਹ ਵਿਚ ਬਹਿ ਕੇ ਵਾਲਾਂ ਦੇ ਰੰਗ ਦੀ ਧੁੱਪ ਸੇਕਿਆ ਕਰਾਂਗੇ।''

ਮੈਂ ਤੇਰੀਆਂ ਅੱਖਾਂ ਵਿਚ ਉਸ ਘਰ ਦੀ ਤਸਵੀਰ ਵੇਖਦੀ ਰਹੀ। ਤੇ ਨਾਲੇ ਸਫ਼ੈਦ ਵਾਲਾਂ ਵਾਲੇ ਦੋ ਮਨੁੱਖ, ਤੂੰ ਤੇ ਮੈਂ। ਗੂੜ੍ਹੀ ਸਾਵੀ ਘਾਹ ਉਤੇ ਧੁੱਪ ਸੇਕਦੇ।

ਇਹ ਬਹੁਤ ਪੁਰਾਣੀ ਗੱਲ ਏ। ਸ਼ਾਇਦ ਪਿਛਲੀ ਸਦੀ ਦੀ। ਜਾਂ ਪਿਛਲੇ ਜਨਮ ਦੀ। ਯਾਦ ਨਹੀਂ।

ਇਸ ਤੋਂ ਮਗਰੋਂ ਪਤਾ ਨਹੀਂ ਕਿਸ ਤਰ੍ਹਾਂ ਹੋਇਆ ਕਿ ਲਾਅਨ ਦੀ ਸਾਰੀ ਸਾਵੀ ਗੁਦਗੁਦੀ ਘਾਹ ਸੜ ਗਈ। ਸਿਰਫ਼ ਬੇਬਸ ਭੂਰੀਆਂ ਤਿੜਾਂ ਕਿਧਰੋਂ ਜ਼ਮੀਨ ਵਿਚੋਂ ਝਾਕਦੀਆਂ ਰਹਿ ਗਈਆਂ। ਹਾਂ, ਉਸ ਸਫ਼ੈਦ, ਨਾ ਸੱਚ ਹਲਕੇ ਚਾਕਲੇਟ ਰੰਗ ਦੇ ਘਰ ਦੇ ਸੁਆਹ-ਰੰਗੇ ਖੰਡਰਾਂ ਵਿਚੋਂ ਕਿਧਰੇ ਕਿਧਰੇ ਕੋਈ ਘਾਹ ਦੀ ਬੁੰਬਲ ਜ਼ਰੂਰ ਫੁਟ ਪਈ।

ਕੁਝ ਵੀ ਨਹੀਂ ਹੋਇਆ। ਤੂੰ ਕਿਧਰੇ ਗਿਆ ਵੀ ਨਹੀਂ। ਤੂੰ ਮੈਨੂੰ ਛਡ ਕੇ ਕਿਸੇ ਹੋਰ ਰਾਹ 'ਤੇ ਤੁਰਿਆ ਵੀ ਨਹੀਂ। ਨਾ ਮੈਂ ਤੈਨੂੰ ਆਵਾਜ਼ਾਂ ਦਿਤੀਆਂ। ਦਰਅਸਲ ਆਵਾਜ਼ ਦੇਣ ਦੀ ਨੌਬਤ ਹੀ ਨਹੀਂ ਆਈ। ਤੂੰ ਮੇਰੇ ਕੋਲ ਖੜੋਤਾ ਖੜੋਤਾ ਹੀ ਹੌਲੀ ਹੌਲੀ ਮੇਰੇ ਤੋਂ ਦੂਰ ਹਟਦਾ ਗਿਆ, ਜਿਸ ਤਰ੍ਹਾਂ ਕਿਸੇ ਦੀਆਂ ਬਾਹਵਾਂ ਵਿਚ ਚੁਕਿਆ ਚੁਕਿਆ ਕਿਸੇ ਦਾ ਬੀਮਾਰ ਬੱਚਾ ਹੌਲੀ ਹੌਲੀ ਦਮ ਤੋੜ ਦੇਵੇ।

ਇਸ ਵਿਚ ਤੇਰਾ ਕਸੂਰ ਵੀ ਕੋਈ ਨਹੀਂ ਸੀ। ਅਸਲ ਵਿਚ ਜਿਸ ਵੇਲੇ ਕੋਈ ਜੀਉਂਦੀ ਚੀਜ਼ ਪਲ੍ਹਰਨੋਂ ਹਟ ਜਾਂਦੀ ਏ, ਉੱਗ ਕੇ ਫੈਲਣ ਦਾ ਅਮਲ ਜਿਸ ਵੇਲੇ ਰੁਕ ਜਾਂਦਾ ਏ, ਤਾਂ ਉਹ ਹੌਲੀ ਹੌਲੀ ਕੁਮਲਾ ਕੇ ਮਰ ਜਾਂਦੀ ਏ। ਮਨੁੱਖੀ ਰਿਸ਼ਤੇ ਦੀ ਵੀ ਇਹੀ ਮਜਬੂਰੀ ਏ। ਜੀਉਂਦਾ ਰਿਸ਼ਤਾ ਜੁ ਹੋਇਆ।

ਗੱਲ ਸਿਰਫ਼ ਏਨੀ ਸੀ ਸ਼ਾਇਦ, ਕਿ ਰਿਸ਼ਤੇ ਦੇ ਵਿਕਾਸ ਲਈ ਜਿਹੜੀਆਂ ਸਾਂਝਾਂ ਦੀ ਲੋੜ ਹੁੰਦੀ ਏ, ਉਹ ਨਹੀਂ ਸਨ। ਨਾ ਸਾਂਝਾ ਘਰ, ਨਾ ਸਾਂਝਾ ਟੱਬਰ, ਨਾ ਸਾਂਝੇ ਦੋਸਤ, ਨਾ ਸਾਂਝਾ ਸਮਾਜਕ ਦਾਇਰਾ, ਨਾ ਸਾਂਝਾ ਕੰਮ।

ਬੱਸ, ਇਕ ਸੁਪਨੇ ਸਨ, ਜਿਹੜੇ ਸਾਂਝੇ ਸਨ।

ਪਰ ਸੁਪਨਿਆਂ ਦੀ ਛਾਵੇਂ ਬਹਿਣਾ ਤਾਂ ਆਪਣੀ ਛਾਵੇਂ ਬਹਿਣ ਵਾਲੀ ਗੱਲ ਏ। ਆਪਣੀ ਛਾਵੇਂ ਕੋਈ ਕਿੰਨਾ ਕੁ ਚਿਰ ਬਹਿਣ ਦਾ ਭੁਲੇਖਾ ਖਾ ਸਕਦਾ ਏ ਭਲਾ? ਤੇ ਸੁਪਨਿਆਂ ਦਾ ਰੁੱਖ ਸਿਰਫ਼ ਛਾਂ ਦੀ ਖ਼ਾਤਰ ਕੋਈ ਕਿੰਨਾ ਕੁ ਚਿਰ ਚੁੱਕ ਕੇ ਤੁਰ ਸਕਦਾ ਏ?

ਕੋਲ ਬੈਠੇ ਵੀ ਅਸੀਂ ਆਪਣੀ ਆਪਣੀ ਇਕੱਲ ਦੇ ਘੇਰਿਆਂ ਵਿਚ ਘਿਰ ਗਏ ਸਾਂ। ਮੈਂ ਚੁੱਪ ਤੇ ਇਕੱਲ ਤੋਂ ਘਬਰਾ ਕੇ ਤੈਨੂੰ ਕਹਿੰਦੀ, ''ਕੋਈ ਗੱਲ ਕਰ ਨਾ ਰਾਜੂ!''



ਤੇ ਤੂੰ ਪਰਲੇ ਪਾਸੇ ਜਾਂ ਸਾਹਮਣੇ ਕਿਧਰੇ ਵੇਖਦਾ ਕਹਿੰਦਾ, ''ਕੀ ਗੱਲ?''

ਮੈਨੂੰ ਜਾਪਦਾ ਜਿਵੇਂ ਮੁਹੱਬਤ ਦੇ ਗੁਜ਼ਰੇ ਨਸ਼ੇ ਦੇ ਹੈਂਗ-ਓਵਰ ਵਿਚ ਅਸੀਂ ਜੀਅ ਰਹੇ ਸਾਂ। ਮੈਨੂੰ ਜਾਪਦਾ, ਜਿਵੇਂ ਤੂੰ ਮੁਹੱਬਤ ਦੀ ਖ਼ਾਤਰ ਨਹੀਂ, ਕਿਸੇ ਵਾਹਿਦੇ ਦੇ ਬੰਧਨ ਕਰ ਕੇ, ਜਾਂ ਫ਼ਰਜ਼ ਵਰਗੇ ਕਿਸੇ ਅਹਿਸਾਸ ਕਰ ਕੇ ਮੇਰੇ ਨਾਲ ਤੁਰ ਰਿਹਾ ਸਾਏਂ, ਬਦੋ ਬਦੀ।

ਜਿਨ੍ਹਾਂ ਜੀਊਣਾ ਸਿਖਿਆ ਹੋਵੇ, ਉਹਨਾਂ ਨੂੰ ਮਰਨ ਦੀ ਵੀ ਜਾਚ ਆਉਂਦੀ ਏ, ਮੇਰੇ ਮਹਿਬੂਬ। ਤੇ ਮੈਂ ਤੇਰੇ ਨਾਲੋਂ ਆਪੇ ਅਲਗ ਹਟ ਗਈ।

ਸੋਚਦੀ ਹਾਂ, ਐਸ ਵੇਲੇ ਤੂੰ ਕਿਥੇ ਹੋਵੇਂਗਾ। ਕੀ ਕਰ ਰਿਹਾ ਹੋਵੇਂਗਾ? ਕਲ੍ਹ ਰਾਤ ਜਿਹੜੇ ਪਤਝੜ ਦੇ ਪੱਤੇ ਹਵਾ ਨਾਲ ਉੱਡੇ ਸਨ, ਉਹਨਾਂ ਦੀ ਆਵਾਜ਼ ਤੂੰ ਵੀ ਸੁਣੀ ਹੋਵੇਗੀ! ਅੱਜ ਸ਼ਾਮ ਦੀ ਇਕੱਲ ਤੇਰੇ ਦੁਆਲੇ ਵੀ ਇਕ ਮਹੀਨ ਧੁੰਦ ਵਾਂਗੂੰ ਫੈਲੀ ਹੋਵੇਗੀ! ਤੈਨੂੰ ਅੱਜ ਦੀ ਸ਼ਾਮ, ਅੱਜ ਦੀ ਰਾਤ ਮੇਰੀ ਯਾਦ ਆਵੇਗੀ?

ਇਹ ਸ਼ਾਇਦ ਸ਼ਾਮ ਦੀ ਸ਼ੁਰੂਆਤ ਏ। ਕਲ੍ਹ ਰਾਤ ਦੀਆਂ ਗੱਲਾਂ ਸੋਚਦੀ ਸੋਚਦੀ ਮੈਂ ਪਤਾ ਨਹੀਂ ਕਿਸ ਵੇਲੇ ਏਨੀ ਦੂਰ ਤੁਰਦੀ ਆ ਗਈ ਹਾਂ। ਇਹ ਇਕ ਬਹੁਤ ਵੱਡਾ ਬਾਗ਼ ਏ। ਪਾਰਕ! ਸੀਮਿੰਟ ਦੇ ਸੁਰਮਈ ਬੈਂਚ 'ਤੇ ਪਤਾ ਨਹੀਂ ਕਿਸ ਵੇਲੇ ਬਹਿ ਗਈ ਸਾਂ।

ਇਕ ਬਜ਼ੁਰਗ ਤੀਵੀਂ ਮੇਰੇ ਨਾਲ ਬੈਂਚ 'ਤੇ ਆ ਬੈਠੀ ਏ। ਮੇਰੇ ਤੋਂ ਰਤਾ ਹਟ ਕੇ। ਮੈਂ ਅੱਖ ਦੇ ਕੋਨੇ ਵਿਚੋਂ ਵੇਖਦੀ ਹਾਂ, ਉਹ ਮੇਰੇ ਵੱਲ ਤੱਕ ਰਹੀ ਏ। ਸਫ਼ੈਦ ਵਿਰਲੇ ਛੋਟੇ ਕੱਟੇ ਹੋਏ ਵਾਲ, ਬੜੀਆਂ ਗਹਿਰੀਆਂ ਝੁਰੀਆਂ ਜਾਗਦੀਆਂ ਅੱਖਾਂ। ਹੋਏਗੀ ਕੋਈ ਸੱਠਾਂ ਕੁ ਦੀ। ਏਨੀ ਠੰਢ ਵਿਚ ਸੂਤੀ ਫ਼ਰਾਕ, ਉਤੇ ਵਧੀਆਂ ਹੋਈਆਂ ਉੱਨਾਂ ਦੇ ਵਖਰੇ ਵਖਰੇ ਰੰਗਾਂ ਦੇ ਉਣੇ ਹੋਏ ਚੌਕੋਰ ਟੁਕੜੇ ਗੰਢ ਕੇ ਬਣਾਈ ਹੋਈ ਸ਼ਾਲ। ਪੈਰੀਂ ਬਹੁਤ ਪੁਰਾਣੇ ਬੂਟ।

ਇਹ ਸਾਰਾ ਕੁਝ ਮੈਂ ਬੜੀ ਸਾਵਧਾਨੀ ਨਾਲ ਚੋਰੀ ਚੋਰੀ ਵੇਖਦੀ ਹਾਂ, ਇਹ ਤੱਕਣ ਵਾਸਤੇ ਕਿ ਅੱਜ ਦੀ ਸ਼ਾਮ ਮੇਰੇ ਨਾਲ ਆ ਕੇ ਕੌਣ ਬਹਿ ਗਿਆ ਏ। ਉਂਜ ਮੈਂ ਉਸ ਨਾਲ ਕੋਈ ਵੀ ਸਾਂਝ ਨਹੀਂ ਬਣਾਉਣੀ ਚਾਹੁੰਦੀ। ਉਸ ਕੋਲੋਂ ਬਚਣਾ ਚਾਹੁੰਦੀ ਹਾਂ ਦਰਅਸਲ। ਹਰ ਮਨੁੱਖ ਕੋਲੋਂ ਬਚਣਾ ਚਾਹੁੰਦੀ ਹਾਂ। ਕਿਉਂਕਿ ਬਹੁਤ ਇਕੱਲੀ ਹਾਂ। ਬੇਹੱਦ ਇਕੱਲੀ। ਤੇ ਬਿਲਕੁਲ ਖ਼ਾਲੀ। ਅੰਦਰੋਂ ਸੱਖਣੀ।

ਪਾਰਕ ਵਿਚ ਦਰਖ਼ਤਾਂ ਨਾਲੋਂ ਝੜ ਕੇ ਡਿੱਗੇ ਸੁੱਕੇ ਜ਼ਰਦ ਪੱਤੇ ਚੁਣਦੇ ਤੇ ਸਫ਼ਾਈ ਕਰਦੇ ਬੰਦੇ ਨੇ ਇਕ ਮੈਲੇ ਖ਼ਾਕੀ ਰੰਗ ਦਾ ਕੋਟ ਪਾਇਆ ਹੋਇਆ ਏ। ਇਹ ਸ਼ਾਇਦ ਉਸ ਦੀ ਵਰਦੀ ਹੋਵੇਗੀ। ਉਸ ਦੇ ਨਾਲ ਇਕ ਦਸਾਂ ਬਾਰਾਂ ਸਾਲਾਂ ਦਾ ਮੁੰਡਾ ਵੀ ਸਫ਼ਾਈ ਕਰ ਰਿਹਾ ਏ। ਉਸ ਨੇ ਸਿਰਫ਼ ਇਕ ਸੂਤੀ ਮੈਲੀ ਕਮੀਜ਼ ਪਾਈ ਹੋਈ ਏ, ਤੇ ਪੈਰੀਂ ਰਬੜ ਦੀਆਂ ਚੱਪਲਾਂ — ਮੈਲੀਆਂ। ਜਾਪਦਾ ਏ, ਬੱਚਾ ਸਰਦੀ ਨਾਲ ਠੁਰਕ ਰਿਹਾ ਏ, ਰਤਾ ਰਤਾ।

ਉਹ ਬਜ਼ੁਰਗ ਤੀਵੀਂ ਅੰਗਰੇਜ਼ੀ ਵਿਚ ਕਹਿਣ ਲਗੀ, ''ਇਹ ਨਿਊ ਯੀਅਰ ਈਵ ਏ। ਹੂੰਹ ! ਇਸ ਵਿਚਾਰੇ ਬੱਚੇ ਲਈ ਨਾ ਕੋਈ ਕ੍ਰਿਸਮਿਸ ਈਵ ਏ, ਨਾ ਨਿਊ ਯੀਅਰ ਈਵ।'' ਉਹ ਉਸ ਬੱਚੇ ਵਲ ਤੱਕਦੀ ਹੋਈ ਬੋਲ ਰਹੀ ਸੀ ਜਿਵੇਂ ਆਪਣੇ ਆਪ ਨਾਲ ਗੱਲ ਕਰ ਰਹੀ ਹੋਵੇ। ਪਰ ਨਾਲ ਹੀ ਸ਼ਾਇਦ ਉਸ ਨੂੰ ਇਹ ਅਹਿਸਾਸ ਵੀ ਹੋਵੇਗਾ ਕਿ ਮੈਂ ਉਸ ਦੀ ਗੱਲ ਸੁਣ ਰਹੀ ਹਾਂ।

ਤੇ ਫੇਰ ਮੇਰੇ ਬਚਦਿਆਂ ਬਚਦਿਆਂ ਵੀ ਉਹ ਮੇਰੇ ਨਾਲ ਗੱਲਾਂ ਕਰਨ ਲਗ ਪਈ। ਵਧਦੀ ਮਹਿੰਗਾਈ ਦੀਆਂ। ਗ਼ਰੀਬੀ ਦੀਆਂ। ਕਹਿਣ ਲਗੀ, ''ਸਭ ਕੁਝ ਗ਼ਰਕ ਹੋ ਰਿਹਾ ਏ। ਸਿਰਫ਼ ਬਿਲਡਿੰਗਾਂ ਹੀ ਉੱਚੀਆਂ ਉੱਚੀਆਂ ਬਣੀ ਜਾਂਦੀਆਂ ਨੇ। ਸਾਹ ਲੈਣ ਜੋਗੀ ਵੀ ਥਾਂ ਨਹੀਂ ਬਚੇਗੀ ਇਕ ਦਿਨ।''

ਜਾਪਿਆ, ਉਹ ਜ਼ਿੰਦਗੀ ਨਾਲ ਨਾਰਾਜ਼ ਸੀ। ਜ਼ਿੰਦਗੀ ਨਾਲ ਨਾਰਾਜ਼ ਹੋਣਾ ਵੀ ਜਿਊਣ ਦੀ ਨਿਸ਼ਾਨੀ ਏ। ਜਦੋਂ ਮਨੁੱਖ ਆਪਣਾ ਆਲਾ ਦੁਆਲਾ ਕਬੂਲ ਕਰ ਲੈਂਦਾ ਏ, ਤੇ ਉਸ ਵਲੋਂ ਬੇਨਿਆਜ਼ ਹੋ ਜਾਂਦਾ ਏ, ਤਾਂ ਇਹ ਉਸ ਦੇ ਮਰਨ ਦੀ ਨਿਸ਼ਾਨੀ ਹੁੰਦੀ ਏ। ਮੌਤ, ਜਿਹੜੀ ਜ਼ਿੰਦਗੀ ਦੇ ਦੌਰਾਨ ਹੀ ਆਉਂਦੀ ਏ।

ਤਾਂ ਵੀ ਮੈਨੂੰ ਹਲਕੀ ਜਿਹੀ ਕੋਫ਼ਤ ਹੋਈ। ਇਸ ਅੰਗਰੇਜ਼ — ਸ਼ਾਇਦ ਅੰਗਰੇਜ਼ ਹੀ ਹੋਵੇਗੀ — ਤੀਵੀਂ ਨੂੰ ਸਾਡੇ ਮੁਲਕ ਬਾਰੇ ਕੁਝ ਕਹਿਣ ਦਾ ਕੀ ਹੱਕ ਏ ? ਅਸੀਂ ਜੋ ਮਰਜ਼ੀ ਆਖੀਏ, ਇਹ ਕਿਉਂ ਕੁਝ ਆਖੇ ? ਭਾਵੇਂ ਬੜੀ ਬੇਦਿਲੀ ਨਾਲ, ਪਰ ਮੈਨੂੰ ਲਗਾ ਕਿ ਮੈਨੂੰ ਆਪਣੇ ਮੁਲਕ ਨੂੰ ਡੀਫ਼ੈਂਡ ਕਰਨਾ ਚਾਹੀਦਾ ਏ। ਉਸ ਦੀ ਸਾਰੀ ਗ਼ਰੀਬੀ ਨੂੰ, ਤੇ ਵਧਦੀਆਂ ਕੀਮਤਾਂ ਨੂੰ, ਨਿਊ ਯੀਅਰ ਈਵ ਵਾਲੇ ਦਿਨ ਉਸ ਮੁੰਡੇ ਦੇ ਪੜ੍ਹਨ ਵਾਲੀ ਉਮਰੇ ਪਤਲੀ ਕਮੀਜ਼ ਪਾ ਕੇ ਠੰਢ ਵਿਚ ਠਰਦਿਆਂ ਕੰਮ ਕਰਨ ਨੂੰ, ਤੇ ਨਵੀਆਂ ਉੱਸਰਦੀਆਂ ਉੱਚੀਆਂ ਇਮਾਰਤਾਂ ਨੂੰ।

ਮੈਂ ਕਿਹਾ, ''ਤੂੰ ਵਿਦੇਸ਼ੀ ਏਂ। ਇਹਨਾਂ ਸਾਰੀਆਂ ਗੱਲਾਂ ਬਾਰੇ ਤੂੰ ਸਿਰਫ਼ ਬਹੁਤ ਦੂਰੋਂ ਵੇਖ ਸਕਦੀ ਏਂ।''

ਉਹ ਅੱਧਾ ਕੁ ਮਿੰਟ ਆਪਣੀਆਂ ਭੂਰੀਆਂ ਅੱਖਾਂ ਨਾਲ ਬੜੀ ਸਹਿਜਤਾ ਨਾਲ ਮੇਰੇ ਵਲ ਤੱਕਦੀ ਰਹੀ, ਫੇਰ ਕਹਿਣ ਲਗੀ, ''ਤੇਰੀ ਉਮਰ ਕਿੰਨੀ ਏ ?''

ਮੈਂ ਅਚਕਚਾ ਗਈ, ''ਪੈਂਤੀ ਸਾਲ।''

ਉਹ ਫੇਰ ਚੱਪਾ ਕੁ ਮਿੰਟ ਖ਼ਾਮੋਸ਼ ਮੈਨੂੰ ਵੇਖਦੀ ਰਹੀ — ''ਤੈਨੂੰ ਪਤਾ ਏ ਮੈਂ ਪਿਛਲੇ ਚਾਲ੍ਹੀ ਸਾਲਾਂ ਤੋਂ ਇਸ ਮੁਲਕ ਵਿਚ ਰਹਿ ਰਹੀ ਆਂ ? ਇਸ ਕਰ ਕੇ ਤੇਰੇ ਨਾਲੋਂ ਇਹ ਮੁਲਕ ਮੇਰਾ ਬਹੁਤਾ ਏ। ਤੂੰ ਸਿਰਫ਼ ਇਸ ਵਿਚ ਜੰਮੀ ਏਂ। ਮਜਬੂਰੀ ਏ, ਸੋ ਰਹਿ ਰਹੀ ਏਂ ਏਥੇ। ਮੈਂ ਇਸ ਮੁਲਕ ਵਿਚ ਆਪਣੀ ਮਰਜ਼ੀ ਨਾਲ ਰਹਿ ਰਹੀ ਆਂ, ਕਿਉਂਕਿ ਮੈਂ ਇਸ ਨੂੰ ਪਿਆਰ ਕਰਨੀ ਆਂ। ਇਸ ਦੀ ਧੁੱਪ ਨੂੰ, ਇਸ ਦੇ ਲੋਕਾਂ ਨੂੰ, ਔਰਤਾਂ ਦੇ ਕੱਪੜਿਆਂ ਨੂੰ, ਆਸਮਾਨ ਦੇ ਰੰਗਾਂ ਨੂੰ, ਸਮੁੰਦਰ ਨੂੰ, ਰੇਤ ਨੂੰ, ਛੱਲਾਂ ਨੂੰ। ਨਾਲੇ ਜਿਸ ਨੂੰ ਮੈਂ ਮੁਹੱਬਤ ਕਰਦੀ ਸਾਂ, ਜਿਸ ਦੇ ਨਾਲ ਚਾਲ੍ਹੀ ਵਰ੍ਹੇ ਪਹਿਲਾਂ ਮੈਂ ਇਸ ਮੁਲਕ ਵਿਚ ਆਈ ਸਾਂ, ਉਹ ਇਸੇ ਮਿੱਟੀ ਵਿਚ ਸੁੱਤਾ ਹੋਇਆ ਏ। ਮੇਰੀ ਪੂਰੀ ਜ਼ਿੰਦਗੀ ਏਥੇ ਦਫ਼ਨ ਏ।''



ਮੈਂ ਕਿਹਾ, ''ਤੂੰ ਇੰਗਲੈਂਡ ਦੀ ਏਂ ?''

ਕਹਿਣ ਲਗੀ, ''ਸਕਾਟਲੈਂਡ :''

''ਤੂੰ ਰਹਿੰਦੀ ਕਿਥੇ ਵੇਂ ?''

''ਕਿਧਰੇ ਨਹੀਂ। ਕਦੇ ਕਿਸੇ ਸਹੇਲੀ ਕੋਲ। ਕਦੇ ਕਿਤੇ। ਬਿਲਕੁਲ ਆਜ਼ਾਦ ਪੰਛੀ ਹਾਂ।'' ਉਹ ਹੱਸ ਪਈ।

ਫੇਰ ਆਪੇ ਕਹਿਣ ਲਗੀ — ''ਅਸਲ ਵਿਚ ਮੈਨੂੰ ਥੋੜ੍ਹੀ ਜਿਹੀ ਪੈਨਸ਼ਨ ਮਿਲਦੀ ਏ। ਉਹ ਰੋਟੀ ਲਈ ਕਾਫ਼ੀ ਏ। ਦਾਲ ਤੇ ਰੋਟੀ। ਸਬਜ਼ੀਆਂ ਤਾਂ ਬੜੀਆਂ ਮਹਿੰਗੀਆਂ ਨੇ। ਹੋਰ ਤੇ ਹੋਰ, ਵੜਾਊਂ ਵੀ ਦੋ ਰੁਪਏ ਕਿੱਲੋ ਨੇ। ਦਾਲ ਰੋਟੀ ਖਾ ਲੈਨੀ ਆਂ। ਪਰ ਮਕਾਨ ਦਾ ਕਿਰਾਇਆ ਦੇਣ ਜੋਗੇ ਪੈਸੇ ਨਹੀਂ। ਹਾਂ, ਕਦੇ ਕਦੇ ਪੀ ਲੈਨੀ ਆਂ। ਅੱਜ ਵੀ ਦਾਰੂ ਦੇ ਤਿੰਨ ਪਿਆਲੇ ਪੀ ਕੇ ਆਈ ਹਾਂ। ਜਾਣਨੀ ਏਂ ਨਾ, ਦਾਰੂ ?''

ਮੇਰੀਆਂ ਅੱਖਾਂ ਵਿਚ ਸ਼ਾਇਦ ਹਮਦਰਦੀ ਜਾਂ ਤਰਸ ਵਰਗਾ ਕੁਝ ਤੈਰ ਆਇਆ ਹੋਵੇਗਾ। ਕਾਹਲੀ ਨਾਲ ਕਹਿਣ ਲਗੀ, ''ਪਰ ਮੈਨੂੰ ਅਫ਼ਸੋਸ ਨਹੀਂ ਕਿਸੇ ਵੀ ਗੱਲ ਦਾ। ਬੜੇ ਮਜ਼ੇ ਵਿਚ ਹਾਂ। ਜ਼ਿੰਦਗੀ ਨੂੰ ਮੈਂ ਰੱਜ ਕੇ ਜੀਵਿਆ ਏ। ਤੇ ਮਨੁੱਖ ਨੂੰ ਹਰ ਨਵੇਂ ਤਜਰਬੇ ਦੀ, ਹਰ ਅਨੋਖੇ ਤਜਰਬੇ ਦੀ ਕੀਮਤ ਤਾਂ ਅਦਾ ਕਰਨੀ ਹੀ ਪੈਂਦੀ ਏ। ਮੈਂ ਈਮਾਨਦਾਰ ਮਨੁੱਖ ਹਾਂ। ਕੀਮਤ ਦੇਣੋਂ ਘਬਰਾਂਦੀ ਨਹੀਂ।''

''ਤੇਰਾ ਕੋਈ ਪੁੱਤਰ ਧੀ ?''

''ਦੋ ਪੁੱਤਰ ਨੇ। ਇਕ ਯੂਕੇ ਵਿਚ ਏ, ਇਕ ਆਸਟ੍ਰੇਲੀਆ ਵਿਚ। ਜਦੋਂ ਦਿਲ ਕਰਦਾ ਏ ਪੈਸੇ ਭੇਜ ਦੇਂਦੇ ਨੇ। ਪਰ ਐਤਕੀਂ ਤਾਂ ਕ੍ਰਿਸਮਸ ਤੇ ਵੀ ਕੁਝ ਨਹੀਂ ਭੇਜਿਆ। ਇਕ ਖ਼ਤ ਵੀ ਨਹੀਂ। ਇਕ ਕਾਰਡ ਵੀ ਨਹੀਂ।''

ਉਹ ਉਦਾਸ ਹੋ ਗਈ।

''ਲੋਕੀਂ ਕਹਿੰਦੇ ਨੇ ਤੂੰ ਪੂਅਰ ਹੋਮ ਵਿਚ ਚਲੀ ਜਾਹ। ਰੋਟੀ ਮਿਲੇਗੀ। ਸੌਣ ਦੀ ਥਾਂ ਮਿਲੇਗੀ। ਪਰ ਮੈਂ ਸੋਚਦੀ ਹਾਂ, ਮੇਰੇ ਵਿਚ ਅਜੇ ਜ਼ਿੰਦਗੀ ਬਾਕੀ ਏ। ਜਦੋਂ ਇਹ ਨੌਬਤ ਆ ਗਈ ਕਿ ਮੈਨੂੰ ਦੂਜਿਆਂ ਦੇ ਰਹਿਮ 'ਤੇ ਜੀਣਾ ਪਵੇ, ਤਾਂ ਸਲੀਪਿੰਗ ਪਿਲਜ਼ ਖਾ ਲਵਾਂਗੀ।''

ਉਹ ਹੱਸੀ। ਨਿੱਕੀ ਜਿਹੀ ਹਾਸੀ।

ਤੇ ਅਸੀਂ ਫੇਰ ਆਪਣੀ ਆਪਣੀ ਇਕੱਲ ਦੇ ਦਾਇਰਿਆਂ ਵਿਚ ਸਿਮਟ ਜਾਂਦੀਆਂ ਹਾਂ।

ਤੇਰੀ ਹੋਂਦ ਦਾ ਅਹਿਸਾਸ ਮੇਰੇ ਆਲੇ ਦੁਆਲੇ ਫੈਲੀ ਹਵਾ ਵਿਚ ਘੁਲ ਰਿਹਾ ਏ।

ਹਵਾ ਦਾ ਸਾਹ ਕਿਸ ਨੇ ਤੱਕਿਆ ਏ ? ਹਵਾ ਦੀ ਛਾਂ ਕਿਸ ਨੇ ਹੰਢਾਈ ਏ ?

ਸੋਚਦੀ ਹਾਂ, ਇਕੱਲ ਦਾ ਸੁਆਦ ਕਿਹੋ ਜਿਹਾ ਹੁੰਦਾ ਏ ? ਤਲਖ਼ ? ਕੌੜਾ ?

ਇਕੱਲ ਦਾ ਰੰਗ ਕੇਹੋ ਜਿਹਾ ਹੁੰਦਾ ਏ ? ਭੂਰਾ ? ਸੁਰਮਈ ? ਕਾਲਾ ? ਜਾਂ ਸਿਰਫ਼ ਹਵਾ ਦੇ ਨਾਲ ਬੇਸਹਾਰਾ ਉੱਡਦੇ ਪਤਝੜ ਦੇ ਸੁੱਕੇ ਜ਼ਰਦ ਪੱਤਿਆਂ ਵਰਗਾ ?

# ਇਕ ਪੋਰਟਰੇਟ

ਸ਼ਾਮ ਵੇਲੇ ਤਾਰਾ ਦੀਦੀ ਦਾ ਟੈਲੀਫ਼ੋਨ ਆਇਆ, ਉਹ ਮੈਨੂੰ ਮਿਲਣ ਆ ਰਹੇ ਸਨ। ਮੈਂ ਕਿਹਾ, "ਜ਼ਰੂਰ ਆਓ। ਰਾਤੀਂ ਰੋਟੀ 'ਕੱਠੇ ਖਾਵਾਂਗੇ।"

ਤਾਰਾ ਦੀਦੀ ਆਏ। ਅਸੀਂ ਗੱਲਾਂ ਕਰਦੀਆਂ ਰਹੀਆਂ।

ਤਾਰਾ ਦੀਦੀ ਜਦੋਂ ਵੀ ਗੱਲਾਂ ਕਰਦੇ ਨੇ, ਉਦਾਸੀ ਕੌਫ਼ੀ ਦੇ ਪਿਆਲਿਆਂ ਵਿਚੋਂ ਨਿਕਲਦੇ ਪਤਲੇ ਧੂੰਏਂ ਵਾਂਗੂੰ ਚਾਰੇ ਪਾਸੇ ਖਿੱਲਰਦੀ ਜਾਂਦੀ ਏ। ਕੌਫ਼ੀ ਦੀ ਕਸੈਲੀ ਖ਼ੁਸ਼ਬੂ ਵਾਂਗੂੰ ਫੈਲਦੀ ਜਾਂਦੀ ਏ।

ਫੇਰ ਅਸੀਂ ਰੋਟੀ ਵਾਲੇ ਮੇਜ਼ 'ਤੇ ਬੈਠੀਆਂ। ਨਿੱਕੇ ਨਿੱਕੇ ਖਸਤਾ ਪਰਾਉਂਠੇ ਮਹੇਸ਼ ਬਣਾ ਰਿਹਾ ਸੀ। ਤੇ ਅਸੀਂ ਗੱਲਾਂ ਕਰਦੇ ਰਹੇ, ਰੋਟੀ ਖਾਂਦੇ ਰਹੇ। ਨਿਮ੍ਹੀ ਜਿਹੀ ਰੋਸ਼ਨੀ ਵਿਚ ਪਲੇਟਾਂ, ਚਮਚੇ, ਸਭ ਉਦਾਸ ਲਗ ਰਹੇ ਸਨ। ਸਾਰੇ ਕਮਰੇ ਵਿਚ, ਬੱਸ ਦੋ ਤਿੰਨ ਰੰਗ ਖਿੱਲਰੇ ਹੋਏ ਸਨ — ਕੰਧ 'ਤੇ ਇਕ ਪੇਂਟਿੰਗ ਸੀ, ਮੇਜ਼ 'ਤੇ ਦੋ ਰੰਗੀਨ ਮੈਟੀਜ਼ ਸਨ। ਉਹਨਾਂ ਦੇ ਰੰਗ ਜਿਵੇਂ ਬਿਟਰ ਬਿਟਰ ਇਕ ਦੂਜੇ ਵਲ ਤੱਕ ਰਹੇ ਸਨ, ਜਿਵੇਂ ਸੋਚ ਰਹੇ ਹੋਣ, ਕਿ ਭੁੱਲ-ਭੁਲੇਖੇ ਏਥੇ ਕਿਥੇ ਆ ਗਏ?

ਰੋਟੀ ਤੋਂ ਮਗਰੋਂ ਮੈਂ ਆਪਣਾ ਫ਼ਰਿਜ ਖੋਹਲਿਆ। ਮੈਂ ਉਚੇਚਾ ਤਾਰਾ ਦੀਦੀ ਦੀ ਪਸੰਦ ਦੀ ਪੁਡਿੰਗ ਬਣਾਈ ਹੋਈ ਸੀ। ਇਹ ਪੁਡਿੰਗ ਬਨਾਣੀ ਵੀ ਮੈਂ ਉਹਨਾਂ ਕੋਲੋਂ ਹੀ ਸਿਖੀ ਸੀ। ਕਦੇ ਤਾਰਾ ਦੀਦੀ ਨੇ ਮੈਨੂੰ ਦਸਿਆ ਸੀ ਕਿ ਉਹਨਾਂ ਇਕ ਵਾਰੀ ਓਹੀ ਪੁਡਿੰਗ ਬਣਾਈ, ਜਿਸ ਦੀ ਸ਼ਕਲ ਤਾਜ ਦੇ ਗੁੰਬਦ ਵਰਗੀ ਸੀ; ਤੇ ਉਤੇ ਜਦੋਂ ਉਹਨਾਂ ਕਰੀਮ ਪਾ ਕੇ ਇੰਦਰ ਦੇ ਅੱਗੇ ਰਖੀ, ਤਾਂ ਇੰਦਰ ਨੇ ਕਿਹਾ, "ਤਾਰੀ, ਤੇਰਾ ਇਹ ਤਾਜ ਮਹਿਲ ਤੇ ਸ਼ਾਹਜਹਾਨ ਦੇ ਤਾਜ ਮਹਿਲ ਤੋਂ ਵੀ ਗੋਰਾ ਏ।" ਤੇ ਤਾਰਾ ਦੀਦੀ ਖਿੜ ਗਏ ਸਨ।

ਜਦੋਂ ਮੈਨੂੰ ਤਾਰਾ ਦੀਦੀ ਨੇ ਉਹ ਪੁਡਿੰਗ ਬਨਾਣੀ ਸਿਖਾਈ ਸੀ, ਤਾਂ ਇਹ ਗੱਲ ਵੀ ਸੁਣਾਈ ਸੀ। ਤੇ ਉਸ ਤੋਂ ਮਗਰੋਂ ਜਦੋਂ ਵੀ ਮੈਂ ਉਹ ਪੁਡਿੰਗ ਬਣਾਂਦੀ, ਮੈਨੂੰ ਲਗਦਾ ਜਿਵੇਂ ਇੰਦਰ ਕਿਤੇ ਸਾਹਮਣੇ ਬੈਠਾ ਕਹਿ ਰਿਹਾ ਏ, 'ਤਾਰੀ, ਤੇਰਾ ਤਾਜ ਮਹਿਲ ਤੇ ਬੜਾ ਈ ਗੋਰਾ ਏ।'

ਮੈਂ ਫ਼ਰਿਜ ਵਿਚੋਂ ਪੁਡਿੰਗ ਕੱਢ ਕੇ ਮੇਜ਼ 'ਤੇ ਰਖੀ। ਤਾਰਾ ਦੀਦੀ ਦੇ ਮੂੰਹ ਵਲ



ਮੈਂ ਵੇਖਿਆ। ਉਹਨਾਂ ਦੇ ਮੂੰਹ 'ਤੇ ਪਤਾ ਨਹੀਂ ਕੀ ਸੀ, ਮੇਰਾ ਜੀਅ ਕੀਤਾ ਪੁਡਿੰਗ ਨੂੰ ਕਿਧਰੇ ਲੁਕਾ ਦਿਆਂ, ਤੇ ਆਪ ਵੀ ਕੋਈ ਬੁਰਕਾ ਲੈ ਕੇ ਪਾ ਲਵਾਂ।

ਮੈਨੂੰ ਲਗਾ, ਤਾਰਾ ਦੀਦੀ ਦੀ ਖ਼ਾਮੋਸ਼ੀ ਤੂਫ਼ਾਨ ਤੋਂ ਪਹਿਲਾਂ ਦੀ ਖ਼ਾਮੋਸ਼ੀ ਸੀ। ਤਾਰਾ ਦੀਦੀ ਸ਼ਾਇਦ ਬਹੁਤ ਸਾਰੀਆਂ ਗੱਲਾਂ ਕਰਨੀਆਂ ਚਾਹੁੰਦੇ ਸਨ, ਜਾਂ ਬਹੁਤ ਸਾਰਾ ਰੋਣਾ ਚਾਹੁੰਦੇ ਸਨ।

ਹਰ ਵਾਰ ਜਦੋਂ ਤਾਰਾ ਦੀਦੀ ਗੁਜ਼ਰੇ ਜ਼ਮਾਨਿਆਂ ਦੀ ਗੱਲ ਕਰਦੇ, ਇੰਜ ਲਗਦਾ, ਜਿਵੇਂ ਇਕ ਧੂੰਆਂ ਵਲ ਖਾਂਦਾ ਹੋਇਆ ਚਾਰੇ ਪਾਸਿਉਂ ਉੱਠ ਰਿਹਾ ਹੋਵੇ, ਫੈਲ ਰਿਹਾ ਹੋਵੇ, ਹਵਾ ਵਿਚ ਘੁਲ ਰਿਹਾ ਹੋਵੇ।

ਪੁਡਿੰਗ ਦੀ ਪਲੇਟ ਮੈਂ ਤਾਰਾ ਦੀਦੀ ਦੇ ਅਗੇ ਕੀਤੀ; ਨਾਲ ਛੋਟੀ ਪਲੇਟ ਤੇ ਚਮਚ ਵੀ।

ਤਾਰਾ ਦੀਦੀ ਪਤਾ ਨਹੀਂ ਕਿਥੇ ਸਨ।

"ਤਾਰਾ ਦੀਦੀ!" ਮੈਂ ਜਿਵੇਂ ਉਹਨਾਂ ਨੂੰ ਹੌਲੇ ਜਿਹੇ ਜਗਾਇਆ।

ਤਾਰਾ ਦੀਦੀ ਨਹੀਂ ਜਾਗੇ। ਉਂਜੇ ਹੀ ਸੁੱਤਿਆਂ ਸੁੱਤਿਆਂ, ਗੁਆਚਿਆਂ ਗੁਆਚਿਆਂ ਉਹਨਾਂ ਨੇ ਟੇਬਲ ਸਪੂਨ ਲੈ ਕੇ ਪੁਡਿੰਗ ਦੀ ਪਲੇਟ ਨੂੰ ਘੁਮਾਣਾ ਸ਼ੁਰੂ ਕੀਤਾ। ਇਕ ਤਲਖ਼ ਮੁਸਕਰਾਹਟ ਉਹਨਾਂ ਦੇ ਹੋਠਾਂ 'ਤੇ ਫੈਲੀ:

"ਇਸ ਤਾਜ ਮਹਿਲ ਨੂੰ ਕਿਹੜੇ ਪਾਸਿਉਂ ਢਾਹਵਾਂ?"

ਮੈਂ ਚੁੱਪ ਸਾਂ।

"ਤਾਜ ਮਹਿਲ ਬੜਾ ਗੋਰਾ ਏ, ਪਰ ਇਹਨੂੰ ਢਾਹਣ ਵਾਲਾ ਬੇਲਚਾ ਵੀ ਬੜਾ ਮਜ਼ਬੂਤ ਏ," ਤੇ ਉਹਨਾਂ ਨੇ ਚਮਚ ਇਸ ਤਰ੍ਹਾਂ ਆਪਣੀ ਮੁੱਠੀ ਵਿਚ ਫੜ ਲਿਆ, ਜਿਵੇਂ ਤਾਜ ਮਹਿਲ ਨੂੰ ਵੰਗਾਰ ਰਹੇ ਹੋਣ।

ਆਖ਼ਰ ਉਹਨਾਂ ਇਕ ਪਾਸਿਉਂ ਪੁਡਿੰਗ ਦਾ ਇਕ ਵੱਡਾ ਪੀਸ ਕੱਟ ਕੇ ਆਪਣੀ ਪਲੇਟ ਵਿਚ ਰਖ ਲਿਆ।

"ਕੱਟਣ ਨਾਲੋਂ, ਢਾਹਣ ਨਾਲੋਂ, ਡਾਇਨਾਮਾਈਟ ਕਰਨਾ ਨਹੀਂ ਠੀਕ? ਕੀ ਖ਼ਿਆਲ ਏ ਤੇਰਾ?"

ਮੇਰਾ ਖ਼ਿਆਲ ਫ਼ਿਲਹਾਲ ਇਹੀ ਸੀ ਕਿ ਮੈਂ ਉਹ ਪੁਡਿੰਗ ਬਣਾ ਕੇ ਸਖ਼ਤ ਗ਼ਲਤੀ ਕੀਤੀ ਸੀ।

ਮੈਨੂੰ ਰਹਿ ਰਹਿ ਕੇ ਇੰਦਰ 'ਤੇ ਗੁੱਸਾ ਆ ਰਿਹਾ ਸੀ: ਕਮਬਖ਼ਤ, ਕਿੰਜ ਇਕ ਕੁੜੀ ਦੀ ਜ਼ਿੰਦਗੀ ਰੋਲ ਛੱਡੀ ਸੁ, ਤੇ ਆਪ... । ਰਹਿ ਰਹਿ ਕੇ ਮੈਨੂੰ ਤਾਰਾ ਦੀਦੀ 'ਤੇ ਝੁੰਜਲਾਹਟ ਹੋ ਰਹੀ ਸੀ। ਗ਼ਮ ਵਿਚੋਂ ਵੀ ਕਈ ਲੋਗ ਸਹਾਰਾ ਢੂੰਡ ਲੈਂਦੇ ਨੇ, ਪਰ ਇਹ ਗ਼ਮ ਜ਼ਿੰਦਗੀ ਦੇ ਦੋਹਾਂ ਸਿਰਿਆਂ ਨੂੰ ਜੋੜਦਾ ਹੋਇਆ ਪੁਲ ਤੇ ਨਹੀਂ ਬਣਾਇਆ ਜਾ ਸਕਦਾ। ਇਹ ਤਾਰਾ ਦੀਦੀ ਆਖ਼ਰ ਕੱਦ ਤਕ ਇੰਜ ਜੀਉਣ ਤੋਂ ਮੁਨਕਰ ਹੋ ਕੇ ਜੀਵੀ ਜਾਣਗੇ?

ਇੰਦਰ...ਤਾਰਾ ਦੀਦੀ...

ਤਾਰਾ ਦੀਦੀ ਲਾਹੌਰ ਦੇ ਇਕ ਕਾਲਜ ਵਿਚ ਪੜ੍ਹਦੇ ਸਨ। ਓਪਨ ਏਅਰ ਥੀਏਟਰ ਵਿਚ ਇਕ ਵਾਰੀ ਕਾਲਜਾਂ ਦੇ ਮੁੰਡਿਆਂ ਕੁੜੀਆਂ ਨੇ ਇਕ ਸਭਿਆਚਾਰਕ ਪਰੋਗਰਾਮ ਕੀਤਾ। ਆਜ਼ਾਦੀ ਦੀ ਲਹਿਰ ਜ਼ੋਰਾਂ 'ਤੇ ਸੀ ; ਤੇ ਸਭਿਆਚਾਰਕ ਪਰੋਗਰਾਮ ਦੇ ਬਹੁਤੇ ਆਈਟਮਾਂ ਵਿਚ ਜੋਸ਼ੀਲੀ, ਰੋਹ ਨਾਲ ਭਰੀ ਬਗ਼ਾਵਤ ਸੀ। ਇਕ ਖੱਦਰ ਦੇ ਖੁਲ੍ਹੇ ਕੁੜਤੇ ਪਜਾਮੇ ਵਾਲੇ ਮੁੰਡੇ ਨੇ ਇਕ ਗੀਤ ਗਾਇਆ ਸੀ, "ਆਪਣੀ ਮਿੱਟੀ ਦੀ ਲਾਜ ਬਚਾਓ। ਤੁਹਾਨੂੰ ਕਸਮ ਏ ਤੁਹਾਡੀਆਂ ਮੁਹੱਬਤਾਂ ਦੀ, ਤੁਹਾਨੂੰ ਸਹੁੰ ਏ ਤੁਹਾਡੀਆਂ ਪ੍ਰੀਤਾਂ ਦੀ!"

ਇਹ ਇੰਦਰ ਸੀ।

ਤਾਰਾ ਦੀਦੀ ਨੇ ਤੇ ਕੁਝ ਹੋਰ ਕੁੜੀਆਂ ਨੇ ਰਲ ਕੇ 'ਹੱਲੇ ਹੁਲਾਰੇ' ਦੀ ਟੀਊਨ 'ਤੇ ਇਕ ਬਾਗ਼ੀ ਗੀਤ ਗਾਇਆ ਸੀ।

ਇਹ ਸਾਰੇ ਗਾਉਣ ਵਾਲੇ ਫੜ ਲਏ ਗਏ ਸਨ। ਤੇ ਇੰਜ ਜੇਲ੍ਹ ਜਾਂਦਿਆਂ ਪੁਲਿਸ ਦੇ ਟਰੱਕ ਵਿਚ ਤਾਰਾ ਦੀਦੀ ਦੀ ਮੁਲਾਕਾਤ ਇੰਦਰ ਨਾਲ ਹੋਈ।

ਹੌਲੀ ਹੌਲੀ ਪਛਾਣ ਵਧੀ; ਤੇ ਮੁਹੱਬਤ ਦੀ ਚਾਂਦਨੀ ਨਾਲ ਦੋਹਾਂ ਜ਼ਿੰਦਗੀਆਂ ਦੇ ਵਿਹੜੇ ਭਰ ਗਏ।

ਮੁਲਕ ਦੇ ਜਦੋਂ ਦੋ ਟੁਕੜੇ ਹੋਏ, ਤਾਰਾ ਦੀਦੀ ਦੇ ਮਾਂ ਪਿਉ ਦਿੱਲੀ ਆ ਗਏ, ਤੇ ਇੰਦਰ ਦੇ ਘਰ ਦੇ ਲੋਕ ਬੰਬਈ ਚਲੇ ਗਏ। ਉਥੇ ਉਹਨਾਂ ਨੇ ਆਪਣਾ ਕੋਈ ਬਿਜ਼ਨਸ ਸ਼ੁਰੂ ਕਰ ਲਿਆ।

ਇੰਦਰ ਸੈਂਕੜੇ ਮੀਲਾਂ ਦਾ ਪੰਧ ਕੱਟਦਾ ਤੇ ਦਿੱਲੀ ਆ ਕੇ ਤਾਰਾ ਦੀਦੀ ਨੂੰ ਮਿਲ ਜਾਂਦਾ। ਤੇ ਜਦੋਂ ਉਹ ਬੰਬਈ ਚਲਾ ਜਾਂਦਾ, ਤਾਰਾ ਦੀਦੀ ਇਕ ਇਕ ਪਲ ਪਏ ਗਿਣਦੇ, ਇਕ ਇਕ ਦਿਨ ਪਏ ਗਿਣਦੇ।

ਇੰਦਰ ਨੇ ਆਪਣੇ ਮਾਂ ਪਿਉ ਨੂੰ ਦਸਿਆ। ਆਖਿਆ, ਕਿ ਉਸ ਕੁੜੀ ਨਾਲ ਮੇਰਾ ਵਿਆਹ ਕਰ ਦਿਓ। ਪਰ ਵਿਚਕਾਰ ਜ਼ਾਤ-ਪਾਤ ਦੀ ਦੀਵਾਰ ਸੀ, ਮਜ਼ਹਬ ਦੀ ਦੀਵਾਰ ਸੀ, ਉਚੇ ਨੀਵੇਂ ਖ਼ਾਨਦਾਨਾਂ ਦੇ ਟੋਏ ਟਿੱਬੇ ਸਨ। ਤੇ ਇੰਦਰ ਦੇ ਮਾਪਿਆਂ ਨੇ ਇਨਕਾਰ ਕਰ ਦਿਤਾ।

ਇੰਦਰ ਦੇ ਲਹੂ ਵਿਚ ਬਗ਼ਾਵਤ ਦੇ ਕਤਰੇ ਤਾਂ ਸਨ ਹੀ, ਉਹਨੇ ਦਿੱਲੀ ਆ ਕੇ ਤਾਰਾ ਦੀਦੀ ਨਾਲ ਚੁੱਪਚਾਪ ਕਿਸੇ ਮੰਦਰ ਵਿਚ ਵਿਆਹ ਕਰ ਲਿਆ।

ਪੁਡਿੰਗ ਖ਼ਤਮ ਹੋ ਚੁੱਕੀ ਸੀ। ਮੈਂ ਮਹੇਸ਼ ਨੂੰ ਕੌਫ਼ੀ ਦੇ ਦੋ ਪਿਆਲੇ ਲਿਆਉਣ ਲਈ ਕਿਹਾ। ਇਕ ਔਖੀ ਜਿਹੀ ਚੁੱਪ ਆਲੇ-ਦੁਆਲੇ ਵਿਚ ਛਾਈ ਹੋਈ ਸੀ। ਮੈਂ ਸ਼ੁਕਰ ਕੀਤਾ, ਜਦੋਂ ਕੌਫ਼ੀ ਆਈ। ਚੁੱਪਚਾਪ ਅਸੀਂ ਕੌਫ਼ੀ ਪੀਣ ਲਗੀਆਂ।

ਜਦੋਂ ਵੀ ਤਾਰਾ ਦੀਦੀ ਮੈਨੂੰ ਆਪਣੀ ਦਾਸਤਾਨ ਸੁਣਾਂਦੇ ਸਨ, ਮੈਨੂੰ ਇਹ ਨਿਹਾਇਤ ਮੈਲੋਡਰੈਮੈਟਿਕ ਕਿਸਮ ਦੀ ਗੱਲ ਲਗਦੀ ਸੀ। ਮੰਦਰ ਵਿਚ ਵਿਆਹ, ਉਮਰਾਂ ਦਾ ਤ੍ਰਿਆਗ; ਇਹ ਗੱਲਾਂ ਜਾਂ ਤਾਂ ਫ਼ਿਲਮਾਂ ਵਿਚ ਹੁੰਦੀਆਂ ਨੇ, ਜਾਂ ਨਾਵਲਾਂ



ਵਿਚ। ਜਦੋਂ ਅਮਲੀ ਜ਼ਿੰਦਗੀ ਵਿਚ ਕੋਈ ਇਹੋ ਜਿਹੀ ਗੱਲ ਹੁੰਦੀ ਏ, ਤਾਂ ਕਦੇ ਤਾਂ ਉਹ ਏਨੀ ਮਹਾਨ ਲਗਦੀ ਏ, ਕਿ ਚੁੱਪਚਾਪ ਅੱਖਾਂ ਨੀਵੀਆਂ ਕਰ ਕੇ ਆਪਣੇ ਛੋਟੇਪਣ ਦੇ ਅਹਿਸਾਸ ਨੂੰ ਸਮੇਟ ਕੇ ਕੋਲੋਂ ਲੰਘ ਜਾਣ 'ਤੇ ਜੀਅ ਕਰਦਾ ਏ, ਤੇ ਕਦੇ ਲਗਦਾ ਏ ਕਿ ਇਹ ਕਹਾਣੀ ਜਿਵੇਂ ਇਕ ਰੰਗੀਨ ਗ਼ੁਬਾਰਾ ਏ ਜਿਸ ਵਿਚ ਬੱਸ ਹਵਾ ਭਰੀ ਹੋਈ ਏ।

ਤੇ ਹਾਂ, ਵਿਆਹ ਹੋ ਗਿਆ।

ਪਹਿਲਾਂ ਤਾਂ ਤਾਰਾ ਦੀਦੀ ਦੇ ਮਾਂ ਪਿਉ ਰੋਏ ਕਲਪੇ, ਪਰ ਫੇਰ ਉਹਨਾਂ ਮਨਜ਼ੂਰ ਕਰ ਲਿਆ। ਘਰ ਵਿਚ ਇਕ ਵੱਖਰਾ ਕਮਰਾ ਤਾਰਾ ਦੀਦੀ ਨੇ ਲੈ ਲਿਆ। ਇੰਦਰ ਜਦੋਂ ਵੀ ਬੰਬਈਓਂ ਆਉਂਦਾ, ਉਹ ਬਿਲਕੁਲ ਅਸਲੀ ਜੁਆਈਆਂ ਵਾਂਗੂ ਉਸ ਘਰ ਵਿਚ ਰਹਿੰਦਾ, ਤਾਰਾ ਦੀਦੀ ਦੇ ਕਮਰੇ ਵਿਚ ਸੌਂਦਾ।

ਇੰਦਰ ਨੇ ਆਪਣੇ ਮਾਪਿਆਂ ਨੂੰ ਇਸ ਬਾਰੇ ਕੁਝ ਨਾ ਦਸਿਆ।

ਕੁਝ ਵਰ੍ਹੇ ਇੰਜੇ ਗੁਜ਼ਰ ਗਏ।

ਇਕ ਦਿਨ ਤਾਰਾ ਦੀਦੀ ਨੂੰ ਪਤਾ ਲੱਗਾ, ਕਿ ਇੰਦਰ ਦਾ ਤਾਂ ਬੰਬਈ ਵਿਆਹ ਹੋ ਰਿਹਾ ਏ।

ਤਾਰਾ ਦੀਦੀ ਨੂੰ ਉਹਨਾਂ ਦੀ ਮਾਂ ਨੇ ਕਿਹਾ, "ਚੱਲ, ਬੰਬਈ ਚਲਨੇ ਆਂ।"

ਤਾਰਾ ਦੀਦੀ ਦਾ ਵੀ ਦਿਲ ਕਰੇ, ਉਹ ਜਾ ਕੇ ਇੰਦਰ ਦੇ ਵਿਆਹ ਦੀਆਂ ਸ਼ਹਿਨਾਈਆਂ ਦੇ ਨਾਲ ਵੈਣ ਦੇ ਗੀਤ ਗਾਏ, ਇੰਦਰ ਦੀ ਘੋੜੀ ਦੇ ਅੱਗੇ ਜਾ ਕੇ ਲੇਟ ਜਾਏ, ਤੇ ਚੀਕ ਕੇ ਆਖੇ, 'ਮੇਰੀ ਹਿੱਕ ਤੋਂ ਲੰਘਾ ਲੈ ਇਹਨੂੰ।'

ਪਰ ਤਾਰਾ ਦੀਦੀ ਤੋਂ ਕੁਝ ਵੀ ਨਾ ਹੋਇਆ। ਸਿਰਫ਼ ਹੋਇਆ ਇਹ, ਕਿ ਤਾਰਾ ਦੀਦੀ ਮੰਜੀ 'ਤੇ ਪੈ ਗਏ। ਚੱਕਰ ਉਹਨਾਂ ਨੂੰ ਅੱਗੇ ਹੀ ਆ ਰਹੇ ਸਨ। ਚਾਰ ਪੰਜ ਦਿਨਾਂ ਤੋਂ ਉਲਟੀਆਂ ਵੀ ਹੋ ਰਹੀਆਂ ਸਨ। ਤਾਰਾ ਦੀਦੀ ਦਾ ਸ਼ੱਕ ਡਾਕਟਰ ਨੇ ਪੱਕਾ ਕਰ ਦਿਤਾ ਕਿ ਉਹ ਮਾਂ ਬਣਨ ਵਾਲੇ ਸਨ।

ਤਾਰਾ ਦੀਦੀ ਸੋਚ ਸੋਚ ਕੇ ਹੈਰਾਨ ਹੋ ਰਹੇ ਸਨ ਕਿ ਮੁਸੀਬਤਾਂ ਵੀ ਕਿਸ ਤਰ੍ਹਾਂ ਸਾਜ਼ਸ਼ ਕਰ ਕੇ ਇਕੱਠੀਆਂ ਆਉਂਦੀਆਂ ਨੇ!

ਪੰਦਰਾਂ ਵੀਹ ਦਿਨ ਗੁਜ਼ਰੇ, ਤੇ ਇੰਦਰ ਆਇਆ। ਖ਼ਾਲੀ ਖ਼ਾਲੀ ਅੱਖਾਂ ਨਾਲ ਤਾਰਾ ਦੀਦੀ ਉਹਦੇ ਮੂੰਹ ਵਲ ਵੇਖਦੇ ਰਹੇ। ਪਰ ਇੰਦਰ ਨੇ ਤਾਰਾ ਦੀਦੀ ਦੇ ਕਦਮਾਂ 'ਤੇ ਸਿਰ ਰਖ ਦਿਤਾ, ਤੇ ਫੁੱਟ ਫੁੱਟ ਕੇ ਰੋਣ ਲਗ ਪਿਆ। ਉਹਦੇ ਅੱਥਰੂਆਂ ਨਾਲ — ਜਿਵੇਂ ਕਿ ਹੋਇਆ ਕਰਦਾ ਏ — ਤਾਰਾ ਦੀਦੀ ਦਾ ਦਿਲ ਪਿਘਲ ਗਿਆ।

"ਤਾਰੀ, ਮੈਂ ਤੇਰਾ ਵਾਂ, ਸਿਰਫ਼ ਤੇਰਾ! ਹਮੇਸ਼ਾ ਤੇਰਾ! ਉਹ ਤੇ ਦੁਨਿਆਵੀ ਰਿਸ਼ਤਾ ਏ — ਲੋਕਾਂ ਦਾ ਜੋੜਿਆ ਹੋਇਆ ਰਿਸ਼ਤਾ! ਤੇਰਾ ਮੇਰਾ ਰਿਸ਼ਤਾ ਤੇ ਜਨਮ-ਜਨਮਾਂਤਰਾਂ ਦਾ ਰਿਸ਼ਤਾ ਏ। ਬਸ, ਹੁਣ ਮੇਰਾ ਵੱਖਰਾ ਘਰ ਹੋਵੇਗਾ। ਸਵਿਤ੍ਰੀ ਨੂੰ ਸਮਝਾਵਾਂਗਾ; ਨਾ ਸਮਝੀ ਤੇ ਧਮਕਾਵਾਂਗਾ। ਤੇ ਬਸ, ਤੈਨੂੰ ਹੁਣ ਮੈਂ ਘਰ ਲੈ ਜਾਣਾ ਏ। ਤੂੰ ਰਾਣੀ ਬਣ ਕੇ ਰਹੀਂ।"

ਤੇ ਜਿਸ ਤਰ੍ਹਾਂ ਦਸਤੂਰ ਏ, ਤਾਰਾ ਦੀਦੀ ਚੁੱਪ ਕਰ ਗਏ।

ਪਰ ਜਦੋਂ ਇੰਦਰ ਨੂੰ ਪਤਾ ਲਗਾ ਕਿ ਤਾਰਾ ਦੀਦੀ ਮਾਂ ਬਣਨ ਵਾਲੇ ਸਨ, ਤਾਂ ਉਹ ਘਬਰਾ ਗਿਆ, "ਨਹੀਂ ਤਾਰੀ, ਹਾਲੀ ਨਹੀਂ। ਇਹਨੂੰ ਅਸੀਂ ਉਦੋਂ ਬੁਲਾਵਾਂਗੇ, ਜਦੋਂ ਤੂੰ ਤੇ ਮੈਂ ਇਕੋ ਘਰ ਵਿਚ ਰਹਾਂਗੇ। ਹੁਣ ਏਸ ਹਾਲਤ ਵਿਚ ਤੂੰ 'ਕੱਲੀ ਕਿੰਜ ਰਹੇਂਗੀ? ਨਾ ਮੈਂ ਤੈਨੂੰ ਏਥੇ ਛੱਡਣ ਜੋਗਾ, ਨਾ ਨਾਲ ਲਿਜਾਣ ਜੋਗਾ। ਨਾ, ਅਜੇ ਨਹੀਂ।"

ਤੇ ਤਾਰਾ ਦੀਦੀ ਮੰਨ ਗਏ। ਇੰਦਰ ਉਹਨਾਂ ਨੂੰ ਇਕ ਡਾਕਟਰ ਕੋਲ ਲੈ ਗਿਆ, ਤੇ ਇੰਜ ਆਉਣ ਵਾਲੇ ਦਾ ਆਉਣਾ ਜ਼ਬਰਦਸਤੀ ਰੋਕ ਦਿਤਾ ਗਿਆ।

ਇਸ ਗੱਲ ਨੂੰ ਗਿਆਰਾਂ ਵਰ੍ਹੇ ਗੁਜ਼ਰ ਗਏ ਨੇ, ਤੇ ਤਾਰਾ ਦੀਦੀ ਅਜੇ ਵੀ ਉਸ ਦਿਨ ਦਾ ਇੰਤਜਾਰ ਕਰ ਰਹੇ ਨੇ ਜਦੋਂ ਇੰਦਰ ਉਹਨਾਂ ਨੂੰ ਆਪਣੇ ਘਰ ਲੈ ਜਾਏਗਾ, ਜਿਹਦੇ ਵਿਚ ਤਾਰਾ ਦੀਦੀ ਰਾਣੀ ਬਣ ਕੇ ਰਹਿਣਗੇ। ਤੇ ਉਸ ਘਰ ਵਿਚ ਇਕ ਪੰਘੂੜਾ ਹੋਏਗਾ, ਜਿਹਦੀਆਂ ਬਾਹੀਆਂ ਨਾਲ ਰੰਗ ਬਰੰਗੇ ਛਣਕਣੇ ਤਾਰਾ ਦੀਦੀ ਬੰਨ੍ਹ ਦੇਣਗੇ।

ਪਰ ਜਿਉਂ ਜਿਉਂ ਵਕਤ ਗੁਜ਼ਰਦਾ ਏ, ਇਹ ਖ਼ਾਬ ਦੂਰ ਹੀ ਦੂਰ ਸਰਕਦਾ ਜਾ ਰਿਹਾ ਏ। ਇੰਦਰ ਕਾਮਯਾਬੀ ਦੀਆਂ ਮੰਜ਼ਲਾਂ ਤੈਅ ਕਰਦਾ ਕਰਦਾ ਕਿੰਨੀ ਦੂਰ ਪਹੁੰਚ ਗਿਆ ਏ, ਤੇ ਤਾਰਾ ਦੀਦੀ ਉਹਨੂੰ ਦੂਰੋਂ ਤੱਕ ਰਹੇ ਨੇ। ਇੰਦਰ ਆਪਣੇ ਸੂਬੇ ਦਾ ਐਜੂਕੇਸ਼ਨ ਮਿਨਿਸਟਰ ਬਣ ਗਿਆ ਏ।

ਤਾਰਾ ਦੀਦੀ ਨੇ ਚੌਦਾਂ ਸਾਲ ਪਹਿਲਾਂ ਇਕ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ; ਅੱਜ ਵੀ ਉਹ ਇਕ ਸਕੂਲ ਵਿਚ ਪੜ੍ਹਾ ਰਹੇ ਨੇ।

ਮੈਂ ਹਜ਼ਾਰ ਵਾਰ ਤਾਰਾ ਦੀਦੀ ਨੂੰ ਕਹਿ ਚੁੱਕੀ ਆਂ — ਮਿੰਨਤ ਨਾਲ, ਤਰਲੇ ਨਾਲ, ਝਗੜੇ ਨਾਲ — "ਤਾਰਾ ਦੀਦੀ, ਤੁਸੀਂ ਕਿੰਜ ਆਪਣੀ ਜ਼ਿੰਦਗੀ ਰਾਖ ਕਰ ਲਈ! ਇੰਜ ਵੀ ਕਦੇ ਉਮਰਾਂ ਗੁਜ਼ਰਦੀਆਂ ਨੇ? ਵਿਆਹ ਕਰ ਲਵੋ ਤੁਸੀਂ।"

ਤੇ ਤਾਰਾ ਦੀਦੀ ਬੇਹੱਦ ਨਾਰਾਜ਼ ਹੋ ਉਠਦੇ, ਜਿਵੇਂ ਮੈਂ ਉਹਨਾਂ ਨੂੰ ਕੋਈ ਨਿਹਾਇਤ ਬੇਹੂਦਾ ਗਾਲ੍ਹ ਕੱਢ ਦਿਤੀ ਹੋਵੇ। "ਜੀਤ, ਕੀ ਫ਼ਜ਼ੂਲ ਗੱਲਾਂ ਕਰਨੀ ਏਂ ਤੂੰ ਵੀ! ਇਕ ਖ਼ਾਵੰਦ ਦੇ ਜੀਊਂਦਿਆਂ...? ਤੇ ਫੇਰ ਇਕ ਵਿਆਹੁਤਾ ਔਰਤ ਵਿਚ ਤੇ ਇਕ ਬਾਜ਼ਾਰੀ ਤੀਵੀਂ ਵਿਚ ਫ਼ਰਕ ਹੀ ਕੀ ਹੋਇਆ?"

ਤੇ ਮੈਂ ਸੋਚਦੀ, ਇੰਜ ਦੀ ਮੁਹੱਬਤ ਵੀ ਮੁਮਕਿਨ ਹੁੰਦੀ ਏ?

ਮੇਰੀਆਂ ਨਜ਼ਰਾਂ ਝੁਕ ਜਾਂਦੀਆਂ।

ਕੌਫ਼ੀ ਪੀਂਦਿਆਂ ਮੈਨੂੰ ਲਗਾ ਕਿ ਚੁਪ ਇਕ ਠੋਸ ਭਾਰ ਵਾਂਗੂੰ ਮੇਰੇ ਜਿਸਮ 'ਤੇ ਜੰਮਦੀ ਜਾ ਰਹੀ ਏ।

"ਤਾਰਾ ਦੀਦੀ, ਕੋਈ ਇੰਦਰ ਭਰਾ ਜੀ ਦਾ ਖ਼ਤ ਆਇਆ?" — ਮੈਂ ਸਿਰਫ਼ ਗੱਲ ਕਰਨ ਲਈ ਕਿਹਾ।



"ਨਹੀਂ, ਆਪ ਆਏ ਸਨ ਪਿਛਲੇ ਮਹੀਨੇ — ਦੋ ਦਿਨ ਰਹੇ ਸਨ," ਤਾਰਾ ਦੀਦੀ ਦੀ ਆਵਾਜ਼ ਵਿਚ ਕੋਈ ਹੁਲਾਸ ਨਹੀਂ ਸੀ।

"ਕੁਝ ਕਿਹਾ?"

"ਕੁਝ ਨਹੀਂ।"

ਕੁਝ ਮਿੰਟ ਗੁਜ਼ਰ ਗਏ।

"ਜੀਤ, ਹੁਣ ਤੇ ਮੈਂ ਸੋਚਨੀ ਆਂ, ਮੈਨੂੰ ਇਕ ਵਾਰੀ ਉਹ ਘਰ ਲੈ ਜਾਣ, ਸਾਰਿਆਂ ਨੂੰ ਦਸ ਦੇਣ ਕਿ ਮੈਂ ਉਹਨਾਂ ਦੀ ਬੀਵੀ ਆਂ, ਲੋਕਾਂ ਨੂੰ ਪਤਾ ਲਗ ਜਾਏ ਕਿ ਮੈਂ ਮਿਸਿਜ਼ ਇੰਦਰ ਸਿਰੀਵਾਸਤਵ ਆਂ, ਬੱਸ। ਫੇਰ ਭਾਵੇਂ ਮੈਂ ਵਾਪਸ ਦਿੱਲੀ ਆ ਜਾਵਾਂਗੀ," ਤਾਰਾ ਦੀਦੀ ਨੇ ਬਹੁਤ ਥੱਕੀ ਹੋਈ ਆਵਾਜ਼ ਵਿਚ ਕਿਹਾ।

ਮੈਨੂੰ ਲਗਾ, ਇਸ ਗੱਲ ਦੀ ਕਿਧਰੇ ਕੋਈ ਕੜੀ ਹੈ, ਜਿਹੜੀ ਮੇਰੀ ਪਕੜ ਵਿਚੋਂ ਖਿਸਕ ਗਈ ਏ।

"ਪਰ...ਤੁਹਾਨੂੰ ਏਸ ਗੱਲ ਨਾਲ ਕੀ ਮਿਲੇਗਾ ਦੀਦੀ? ਬਾਕੀ ਸਾਲ ਫੇਰ 'ਕੱਲਿਆਂ ਰਹਿਣਾ ਏ — ਤੇ ਜਾਣ ਦਾ ਫ਼ਾਇਦਾ ਹੀ ਕੀ?"

"ਨਹੀਂ ਜੀਤ, 'ਕੱਲਿਆਂ ਰਹਿਣ ਦੀ ਤੇ ਹੁਣ ਆਦਤ ਹੋ ਗਈ ਏ। ਅਸਲ ਵਿਚ ਹੁਣ ਮੇਰੇ ਕੋਲੋਂ ਸਕੂਲ ਦੀ ਨੌਕਰੀ ਨਹੀਂ ਹੁੰਦੀ। ਸੋਚਦੀ ਹਾਂ, ਉਹ ਐਡੇ ਵਡੇ ਮਨਿਸਟਰ ਨੇ, ਨਾਲੇ ਫੇਰ ਐਜੂਕੇਸ਼ਨ ਮਨਿਸਟਰ। ਉਹਨਾਂ ਦੇ ਰਸੂਖ਼ ਨਾਲ ਦਿੱਲੀ ਇਕ ਸਕੂਲ ਲਈ ਜ਼ਮੀਨ ਮਿਲ ਜਾਏ, ਤੇ ਥੋੜ੍ਹਾ ਜਿਹਾ ਪੈਸਾ ਮਿਲ ਜਾਏ ਸਰਕਾਰ ਵਲੋਂ, ਸਕੂਲ ਦੀ ਬਿਲਡਿੰਗ ਲਈ। ਤੇ ਬਸ, ਆਪਣਾ ਇਕ ਸਕੂਲ ਖੋਲ੍ਹ ਲਵਾਂ! ਪਰ ਇੰਜ ਮੈਨੂੰ ਕੌਣ ਜਾਣਦਾ ਏ? ਕੋਈ ਗੱਲ ਹੀ ਨਹੀਂ ਸੁਣਦਾ। ਇਕ ਵਾਰੀ ਇੰਦਰ ਜੀ ਲੈ ਜਾਣ, ਫੇਰ ਮੈਂ ਮਿਸਿਜ਼ ਇੰਦਰ ਸਿਰੀਵਾਸਤਵ ਹੋਵਾਂਗੀ। ਕਿਸੇ ਨੂੰ ਰੋਹਬ ਨਾਲ ਮਿਲਾਂਗੀ, ਕੁਝ ਕਰਾਂਗੀ। ਨਾਲੇ ਉਹ ਵੀ ਸਿੱਧੀ ਤਰ੍ਹਾਂ ਮੇਰੀ ਸਿਫ਼ਾਰਿਸ਼ ਕਿਤੇ ਕਰ ਸਕਣਗੇ..."

ਤਾਰਾ ਦੀਦੀ ਆਪਣਾ ਪਲੈਨ ਮੈਨੂੰ ਦੱਸ ਰਹੇ ਸਨ, ਤੇ ਮੈਂ ਹੈਰਾਨ ਬਿਟ ਬਿਟ ਉਹਨਾਂ ਦੇ ਮੂੰਹ ਵਲ ਤਕ ਰਹੀ ਸਾਂ।

ਮੈਨੂੰ ਤਾਰਾ ਦੀਦੀ ਇਕ ਬਾਣੀਏ ਵਾਂਗੂੰ ਲਗੇ; ਮੈਲੀ ਥਿੰਧੀ ਵਹੀ ਖੋਹਲ ਕੇ — ਜਿਹੜੀ ਕਿਸੇ ਜ਼ਮਾਨੇ ਵਿਚ ਸ਼ਾਇਦ ਲਾਲ ਹੋਵੇਗੀ — ਹਿਸਾਬ-ਕਿਤਾਬ ਕਰ ਰਹੇ ਸਨ।

ਅਚਾਨਕ ਇਕ ਅੱਥਰੂ ਮੇਰੇ ਸੰਘ ਵਿਚ ਆ ਖਲੋਤਾ। ਮੈਨੂੰ ਲਗਾ, ਤਾਰਾ ਦੀਦੀ ਬੇਹੱਦ ਥੱਕ ਗਏ ਸਨ, ਨਿਢਾਲ ਹੋ ਗਏ ਸਨ।

## ਸਾਵੀਆਂ ਚਿੜੀਆਂ

ਕੱਤਕ ਦਾ ਮਹੀਨਾ ਸੀ। ਸਾਰਾ ਦਿਨ ਕਰਾਰੀ, ਤਿੱਖੀ ਧੁੱਪ ਲਿਸ਼ਕਦੀ। ਸਾਫ਼, ਤੇ ਗਰਮ। ਚਿਲਕੋਰ ਸਹਾਰੀ ਨਾ ਜਾਂਦੀ।

ਕਾਲੀਆਂ ਐਨਕਾਂ ਪਾ ਕੇ ਵੀ ਜੇ ਉਹ ਬਾਹਰ ਨਿਕਲਦਾ ਤਾਂ ਘੰਟੇ, ਦੋਂਹ ਘੰਟਿਆਂ ਵਿਚ ਹੀ ਉਹਦਾ ਸਿਰ ਦੁਖਣ ਲਗਦਾ। ਅੱਖਾਂ ਥੱਕ ਜਾਂਦੀਆਂ। ਤੇ ਉਹ ਵਾਪਸ ਆ ਕੇ ਆਪਣੇ ਕਮਰੇ ਦੇ ਹਨੇਰੇ ਵਿਚ ਡੁੱਬ ਜਾਂਦਾ।

... ... ...

ਕੋਈ ਛੇ ਸੱਤ ਵਰ੍ਹਿਆਂ ਮਗਰੋਂ ਉਹ ਵਾਪਸ ਮੁੜਿਆ ਸੀ। ਵਾਪਸ, ਘਰ। ਏਨੇ, ਵਰ੍ਹੇ ਜਦੋਂ ਉਹ ਗ਼ੈਰ-ਹਾਜ਼ਿਰ ਰਿਹਾ ਸੀ, ਬਾਹਰ, ਪਰਦੇਸ, ਜ਼ਿੰਦਗੀ ਇਕ ਬੱਝੀ ਹੋਈ ਲੈਅ 'ਤੇ ਤੁਰਦੀ ਰਹੀ ਸੀ। ਰੋਜ਼ ਸਵੇਰੇ ਜਾਗਣਾ, ਬਿਨਾ ਨਹਾਏ, ਸ਼ੇਵ ਕਰ ਕੇ, ਮੂੰਹ ਹੱਥ ਧੋ ਕੇ, ਘੜੀ ਵੇਖਦਿਆਂ ਵੇਖਦਿਆਂ ਕੱਪੜੇ ਬਦਲਣੇ। ਦੌੜਨਾ। ਅੰਡਰਗਰਾਊਂਡ ਫੜਨੀ। ਕੰਮ 'ਤੇ ਪਹੁੰਚਣਾ। ਸੈਂਡਵਿਚਿਜ਼, ਕੌਫ਼ੀ। ਸ਼ਾਮ ਨੂੰ ਵਾਪਸ।

ਕਦੇ ਪੱਬ। ਦੋਸਤ। ਨਸ਼ੇ ਵਿਚ ਘੁਲੀਆਂ ਗੱਪਾਂ। ਤੇ ਫੇਰ ਵਾਪਸੀ। ਗੈਸ ਦੇ ਚੁਲ੍ਹੇ 'ਤੇ ਝਟ ਪਟ ਗਰਮ ਕੀਤੇ ਬੀਨਜ਼, ਅੰਡਿਆਂ ਦੀ ਭੁਰਜੀ, ਡਬਲਰੋਟੀ। ਬਿਸਤਰਾ।

ਸਿਰਫ਼ ਸਨੀਚਰ ਤੇ ਐਤਵਾਰ ਵੱਖਰੇ ਹੁੰਦੇ। ਇਹ ਦੋਵੇਂ ਦਿਨ ਸਵੇਰੇ ਤੜਕੇ ਘੜੀ ਦਾ ਅਲਾਰਮ ਚੁੱਪ ਰਹਿੰਦਾ। ਅਲਾਰਮ 'ਤੇ ਆਉਣ ਵਾਲੀ ਨਪੁੰਸਕ ਖਿੱਝ ਵੀ ਆਰਾਮ ਕਰਦੀ। ਦੇਰ ਨਾਲ ਸੁੱਤਾ ਜਾਂਦਾ। ਸੈਰ ਕੀਤੀ ਜਾਂਦੀ। ਐਮਾ ਨੂੰ ਮਿਲਿਆ ਜਾਂਦਾ।

ਐਤਵਾਰ ਦੁਪਹਿਰੇ ਚਿਕਨ ਤੇ ਮਾਂਹ ਦੀ ਦਾਲ ਬਣਦੀ। ਹਰੀਆਂ ਮਿਰਚਾਂ ਤੇ ਅਧਰਕ ਦੇ ਤੜਕੇ ਵਾਲੀ। ਰਸੋਈ ਦਾ ਪਿਛਲਾ ਦਰਵਾਜ਼ਾ ਬੰਦ ਕਰ ਕੇ, ਤਾਕਿ ਗੁਆਂਢੀਆਂ ਦੇ ਘਰ ਹਵਾੜ ਨਾ ਜਾਵੇ। ਸ਼ਾਪਿੰਗ ਹੁੰਦੀ। ਹਫ਼ਤੇ ਭਰ ਦਾ ਰਾਸ਼ਨ ਖ਼ਰੀਦਿਆ ਜਾਂਦਾ। ਮਲ ਮਲ ਕੇ ਨਹਾਇਆ ਜਾਂਦਾ। ਕੱਪੜੇ ਧੋਤੇ ਜਾਂਦੇ। ਘਰ ਦੀ ਸਫ਼ਾਈ ਕੀਤੀ ਜਾਂਦੀ। ਟੈਲੀਵੀਯਨ ਵੇਖਿਆ ਜਾਂਦਾ, ਤੇ ਟੇਪ ਸੁਣੇ ਜਾਂਦੇ।

ਸਨੀਚਰ ਦੀ ਦੁਪਹਿਰ ਤੋਂ ਐਤਵਾਰ ਦੀ ਸ਼ਾਮ ਤੱਕ ਐਮਾ ਉਹਦੇ ਨਾਲ ਰਹਿੰਦੀ। ਉਹਦੇ ਫ਼ਲੈਟ ਵਿਚ। ਐਤਵਾਰ ਸ਼ਾਮ ਨੂੰ ਉਹ ਆਪਣੇ ਘਰ ਤੁਰ ਜਾਂਦੀ।



ਉਹਦੇ ਫ਼ਲੈਟ ਵਿਚ ਸਿਰਫ਼ ਐਮਾ ਦਾ ਟੁੱਥ-ਬ੍ਰਸ਼, ਨਾਈਟੀ, ਤੇ ਤੌਲੀਆ ਰਹਿ ਜਾਂਦੇ। ਤੌਲੀਆ ਅਗਲੇ ਦੋ ਕੁ ਦਿਨ ਗ਼ੁਸਲਖ਼ਾਨੇ ਦੇ ਰਾਡ 'ਤੇ ਪਿਆ ਸੁੱਕਦਾ ਰਹਿੰਦਾ।

... ... ...

ਸੱਤਾਂ ਵਰ੍ਹਿਆਂ ਮਗਰੋਂ ਅਚਾਨਕ ਉਹ ਇਕਦਮ ਖ਼ਾਲੀ ਹੋ ਗਿਆ ਸੀ। ਸਾਰੇ ਕੰਮਾਂ ਤੇ ਸਾਰੇ ਫ਼ਿਕਰਾਂ ਤੋਂ ਖ਼ਾਲੀ। ਸਾਰੇ ਦਿਨ ਹੀ ਸਨੀਚਰ ਤੇ ਐਤ ਸਨ, ਬੱਸ। ਸਨੀਚਰਾਂ ਤੇ ਐਤਵਾਰਾਂ ਦੀ ਭੀੜ ਵਿਚ ਘਿਰਿਆ ਉਹ ਬਿਲਕੁਲ ਵਿਹਲਾ ਸੀ।

ਕਰਨ ਜੋਗਾ ਕੁਝ ਵੀ ਨਹੀਂ ਸੀ। ਸਵੇਰੇ ਦੇਰ ਤੱਕ ਉਹ ਸੁੱਤਾ ਰਹਿੰਦਾ। ਉਹਦਾ ਕਮਰਾ ਉਤੇ ਸੀ, ਕੋਠੇ 'ਤੇ। ਬਰਸਾਤੀ। ਨਿੱਕਿਆਂ ਹੁੰਦਿਆਂ ਤੋਂ ਹੀ ਇਹੀ ਕਮਰਾ ਸੀ ਉਹਦਾ। ਜਦੋਂ ਬਹੁਤ ਛੋਟਾ ਸੀ, ਤਾਂ ਉਹਦੇ ਵਿਚ ਸਿਰਫ਼ ਪੜ੍ਹਿਆ ਕਰਦਾ ਸੀ। ਮਗਰੋਂ ਉਹ ਆਪਣੇ ਪੜ੍ਹਨ ਵਾਲੇ ਕਮਰੇ ਵਿਚ ਹੀ ਸੌਣ ਲਗ ਪਿਆ ਸੀ।

ਗਰਮੀਆਂ ਦੀ ਰੁੱਤੇ ਸਾਰਾ ਟੱਬਰ ਉਤੇ ਹੀ ਸੌਂਦਾ ਸੀ, ਖੁਲ੍ਹੀ ਛੱਤ 'ਤੇ। ਸਿਆਲ ਵਿਚ ਹੇਠਾਂ, ਕਮਰਿਆਂ ਵਿਚ। ਉਹ ਹਮੇਸ਼ਾ ਆਪਣੀ ਮਾਂ ਨਾਲ ਸੌਂਦਾ। ਉਹ, ਤੇ ਉਹਦੀ ਛੋਟੀ ਭੈਣ ਅਸ਼ੂ। ਬਾਊ ਜੀ ਵੱਖਰੇ ਕਮਰੇ ਵਿਚ ਸੌਂਦੇ।

ਬੀਜੀ ਨੇ ਪਨੀਰ ਨਾਲ ਭਰ ਕੇ ਬਣਾਇਆ ਪਰੌਂਠਾ ਤੇ ਦੁੱਧ ਦਾ ਗਲਾਸ ਉਹਦੇ ਸਾਹਮਣੇ ਮੇਜ਼ 'ਤੇ ਰੱਖ ਦਿਤਾ। ਤੇ ਆਪ ਵੀ ਦੂਜੀ ਕੁਰਸੀ 'ਤੇ ਕੋਲ ਹੀ ਬਹਿ ਗਏ।

ਲਗਦਾ ਸੀ, ਉਹ ਕੋਈ ਗੱਲ ਕਰਨਾ ਚਾਹੁੰਦੇ ਨੇ, ਪਰ ਅਹੁੜ ਨਹੀਂ ਰਿਹਾ ਕਿ ਕਿਸ ਤਰ੍ਹਾਂ ਆਖਣ।

ਪਰੌਂਠੇ ਦੀ ਗਰਾਹੀ ਤੋੜਦਿਆਂ ਉਹਨੂੰ ਲਗਾ, ਉਹਦੀਆਂ ਉਂਗਲਾਂ ਵਿਚ ਲਚਕ ਘਟ ਗਈ ਸੀ।

"ਤੁਹਾਡਾ ਪਰੌਂਠਾ?" — ਉਹ ਹਿਚਕਿਚਾਹਟ ਮਿਟਾਉਣ ਲਈ ਬੋਲਿਆ।

"ਮੈਂ ਤੇ ਪਰੌਂਠਾ ਖਾ ਹੀ ਨਹੀਂ ਸਕਦੀ ਹੁਣ। ਗੈਸ..." — ਬੀਜੀ ਆਹਿਸਤਾ ਜਿਹੇ ਬੋਲੇ। ਝਕਦੇ ਹੋਏ।

ਆਪਣੇ ਚਿਰਾਂ ਮਗਰੋਂ ਪਰਦੇਸੋਂ ਮੁੜੇ ਪੁੱਤਰ ਨਾਲ ਗੱਲ ਕਰਨ ਲਗਿਆਂ ਉਹਨਾਂ ਨੂੰ ਹਿਚਕਿਚਾਹਟ ਹੋ ਰਹੀ ਸੀ। ਝਕ ਰਹੇ ਸਨ।

ਉਹ ਸੋਚਣ ਲਗਾ — ਇਹ ਕੀ ਏ ਜਿਹੜਾ ਵਿਚਕਾਰ ਆ ਕੇ ਖੜੋ ਗਿਆ ਏ? ਇਹ ਅਜੀਬ ਜਿਹਾ ਅਜਨਬੀਪਣ!

ਇਹ ਸ਼ਾਇਦ ਸੱਤਾਂ ਵਰ੍ਹਿਆਂ ਦਾ ਫ਼ਾਸਲਾ ਸੀ, ਜਿਹੜਾ ਵਿਚਕਾਰ ਖੜੋਤਾ ਸੀ।

ਤੇ ਸੱਤਾਂ ਵਰ੍ਹਿਆਂ ਨੂੰ ਉਹਨਾਂ ਵਖੋ ਵੱਖਰੀ ਤਰ੍ਹਾਂ, ਵਖ ਵੱਖਰੀਆਂ ਜਦੋ-ਜਿਹਦਾਂ ਵਿਚੋਂ ਗੁਜ਼ਰਦਿਆਂ, ਬਿਤਾਇਆ ਸੀ — ਉਹਨੇ ਵੀ ਤੇ ਬੀਜੀ ਨੇ ਵੀ। ਸਿਰਫ਼ ਬੀਜੀ ਤੇ ਉਹ ਹੀ ਕਿਉਂ? ਸਭ ਨੇ। ਬਾਊ ਜੀ ਨੇ, ਕਮਲ ਨੇ, ਅਸ਼ੂ ਨੇ।

ਅਸ਼ੂ ਦੇ ਵਿਆਹ 'ਤੇ ਆਉਣ ਲਈ ਕਿੰਨੇ ਤਰਲੇ ਪਾਏ ਸਨ ਘਰ ਦਿਆਂ ਨੇ।

ਅਸ਼ੂ ਨੇ ਕਿਸ ਤਰ੍ਹਾਂ ਹਾੜੇ ਕਢ ਕਢ ਕੇ ਚਿੱਠੀਆਂ ਲਿਖੀਆਂ ਸਨ। ਪਰ ਉਹ ਨਹੀਂ ਸੀ ਆ ਸਕਿਆ। ਡਾਕਟਰੀ ਦੀ ਪੜ੍ਹਾਈ ਸੀ। ਫ਼ੀਸਾਂ ਭਰਨ ਲਈ ਉਦੋਂ ਤਾਂ ਉਹ ਰੋਜ਼ਾਨਾ ਤਿੰਨ ਘੰਟੇ ਨੌਕਰੀ ਵੀ ਕਰਿਆ ਕਰਦਾ ਸੀ — ਲਾਇਬਰੇਰੀ ਵਿਚ। ਇਹ ਤਾਂ ਮਗਰੋਂ ਉਹਨੂੰ ਸਕਾਲਰਸ਼ਿਪ ਮਿਲਣ ਲਗ ਪਿਆ ਸੀ, ਤੇ ਨੌਕਰੀ ਦੀ ਲੋੜ ਨਹੀਂ ਸੀ ਰਹੀ। ਸਕਾਲਰਸ਼ਿਪ ਪਹਿਲਾਂ ਵੀ ਮਿਲਦਾ ਸੀ — ਸ਼ੁਰੂ ਵਿਚ। ਤੇ ਫੇਰ ਮਗਰੋਂ ਵੀ। ਪਰ ਉਹ ਵਿਚਕਾਰਲੇ ਦੋ ਕੁ ਸਾਲ ਬਹੁਤ ਔਖੇ ਸਨ। ਸਕਾਲਰਸ਼ਿਪ ਨਹੀਂ ਸੀ। ਸਾਰਾ ਦਿਨ ਹੱਡ-ਤੋੜਵੀਂ ਪੜ੍ਹਾਈ, ਪਰੈਕਟੀਕਲ ਡਾਈਸੈੱਕਸ਼ਨਜ਼। ਸ਼ਾਮ ਨੂੰ ਤਿੰਨ ਘੰਟੇ ਲਾਇਬਰੇਰੀ ਵਿਚ ਖੜੀ ਲੱਤ। ਲਗਦਾ ਸੀ, ਜ਼ਿੰਦਗੀ ਇਕ ਲੰਮੀ ਥਕਾਵਟ ਦਾ ਨਾਂ ਏ — ਥਕਾਵਟ ਤੇ ਹਫ਼ੜਾ-ਦਫ਼ੜੀ। ਘੜੀ ਦੀਆਂ ਸੂਈਆਂ ਦੇ ਨਾਲ ਜ਼ਿੰਦਗੀ ਦੀਆਂ ਸਾਰੀਆਂ ਤਾਰਾਂ ਬੱਝ ਗਈਆਂ ਸਨ। ਪਰ ਘੜੀ ਹਮੇਸ਼ਾ ਉਹਦੇ ਨਾਲੋਂ ਬਹੁਤੀ ਤੇਜ਼ ਦੌੜਦੀ ਸੀ।

ਨਹੀਂ, ਉਹ ਨਹੀਂ ਸੀ ਆ ਸਕਿਆ ਅਸ਼ੂ ਦੇ ਵਿਆਹ ਵਿਚ।

ਤੇ ਉਸ ਤੋਂ ਮਗਰੋਂ, ਪਤਾ ਵੀ ਨਹੀਂ ਲਗਿਆ ਕਿ ਕਿਸ ਤਰ੍ਹਾਂ, ਘਰ ਦੇ ਲੋਕਾਂ ਦੀਆਂ ਚਿੱਠੀਆਂ ਬਹੁਤ ਸਾਰੀ ਠੰਢ ਨਾਲ ਤੇ ਫ਼ਾਸਲੇ ਨਾਲ ਭਰ ਗਈਆਂ ਸਨ।

ਤੇ ਸੱਤਾਂ ਸਾਲਾਂ ਦੇ ਪਰਲੇ ਪਾਰੋਂ ਉਹ ਅੱਜ ਮੁੜ ਕੇ ਆਪਣੀ ਪੁਰਾਣੀ ਜ਼ਿੰਦਗੀ ਨੂੰ ਤੱਕ ਰਿਹਾ ਸੀ। ਫ਼ਾਸਲੇ ਨੇ ਕਈ ਕੁਝ ਧੁੰਦਲਾ ਕਰ ਦਿਤਾ ਸੀ।

ਪਰ ਅਜੇ ਵੀ ਕਿੰਨਾ ਹੀ ਕੁਝ ਸੀ ਜਿਹੜਾ ਏਨੀ ਨੇੜਿਓਂ ਤੱਕਿਆਂ ਟੁੱਟੇ ਕੱਚ ਦੇ ਟੁਕੜਿਆਂ ਵਾਂਗੂ ਜ਼ਿਹਨ ਵਿਚ ਤੇ ਕਲੇਜੇ ਵਿਚ ਖੁੱਭਦਾ ਚਲਾ ਜਾਂਦਾ ਸੀ।

... ... ...

ਪਰੌਂਠੇ ਦੀ ਗਰਾਹੀ ਤੋੜਦਿਆਂ ਉਹਨੂੰ ਪਤਾ ਨਹੀਂ ਕਿਉਂ ਕੋਫ਼ਤ ਹੋ ਰਹੀ ਏ। ਜਿਵੇਂ ਉਹ ਚਿੱਟੇ ਚਾਨਣੇ ਵਿਚ ਕੋਈ ਚੋਰੀ ਕਰ ਰਿਹਾ ਹੋਵੇ। ਉਹਨੂੰ ਆਪਣੀ ਸੋਚ 'ਤੇ ਆਪ ਹੀ ਹੈਰਾਨੀ ਹੋ ਰਹੀ ਏ।

— ਅਰੇ, ਇਹ ਤੇਰੀ ਮਾਂ ਏ। ਤੇਰੇ ਨਾਲ ਵਾਲੀ ਕੁਰਸੀ 'ਤੇ ਬੈਠੀ ਹੋਈ। ਉਦਾਸ, ਪਰ ਸਭ ਕੁਝ ਸਹਿ ਲੈਣ ਵਾਲੀਆਂ ਨਜ਼ਰਾਂ ਨਾਲ ਤੇਰੇ ਵੱਲ ਵੇਖਦੀ। ਓਹੀ ਮਾਂ, ਜਿਹਦੇ ਨਾਲ ਤੂੰ ਲੜਿਆ ਕਰਦਾ ਸੀ, ਚਾਰ ਆਨੇ ਜਾਂ ਅੱਠ ਆਨੇ ਲੈਣ ਲਈ, ਨਵੀਆਂ ਜਰਾਬਾਂ ਲਈ, ਨਵੀਂ ਕਲਮ ਵਾਸਤੇ। ਜਿਹੜੀ ਤੇਰੇ ਕੰਨਾਂ ਨੂੰ ਉਲਟਾ ਕੇ ਵੇਖਦੀ ਹੁੰਦੀ ਸੀ ਕਿ ਤੂੰ ਨਹਾਉਣ ਲਗਿਆਂ ਠੀਕ ਤਰ੍ਹਾਂ ਮਲ ਕੇ ਮੈਲ ਲਾਹੀ ਏ ਕਿ ਨਹੀਂ। ਜਿਹੜੀ ਤੇਰੇ ਕੰਨ ਮਰੋੜ ਵੀ ਦੇਂਦੀ ਸੀ, ਤੇ ਠੁਕਾਈ ਵੀ ਕਰਦੀ ਸੀ — ਤੇ ਕਦੇ ਬੁੱਕਲ ਵਿਚ ਲੁਕਾ ਕੇ ਬਾਊ ਜੀ ਦੀ ਮਾਰ ਤੋਂ ਬਚਾ ਵੀ ਲੈਂਦੀ ਸੀ।

— ਇਹ ਉਹੀ ਮਾਂ ਏ ਜਿਹਦੇ ਬਿਸਤਰੇ ਵਿਚ ਪੋਲੀ ਪੈਰੀਂ ਜਾ ਕੇ ਤੂੰ ਦੁਬਕ ਜਾਂਦਾ ਸੀ, ਜਦੋਂ ਕਦੇ ਅੱਧੀ ਰਾਤੀਂ ਡਰ ਲਗਦਾ ਸੀ।



ਜਦੋਂ ਦਾ ਉਹ ਵਾਪਸ ਮੁੜਿਆ ਸੀ, ਇਹੀ ਇਕ ਫ਼ਾਸਲਾ ਜਿਹਾ ਸੀ ਜਿਹੜਾ ਉਹਦੇ ਤੇ ਬੀਜੀ ਬਾਊ ਜੀ ਦੇ ਵਿਚਕਾਰ ਖੜੋਤਾ ਸੀ।

ਅਸ਼ੂ ਸਹੁਰੇ ਸੀ। ਉਹਦੇ ਸਹੁਰੇ ਚੰਡੀਗੜ੍ਹ ਸਨ। ਉਹਦਾ ਪਤੀ ਆਈ. ਏ. ਐਸ. ਸੀ ਤੇ ਉਥੇ ਹੀ ਸਰਕਾਰੀ ਨੌਕਰੀ ਕਰਦਾ ਸੀ। ਡਾਇਰੈਕਟਰ ਸੀ। ਬਾਊ ਜੀ ਨੇ ਉਹਨੂੰ ਦੱਸਿਆ ਤਾਂ ਸੀ, ਪਰ ਉਹਨੂੰ ਯਾਦ ਨਹੀਂ ਸੀ ਕਿ ਉਹ ਹਰਿਆਣਾ ਸਰਕਾਰ ਵਿਚ ਸੀ ਜਾਂ ਪੰਜਾਬ ਸਰਕਾਰ ਵਿਚ। ਖ਼ੈਰ, ਉਹਦਾ ਕੀ ਫ਼ਰਕ ਪੈਂਦਾ ਏ!

ਉਹਦੇ ਆਉਣ ਤੋਂ ਅਗਲੇ ਦਿਨ ਉਹਦਾ ਫ਼ੋਨ ਆਇਆ ਸੀ ਚੰਡੀਗੜ੍ਹੋਂ। ਅਸ਼ ਨੇ ਵੀ ਗੱਲ ਕੀਤੀ ਸੀ। ਡੇਢ ਦੋ ਮਿੰਟਾਂ ਮਗਰੋਂ ਹੀ ਉਹਨੂੰ ਲਗਾ ਸੀ ਕਿ ਏਧਰੋਂ ਓਧਰੋਂ ਕਰਨ ਜੋਗੀ ਕੋਈ ਗੱਲ ਬਚੀ ਨਹੀਂ ਸੀ।

"ਅੱਛਾ ਫੇਰ...", ਉਹਨੇ ਕਿਹਾ ਸੀ।

ਇਹ ਉਹੀ ਅਸ਼ੂ ਸੀ ਜਿਹਦੀਆਂ ਗੁੱਤਾਂ ਉਹ ਖਿੱਚਿਆ ਕਰਦਾ ਸੀ, ਉਹਦੇ ਨਾਲ ਕੁਸ਼ਤੀ ਲੜਿਆ ਕਰਦਾ ਸੀ, ਉਹਦੀਆਂ ਸਹੇਲੀਆਂ ਨਾਲ ਮਜ਼ਾਕ ਕਰਿਆ ਕਰਦਾ ਸੀ। ਜਿਹਦੇ ਨਾਲ ਲਾਚੀਆਂ ਵਾਲੇ ਗੱਟੇ ਤੋਂ, ਤੇ ਕੱਚ ਦੇ ਬੰਟਿਆਂ ਤੋਂ, ਤੇ ਤਾਸ਼ ਵਿਚ ਮਾਰੀ ਰੋਂਦ ਤੋਂ, ਤੇ ਕਾਮਿਕਸ ਤੋਂ, ਹਜ਼ਾਰਾਂ ਵਾਰ ਝਗੜਾ ਹੋ ਜਾਇਆ ਕਰਦਾ ਸੀ।

ਇਹ ਕਿਹੋ ਜਿਹਾ ਸਰਾਪ ਸੀ ਕਿ ਹੁਣ ਉਹ ਕਿਸੇ ਨਾਲ ਲੜ ਸੱਕਣ ਜੋਗਾ ਵੀ ਨਹੀਂ ਸੀ ਰਹਿ ਗਿਆ! ਲੜਨ ਜੋਗਾ, ਤੇ ਰੁੱਸਣ ਜੋਗਾ, ਤੇ ਮੰਨਣ-ਮਨਾਉਣ ਜੋਗਾ।

... ... ...

ਬੀਜੀ ਮੇਜ਼ ਦੇ ਇਕ ਪਾਸੇ ਬੈਠੇ ਨੇ, ਉਹ ਦੂਜੇ ਪਾਸੇ ਬੈਠਾ ਪਰੌਂਠਾ ਖਾਣ ਦੀ ਕੋਸ਼ਿਸ਼ ਕਰ ਰਿਹਾ ਏ।

ਆਖ਼ਰ ਬੀਜੀ ਆਹਿਸਤਾ ਜਿਹੇ ਕਹਿੰਦੇ ਨੇ, "ਜੇ ਤੂੰ ਅਸ਼ੂ ਦੇ ਸਹੁਰੇ ਚਾਰ ਦਿਹਾੜੇ ਹੋ ਆਉਂਦੋਂ..."

ਅਸ਼ੂ ਦੇ ਸਹੁਰੇ? ਜਾ ਕੇ ਉਹ ਗੱਲ ਕੀ ਕਰੇਗਾ? ਕਿਸੇ ਨਾਲ ਵੀ ਕੀ ਗੱਲ ਕਰੇਗਾ? ਅਸ਼ੂ ਦੇ ਪਤੀ ਨਾਲ...। ਇਕ ਅਜਨਬੀ...ਜਿਹਦੇ ਨਾਲ ਉਹਦੀ ਭੈਣ ਵਿਆਹੀ ਗਈ ਸੀ। ਓਹੀ ਅਸ਼ੂ, ਉਹਦੀ ਆਪਣੀ ਗੁੜੀਆ ਜਿਹੀ ਭੈਣ ਅਸ਼ੂ, ਉਸ ਅਜਨਬੀ ਦੇ ਬਿਸਤਰੇ ਵਿਚ...

'ਛੀ...,' ਉਹਨੇ ਆਪਣੇ ਆਪ ਨੂੰ ਡਾਂਟਿਆ, 'ਵ੍ਹਾਟ ਮੱਕ! ਬਲਾਈਮੀ!'

— 'ਆਪਣੀ ਸੱਕੀ ਮਾਂ ਨਾਲ ਤੇ ਗੱਲ ਕਰ ਨਹੀਂ ਸਕਦਾ, ਸੱਕੇ ਪਿਓ ਨਾਲ ਤੇ ਖ਼ਾਮੋਸ਼ ਬੈਠਾ ਅਖ਼ਬਾਰ ਪੜ੍ਹਦਾ ਰਹਿੰਦਾ ਏਂ, ਤੇ ਉਹਨਾਂ ਅਜਨਬੀਆਂ ਨਾਲ ਕੀ ਗੱਲ ਕਰੇਂਗਾ?' — ਉਹ ਆਪਣੇ ਆਪ ਨੂੰ ਡਾਂਟੀ ਜਾ ਰਿਹਾ ਸੀ।

"ਅਸ਼ੂ ਨੂੰ ਏਥੇ ਈ ਬੁਲਾ ਲੈਨੇ ਆਂ," ਉਹਨੇ ਬੜੀ ਧੀਮੀ ਆਵਾਜ਼ ਵਿਚ ਆਖਿਆ।

"ਪਰ ਉਹਦੇ ਸੱਸ ਸਹੁਰਾ ਕੀ ਕਹਿਣਗੇ! ਤੂੰ ਭਾਵੇਂ ਉਹਨੂੰ ਲੈਣ ਹੀ ਚਲਾ

ਜਾਹ। ਇਕ ਦਿਨ ਠਹਿਰੀਂ, ਦੂਜੇ ਦਿਨ ਉਹਨੂੰ ਤੇ ਬਬਲ ਨੂੰ ਲੈ ਕੇ ਮੁੜ ਆਵੀਂ। ਜੇ ਕੁਲਦੀਪ ਨੂੰ ਛੁੱਟੀ ਮਿਲ ਸਕਦੀ ਹੋਈ, ਤਾਂ ਉਹਨੂੰ ਵੀ ਕਹਵੀਂ।'' — ਬੀਜੀ ਦੀ ਆਵਾਜ਼ ਵਿਚ ਨਾ ਹੁਕਮ ਸੀ, ਨਾ ਹੱਕ। ਤਰਲਾ ? ਤਰਲਾ ਵੀ ਨਹੀਂ ਸੀ। ਬੱਸ, ਜਿਵੇਂ ਕਿਸੇ ਗੁਆਂਢੀ ਨੂੰ ਕਹਿ ਰਹੀ ਹੋਵੇ ਕਿ ਜੇ ਉਹ ਬਜ਼ਾਰ ਗਏ ਤਾਂ ਇਕ ਮਾਚਿਸ ਦੀ ਡੱਬੀ ਉਹਦੀ ਵੀ ਲਈ ਆਉਣ।

ਨਹੀਂ, ਸ਼ਾਇਦ ਤਰਲਾ ਹੀ ਸੀ ਉਹਦੀ ਆਵਾਜ਼ ਵਿਚ।

ਉਹ ਚੁੱਪ ਰਿਹਾ। ਗਰਮ ਦੁੱਧ ਦਾ ਘੁੱਟ ਪੀਂਦਾ ਹੋਇਆ।

... ... ...

ਬਰੇਕਫ਼ਾਸਟ ਤੋਂ ਬਾਅਦ ਉਹ ਬਾਹਰ ਬਰਾਂਡੇ ਵਿਚੋਂ ਚੱਕਰ ਲਾ ਕੇ ਗੋਲ ਕਮਰੇ ਵਿਚ ਆ ਗਿਆ। ਬਾਊ ਜੀ ਅਖ਼ਬਾਰ ਪੜ੍ਹ ਰਹੇ ਸਨ। ਉਹਦੇ ਵਲ ਤਕ ਕੇ ਉਹਨਾਂ ਨੇ ਅਖ਼ਬਾਰ ਉਹਦੇ ਵਲ ਵਧਾ ਦਿਤਾ ਤੇ ਕਿਹਾ ''ਅਖ਼ਬਾਰ...''

ਉਹਨੇ ਅਖ਼ਬਾਰ ਫੜ ਲਿਆ।

ਪੱਖੇ ਦੀ ਹਵਾ ਵਿਚ ਅਖ਼ਬਾਰ ਦੇ ਕਾਗ਼ਜ਼ ਜ਼ਖ਼ਮੀ ਸਾਰਸ ਵਾਂਗੂੰ ਫੜਫੜਾਏ।

ਅਖ਼ਬਾਰ ਖੋਲ੍ਹ ਕੇ ਉਹ ਬੈਠਾ, ਤਾਂ ਅੱਖਰਾਂ ਤੋਂ ਫਿਸਲਦੀਆਂ ਉਹਦੀਆਂ ਅੱਖਾਂ ਨੂੰ ਸਿਰਫ਼ ਇਕੋ ਅਹਿਸਾਸ ਸੀ ਕਿ ਬਾਊ ਜੀ ਉਹਦੇ ਵਲ ਹੀ ਤਕ ਰਹੇ ਹੋਣਗੇ। ਆਪਣੀਆਂ ਐਨਕਾਂ ਦੇ ਧੁੰਦਲੇ ਮੋਟੇ ਸ਼ੀਸ਼ਿਆਂ ਦੇ ਪਾਰੋਂ। ਅਜੀਬ ਬੇਸਹਾਰੇਪਣ ਨਾਲ। ਕਾਤਰਤਾ ਨਾਲ। ਪੂਰੀ ਕੋਸ਼ਿਸ਼ ਕਰਦੇ ਹੋਏ ਕਿ ਉਹਨਾਂ ਦੀ ਕੋਈ ਗੱਲ ਉਹਨਾਂ ਦੇ ਵਲੈਤੋਂ ਮੁੜੇ ਬੇਟੇ ਨੂੰ ਅਟਪਟੀ ਨਾ ਲਗੇ, ਨਾਗਵਾਰ ਨਾ ਗੁਜ਼ਰੇ।

ਬਾਊ ਜੀ ਉਹਦੇ ਕੋਲੋਂ ਕਤਰਾ ਨਹੀਂ ਰਹੇ ਅਜਕਲ ? ਜਿਵੇਂ ਉਹ ਕੋਈ ਮੁਅਜ਼ਿਜ਼ ਮਹਿਮਾਨ ਹੋਵੇ...

ਉਹਨੂੰ ਅਹਿਸਾਸ ਹੋਇਆ ਕਿ ਉਹ ਅਖ਼ਬਾਰ ਪੜ੍ਹ ਨਹੀਂ ਸੀ ਰਿਹਾ, ਮਹਿਜ਼ ਅਖ਼ਬਾਰ ਦੀ ਦੀਵਾਰ ਦੇ ਓਹਲੇ ਲੁਕਣ ਦੀ ਕੋਸ਼ਿਸ਼ ਕਰ ਰਿਹਾ ਸੀ।

ਏਨੇ ਦਬਦਬੇ ਵਾਲੇ ਬਾਊ ਜੀ ਅੱਜ ਜਦੋਂ ਏਨੇ ਬੇਸਹਾਰਾਪਣ ਨਾਲ ਉਹਦੇ ਵਲ ਤੱਕਦੇ ਸਨ, ਤਾਂ ਉਹਨੂੰ ਇਕ ਅਜੀਬ ਦਹਿਸ਼ਤ ਹੁੰਦੀ ਸੀ। ਇਹ ਦਹਿਸ਼ਤ ਬਚਪਨ ਦੀ ਉਸ ਦਹਿਸ਼ਤ ਤੋਂ ਬਿਲਕੁਲ ਵੱਖਰੀ ਸੀ, ਜਦੋਂ ਬਾਊ ਜੀ ਦੇ ਘਰ ਆਉਣ ਦੀ ਬਿੜਕ ਆਉਣ ਸਾਰ ਉਹ ਦੋਵੇਂ ਆਪਣੇ ਆਪਣੇ ਕੋਨਿਆਂ ਵਿਚ ਦੁਬਕ ਜਾਇਆ ਕਰਦੇ ਸਨ; ਜਦੋਂ ਬਾਊ ਜੀ ਕੋਲੋਂ ਲੁਕਣ ਲਈ ਬੀਜੀ ਦੀ ਰਸੋਈ ਸਭ ਤੋਂ ਮਹਿਫ਼ੂਜ਼ ਥਾਂ ਜਾਪਦੀ ਸੀ — ਯੂ. ਐਨ, ਓ. ਦੀ ਆਬਜ਼ਰਵੇਸ਼ਨ ਹੇਠ ਜਿਵੇਂ ਨੋ-ਵਾਰ-ਜ਼ੋਨ।

ਬਾਊ ਜੀ ਦਾ ਇਹ ਬੇਸਹਾਰਾ ਵਿਚਾਰਾਪਣ ਉਹਦੇ ਕੋਲੋਂ ਬਰਦਾਸ਼ਤ ਨਹੀਂ ਸੀ ਹੁੰਦਾ। ਉੱਧੜੀ ਹੋਈ ਰਜ਼ਾਈ ਵਰਗਾ ਫਟੇਹਾਲ ਵਿਚਾਰਾਪਣ, ਜਿਸ ਵਿਚੋਂ ਪੁਰਾਣਾ ਲੋਗੜ ਬਾਹਰ ਝਾਕ ਰਿਹਾ ਹੋਵੇ। ਪਰ ਇਸ ਵਿਚਾਰੇਪਣ ਨੂੰ ਜਿਹੜੀ ਬਾਂਹ ਦੇ ਕੇ ਉਹ ਠੁੰਮ੍ਹਣਾ ਬਣ ਸਕਦਾ ਸੀ, ਉਹ ਬਾਂਹ ਉਹਨਾਂ ਤਕ ਪੁਚਾਣੀ ਬੜੀ ਮੁਸ਼ਕਲ ਸੀ, ਕਿਉਂਕਿ



ਵਿਚਕਾਰ ਸੱਤਾਂ ਵਰ੍ਹਿਆਂ ਦਾ ਫ਼ਾਸਲਾ ਸਾਊਥ ਪੋਲ ਦੀ ਬਰਫ ਵਾਂਗੂੰ ਜੰਮਿਆ ਖੜਾ ਸੀ।

ਬਰਫ਼ ਦਾ ਰੇਗਿਸਤਾਨ !

ਪਰਦੇ ਦੇ ਪਿਛੋਂ, ਬਾਰੀ ਦੇ ਸ਼ੀਸ਼ੇ ਵਿਚੋਂ ਧੁੱਪ ਦੀ ਇਕ ਚਮਕੀਲੀ ਨੋਕਦਾਰ ਕਾਤਰ ਜਿਵੇਂ ਧੁੱਸ ਮਾਰ ਕੇ ਕਮਰੇ ਵਿਚ ਵੜ ਆਈ ਸੀ ਤੇ ਪੁਰਾਣੇ ਕਾਲੀਨ ਦੇ ਘਸਮੈਲੇ ਰੰਗਾਂ ਉਤੇ ਆਰਾਮ ਨਾਲ ਲੇਟੀ ਜੁਗਾਲੀ ਕਰ ਰਹੀ ਸੀ, ਕਿਸੇ ਛੋਟੇ ਘਸਮੈਲੇ ਮੇਮਣੇ ਵਾਂਗੂੰ।

ਇਸ ਕਮਰੇ ਵਿਚ ਉਂਜ ਵੀ ਇਕ ਨੰਗਾ ਜਿਹਾ ਚਾਨਣ ਸੀ। ਉਤੇ ਉਹਨੇ ਆਪਣੀ ਬਰਸਾਤੀ ਦੀਆਂ ਸਭ ਖਿੜਕੀਆਂ ਅਗੇ, ਪਰਦਿਆਂ ਦੇ ਉਤੇ ਕਰ ਕੇ, ਦੋਹਰੇ ਗਾਹੜੇ ਰੰਗਾਂ ਦੇ ਬੈੱਡ ਕਵਰ ਲਟਕਾ ਦਿਤੇ ਹੋਏ ਸਨ। ਮੋਟੇ ਪਰਦੇ ਤੇ ਬੈੱਡ ਕਵਰ ਰਲ ਕੇ ਰਾਤ ਦੇ ਹਨੇਰੇ ਨੂੰ ਥੋੜ੍ਹਾ ਜਿਹਾ ਬਚਾ ਕੇ ਰੱਖ ਲੈਂਦੇ ਸਨ, ਤੇ ਅਕਤੂਬਰ ਦੀ ਧੁੱਪ ਦੀ ਚਿਲਕੋਰ ਨੂੰ ਬਾਹਰ ਧੱਕ ਦੇਂਦੇ ਸਨ।

ਉਹ ਉਥੇ ਧੁੱਪ ਦੇ ਚਾਨਣ ਵਿਚ ਤੇ ਬਾਊ ਜੀ ਦੀਆਂ ਨਜ਼ਰਾਂ ਦੇ ਹੇਠਾਂ ਆਪਣੇ ਆਪ ਨੂੰ ਅਜੀਬ ਤਰੀਕੇ ਨਾਲ ਉਘਾੜਿਆ ਹੋਇਆ ਮਹਿਸੂਸ ਕਰ ਰਿਹਾ ਸੀ।

ਬਦਹਵਾਸੀ ਜਿਹੀ ਵਿਚ ਉਹਨੇ ਅਖ਼ਬਾਰ ਬਾਊ ਜੀ ਨੂੰ ਵਾਪਸ ਮੋੜ ਦਿਤਾ।

''ਬੱਸ, ਪੜ੍ਹ ਵੀ ਲਿਆ ?'' — ਉਹ ਕੁਝ ਇਸ ਅੰਦਾਜ਼ ਵਿਚ ਬੋਲੇ ਕਿ ਲਫ਼ਜ਼ਾਂ ਵਿਚੋਂ ਸਵਾਲ ਗ਼ਾਇਬ ਸੀ।

''ਬੱਸ'', ਉਹਨੇ ਆਹਿਸਤਾ ਜਿਹੇ ਕਿਹਾ, ਤੇ ਫੇਰ ਜਿਵੇਂ ਪੱਬਾਂ ਭਾਰ ਤੁਰਦਾ ਬਾਹਰ ਆ ਗਿਆ। ਕਮਰੇ ਤੋਂ ਬਾਹਰ। ਤੇ ਪੌੜੀਆਂ ਵਲ ਵਧਿਆ।

''ਰੋਟੀ ਨਾਲ ਕੀ ਬਣਾਵਾਂ ?'' — ਬੀਜੀ ਦੀ ਆਵਾਜ਼ ਆਈ। ਉਹ ਪਿਛਲੇ ਦਰਵਾਜ਼ੇ ਵਿਚ ਖੜੇ ਸਨ, ਜਿਹੜਾ ਪਿਛਲੇ ਵਿਹੜੇ ਵਲ ਖੁਲ੍ਹਦਾ ਸੀ। ਅਸਲ ਵਿਚ ਵਰਾਂਡੇ ਵਿਚ ਖੁਲ੍ਹਦਾ ਸੀ ਉਹ, ਤੇ ਵਰਾਂਡਾ ਹੀ ਫੇਰ ਅਗਾਂਹ ਫੈਲ ਕੇ ਵਿਹੜਾ ਬਣ ਜਾਂਦਾ ਸੀ। ਵਿਹੜੇ ਦੇ ਹੀ ਇਕ ਪਾਸੇ ਉਤੇ ਜਾਣ ਵਾਲੀਆਂ ਪੌੜੀਆਂ ਸਨ।

''ਕੁਝ ਵੀ। ਜੋ ਜੀਅ ਕਰੇ,'' ਕਹਿ ਕੇ ਉਹ ਕਾਹਲੀ ਨਾਲ ਪੌੜੀਆਂ ਚੜ੍ਹ ਗਿਆ।

ਆਪਣੇ ਕਮਰੇ ਵਿਚ ਉਹ ਬਹੁਤ ਮਹਿਫ਼ੂਜ਼ ਮਹਿਸੂਸ ਕਰਦਾ ਸੀ। ਮਹਿਫ਼ੂਜ਼ ਤੇ ਬਚਿਆ ਹੋਇਆ।

ਸਿਗਰੇਟ ਸੁਲਗਾ ਕੇ ਉਹ ਮੰਜੀ 'ਤੇ ਲੇਟ ਗਿਆ। ਤਾਂਹੀਏਂ ਉਹਦੀ ਨਜ਼ਰ ਛੱਤ ਦੇ ਕੋਨੇ ਵਿਚ ਲਟਕਦੇ ਜਾਲੇ 'ਤੇ ਪਈ। 'ਅਰੇ, ਇਹ ਅਜੇ ਤੱਕ...?' — ਉਹ ਸੋਚਣ ਲਗਾ। ਜਦੋਂ ਦਾ ਉਹ ਆਇਆ ਸੀ, ਜਦੋਂ ਵੀ ਸਿਗਰੇਟ ਸੁਲਗਾ ਕੇ ਪਿੱਠ ਪਰਨੇ ਉਹ ਮੰਜੇ 'ਤੇ ਲੇਟਦਾ, ਉਹਦੀ ਨਜ਼ਰ ਇਸ ਜਾਲੇ ਨਾਲ ਜਾ ਕੇ ਪਲੇਚਾ ਮਾਰ ਲੈਂਦੀ। ਹਰ ਵਾਰ ਉਹ ਸੋਚਦਾ, ਉਹ ਅੱਜ ਜ਼ਰੂਰ ਲੰਮਾ ਝਾੜੂ ਜਾਂ ਬੁਰਸ਼ ਵਾਲਾ ਬਾਂਸ ਲੈ ਕੇ ਉਹਨੂੰ ਸਾਫ਼ ਕਰ ਦੇਵੇਗਾ। ਪਰ ਸਿਗਰੇਟ ਮੁੱਕ ਜਾਂਦੀ ਤਾਂ ਉਹ ਪਾਸਾ ਪਰਤ ਕੇ ਅੱਖਾਂ ਬੰਦ ਕਰ ਲੈਂਦਾ, ਤੇ ਊਂਘਣ ਲਗਦਾ। ਜਾਲੇ ਦੀ ਗੱਲ ਭੁੱਲ ਜਾਂਦਾ।

'ਅੱਜ ਜ਼ਰੂਰ...' ਉਹਨੇ ਫ਼ੈਸਲਾ ਕੀਤਾ। ਪਰ ਆਪਣੇ ਫ਼ੈਸਲੇ 'ਤੇ ਉਹਨੂੰ ਖ਼ੁਦ ਸ਼ੱਕ ਸੀ।

... ... ...

ਉਹ ਗੋਭੀ ਵਾਲਾ ਪਰੌਂਠਾ ਖਾ ਰਿਹਾ ਸੀ। ਬਾਊ ਜੀ ਰੇਡੀਓ ਦੇ ਕੋਲ ਬੈਠੇ ਰੇਡੀਓ ਸੁਣ ਰਹੇ ਸਨ, ਤੇ ਉਹਦੇ ਵਲ ਤੱਕ ਰਹੇ ਸਨ। ਬੀਜੀ ਰਸੋਈ ਦੀਆਂ ਦਲ੍ਹੀਜ਼ਾਂ ਵਿਚ ਪੀਹੜੀ ਡਾਹ ਕੇ ਬੈਠੇ ਸਨ, ਬੂਹੇ ਦੀ ਮੁਹਾਠ ਨਾਲ ਢੋਅ ਲਾ ਕੇ। ਹੱਥ ਨਾਲ ਚਿਹਰੇ ਨੂੰ ਠੁੰਮ੍ਹਣਾ ਦੇ ਕੇ, ਉਹਦੇ ਵਲ ਤੱਕ ਰਹੇ ਸਨ।

ਉਹਨੂੰ ਲਗਾ, ਪਿਛਲੇ ਸੱਤਾਂ ਵਰ੍ਹਿਆਂ ਵਿਚ ਬੀਜੀ ਬਿਲਕੁਲ ਸੁੰਗੜ ਗਏ ਸਨ। ਧੁੱਪੇ ਪਈ ਸਬਜ਼ੀ ਵਾਂਗੂੰ। ਸ਼ਲਗਮਾਂ ਦੀਆਂ ਕਚਰੀਆਂ ਵਰਗਾ ਉਹਨਾਂ ਦਾ ਮਾਸ ਹੋ ਗਿਆ ਸੀ, ਚਿਹਰੇ ਦਾ, ਹੱਥਾਂ ਦਾ, ਅਰਕਾਂ ਦਾ।

ਮਰੋੜ ਕੇ ਸੁੱਟੇ ਹੋਏ ਕਾਗ਼ਜ਼ ਵਰਗਾ।

ਉਹਨੂੰ ਲਗਾ, ਪਿਛਲੇ ਸੱਤਾਂ ਵਰ੍ਹਿਆਂ ਵਿਚ ਉਹਨਾਂ ਦੀਆਂ ਅੱਖਾਂ ਵੀ ਛੋਟੀਆਂ ਹੋ ਗਈਆਂ ਸਨ। ਉਹਨਾਂ ਅੱਖਾਂ ਵਿਚ ਲਟ ਲਟ ਕੁਝ ਜਗਦਾ ਹੁੰਦਾ ਸੀ — ਦੀਵਿਆਂ ਵਰਗਾ। ਹੁਣ ਉਹ ਸੁੰਗੜ ਗਈਆਂ ਸਨ, ਤੇ ਘਸਮੈਲੀਆਂ ਹੋ ਗਈਆਂ ਸਨ। ਮੀਂਹ ਵੱਸਣ ਤੋਂ ਅਗਲੇ ਦਿਨ ਰਸਤੇ 'ਤੇ ਨਜ਼ਰ ਆਉਣ ਵਾਲੇ ਚਿੱਕੜ ਨਾਲ ਭਰੇ ਛੋਟੇ ਛੋਟੇ ਚੁਬੱਚਿਆਂ ਵਰਗੀਆਂ।

...'ਸੋਚੋ, ਤੇ ਕੁਝ ਵੀ ਨਹੀਂ। ਵਰ੍ਹਿਆਂ ਦੇ ਗੁਜ਼ਰਨ ਦਾ ਪਤਾ ਵੀ ਨਹੀਂ ਲਗਦਾ। ਸਵੇਰਾਂ, ਸ਼ਾਮਾਂ, ਦੇ ਗੇੜ ਵਿਚ ਵਕਤ ਲੰਘਦਾ ਤੁਰਿਆ ਜਾਂਦਾ ਏ। ਪਰ ਅਚਾਨਕ ਵਕਤ ਦੇ ਕਦਮਾਂ ਦੇ ਨਿਸ਼ਾਨਾਂ ਨੂੰ ਜਦੋਂ ਤੁਸੀਂ ਕਿਸੇ ਹੋਰ ਦੇ ਚਿਹਰੇ 'ਤੇ ਉੱਕਰੇ ਵੇਖਦੇ ਹੋ, ਤਾਂ ਅਚਾਨਕ ਠਿਠਕ ਕੇ ਖੜੋ ਜਾਂਦੇ ਹੋ। ਠਠੰਬਰ ਕੇ। ਤੇ ਗੁਜ਼ਰੇ ਵਕਤ ਦਾ ਅਹਿਸਾਸ ਟੁੱਟੇ ਕੱਚ ਦੇ ਟੋਟੇ ਵਰਗਾ, ਸ਼ਫ਼ਾਫ਼ ਤੇ ਤਿੱਖਾ, ਤੁਹਾਡੇ ਕਲੇਜੇ ਵਿਚ ਖੁੱਭਣ ਲਗਦਾ ਏ' — ਉਹ ਸੋਚ ਰਿਹਾ ਸੀ।

ਅਚਾਨਕ ਉਹਨੂੰ ਐਮਾ ਦੀ ਯਾਦ ਆਈ। ਜੇ ਇਹ ਅਹਿਸਾਸ, ਜਿਹੜਾ ਧੁੱਪ ਵਿਚ ਲਿਸ਼ਕਦੇ ਤੇਜ਼ ਖ਼ੰਜਰ ਜਿਹਾ ਹੁਣੇ ਉਹਦੇ ਕਲੇਜੇ ਵਿਚ ਉਤਰਿਆ ਸੀ, ਉਹ ਐਮਾ ਨਾਲ ਸਾਂਝਾ ਕਰਨਾ ਚਾਹੇਗਾ, ਤਾਂ ਕੀ ਉਹਨੂੰ ਸਮਝ ਆ ਜਾਵੇਗੀ? ਕੀ ਉਹ ਉਹਨੂੰ ਸਮਝ ਸਕੇਗੀ? ਸ਼ਾਇਦ ਨਹੀਂ। ਕੋਈ ਕਿਸੇ ਨੂੰ ਆਪਣੇ ਕਿਸੇ ਤਿੱਖੇ ਅਹਿਸਾਸ ਦੀ ਸ਼ਿੱਦਤ ਨਹੀਂ ਸਮਝਾ ਸਕਦਾ। 'ਵਿਚਾਰੇ ਲਫ਼ਜ਼...' ਉਹ ਸੋਚ ਰਿਹਾ ਸੀ।

ਬਾਊ ਜੀ ਨੇ ਰੇਡੀਓ ਬੰਦ ਕਰ ਦਿਤਾ। ਸ਼ਾਇਦ ਖ਼ਬਰਾਂ ਖ਼ਤਮ ਹੋ ਗਈਆਂ ਸਨ। ਹੈਰਾਨੀ ਦੀ ਗੱਲ ਸੀ, ਓਸੇ ਕਮਰੇ ਵਿਚ ਰੇਡੀਓ ਦੀ ਆਵਾਜ਼ ਏਨਾਂ ਚਿਰ ਭਰਦੀ ਰਹੀ ਸੀ, ਸਿਰਫ਼ ਇਕੱਲੇ ਰੇਡੀਓ ਦੀ ਹੀ ਆਵਾਜ਼, ਤੇ ਉਹਨੇ ਕੁਝ ਵੀ ਨਹੀਂ ਸੀ ਸੁਣਿਆ।

ਬਾਊ ਜੀ ਨੇ ਰੇਡੀਓ ਦੀ ਨਾਬ ਤੋਂ ਹੱਥ ਹਟਾਉਂਦਿਆਂ ਰਤਾ ਕੁ ਹੱਸ ਕੇ ਕਿਹਾ,



"ਤੇਰੇ ਕਰਕੇ ਅੱਜ ਕਲ੍ਹ ਮੈਨੂੰ ਵੀ ਪਰਾਉਂਠੇ ਮਿਲ ਰਹੇ ਨੇ, ਪਨੀਰ ਵਾਲੇ, ਗੋਭੀ ਵਾਲੇ, ਮੂਲੀਆਂ ਵਾਲੇ, ਮੇਥੀ ਵਾਲੇ। ਨਹੀਂ ਤਾਂ ਇਹ ਤੇਰੀ ਮਾਂ ਤੇ ਕੁਝ ਬਣਾਂਦੀ ਹੀ ਨਹੀਂ। ਦੁੱਧ ਗਰਮ ਕਰ ਦੇਂਦੀ ਏ, ਬੱਸ। ਤੇ ਉਬੱਲਿਆ ਹੋਇਆ ਅੰਡਾ।"

"ਦੋਂਹ 'ਕਲ੍ਹੇ ਬੰਦਿਆਂ ਦੀ ਕੀ ਰੋਟੀ ਪੱਕਣੀ ਤੇ ਕੀ ਨਾ ਪੱਕਣੀ!" — ਬੀਜੀ ਹਉਕਾ ਭਰ ਕੇ ਕਹਿੰਦੇ ਨੇ।

ਉਹ ਸੋਚਦਾ ਏ, ਇਹ ਸਭ ਕੁਝ ਉਹਨੂੰ ਮੁਖ਼ਾਤਿਬ ਨਾ ਹੋ ਕੇ ਵੀ ਉਹਨੂੰ ਹੀ ਮੁਖ਼ਾਤਿਬ ਏ।

"ਸਬਜ਼ੀ ਵਾਲਾ ਜਦੋਂ ਗਲੀ ਵਿਚ ਆ ਜਾਂਦਾ ਏ, ਤਾਂ ਲੈ ਕੇ ਚਾੜ੍ਹ ਲਈਦੀ ਏ। ਨਹੀਂ ਤੇ ਦਾਲ-ਦੂਲ। ਕਦੇ ਉਹਦੇ ਵਾਸਤੇ ਵੀ ਹਿੰਮਤ ਨਹੀਂ ਹੁੰਦੀ। ਬੱਸ, ਦੁੱਧ ਵਿਚ ਮਾਸਾ ਡਬਲਰੋਟੀ ਭੋਰ ਲਈਦੀ ਏ।" ਬੀਜੀ ਅੱਜ ਗੱਲਾਂ ਕਰਨ ਦੇ ਰੌਂ ਵਿਚ ਸਨ ਜਿਵੇਂ। ਉਹਦੇ ਨਾਲ ਘੱਟ, ਬਹੁਤਾ ਆਪਣੇ ਆਪ ਨਾਲ ਹੀ। ਹਮੇਸ਼ਾ ਚੁੱਪ ਰਹਿਣ ਵਾਲੇ ਬੀਜੀ।

ਸ਼ਾਇਦ ਇਹੀ ਅੰਦਾਜ਼ ਸੀ ਉਹਨਾਂ ਦੇ ਆਖਣ ਦਾ ਕਿ ਵਾਪਸ ਨਾ ਜਾਹ, ਐਥੇ ਈ ਰਹਿ ਜਾਹ ਹੁਣ।

ਤੇ ਉਹ ਲਗਾਤਾਰ, ਸਮਝ ਕੇ ਵੀ ਨਾ ਸਮਝਣ ਦਾ ਬਹਾਨ੍ਹਾ ਕਰਦਾ ਆ ਰਿਹਾ ਸੀ।

... ... ...

ਤੜਕ-ਸਾਰ ਚਿੜੀਆਂ ਰੌਲਾ ਪਾ ਦੇਂਦੀਆਂ। ਰੋਜ਼! ਦਿੱਲੀ ਵਿਚ ਪਹਿਲੀ ਸਵੇਰ ਜਦੋਂ ਤੜਕੇ ਉਹਦੀ ਅੱਖ ਖੁੱਲ੍ਹੀ, ਤਾਂ ਉਹਨੂੰ ਲਗਾ, ਨੀਂਦਰ ਵਿਚ ਵੀ, ਜਾਗਣ ਤੋਂ ਬਹੁਤ ਪਹਿਲੋਂ ਤੋਂ, ਉਹ ਇਹੀ ਸ਼ੋਰ ਸੁਣ ਰਿਹਾ ਸੀ। ਜਾਗੋ-ਮੀਟੀ ਵਿਚ ਸੁਣਿਆ ਚਿੜੀਆਂ ਦਾ ਉਹ ਸ਼ੋਰ ਸੁਣ ਕੇ ਉਹਨੂੰ ਬੇਹੱਦ ਹੈਰਾਨੀ ਹੋਈ। ਬਚਪਨ ਜਿਵੇਂ ਵਾਪਸ ਮੁੜ ਆਇਆ ਹੋਵੇ, ਤੇ ਉਹਦੀ ਸਰ੍ਹਾਂਦੀ ਖੜੋ ਕੇ ਨਿੱਕਾ ਨਿੱਕਾ ਹੱਸ ਰਿਹਾ ਹੋਵੇ।

ਉਸ ਜ਼ਮਾਨੇ ਵਿਚ ਸਵੇਰੇ ਬੀਜੀ ਇਹੀ ਕਹਿ ਕੇ ਜਗਾਂਦੇ ਹੁੰਦੇ ਸਨ, 'ਚਿੜੀਆਂ ਵੀ ਜਾਗ ਪਈਆਂ ਨੇ ਤੇ ਇਹ ਮੁੰਡਾ ਅਜੇ ਤੱਕ ਸੁੱਤਾ ਈ ਪਿਆ ਏ। ਉਠ, ਸਕੂਲੇ ਨਹੀਓਂ ਜਾਣਾ?'

ਯਾਨੀ ਜੋ ਗੱਲ ਅਨਪੜ੍ਹ ਮੂਰਖ ਚਿੜੀਆਂ ਨੂੰ ਵੀ ਸਮਝ ਆ ਜਾਂਦੀ ਸੀ ਕਿ ਸਵੇਰੇ ਜਾਗਣਾ ਚਾਹੀਦਾ ਏ, ਮੂੰਹ-ਹਨੇਰੇ, ਉਹ ਉਹਨੂੰ ਕਿਉਂ ਨਹੀਂ ਸੀ ਸਮਝ ਆਉਂਦੀ?

ਤੇ ਉਹ ਵਾਕਈ ਚਿੜੀਆਂ ਕੋਲੋਂ ਸ਼ਰਮਾ ਕੇ ਉਠ ਪੈਂਦਾ।

ਮੰਜੀ 'ਤੇ ਲੇਟਿਆ ਲੇਟਿਆ ਉਹ ਬਚਪਨ ਦੇ ਦਿਨਾਂ ਵਿਚ ਝਾਕ ਕੇ ਮੁਸਕਰਾਇਆ।

ਏਨੇ ਦਿਨਾਂ ਵਿਚ ਉਹਨੂੰ ਚਿੜੀਆਂ ਦੇ ਸਵੇਰ-ਸਾਰ ਦੇ ਸ਼ੋਰ ਦੀ ਆਦਤ ਪੈ ਗਈ ਸੀ।

ਤੇ ਹੁਣ ਤਾਂ ਵਾਪਸ ਜਾਣ ਦੇ ਦਿਨ ਕਰੀਬ ਆ ਰਹੇ ਸਨ ।

... ... ...

ਪਰੌਂਠਾ ਖ਼ਤਮ ਕਰ ਕੇ ਉਹ ਵਾਪਸ ਕੋਠੇ 'ਤੇ, ਆਪਣੇ ਕਮਰੇ ਵਿਚ ਆ ਗਿਆ । ਕਮਰਾ ਬੇਹੱਦ ਉਦਾਸ ਲਗ ਰਿਹਾ ਸੀ ।

ਹੌਲੀ-ਹੌਲੀ ਜਿਵੇਂ ਕਮਰੇ ਦੀ ਛੱਤ ਗ਼ਾਇਬ ਹੋ ਗਈ । ਬਹੁਤ ਸਾਰੇ ਨੀਲੇ ਪਸਾਰ ਵਿਚ, ਗ਼ਰਦੋ-ਗ਼ੁਬਾਰ ਨਾਲ ਭਰੀ ਵਿਸ਼ਾਲ ਖ਼ਲਾਅ ਵਿਚ ਉਹ ਛੱਤੋਂ ਸੱਖਣਾ ਕਮਰਾ ਬਹੁਤ ਬੇਸਹਾਰਾ ਲਗਣ ਲਗਾ । ਫੇਰ ਹੌਲੀ ਹੌਲੀ, ਬਹੁਤ ਹੀ ਪੋਲੇ ਪੈਰੀਂ, ਕਮਰੇ ਦੀਆਂ ਦੀਵਾਰਾਂ ਵੀ ਇਕ ਇਕ ਕਰ ਕੇ, ਆਹਿਸਤਾ ਆਹਿਸਤਾ ਸਰਕਦੀਆਂ ਹੋਈਆਂ ਗ਼ਾਇਬ ਹੋ ਗਈਆਂ । ਅੰਤਹੀਣ ਵਿਸ਼ਾਲਤਾ ਵਿਚ, ਅਨੰਤਤਾ ਵਿਚ, ਉਹ ਇਕੱਲਾ ਆਪਣੀ ਮੰਜੀ 'ਤੇ ਲੇਟਿਆ ਹੋਇਆ ਸੀ । ਫੇਰ ਪਤਾ ਨਹੀਂ ਕਦੋਂ ਮੰਜੀ ਦੇ ਹੇਠਲਾ ਫ਼ਰਸ਼ ਵੀ ਖਿਸਕ ਗਿਆ । ਤੇ ਉਹਨੂੰ ਲਗਾ, ਉਹ ਹਵਾ ਵਿਚ ਲਟਕ ਰਿਹਾ ਸੀ । ਅਵਾਰਾ, ਸਫ਼ੈਦ ਹਵਾ ਵਿਚ ਸੁੱਕੇ ਪੱਤੇ ਜਿਹਾ ਉਡ ਰਿਹਾ ਸੀ । ਬੇਕਿਨਾਰ ਅਨੰਤਤਾ ਵਿਚ ਫਟੇ ਹੋਏ ਰੱਦੀ ਕਾਗ਼ਜ਼ ਦੇ ਟੁਕੜੇ ਵਰਗਾ ਉਹ ! ਕੌਣ ਸੀ ਉਹ ? ਕਿਉਂ ਸੀ ? ਉਹਦੀਆਂ ਜੜ੍ਹਾਂ ਕਿਥੇ ਸਨ ? ਤੇ ਕਿਹਦੀਆਂ ਕਿਹਦੀਆਂ ਜੜ੍ਹਾਂ ਉਹਦੇ ਆਪਣੇ ਮਨ ਦੀ ਮਿੱਟੀ ਵਿਚ ਸਨ ? ਕੋਈ ਪਤਾ ਨਹੀਂ ।

ਸੁੰਨ-ਮਸਾਣ । ਬੇ-ਹੋਂਦ ।

ਤਾਂਹੀਏਂ ਚਿੜੀ ਚੂਕੀ । ਹਵਾ ਵਿਚ ਫਟੀ ਹੋਈ ਲੀਰ ਵਾਂਗੂੰ ਉੱਡਦਾ ਉਹ ਠਿਠਕ ਕੇ ਵਾਪਸ ਜ਼ਮੀਨ ਵਲ ਵਧਿਆ । ਮੰਜੀ ਹੇਠਾਂ ਆ ਗਈ । ਮੰਜੀ ਦੇ ਹੇਠਲਾ ਫ਼ਰਸ਼ ਵਾਪਸ ਆ ਗਿਆ । ਦੀਵਾਰਾਂ ਵੀ ਪਰਦੇਸੋਂ ਵਾਪਸ ਮੁੜਨ ਲਗੀਆਂ ।

ਚਿੜੀ ਜਿਵੇਂ ਉਹਦੇ ਵਲ ਹੀ ਤਕ ਤਕ ਕੇ ਚੀਖ਼ਦੀ ਜਾ ਰਹੀ ਸੀ । ਅਜੀਬ ਹੁਲਾਰ ਨਾਲ ਭਰੀ ਹੋਈ । ਉਹਦੀ ਚੁੰਝ ਤੋਂ ਲੈ ਕੇ ਪੂਛਲ ਦੇ ਅਖ਼ੀਰਲੇ ਖੰਭ ਤਕ ਇਕ ਲਰਜ਼ਿਸ਼ ਵਲਿਅੱਸ ਖਾਂਦੀ ਹੋਈ, ਤੈਰਦੀ ਹੋਈ, ਥਰਥਰਾਉਂਦੀ ਹੋਈ ਗੁਜ਼ਰਦੀ, ਜਦੋਂ ਉਹ ਚੀਖ਼ਦੀ । ਅਜੀਬ ਖ਼ੁਮਾਰ ਵਿਚ, ਅਜੀਬ ਉਨਮਾਦ ਵਿਚ, ਉਹ ਗਾਈ ਜਾ ਰਹੀ ਸੀ । ਜਿਵੇਂ ਉਹ ਆਪ ਇਕ ਬਾਦਸ਼ਾਹ ਹੋਵੇ, ਤੇ ਉਹ ਚਿੜੀ ਉਹਦੀ ਕਨੀਜ਼ ; ਸਿਰਫ਼ ਉਹਨੂੰ ਖ਼ੁਸ਼ ਕਰਨ ਲਈ ਹੀ ਗਾ ਰਹੀ ਹੋਵੇ ।

ਅਚਾਨਕ ਉਹਨੂੰ ਖ਼ਿਆਲ ਆਇਆ, 'ਇਹ ਚਿੜੀਆਂ ਬੁੱਢੀਆਂ ਨਹੀਂ ਹੁੰਦੀਆਂ ?'

ਉਹਨੂੰ ਬੜੀ ਹੈਰਾਨੀ ਹੋਈ । ਕੁੱਤੇ ਬੁੱਢੇ ਹੁੰਦੇ ਉਹਨੇ ਵੇਖੇ ਸਨ, ਬਿੱਲੀਆਂ ਬੁੱਢੀਆਂ ਹੁੰਦੀਆਂ ਵੇਖੀਆਂ ਸਨ, ਘੋੜੇ, ਸ਼ੇਰ, ਹਾਥੀ, ਸਭ ਬੁੱਢੇ ਹੋ ਜਾਂਦੇ ਸਨ ਤੇ ਫੇਰ ਆਹਿਸਤਾ ਆਹਿਸਤਾ ਬੇਸਹਾਰਾ ਜਿਹੇ ਹੋ ਕੇ ਮਰ ਜਾਂਦੇ ਸਨ । ਮਨੁੱਖ ਵਾਂਗੂੰ । ਬੇਸਹਾਰਾ ਤੇ ਇਕੱਲੇ, ਤੇ ਬੇਰੰਗ । ਜ਼ਿੰਦਗੀ ਨਾਲੋਂ ਆਹਿਸਤਾ ਆਹਿਸਤਾ ਟੁੱਟਦੇ ਹੋਏ । ਪੋਟਾ ਪੋਟਾ ਕਰ ਕੇ ਮਰਦੇ ।



ਪਰ ਇਹ ਚਿੜੀਆਂ...! ਉਹਨੇ ਕਦੇ ਕੋਈ ਬੁੱਢੀ, ਬੇਸਹਾਰਾ, ਚੁੱਪ ਕਰ ਕੇ ਬੈਠੀ ਹੋਈ, ਚੁੰਝ ਲਟਕਾ ਕੇ ਆਹਿਸਤਾ ਆਹਿਸਤਾ, ਚੁੱਪ ਚਾਪ, ਕੁੱਬੀ ਕੁੱਬੀ ਤੁਰਦੀ ਚਿੜੀ ਨਹੀਂ ਸੀ ਵੇਖੀ । ਹਮੇਸ਼ਾ ਚਿੜੀਆਂ ਗਾਉਂਦੀਆਂ ਹੀ ਵੇਖੀਆਂ ਸਨ, ਤੇ ਫੁ-ਰੇ-ਰ ਕਰ ਕੇ ਉੱਡਦੀਆਂ, ਤੇ ਸਾਰੇ ਬਦਨ ਵਿਚ ਅਨੰਤ ਚਾਅ ਦੀ ਲਰਜ਼ਿਸ਼ ਨਾਲ ਥਰਥਰਾਉਂਦੀਆਂ । ਹਮੇਸ਼ਾ ਹੋਰ ਗਾਉਂਦੀਆਂ ਚਿੜੀਆਂ ਦੇ ਸਾਥ ਦੇ ਨਸ਼ੇ ਵਿਚ ਮਸਤ । ਹਮੇਸ਼ਾ ਸਰਸਬਜ਼ ! ਹਮੇਸ਼ਾ ਮਖ਼ਮੂਰ ! ਸਾਵੀਆਂ ਚਿੜੀਆਂ ।

'ਮਰਨ ਲਗਿਆਂ ਇਕਦਮ ਮਰ ਜਾਂਦੀਆਂ ਹੋਣਗੀਆਂ । ਗਾਉਂਦੀਆਂ ਗਾਉਂਦੀਆਂ ਹੀ' — ਉਹ ਸੋਚ ਰਿਹਾ ਸੀ ।

'ਮਨੁੱਖ ਕਿਉਂ ਨਹੀਂ ਇਕਦਮ ਮਰ ਸਕਦਾ ? ਗਾਉਂਦਾ ਗਾਉਂਦਾ !...'

# ਨਾਵਲਿਟ

# ਪੋਸਟ ਮਾਰਟਮ

## ਇਕ

ਦਸੰਬਰ ਦੀ ਇਸ ਕਕਰੀਲੀ ਰਾਤ ਵਿਚ ਮੈਂ ਬਿਸਤਰੇ 'ਤੇ ਲੇਟੇ ਆਪਣੇ ਜਿਸਮ ਨੂੰ ਜਿਵੇਂ ਕੋਲ ਖੜੋ ਕੇ ਵੇਖਦੀ ਹਾਂ। ਮੈਨੂੰ ਜਾਪਦਾ ਏ, ਜਿਵੇਂ ਇਕ ਸਵਾਲੀਆ ਨਿਸ਼ਾਨ ਬਿਸਤਰੇ 'ਤੇ ਪਿਆ ਹੋਵੇ। ਗੋਡੇ ਢਿੱਡ ਵਲ ਉਠੇ ਹੋਏ। ਧੌਣ ਅਗਾਂਹ ਨੂੰ ਉਲਰੀ ਹੋਈ। ਪਿੱਠ ਗੋਲ।

ਸਵਾਲੀਆ ਨਿਸ਼ਾਨ।

ਆਪਣੇ ਗੋਡੇ ਬੜੇ ਮਾਸੂਮ ਜਾਪਦੇ ਨੇ। ਜਿਵੇਂ ਠੰਢ ਵਿਚ ਠੁਰਕੇ ਹੋਏ ਦੋ ਛੋਟੇ ਖ਼ਰਗੋਸ਼ ਕੋਲ ਕੋਲ ਢੁਕ ਕੇ ਬੈਠੇ ਹੋਣ। ਸੁੰਗੜ ਕੇ।

ਰਜ਼ਾਈ ਦੇ ਬਾਹਰ, ਪਲੰਘ ਦੀ ਬਾਹੀ ਦੇ ਕੋਲ ਟੈਲੀਫ਼ੋਨ ਪਿਆ ਏ। ਖ਼ਾਮੋਸ਼, ਕਿਸੇ ਛੋਟੇ ਕਾਲੇ ਪਾਲਤੂ ਕੁੱਤੇ ਵਾਂਗੂੰ। ਕੰਨਾਂ ਵਿਚ ਧੌਣ ਛੁਪਾ ਕੇ, ਪੰਜਿਆਂ ਉਤੇ ਮੂੰਹ ਰਖ ਕੇ ਚੁੱਪ ਚਾਪ ਬੈਠਾ ਹੋਇਆ।

ਇੰਤਜ਼ਾਰ ਵਿਚ।

ਰਾਤ ਪਲ ਪਲ ਕਰ ਕੇ ਬੀਤ ਰਹੀ ਏ। ਕਿਸੇ ਨਲਕੇ ਦੇ ਮੂੰਹ ਵਿਚੋਂ ਟਪ ਟਪ ਕਰ ਕੇ ਡਿਗਦੀਆਂ ਪਾਣੀ ਦੀਆਂ ਬੂੰਦਾਂ ਵਾਂਗੂੰ। ਬੇਸਹਾਰਾ ਟਪਕਦੀਆਂ ਬੂੰਦਾਂ, ਜਿਨ੍ਹਾਂ ਦੇ ਬਾਰੇ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਉਹਨਾਂ ਦੇ ਟਪਕਣ ਦਾ ਅਹਿਸਾਸ ਕਦੇ ਰਾਤ ਦੀ ਖ਼ਾਮੋਸ਼ੀ ਵਿਚੋਂ ਬਹੁਤ ਸ਼ਿੱਦਤ ਨਾਲ ਉਭਰ ਕੇ ਆਉਂਦਾ ਏ। ਸਾਫ਼, ਤੇ ਤਿੱਖਾ, ਤੇ ਚਮਕੀਲਾ। ਨੋਕਦਾਰ। ਕਦੇ ਖ਼ਾਮੋਸ਼ੀ ਵਿਚ ਗੁਆਚ ਜਾਂਦਾ ਏ, ਰਾਤ ਦੀਆਂ ਹੋਰ ਬਹੁਤ ਸਾਰੀਆਂ ਆਵਾਜ਼ਾਂ ਵਾਂਗੂੰ ਜਿਹੜੀਆਂ ਹੁੰਦੀਆਂ ਵੀ ਨੇ ਤੇ ਨਹੀਂ ਵੀ ਹੁੰਦੀਆਂ। ਏਨੀਆਂ ਲਗਾਤਾਰ ਹੁੰਦੀਆਂ ਨੇ, ਤੇ ਮੋਨੋਟੋਨੱਸ, ਕਿ ਨਹੀਂ ਹੋਣ ਵਾਂਗੂੰ ਜਾਪਦੀਆਂ ਨੇ।

ਜਾਪਦਾ ਏ ਇਹ ਪਾਣੀ ਦੀਆਂ ਬੂੰਦਾਂ ਜਿਵੇਂ ਛਾਤੀ ਦੇ ਅੰਦਰ ਕਿਤੇ ਟਪਕ ਰਹੀਆਂ ਨੇ। ਜਿਵੇਂ ਇਕ ਬਹੁਤ ਵੱਡਾ ਸਾਰਾ ਬੱਦਲ ਛਾਤੀ ਦੇ ਅੰਦਰ ਲਹਿ ਗਿਆ ਏ, ਤੇ ਹੁਣ ਟਪ ਟਪ ਵੱਸ ਰਿਹਾ ਏ।

ਰਾਤ ਗੁਜ਼ਰ ਰਹੀ ਏ।

ਕੇਡੀ ਅਜੀਬ ਗੱਲ ਏ! ਓਹੀ ਵਕਤ ਹੁੰਦਾ ਏ ਜਿਹੜਾ ਹੁਣ ਦੀ ਘੜੀ ਵਿਚ

ਬੀਤਦਾ ਹੀ ਨਹੀਂ । ਓਹੀ ਵਕਤ ਹੁੰਦਾ ਏ ਜਿਸ ਨੂੰ ਤੁਸੀਂ ਕਲ੍ਹ ਫੇਰ ਵਾਪਸ ਨਹੀਂ ਲਿਆ ਸਕਦੇ । ਮਨ ਵਿਚ ਬਹੁਤ ਭਾਰੀਪਨ ਲਹਿ ਜਾਂਦਾ ਏ ਬੱਸ, ਕਿ ਕਾਸ਼ ਕਦੇ ਉਹ ਨਾ ਗੁਜ਼ਰਦਾ, ਤੇ ਤੁਸੀਂ ਹੁਣ ਉਹਦੇ ਵਿਚੋਂ ਗੁਜ਼ਰ ਰਹੇ ਹੁੰਦੇ । ਤੇ ਗੁਜ਼ਰਦੇ ਰਹਿੰਦੇ !

## ਦੋ

ਰਾਤ ਦੀ ਖ਼ਾਮੋਸ਼ੀ ਵਿਚੋਂ ਪੋਲੇ ਪੈਰੀਂ ਤੁਰਦਾ ਤੇਰਾ ਚਿਹਰਾ ਮੇਰੇ ਕੋਲ ਆ ਖੜੋਤਾ ਏ ।

ਤੇਰੇ ਚਿਹਰੇ ਦੇ ਕਈ ਜ਼ਾਵੀਏ, ਕਈ ਕੋਣ ।

ਕਈ ਰੰਗਾਂ ਵਿਚ ਘਿਰਿਆ ਤੇਰਾ ਚਿਹਰਾ ।

ਤਰਕਾਲਾਂ ਦੇ ਗਹਿਰੇ ਸਲੇਟੀ ਧੁੰਦਲਕੇ ਵਿਚ ਲਿਪਟਿਆ ਨਿਹਾਇਤ ਕੋਮਲ ਚਿਹਰਾ, ਹੇਠਾਂ ਨੂੰ ਝੁਕਿਆ ਹੋਇਆ । ਤੇਰੀਆਂ ਦੋਵੇਂ ਪੁੜਪੁੜੀਆਂ ਤੇ ਨੱਕ ਦੀ ਨੋਕ ਇਕ ਮੁਲਾਇਮ ਐਂਗਲ ਬਣਾਂਦੇ ਹੋਏ । ਝੁਕੀਆਂ ਹੋਈਆਂ ਅੱਖਾਂ ਦੀਆਂ ਪਲਕਾਂ । ਤੇ ਤੇਰੇ ਨਰਮ ਕੰਬਦੇ ਬੋਲ, ਤੇਰੇ ਚਿਹਰੇ ਦੇ ਆਸ ਪਾਸ ਪਾਣੀ ਦੀਆਂ ਛੋਟੀਆਂ ਲਹਿਰਾਂ ਵਾਂਗੂੰ ਫੈਲਦੇ ਹੋਏ, ''ਆਈ ਲਵ ਯੂ'' ।

ਤਕੱਲੁਫ਼ ਵਾਲੀ ਮੁਸਕਰਾਹਟ ਵਿਚ ਘਿਰਿਆ ਹੋਇਆ ਤੇਰਾ ਚਿਹਰਾ, ਖ਼ਰਾਮਾਂ ਕਦਮਾਂ ਨਾਲ ਤੁਰਦਾ, ਨੇੜੇ ਆਉਂਦਾ ਹੋਇਆ ।

'ਹੈਲੋ, ਕੀ ਹੋ ਰਿਹਾ ਏ ਜੀ ?' ਤੇ ਮੇਰੇ ਸਾਹਮਣੇ ਫੈਲੇ ਕਾਗਜ਼ਾਂ ਵਲ ਮੁੜ ਰਿਹਾ ।

ਤਨਜ਼ ਨਾਲ ਹੱਸ ਰਿਹਾ ਤੇਰਾ ਚਿਹਰਾ, 'ਅੱਛਾ, ਤੇ ਇਹ ਮੁਹੱਬਤ ਦੀ ਡਾਇਲਾਗ ਬੋਲੀ ਜਾ ਰਹੀ ਏ ?'

ਸਿਗਰੇਟ ਦੇ ਧੂੰਏਂ ਵਿਚ ਘਿਰਿਆ ਤੇਰਾ ਚਿਹਰਾ । ਸੰਜੀਦਗੀ ਨਾਲ ਚੋਕੋਰ ਜਾਪ ਰਿਹਾ । ਅੱਖਾਂ ਸੋਚ ਵਿਚ ਸੁੰਗੜੀਆਂ । ਤੇ ਤੇਰੇ ਬੋਲ, 'ਮੈਨੂੰ ਲਗਦਾ ਏ, ਮੇਰੇ ਅੰਦਰ ਜਿਵੇਂ ਇਕ ਬਿੰਦੂ ਏ, ਜਿਹੜਾ ਪਕੜ ਵਿਚ ਨਹੀਂ ਆਉਂਦਾ । ਜਦੋਂ ਫੜਨ ਲਗਨਾਂ ਉਹਨੂੰ, ਫਿਸਲ ਜਾਂਦਾ ਏ । ਕਦੇ ਲਾਟ ਵਾਂਗੂੰ ਜਗਦਾ ਏ । ਬੇਹੱਦ ਤਪਸ਼ । ਕਦੇ ਭੰਵਰ ਵਾਂਗੂੰ ਘੁਮੜਦਾ ਏ । ਗਾੜ੍ਹ ਗਾੜ੍ਹ ਕਰ ਕੇ ਘਮੜਦੇ ਭਿਆਨਕ ਭੰਵਰ ਵਾਂਗੂੰ । ਪਰ ਮੈਂ ਉਹਦੇ ਅੰਦਰ ਝਾਕ ਕੇ ਨਹੀਂ ਵੇਖ ਸਕਦਾ । ਨਾ ਉਹਦੇ ਆਰ-ਪਾਰ ਤੱਕ ਸਕਨਾਂ । ਕੁਝ ਠੋਸ ਏ । ਸਖ਼ਤ । ਪਰ ਮੈਂ ਉਹਨੂੰ ਫੜ ਨਹੀਂ ਸਕਦਾ ।'

ਪੀੜ ਨਾਲ ਤ੍ਰੇੜਿਆ ਤੇਰਾ ਚਿਹਰਾ, ਦਰਦ ਨਾਲ ਝੰਬਿਆ, 'ਛੱਤੀ ਲੰਬੇ ਵਰ੍ਹੇ ਜੀਅ ਲਏ । ਖ਼ਾਹਮਖ਼ਾਹ । ਸ਼ੋਰ ਨਾਲ ਭਰੇ । ਸਟਰਗਲ ਨਾਲ । ਜੀਅ ਜੀਅ ਕੇ ਥੱਕ ਗਿਆਂ । ਬਹੁਤ ਕੰਮ ਕੀਤਾ, ਬੇਹੱਦ ਮਿਹਨਤ ਕੀਤੀ, ਪੈਸੇ ਕਮਾਏ, ਸ਼ਰਾਬ ਪੀਤੀ । ਜਿਸਮ, ਅਣਗਿਣਤ...ਇਕ ਤੋਂ ਬਾਅਦ ਦੂਜਾ, ਦਸਵੇਂ ਤੋਂ ਬਾਅਦ ਗਿਆਰ੍ਹਵਾਂ, ਸਤ੍ਹਾਰਵੇਂ ਤੋਂ ਬਾਅਦ ਇਕੱਤ੍ਰਵਾਂ । ਅਜੀਬ ਸਿਲਸਿਲਾ । ਕੋਈ ਚਿਹਰਾ ਯਾਦ ਨਹੀਂ, ਸਿਵਾਇ ਇਕ ਦੋ ਦੇ । ਉਹ ਵੀ ਚਲੇ ਗਏ । ਕਲਾਈਮੈਕਸ ਤੋਂ ਮਗਰੋਂ ਐਂਟੀ ਕਲਾਈਮੈਕਸ । ਸੈਕਸ, ਸੈਕਸ । ਤੇ ਫੇਰ ਬੋਰੀਅਤ ਦੀ ਹੱਦ । ਸ਼ੁਰੂ ਤੇ ਅਖ਼ੀਰ, ਤੇ



ਫੇਰ ਸ਼ੁਰੂਆਤ । ਤੇ ਮੈਨੂੰ ਲਗਦਾ ਏ ਮੈਂ ਮਰ ਗਿਆਂ, ਉਹ ਜੋ ਮੈਂ ਸਾਂ । ਮਹਿਸੂਸ ਕਰਨ ਵਾਲਾ ਮੈਂ । ਵਿਸਮਾਦ ਨੂੰ, ਖ਼ੁਸ਼ੀ ਨੂੰ ਮਹਿਸੂਸ ਕਰ ਸਕਣ ਵਾਲਾ ਮੈਂ । ਪਿਆਰ ਲਈ ਤੜਪਣ ਵਾਲਾ ਮੈਂ, ਦਰਦ ਨੂੰ ਬਰਦਾਸ਼ਤ ਕਰਨ ਲਈ ਮੀਲਾਂ ਦੇ ਮੀਲ ਤੁਰਨ ਵਾਲਾ ਮੈਂ, ਉਹ ਮਰ ਗਿਆ ਏ । ਇਹ ਜੋ ਮੈਂ ਹੁਣ ਹਾਂ, ਇਹ ਨਿਰਾ ਵੈਕਿਊਮ ਏ ।'

ਪਿਘਲੇ ਹੋਏ ਦਰਦ ਨਾਲ ਤਰਲ ਤੇਰਾ ਚਿਹਰਾ, 'ਮੈਨੂੰ ਤੇਰੀ ਮੁਹੱਬਤ ਦੀ...।'

ਬੇਹੱਦ ਜ਼ਾਲਮ ਮੁਸਕਰਾਹਟ ਨਾਲ ਕਠੋਰ ਹੋਇਆ ਤੇਰਾ ਚਿਹਰਾ, 'ਨਹੀਂ', ਮੈਨੂੰ ਕਿਸੇ ਦੀ ਕੀ ਪਰਵਾਹ ਏ ! ਇਕ ਬੀਵੀ ਕੀ, ਸੱਤ ਬੀਵੀਆਂ ਤੇਰੇ ਤੋਂ ਕੁਰਬਾਨ ਕਰ ਦਿਆਂ ਮੈਂ । ਬਸ ਮੈਂ ਤੈਨੂੰ ਬੰਬਈ ਲੈ ਜਾਵਾਂਗਾ । ਏਥੋਂ ਦੂਰ । ਉਥੇ ਅਸੀਂ ਬਿਲਕੁਲ ਸ਼ਾਂਤੀ ਵਿਚ ਦੋ ਹਫ਼ਤੇ ਰਹਾਂਗੇ । ਮੈਂ ਤੈਨੂੰ ਬਹੁਤ ਪਿਆਰ ਕਰਾਂਗਾ । ਰੋਜ਼ । ਸਵੇਰੇ ਵੀ, ਸ਼ਾਮੀਂ ਵੀ, ਰਾਤੀਂ ਵੀ ।'

ਸ਼ਰਾਬ ਨਾਲ ਖ਼ੁਮਾਰਿਆ ਤੇਰਾ ਚਿਹਰਾ ।

ਉਨੀਂਦਰੇ ਨਾਲ ਬੋਝਲ ਤੇਰਾ ਚਿਹਰਾ ।

ਨੀਂਦਰ ਵਿਚ ਸ਼ਾਂਤ ਸੁੱਤਾ ਤੇਰਾ ਚਿਹਰਾ ।

ਕਾਗ਼ਜ਼ਾਂ ਉਤੇ ਝੁਕਿਆ, ਸੰਜੀਦਾ, ਕੰਮ ਵਿਚ ਗ਼ਲਤਾਨ ਤੇਰਾ ਚਿਹਰਾ ।

ਸੜਕਾਂ ਉਤੇ ਤੁਰਦਾ, ਲੋਕਾਂ ਵਲ ਸਰਸਰੀ ਨਜ਼ਰੇ ਤੱਕਦਾ, ਬਿਲਕੁਲ ਆਮ, ਭਾਵ-ਹੀਣ ਤੇਰਾ ਚਿਹਰਾ ।

ਹੋਠਾਂ ਵਿਚ ਲਟਕਦੀ ਸਿਗਰੇਟ ਨੂੰ ਸੁਲਗਾਂਦਿਆਂ ਦੀਆ ਸਲਾਈ ਦੇ ਮੱਧਮ ਚਾਨਣੇ ਵਿਚ ਸੁੰਗੜੀਆਂ ਅੱਖਾਂ ਦੇ ਭੂਰੇਪਣ ਨੂੰ ਲਾਟ ਵਾਂਗੂੰ ਰੋਸ਼ਨ ਕਰਦਾ ਖ਼ਾਮੋਸ਼ ਤੇਰਾ ਚਿਹਰਾ ।

ਗੱਲਾਂ ਕਰਦਾ, ਮੁਸਕਰਾਂਦਾ, ਹੱਸਦਾ, ਤੇਰਾ ਚਿਹਰਾ ।

ਨਵਾਂ ਸੂਟ ਪਾ ਕੇ ਬੱਚਿਆਂ ਵਾਂਗੂੰ ਖ਼ੁਸ਼ ਤੇਰਾ ਚਿਹਰਾ ।

ਮੈਨੂੰ ਬਾਹਵਾਂ ਵਿਚ ਘੁੱਟ ਕੇ, ਪੂਰੀ ਕੋਸ਼ਿਸ਼ ਨਾਲ ਆਪਣੀ ਖ਼ਾਹਿਸ਼ ਨਾਲ ਲੜਦਿਆਂ, ਇਕ ਇਕ ਮਸਲ ਵਿਚ ਕੱਟ ਕੇ ਡਾਈਸੈੱਕਟ ਹੋਇਆ ਤੇਰਾ ਚਿਹਰਾ, 'ਨਹੀਂ', ਨਹੀਂ', ਅਜੇ ਨਹੀਂ', ਅਜੇ ਮੈਂ ਪੂਰਾ ਤੇਰੇ ਕੋਲ ਨਹੀਂ । ਮੈਨੂੰ ਅਧੂਰੇ ਨੂੰ ਬਿਲਕੁਲ ਮਨਜ਼ੂਰ ਨਾ ਕਰੀਂ । ਅਜੇ ਮੈਨੂੰ ਕਮਜ਼ੋਰ ਨਾ ਹੋਣ ਦੇਵੀਂ ।'

## ਤਿੰਨ

ਗਰਮੀ ਦੇ ਦਿਨ ਸਨ ।

ਬੇਸ਼ੁਮਾਰ ਧੂੜ ਉੱਡ ਰਹੀ ਸੀ ।

ਸੜਕ ਤੋਂ ਲੂੰਹਵੀਂ ਤਪਸ਼ ਉੱਡ ਕੇ ਜਿਵੇਂ ਮੋਟਰ ਦੇ ਲੋਹੇ ਨੂੰ ਭਠਿਆਰੀ ਦੀ ਭੱਠੀ ਵਾਂਗੂੰ ਤਪਾ ਰਹੀ ਸੀ । ਪੈਰਾਂ ਦੀਆਂ ਤਲੀਆਂ ਵਿਚੋਂ ਗਰਮ ਚੰਗਿਆੜੇ ਨਿਕਲ ਰਹੇ ਸਨ ।

ਪਰ ਤੂੰ ਮੇਰੇ ਨਾਲ ਸਾਏਂ । ਤੇ ਕੁਝ ਵੀ ਨਾਗਵਾਰ ਨਹੀਂ ਸੀ ।

ਕਰਨਾਲ।

ਕਿਸੇ ਸਰਕਾਰੀ ਦਫ਼ਤਰ ਦਾ ਕਮਰਾ ਸੀ। ਬਹੁਤ ਬੇਰੰਗ।

ਜਿਵੇਂ ਕਲਬੂਤ ਚੜ੍ਹੀ ਹੋਈ ਜੁੱਤੀ।

ਜਿਸ ਬੰਦੇ ਨੂੰ ਅਸੀਂ ਮਿਲਣ ਗਏ ਸਾਂ, ਉਹ ਨਹੀਂ ਸੀ। ਕਿਉਂਕਿ ਇਕ ਕਾਰ ਉਸ ਟੁੱਟੇ ਭੱਜੇ ਦਫ਼ਤਰ ਦੇ ਅਗੇ ਜਾ ਕੇ ਖਲੋਤੀ ਸੀ (ਤੇ ਉਸ ਦਫ਼ਤਰ ਦੇ ਬੂਹੇ ਅਗੇ ਕਦੇ ਕਦਾਈਂ ਹੀ ਕੋਈ ਮੋਟਰ ਆ ਕੇ ਰੁਕਦੀ ਸੀ, ਚੰਡੀਗੜ੍ਹੋਂ ਵਡੇ ਦਫ਼ਤਰੋਂ ਜਦੋਂ ਕਦੇ ਕੋਈ ਵਡਾ ਅਫ਼ਸਰ ਇਨਸਪੈਕਸ਼ਨ ਵਾਸਤੇ ਆਉਂਦਾ) ਚਪੜਾਸੀ ਵੀ ਤੇ ਕਲਰਕ ਵੀ ਸਾਨੂੰ ਉਚੇਚਾ ਨਾਲ ਆ ਕੇ ਕਮਰੇ ਵਿਚ ਬਿਠਾ ਗਏ ਸਨ।

ਕੋਈ ਨਾ ਕੋਈ ਦਸ ਪੰਦਰਾਂ ਮਿੰਟਾਂ ਮਗਰੋਂ ਆ ਕੇ ਚਾਹ ਪਾਣੀ ਪੁੱਛ ਜਾਂਦਾ ਸੀ। ਹੱਥ ਜੋੜ ਕੇ। ਅਸੀਂ ਪਾਣੀ ਪੀਵੀ ਜਾ ਰਹੇ ਸਾਂ। ਸੁਰਾਹੀ ਦਾ ਠੰਢਾ, ਮਿੱਟੀ ਦੀ ਸੋਂਧੀ ਸੋਂਧੀ ਮਹਿਕ ਵਾਲਾ ਪਾਣੀ। ਤੇ ਇੰਤਜ਼ਾਰ ਕਰੀ ਜਾ ਰਹੇ ਸਾਂ।

ਬੜਾ ਚਿਰ ਲਗ ਰਿਹਾ ਸੀ, ਪਰ ਕੋਈ ਕੋਫ਼ਤ ਨਹੀਂ ਸੀ ਹੋ ਰਹੀ। ਮੈਂ ਤਾਂ ਸਗੋਂ ਚਾਹ ਰਹੀ ਸਾਂ ਕਿ ਉਹ ਬੰਦਾ ਆਵੇ ਹੀ ਨਾ, ਤੇ ਅਸੀਂ ਉਸੇ ਤਰ੍ਹਾਂ ਬੈਠੇ ਉਹਦੀ ਇੰਤਜ਼ਾਰ ਕਰੀ ਜਾਈਏ, ਤੇ ਰਾਤ ਪੈ ਜਾਵੇ...।

ਆਖ਼ਰ ਪੰਜ ਕੁ ਵਜੇ ਉਹ ਆਇਆ।

ਨਿੱਕੇ ਸ਼ਹਿਰਾਂ ਦੇ ਦਫ਼ਤਰਾਂ ਦੇ ਖ਼ਾਸ ਪਿਆਲਿਆਂ ਵਿਚ ਉਹਨੇ ਸਾਨੂੰ ਚਾਹ ਪਿਆਈ। ਮੋਟੇ, ਠੁਲ੍ਹੇ ਜਿਹੇ, ਘਸੇ ਹੋਏ ਕਿਨਾਰਿਆਂ ਵਾਲੇ ਲੜਖੜਾਂਦੇ ਜਿਹੇ ਪਿਆਲੇ, ਜਿਹੜੇ ਪਲੇਟ ਵਿਚ ਛੁਲਕੀ ਹੋਈ ਚਾਹ ਦੇ ਛੋਟੇ ਜਿਹੇ ਚੁਬੱਚੇ ਵਿਚ ਬੈਠੇ ਹੁੰਦੇ ਨੇ।

ਕੰਮ ਦੀ ਗੱਲ ਘੰਟੇ ਵਿਚ ਮੁਕ ਗਈ।

ਫੇਰ ਅਸਾਂ ਉਸ ਸਰਕਾਰੀ ਅਫ਼ਸਰ ਨੂੰ ਉਹਦੇ ਘਰ ਲਾਹ ਦਿਤਾ।

ਤਰਕਾਲਾਂ ਪੈ ਗਈਆਂ।

"ਵਾਪਸ ਚਲੀਏ ਹੁਣ?" ਤੂੰ ਕਿਹਾ।

ਮੇਰਾ ਦਿਲ ਨਹੀਂ ਸੀ ਕਰ ਰਿਹਾ, ਉਸ ਦਿਨ ਵਾਪਸ ਦਿੱਲੀ ਆਉਣ 'ਤੇ। ਸੋਚ ਰਹੀ ਸਾਂ, ਕਿਸੇ ਸਰਾਂ ਵਿਚ, ਕਿਸੇ ਸੜਕ ਦੇ ਕੰਢੇ ਬਣੀ ਝੁੱਗੀ ਵਿਚ ਹੀ ਰਹਿ ਜਾਈਏ ਭਾਵੇਂ, ਵਾਪਸ ਨਾ ਜਾਈਏ।

ਤੂੰ ਕਾਰ ਝੀਲ ਦੇ ਕਿਨਾਰੇ ਬਣੇ ਇਕ ਰੈਸਤੋਰਾਂ ਵਲ ਮੋੜ ਲਈ, "ਚਾਹ ਪੀ ਕੇ ਚਲਨੇ ਆਂ।"

ਝੀਲ ਦੇ ਕਿਨਾਰੇ ਰੈਸਤੋਰਾਂ ਦੇ ਬੂਹੇ ਅਗੇ ਕਾਰ ਰੋਕੀ। ਆਸ ਪਾਸ ਕੋਈ ਬੰਦਾ ਨਹੀਂ ਸੀ। ਰੈਸਤੋਰਾਂ ਦੀ ਖ਼ਾਮੋਸ਼ ਇਮਾਰਤ ਸ਼ਾਮ ਦੇ ਉਸ ਧੁੰਦਲਕੇ ਵਿਚ ਬੜੀ ਟੂਣਿਆਂਹਾਰੀ ਜਾਪ ਰਹੀ ਸੀ। ਡਿਓਢੀ ਵਿਚ ਮੱਧਮ ਜਿਹਾ ਚਾਨਣ ਸੀ। ਗਲਿਆਰੇ ਤੋਂ ਅਗੇ ਉਤੇ ਜਾਂਦੀਆਂ ਪੌੜੀਆਂ ਵਿਚ ਤੇਜ਼ ਰੌਸ਼ਨੀ ਵਾਲਾ ਬਲਬ ਜਗ ਰਿਹਾ ਸੀ।

ਉਤੇ ਜਾ ਕੇ ਸੱਜੇ ਹੱਥ ਰੈਸਤੋਰਾਂ ਦਾ ਹਾਲ ਸੀ। ਸਾਰੇ ਕੁਰਸੀਆਂ ਮੇਜ਼ ਖ਼ਾਲੀ ਪਏ



ਸਨ। ਮੱਧਮ ਚਾਨਣ ਵਿਚ ਕਾਲੀਆਂ ਗੁਦਗੁਦੀਆਂ ਕੁਰਸੀਆਂ ਤੇ ਆਬਨੂਸੀ ਰੰਗ ਦੇ ਮੇਜ਼ ਸਰਗੋਸ਼ੀਆਂ ਕਰਦੇ ਜਾਪ ਰਹੇ ਸਨ।

ਰੀਕਾਰਡ ਪਲੇਅਰ ਤੇ ਕੋਈ ਬੜੀ ਨਰਮ ਨਾਜ਼ਕ ਧੁਨ ਵਜ ਰਹੀ ਸੀ।

ਸੰਗੀਤ ਦਾ ਸੋਜ਼ ਲੋਕਾਂ ਤੋਂ ਸੱਖਣੇ ਚੁਗਿਰਦੇ ਵਿਚ ਪਾਣੀ ਦੀਆਂ ਲਹਿਰਾਂ ਵਾਂਗੂੰ ਫੈਲ ਰਿਹਾ ਸੀ।

ਤੂੰ ਅੱਖਾਂ ਬੰਦ ਕਰ ਕੇ ਇਕ ਵਜਦ ਵਿਚ ਸਿਰ ਨੂੰ ਧੁਨ ਦੇ ਨਾਲ ਨਾਲ ਜੁੰਬਸ਼ ਦਿਤੀ। ਮੇਰਾ ਜੀਅ ਕੀਤਾ ਤੇਰੇ ਚਿਹਰੇ ਨੂੰ ਦੋਹਾਂ ਬਾਹਵਾਂ ਵਿਚ ਲਪੇਟ ਕੇ, ਹਿੱਕ ਨਾਲ ਘੁੱਟ ਲਵਾਂ। ਤੇਰੀਆਂ ਬੰਦ ਅੱਖਾਂ ਦੀਆਂ ਕੰਬਦੀਆਂ ਝਿੰਮਣੀਆਂ ਨੂੰ ਚੁੰਮ ਲਵਾਂ।

ਪਰ ਜਿਸ ਤਰ੍ਹਾਂ ਉਸ ਸੰਗੀਤ ਨੂੰ ਬਾਹਵਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ, ਏਸੇ ਤਰ੍ਹਾਂ ਤੈਨੂੰ ਵੀ ਬਾਹਵਾਂ ਵਿਚ ਲਪੇਟ ਲੈਣਾ ਬਹੁਤ ਔਖਾ ਸੀ।

ਮੈਨੂੰ ਉਸ ਵੇਲੇ ਲਗਾ ਜਿਵੇਂ ਤੂੰ ਖ਼ੁਸ਼ਬੂ ਦਾ ਇਕ ਸਾਹ ਸਾਏਂ, ਸੰਗੀਤ ਦੀ ਫੈਲਦੀ ਹੋਈ ਧੁਨ ਸਾਏਂ, ਬੱਦਲ ਦਾ ਇਕ ਟੋਟਾ ਸਾਏਂ, ਲਹਿਰ ਦਾ ਠੁਮਕਦਾ ਨ੍ਰਿਤ ਸਾਏਂ, ਵਹਿੰਦੇ ਪਾਣੀ ਦੀ ਆਵਾਜ਼ ਸਾਏਂ।

ਮੇਰਾ ਮਨ ਉਦਾਸੀ ਨਾਲ ਭਰ ਗਿਆ।

ਰੀਕਾਰਡ ਸ਼ਾਇਦ ਖ਼ਤਮ ਹੋ ਗਿਆ ਸੀ। ਕਮਰਾ ਇਕ ਦਮ ਖ਼ਾਲੀ ਜਾਪਣ ਲਗ ਪਿਆ ਸੀ। ਸਿਰਫ਼ ਦੀਵਾਰਾਂ ਨੇ ਜਿੰਨਾ ਕੁ ਸੰਗੀਤ ਆਪਣੇ ਅੰਦਰ ਸੋਖ ਲਿਆ ਸੀ, ਓਹੀ ਤੁਪਕਾ ਤੁਪਕਾ ਕਰ ਕੇ ਰਿਸ ਰਿਹਾ ਸੀ।

ਤੂੰ ਉਠ ਕੇ ਰੈਸਤੋਰਾਂ ਦੇ ਮੈਨੇਜਰ ਕੋਲ ਚਲਾ ਗਿਆ। ਰੀਕਾਰਡ ਤੋਂ ਤੂੰ ਸੰਗੀਤ ਦਾ ਨਾਂ ਤੇ ਗਾਇਕ ਦਾ ਨਾਂ ਲੱਭ ਰਿਹਾ ਸਾਏਂ।

ਮੇਰੇ ਵਾਸਤੇ ਚਾਹ ਆ ਗਈ। ਤੇਰੇ ਲਈ ਇਕ ਗਲਾਸ ਵਿਚ ਵਿਸਕੀ।

"ਬਾਹਰ ਵੀ ਬਹਿਣ ਦੀ ਥਾਂ ਹੈ?" ਤੂੰ ਵੇਟਰ ਕੋਲੋਂ ਪੁੱਛਿਆ।

ਬਾਹਰ ਖੁਲ੍ਹੀ ਛੱਤ ਸੀ, ਤੇ ਬਨੇਰੇ ਦੇ ਨਾਲ ਨਾਲ ਚੌੜੀ ਰੌਂਸ।

ਛੱਤ 'ਤੇ ਕੁਝ ਮੇਜ਼ ਕੁਰਸੀਆਂ ਪਏ ਸਨ।

ਵੇਟਰ ਬਾਹਰ ਜਾ ਕੇ ਮੁੜ ਆਇਆ, "ਸਾਹਿਬ, ਬਾਹਰ ਸਿਰਫ਼ ਦੋ ਟੇਬਲ ਹੈਣ, ਦੋਵੇਂ ਆਕੂਪਾਈਡ ਨੇ।"

"ਕੋਈ ਗੱਲ ਨਹੀਂ, ਸਾਡੀ ਚਾਹ ਤੂੰ ਰੌਂਸ 'ਤੇ ਹੀ ਰਖ ਦੇ," ਮੈਂ ਕਿਹਾ।

ਵਿਸਕੀ ਦਾ ਗਲਾਸ ਤੂੰ ਹੱਥ ਵਿਚ ਫੜ ਲਿਆ ਸੀ।

ਤਰਕਾਲਾਂ ਹੋਰ ਡੂੰਘੀਆਂ ਹੋ ਚੁਕੀਆਂ ਸਨ। ਇਹ ਰਾਤ ਦੀ ਸ਼ੁਰੂਆਤ ਸੀ। ਚੰਨ ਦੂਰ ਦੁਮੇਲ ਤੋਂ ਰਤਾ ਕੁ ਉਤੇ ਸੀ, ਬਸ ਗਿੱਠ ਕੁ।

ਤਾਰੇ ਏਸੇ ਕਰ ਕੇ ਬਹੁਤ ਨੀਵੇਂ ਜਾਪ ਰਹੇ ਸਨ। ਇੰਜ, ਜਿਵੇਂ ਇਕ ਪੜਸਾਂਗ ਲਾ ਕੇ ਉਹਨਾਂ ਨੂੰ ਫੁੱਲਾਂ ਵਾਂਗੂੰ ਤੋੜ ਕੇ ਝੋਲੀ ਵਿਚ ਭਰਿਆ ਜਾ ਸਕਦਾ ਹੋਵੇ। ਬਹੁਤ ਨੀਵੇਂ ਤੇ ਬਹੁਤ ਚਮਕੀਲੇ, ਬਹੁਤ ਸ਼ਫ਼ਾਫ਼!

ਬਹੁਤ ਮੁੱਦਤ ਹੋ ਗਈ, ਕਦੇ ਸ਼ਾਮ ਇਤਨੀ ਹਸੀਨ ਨਹੀਂ ਸੀ ਲਗੀ। ਅੱਜ ਇਹ

ਤੇਰੀ ਹੋਂਦ ਦਾ ਜਾਦੂ ਸੀ ਜਿਹੜਾ ਸਭ ਪਾਸੇ ਫੈਲਦਾ ਜਾ ਰਿਹਾ ਸੀ ।

ਉਸ ਜਾਦੂਈ ਖ਼ੂਬਸੂਰਤੀ ਵਿਚ ਬੋਲਿਆ ਨਹੀਂ ਸੀ ਜਾ ਸਕਦਾ । ਉਸ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਸੀ ।

ਪਿੰਡਾ ਜਿਵੇਂ ਹੌਲੀ ਹੌਲੀ ਖੁਰ ਰਿਹਾ ਹੋਵੇ ।

ਇਹ ਸਾਬਤ ਖ਼ੁਸ਼ੀ ਵੀ ਨਹੀਂ ਸੀ । ਖ਼ੁਸ਼ੀ ਤੋਂ ਪਹਿਲਾ ਛਿਣ ਸੀ, ਜਦੋਂ ਸਾਹ ਸੰਘ ਵਿਚਕਾਰ ਰੁਕ ਜਾਂਦਾ ਏ ।

ਚੰਨ ਹੌਲੀ ਹੌਲੀ ਪਰ੍ਹੇ ਹੇਠਾਂ ਲਹਿੰਦਾ ਜਾ ਰਿਹਾ ਸੀ । ਜਿਉਂ ਜਿਉਂ ਹੇਠਾਂ ਜਾ ਰਿਹਾ ਸੀ, ਲਹਿਰਾਂ ਵਿਚ ਥਿਰਕਦੀ ਉਹਦੀ ਰੌਸ਼ਨੀ ਇਕੱਠੀ ਹੋ ਕੇ ਇਕ ਸਿੱਧੀ ਸ਼ਤੀਰ ਵਰਗੀ ਲੰਮੀ ਲਕੀਰ ਵਿਚ ਸਿਮਟਦੀ ਜਾ ਰਹੀ ਸੀ । ਲਕੀਰ ਵੀ ਨਹੀਂ, ਗਿੱਠ ਕੁ ਚੌੜੀ ਚਾਨਣ ਦੀ ਇਕ ਸੜਕ ਏਥੋਂ ਤੋਂ ਓਥੋਂ ਤਕ, ਝੀਲ ਦੇ ਪਰਲੇ ਕਿਨਾਰੇ ਤਕ ਫੈਲੀ ਹੋਈ ।

ਤੂੰ ਕਿਹਾ, "ਔਹ ਵੇਖ ।"

"ਚਾਨਣ ਦੀ ਸੜਕ ।"

"ਆ ਹੱਥ ਫੜ ਕੇ ਇਹਦੇ ਤੇ ਦੌੜੀਏ ।" ਤੂੰ ਬਾਲਾਂ ਵਾਂਗੂੰ ਮੇਰਾ ਹੱਥ ਫੜ ਲਿਆ ।

ਮੇਰੇ ਵਲ ਜਿਸ ਤਰ੍ਹਾਂ ਤੂੰ ਵੇਖਿਆ, ਮੈਨੂੰ ਲਗਾ ਉਹ ਚਾਨਣ ਤੇਰੀਆਂ ਅੱਖਾਂ ਵਿਚੋਂ ਛੁਲਕ ਕੇ ਮੇਰੀ ਰੂਹ ਅੰਦਰ ਲਹਿੰਦਾ ਜਾ ਰਿਹਾ ਸੀ ।

"ਚਲ, ਹੁਣੇ," ਤੇਰੀਆਂ ਅੱਖਾਂ ਦੇ ਸਾਰੇ ਚਾਨਣ ਨੂੰ ਜਿਵੇਂ ਮੈਂ ਡੀਕ ਲਾ ਲਈ ।

ਤੇਰੇ ਹੱਥ ਦੀ ਪਕੜ ਢਿੱਲੀ ਪੈ ਗਈ । "ਨਹੀਂ, ਅਜੇ ਨਹੀਂ । ਅਜੇ ਮੈਂ ਟੋਟਾ ਟੋਟਾ ਹੋ ਕੇ ਖਿੱਲਰਿਆ ਪਿਆਂ । ਤੂੰ ਮਿਲੀ ਏਂ ਤਾਂ ਟੁਕੜੇ ਚੁਣ ਚੁਣ ਕੇ ਮੈਂ ਜੋੜਨੇ ਸ਼ੁਰੂ ਕੀਤੇ ਨੇ । ਹਾਲੀਂ ਵਿਚੋਂ ਦੋ ਚਾਰ ਟੁਕੜੇ ਮਿਲ ਨਹੀਂ ਰਹੇ । ਉਹਨਾਂ ਨੂੰ ਲੱਭਾਂਗਾ । ਲੱਭ ਕੇ ਜੋੜਾਂਗਾ । ਤੇ ਸਾਬਤ ਬਣ ਕੇ ਤੇਰੇ ਦਰਵਾਜ਼ੇ 'ਤੇ ਆਵਾਂਗਾ । ਤੇਰੇ ਜੋਗੇ ਇਕ ਸੂਹੇ ਸਾਲੂ ਦਾ ਤੋਹਫ਼ਾ ਲੈ ਕੇ । ਫੇਰ ਤੈਨੂੰ ਲੈ ਕੇ ਏਥੇ ਹੀ ਆਵਾਂਗਾ । ਚੰਨ ਏਥੇ ਹੀ ਹੋਵੇਗਾ । ਦੁਮੇਲ ਤੋਂ ਚੱਪਾ ਕੁ ਉੱਚਾ । ਇਹਦੇ ਚਾਨਣ ਦੀ ਏਸੇ ਤਰ੍ਹਾਂ ਪਾਣੀ ਵਿਚ ਸੜਕ ਬਣ ਰਹੀ ਹੋਵੇਗੀ । ਤੇ ਅਸੀਂ ਰਲ ਕੇ ਇਸ ਸੜਕ ਤੇ ਦੌੜਾਂਗੇ ।"

ਤੂੰ ਵਿਸਕੀ ਦਾ ਗਲਾਸ ਖ਼ਤਮ ਕਰ ਕੇ ਅੰਦਰ ਚਲਾ ਗਿਆ । ਦੂਜਾ ਗਲਾਸ ਲਿਆਉਣ ਲਈ ,

ਮੈਨੂੰ ਕੋਈ ਪਤਾ ਨਹੀਂ ਸੀ, ਮੈਂ ਕਿਥੇ ਹਾਂ ।

ਮੈਨੂੰ ਲਗਦਾ ਸੀ, ਜ਼ਮੀਨ ਦੀ ਪਕੜ ਤੋਂ ਮੈਂ ਗਿੱਠ ਕੁ ਉਤਾਂਹ ਉਠ ਗਈ ਸਾਂ ।

ਤੂੰ ਵਾਪਸ ਆ ਗਿਆ ।

ਖ਼ਾਮੋਸ਼, ਤੂੰ ਵਿਸਕੀ ਦੇ ਛੋਟੇ ਛੋਟੇ ਘੁੱਟ ਪੀਂਦਾ ਰਿਹਾ ।



ਤੇਰੇ ਮੋਢੇ ਨਾਲ ਸਿਰ ਟੇਕ ਕੇ ਮੈਂ ਬੈਠੀ ਰਹੀ ।

ਖ਼ਾਮੋਸ਼, ਅਸੀਂ ਪਲ ਪਲ ਹੇਠਾਂ ਜਾਂਦੇ ਚੰਨ ਨੂੰ ਵੇਖਦੇ ਰਹੇ ।

ਚਾਨਣ ਦੀ ਸੜਕ ਆਹਿਸਤਾ ਆਹਿਸਤਾ ਪਾਣੀ ਦੇ ਕਾਲੇ ਗ਼ੁਬਾਰ ਵਿਚ ਗ਼ਾਇਬ ਹੋ ਗਈ ।

ਦੂਰ ਪਰ੍ਹੇ ਇਕ ਮਕਾਨ ਸੀ । ਬਹੁਤ ਸਾਰੀਆਂ ਬਾਰੀਆਂ, ਜਿਨ੍ਹਾਂ ਵਿਚੋਂ ਰੌਸ਼ਨੀ ਆ ਰਹੀ ਸੀ । ਜਿਵੇਂ ਕੋਈ ਹੋਟਲ ਹੋਵੇ ।

"ਔਹ ਪਰ੍ਹੇ ਕੀ ਏ ?"

"ਰੈਸਟ ਹਾਊਸ ਏ ।"

ਫੇਰ ਓਹੀ ਖ਼ਾਮੋਸ਼ੀ । ਪਾਣੀ ਦਾ ਸਾਂਵਲਾ ਰੰਗ । ਹਵਾ । ਦੂਰ ਦੂਰ ਤਕ ਬੇਮਨੁੱਖ ਖ਼ਾਲੀਪਨ । ਰੌਸ਼ਨੀਆਂ ਦਾ ਇਕ ਹਜੂਮ ।

ਤੇ ਸ਼ਾਂਤੀ ।

ਬੇ-ਵਜ਼ਨ ਹੋਣ ਦਾ ਅਹਿਸਾਸ ।

ਤੂੰ ਅਜੇ ਵੀ ਸ਼ਾਇਦ ਉਸ ਰੈਸਟ ਹਾਊਸ ਦੀਆਂ ਰੌਸ਼ਨੀਆਂ ਵਲ ਹੀ ਵੇਖ ਰਿਹਾ ਸਾਏਂ । "ਫੇਰ ਅਸੀਂ ਏਥੇ ਆ ਕੇ ਰਹਾਂਗੇ । ਜਿੰਨੇ ਦਿਨ ਤੂੰ ਚਾਹੇਂਗੀ, ਜਿੰਨੀਆਂ ਰਾਤਾਂ ਤੂੰ ਚਾਹੇਂਗੀ । ਮੈਂ ਤੈਨੂੰ ਏਨਾ ਪਿਆਰ ਕਰਾਂਗਾ, ਏਨਾ, ਕਿ..."

ਤੇਰੀ ਆਵਾਜ਼ ਆਪਣੀ ਸ਼ਿੱਦਤ ਦੇ ਬੋਝ ਨਾਲ ਦਬ ਗਈ ।

ਖ਼ਾਮੋਸ਼ੀ ਦਾ ਇਕ ਲੰਬਾ ਫ਼ਾਸਲਾ ।

"ਬਹੁਤ ਭਟਕੇ ਹਾਂ ਅਸੀਂ । ਬਹੁਤ ਮੁੱਦਤ । ਹੁਣ ਆਰਾਮ ਕਰਾਂਗੇ ।"

ਘੁੱਟ ਘੁੱਟ ਕਰ ਕੇ ਤੂੰ ਵਿਸਕੀ ਖ਼ਤਮ ਕਰਦਾ ਰਿਹਾ । ਬੋਲਣ ਦੀ ਕੋਈ ਲੋੜ ਨਹੀਂ ਸੀ ।

ਇਹ ਤੇਰੀ ਹੋਂਦ ਸੀ ਜਿਹੜੀ ਜ਼ਮੀਨ ਤੋਂ ਆਸਮਾਨ ਤਕ ਫੈਲੀ ਹੋਈ ਸੀ ।

"ਤੂੰ ਇਕੱਲੀ ਰਹਿ ਕੇ ਭਟਕਦੀ ਰਹੀ ਏਂ । ਮੈਂ ਬੇਹੱਦ ਸ਼ੋਰ ਵਿਚ ਭਟਕਦਾ ਰਿਹਾਂ ।"

ਗੱਲਾਂ ਦੇ ਦੂਰ ਦੂਰ ਫੈਲੇ ਟੁਕੜੇ ਜਿਵੇਂ ਇਕ ਲਗਾਤਾਰਤਾ ਦਾ ਹਿੱਸਾ ਸਨ ।

ਖ਼ਾਮੋਸ਼ੀ ਵੀ ਉਸੇ ਅਨੰਤ ਲਗਾਤਾਰਤਾ ਦਾ ਹਿੱਸਾ ਸੀ ।

ਤੇਰੇ ਨੇੜੇ ਹੋਣ ਦਾ ਅਹਿਸਾਸ, ਹਵਾ ਵਾਂਗੂੰ ਹਲਕੇ ਹੋ ਜਾਣ ਦਾ ਅਹਿਸਾਸ, ਪਾਣੀ ਵਾਂਗੂੰ ਤਰਲ ਹੋ ਜਾਣ ਦਾ ਅਹਿਸਾਸ, ਨੀਂਦਰ ਤੇ ਜਾਗ ਦੇ ਵਿਚਕਾਰੋਂ ਗੁਜ਼ਰਦੀ ਬੇਹੱਦ ਨਰਮ ਹੋ ਆਈ ਚੇਤਨਤਾ ਦਾ ਅਹਿਸਾਸ, ਸਭੇ ਉਸੇ ਬੇਕਿਨਾਰ ਲਗਾਤਾਰਤਾ ਦਾ ਹਿੱਸਾ ਸਨ ।

ਤੂੰ ਦੋਹਾਂ ਹੱਥਾਂ ਨਾਲ ਮੇਰਾ ਚਿਹਰਾ ਆਪਣੇ ਵਲ ਕੀਤਾ । ਪਲ ਦਾ ਪਲ ਤੂੰ ਮੇਰੀਆਂ ਅੱਖਾਂ ਵਿਚ ਵੇਖਦਾ ਰਿਹਾ । ਫੇਰ ਤੇਰੇ ਹੱਥ ਕੰਬ ਕੇ ਪਰ੍ਹਾਂ ਹੋ ਗਏ । ਦੋ ਖ਼ਾਮੋਸ਼

ਕਬੂਤਰਾਂ ਵਾਂਗੂੰ ਉਹ ਤੇਰੀ ਝੋਲੀ ਵਿਚ ਜਾ ਬੈਠੇ। ਤੇਰੀਆਂ ਪਲਕਾਂ ਝੁਕ ਗਈਆਂ। ਸਿਰ ਵੀ ਰਤਾ ਝੁਕ ਗਿਆ।

ਤਾਰਿਆਂ ਦੀ ਮੱਧਮ ਰੌਸ਼ਨੀ, ਤੇ ਪਰ੍ਹੇ ਰੈਸਤੋਰਾਂ ਦੇ ਹਾਲ ਵਿਚੋਂ ਆਉਂਦਾ ਬਾਰੀਕ ਚਾਨਣ ਤੇਰੀਆਂ ਝਿੰਮਣੀਆਂ 'ਤੇ ਜਾ ਬੈਠਾ ਸੀ।

ਬੇਹੱਦ ਸੰਜੀਦਾ ਆਵਾਜ਼ ਵਿਚ ਤੂੰ ਕਿਹਾ, "ਆਈ ਲਵ ਯੂ।"

ਜਿਵੇਂ ਕੋਈ ਕਿਸੇ ਪਾਕ ਮੁਕੱਦਸ ਥਾਂ 'ਤੇ ਸਮਾਧੀ-ਮਗਨ ਬੈਠਾ ਹੋਵੇ।

ਜਿਵੇਂ ਕੋਈ ਸਜਦਾ ਕਰਦੀ ਆਵਾਜ਼ ਵਿਚ ਖ਼ੁਦਾ ਦਾ ਨਾਂ ਲੈ ਰਿਹਾ ਹੋਵੇ।

## ਚਾਰ

"ਆਰ ਯੂ ਸ਼ੋਅਰ ?" ਮੈਂ ਪੁੱਛਿਆ।

"ਹਾਂ," ਤੇਰੀ ਆਵਾਜ਼ ਸੰਜੀਦਾ ਸੀ।

"ਤੂੰ ਸੋਚ ਲਿਆ ਏ ਸਭ ? ਮੈਂ ਤੇਰੇ ਨਾਲੋਂ ਦੋ ਸਾਲ ਵੱਡੀ ਹਾਂ। ਫੇਰ ਨਾਲੇ ਤੇਰੀ ਬੀਵੀ...।"

"ਤੂੰ ਜੋ ਵੀ ਹੈਂ, ਮੇਰਾ ਸੁਪਨਾ ਉਸ ਤੋਂ ਵੱਡਾ ਨਹੀਂ ਹੋ ਸਕਦਾ। ਮਿਹਨਤ ਕਰਾਂਗਾ ਤੈਨੂੰ ਹਾਸਲ ਕਰਨ ਲਈ।"

## ਪੰਜ

ਦਿਨ।

ਹਫ਼ਤੇ।

ਮਹੀਨੇ।

ਇਕ ਤੋਂ ਮਗਰੋਂ ਇਕ।

ਗੁਜ਼ਰਦੇ ਵਕਤ ਦਾ ਬੇਪਛਾਣ ਚਿਹਰਾ।

ਧੁੰਦਲੇ, ਮਟਮੈਲੇ, ਸਲੇਟੀ-ਰੰਗੇ ਦਿਨ।

ਤੂੰ ਆਉਂਦਾ। ਕਦੇ ਸਵੇਰੇ। ਕਦੇ ਸ਼ਾਮੀਂ।

ਬੇਮਤਲਬ ਗੱਲਾਂ। ਐਧਰ ਉਧਰ ਦੀਆਂ।

ਤੂੰ ਆਪਣੇ ਕੰਮ ਦੀਆਂ ਗੱਲਾਂ ਕਰਦਾ। ਆਪਣੇ ਦੋਸਤਾਂ ਦੀਆਂ। ਆਪਣੇ ਪੁਰਾਣੇ ਇਸ਼ਕਾਂ ਦੀਆਂ। "ਨਹੀਂ, ਨਹੀਂ, ਇਸ਼ਕ ਨਹੀਂ ਸੀ ਉਹ। ਉਹ ਤੇ ਭਟਕਣਾ ਸੀ ਮਹਿਜ਼।"

ਤੂੰ ਸਿਗਰੇਟ ਪੀਂਦਾ ਰਹਿੰਦਾ। ਵਿਸਕੀ ਪੀਂਦਾ ਰਹਿੰਦਾ।

ਤੇਰਾ ਹੋਣਾ ਵੀ ਜਿਵੇਂ ਨਾ ਹੋਣ ਵਰਗਾ ਹੁੰਦਾ। ਬਹੁਤੀ ਵਾਰੀ ਤੇਰੇ ਜਾਣ ਤੋਂ ਮਗਰੋਂ ਮੈਂ ਹੋਰ ਵੀ ਖ਼ਾਲੀ ਮਹਿਸੂਸ ਕਰਦੀ, ਹੋਰ ਵੀ ਇਕੱਲੀ।



"ਰਾਤੀਂ ਨੀਂਦਰ ਨਹੀਂ ਆਉਂਦੀ।" ਤੈਨੂੰ ਜਦੋਂ ਦੱਸਦੀ, ਤੂੰ ਮੁਸਕਰਾਂਦਾ। ਜਿਵੇਂ ਬੱਚਿਆਂ ਤੋਂ ਪੁੱਛੀਦਾ ਏ — ਅੱਛਾ ਤੇ ਤੂੰ ਡਿਗ ਪਿਆ ਸੀ ? ਕੀੜੀ ਦਾ ਆਟਾ ਡੁਲ੍ਹ ਗਿਆ ਸੀ ? — ਤੂੰ ਪੁੱਛਦਾ, "ਇਸ਼ਕ ਹੋ ਗਿਆ ਏ ?"

ਮੈਨੂੰ ਆਪਣਾ ਆਪ ਛੋਟਾ ਛੋਟਾ ਲਗਦਾ।

ਮੈਂ ਤੇਰੇ ਮੂੰਹ ਵਲ ਵੇਖਦੀ ਰਹਿੰਦੀ। ਪਤਾ ਨਹੀਂ ਕੀ ਸੁਣਨ ਵਾਸਤੇ ਬੇਚੈਨ ਰਹਿੰਦੀ। ਪਤਾ ਨਹੀਂ ਤੇਰੀ ਕਿਹੜੀ ਤੱਕਣੀ ਦੀ ਤਰੇਹ ਲਗੀ ਰਹਿੰਦੀ।

ਨਾ ਤੂੰ ਉਹ ਬੋਲ ਬੋਲਦਾ, ਨਾ ਉਹ ਤੱਕਣੀ ਤੱਕਦਾ। ਬਿਨਾ ਮਤਲਬ ਤੋਂ ਮੇਰਾ ਜੀਅ ਕਾਹਲਾ ਕਾਹਲਾ ਪਿਆ ਰਹਿੰਦਾ। ਬਿਨਾ ਵਜ੍ਹਾ ਤੋਂ ਮੈਨੂੰ ਤੇਰੇ 'ਤੇ ਖਿੱਝ ਆਈ ਰਹਿੰਦੀ।

ਤੂੰ ਕੋਲ ਹੁੰਦਾ, ਮੈਨੂੰ ਲਗਦਾ ਜਿਵੇਂ ਹਵਾ ਵਿਚ ਬਹੁਤ ਉਚੇ ਕੋਈ ਰੱਸੀ ਖਿਚ ਕੇ ਬੰਨ੍ਹੀ ਹੋਈ ਏ। ਇਕ ਸਿਰੇ ਤੋਂ ਦੂਜੇ ਸਿਰੇ ਤਕ। ਤੇ ਉਤੇ ਉਹਦੇ ਮੈਂ ਤੁਰ ਰਹੀ ਹਾਂ। ਬਾਜ਼ੀਗਰਨੀਆਂ ਵਾਂਗੂ।

ਤੂੰ ਕੋਲ ਨਾ ਹੁੰਦਾ, ਤਾਂ ਮੈਨੂੰ ਲਗਦਾ ਮੈਂ ਸਿਰਫ਼ ਤੇਰੇ ਜਾਣ ਦੇ ਲਮਹੇ ਤੋਂ ਤੇਰੇ ਮੁੜ ਆਉਣ ਦੇ ਲਮਹੇ ਦੇ ਦੋਂਹ ਸਿਰਿਆਂ ਨੂੰ ਹੱਥ ਵਿਚ ਫੜ ਕੇ ਖ਼ਾਲੀ ਹਵਾ ਵਿਚ ਖੜੀ ਹਾਂ।

## ਛੇ

ਉਸ ਦਿਨ ਤੈਨੂੰ ਛੁੱਟੀ ਸੀ।

ਹਫ਼ਤੇ ਵਿਚ ਇਕ ਦਿਨ ਤੈਨੂੰ ਛੁੱਟੀ ਰਹਿੰਦੀ ਸੀ। ਉਹ ਜ਼ਰੂਰ ਐਤਵਾਰ ਨਹੀਂ ਸੀ ਹੁੰਦਾ। ਕੋਈ ਵੀ ਦਿਨ ਹੋ ਸਕਦਾ ਸੀ। ਵੀਕਲੀ ਆਫ਼।

ਤੂੰ ਪਹਿਲੇ ਦਿਨ ਸ਼ਾਮ ਵੇਲੇ ਕਿਹਾ, "ਕਲ੍ਹ ਮੇਰੀ ਛੁੱਟੀ ਏ!"

"ਕਲ੍ਹ ਬਾਹਰ ਚਲੀਏ ਕਿਤੇ, ਦਿੱਲੀਓਂ ਬਾਹਰ! ਧੁੱਪ ਸੇਕਾਂਗੇ।" ਮੇਰੇ ਸੰਘ ਵਿਚ ਬੜਾ ਕੁਝ ਅਣ-ਕਿਹਾ ਘੁਮੜ ਰਿਹਾ ਸੀ।

"ਅੱਛਾ" ਤੇਰੀ ਆਵਾਜ਼ ਵਿਚ ਨਾ ਉਤਸ਼ਾਹ ਸੀ, ਤੇ ਨਾ ਨਿੱਘ।

ਸਿੱਧੀ ਸਪਾਟ ਆਵਾਜ਼। ਲੱਕੜ ਦੇ ਫੱਟੇ ਵਰਗੀ।

ਆਪਣੀ ਨਿਰਾਸ਼ਾ ਨੂੰ ਮੈਂ ਤਲੀ ਨਾਲ ਪਰ੍ਹਾਂ ਧੱਕਣ ਦੀ ਕੋਸ਼ਿਸ਼ ਕੀਤੀ।

ਤੂੰ ਘਰ ਚਲਾ ਗਿਆ।

ਮੈਂ ਸਾਰੀ ਰਾਤ ਬਿਸਤਰੇ ਵਿਚ ਲੇਟੀ ਰਾਤੀਂ ਤੇਰੇ ਜਾਣ ਦੇ ਪਲ ਤੋਂ ਲੈ ਕੇ ਸਵੇਰੇ ਤੇਰੇ ਮੁੜ ਆਉਣ ਦੇ ਪਲ ਤਕ ਦਾ ਫ਼ਾਸਲਾ ਤੈਅ ਕਰਦੀ ਰਹੀ।

ਸਵੇਰ ਨੌ ਗਈ।

ਮੈਂ ਘੜੀ ਵੇਖ ਰਹੀ ਸਾਂ। ਤੇਰੇ ਫ਼ੋਨ ਦਾ ਇੰਤਜ਼ਾਰ ਕਰ ਰਹੀ ਸਾਂ।

ਅਖ਼ੀਰ ਹਾਰ ਕੇ ਸਾਢੇ ਕੁ ਅੱਠ ਵਜੇ ਮੈਂ ਤੇਰੇ ਘਰ ਫ਼ੋਨ ਕੀਤਾ।

ਤੇਰੀ ਭੈਣ ਦੀ ਆਵਾਜ਼ ਸੀ, "ਭਾਪਾ ਜੀ ਤੇ ਅਜੇ ਸੁੱਤੇ ਪਏ ਨੇ।"

ਰਿਸੀਵਰ ਵਾਪਸ ਰਖਦਿਆਂ ਮੈਨੂੰ ਲਗਾ, ਉਸ ਇਕ ਖਿਣ ਵਿਚ ਮੈਂ ਨੱਸੀ ਨੱਸੀ ਤੇਰੇ ਘਰ ਪਹੁੰਚੀ ਸਾਂ, ਸਾਹੋ ਸਾਹ ਹੋਈ, ਤੇ ਦਰਵਾਜ਼ਾ ਖੜਕਾਇਆ ਸੀ, ਤੇ ਦਰਵਾਜ਼ਾ ਅੰਦਰੋਂ ਬੰਦ ਸੀ, ਤੇ ਖੁਲ੍ਹ ਨਹੀਂ ਸੀ ਰਿਹਾ।

ਮੈਨੂੰ ਥੋੜ੍ਹੀ ਜਿਹੀ ਹੈਰਾਨੀ ਹੋਈ। ਤੇਰਾ ਘਰ...ਤੇਰੀ ਬੀਵੀ, ਤੇਰੀ ਭੈਣ, ਤੇਰਾ ਭਰਾ, ਤੇਰੀ ਮਾਂ, ਤੇਰੇ ਪਿਤਾ, ਤੇਰੀ ਵਿਆਹੀ ਹੋਈ ਭੈਣ ਜਿਹੜੀ ਕਿਤੇ ਦੂਜੇ ਸ਼ਹਿਰ ਵਿਚ ਰਹਿੰਦੀ ਸੀ, ਉਹਦਾ ਪਤੀ, ਉਹਦੇ ਬੱਚੇ, ਤੇਰਾ ਭਰਾ ਜਿਹੜਾ ਅਮਰੀਕਾ ਰਹਿੰਦਾ ਸੀ, ਉਹਦੀ ਬੀਵੀ, ਉਹਦੇ ਬੱਚੇ, ਤੇਰਾ ਦਫ਼ਤਰ, ਤੇਰੇ ਕੁਲੀਗ, ਤੇਰੇ ਦੋਸਤ, ਤੇਰੇ ਘਰ ਭਾਂਡੇ ਮਾਂਜਣ ਵਾਲੀ ਮਾਈ, ਝਾੜੂ ਦੇਣ ਵਾਲਾ ਚੂਹੜਾ, ਰਾਸ਼ਨ ਵਾਲਾ ਦੁਕਾਨਦਾਰ, ਸਬਜ਼ੀ ਵਾਲਾ, ਦੁੱਧ ਵਾਲਾ। ਇਕ ਪੂਰੀ ਚੌਕੋਰ ਜ਼ਿੰਦਗੀ ਸੀ। ਸਭ ਪਾਸਿਉਂ ਚੌਕੋਰ। ਠੀਕ ਬਾਕਾਇਦਾ ਇਕ ਸੜਕ 'ਤੇ ਤੁਰਦੀ। ਸਿੱਧੀ ਸਪਾਟ ਸੜਕ 'ਤੇ। ਪੂਰੀ ਸਾਬਤ ਜ਼ਿੰਦਗੀ ਦਾ ਦਾਇਰਾ।

ਉਸ ਵਿਚ ਮੇਰੀ ਥਾਂ ਕਿਧਰੇ ਹੈ ਸੀ?

ਕਿਥੇ ਸੀ? ਕਿਥੇ?

ਗਿੱਲੇ ਗੋਹਿਆਂ ਦੇ ਧੂੰਏਂ ਵਰਗੀ ਉਦਾਸੀ ਚਾਰੇ ਪਾਸੇ ਭਰਨ ਲਗੀ। ਧੂੰਆਂ ਫੇਫੜਿਆਂ ਵਿਚ ਜਾ ਕੇ ਸਾਹ ਘੁੱਟਣ ਲਗਾ।

'ਮੈਂ ਉਸ ਘੜੀ ਦਾ ਸ਼ਿੱਦਤ ਨਾਲ ਇੰਤਜ਼ਾਰ ਕਰ ਰਹੀ ਸਾਂ, ਜਦੋਂ ਤੂੰ ਜਾਗੇਂਗਾ, ਤੇ ਮੈਨੂੰ ਫ਼ੋਨ ਕਰੇਂਗਾ, ਤੇ ਅਸੀਂ ਦਿੱਲੀਉਂ ਬਾਹਰ ਕਿਤੇ ਚਲੇ ਜਾਵਾਂਗੇ, ਖੁਲ੍ਹੇ ਖੇਤਾਂ ਵਿਚ, ਜਾਂ ਖ਼ਾਲੀ ਸੜਕਾਂ 'ਤੇ, ਜਾਂ ਤੁਗ਼ਲਕਾਬਾਦ ਦੇ ਖੰਡਰਾਂ ਵਿਚ, ਜਾਂ ਢਾਂਸੇ ਰੈਸਟ ਹਾਊਸ ਵਿਚ, ਜਾਂ ਸੂਰਜ ਕੁੰਡ, ਜਾਂ...।

ਤੂੰ ਬਹੁਤ ਦੇਰ ਨਾਲ ਜਾਗਿਆ। ਛੁੱਟੀ ਵਾਲਾ ਦਿਨ ਸੀ ਨਾ।

ਤੇਰਾ ਫ਼ੋਨ, "ਹੁਣ ਕਿੰਨੇ ਵਜੇ ਨੇ?"

ਤੂੰ ਸ਼ਾਇਦ ਘੜੀ ਵੇਖ ਰਿਹਾ ਸਾਏਂ, "ਦਸ! ਸਵਾ ਦਸ! ਬੱਸ, ਬਾਰਾਂ ਕੁ ਵਜੇ ਮਿਲ ਜਾਓ। ਕਨਾਟ ਪਲੇਸ।...ਕਿਥੇ...? ਮਿਲਕਬਾਰ ਦੇ ਬਾਹਰ ਠੀਕ ਏ? ਮੈਂ ਉਥੇ ਬਾਹਰ ਈ ਖੜਾ ਹੋਵਾਂਗਾ।"

ਬਾਰਾਂ ਵਜੇ, ਯਾਨੀ ਅੱਧਾ ਦਿਨ ਬਾਕੀ!

ਤੂੰ ਕਿਹਾ, "ਕੌਫ਼ੀ ਪੀਣੀ ਏ?"

"ਜੋ ਤੂੰ ਚਾਹੇਂ।"

ਮੈਂ ਤੈਨੂੰ ਕਦੇ ਆਪਣੀ ਕੋਈ ਪਸੰਦ ਨਹੀਂ ਦੱਸੀ। ਤੂੰ ਕਦੇ ਪੁੱਛੀ ਹੀ ਨਹੀਂ ਸੀ। ਜਦੋਂ ਤੇਰੇ ਨਾਲ ਹੋਵਾਂ, ਅਸਾਂ ਬਾਹਰ ਕਿਧਰੇ ਰੋਟੀ ਖਾਣੀ ਹੋਵੇ, ਆਰਡਰ ਤੂੰ ਹੀ ਦੇਂਦਾ



ਸਾਏਂ। ਸ਼ਾਮ ਕਿਸ ਤਰ੍ਹਾਂ ਬਿਤਾਈਏ, ਇਹ ਵੀ ਤੂੰ ਹੀ ਫ਼ੈਸਲਾ ਕਰਦਾ ਸਾਏਂ। ਫ਼ਲਾਣਾ ਡਰਾਮਾ ਵੇਖਣਾ ਏ, ਜਾਂ ਨਹੀਂ ਵੇਖਣਾ। ਉਸ ਆਰਟਿਸਟ ਦੀ ਐਗਜ਼ੀਬੀਸ਼ਨ ਤੇ ਜਾਣਾ ਏ ਜਾਂ ਨਹੀਂ। ਫ਼ਲਾਣੀ ਮੂਵੀ ਵੇਖਣੀ ਏ ਕਿ ਨਹੀਂ, ਇਹ ਫ਼ੈਸਲੇ ਸਭ ਤੇਰੇ ਸਨ।

ਮੈਂ ਜਾਣ ਬੁਝ ਕੇ ਇਹਨਾਂ ਫ਼ੈਸਲਿਆਂ ਦਾ ਹੱਕ ਤੈਨੂੰ ਦੇ ਰਖਿਆ ਸੀ। ਮੈਨੂੰ ਪਤਾ ਸੀ ਹਰ ਮਰਦ ਦੀ ਈਗੋ ਬੜੀ ਜ਼ਾਲਮ ਹੁੰਦੀ ਏ। ਉਹਨੂੰ ਤ੍ਰਿਪਤ ਕਰਨ ਲਈ ਕਈ ਫ਼ੈਸਲਿਆਂ ਦਾ ਹੱਕ ਉਹਨੂੰ ਦੇ ਦੇਣਾ ਚਾਹੀਦਾ ਏ।

ਨਾਲੇ ਸ਼ਾਇਦ ਇਹ ਸਾਰੇ ਹੱਕ ਤੈਨੂੰ ਦੇ ਕੇ ਕੋਈ ਬਹੁਤਾ ਅਹਿਮ ਹੱਕ ਮੈਂ ਆਪਣੇ ਲਈ ਬਚਾ ਕੇ ਰੱਖਣਾ ਚਾਹੁੰਦੀ ਸਾਂ।

ਜਿਵੇਂ ਪੁਰਾਣੇ ਕਿੱਸਿਆਂ ਵਿਚ ਹੁੰਦਾ ਏ ਨਾ, ਬਾਦਸ਼ਾਹ ਆਪਣੀ ਰਾਣੀ 'ਤੇ ਬਹੁਤ ਖ਼ੁਸ਼ ਹੋਇਆ, ਕਹਿਣ ਲਗਿਆ, 'ਰਾਣੀ, ਤਿੰਨ ਚੀਜ਼ਾਂ ਮੰਗ ਲੈ।' ਰਾਣੀ ਨੇ ਕਿਹਾ, 'ਜੀ ਤਿੰਨ ਗੱਲਾਂ ਮੇਰੀਆਂ ਤੁਸੀਂ ਮੰਨੋਗੇ?' ਰਾਜੇ ਨੇ ਕਿਹਾ, 'ਜ਼ਰੂਰ, ਅਸਾਂ ਵਚਨ ਜੋ ਦਿਤਾ ਏ।' ਰਾਣੀ ਨੇ ਕਿਹਾ, 'ਤਾਂ ਉਹ ਤਿੰਨ ਚੀਜ਼ਾਂ ਹੁਣੇ ਨਹੀਂ ਮੰਗਾਂਗੀ। ਤਿੰਨ ਫ਼ੈਸਲੇ ਕਰਨ ਦਾ ਹੱਕ ਮੈਂ ਸਾਂਭ ਕੇ ਰਖਾਂਗੀ। ਵੇਲੇ ਕੁਵੇਲੇ ਲਈ। ਜਦੋਂ ਮੇਰਾ ਜੀਅ ਕਰੇਗਾ, ਇਸ ਨੂੰ ਵਰਤ ਲਵਾਂਗੀ।'

ਕੌਫ਼ੀ ਪੀਂਦਿਆਂ, ਏਧਰ ਓਧਰ ਦੀਆਂ ਗੱਲਾਂ ਕਰਦਿਆਂ — ਯਾਨੀ ਤੂੰ ਗੱਲਾਂ ਕਰਦਾ ਸਾਏਂ, ਮੈਂ ਸੁਣਦੀ ਸਾਂ — ਪੌਣੇ ਦੋ ਵਜ ਗਏ।

"ਹੁਣ?" ਤੂੰ ਪੁੱਛਿਆ।

"ਪਤਾ ਨਹੀਂ।" ਮੈਂ ਕਿਹਾ।

"ਚਲਨੇ ਆਂ," ਤੂੰ ਘੜੀ ਵੇਖ ਕੇ ਕਿਹਾ।

ਅਸੀਂ ਬਾਹਰ ਆ ਗਏ।

ਤੂੰ ਅਣ-ਮੰਨਿਆ ਜਿਹਾ ਏਧਰ ਓਧਰ ਵੇਖਣ ਲਗਾ। ਸੜਕ ਵਲ। ਮੈਂ ਚੁੱਪ ਚਾਪ ਤੇਰੇ ਕੋਲ ਖੜੋਤੀ ਰਹੀ।

"ਕਿੱਧਰ ਚਲੀਏ?" ਤੂੰ ਫੇਰ ਪੁੱਛਿਆ।

"ਪਤਾ ਨਹੀਂ," ਮੇਰਾ ਮਨ ਬਗ਼ਾਵਤ ਕਰ ਰਿਹਾ ਸੀ। ਮੈਂ ਤੇਰੀ ਕੋਈ ਮਦਦ ਕਰਨ ਲਈ ਤਿਆਰ ਨਹੀਂ ਸਾਂ।

"ਮੂਵੀ ਵੇਖ ਸਕਦੇ ਸਾਂ, ਪਰ..." ਤੂੰ ਫੇਰ ਘੜੀ ਵੇਖੀ।

"ਪਰ ਕੀ?"

"ਛੇ ਵਜੇ ਕਿਸੇ ਨੂੰ ਵਕਤ ਦੇ ਬੈਠਾਂ। ਜਾਣਾ ਏ।"

ਗੱਲ ਕੁਝ ਵੀ ਨਹੀਂ ਸੀ, ਪਰ ਮੇਰਾ ਮਨ ਕੁੜੱਤਣ ਨਾਲ ਭਰ ਗਿਆ।

ਫੇਰ ਅਸੀਂ ਬੇ-ਮਤਲਬ ਕਨਾਟ ਪਲੇਸ ਦੇ ਵਰਾਂਡਿਆਂ ਵਿਚ ਘੁੰਮਦੇ ਰਹੇ।

ਇਕ ਸੂਟ ਤੂੰ ਕਰੋਲ ਬਾਗ ਸੀਊਣਾ ਦਿਤਾ ਹੋਇਆ ਸੀ, ਉਹਦੀ ਟਰਾਈ ਲੈਣ ਚਲੇ ਗਏ।

ਜਿਵੇਂ ਵਕਤ ਦਾ ਉਹ ਟੁਕੜਾ ਅਸੀਂ ਖੁੰਢੀ ਕੈਂਚੀ ਨਾਲ ਕੱਟ ਰਹੇ ਸਾਂ।

ਸਾਢੇ ਪੰਜ। ਤੂੰ ਚਲਾ ਗਿਆ।

ਮੈਂ ਘਰ ਮੁੜ ਆਈ।

ਕੋਈ ਪੌਣੇ ਅੱਠ ਤੇਰਾ ਟੈਲੀਫ਼ੋਨ ਆਇਆ।

"ਕੀ ਬਣ ਰਿਹਾ ਏ ?" ਤੇਰੀ ਹਮੇਸ਼ਾ ਵਾਂਗੂੰ ਮੁਸਕਰਾਂਦੀ ਲਾਪਰਵਾਹ ਆਵਾਜ਼।

"ਕੁਝ ਨਹੀਂ।"

"ਕੀ ਪ੍ਰੋਗਰਾਮ ਏ ?"

"ਕੁਝ ਨਹੀਂ !"

ਤੂੰ ਆਪਣੀ ਉਸੇ ਸ਼ੀਰੀਂ ਆਵਾਜ਼ ਵਿਚ ਕਿਹਾ, "ਏਥੇ ਦੋ ਚਾਰ ਦੋਸਤ ਮਿਲ ਗਏ ਨੇ। ਪੀ ਰਹੇ ਨੇ। ਆਉਣ ਨਹੀਂ ਦੇ ਰਹੇ।"

ਮੈਂ ਕਿਹਾ, "ਅੱਛਾ।"

"ਤਾਂ ਫੇਰ ਸਵੇਰੇ ਮੈਂ ਫ਼ੋਨ ਕਰਾਂਗਾ।"

ਮੈਂ ਕਿਹਾ, "ਅੱਛਾ।"

## ਸੱਤ

ਗੁੱਸਾ ਕਦੇ ਕਦੇ ਆਉਂਦਾ ਏ।

ਪਰ ਜਦੋਂ ਆ ਜਾਵੇ, ਕਹਿਰਾਂ ਦਾ ਗੁੱਸਾ ਆਉਂਦਾ ਏ।

"ਤੂੰ ਜੋ ਸਲੂਕ ਮੇਰੇ ਨਾਲ ਕਰਨਾ ਏਂ, ਉਹ ਜੇ ਤੂੰ ਆਪਣੇ ਪਾਲਤੂ ਕੁੱਤੇ ਨਾਲ ਵੀ ਕਰੇਂ, ਤਾਂ ਉਹ ਵੀ ਤੈਨੂੰ ਨਫ਼ਰਤ ਕਰਨ ਲਗ ਪਵੇ।"

ਤੂੰ ਹੈਰਾਨ ਮੇਰੇ ਮੂੰਹ ਵਲ ਵੇਖ ਰਿਹਾ ਸਾਏਂ, "ਕੀ ਫ਼ਜ਼ੂਲ ਗੱਲ ਏ !"

"ਠੀਕ ਕਹਿ ਰਹੀ ਆਂ। ਇਕ ਕੁੱਤੇ ਨੂੰ ਵੀ ਤੂੰ ਪਾਲੇਂਗਾ, ਉਹ ਤੇਰੀ ਛੋਹ ਵਾਸਤੇ, ਤੇਰੇ ਉਚੇਚੇ ਪਿਆਰ ਵਾਸਤੇ ਤਰਸੇਗਾ। ਤੂੰ ਸਮਝਨਾ ਏਂ, ਇਸ ਕੈਯੂਅਲ ਇਨਡਿਫ਼ਰੈਂਸ ਨਾਲ ਤੂੰ ਸਤਹ ਤੇ ਰਹਿ ਕੇ ਜੀਅ ਲਵੇਂਗਾ ? ਬਿਨਾ ਇਨਵਾਲਵ ਹੋਣ ਦੇ ? ਇਨਵਾਲਵਮੈਂਟ ਵਿਚ ਦਰਦ ਏ ਨਾ ! ਇਸੇ ਲਈ ? ਚਾਰੇ ਕੰਨੀਆਂ ਬਚਾ ਕੇ ਜੀਣ ਵਿਚ ਸੁੱਖ ਏ ਨਾ ! ਇਸੇ ਲਈ ?"

"ਆਈ ਡੋਂਟ ਨੋ। ਆਈ ਲਵ ਯੂ ਇਨ ਮਾਈ ਓਨ ਵੇ।" ਤੂੰ ਖਿੱਝ ਕੇ ਕਿਹਾ ਸੀ।

"ਇਹ ਚੰਗਾ ਪਿਆਰ ਏ। ਨਾ ਦੁਖ-ਸੁੱਖ ਦੀ ਸਾਂਝ। ਨਾ ਮਿਲਣ ਦੀ ਤਾਂਘ। ਨਾ ਵਿਛੜਨ ਦਾ ਗ਼ਮ। ਮਿਲ ਲਿਆ, ਤਾਂ ਠੀਕ ਏ। ਮਿਲਣ ਦਾ ਵਕਤ ਨਾ ਮਿਲਿਆ, ਤਾਂ ਵੀ ਠੀਕ ਏ। ਸਾਰਾ ਦਿਨ ਨਾਲ ਰਹਿ ਲਵੋ, ਤਾਂ ਵੀ ਕੋਈ ਮਨ ਦੀ ਗੱਲ ਨਹੀਂ ਕਹਿਣੀ। ਨਾ ਰਵੋ, ਤਾਂ ਵੀ ਅਗਲੇ ਦਿਨ ਮਿਲ ਕੇ ਪਿਛਲੇ ਦਿਨ ਦੇ ਖ਼ਾਲੀਪਣ ਦੀ



ਗੱਲ ਨਹੀਂ ਕਰਨੀ। ਤੇ ਜੇ ਖ਼ਾਲੀਪਣ ਮਹਿਸੂਸ ਈ ਨਹੀਂ ਹੁੰਦਾ, ਤਾਂ ਕਾਹਦੀ ਮੁਹੱਬਤ ਏ ?"

ਮੈਨੂੰ ਲਗਦਾ ਸੀ, ਜੋ ਮੈਂ ਕਹਿਣਾ ਚਾਹ ਰਹੀ ਹਾਂ, ਨਹੀਂ ਕਹਿ ਪਾ ਰਹੀ। ਕੋਈ ਬੜੀ ਅਹਿਮ ਚੀਜ਼ ਏ, ਜਿਹੜੀ ਮੇਰੀ ਪਕੜ ਵਿਚ ਨਹੀਂ ਆ ਰਹੀ। ਹਰ ਵੇਲੇ ਕਿਸੇ ਚੀਜ਼ ਦੀ ਅਣਹੋਂਦ ਨੂੰ ਏਨੀ ਸ਼ਿੱਦਤ ਨਾਲ ਮਹਿਸੂਸ ਕਰਦੀ ਸਾਂ, ਹੁਣ ਉਸੇ ਚੀਜ਼ ਦੇ ਨਕਸ਼ ਨਹੀਂ ਸਨ ਸਾਹਮਣੇ ਆ ਰਹੇ।

ਅਜੀਬ ਬੇਬਸੀ ਮਹਿਸੂਸ ਹੋ ਰਹੀ ਸੀ। ਅਪਾਹਜਤਾ ਦਾ ਅਹਿਸਾਸ।

"ਕੀ ਮੁਹੱਬਤ ਦੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਨੇ ?" ਤੂੰ ਬਰਾਬਰ ਖਿੱਝ ਰਿਹਾ ਸਾਏਂ।

ਹੁਣ ਇਸ ਗੱਲ ਦਾ ਕੀ ਜੁਆਬ ਦੇਂਦੀ ਮੈਂ ? ਕੀ ਗੱਲਾਂ ਹੁੰਦੀਆਂ ਨੇ ਮੁਹੱਬਤ ਦੀਆਂ, ਜਿਹੜੀਆਂ ਦੋ ਪਿਆਰ ਕਰਨ ਵਾਲੇ ਲੋਕ ਇਕ ਦੂਜੇ ਨਾਲ ਕਰਦੇ ਨੇ ? ਮੇਰਾ ਖ਼ਿਆਲ ਏ, ਉਹ ਗੱਲਾਂ ਨਹੀਂ ਹੁੰਦੀਆਂ। ਗੱਲਾਂ ਵਿਚਲੀ ਫ਼ੀਲਿੰਗ ਹੁੰਦੀ ਏ, ਅਹਿਸਾਸ ਹੁੰਦਾ ਏ, ਜਿਹੜਾ ਉਹਨਾਂ ਨੂੰ ਖ਼ੂਬਸੂਰਤ ਬਣਾ ਦੇਂਦਾ ਏ। ਪਰ ਇਹ ਸਭ ਮੈਂ ਤੈਨੂੰ ਨਹੀਂ ਸਾਂ ਸਮਝਾ ਸਕਦੀ।

ਮੈਂ ਚੁੱਪ ਸਾਂ। ਗੁੱਸੇ ਨਾਲ, ਬੇਬਸੀ ਨਾਲ ਹੀ ਮੇਰਾ ਗਲਾ ਪੀੜ ਨਾਲ ਭਰ ਗਿਆ ਸੀ। ਗਲੇ ਦੀਆਂ ਤੇ ਚਿਹਰੇ ਦੀਆਂ ਤੇ ਸਿਰ ਦੀਆਂ ਸਾਰੀਆਂ ਨਾੜਾਂ ਝਨਝਨਾ ਰਹੀਆਂ ਸਨ।

'ਰੋਣਾ ਨਹੀਂ, ਇਹਦੇ ਸਾਹਮਣੇ ਬਿਲਕੁਲ ਨਹੀਂ ਰੋਣਾ,' ਮੈਂ ਰਹਿ ਰਹਿ ਕੇ ਆਪਣੇ ਆਪ ਨੂੰ ਸਮਝਾ ਰਹੀ ਸਾਂ।

ਤਣੀ ਹੋਈ ਚੁੱਪ।

ਬਿਜਲੀ ਚਮਕਣ ਤੇ ਬੱਦਲ ਗੱਜਣ ਦੇ ਵਿਚਕਾਰਲੇ ਛਿਣ ਵਰਗੀ।

ਤੂੰ ਕਿਹਾ, "ਘਰ ਤੇਰੇ ਕਿੰਨੇ ਈ ਲੋਕ ਹੁੰਦੇ ਨੇ। ਤੇਰੀ ਛੋਟੀ ਭੈਣ, ਤੇਰੀ ਮਾਂ, ਨੌਕਰ। ਕਿਥੇ ਬਹਿ ਕੇ ਗੱਲ ਹੋ ਸਕਦੀ ਏ ਕੋਈ ?"

ਮੈਂ ਸੋਚਿਆ, ਸ਼ਾਇਦ ਤੂੰ ਠੀਕ ਕਹਿ ਰਿਹਾ ਸਾਏਂ।

ਉਸ ਸ਼ਾਮ ਭੀਮਸੈਨ ਜੋਸ਼ੀ ਦਾ ਗਾਇਨ ਸੀ। ਸਪਰੂ ਹਾਊਸ ਵਿਚ।

ਦਸ ਦਸ ਰੁਪਏ ਦੀਆਂ ਦੋ ਟਿਕਟਾਂ ਲੈ ਆਈ। ਮਾਂ ਨੂੰ ਤੇ ਸ਼ੀਨਾਂ ਨੂੰ ਸਪਰੂ ਹਾਊਸ ਭੇਜ ਦਿਤਾ।

ਮਗਰੋਂ ਨੌਕਰ ਨੂੰ ਵੀ ਪੈਸੇ ਦੇ ਕੇ ਪਿਕਚਰ ਵੇਖ ਆਉਣ ਲਈ ਤੋਰ ਦਿਤਾ।

ਘਰ ਵਿਚ ਤੂੰ ਤੇ ਮੈਂ ਇਕੱਲੇ ਸਾਂ।

ਤੂੰ ਡਰਾਇੰਗ ਰੂਮ ਵਿਚ ਬੈਠਾ ਚੁੱਪ ਚਾਪ ਸਿਗਰੇਟ ਪੀਂਦਾ ਰਿਹਾ। ਆਪਣੀ ਵਿਸਕੀ ਨਿੱਕੇ ਨਿੱਕੇ ਘੁੱਟਾਂ ਨਾਲ ਖ਼ਤਮ ਕਰਦਾ ਰਿਹਾ। ਵਿਸਕੀ ਤੂੰ ਮਾਂ ਦੇ ਸਾਹਮਣੇ ਕਦੇ ਨਹੀਂ ਸਾਏਂ ਪੀਂਦਾ। ਅੱਜ ਕਿਉਂਕਿ ਮਾਂ ਨਹੀਂ ਸੀ, ਇਸ ਕਰ ਕੇ ਏਨੀ ਕੁ ਅੱਯਾਸ਼ੀ ਦਾ ਤਾਂ ਤੇਰਾ ਹੱਕ ਸੀ।

ਮੈਂ ਤੇਰੇ ਕੋਲ ਬੈਠੀ ਤੇਰਾ ਇੰਤਜ਼ਾਰ ਕਰਦੀ ਰਹੀ।

ਗਲਾਸ ਖ਼ਤਮ ਹੋ ਗਿਆ। ਸਿਗਰਟ ਦਾ ਬਾਕੀ ਬਚਿਆ ਟੋਟਾ ਤੂੰ ਰਾਖਦਾਨੀ ਵਿਚ ਰਗੜ ਕੇ ਬੁਝਾ ਦਿਤਾ।

— ਹੁਣ ?

ਇਕ ਸਾਹ ਆ ਕੇ ਮੇਰੇ ਸੰਘ ਵਿਚ ਅਟਕ ਗਿਆ।

ਤੂੰ ਉਠ ਖੜੋਤਾ! ਮੇਰਾ ਹੱਥ ਫੜ ਕੇ ਤੂੰ ਚੁੱਪ ਚਾਪ ਮੇਰੇ ਕਮਰੇ ਵਲ ਤੁਰ ਪਿਆ।

ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਮੇਰੇ ਸਾਰੇ ਪਿੰਡੇ ਦਾ ਮਾਸ ਜਿਵੇਂ ਮੋਮ ਵਾਂਗੂੰ ਪਿਘਲ ਚਲਿਆ ਸੀ। ਤੇਰੀਆਂ ਬਾਹਾਂ ਵਿਚ ਲੁਕ ਜਾਣ ਵਾਸਤੇ ਮੈਂ ਤਰਸ ਉਠੀ ਸਾਂ।

ਤੂੰ ਆ ਕੇ ਮੇਰੇ ਮੰਜੇ ਤੇ ਬਹਿ ਗਿਆ।

ਖ਼ਾਮੋਸ਼! ਚੁੱਪ ਚਾਪ!

ਮੈਂ ਵੀ ਬਹਿ ਗਈ। ਚੁੱਪ ਚਾਪ, ਤੇਰੇ ਕੋਲ।

ਤੂੰ ਰਤਾ ਕੁ ਟੇਢਾ ਹੋ ਕੇ ਮੇਰੀ ਝੋਲੀ ਵਿਚ ਲੇਟ ਗਿਆ।

ਪੰਜਾਂ ਮਿੰਟਾਂ ਮਗਰੋਂ ਤੇਰੇ ਸਾਹਾਂ ਦੇ ਹਮਵਾਰ ਹੋ ਜਾਣ ਨਾਲ ਮੈਂ ਜਾਣ ਗਈ ਸਾਂ ਕਿ ਤੂੰ ਸੌਂ ਗਿਆ ਸਾਏਂ।

ਤੇ ਤੂੰ ਤਿੰਨ ਘੰਟੇ ਸੁੱਤਾ ਰਿਹਾ।

ਜਾਗ ਕੇ, ਮਿਰਮਿਰਾਈਆਂ ਅੱਖਾਂ ਨਾਲ ਘੜੀ ਵੇਖੀ।

ਮੈਂ ਉਸੇ ਤਰ੍ਹਾਂ ਬੁੱਤ ਦੀ ਬੁੱਤ ਬੈਠੀ ਸਾਂ।

ਮੇਰੀ ਝੋਲੀ ਵਿਚ ਜਿਥੇ ਤੇਰਾ ਸਿਰ ਸੀ, ਉਥੋਂ ਲੱਤ ਬਿਲਕੁਲ ਸੌਂ ਗਈ ਸੀ। ਬੇਹਿਸ ਹੋ ਗਈ ਸੀ।

ਮੇਰਾ ਸਾਰਾ ਪਿੰਡਾ ਜਿਵੇਂ ਸੌਂ ਗਿਆ ਸੀ।

ਸਿਰਫ਼ ਮੈਂ ਜਾਗ ਰਹੀ ਸਾਂ।

ਤੇ ਇਕ ਦਰਦ ਜਾਗ ਰਿਹਾ ਸੀ।

ਮੈਨੂੰ ਰਹਿ ਰਹਿ ਕੇ ਲਗ ਰਿਹਾ ਸੀ ਕਿ ਤੂੰ ਮੇਰੀਆਂ ਪਸਲੀਆਂ ਵਿਚ ਠੁੱਡਾ ਮਾਰਿਆ ਸੀ। ਪੈਰ ਦੀ ਠੋਹਕਰ।

ਤੂੰ ਘੜੀ ਵੇਖੀ, ਤੇ ਕਿਹਾ, "ਗਿਆਰਾਂ ਵਜ ਚੁਕੇ ਨੇ।"

ਤੂੰ ਮੇਰੇ ਵਲ ਨਹੀਂ ਵੇਖਿਆ।

"ਮੈਂ ਹੁਣ ਚੱਲਾਂ, ਉਹ ਆਉਣ ਵਾਲੇ ਹੋਣੇ ਨੇ।" ਤੂੰ ਪੋਲਾ ਜਿਹਾ ਮੇਰਾ ਹੱਥ ਘੁੱਟਿਆ। ਉਠਿਆ। ਤੇ ਤੁਰ ਗਿਆ।



## ਅੱਠ

ਕਿਸੇ ਕੰਮ ਮੈਨੂੰ ਜੈਪੁਰ ਜਾਣਾ ਪੈ ਰਿਹਾ ਸੀ।

ਤੈਨੂੰ ਮੈਂ ਕਿਹਾ, "ਦਿੱਲੀਓਂ ਜੈਪੁਰ ਦਾ ਰਸਤਾ ਬੜਾ ਇਕੱਲਾ ਏ। 'ਕੱਲੀ ਕਿਸ ਤਰ੍ਹਾਂ ਜਾਵਾਂਗੀ? ਡਰਾਈਵਰ ਵੀ ਨਹੀਂ। ਤੂੰ ਨਾਲ ਹੋਵੇਂਗਾ ਤਾਂ ਅੱਧਾ ਰਾਹ ਤੂੰ ਚਲਾਈਂ ਗੱਡੀ, ਅੱਧਾ ਰਾਹ ਮੈਂ ਡਰਾਈਵ ਕਰ ਲਵਾਂਗੀ।"

ਤੂੰ ਆਮ ਤੌਰ 'ਤੇ ਕਿਸੇ ਦੀ ਗੱਲ ਮੰਨਦਾ ਨਹੀਂ ਹੁੰਦਾ। ਮੈਂ ਤਾਂ ਤੈਨੂੰ ਏਸੇ ਗੱਲੋਂ ਡਰਦਿਆਂ ਕੁਝ ਨਹੀਂ ਸਾਂ ਕਹਿੰਦੀ ਕਿ ਕਿਤੇ ਤੂੰ ਨਾਂਹ ਕਰ ਦਿਤੀ, ਫੇਰ ਕੀ ਹੋਵੇਗਾ?

ਪਰ ਇਹ ਗੱਲ ਤੂੰ ਮੰਨ ਲਈ। ਤੇ ਜਿਸ ਤਰ੍ਹਾਂ ਸਹਿਜ ਨਾਲ ਤੂੰ ਮੰਨ ਗਿਆ, ਮੈਨੂੰ ਲਗਾ......

ਦਿੱਲੀਓਂ ਤੁਰਨ ਲਗਿਆਂ ਮਨ ਵਿਚ ਐਵੇਂ ਇਕ ਤਾਂਘ ਜਿਹੀ ਜਾਗੀ, "ਹਾਏ ਜੇ ਕਦੇ ਰਾਹ ਵਿਚ ਗੱਡੀ ਖ਼ਰਾਬ ਹੋ ਜਾਵੇ......"

ਤੇ ਰਾਹ ਵਿਚ ਗੱਡੀ ਸਚਮੁਚ ਖ਼ਰਾਬ ਹੋ ਗਈ।

ਰਤਾ ਕੁ ਕੜੱਕ ਦੀ ਆਵਾਜ਼ ਆਈ। ਖੋਹਲ ਕੇ ਵੇਖਿਆ, ਅਗੇ ਰੇਡੀਏਟਰ ਦੇ ਥੱਲੇ ਇਕ ਨੱਟ ਸ਼ਾਇਦ ਢਿੱਲਾ ਹੋ ਕੇ ਕਿਧਰੇ ਡਿਗ ਪਿਆ ਸੀ। ਰੇਡੀਏਟਰ ਉੱਲਰ ਕੇ ਇੰਜਨ ਵਲ ਟੇਢਾ ਹੋ ਗਿਆ ਸੀ, ਤੇ ਹੇਠੋਂ ਪੱਖਾ ਨਪੀੜਿਆ ਗਿਆ ਸੀ। ਪੱਖੇ ਦੀ ਇਕ ਬਾਂਹ ਵਿੰਗੀ ਹੋ ਕੇ ਰੇਡੀਏਟਰ ਦੇ ਢਿੱਡ ਵਿਚ ਜਾ ਖੁੱਭੀ ਸੀ ਤੇ ਪਾਣੀ ਚੋਣ ਲਗ ਪਿਆ ਸੀ।

ਕਿਸੇ ਤਰ੍ਹਾਂ ਹੌਲੀ ਹੌਲੀ ਚਲਾ ਕੇ ਅਗਲੀ ਬਸਤੀ ਵਿਚ ਪਹੁੰਚੇ। ਵਰਕਸ਼ਾਪ ਨਿੱਕੀ ਜਿਹੀ ਹੈ ਸੀ। ਉਹ ਕਹਿਣ ਲਗਾ, "ਇਹ ਤੇ ਰੇਡੀਏਟਰ ਨੂੰ ਬਾਹਰ ਕੱਢ ਕੇ ਵੈਲਡਿੰਗ ਹੋਏਗੀ, ਪੱਖਾ ਸਿੱਧਾ ਕੀਤਾ ਜਾਵੇਗਾ, ਫੇਰ ਗੱਡੀ ਤੁਰੇਗੀ।"

ਉਤੋਂ ਤਰਕਾਲਾਂ ਪੈ ਰਹੀਆਂ ਸਨ।

ਮੈਂ ਅੰਦਰੋਂ ਬਹੁਤ ਖ਼ੁਸ਼ ਸਾਂ।

ਪੁੱਛਿਆ, "ਏਥੇ ਨੇੜੇ ਕੋਈ ਰੈਸਟ ਹਾਊਸ ਹੈ?"

ਹੈ ਸੀ।

ਵਰਕਸ਼ਾਪ ਦਾ ਮਕੈਨਿਕ ਕਹਿਣ ਲਗਾ, "ਚਲੋ, ਮੈਂ ਤੁਹਾਨੂੰ ਰੈਸਟ ਹਾਊਸ ਵਿਚ ਛਡ ਆਉਨਾਂ। ਤੁਸੀਂ ਆਰਾਮ ਕਰੋ। ਗੱਡੀ ਤਿਆਰ ਕਰਕੇ ਮੈਂ ਪੁਚਾ ਦਿਆਂਗਾ।"

ਅਕਤੂਬਰ ਦੀ ਸ਼ਾਮ। ਗਹਿਰੀਆਂ ਹੁੰਦੀਆਂ ਤਰਕਾਲਾਂ। ਡਾਰਾਂ ਨਾਲੋਂ ਪਿਛੇ ਰਹਿ ਗਿਆ ਕੋਈ 'ਕੱਲਾ ਦੁਕੱਲਾ ਪੰਛੀ ਘਰ ਨੂੰ ਉੱਡਦਾ ਜਾਂਦਾ।

ਨਾ ਦਿਨ, ਨਾ ਰਾਤ।

ਦਿਨ ਤੇ ਰਾਤ ਵਿਚਕਾਰਲਾ ਇਕ ਪਲ।

ਨਾ ਵਾਟ, ਨਾ ਮੰਜ਼ਿਲ।

ਪੈਂਡਿਆਂ ਦੀ ਵਾਟ ਤੇ ਮੰਜ਼ਿਲ ਦੇ ਵਿਚਕਾਰਲਾ ਕੋਈ ਮੁਕਾਮ।

ਨਾ ਵਿਛੋੜਾ, ਨਾ ਵਸਲ।

ਵਿਛੋੜੇ ਤੇ ਵਸਲ ਦੇ ਵਿਚਕਾਰਲਾ ਕੋਈ ਲਮਹਾ।

ਚੌਕੀਦਾਰ ਨੇ ਇਕ ਕਮਰਾ ਖੋਹਲ ਦਿਤਾ।

ਜਿਵੇਂ ਬਾਹਰੋਂ ਖੂੰਜਿਆਂ ਵਿਚੋਂ ਕਾਫ਼ੀ ਸਾਰਾ ਹਨੇਰਾ ਸਿਮਟ ਕੇ ਏਸ ਕਮਰੇ ਵਿਚ ਆ ਲੁਕਿਆ ਹੋਵੇ।

ਚੌਕੀਦਾਰ ਨੇ ਬੱਤੀ ਜਗਾਈ। ਊਂਘਦੇ ਜਿਹੇ ਬਲਬ ਦੇ ਮਟਮੈਲੇ ਚਾਨਣ ਵਿਚ ਕਮਰਾ ਕਿਸੇ ਪੁਰਾਣੇ ਦੋਸਤ ਵਾਂਗੂੰ ਮੁਸਕਰਾਇਆ। ਕਾਫ਼ੀ ਸਾਫ਼ ਸੁਥਰਾ ਕਮਰਾ ਸੀ। ਵਿਚਕਾਰ ਇਕ ਡਬਲ ਬੈੱਡ। ਸਾਫ਼ ਧੋਤੀਆਂ ਹੋਈਆਂ ਚੱਦਰਾਂ, ਸਰ੍ਹਾਣੇ, ਕੰਬਲ। ਸਾਫ਼ ਗ਼ੁਸਲਖ਼ਾਨਾ, ਟੱਬ, ਬਾਲਟੀ।

ਤੂੰ ਕੁਰਸੀ ਤੇ ਬਹਿ ਕੇ ਸਿਗਰੇਟ ਪੀਣ ਲਗ ਪਿਆ। ਚੌਕੀਦਾਰ ਨੂੰ ਤੂੰ ਚਾਹ ਲਿਆਉਣ ਲਈ ਕਹਿ ਦਿਤਾ।

ਕਮਰੇ ਵਿਚ ਇਕੋ ਕੁਰਸੀ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿਥੇ ਬੈਠਾਂ।

ਮੈਨੂੰ ਲਗਾ, ਜੇ ਮੈਂ ਮੰਜੀ 'ਤੇ ਬਹਿ ਗਈ ਤਾਂ ਤੂੰ ਇਹੀ ਸਮਝੇਂਗਾ, ਕਿ ਸਿਰਫ਼ ਇਸੇ ਮੰਜੀ ਲਈ ਮੈਂ ਤੈਨੂੰ ਦਿੱਲੀਉਂ ਪੁੱਟ ਲਿਆਈ ਸਾਂ।

ਜੇ ਕਦੇ ਉਹ ਲਮਹਾ ਤੂੰ ਸੰਭਾਲ ਲਿਆ ਹੁੰਦਾ! ਜੇ ਤੂੰ ਉਸ ਇਕਾਂਤ ਕਮਰੇ ਵਿਚ ਮੈਨੂੰ ਇਕ ਵਾਰੀ ਹਿੱਕ ਨਾਲ ਲਾ ਲਿਆ ਹੁੰਦਾ! ਜੇ ਤੂੰ ਵੀ ਆਪਣੇ ਆਪ ਸਹਿਜ ਸੁਭਾ ਮੰਜੇ 'ਤੇ ਮੇਰੇ ਕੋਲ ਬਹਿ ਕੇ ਸਿਗਰੇਟ ਸੁਲਗਾਈ ਹੁੰਦੀ!

ਮਹਿਜ਼ ਤੇਰੀ ਇਕ ਛੋਹ ਨਾਲ ਸਾਰਾ ਤਣਾਉ ਮੁਕ ਜਾਣਾ ਸੀ। ਸਿਰਫ਼ ਤੇਰੇ ਨੇੜੇ ਹੋਣ ਨਾਲ ਸਭ ਕੁਝ ਸਹਿਜ ਹੋ ਜਾਣਾ ਸੀ।

ਖ਼ਾਮੋਸ਼ੀ ਮੇਰੇ ਕੰਨਾਂ ਵਿਚ ਝਨਝਨਾ ਰਹੀ ਸੀ। ਮੰਜੀ ਦੀ ਬਾਹੀ ਤੇ ਬਹਿ ਕੇ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਹੱਥ ਕਿਥੇ ਰੱਖਾਂ!

ਤੂੰ ਲਾਪਰਵਾਹ ਸਿਗਰੇਟ ਦੇ ਧੂੰਏਂ ਨੂੰ ਤੱਕ ਰਿਹਾ ਸਾਏਂ। ਸਿਗਰੇਟ ਦੀ ਰਾਖ ਨੂੰ ਉਂਗਲਾਂ ਦੀ ਨਿੱਕੀ ਜਿਹੀ ਜੁੰਬਸ਼ ਨਾਲ ਹੇਠਾਂ ਝਾੜ ਰਿਹਾ ਸਾਏਂ।

ਮੈਂ ਤੇਰੀ ਕੁਰਸੀ ਦੇ ਹੇਠਾਂ ਸੱਜੇ ਪਾਸੇ ਖਿੱਲਰਦੀ ਰਾਖ ਨੂੰ ਤੱਕਿਆ। ਤੂੰ ਮੇਰੀ ਤੱਕਣੀ ਵੇਖ ਲਈ। "ਚੌਕੀਦਾਰ ਨੂੰ ਪੰਜ ਰੁਪਏ ਟਿੱਪ ਨਹੀਂ ਕਰਨੇ? ਮਾੜੀ ਮੋਟੀ ਸੇਵਾ ਦਾ ਮੌਕਾ ਤਾਂ ਉਹਨੂੰ ਦੇਣਾ ਹੀ ਚਾਹੀਦਾ ਏ", ਤੂੰ ਮੁਸਕਰਾਇਆ।

ਮੈਂ ਵੀ ਮੁਸਕਰਾਈ।

ਚਾਹ ਆ ਗਈ।

ਕੱਪ ਵਿਚ ਘੁੰਮਦੇ ਚਮਚੇ ਦੀ ਆਵਾਜ਼ ਨਾਲ ਵਾਤਾਵਰਣ ਦੀ ਖ਼ਾਮੋਸ਼ੀ ਦੀਆਂ ਗੰਢਾਂ ਆਹਿਸਤਾ ਆਹਿਸਤਾ ਖੁਲ੍ਹਣ ਲਗੀਆਂ।

"ਪਤਾ ਨਹੀਂ, ਇਹ ਮਕੈਨਿਕ ਠੀਕ ਕੰਮ ਕਰਦਾ ਏ ਕਿ ਨਹੀਂ।"



"ਚਲੋ, ਤੁਰਨ ਜੋਗੀ ਕਰ ਦੇਵੇ, ਬਾਕੀ ਜੈਪੁਰ ਜਾ ਕੇ ਕਰਵਾ ਲਵਾਂਗੇ।"

"ਬਗਾਨੇ ਸ਼ਹਿਰ ਵਿਚ ਗੱਡੀ ਖ਼ਰਾਬ ਹੋ ਜਾਵੇ, ਬੱਸ, ਸੋਚੋ ਜੇਬ ਕੱਟੀ ਗਈ।"

"ਤਾਂ ਏਥੋਂ ਹੀ ਵਾਪਸ ਦਿੱਲੀ ਚਲੇ ਜਾਵਾਂਗੇ, ਉਥੇ ਕਰਵਾ ਲਵਾਂਗੇ।" ਮੈਂ ਮੁਸਕਰਾ ਕੇ ਆਖਿਆ।

ਸਿਗਰੇਟ ਦੇ ਬਲਦੇ ਸਿਰੇ ਨੂੰ ਤੂੰ ਰਾਖਦਾਨੀ ਵਿਚ ਰਗੜ ਕੇ ਬੁਝਾ ਦਿਤਾ। ਚਾਹ ਦਾ ਕੱਪ ਫੜ ਕੇ ਚੁੱਪ ਚਾਪ ਪੀਣ ਲਗਾ।

ਤੂੰ ਮੇਰੇ ਵਲ ਤੱਕ ਵੀ ਨਹੀਂ ਸਾਏਂ ਰਿਹਾ।

ਕੁਝ ਸੀ, ਜਿਹੜਾ ਕਮਰੇ ਦੀਆਂ ਕੰਧਾਂ ਵਿਚਕਾਰ ਤਣਿਆ ਹੋਇਆ ਸੀ। ਸਾਡੇ ਦੋਹਾਂ ਵਿਚਕਾਰ ਵੀ।

ਕੁਝ ਬਹੁਤ ਬੇਗਾਨਾ। ਕੁਝ ਬਹੁਤ ਅਣਜਾਣ।

ਬਾਹਰ ਸ਼ਾਇਦ ਰਾਤ ਗਹਿਰਾ ਗਈ ਸੀ। ਚੌਕੀਦਾਰ ਦੇ ਕੁਆਰਟਰ ਵਲੋਂ ਆਉਂਦੀਆਂ ਬੱਚਿਆਂ ਦੀਆਂ ਤੇ ਭਾਂਡਿਆਂ ਦੇ ਖੜਕਾਰ ਦੀਆਂ ਆਵਾਜ਼ਾਂ ਹੌਲੀ ਹੌਲੀ ਮਰ ਰਹੀਆਂ ਸਨ।

"ਰੋਟੀ ਖਾਣੀ ਏਂ?" ਤੂੰ ਪੁੱਛਿਆ।

ਤੇਰੀ ਆਵਾਜ਼ ਕਹਿ ਰਹੀ ਸੀ, 'ਮੈਂ ਤੇ ਨਹੀਂ ਖਾਣੀ, ਜੇ ਤੈਨੂੰ ਭੁੱਖ ਏ ਤਾਂ ਦੱਸ।'

ਮੈਂ ਕਿਹਾ, "ਨਹੀਂ, ਹੁਣ ਕੀ ਐਵੇਂ ਫ਼ਾਲਤੂ ਮੁਸੀਬਤ ਕਰਨੀ ਏ। ਵਾਪਸ ਵੱਡੀ ਸੜਕ ਵਲ ਜਾਣਾ ਪਵੇਗਾ, ਪੈਦਲ। ਫੇਰ ਆਉਣਾ ਪਵੇਗਾ।"

ਤੂੰ ਕਿਹਾ, "ਹਾਂ ਮੈਂ ਵੀ ਇਹੀ ਸੋਚ ਰਿਹਾ ਸਾਂ।"

ਤੂੰ ਉਠਿਆ ਤੇ ਬਕਸੇ ਵਿਚੋਂ ਕੁੜਤਾ ਪਜਾਮਾ ਕਢ ਕੇ ਗ਼ੁਸਲਖ਼ਾਨੇ ਵਲ ਤੁਰਦਾ ਕਹਿਣ ਲਗਾ, "ਮੈਂ ਕੱਪੜੇ ਬਦਲ ਆਵਾਂ? ਫੇਰ ਆਰਾਮ ਨਾਲ ਬੈਠਾਂਗੇ।"

ਮੈਨੂੰ ਤੇਰੀ ਆਵਾਜ਼ ਵਿਚ ਪਹਿਲੀ ਵਾਰੀ ਨਿੱਸਲ ਹੋਈ ਅਪਣੱਤ ਮਹਿਸੂਸ ਹੋਈ।

ਤੂੰ ਗ਼ੁਸਲਖ਼ਾਨੇ ਵਿਚ ਚਲਾ ਗਿਆ।

ਮੈਨੂੰ ਲਗਾ, ਤੂੰ ਇਕ ਕਦਮ ਮੇਰੇ ਵਲ ਤੁਰਿਆ ਸਾਏਂ।

'ਕੱਲੀ ਬੈਠੀ ਮੈਂ ਮੁਸਕਰਾ ਪਈ।

ਗ਼ੁਸਲਖ਼ਾਨੇ ਵਿਚੋਂ ਬਾਹਰ ਆ ਕੇ ਤੂੰ ਬਕਸਾ ਖੋਹਲਿਆ। ਵਿਸਕੀ ਦੀ ਬੋਤਲ ਕਢੀ। ਇਕ ਗਲਾਸ ਵਿਚ ਤੂੰ ਵਿਸਕੀ ਪਾਈ। ਫੇਰ ਗਲਾਸ ਉਤਾਂਹ ਕਰ ਕੇ ਰੌਸ਼ਨੀ ਵਿਚ ਉਹਨੂੰ ਤੱਕਿਆ।

ਉਸ ਸਫ਼ੈਦ ਰੌਸ਼ਨੀ ਵਿਚ ਤੇਰੀਆਂ ਅੱਖਾਂ ਦਾ ਤੇ ਗਲਾਸ ਵਿਚ ਸ਼ਰਾਬ ਦਾ ਰੰਗ ਇਕੋ ਸੀ।

ਫੇਰ ਤੂੰ ਥਰਮਸ ਵਿਚੋਂ ਪਾਣੀ ਲੁੱਦਿਆ।

ਗਲਾਸ ਨੂੰ ਮੇਰੇ ਵਲ ਉਚਿਆਂ ਕਰ ਕੇ ਤੂੰ ਮੁਸਕਰਾ ਕੇ ਕਿਹਾ, "ਚੀਅਰਜ਼!" ਮੈਂ ਵੀ ਮੁਸਕਰਾ ਕੇ ਸਿਰ ਦੀ ਜੁੰਬਸ਼ ਨਾਲ ਤੇਰੀ ਰਸਮ ਵਿਚ ਆਪਣਾ ਹਿੱਸਾ ਪਾ ਦਿਤਾ।

ਦੋ ਤਿੰਨ ਘੁੱਟਾਂ ਵਿਚ ਹੀ ਤੂੰ ਗਲਾਸ ਖ਼ਾਲੀ ਕਰ ਦਿਤਾ । ਉਥੇ ਖੜਿਆਂ ਖੜੋਤਿਆਂ ਹੀ ।

ਵਿਸਕੀ ਤੂੰ ਅਗੇ ਵੀ ਪੀਂਦਾ ਸਾਏਂ, ਪਰ ਏਸ ਤਰ੍ਹਾਂ ਤਾਂ ਕਦੇ ਨਹੀਂ ਸੀ ਪੀਤੀ।

ਫੇਰ ਤੂੰ ਦੂਜਾ ਗਲਾਸ ਬਣਾਇਆ ।

ਮੁਸਕਰਾ ਕੇ ਮੰਜੇ ਵਲ ਤੁਰਦਿਆਂ ਤੂੰ ਕਿਹਾ, "ਮੈਂ ਸੋਚਿਆ, ਦੂਜਾ ਗਲਾਸ ਆਰਾਮ ਨਾਲ ਤੇਰੇ ਕੋਲ ਬਹਿ ਕੇ ਪੀਵਾਂਗਾ ।"

ਮੰਜੇ ਤੇ ਬਹਿ ਕੇ ਤੂੰ ਸਿਗਰੇਟ ਸੁਲਗਾਈ । ਵਿਸਕੀ ਦਾ ਘੁੱਟ, ਫੇਰ ਸਿਗਰੇਟ ਦੇ ਦੋ ਚਾਰ ਕਸ਼, ਫੇਰ ਵਿਸਕੀ ਦਾ ਘੁੱਟ ।

— ਤੂੰ ਮੇਰੇ ਵਲ ਤੱਕ ਨਾ । ਕੋਈ ਗੱਲ ਕਰ । ਐਵੇਂ ਰਸਮੀ ਗੱਲ ਨਹੀਂ । ਨਾ ਖ਼ਰਾਬ ਹੋਈ ਮੋਟਰ ਦੀ ਗੱਲ । ਕੁਝ ਹੋਰ ਕਹਿ ।

ਤੂੰ ਵਿਸਕੀ ਪੀ ਰਿਹਾ ਸਾਏਂ ।

ਗਲਾਸ ਖ਼ਾਲੀ ਕਰ ਕੇ ਤੂੰ ਉਠਿਆ । ਇਕ ਗਲਾਸ ਹੋਰ ਬਣਾ ਕੇ ਫੇਰ ਮੰਜੇ 'ਤੇ ਮੁੜ ਆਇਆ ।

ਖ਼ਾਮੋਸ਼ੀ ।

ਇਕੱਲਿਆਂ ਹੋਣ ਦਾ ਇਕ ਆਪਣਾ ਦਰਦ ਹੁੰਦਾ ਏ । ਕਿਸੇ ਦੇ ਨਾਲ ਹੋਣ ਦੇ ਬਾਵਜੂਦ ਇਸ ਖ਼ਾਮੋਸ਼ੀ ਦਾ ਦਰਦ ਬਿਲਕੁਲ ਵੱਖਰੀ ਕਿਸਮ ਦਾ ਸੀ ।

ਮਹਿਜ਼ ਦਰਦ ਹੀ ਸੀ ਇਹ ?

ਨਹੀਂ, ਕੁਝ ਹੋਰ ਵੀ ਸੀ । ਕੁਝ ਬਹੁਤ ਬੋਝਲ ਤੇ ਬੇਹਿਸ ।

— ਤੂੰ ਮੈਨੂੰ ਬਾਹਵਾਂ ਵਿਚ ਕਿਉਂ ਨਹੀਂ ਘੁੱਟ ਲੈਂਦਾ ? ਤੂੰ ਮੇਰੇ ਹੋਠਾਂ ਦੇ ਦੀਵੇ ਵਿਚ ਆਪਣੇ ਸਾਹਾਂ ਦੀ ਵੱਟੀ ਕਿਉਂ ਨਹੀਂ ਰਖ ਦੇਂਦਾ ? ਬਲਦੀ ਲਾਟ । ਤੂੰ ਮੇਰੀਆਂ ਪਸਲੀਆਂ ਨੂੰ ਕੜਕਾ ਕਿਉਂ ਨਹੀਂ ਦੇਂਦਾ ?

— ਤੂੰ ਕਾਹਦਾ ਇੰਤਜ਼ਾਰ ਕਰ ਰਿਹਾ ਏਂ ?

— ਕੀ ਏ ਜਿਹੜਾ ਤੇਰੇ ਮੇਰੇ ਵਿਚਕਾਰ ਦੀਵਾਰ ਬਣ ਕੇ ਖੜੋਤਾ ਏ ? ਤੇਰੀ ਬੀਵੀ ? ਪਰ ਤੂੰ ਤੇ ਕਹਿੰਦਾ ਸਾਏਂ, ਉਹ ਕਿਸੇ ਹੋਰ ਨੂੰ ਮੁਹੱਬਤ ਕਰਦੀ ਏ । ਮਹੀਨੇ ਵਿਚ ਪੰਝੀ ਦਿਨ ਬਾਹਰ ਟੂਰ ਤੇ ਗਈ ਰਹਿੰਦੀ ਏ, ਆਪਣੇ ਉਸੇ ਕੁਲੀਗ ਨਾਲ, ਤੇ ਬਾਕੀ ਦੇ ਪੰਜ ਦਿਨ ਵੀ ਤੁਸੀਂ ਵਖਰੇ ਕਮਰਿਆਂ ਵਿਚ ਸੌਂਦੇ ਓ ! ਦੋਵੇਂ ਸ਼ਾਇਦ ਇਸ ਗੱਲ ਦੀ ਇੰਤਜ਼ਾਰ ਕਰ ਰਹੇ ਓ, ਕਿ ਪਹਿਲਾਂ ਕੌਣ ਇਸ ਸਿਚੂਏਸ਼ਨ ਤੋਂ ਤੰਗ ਆ ਕੇ ਅਲਗ ਹੋ ਜਾਂਦਾ ਏ । ਤੇ ਦੋਵੇਂ ਉਸ ਖਿਣ ਨੂੰ ਟਾਲ ਰਹੇ ਓ ! ਸ਼ਾਇਦ ਮਹਿਜ਼ ਆਲਸ ਕਰ ਰਹੇ ਓ ! ਜਾਂ ਉਸ ਸਿਚੂਏਸ਼ਨ ਦਾ ਸਾਹਮਣਾ ਕਰਨੋਂ ਬਚ ਰਹੇ ਓ । ਸੋ ਤੇਰੀ ਬੀਵੀ ਵਿਚਕਾਰ ਨਹੀਂ ਖੜੋਤੀ ਹੋਈ ।

— ਫੇਰ ਹੋਰ ਕੀ ਏ ?

— ਇਹ, ਕਿ ਮੈਂ ਤੇਰੇ ਨਾਲੋਂ ਦੋ ਵਰ੍ਹੇ ਵੱਡੀ ਹਾਂ ? ਪਰ ਇਹ ਤਾਂ ਤੈਨੂੰ ਪਹਿਲੋਂ ਹੀ ਪਤਾ ਸੀ, ਬਹੁਤ ਪਹਿਲਾਂ ਤੋਂ, ਸ਼ੁਰੂ ਤੋਂ ਹੀ ।

ਚਾਰ ਗਲਾਸ ਖ਼ਤਮ ਕਰ ਕੇ ਤੂੰ ਆਪਣਾ ਸਿਰ ਮੇਰੇ ਮੋਢੇ 'ਤੇ ਰਖ ਦਿਤਾ ।



ਫੇਰ ਆਹਿਸਤਾ ਜਿਹੇ ਖਿਸਕ ਕੇ ਤੂੰ ਮੇਰੀ ਝੋਲੀ ਵਿਚ ਸਿਰ ਰਖ ਕੇ ਲੇਟ ਗਿਆ । ਤੇ ਸੌਂ ਗਿਆ ।

ਕੁਝ ਚਿਰ ਮੈਂ ਉਥੇ ਹੀ ਬੈਠੀ ਤੇਰੇ ਜਾਗਣ ਦਾ ਇੰਤਜ਼ਾਰ ਕਰਦੀ ਰਹੀ ।

ਫੇਰ ਮੈਂ ਉੱਠ ਕੇ ਬੱਤੀ ਬੁਝਾ ਦਿਤੀ ।

ਤੇ ਆ ਕੇ ਮੰਜੀ 'ਤੇ ਤੇਰੇ ਕੋਲ ਲੇਟ ਗਈ । ਮੂੰਹ ਉਤਾਂਹ ਛੱਤ ਵਲ ਕਰ ਕੇ ।

ਇਹ ਸਾਰਾ ਹਨੇਰਾ ਕੀ ਛੱਤ ਨਾਲੋਂ ਉਲਟਾ ਲਟਕ ਰਿਹਾ ਸੀ ? ਚਮਗਾਦੜਾਂ ਵਾਂਗ । ਸਾਰਾ ਬੋਝ ਸਿਰਫ਼ ਹਨੇਰੇ ਦਾ ਹੀ ਸੀ ਕੀ ?

ਸਵੇਰੇ ।

ਮੈਨੂੰ ਨਹੀਂ ਯਾਦ ਸਾਡੇ ਦੋਹਾਂ ਵਿਚੋਂ ਪਹਿਲੇ ਕੌਣ ਜਾਗਿਆ ਸੀ । ਨਾ ਹੀ ਮੈਨੂੰ ਇਹ ਯਾਦ ਸੀ ਕਿ ਰਾਤੀਂ ਕਿਹੜੇ ਵੇਲੇ ਮੈਨੂੰ ਨੀਂਦਰ ਆ ਗਈ ਸੀ ।

ਅੱਖ ਖੁਲ੍ਹੀ ਤਾਂ ਕੁਝ ਯਾਦ ਨਹੀਂ ਸੀ । ਪਰ ਆਹਿਸਤਾ ਆਹਿਸਤਾ ਨਿਵਾਣ ਵਲ ਵਹਿੰਦੇ ਪਾਣੀ ਵਾਂਗੂੰ ਰਾਤ ਦਾ ਸਾਰਾ ਬੋਝਲ ਹਨੇਰਾ ਵਾਪਸ ਆ ਗਿਆ । ਬਾਹਰ ਨਹੀਂ । ਛਾਤੀ ਦੇ ਅੰਦਰਵਾਰ ।

ਮੈਂ ਤੇਰੇ ਵਲ ਤੱਕਿਆ, ਤੂੰ ਅੱਧੀਆਂ ਬੰਦ ਅੱਖਾਂ ਨਾਲ ਮੇਰੇ ਵਲ ਵੇਖ ਰਿਹਾ ਸਾਏਂ । "ਯਾਰ, ਚਾਹ ਤੇ ਪਿਆ ਦੇਹ ਗਰਮ ਗਰਮ," ਤੂੰ ਤਰਲੇ ਨਾਲ ਕਿਹਾ ।

ਮੈਂ ਉਠ ਕੇ ਬਾਹਰਲਾ ਬੂਹਾ ਖੋਹਲਿਆ । ਸਵੇਰ ਦੀ ਨਿਹਾਇਤ ਬਾਰੀਕ ਹਵਾ ਨੇ ਮੇਰੀ ਗਲ੍ਹ ਨੂੰ ਚੁੰਮਿਆ । ਸੂਰਜ ਹਾਲੀਂ ਨਹੀਂ ਸੀ ਚੜ੍ਹਿਆ । ਸਿਰਫ਼ ਪਤਲਾ ਜਿਹਾ ਕੱਚੀ ਲੱਸੀ ਵਰਗਾ ਚਾਨਣ ਆਸ ਪਾਸ ਦੀ ਹਵਾ ਵਿਚ ਘੁਲਿਆ ਹੋਇਆ ਸੀ ।

ਸਵੇਰ ਬਹੁਤ ਸਾਫ਼ ਸੀ । ਸ਼ਫ਼ਾਫ਼ ਤੇ ਚਮਕੀਲੀ । ਗਲਾਸ ਵਿਚ ਪਈ ਸ਼ਰਾਬ ਵਰਗੀ ਨਹੀਂ । (ਉਹ ਰਾਤ ਵਾਲੀ ਤੇਰੀ ਸ਼ਰਾਬ ਫੇਰ ਯਾਦ ਆ ਰਹੀ ਸੀ । ਰਹਿ ਰਹਿ ਕੇ ।) ਚਸ਼ਮੇ ਦੇ ਬਲੌਰੀ ਪਾਣੀ ਵਰਗੀ ।

ਮੈਂ ਚੌਕੀਦਾਰ ਦੇ ਕੁਆਰਟਰ ਕੋਲ ਜਾ ਕੇ ਆਵਾਜ਼ ਦਿਤੀ । ਉਹ ਬਾਹਰ ਨਿਕਲਿਆ, ਤਾਂ ਮੈਂ ਉਹਨੂੰ ਚਾਹ ਲਿਆਉਣ ਲਈ ਕਿਹਾ । ਗਰਮ ।

ਚਾਹ ਪੀਤੀ ਗਈ । ਤੂੰ ਅਖ਼ਬਾਰ ਨੂੰ ਤਰਸ ਰਿਹਾ ਸਾਏਂ । "ਕਿਉਂਕਿ," ਤੂੰ ਦਸਿਆ, "ਮੈਂ ਅਖ਼ਬਾਰ ਲੈ ਕੇ ਬਾਥਰੂਮ ਜਾਨਾਂ ਹੁੰਨਾਂ ।"

—ਮੈਂ ਤੈਨੂੰ ਕਿੰਨਾ ਥੋੜ੍ਹਾ ਜਾਣਦੀ ਆਂ । ਇਹ ਤੇਰੀਆਂ ਛੋਟੀਆਂ ਛੋਟੀਆਂ ਆਦਤਾਂ, ਮਸਲਨ ਅਖ਼ਬਾਰ ਲੈ ਕੇ ਟਾਇਲੈੱਟ ਜਾਣਾ । ਏਸੇ ਤਰ੍ਹਾਂ ਹੋਰ ਕਈ ਛੋਟੀਆਂ ਛੋਟੀਆਂ ਗੱਲਾਂ ਹੋਣਗੀਆਂ, ਜਿਨ੍ਹਾਂ ਦਾ ਮੈਨੂੰ ਕੋਈ ਪਤਾ ਨਹੀਂ । ਇਹ ਛੋਟੀਆਂ ਗੱਲਾਂ ਹੀ ਰੋਜ਼ਾਨਾ ਜ਼ਿੰਦਗੀ ਦੀਆਂ ਮਹੱਤਵ-ਪੂਰਨ ਗੱਲਾਂ ਨਹੀਂ ਹੁੰਦੀਆਂ ? ਛੋਟੇ ਛੋਟੇ ਗ਼ਮ, ਛੋਟੇ ਛੋਟੇ ਸੁੱਖ । ਇਹੀ ਜ਼ਿੰਦਗੀ ਦੇ ਸਭ ਤੋਂ ਅਹਿਮ ਵਾਲਵ ਤੇ ਬੁਸ਼ ਨਹੀਂ ਹੁੰਦੇ ? ਜੇ ਮੈਂ ਤੇਰੇ ਕੋਲ ਰਹਿੰਦੀ ਹੁੰਦੀ, ਤੇਰੀ ਹਰ ਛੋਟੀ ਤੋਂ ਛੋਟੀ ਹਰਕਤ ਨੂੰ ਮੈਂ ਨਜੂਮੀ ਵਾਂਗੂੰ ਪਹਿਲੋਂ ਹੀ ਜਾਣ ਸਕਦੀ ਸਾਂ । ਤੇਰੀ ਹਰ ਨਿੱਕੀ ਲੋੜ ਦਾ ਮੈਨੂੰ ਪਹਿਲੋਂ ਹੀ ਪਤਾ ਹੋਣਾ

ਸੀ । ਇਹ ਨਾਲ ਰਹਿਣਾ ਦਿਨ ਰਾਤ, ਇਕ ਅਰਤ ਮਰਦ ਲਈ ਬਹੁਤ ਜ਼ਰੂਰੀ ਏ ਨਾ ! ਔਰਤ ਮਰਦ ਦੇ ਰਿਸ਼ਤੇ ਲਈ । ਪਰ ਫੇਰ ਸੋਚਦੀ ਹਾਂ, ਜੇ ਤੂੰ ਇਕ ਸ਼ਾਮ,ਇਕ ਰਾਤ ਮੇਰੇ ਨਾਲ ਗੁਜ਼ਾਰਨ ਵੇਲੇ ਵਿਸਕੀ ਪੀ ਕੇ ਝੱਟ ਸੌਂ ਗਿਆ ਏਂ, ਤਾਂ ਜ਼ਿੰਦਗੀ ਦੀਆਂ ਸਾਰੀਆਂ ਰਾਤਾਂ...ਇਟ ਵਿਲ ਬੀ ਜਸਟ ਮਿਜ਼ਰੀ—ਨੇਕਿਡ ਮਿਜ਼ਰੀ...

ਅਖ਼ਬਾਰ ਤਾਂ ਨਹੀਂ ਸੀ, ਸੋ ਤੂੰ ਸਿਗਰੇਟ ਸੁਲਗਾ ਕੇ ਬਾਥਰੂਮ ਚਲਾ ਗਿਆ ।

ਮੈਂ ਕਮਰੇ ਵਿਚ ਬਹੁਤ ਇਕੱਲੀ ਰਹਿ ਗਈ ।

ਫੇਰ ਮੈਂ ਬਕਸੇ ਵਿਚੋਂ ਤੇਰਾ ਟੁੱਥ ਬਰਸ਼, ਤੇ ਟੁੱਥ ਪੇਸਟ, ਤੇਰੀ ਕੰਘੀ, ਤੇਰਾ ਸ਼ੇਵ ਦਾ ਸਾਮਾਨ ਕਢਣ ਲਗੀ ।

ਹਰ ਚੀਜ਼ ਨੂੰ ਹੱਥ ਲਾਇਆਂ ਲਗਦਾ ਸੀ, ਜਿਵੇਂ ਮੈਂ ਤੈਨੂੰ ਛੋਹ ਰਹੀ ਸਾਂ ।

ਇਹ ਜਿਸਮਾਨੀ ਛੋਹ ਵੀ ਅਜੀਬ ਚੀਜ਼ ਏ । ਮਹਿਬੂਬ ਦੀਆਂ ਬੇਜਾਨ ਚੀਜ਼ਾਂ ਨੂੰ ਵੀ ਪਿਆਰ ਨਾਲ ਦੁਲਾਰਨ ਤੇ ਜੀਅ ਕਰਦਾ ਏ, ਹੱਥ ਲਾ ਕੇ ।

ਤੈਨੂੰ ਕੀ ਸੀ ? ਤੂੰ ਕਿਉਂ ਨਹੀਂ ਸਾਏਂ ਮੈਨੂੰ ਛੂਹੰਦਾ ?

ਤੂੰ ਹੌਲੀ ਹੌਲੀ ਸਵੇਰੇ ਕਰਨ ਵਾਲੇ ਸਾਰੇ ਕੰਮ ਖ਼ਤਮ ਕੀਤੇ, ਨਹਾਇਆ, ਕੱਪੜੇ ਬਦਲੇ । ਮੈਂ ਵੀ ਤਿਆਰ ਹੋ ਗਈ ।

ਤੂੰ ਚੌਕੀਦਾਰ ਨੂੰ ਨਾਸ਼ਤਾ ਲਿਆਉਣ ਲਈ ਕਿਹਾ ।

ਮੈਨੂੰ ਲਗਾ, ਇਹ ਇਕ ਆਮ ਕੰਮਾਂ ਵਾਲੇ ਦਿਨਾਂ ਵਰਗਾ ਕੋਈ ਦਿਨ ਸੀ ।

ਫ਼ਾਲਤੂ ਸਿਰਫ਼ ਇਕ ਚੀਜ਼ ਸੀ । ਤੇ ਉਹ ਘੁਟਣ ਸੀ ।

ਘੱਟ ਸਿਰਫ਼ ਇਕ ਚੀਜ਼ ਸੀ । ਤੇ ਉਹ ਰੋਜ਼ਾਨਾ ਜ਼ਿੰਦਗੀ ਦੇ ਫ਼ਰੇਮ ਵਿਚ ਆਉਣ ਵਾਲੇ ਲੋਕ ਸਨ — ਮਾਂ, ਸ਼ੀਨਾ, ਨੌਕਰ, ਬੱਸ ਸਟਾਪ 'ਤੇ ਨਜ਼ਰ ਆਉਣ ਵਾਲੇ ਪਛਾਣੇ ਹੋਏ ਚਿਹਰੇ, ਬੱਸ ਸਟਾਪ ਦੇ ਕੋਲ ਬੈਠਾ ਬੂਟ ਪਾਲਿਸ਼ ਵਾਲਾ ਮੁੰਡਾ, ਅਖ਼ਬਾਰ ਵਾਲਾ, ਦਫ਼ਤਰ ਦੇ ਲੋਕ !

ਤੂੰ ਕੁਰਸੀ 'ਤੇ ਬਹਿ ਕੇ ਸਿਗਰੇਟ ਪੀਣ ਲਗਾ ।

ਅਚਾਨਕ ਮਨ ਬਹੁਤ ਉਦਾਸ ਹੋ ਆਇਆ ।

ਤੇਰੀ ਇੰਤਜ਼ਾਰ ਕਰਦੀ ਕਰਦੀ ਜਿਵੇਂ ਮੈਂ ਹਾਰ ਗਈ ਸਾਂ ।

ਮੈਂ ਤੇਰੀ ਕੁਰਸੀ ਦੀ ਬਾਹੀ 'ਤੇ ਬਹਿ ਕੇ ਤੇਰਾ ਸਿਰ ਆਪਣੀ ਵੱਖੀ ਨਾਲ ਘੁੱਟ ਲਿਆ ।

ਫੇਰ ਪਤਾ ਨਹੀਂ ਕੀ ਹੋਇਆ, ਗੱਲ ਕਿਸ ਤਰ੍ਹਾਂ ਸ਼ੁਰੂ ਹੋਈ । ਇਹ ਤਾਂ ਯਾਦ ਨਹੀਂ । ਸਿਰਫ਼ ਏਨਾ ਯਾਦ ਏ ਕਿ ਮੈਂ ਤੈਨੂੰ ਕਹਿ ਰਹੀ ਸਾਂ, "ਮੈਨੂੰ ਨਹੀਂ ਪਤਾ ਮੈਨੂੰ ਕੁਝ ਮਹਿਸੂਸ ਕਰਨਾ ਚਾਹੀਦਾ ਏ ਜਾਂ ਨਹੀਂ, ਪਰ ਮੈਨੂੰ ਏਨਾ ਪਤਾ ਏ ਕਿ ਰਾਤੀਂ ਜਿਸ ਵੇਲੇ ਤੂੰ ਸੌਂ ਗਿਆ ਸਾਏਂ, ਆਈ ਫ਼ੈਲਟ ਇਨਸਲਟਿਡ", ਤੇ ਬਾਕੀ ਦੇ ਬਚੇ ਲਫ਼ਜ਼ ਮੇਰੇ ਸੰਘ ਵਿਚ ਫੜਫੜਾਉਣ ਲਗੇ । ਬੋਝਲ, ਭਿੱਜੇ ਚੀਥੜੇ ਵਰਗੇ ।

ਤੂੰ ਕੁਝ ਨਹੀਂ ਕਿਹਾ । ਸਿਰਫ਼ ਮੇਰੀ ਵੱਖੀ ਨੂੰ ਅਹਿਸਾਸ ਹੋਇਆ, ਕਿ ਤੂੰ ਇਕ



ਦੱਬਿਆ ਹੋਇਆ ਹਉਕਾ ਭਰਿਆ ਏ । ਤੂੰ ਇਕ ਬਾਂਹ ਮੇਰੀ ਪਿੱਠ ਪਿਛੋਂ ਵਲਾ ਕੇ ਮੈਨੂੰ ਆਪਣੇ ਵਲ ਖਿਚਿਆ ਤੇ, ਫੇਰ ਆਪਣਾ ਸਿਰ ਮੇਰੀ ਛਾਤੀ ਵਿਚ ਛੁਪਾ ਲਿਆ, "ਆਈ'ਮ ਸਾਰੀ ।"

## ਨੌਂ

ਸਾਰਾ ਦਿਨ ਅਸੀਂ ਸਫ਼ਰ ਕਰਦੇ ਰਹੇ ।

ਜੈਪੁਰ ਤਕ ਦਾ ਸਫ਼ਰ ।

ਜੈਪੁਰ ਥੋੜ੍ਹਾ ਕੰਮ ਕੀਤਾ । ਸ਼ਾਮ ਹੋ ਗਈ । ਮੈਂ ਕਿਹਾ, "ਰਾਤੀਂ ਅਜਮੇਰ ਚਲ ਕੇ ਰਹਾਂਗੇ । ਉਥੇ ਫੇਰ ਸਵੇਰੇ ਸਵੇਰੇ ਕੰਮ ਮੁਕਾ ਲਵਾਂਗੇ ।"

ਤੂੰ ਮੰਨ ਗਿਆ ।

ਅਜਮੇਰ ਦਾ ਰੈਸਟ ਹਾਊਸ ਇਕ ਮਧਰੀ ਜਿਹੀ ਪਹਾੜੀ 'ਤੇ ਸੀ । ਪਹਾੜੀ ਦੇ ਪੈਰਾਂ ਵਿਚ ਝੀਲ ਸੀ ।

ਝੀਲ ਦਾ ਪਾਣੀ ਰਾਤ ਵੇਲੇ ਨਜ਼ਰ ਨਹੀਂ ਸੀ ਆ ਰਿਹਾ । ਰੈਸਟ ਹਾਊਸ ਕੋਈ ਪੁਰਾਣਾ ਛੋਟਾ ਜਿਹਾ ਮਹੱਲ ਸੀ ਸ਼ਾਇਦ, ਜਾਂ ਕਿਸੇ ਮਹਾਰਾਜੇ ਦੀ ਆਰਾਮਗਾਹ !

ਖੁਲ੍ਹੇ ਮੋਕਲੇ ਕਮਰੇ ।

ਚੌੜੇ ਕਮਰਿਆਂ ਦੇ ਵਿਚਕਾਰ ਪਏ ਹੋਏ ਪਲੰਘ ਬਹੁਤ ਬੇਸਹਾਰਾ ਜਾਪ ਰਹੇ ਸਨ ।

ਅਜੀਬ ਗੱਲ ਸੀ । ਇਕ ਪਾਸਿਉਂ ਦੀਵਾਰ ਨਾਲ ਜੁੜ ਕੇ ਪਏ ਪਲੰਘਾਂ ਦੀ ਹੀ ਆਦਤ ਸੀ ਸ਼ਾਇਦ, ਇਸੇ ਲਈ ਕੰਧਾਂ ਦੇ ਸਹਾਰੇ ਤੋਂ ਬਿਨਾਂ ਪਏ ਪਲੰਘ ਤਰਸ-ਯੋਗ ਜਾਪਦੇ ਸਨ ।

ਠਰੇ ਹੋਏ ਪਿੰਜਰੇ ।

... ... ...

ਬੱਤੀ ਬੁਝਾਈ ਤਾਂ ਬਾਹਰ ਛਹਿ ਕੇ ਖੜਤਾ ਹਨੇਰਾ ਖ਼ਰਗੋਸ਼ ਵਾਂਗੂੰ ਭੱਜ ਕੇ ਅੰਦਰ ਆ ਗਿਆ ।

ਹਨੇਰੇ ਦੀ ਵੀ ਕਈ ਵਾਰੀ ਆਪਣੀ ਪ੍ਰੈਜ਼ੰਸ ਹੁੰਦੀ ਏ, ਆਪਣੀ ਹੋਂਦ, ਆਪਣਾ ਭਾਰ, ਆਪਣਾ ਸਪਰਸ਼ । ਇਹ ਮੈਂ ਪਹਿਲੀ ਵਾਰੀ ਮਹਿਸੂਸ ਕੀਤਾ ।

ਤੂੰ ਮੇਰੇ ਨਾਲ ਮੰਜੀ 'ਤੇ ਲੇਟਿਆ ਸਿਗਰੇਟ ਪੀ ਰਿਹਾ ਸਾਏਂ । ਪਿੱਠ ਦੇ ਭਾਰ, ਸਿੱਧਾ ।

ਇਕ ਮਘਦੇ ਹੋਏ ਅੰਗਾਰ ਨੂੰ ਮੈਂ ਉਤੋਂ ਹੇਠਾਂ ਜਾਂਦਿਆਂ ਤੱਕ ਰਹੀ ਸਾਂ । ਉਤੋਂ ਹੇਠਾਂ, ਮੰਜੀ ਦੀ ਬਾਹੀ ਵਲ, ਹੇਠੋਂ ਉਤੇ । ਹਨੇਰੇ ਵਿਚ ਕਮਾਨ ਵਾਹੁੰਦਾ ਹੋਇਆ ਉਹ ਬਿੰਦੂ !

ਤੇ ਜਦੋਂ ਤੇਰੇ ਹੋਠ ਸਿਗਰੇਟ ਨੂੰ ਛੂਹੰਦੇ, ਅੰਗਾਰ ਲਟਲਟਾ ਪੈਂਦਾ । ਕਦੇ ਕਦੇ

ਧੂੰਏਂ ਦਾ ਨਿੱਕਾ ਜਿਹਾ ਗ਼ੁਬਾਰ ਵੀ ਨਜ਼ਰ ਆਉਂਦਾ। ਹਨੇਰੇ ਵਿਚ, ਬੇਬੱਸ ਬਾਹਵਾਂ ਫੈਲਾ ਕੇ ਭਟਕਦਾ ਹੋਇਆ।

ਮੈਂ ਸਿਰ ਤੇਰੇ ਖੱਬੇ ਮੋਢੇ 'ਤੇ ਛਾਤੀ ਵਿਚਕਾਰ ਰਖ ਦਿਤਾ ਸੀ। ਤੂੰ ਖੱਬੀ ਬਾਂਹ ਮੇਰੀ ਪਿੱਠ ਵਲੋਂ ਵਲਾਈ ਹੋਈ ਸੀ।

ਤੂੰ ਚੁੱਪ ਸਾਏਂ। ਤੇਰੀ ਖੱਬੀ ਬਾਂਹ ਵੀ ਚੁੱਪ ਸੀ। ਤੇਰਾ ਜਿਸਮ ਵੀ ਚੁੱਪ ਸੀ। ਚੁੱਪ ਤੇ ਸੁੱਤਾ ਹੋਇਆ!

ਸਿਰਫ਼ ਉਹ ਮਘਦਾ ਬਿੰਦੂ ਜਾਗਦਾ ਸੀ।

ਤੇਰੀ ਸਿਗਰੇਟ ਖ਼ਤਮ ਹੋ ਗਈ। ਤੂੰ ਰਤਾ ਕੁ ਉਠ ਕੇ ਕੋਲ ਪਏ ਮੇਜ਼ ਤੋਂ ਟੋਹ ਕੇ ਰਾਖਦਾਨੀ ਲੱਭੀ ਤੇ ਉਸ ਆਖ਼ਰੀ ਟੁਕੜੇ ਨੂੰ ਬੁਝਾ ਦਿਤਾ।

ਤੂੰ ਚੁੱਪ ਚਾਪ ਫੇਰ ਲੇਟ ਗਿਆ।

ਅਚਾਨਕ ਬਹੁਤ ਸਾਰੀ ਉਦਾਸੀ ਮੇਰੇ ਅੰਦਰ ਖ਼ਾਲੀ ਹਵਾ ਵਾਂਗੂ ਭਰਨ ਲਗੀ। ਹਵਾ, ਜਿਸ ਵਿਚ ਕਾਲਾ ਹਨੇਰਾ ਘੁਲਿਆ ਹੋਇਆ ਸੀ।

ਖ਼ਾਮੋਸ਼ੀ।

ਤਣੀ ਹੋਈ, ਬੇਹਿਸ, ਬੋਝਲ, ਬੇਬਸ ਖ਼ਾਮੋਸ਼ੀ।

"ਮੈਂ ਗ਼ੁਸਲਖ਼ਾਨੇ ਦੀ ਬੱਤੀ ਜਗਾਂ ਦਿਆਂ? ਥੋੜ੍ਹਾ ਜਿਹਾ ਚਾਨਣ ਕਮਰੇ ਵਿਚ ਆ ਜਾਵੇਗਾ।" ਮੈਂ ਜਦੋਂ ਬੋਲੀ, ਮੈਨੂੰ ਲਗਾ ਮੇਰੀ ਆਵਾਜ਼ ਕਿਸੇ ਬੇਗਾਨੇ ਸ਼ਹਿਰੋਂ ਆ ਰਹੀ ਸੀ।

"ਤੁਹਾਡੀ ਮਰਜ਼ੀ", ਤੂੰ ਕਿਹਾ।

'ਤੇਰੀ' ਦੀ ਥਾਵੇਂ 'ਤੁਹਾਡੀ'।

ਮੈਂ ਉਠ ਕੇ ਗ਼ੁਸਲਖ਼ਾਨੇ ਦੀ ਬੱਤੀ ਜਗਾ ਦਿਤੀ। ਗ਼ੁਸਲਖ਼ਾਨੇ ਦਾ ਦਰਵਾਜ਼ਾ ਪਣਾ ਕੁ ਭੀੜ ਦਿਤਾ। ਚੱਪਾ ਕੁ ਚੌੜੀ ਝੀਥ ਵਿਚੋਂ ਚਾਨਣ ਦੀ ਇਕ ਸ਼ਤੀਰੀ ਬਾਹਰ ਨਿਕਲ ਕੇ ਚੁੱਪ ਚਾਪ ਕਮਰੇ ਦੇ ਫ਼ਰਸ਼ 'ਤੇ ਲੇਟ ਗਈ। ਥੋੜ੍ਹਾ ਜਿਹਾ ਤਰਲ ਚਾਨਣਾ ਕਮਰੇ ਦੇ ਹਨੇਰੇ ਵਿਚ ਘੁਲ ਗਿਆ। ਗਹਿਰਾ ਹਨੇਰਾ ਕੋਨਿਆਂ ਵਿਚ ਜਾ ਦੁਬਕਿਆ।

ਮੈਂ ਆਹਿਸਤਾ ਜਿਹੇ ਤੇਰੇ ਵਾਲਾਂ ਵਿਚ ਉਂਗਲਾਂ ਘੁਮਾਈਆਂ।

ਜਦੋਂ ਵੀ ਤੂੰ ਬਹੁਤ ਥੱਕਾ ਹੋਵੇਂ, ਤੂੰ ਚੁੱਪ ਚਾਪ ਮੇਰੇ ਕਦਮਾਂ ਕੋਲ ਬਹਿ ਕੇ ਸਿਰ ਮੇਰੀ ਝੋਲੀ ਵਿਚ ਰਖ ਦੇਂਦਾ ਸਾਏਂ, ਤੇ ਮੈਂ ਇਸੇ ਤਰ੍ਹਾਂ ਤੇਰੇ ਵਾਲਾਂ ਵਿਚ ਉਂਗਲਾਂ ਫੇਰਦੀ ਸਾਂ।

ਤੂੰ ਊਂਘਦੀ ਹੋਈ ਆਵਾਜ਼ ਵਿਚ ਕਹਿੰਦਾ ਸਾਏਂ, "ਊਂ...ਊਂ...ਊਂ...ਊਂ... ਮੈਂ ਸੌਣ ਲਗਾਂ।"

ਹੁਣ ਤੇਰੇ ਵਾਲਾਂ ਵਿਚ ਉਂਗਲਾਂ ਘੁਮਾਂਦਿਆਂ ਮੈਂ ਸੋਚ ਰਹੀ ਸਾਂ, ਸ਼ਾਇਦ ਇੰਜ ਤੇਰੇ ਮਨ ਦੀ ਕੋਈ ਪੀਚਵੀਂ ਗੰਢ ਖੁਲ੍ਹ ਜਾਵੇ, ਸ਼ਾਇਦ ਤੂੰ ਰੀਲੈਕਸ ਕਰ ਸਕੇਂ, ਸ਼ਾਇਦ ਇਹ ਖ਼ਾਮੋਸ਼ ਤਣਾਓ ਪਿਘਲ ਜਾਵੇ।



ਤੂੰ ਪਾਸਾ ਪਰਤ ਕੇ ਮੈਨੂੰ ਦੋਹਾਂ ਬਾਹਵਾਂ ਵਿਚ ਘੁੱਟ ਲਿਆ।

"ਮੈਨੂੰ ਮਾਫ਼ ਕਰ ਦੇਵੀਂ," ਤੂੰ ਕਿਹਾ।

"ਕਾਹਦੀ ਮੁਆਫ਼ੀ?"

ਤੂੰ ਫੇਰ ਨਹੀਂ ਬੋਲਿਆ। ਪਲ ਕੁ ਲਗਾ, ਤੇਰੀ ਥਾਵੇਂ ਤੇਰੀਆਂ ਬਾਹਵਾਂ ਬੋਲ ਰਹੀਆਂ ਨੇ। ਅਜੀਬ ਵਿਲਕਣੀ ਜਾਗਦੀ ਮਹਿਸੂਸ ਹੋਈ ਤੇਰੀਆਂ ਬਾਹਵਾਂ ਵਿਚ। ਅਜੀਬ ਸਹਿਕ।

ਫੇਰ ਹੌਲੀ ਹੌਲੀ ਸਭ ਕੁਝ ਖ਼ਾਮੋਸ਼ ਹੋ ਗਿਆ। ਮੈਨੂੰ ਲਗਾ, ਅਸੀਂ ਦੋਵੇਂ ਇਕ ਦੂਜੇ ਨੂੰ ਬਿਲਕੁਲ ਨਹੀਂ ਸਾਂ ਜਾਣਦੇ। ਪਛਾਣਦੇ ਵੀ ਨਹੀਂ ਸਾਂ।

ਅਣਗਿਣਤ ਝੀਂਗਰ ਜਿਵੇਂ ਕੰਨਾਂ ਦੇ ਅੰਦਰ ਕਿਤੇ ਕੁਰਲਾ ਰਹੇ ਸਨ।

ਛਾਤੀ ਦੇ ਅੰਦਰਵਾਰ ਇਹ ਕੇਹਾ ਸ਼ੋਰ ਸੀ? ਮਨਹੂਸ! ਜਿਵੇਂ ਕਿਸੇ ਸੁੰਞੀ ਸੜਕ ਦੇ ਕਿਨਾਰੇ ਬੈਠਾ ਕੋਈ ਪਾਗਲ ਬੁੱਢਾ ਆਪਣੇ ਮਰੀਅਲ ਹੱਥ ਨਾਲ ਕੋਲ ਪਿਆ ਟੁੱਟਾ ਜਿਹਾ, ਚਿੱਬਾ ਜਿਹਾ ਢੋਲ ਲਗਾਤਾਰ ਕੁੱਟੀ ਜਾ ਰਿਹਾ ਹੋਵੇ। ਅੱਖਾਂ ਮੀਟ ਕੇ, ਲਗਾਤਾਰ। ਤੇ ਉਸ ਦੀਆਂ ਬੰਦ ਅੱਖਾਂ ਵਿਚੋਂ ਮਟਮੈਲੇ ਜਿਹੇ ਅੱਥਰੂ ਨਿਕਲ ਕੇ ਉਹਦੇ ਚਿਹਰੇ ਦੀਆਂ ਝੁਰੜੀਆਂ ਵਿਚ ਗੁਆਚਦੇ ਜਾ ਰਹੇ ਹੋਣ।

ਮੈਂ ਉਠੀ। ਬਕਸ ਖੋਹਲਿਆ। ਤੇਰੇ ਤੇ ਮੇਰੇ ਕਪੜੇ ਨਾਲੋ ਨਾਲ ਪਏ ਸਨ। ਵਿਚਕਾਰ ਵਿਸਕੀ ਦੀ ਬੋਤਲ ਸੀ।

ਮੈਂ ਤਿਪਾਈ ਤੋਂ ਗਲਾਸ ਚੁਕਿਆ। ਵਿਸਕੀ ਪਾਈ। ਥਰਮਸ ਵਿਚੋਂ ਪਾਣੀ ਪਾਇਆ।

ਤੇਰੇ ਮੰਜੇ ਕੋਲ ਆਣ ਖਲੋਤੀ।

ਤੂੰ ਅੱਧਾ ਕੁ ਮੂਧੇ ਮੂੰਹ ਪਿਆ ਸਾਏਂ। ਖੱਬੀ ਬਾਂਹ ਉਚੀ, ਸਿਰਹਾਣੇ ਵਲ। ਤੇ ਮੂੰਹ ਉਸ ਤੋਂ ਅਗਾਂਹ, ਹੇਠਾਂ ਵਲ। ਸਿਰਫ਼ ਤੇਰੇ ਚਿਹਰੇ ਦਾ ਪਰੋਫ਼ਾਈਲ ਨਜ਼ਰ ਆ ਰਿਹਾ ਸੀ। ਤੇਰੀਆਂ ਪਲਕਾਂ 'ਤੇ ਅਜੇ ਵੀ ਇਕ ਅੱਧ ਸ਼ਿਕਨ ਦਾ ਨਿਸ਼ਾਨ ਬਾਕੀ ਸੀ।

ਅਜੀਬ ਗੱਲ ਸੀ। ਜਦੋਂ ਵੀ ਤੂੰ ਟੈਨਸ ਹੋਵੇਂ, ਤੇਰੇ ਮੱਥੇ 'ਤੇ ਸ਼ਿਕਨ ਨਹੀਂ ਸੀ ਪੈਂਦੀ, ਸਿਰਫ਼ ਪਲਕਾਂ ਤੋਂ ਪਤਾ ਲਗਦਾ ਸੀ ਕਿ ਤੂੰ ਪਰੇਸ਼ਾਨ ਏਂ।

ਮੈਨੂੰ ਤੇਰੇ 'ਤੇ ਬੇਹੱਦ ਲਾਡ ਆਇਆ।

ਤੇਰੇ ਵਾਲਾਂ ਵਿਚ ਉਂਗਲਾਂ ਘੁਮਾਈਆਂ।

ਤੂੰ ਅੱਖਾਂ ਖੋਹਲੀਆਂ।

"ਇਹ ਕਿਉਂ?"

"ਕੁਝ ਨਹੀਂ। ਐਵੇਂ ਈ। ਲੈ, ਪੀ ਲੈ।" ਤੇਰੇ ਸਿਰ ਨੂੰ ਆਪਣੇ ਦੂਜੇ ਹਥ ਦਾ ਸਹਾਰਾ ਦੇ ਕੇ ਮੈਂ ਤੈਨੂੰ ਉਠਾ ਦਿਤਾ। ਪਲੰਘ ਦੀ ਸਰ੍ਹਾਂਦੀ ਵਾਲੇ ਪਾਸੇ ਦੇ ਉਭਾਰ ਨਾਲ ਢੋਹ ਲਾ ਕੇ ਤੂੰ ਵਿਸਕੀ ਪੀਣ ਲਗਾ।

"ਜ਼ਰਾ ਫੜ", ਤੂੰ ਗਲਾਸ ਮੈਨੂੰ ਫੜਾਇਆ। ਤੇ ਸਿਗਰੇਟ ਜਲਾਈ।

ਵਕਤ ਖ਼ਾਮੋਸ਼ ਗੁਜ਼ਰ ਰਿਹਾ ਸੀ।

"ਤੈਨੂੰ ਅਜੀਬ ਨਹੀਂ ਲਗਦਾ ?"

"ਕਿਸ ਦੇ ਬਾਰੇ ?"

"ਇਕ ਉਹ ਔਰਤ ਮੇਰੇ ਕੋਲ ਏ, ਜਿਸ ਨੂੰ ਮੈਂ ਮੁਹੱਬਤ ਕਰਨਾਂ...।"

ਮੇਰਾ ਸਾਰਾ ਪਿੰਡਾ ਝੁਣਝੁਣਾ ਉਠਿਆ। ਇਹ ਤੇ ਤੂੰ ਅਗੇ ਕਦੇ ਨਹੀਂ ਸੀ ਕਿਹਾ। ਅੱਜ ਪਹਿਲੀ ਵਾਰ...ਬਿਲਕੁਲ ਪਹਿਲੀ ਵਾਰ...

ਉਹਨਾਂ ਲਫ਼ਜ਼ਾਂ ਦੀ ਆਵਾਜ਼ ਨਾਲ ਮੈਨੂੰ ਵਿਸਮਾਦ ਹੋਇਆ। ਛੋਟੀ ਜਿਹੀ ਹੈਰਾਨੀ ਵੀ। ਖ਼ੁਸ਼ੀ ਵੀ ਸ਼ਾਇਦ।

ਇਕ ਸਾਹ ਤੇ ਦੂਜੇ ਸਾਹ ਦੇ ਵਿਚਕਾਰ ਰੁਕਿਆ ਹੋਇਆ ਉਹ ਇਕ ਲਮਹਾ ਸੀ।...

"...ਤੇ ਮੈਂ ਉਹਨੂੰ ਬਾਹਵਾਂ ਵਿਚ ਲੈ ਕੇ ਪਿਆਰ ਨਹੀਂ ਕਰ ਸਕਦਾ।"

ਤੂੰ ਰੁਕ ਗਿਆ। ਪਲ ਕੁ।

ਸਿਗਰੇਟ ਦਾ ਇਕ ਕਸ਼।

ਵਿਸਕੀ ਦਾ ਘੁੱਟ।

ਚੂਰ ਹਨੇਰੇ ਵਿਚ ਘੂਰਦੀ ਤੇਰੀ ਨਜ਼ਰ ਜਿਵੇਂ ਲਫ਼ਜ਼ ਤਲਾਸ਼ ਕਰ ਰਹੀ ਸੀ। ਜਾਂ ਸ਼ਾਇਦ ਤੂੰ ਆਪਣੇ ਅੰਦਰੋਂ ਆਪਣੇ ਜਜ਼ਬੇ ਦੇ ਨਕਸ਼ਾਂ ਨੂੰ ਲੱਭ ਰਿਹਾ ਸਾਏਂ। ਨੀਝ ਲਾ ਕੇ।

ਤੂੰ ਮੇਰੇ ਵਲ ਤੱਕਿਆ। "ਇਹ ਕੀ ਏ ? ਤੇਰੇ ਮੇਰੇ ਦਰਮਿਆਨ ? ਇਹ ਦੀਵਾਰ ਜਿਹੀ ਕੀ ਏ ?"

"ਪਤਾ ਨਹੀਂ," ਮੈਂ ਹਉਕਾ ਭਰਿਆ।

ਛੋਟਾ ਜਿਹਾ, ਬਹੁਤ ਦੇਰ ਦਾ ਰੁਕਿਆ ਹੋਇਆ ਸਾਹ, ਜਿਵੇਂ ਫੜ-ਫੜਾ ਕੇ ਆਜ਼ਾਦ ਹੋਇਆ।

ਇਕ ਦਮ ਮੈਂ ਆਪਣੇ ਆਪ ਨੂੰ ਬੇਹੱਦ ਮਾਯੂਸ ਤੇ ਬੇਬਸ ਮਹਿਸੂਸ ਕੀਤਾ, ਪਤਾ ਨਹੀਂ ਕਿਉਂ। ਤੇ ਮੈਂ ਆਪਣਾ ਸਿਰ ਤੇਰੇ ਮੋਢੇ 'ਤੇ ਰਖ ਦਿਤਾ। ਅਡੋਲ।

ਤੂੰ ਇਕ ਬਾਂਹ ਮੇਰੇ ਦੁਆਲੇ ਵਲਾ ਲਈ। ਮੈਨੂੰ ਮਹਿਸੂਸ ਹੋਇਆ, ਜਿਵੇਂ ਤੂੰ ਆਪਣੀ ਗਲ੍ਹ ਮੇਰੀ ਪੁੜਪੁੜੀ ਨਾਲ ਟਿਕਾ ਲਈ ਹੋਵੇ।

ਬੜੀ ਅਪਣਤ ਮਹਿਸੂਸ ਹੋਈ, ਤੇਰੀ ਗਲ੍ਹ ਦੀ ਛੁਹ ਨਾਲ।

'ਯੈੱਸ, ਆਈ ਲਵ ਯੂ।" ਤੇਰੀ ਆਵਾਜ਼ ਬਹੁਤ ਕੋਮਲ ਸੀ। ਨਰਮ ਤੇ ਕੋਸੀ, ਕਿਸੇ ਅਬਾਬੀਲ ਦੀ ਛਾਤੀ ਉਤਲੇ ਖੰਭਾਂ ਵਾਂਗੂੰ। ਫੇਰ ਤੂੰ ਦੂਜੀ ਬਾਂਹ ਵੀ ਮੇਰੇ ਦੁਆਲੇ ਵਲ ਲਈ। ਮੈਂ ਬਿੱਲੀ ਦੇ ਛੋਟੇ ਬੱਚੇ ਵਾਂਗੂੰ, ਡਰੇ ਹੋਏ ਬਲੂੰਗੜੇ ਵਾਂਗੂੰ ਤੇਰੀ ਝੋਲੀ ਵਿਚ ਸਿਮਟ ਗਈ।

ਉਸ ਵੇਲੇ, ਪਹਿਲੀ ਵਾਰ, ਤੂੰ ਮੈਨੂੰ ਬਹੁਤ ਨੇੜੇ, ਬਹੁਤ ਆਪਣਾ, ਬਹੁਤ ਹੀ ਆਪਣਾ ਲਗਾ।

"ਅਸਲ ਵਿਚ ਏਨੇ ਵਰ੍ਹੇ ਮੈਂ ਸਿਰਫ਼ ਦੌੜਦਾ ਰਿਹਾਂ। ਅੱਖਾਂ ਬੰਦ ਕਰ ਕੇ। ਆਸ



ਪਾਸ ਤੋਂ ਬੇਖ਼ਬਰ ! ਜਿਸਮ, ਹੋਰ ਜਿਸਮ। ਹੋਰ ਜਿਸਮ। ਸਭ ਤੋਂ ਪਹਿਲੀ ਕੁੜੀ ਜੀਹਦੇ ਨਾਲ ਮੈਂ ਸੁੱਤਾ..."

ਤੂੰ ਰਤਾ ਕੁ ਰੁਕਿਆ।

ਉਹ ਲਮਹਾ ਜਿਵੇਂ ਤਾਰ 'ਤੇ ਲਟਕੀ ਮੀਂਹ ਦੀ ਬੂੰਦ ਵਾਂਗੂੰ ਸੀ। ਕੰਬਦਾ, ਡਿਗਣ ਡਿਗਣ ਕਰਦਾ। ਮੈਂ ਸਾਹ ਰੋਕ ਲਿਆ ਸੀ, ਮਤੇ ਖੜਾਕ ਨਾ ਹੋ ਜਾਏ।

"ਮੈਂ ਉਦੋਂ ਸੋਲਾਂ ਵਰ੍ਹਿਆਂ ਦਾ ਸਾਂ। ਉਹ ਵੱਡੀ ਸੀ ਮੇਰੇ ਤੋਂ। ਬਹੁਤ। ਗੱਡੀ ਵਿਚ। ਉਹ ਸਹੁਰੇ ਜਾ ਰਹੀ ਸੀ। ਮੈਨੂੰ ਰਾਹ ਵਿਚ ਉਹਦਾ ਖ਼ਿਆਲ ਰਖਣ ਲਈ ਕਿਹਾ ਸੀ ਉਹਨਾਂ ਨੇ। ਮੈਂ ਆਪਣੇ ਹੋਸਟਲ ਵਾਪਸ ਜਾ ਰਿਹਾ ਸਾਂ। ਰਾਹ ਵਿਚ...।"

ਤੂੰ ਰੁਕ ਗਿਆ। ਸਿਗਰੇਟ ਦੇ ਕੋਸੇ ਧੂੰਏਂ ਨੂੰ ਤੂੰ ਦੋ ਤਿੰਨ ਵਾਰੀ ਲੰਮੇ ਲੰਮੇ ਸਾਹਾਂ ਨਾਲ ਆਪਣੇ ਅੰਦਰ ਉਤਾਰਿਆ।

ਕਿਹੋ ਜਿਹੀ ਹੋਵੇਗੀ ਉਹ ਕੁੜੀ ? ਪੇਕੇ ਰਹੀ ਹੋਵੇਗੀ, ਸ਼ਾਇਦ ਇਕ ਮਹੀਨਾ, ਜਾਂ ਦੋ ਮਹੀਨੇ। ਭਰ ਜੁਆਨ। ਆਪਣੇ ਖ਼ਾਵੰਦ ਨੂੰ ਯਾਦ ਕਰਦੀ ਹੋਵੇਗੀ। ਰਾਤੀਂ ਇਕੱਲੀ ਮਹਿਸੂਸ ਕਰਦੀ ਹੋਵੇਗੀ। ਤੇ ਦੋ ਤਿੰਨ ਮਹੀਨਿਆਂ ਮਗਰੋਂ ਸਹੁਰੇ ਜਾ ਰਹੀ।...ਖ਼ਾਵੰਦ ਨੂੰ ਮਿਲਣ ਦੀ ਬਿਹਬਲਤਾ ਵਿਚ ਉਸ ਦਾ ਜਿਸਮ ਗਰਮ ਲੋਹੇ ਵਾਂਗੂੰ ਤਪਿਆ ਹੋਇਆ ਹੋਵੇਗਾ। ਤੇ ਉਸੇ ਤਪਸ਼ ਵਿਚ, ਰਾਹ ਵਿਚ ਹੀ...।

ਅਜੀਬ ਲਿਜਲਿਜਾਪਣ ਮਹਿਸੂਸ ਹੋਇਆ ਮੈਨੂੰ। ਪਰ ਮੈਂ ਹਿੱਲੀ ਨਹੀਂ। ਮਤੇ ਉਹ ਲਮਹਾ ਕੱਚ ਵਾਂਗੂੰ ਟੁੱਟ ਜਾਏ।

ਤੂੰ ਗੱਲਾਂ ਕਰ ਰਿਹਾ ਸਾਏਂ। ਖੁਲ੍ਹ ਰਿਹਾ ਸਾਏਂ। ਮੈਨੂੰ ਹਮਰਾਜ਼ ਬਣਾ ਰਿਹਾ ਸਾਏਂ। ਅਪਣਾ ਰਿਹਾ ਸਾਏਂ। ਅਪਣੱਤ ਦੇ ਉਸ ਲਮਹੇ ਨੂੰ ਮੈਂ ਟੁੱਟਣ ਨਹੀਂ ਸਾਂ ਦੇਣਾ ਚਾਹੁੰਦੀ।

"ਫੇਰ ਉਸ ਤੋਂ ਮਗਰੋਂ ਮੈਂ ਕਾਲਜ ਪੜ੍ਹਨ ਲਗ ਪਿਆ। ਕਈ ਕੁੜੀਆਂ ਆਈਆਂ। ਕਈ ਗਈਆਂ। ਗੁਆਂਢ ਦੀਆਂ। ਦੋਸਤਾਂ ਦੀਆਂ ਭੈਣਾਂ, ਭਰਜਾਈਆਂ। ਨੌਕਰਾਣੀਆਂ, ਚੂਹੜੀਆਂ। ਕੁਝ ਯਾਦ ਨਹੀਂ। ਸਿਰਫ਼ ਇਕ ਚਿਹਰਾ ਯਾਦ ਏ ਜਿਹੜਾ ਗੁਆਚ ਗਿਆ ਸੀ। ਬਹੁਤ ਪਹਿਲਾਂ, ਸ਼ੁਰੂ ਵਿਚ। ਮੈਂ ਅਜੇ ਕਾਲਜ ਵਿਚ ਦਾਖ਼ਲ ਹੋਇਆ ਸਾਂ। ਉਹ ਸਾਈਕਲ 'ਤੇ ਗਲੀ ਦੇ ਮੋੜ ਕੋਲੋਂ ਲੰਘਦੀ ਹੁੰਦੀ ਸੀ, ਆਪਣੇ ਕਾਲਜ ਜਾਂਦੀ ਹੋਈ। ਮੈਂ ਮੋੜ ਦੇ ਕੋਲ ਇਕ ਪਾਸੇ ਖੜੋਤਾ ਰਹਿੰਦਾ। ਉਹਨੂੰ ਦੂਰੋਂ ਵੇਖਦਾ। ਵੇਖਣ ਤੋਂ ਬਿਨਾਂ ਕਾਲਜ ਨਾ ਜਾਂਦਾ। ਜਦੋਂ ਉਹ ਨਾ ਆਉਂਦੀ, ਮੈਂ ਕਿਧਰੇ ਵੀ ਨਾ ਜਾਂਦਾ। ਖਲੋ ਖਲੋ ਕੇ ਥੱਕ ਜਾਂਦਾ, ਤਾਂ ਘਰ ਮੁੜ ਆਉਂਦਾ। ਵਾਪਸ। ਓਦਰਿਆ ਹੋਇਆ। ਗੁਆਚਾ ਗੁਆਚਾ। ਇਕ ਵਾਰੀ ਮੇਰਾ ਇਮਤਿਹਾਨ ਸੀ। ਆਖ਼ਰੀ ਪਰਚਾ। ਮੈਂ ਉਹਨੂੰ ਵੇਖਣ ਤੋਂ ਬਿਨਾਂ ਜਾਣਾ ਨਹੀਂ ਸੀ। ਤੇ ਉਹ ਕੋਈ ਨਾ ਆਈ। ਮੈਂ ਇਮਤਿਹਾਨ ਦੇਣ ਨਹੀਂ ਗਿਆ, ਫ਼ੇਲ੍ਹ ਹੋ ਗਿਆ। ਪੂਰਾ ਸਾਲ ਬਰਬਾਦ ਹੋ ਗਿਆ। ਫੇਰ ਪਤਾ ਲਗਾ, ਵੱਡੀ ਸੜਕ 'ਤੇ ਜਿਹੜੀ-ਸਭ ਤੋਂ ਵੱਡੀ ਜੁੱਤੀਆਂ ਦੀ ਦੁਕਾਨ ਸੀ, ਉਹਦੇ ਮਾਲਕ ਦੇ ਮੋਟੇ ਪੁੱਤਰ ਨੂੰ ਉਹ ਮੁਹੱਬਤ ਕਰਦੀ ਸੀ। ਸੈਂਡਲ ਖ਼ਰੀਦਣ ਗਈ ਨੂੰ ਉਹਨੇ ਹੇਠਾਂ ਨਿੱਕੇ ਸਟੂਲ 'ਤੇ ਬਹਿ ਕੇ, ਬੜੇ ਪਿਆਰ ਨਾਲ ਸੈਂਡਲ ਪੁਆਏ

ਸਨ। ਪੈਰਾਂ ਨੂੰ ਪਲੋਸ ਕੇ। ਤੇ ਪੈਰਾਂ ਦੀਆਂ ਤਲੀਆਂ ਨੂੰ ਪਲੋਸਦਿਆਂ ਉਹਨੇ ਸ਼ਹਿਰ ਦੀ ਸਭ ਤੋਂ ਸੋਹਣੀ ਕੁੜੀ ਦੇ ਦਿਲ ਨੂੰ ਜਿੱਤ ਲਿਆ ਸੀ। ਫੇਰ ਉਹ ਉਹਨੂੰ ਇਸ਼ਕੀਆ ਸ਼ੇਅਰ ਲਿਖ ਲਿਖ ਕੇ ਭੇਜਦਾ ਰਿਹਾ — ਸੁਣੇ ਸੁਣਾਏ ਉਰਦੂ ਦੇ ਸ਼ੇਅਰ। ਹਿੰਦੀ ਵਿਚ। ਫੇਰ ਉਹਨੇ ਪਿਉ ਨੂੰ ਉਹਦੇ ਘਰ ਭੇਜਿਆ। ਫੇਰ ਉਹਨਾਂ ਦਾ ਵਿਆਹ ਹੋ ਗਿਆ...।''

ਤੂੰ ਚੁੱਪ ਹੋ ਗਿਆ। ਗੁਜ਼ਰੇ ਜ਼ਮਾਨੇ ਵਿਚ ਗੁਆਚੀ ਉਸ ਕੁੜੀ ਨਾਲ ਤੂੰ ਗੁੱਸੇ ਹੋ ਰਿਹਾ ਸਾਏਂ ? ਕਿ ਆਪਣੇ ਆਪ ਨਾਲ ? ਕਿ ਜੁੱਤੀਆਂ ਦੀ ਦੁਕਾਨ ਦੇ ਮਾਲਕ ਦੇ ਪੁੱਤਰ ਨਾਲ ?

''ਉਸ ਤੋਂ ਮਗਰੋਂ ਹਰ ਕੁੜੀ ਇਕ ਮਜ਼ਾਕ ਲਗਦੀ। ਘਟੀਆ। ਜੀਹਨੂੰ ਜੁੱਤੀਆਂ ਵੇਚਣ ਵਾਲਾ ਮੋਟਾ ਬੇਢੰਗਾ ਕੋਈ ਵੀ ਮੁੰਡਾ ਪੁਚਕਾਰ ਕੇ, ਬੱਕਰੀ ਵਾਂਗੂੰ ਬੰਨ੍ਹ ਕੇ ਘਰ ਲਿਜਾ ਸਕਦਾ ਸੀ। ਹਰ ਕੁੜੀ ਕੋਲੋਂ, ਮੈਂ ਉਸ ਇਕ ਕੁੜੀ ਦੇ ਘਟੀਆ ਹੋਣ ਦਾ ਜਾਂ ਸ਼ਾਇਦ ਗੁਆਚ ਜਾਣ ਦਾ ਬਦਲਾ ਲੈ ਰਿਹਾ ਸਾਂ। ਇਕ ਇਲੀਊਯਨ ਸੀ, ਜਿਹੜਾ ਟੁੱਟ ਗਿਆ ਸੀ, ਤੇ ਮੈਂ...''

ਤੈਨੂੰ ਸ਼ਾਇਦ ਗੱਲ ਨਹੀਂ ਸੀ ਅਹੁੜ ਰਹੀ। ਪਰ ਮੈਂ ਸਮਝ ਰਹੀ ਸਾਂ। ਜੀਣ ਲਈ ਜਿਸ ਤਰ੍ਹਾਂ ਰੋਟੀ ਦੀ, ਪਾਣੀ ਦੀ, ਹਵਾ ਦੀ ਜ਼ਰੂਰਤ ਏ, ਉਸੇ ਤਰ੍ਹਾਂ ਥੋੜ੍ਹੇ ਜਿਹੇ ਇਲੀਊਯਨ ਦੀ, ਸੁਪਨੇ ਦੇ ਇਕ ਟੋਟੇ ਦੀ ਲੋੜ ਏ। ਉਸ ਸੁਪਨੇ ਨੂੰ ਮਨਫ਼ੀ ਕਰ ਦਿਉ, ਬਾਕੀ ਦਾ ਇਨਸਾਨ ਸ਼ਾਇਦ ਇਸੇ ਤਰ੍ਹਾਂ ਦਾ ਹੀ ਰਹਿ ਜਾਂਦਾ ਹੋਵੇਗਾ।

ਹਨੇਰਾ ਬੋਝਲ ਹੋ ਰਿਹਾ ਸੀ। ਪਾਣੀ ਦੇ ਭਾਰ ਵਾਂਗੂੰ। ''ਮੈਨੂੰ ਅੱਜ ਤੱਕ ਇਸ ਤਰ੍ਹਾਂ ਰੁਕ ਕੇ ਪਿਛੇ ਝਾਤੀ ਮਾਰਨ ਦੀ ਜ਼ਰੂਰਤ ਨਹੀਂ ਮਹਿਸੂਸ ਹੋਈ। ਏਸੇ ਕਰ ਕੇ ਸ਼ਾਇਦ ਇਸ ਭਟਕਣਾ ਦਾ ਚਿਹਰਾ ਮੈਂ ਕਦੇ ਵੇਖਿਆ ਹੀ ਨਹੀਂ ਸੀ। ਭਟਕ ਰਿਹਾ ਸਾਂ, ਬੱਸ। ਕਿਉਂ ? ਇਸ ਗੱਲ ਬਾਰੇ ਕਦੇ ਨਹੀਂ ਸੀ ਸੋਚਿਆ। ਤੂੰ ਮਿਲੀ ਏਂ ਤਾਂ ਜਿਵੇਂ ਮੈਂ ਪਾਗਲਾਂ ਵਾਂਗੂੰ ਦੌੜਦਾ ਦੌੜਦਾ ਇਕ ਦਮ ਰੁਕ ਕੇ ਖੜੋ ਗਿਆਂ। ਬਹੁਤ ਚਿਰ ਤੇਰੇ ਵਲ ਤੱਕਣ ਮਗਰੋਂ ਮੈਂ ਜਿਵੇਂ ਵਰ੍ਹਿਆਂ ਬਾਅਦ ਆਪਣੇ ਆਪ ਨੂੰ ਤੱਕ ਰਿਹਾਂ।'' ਤੇਰੀ ਆਵਾਜ਼ ਵਿਚ ਕੁਝ ਬਹੁਤ ਤਰਲ ਸੀ। ਬਹੁਤ ਪਿਘਲਿਆ ਹੋਇਆ।

ਮੈਨੂੰ ਲਗਾ, ਇਸ ਨਾਲੋਂ ਜ਼ਿਆਦਾ ਨੇੜਤਾ ਦਾ ਕੋਈ ਖਿਣ ਸੰਭਵ ਨਹੀਂ ਸੀ ਹੋ ਸਕਦਾ।

ਮੈਂ ਆਪਣੀ ਗੱਲ੍ਹ ਤੇਰੀ ਛਾਤੀ ਨਾਲ ਘਸਾਈ, ਕੁਨਮੁਨਾ ਕੇ। ਤੇਰੀਆਂ ਬਾਹਵਾਂ ਮੇਰੇ ਦੁਆਲੇ ਕੱਸੀਆਂ ਗਈਆਂ।

ਮੇਰੀਆਂ ਉਂਗਲਾਂ ਤੇਰੀ ਪਿੱਠ ਨੂੰ, ਤੇਰੀ ਗਰਦਨ ਨੂੰ, ਤੇਰੀਆਂ ਗੱਲ੍ਹਾਂ ਨੂੰ, ਤੇਰੇ ਕੰਨਾਂ ਦੀਆਂ ਕਰੂੰਮਲਾਂ ਨੂੰ, ਤੇਰੇ ਵਾਲਾਂ ਨੂੰ ਪਲੋਸ ਰਹੀਆਂ ਸਨ।

ਮੈਨੂੰ ਜਾਪਦਾ ਸੀ, ਜਿਵੇਂ ਮੇਰੀਆਂ ਉਂਗਲਾਂ ਦੀ ਵੀ ਇਕ ਜ਼ਬਾਨ ਸੀ। ਉਹ ਤੈਨੂੰ ਜੋ ਵੀ ਕਹਿ ਰਹੀ ਸੀ, ਉਹ ਸਿਰਫ਼ ਤੇਰੇ ਲਈ ਸੀ।



ਤੇਰੇ ਹੋਠਾਂ ਨੇ ਮੇਰੇ ਸਾਰੇ ਚਿਹਰੇ ਦੀ ਪਰਕਰਮਾ ਕੀਤੀ। ਇਕ ਯਾਤਰਾ। ਤੇ ਫੇਰ ਉਹ ਮੇਰੇ ਹੋਠਾਂ 'ਤੇ ਆ ਕੇ ਰੁਕ ਗਏ।

ਪੜਾਅ !

ਪੜਾਅ ਤੇ ਮੁਸਾਫ਼ਰ ਅੱਗ ਬਾਲਦੇ ਨੇ, ਤੇ ਥੱਕੇ ਹੋਏ ਠਰੇ ਹੋਏ ਪੈਰ ਸੇਕਦੇ ਨੇ।

ਪਤਲੇ ਝੀਨੇ ਹਨੇਰੇ ਵਿਚ ਤੂੰ ਮੇਰੇ ਚਿਹਰੇ ਨੂੰ ਦੋਹਾਂ ਤਲੀਆਂ ਨਾਲ ਫੜ ਕੇ ਵੇਖਿਆ। ਤੇਰੀਆਂ ਅੱਖਾਂ ਵਿਚ ਜੋ ਮਘ ਰਿਹਾ ਸੀ, ਉਹ ਜਵਾਬ ਨਹੀਂ ਸੀ, ਸਵਾਲ ਸੀ।

ਉਸ ਖ਼ਾਮੋਸ਼ ਸਵਾਲ ਦਾ ਜਵਾਬ ਦੇਣਾ ਮੈਂ ਆਪਣੀ ਤੌਹੀਨ ਸਮਝਦੀ ਸਾਂ। ਸਿਰਫ਼ ਗੁਜ਼ਰਦਾ ਹੋਇਆ ਵਕਤ ਤੈਨੂੰ ਉਸ ਦਾ ਜਵਾਬ ਦੇ ਸਕਦਾ ਸੀ। ਤੇ ਉਹ ਵਕਤ ਅਜੇ ਗੁਜ਼ਰਨਾ ਸੀ।

ਤੇ ਉਸ ਸਮੇਂ ਵਿਚੋਂ ਅਸਾਂ ਗੁਜ਼ਰਨਾ ਸੀ।

ਤੂੰ ਜਿਵੇਂ ਉਸ ਪੜਾਅ ਤੋਂ ਵਾਪਸ ਪਰਤ ਗਿਆ।

ਵਿਸਕੀ ਦਾ ਖ਼ਾਲੀ ਗਲਾਸ ਤੂੰ ਕੋਲ ਪਏ ਮੇਜ਼ ਤੋਂ ਚੁਕਿਆ। ''ਇਕ ਮਿੰਟ,'' ਕਹਿ ਕੇ ਤੂੰ ਮੇਰੀ ਰਸਮੀ ਜਿਹੀ ਇਜਾਜ਼ਤ ਲਈ। ਉਠ ਕੇ ਨਵਾਂ ਗਲਾਸ ਬਣਾਇਆ। ਮੰਜੀ 'ਤੇ ਵਾਪਸ ਆ ਕੇ ਦੋ ਚਾਰ ਘੁੱਟ ਭਰ ਕੇ ਤੂੰ ਗਲਾਸ ਮੇਜ਼ 'ਤੇ ਰਖ ਦਿਤਾ।

ਸਿਗਰੇਟ ਸੁਲਗਾ ਲਈ।

ਗੈਸ ਦਾ ਰੰਗੀਨ ਗ਼ੁਬਾਰਾ ਜਿਹੜਾ ਪਲ ਵਿਚ ਲਹਿਰਾਂਦਾ ਹੋਇਆ ਦੂਰ ਉਤੇ ਅਸਮਾਨ 'ਤੇ ਚੜ੍ਹ ਗਿਆ ਸੀ, ਸ਼ਾਇਦ ਫਟ ਗਿਆ ਸੀ। ਤੇ ਨਿੱਕੀ ਜਿਹੀ, ਮਰੀ ਜਿਹੀ ਉਹਦੀ ਲਾਸ਼ ਵਾਪਸ ਧਰਤੀ ਵਲ ਆ ਰਹੀ ਸੀ।

''ਫੇਰ ਤੂੰ ਐਮ. ਏ. ਕਰ ਲਿਆ।''

''ਹਾਂ, ਐਮ. ਏ. ਕਰ ਕੇ ਮੈਂ ਨੌਕਰੀ ਲਭਣ ਲਗਾ। ਛੋਟਾ ਸ਼ਹਿਰ ਸੀ। ਜਿਹੜੀਆਂ ਨੌਕਰੀਆਂ ਮਿਲਦੀਆਂ ਸਨ, ਮੇਰੀ ਐਂਬੀਸ਼ਨ ਉਹਨਾਂ ਤੋਂ ਬਹੁਤ ਵਡੀ ਸੀ। ਮੈਂ ਦਿੱਲੀ ਆ ਗਿਆ।''

''ਕਿਥੇ ?''

''ਨਿਊ ਰਾਜਿੰਦਰ ਨਗਰ ਵਿਚ ਦੋ ਕਮਰਿਆਂ ਦਾ ਫ਼ਲੈਟ ਲੈ ਲਿਆ। ਇਕ ਪ੍ਰਾਈਵੇਟ ਕਾਲਜ ਵਿਚ ਨੌਕਰੀ ਕਰਨ ਲਗ ਪਿਆ। ਕੁੜੀਆਂ ਦਾ ਕਾਲਜ ਸੀ, ਪਟੇਲ ਨਗਰ। ਹਾਲੀਂ ਥੋੜ੍ਹੇ ਦਿਨ ਹੀ ਹੋਏ ਸਨ ਕਿ ਇਕ ਕੁੜੀ ਮੇਰੇ ਮਗਰ ਮਗਰ ਤੁਰਦੀ ਮੇਰੇ ਘਰ ਆ ਗਈ। ਮੈਂ ਕਿਹਾ, 'ਠੀਕ ਏ, ਆਓ।' ਤੇ ਫੇਰ ਇਕ ਸਿਲਸਿਲਾ ਸ਼ੁਰੂ ਹੋ ਗਿਆ।'' ਮੈਂ ਕਿਹਾ, ''ਠੀਕ ਏ, ਵਾਰੀ ਵਾਰੀ ਸਭ ਆ ਜਾਓ।''

ਮੈਂ ਤੇਰੇ ਮੂੰਹ ਵਲ ਵੇਖਿਆ, ਤੇਰੀਆਂ ਪਲਕਾਂ ਵਿਚ ਉਹੀ ਸ਼ਿਕਨ ਸੀ, ਮੈਨੂੰ

ਬੇਮਲੂਮੀ ਜਿਹੀ ਤਸੱਲੀ ਹੋਈ ਸ਼ਾਇਦ । ਤਸੱਲੀ ਦਾ ਤਾਂ ਖ਼ੈਰ ਪਤਾ ਨਹੀਂ । ਪਰ ਜੇ ਉਹ ਸ਼ਿਕਨ ਨਾ ਹੁੰਦੀ, ਤਾਂ ਸ਼ਾਇਦ ਮੈਂ ਤੈਨੂੰ ਮਾਫ਼ ਨਾ ਕਰਦੀ ।

"ਤੇ ਇਸ ਤਰ੍ਹਾਂ ਇਕ ਲੰਮਾ ਸਿਲਸਿਲਾ ਸ਼ੁਰੂ ਹੋ ਗਿਆ । ਇਕ ਸੈਲਾਬ । ਜਿਸਮਾਂ ਦਾ । ਇਕ ਵਾਰੀ ਇਕ ਕੁੜੀ ਨਾਲ ਸੌਂ ਲੈਂਦਾ ਤਾਂ ਉਹਦਾ ਜਿਸਮ ਮੇਰੇ ਵਾਸਤੇ ਮਰ ਜਾਂਦਾ । ਫੇਰ ਮੈਂ ਭਾਵੇਂ ਇਕ ਅੱਧੀ ਵਾਰੀ ਹੋਰ ਉਹਦੇ ਨਾਲ ਸੌਂ ਵੀ ਜਾਂਦਾ, ਮੈਨੂੰ ਲਗਦਾ ਮੈਂ ਇਕ ਲਾਸ਼ ਨਾਲ ਸੌਂ ਰਿਹਾਂ, ਤੇ ਉਹ ਮੌਤ ਮੇਰੇ ਆਪਣੇ ਅੰਦਰ ਜਜ਼ਬ ਹੋ ਰਹੀ ਏ । ਠੰਡੀ ਯਖ਼ ਮੌਤ ।. ਤੇ ਮੈਂ ਘਬਰਾ ਕੇ ਉਹਨੂੰ ਸੁਟ ਦੇਂਦਾ । ਫੇਰ ਹੋਰ ! ਫੇਰ ਹੋਰ !!"

ਮੈਂ ਕੁਝ ਨਹੀਂ ਸਾਂ ਸੋਚ ਰਹੀ ।

ਸਿਰਫ਼ ਤੇਰੀ ਆਵਾਜ਼ ਸੁਣਦੀ ਰਹੀ ।

ਤੇਰੇ ਲਫ਼ਜ਼ ਕੱਚ ਦੇ ਟੁਕੜਿਆਂ ਵਾਂਗੂ ਮੇਰੇ ਦੁਆਲੇ ਖਿੱਲਰ ਰਹੇ ਸਨ । ਚਮਕੀਲੇ, ਤੇ ਤੇਜ਼, ਨੋਕਦਾਰ !

"ਫੇਰ ਇਕ ਅਖ਼ਬਾਰ ਵਿਚ ਨੌਕਰੀ ਕਰ ਲਈ । ਪਹਿਲੀ ਵਾਰੀ ਕੰਮ ਵਿਚ ਜੀਅ ਲਗਾ । ਕਦੇ ਕਦੇ ਇਹ ਵੀ ਮਹਿਸੂਸ ਹੁੰਦਾ ਕਿ ਮੈਂ ਕੋਈ ਅਹਿਮ ਕੰਮ ਕਰ ਰਿਹਾਂ । ਉਹਦੇ ਨਾਲ ਬਹੁਤ ਤਸੱਲੀ ਹੁੰਦੀ । ਇਹ ਵੀ ਲਗਦਾ, ਮੈਂ ਬਾਕੀ ਸਭ ਨਾਲੋਂ ਬਿਹਤਰ ਕੰਮ ਕਰ ਸਕਨਾਂ । ਫ਼ੁਲਫ਼ਿਲਮੈਂਟ ਦਾ ਅਹਿਸਾਸ ਹੁੰਦਾ । ਭਟਕਣ ਦਾ ਸਿਲਸਿਲਾ ਵੀ ਰਤਾ ਕੁ ਘਟ ਗਿਆ ।

"ਤਾਹੀਏਂ ਇਕ ਕੁੜੀ ਮਿਲੀ । ਬੱਸ ! ਐਵੇਂ ਰਸਮੀ ਜਿਹੀ ਜਾਣ-ਪਛਾਣ । ਮੇਰੇ ਨਾਲ ਕੰਮ ਕਰਦੀ ਸੀ । ਟਾਈਪਿਸਟ । ਮਦਰਾਸਣ । ਬੜੀ ਬੇਹੂਦਾ ਸ਼ਕਲ । ਕਪੜੇ ਪਾਣ ਦਾ ਸਲੀਕਾ ਨਹੀਂ । ਗੱਲ ਕਰਨ ਦਾ ਸਲੀਕਾ ਨਹੀਂ । ਬੱਸ, ਇਹੋ ਜਿਹੀ ਕੁੜੀ ਜਿਹੜੀ ਕਮਰੇ ਦੇ ਫ਼ਰਨੀਚਰ ਦਾ ਇਕ ਹਿੱਸਾ ਸੀ, ਕੋਈ ਘਿਸੀ-ਪਿਟੀ ਖਟਾਰਾ ਹੋਈ ਟਾਈਪ ਰਾਈਟਰ ਹੀ ।

"ਮੈਂ ਮਦਰਾਸ ਜਾ ਰਿਹਾ ਸਾਂ, ਕੰਮ । ਉਹ ਵੀ ਆਪਣੇ ਮਾਂ ਪਿਉ ਨੂੰ ਮਿਲਣ ਮਦਰਾਸ ਜਾ ਰਹੀ ਸੀ । ਛੁੱਟੀ ਲੈ ਕੇ । ਚਲੋ, ਸਾਥ ਰਹੇਗਾ, ਉਸ ਸੋਚਿਆ । ਚਲੋ, ਠੀਕ ਏ, ਸਾਥ ਰਹੇਗਾ, ਮੈਂ ਸੋਚਿਆ ।

"ਰਾਹ ਵਿਚ ਉਹ ਮੇਰੇ ਵਲ ਇਸ ਤਰ੍ਹਾਂ ਸਹਿਕ ਕੇ ਤੱਕ ਰਹੀ ਸੀ ਕਿ ਮੈਨੂੰ... ਖ਼ੈਰ, ਆਈ ਬੀਹੇਵਡ ਲਾਈਕ ਏ ਡਾਗ । ਹੁਣ ਤੂੰ ਮੈਨੂੰ ਬੇਸ਼ੱਕ ਨਫ਼ਰਤ ਕਰ ।

"ਪਰ ਅਸਲੀ ਗੱਲ ਇਹ ਵੇ ਕਿ ਸਫ਼ਰ ਏਨਾ ਥਕਾਣ ਵਾਲਾ ਸੀ, ਏਨਾ ਬੋਰ ਕਰਨ ਵਾਲਾ, ਮੈਂ ਰਾਹ ਵਿਚ ਫ਼ਿਲਮੀ ਰਸਾਲੇ ਪੜ੍ਹਦਾ ਰਿਹਾ ਤੇ...ਉਹਦੇ ਨਾਲ ਸੌਂਦਾ ਰਿਹਾ । ਰਾਹ ਵਿਚ ਸ਼ਾਇਦ ਤਿੰਨ ਰਾਤਾਂ ਆਈਆਂ ਸਨ, ਗੱਡੀ ਵਿਚ । ਤਿੰਨੇ ਰਾਤਾਂ ਹੀ...।

"ਛੁੱਟੀਆਂ ਖ਼ਤਮ ਕਰ ਕੇ ਦਿੱਲੀ ਆਈ, ਤਾਂ ਪ੍ਰੈਗਨੈਂਟ ਸੀ । ਮੈਨੂੰ ਦਸਿਆ । ਬਹੁਤ ਘਬਰਾਈ ਹੋਈ ਸੀ । ਐਬਾਰਸ਼ਨ ਦੀ ਕੋਸ਼ਿਸ਼ ਕੀਤੀ । ਬਹੁਤ ਬੀਮਾਰ ਹੋ ਗਈ ; ਉਸ ਬੀਮਾਰੀ ਵਿਚ ਹੀ, ਇਕ ਸੌ ਚਾਰ ਬੁਖ਼ਾਰ ਵਿਚ, ਮੈਂ ਇਕ ਪੰਡਤ ਨੂੰ ਘਰ ਸੱਦ



ਕੇ, ਉਹਦੇ ਨਾਲ ਵਿਆਹ ਕਰ ਲਿਆ । ਆਪਣੇ ਬੈੱਡ ਰੂਮ ਵਿਚ ਹੀ । ਹਵਨ ਵੀ, ਫੇਰੇ ਵੀ । ਸਭ ।

"ਉਸ ਤੋਂ ਮਗਰੋਂ ਮੇਰੀ ਫ਼ਰਸਟਰੇਸ਼ਨ ਏਨੀ ਵਧੀ ਕਿ ਇਕ ਟੁੱਟੀ ਜਿਹੀ ਸੈਕੰਡ ਹੈਂਡ ਕਾਰ ਖ਼ਰੀਦ ਲਈ । ਸੜਕਾਂ ਤੋਂ ਕੁੜੀਆਂ ਨੂੰ ਲਿਫ਼ਟ ਦੇਂਦਾ ਤੇ ਫੇਰ ਕਿਧਰੇ ਇਕੱਲਵਾਂਜੇ ਕਾਰ ਰੋਕ ਕੇ...।

"ਇਕ ਵੇਰੀ ਮੇਰੀ ਬੀਵੀ ਬੀਮਾਰ ਸੀ । ਬੀਮਾਰੀ ਵਧ ਗਈ ਸੀ । ਕੋਈ ਪੁਰਾਣੀ ਬੀਮਾਰੀ ਸੀ ਉਹਦੇ ਅੰਦਰ । ਉਹ ਵੀ ਜਾਗ ਉਠੀ ਸੀ । ਹਸਪਤਾਲ ਦਾਖ਼ਲ ਕਰਵਾ ਦਿਤਾ । ਹਸਪਤਾਲ ਵਿਚ ਦੋਹਰੇ ਕਮਰੇ ਸਨ । ਇਕ ਕਮਰਾ ਅੱਗੇ ਬੀਮਾਰ ਵਾਸਤੇ । ਫੇਰ ਪਿੱਛੇ ਹੋਰ ਕਮਰਾ । ਹੋਰ ਪਿਛੇ ਛੋਟਾ ਵਰਾਂਡਾ, ਵਿਹੜਾ, ਲੈਵੇਂਟਰੀ ਵਗ਼ੈਰਾ । ਅਗਲੇ ਕਮਰੇ ਵਿਚ ਉਹ ਹੁੰਦੀ । ਪਿਛਲੇ ਵਿਚ ਮੈਂ...ਇਕ ਤੋਂ ਮਗਰੋਂ ਦੂਜੀ ਨਰਸ ਨਾਲ...

"ਆਪਣੇ ਆਪ ਤੋਂ ਨਫ਼ਰਤ ਹੁੰਦੀ ਗਈ । ਜਿਉਂ ਜਿਉਂ ਨਫ਼ਰਤ ਵਧਦੀ ਗਈ, ਮੈਂ ਹੋਰ ਲਾਪਰਵਾਹ ਹੁੰਦਾ ਗਿਆ । ਜਦੋਂ ਵੀ ਕੋਈ ਔਰਤ ਮੇਰੇ ਬਿਸਤਰੇ ਵਿਚ ਹੁੰਦੀ, ਤਾਂ ਮੇਰੇ ਜਿਸਮ ਦੀ ਹਰ ਮੂਵਮੈਂਟ ਨਾਲ ਮੇਰੇ ਅੰਦਰ ਤਬਲੇ ਦੀ ਥਾਪ ਵਾਂਗੂ ਇਹ ਲਫ਼ਜ਼ ਗੂੰਜਦੇ ਰਹਿੰਦੇ, "ਆਈ ਐਮ ਏ ਡਾਗ, ਆਈ ਐਮ ਏ ਡਾਗ । ਸੋ ਵ੍ਹਾਟ ?"

ਬਹੁਤ ਨਿਢਾਲ ਹੋ ਕੇ, ਅੱਖਾਂ ਬੰਦ ਕਰ ਕੇ ਤੂੰ ਆਪਣਾ ਸਿਰ ਮੇਰੀ ਝੋਲੀ ਵਿਚ ਰਖ ਦਿਤਾ ।

"ਫੇਰ ਇਸ ਤਰ੍ਹਾਂ ਹੋ ਗਿਆ, ਔਰਤ ਤੋਂ ਨਫ਼ਰਤ ਹੋ ਗਈ । ਸੈਕਸ ਤੋਂ ਬਹੁਤ ਨਫ਼ਰਤ ਹੋ ਗਈ । ਜਿਸ ਵੇਲੇ ਕੋਈ ਔਰਤ ਮੇਰੇ ਨਾਲ ਗੱਲ ਕਰਦੀ, ਮੈਨੂੰ ਲਗਦਾ, ਇਹ ਵੀ ਮੇਰੇ ਨਾਲ ਸੌਣਾ ਚਾਹੁੰਦੀ ਏ । ਸਿਰਫ਼ ਮੇਰੇ ਜਿਸਮ ਦੀ ਲੋੜ ਏ ਇਹਨੂੰ । ਜਿਸ ਤਰ੍ਹਾਂ ਮੈਂ, ਮੈਂ ਨਾ ਹੋਵਾਂ, ਅਵੀ ਨਾ ਹੋਵਾਂ, ਇਕ ਗੋਸ਼ਤ ਦੀ ਮਸ਼ੀਨ ਹੋਵਾਂ ।"

ਇਕ ਲੰਬਾ ਪਲ ਖ਼ਾਮੋਸ਼ ਬੀਤ ਗਿਆ ।

ਮੈਂ ਚੁੱਪ ਚਾਪ ਤੇਰੇ ਵਾਲਾਂ ਵਿਚ ਉਂਗਲਾਂ ਫੇਰਦੀ ਰਹੀ ।

ਕੁਝ ਸੀ, ਜਿਸ ਦੀ ਹੋਂਦ ਦਾ ਅਹਿਸਾਸ ਸੀ, ਪਰ ਜੋ ਪਕੜ ਵਿਚ ਨਹੀਂ ਆ ਰਿਹਾ ਸੀ । ਤੇ ਮੈਂ ਸਾਹ ਵੀ ਆਹਿਸਤਾ ਲੈ ਰਹੀ ਸਾਂ, ਮਤੇ ਉਹ ਬਿੜਕ ਸੁਣ ਕੇ ਬਾਹਰ ਭੱਜ ਜਾਵੇ ।

ਇਕ ਡੂੰਘਾ ਟੋਇਆ ਮੇਰੇ ਸਾਹਮਣੇ ਸੀ । ਫੈਲਿਆ ਹੋਇਆ, ਪਾਣੀ ਨਾਲ ਭਰਿਆ ਹੋਇਆ । ਨਾ ਉਹਦੀ ਡੂੰਘਾਣ ਦਾ ਮੈਨੂੰ ਪਤਾ ਸੀ, ਨਾ ਉਹਦੀ ਚੌੜਾਈ ਦਾ । ਨਾ ਮੈਂ ਉਹਦੇ ਕਿਨਾਰੇ 'ਤੇ ਖੜੋਤੀ ਰਹਿ ਸਕਦੀ ਸਾਂ । ਨਾ ਟੱਪ ਕੇ ਉਹਦੇ ਪਾਰ ਜਾ ਸਕਦੀ ਸਾਂ । ਉਹ ਬੱਸ ਹੈ ਸੀ, ਤੇ ਮੈਂ ਉਹਦੇ ਬਾਰੇ ਕੁਝ ਵੀ ਨਹੀਂ ਸਾਂ ਕਰ ਸਕਦੀ ।

ਜਿਸ ਤਰ੍ਹਾਂ ਇਕ ਲੰਮੀ ਹਨੇਰੀ ਸੁਰੰਗ ਵਿਚ ਤੁਸੀਂ ਦਾਖ਼ਲ ਹੋ ਜਾਵੋ । ਆਪਣੇ ਪੈਰਾਂ ਦੀ ਬਿੜਕ ਦੀਵਾਰਾਂ ਦੇ ਵਿਚਕਾਰ ਜਦੋਂ ਗੂੰਜਦੀ ਏ, ਤਾਂ ਲਗਦਾ ਏ ਬਹੁਤ ਸਾਰੇ ਲੋਕ ਪਿਛੇ ਪਿਛੇ ਆ ਰਹੇ ਨੇ, ਤੁਹਾਡੀ ਪੈੜ ਕਢਦੇ ਹੋਏ । ਤੁਸੀਂ ਇਕ ਛੋਟਾ ਜਿਹਾ ਲਮਹਾ ਰੁਕ ਸਕਦੇ ਓ, ਜਦੋਂ ਲਗਦਾ ਏ, ਉਹ ਲੋਕ ਵੀ ਛਹਿ ਕੇ ਰੁਕ ਗਏ ਨੇ,

ਤੁਹਾਡੇ ਪਿਛੇ ਪਿਛੇ । ਤੁਸੀਂ ਪਿਛਾਂਹ ਮੁੜ ਕੇ ਵੇਖ ਵੀ ਨਹੀਂ ਸਕਦੇ । ਇਕ ਡਰ ਲਿਜ-ਲਿਜੇ ਸੱਪ ਵਾਂਗੂ ਤੁਹਾਡੀ ਪਿੱਠ ਤੇ ਰੇਂਗਦਾ ਰਹਿੰਦਾ ਏ । ਤੁਸੀਂ ਕਰ ਕੁਝ ਵੀ ਨਹੀਂ ਸਕਦੇ ।

"ਉਹਨੂੰ ਵੀ ਪਤਾ ਏ ?"

"ਕਿਸ ਨੂੰ ?"

"ਤੇਰੀ ਬੀਵੀ ਨੂੰ ।"

ਤੂੰ ਸਿੱਧਾ ਲੇਟ ਗਿਆ । ਸਿਰ ਤੇਰਾ ਮੇਰੀ ਝੋਲੀ ਵਿਚ ਹੀ ਸੀ । ਚਿਹਰਾ ਉਤਾਂਹ, ਮੇਰੇ ਵਲ । ਜਾਂ ਸ਼ਾਇਦ ਛੱਤ ਵਲ ।

"ਉਹਨੂੰ ਕੁਝ ਵੀ ਪਤਾ ਨਹੀਂ । ਉਹਨੂੰ ਸਿਰਫ਼ ਏਨਾ ਪਤਾ ਏ ਕਿ ਮੈਂ ਉਹਦੇ ਨਾਲ ਸੌਂਦਾ ਨਹੀਂ । ਦੋ ਤਿੰਨ ਸਾਲ ਹੋ ਗਏ ਨੇ । ਕਈ ਵਾਰੀ ਕਿਧਰੇ ਇਕੱਲਿਆਂ ਬਹਿ ਕੇ ਸੋਚਨਾਂ, ਤਾਂ ਉਹਦਾ ਚਿਹਰਾ ਵੀ ਸਾਫ਼ ਸਾਫ਼ ਸਾਹਮਣੇ ਨਹੀਂ ਆਉਂਦਾ । ਪਿਛੇ ਜਿਹੇ ਪਤਾ ਲਗਾ ਸੀ ਕਿ ਉਹ ਦਫ਼ਤਰ ਦੇ ਕਿਸੇ ਕਲਰਕ ਨਾਲ... । ਮੈਨੂੰ ਖ਼ੁਸ਼ੀ ਹੋਈ । ਉਹ ਸਮਝਦੀ ਏ ਮੈਨੂੰ ਨਹੀਂ ਪਤਾ । ਮੈਂ ਉਹਦਾ ਇਹ ਭਰਮ ਬਣਾਈ ਰਖਨਾਂ । ਮੈਨੂੰ ਇਹ ਵੀ ਪਤਾ ਲਗਾ ਏ ਕਿ ਉਹ ਦਫ਼ਤਰ ਦੀ ਲਖਨਊ ਬਰਾਂਚ ਵਿਚ ਬਦਲੀ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਏ । ਨਾਲ ਹੀ ਉਹ ਕਲਰਕ ਵੀ ।

"ਮੈਂ ਚੁੱਪ ਚਾਪ ਐਡਮਿਨਿਸਟ੍ਰੇਟਿਵ ਆਫ਼ੀਸਰ ਕੋਲ ਉਹਦੀ ਸਿਫ਼ਾਰਸ਼ ਕਰ ਦਿਤੀ ਸੀ । ਹੋ ਈ ਜਾਵੇਗੀ ਸ਼ਾਇਦ ਇਕ ਅੱਧੇ ਮਹੀਨੇ ਵਿਚ । ਫੇਰ ਉਹਦੀ ਨਵੀਂ ਜ਼ਿੰਦਗੀ ਸ਼ੁਰੂ ਹੋ ਜਾਏਗੀ । ਮੈਂ ਉਹਨੂੰ ਕੋਈ ਸੁਖ ਨਹੀਂ ਦੇ ਸਕਿਆ ।"

ਤੂੰ ਸਿਗਰੇਟ ਸੁਲਗਾਈ, ਲੇਟਿਆਂ ਲੇਟਿਆਂ ਹੀ ।

ਮੈਂ ਆਹਿਸਤਾ ਜਿਹੇ ਝੁਕ ਕੇ ਤੇਰੇ ਮੱਥੇ ਨੂੰ ਚੁੰਮਿਆ ।

"ਏਸੇ ਤਰ੍ਹਾਂ ਲੱਕੜ ਦੀ ਗੇਲੀ ਵਾਂਗੂੰ ਕਿਸੇ ਤੇਜ਼ ਦਰਿਆ ਦੇ ਵਹਿਣ ਨਾਲ ਵਹਿੰਦਿਆਂ ਵਹਿੰਦਿਆਂ ਤੂੰ ਮਿਲੀ ।" ਤੂੰ ਨੀਝ ਲਾ ਕੇ ਮੇਰੇ ਵਲ ਤੱਕਿਆ । ਤੇਰੀਆਂ ਪਲਕਾਂ ਵਿਚ ਓਹੀ ਸ਼ਿਕਨ ਸੀ । ਟੈਨਸ਼ਨ ਦੀ ।

"ਹੁਣ ਸ਼ਾਇਦ ਤੂੰ ਮੈਨੂੰ ਨਫ਼ਰਤ ਕਰੇਂਗੀ । ਅਗੇ ਮੈਂ ਹਰ ਇਕ ਨੂੰ ਨਫ਼ਰਤ ਕਰਦਾ ਰਿਹਾਂ । ਆਪਣੇ ਆਪ ਨੂੰ ਵੀ । ਤੂੰ ਮਿਲੀ ਏਂ, ਤਾਂ ਲਗਾ ਏ ਕਿ ਨਹੀਂ, ਨਫ਼ਰਤ ਤੋਂ ਪਰ੍ਹਾਂ ਵੀ ਕੋਈ ਜ਼ਿੰਦਗੀ ਅਜੇ ਬਾਕੀ ਏ । ਪਰ ਹੁਣ ਸ਼ਾਇਦ ਤੇਰੀ ਵਾਰੀ ਏ ਮੈਨੂੰ ਨਫ਼ਰਤ ਕਰਨ ਦੀ ।"

ਮੈਂ ਝੁਕ ਕੇ ਤੇਰੀਆਂ ਪਲਕਾਂ ਨੂੰ ਹੋਠਾਂ ਨਾਲ ਦੁਲਾਰਿਆ । ਤੇਰੀਆਂ ਪਲਕਾਂ ਦੀ ਉਹ ਸ਼ਿਕਨ ਚੂਸ ਲੈਣ ਦੀ ਕੋਸ਼ਿਸ਼ ਕੀਤੀ ।

"ਅੱਜ ਰਾਤ...ਅਸੀਂ ਇਕੱਠੇ ਹਾਂ ।...ਇਕੱਲੇ ਵੀ ਹਾਂ । ਮੈਨੂੰ ਇਹ ਵੀ ਪਤਾ ਏ, ਤੂੰ ਮੈਨੂੰ ਮੁਹੱਬਤ ਕਰਨੀ ਏਂ । ਪਰ ਮੈਂ ਤੇਰੇ ਨਾਲ ਸੌਂ ਨਹੀਂ ਸਕਦਾ । ਮੈਨੂੰ ਸਭ



ਕੁਝ ਪੁਰਾਣਾ ਭੁੱਲ ਲੈਣ ਦੇਹ...। ਮੈਨੂੰ..., ਮੈਨੂੰ ਆਪਣੇ ਆਪ ਨੂੰ ਤੇਰੇ ਕਾਬਿਲ ਬਣਾ ਲੈਣ ਦੇਹ ।"

ਤੂੰ ਚਿਹਰਾ ਮੇਰੀ ਗੋਦੀ ਵਿਚ ਮੂਧਾ ਕਰ ਦਿਤਾ ।

ਗੱਲ੍ਹ ਮੇਰੇ ਢਿੱਡ ਨਾਲ ਟਿਕਾ ਲਈ ।

ਮੇਰੀ ਪਿੱਠ ਪਿਛੋਂ ਬਾਂਹ ਫੈਲਾ ਕੇ ਇਸ ਤਰ੍ਹਾਂ ਸਹਿਕ ਕੇ, ਤੜਪ ਕੇ ਮੈਨੂੰ ਘੁਟਿਆ, ਕਿ ਮੈਨੂੰ ਲਗਾ, ਸਿਰਫ਼ ਇਹੀ ਘੁਟਣੀ ਸਾਰਥਕ ਸੀ, ਬਾਕੀ ਸਭ ਕੁਝ ਦਾ ਕੋਈ ਮਹਿਨਾ ਨਹੀਂ ਸੀ ।

ਮੈਂ ਤੇਰੀਆਂ ਬਾਹਵਾਂ ਵਿਚ ਘੁੱਟੀ ਘੁੱਟੀ ਤੇਰੇ ਨਾਲ ਲੇਟ ਗਈ । ਤੂੰ ਰਹਿ ਰਹਿ ਕੇ ਮੈਨੂੰ ਘੁੱਟ ਲੈਂਦਾ, ਚੁੰਮ ਲੈਂਦਾ ।

ਫੇਰ ਮੈਨੂੰ ਤੇਰੇ ਜਿਸਮ ਵਿਚ ਕੁਝ ਜਾਗਦਾ ਮਹਿਸੂਸ ਹੋਇਆ, ਉਹ ਸ਼ਾਇਦ ਤੇਰੀ ਖ਼ਾਹਿਸ਼ ਨਹੀਂ ਸੀ, ਸਿਰਫ਼ ਏਸ ਗੱਲ ਦੀ ਗਵਾਹੀ ਸੀ ਕਿ ਤੇਰੀ ਰੂਹ ਨੂੰ ਵੀ ਤੇ ਤੇਰੇ ਜਿਸਮ ਨੂੰ ਵੀ ਮੇਰੀ ਹੋਂਦ ਦਾ ਅਹਿਸਾਸ ਸੀ । ਤੇ ਮੇਰੇ ਹੋਣ ਦੀ, ਤੇ ਮੇਰੇ ਨੇੜੇ ਹੋਣ ਦੀ ਲੋੜ ਵੀ ਸੀ ।

ਮੈਨੂੰ ਲਗਾ, ਇਹੀ ਕਾਫ਼ੀ ਸੀ ।

ਤੇ ਤੇਰੀਆਂ ਬਾਹਵਾਂ ਵਿਚ ਹੀ ਤ੍ਰਿਪਤ ਤ੍ਰਿਪਤ ਮੈਂ ਸੌਂ ਗਈ ।

## ਦਸ

ਦੀਵਾਲੀ ਸੀ ।

ਪਹਿਲੀ ਵਾਰੀ ਤੂੰ ਮੈਨੂੰ ਆ ਕੇ ਕਿਹਾ, "ਇਹ ਕੀ ਕੋਕਾ ਕੋਲਾ ਰੰਗ ਦੀ ਸਾਹੜੀ ਪਾਈ ਹੋਈ ਏ ਤੂੰ ?"

"ਕਿਹੜੀ ਪਾਵਾਂ ?" ਮੈਂ ਤੈਨੂੰ ਅਲਮਾਰੀ ਦੇ ਖੁਲ੍ਹੇ ਦਰਵਾਜ਼ਿਆਂ ਦੇ ਵਿਚਕਾਰ ਆਪਣੇ ਨਾਲ ਖੜਾ ਕਰ ਕੇ ਪੁੱਛਿਆ ।

ਤੂੰ ਮੈਨੂੰ ਗੂਹੜੇ ਤੇ ਗਹਿਰੇ ਪਿਆਜ਼ੀ ਰੰਗ ਦੀ ਸਾਹੜੀ ਹੈਂਗਰ ਤੋਂ ਲਾਹ ਦਿਤੀ, ਤੇ ਮੇਰੇ ਮੋਢੇ 'ਤੇ ਟੇਢੀ ਕੁ ਰਖ ਕੇ ਇਸ ਤਰ੍ਹਾਂ ਪਿਛਾਂਹ ਹਟ ਕੇ ਵੇਖਿਆ, ਜਿਸ ਤਰ੍ਹਾਂ ਆਰਟਿਸਟ ਕਿਸੇ ਨਵੇਂ ਰੰਗ ਨੂੰ ਤਸਵੀਰ ਵਿਚ ਭਰਨ ਲਗਿਆਂ, ਉਹਦੀ ਇਕ ਕੂਚੀ ਲਾ ਕੇ ਪਰ੍ਹਾਂ ਖੜੋ ਕੇ ਵੇਖਦਾ ਏ ਕਿ ਗੱਲ ਬਣੀ ਜਾਂ ਨਹੀਂ ।

ਕਪੜੇ ਬਦਲਦਿਆਂ, ਗ਼ੁਸਲਖ਼ਾਨੇ ਵਿਚ ਮੈਂ ਮੁਸਕਰਾ ਰਹੀ ਸਾਂ । ਕੰਘੀ ਵਾਹੁਣ ਲਗਿਆਂ ਵੀ ਮੁਸਕਰਾ ਰਹੀ ਸਾਂ । ਲਿਪਸਟਿਕ ਲਾਉਣ ਲਗਿਆਂ ਵੀ ਮੁਸਕਰਾ ਰਹੀ ਸਾਂ ।

ਬਾਹਰ ਆਈ ਤਾਂ ਤੂੰ ਕੰਵਲ ਨੂੰ ਫ਼ੋਨ ਕਰ ਰਿਹਾ ਸਾਏਂ । ਕੰਵਲ, ਤੇਰਾ ਬਚਪਨ ਦਾ ਦੋਸਤ । ਤਿੰਨ ਬਹੁਤ ਗਹਿਰੇ ਦੋਸਤਾਂ ਵਿਚੋਂ ਸਭ ਤੋਂ ਗਹਿਰਾ, ਸਭ ਤੋਂ ਕਰੀਬ, ਸਭ ਤੋਂ ਜ਼ਿਆਦਾ ਹਮਰਾਜ਼ ।

ਰਿਸੀਵਰ ਰਖ ਕੇ ਤੂੰ ਕਿਹਾ, "ਕੰਵਲ ਦੇ ਘਰ ਵਲੋਂ ਲੰਘਦੇ ਜਾਵਾਂਗੇ। ਉਹਨੂੰ ਦੀਵਾਲੀ ਮੁਬਾਰਕ ਆਖ ਚਲੀਏ।"

ਕੰਵਲ ਦੇ ਘਰ।

ਉਹਦੀ ਬੀਵੀ ਤੇਰੇ ਨਾਲ ਰੁੱਸ ਰੁੱਸ ਪੈ ਰਹੀ ਸੀ। ਬਹੁਤ ਦਿਨਾਂ ਤੋਂ ਉਹਨਾਂ ਵਲ ਤੂੰ ਗਿਆ ਨਹੀਂ ਸਾਏਂ। "ਜਾਹ, ਮੈਂ ਨਹੀਂ ਬੋਲਦੀ। ਜਿਥੇ ਏਨੇ ਦਿਨ ਰਿਹਾ ਏਂ, ਉਥੇ ਹੀ ਜਾ ਕੇ ਦੀਵਾਲੀ ਮਨਾ। ਨਿਕਲ ਮੇਰੇ ਘਰੋਂ। ਆਵਾਰਾਗਰਦ ਜਿਹਾ। ਗ਼ਾਇਬ ਹੁੰਦਾ ਏ ਤਾਂ ਮਹੀਨਿਆਂ ਦੇ ਮਹੀਨੇ ਗ਼ਾਇਬ। ਕੋਈ ਤਰੀਕਾ ਏ?"

ਉਹ ਨਾਲੇ ਮੁਸਕਰਾ ਰਹੀ ਸੀ, ਨਾਲੇ ਲੜ ਰਹੀ ਸੀ।

ਪਤਾ ਨਹੀਂ ਕਿਉਂ, ਮੈਨੂੰ ਥੋੜ੍ਹੀ ਕੋਫ਼ਤ ਹੋਈ। ਸਾੜਾ? ਕਿੰਨੀ ਕਮੀਨੀ ਗੱਲ ਏ, ਮੈਂ ਸੋਚਿਆ! ਉਹਦੇ ਦੋਸਤ ਦੀ ਬੀਵੀ ਏ। ਵਰ੍ਹਿਆਂ ਤੋਂ ਜਾਣਦੀ ਏ। ਰੁੱਸ ਰਹੀ ਏ, ਲਾਡ ਕਰ ਰਹੀ ਏ। ਫੇਰ ਕੀ ਹੋਇਆ?

ਕੰਵਲ ਅੰਦਰੋਂ ਸਕਾਚ ਕਢ ਲਿਆਇਆ। ਡਿੰਪਲ ਦੀ ਨਵੀਂ ਨਕੋਰ ਨੱਕੋ ਨੱਕ ਭਰੀ ਬੋਤਲ, "ਇਹ ਮੈਂ ਖ਼ਾਸ ਤੇਰੇ ਵਾਸਤੇ ਰਖੀ ਹੋਈ ਸੀ। ਸੋਚਿਆ ਸੀ, ਉਦੋਂ ਈ ਖੋਹਲਾਂਗਾ ਜਦੋਂ ਤੂੰ ਆਵੇਂਗਾ। ਮੈਂ ਤਾਂ ਤੇਰਾ ਕੋਈ ਨਹੀਂ ਇੰਤਜ਼ਾਰ ਕੀਤਾ, ਪਰ ਇਹ ਗਰੀਬਣੀ ਜ਼ਰੂਰ ਤੈਨੂੰ ਪਿਛਲੇ ਤਿੰਨਾਂ ਚਹੁੰ ਹਫ਼ਤਿਆਂ ਤੋਂ ਉਡੀਕ ਰਹੀ ਏ।"

ਤੂੰ ਇਕ ਦੇ ਮਗਰੋਂ ਦੂਜਾ, ਦੋ ਪੈਗ ਪੀਤੇ। ਕੰਵਲ ਦਾ ਹਾਲੀਂ ਪਹਿਲਾ ਨਹੀਂ ਸੀ ਮੁਕਾ।

ਤੇ ਫੇਰ ਤੂੰ ਰੇਡੀਓਗ੍ਰਾਮ ਕੋਲ ਜਾ ਕੇ ਰੀਕਾਰਡ ਲੱਭਣ ਲਗਾ, "ਮੀਰਾ, ਤੈਨੂੰ ਰੇਸ਼ਮਾਂ ਦੇ ਗੀਤ ਸੁਣਾਵਾਂ? ਕੰਵਲ ਕੋਲ ਰੇਸ਼ਮਾਂ ਦੇ ਸਾਰੇ ਰੀਕਾਰਡ ਨੇ, ਤੇ ਫ਼ੈਜ਼ ਦੀਆਂ ਨਜ਼ਮਾਂ ਜਿਹੜੀਆਂ ਪਾਕਿਸਤਾਨ ਨੇ ਬੈਨ ਕਰ ਦਿਤੀਆਂ ਸਨ, ਤੇ ਫ਼ਰੀਦਾ ਖ਼ਾਨਮ।"

ਰੇਸ਼ਮਾਂ ਦਾ ਰੀਕਾਰਡ ਤੂੰ ਰੀਕਾਰਡ ਚੇਂਜਰ 'ਤੇ ਲਾ ਦਿਤਾ। ਭਰੀ ਹੋਈ ਜੋਬਨਾਈ ਆਵਾਜ਼। ਗਹਿਰੀ, ਬਹੁਤ। ਜਿਵੇਂ ਵਿਲ੍ਹਕ ਕੇ ਗਾ ਰਹੀ ਸੀ, "ਹਾਏ ਓ ਰੱਬਾ, ਨਹੀਓਂ ਲਗਦਾ ਜੀਅ ਮੇਰਾ।"

ਤੇਰੀਆਂ ਪਲਕਾਂ 'ਤੇ ਇਕ ਨਹੀਂ, ਕਈ ਸ਼ਿਕਨਾਂ ਉਭਰ ਆਈਆਂ। ਇਕ ਬੇਸਾਖ਼ਤਗੀ ਨਾਲ ਤੂੰ ਮੇਰੇ ਮੋਢਿਆਂ ਦੁਆਲਿਉਂ ਬਾਂਹ ਵਲਾ ਕੇ ਮੈਨੂੰ ਵੱਖੀ ਨਾਲ ਘੁੱਟ ਲਿਆ, "ਮੀਰਾ, ਮੈਨੂੰ ਲਗਦਾ ਏ, ਇਹ ਰੇਸ਼ਮਾਂ ਨਹੀਂ ਤੂੰ ਗਾਉਨੀ ਪਈ ਏਂ।"

ਫੇਰ ਇਸ ਤਰ੍ਹਾਂ ਲਗਾ, ਜਿਵੇਂ ਗੀਤ ਦੇ ਦਰਦ ਦੇ ਸੇਕ ਨਾਲ ਤੇਰੇ ਜਜ਼ਬੇ ਪਿਘਲ ਰਹੇ ਹੋਣ।

ਤੇਰੀਆਂ ਅੱਖਾਂ ਵਿਚ ਬਹੁਤ ਸਾਰੀ ਤੜਪ ਸੀ, ਤੇ ਗਹਿਰਾਈ, ਤੇ ਸੰਜੀਦਗੀ, ਤੇ ਪਾਕੀਜ਼ਗੀ, "ਡੂ ਯੂ ਲਵ ਮੀ?"

ਇਸ ਸੁਆਲ ਦਾ ਜਵਾਬ ਮੈਂ ਨਹੀਂ ਦਿਤਾ। ਪਰ ਮੇਰੇ ਜਿਸਮ ਦਾ ਹਰ ਲੂੰ, ਮੇਰੀ ਰੂਹ ਦਾ ਹਰ ਰੇਸ਼ਾ ਇਸ ਦਾ ਜਵਾਬ ਸੀ।



ਮੇਰੀ ਹੋਂਦ ਹੀ ਇਸ ਸੁਆਲ ਦਾ ਜਵਾਬ ਸੀ।

ਕੰਵਲ, ਉਸ ਦੀ ਬੀਵੀ, ਸਭ, ਜਿਵੇਂ ਨਹੀਂ ਸਨ ਉਥੇ। ਉਥੇ ਸਿਰਫ਼ ਤੂੰ ਸਾਏਂ ਤੇ ਮੈਂ ਸਾਂ, ਤੇ ਰੇਸ਼ਮਾਂ ਦੇ ਗੀਤ ਦਾ ਡੁਸਕਦਾ ਦਰਦ ਸੀ।

ਹਨੇਰਾ ਸੀ। ਪਿਘਲੀ ਹੋਈ ਠੰਢੀ ਹਵਾ ਸੀ। ਘਰਾਂ ਦੇ ਬਨੇਰਿਆਂ 'ਤੇ ਜਗਦੇ ਦੀਵੇ ਸਨ। ਬਹੁਤ ਸਾਰੇ ਬੱਚੇ ਗਲੀ ਵਿਚ ਫੁੱਲਝੜੀਆਂ ਚਲਾ ਰਹੇ ਸਨ। ਕਿਲ-ਕਾਰੀਆਂ ਮਾਰ ਕੇ ਹੱਸ ਰਹੇ ਸਨ।

ਕੰਵਲ ਦੇ ਘਰੋਂ ਨਿਕਲੇ। ਤੂੰ ਕਿਹਾ, "ਚਲ ਕਿਧਰੇ ਇਹੋ ਜਿਹੀ ਥਾਂ ਤੇ ਚਲੀਏ, ਜਿਥੇ ਮੈਂ ਤੈਨੂੰ ਬਾਹਵਾਂ ਵਿਚ ਲੈ ਕੇ ਨੱਚ ਸਕਾਂ। ਅੱਜ ਮੇਰਾ ਨੱਚਣ 'ਤੇ ਜੀਅ ਕਰਦਾ ਏ।"

ਮੇਰਾ ਮਨ, ਮੇਰਾ ਜਿਸਮ, ਮੇਰਾ ਅੰਦਰ ਭਰਿਆ ਹੋਇਆ ਸੀ। ਜਿਸ ਤਰ੍ਹਾਂ ਕੋਈ ਗਾਗਰ, ਕੋਈ ਘੜਾ ਪਾਣੀ ਨਾਲ ਭਰ ਜਾਵੇ। ਗਲ ਗਲ ਤਕ। ਬਸ, ਉਸੇ ਤਰ੍ਹਾਂ।

ਇਹੋ ਜਿਹੇ ਵੇਲੇ ਹੋਰ ਕੁਝ ਨਹੀਂ ਬਸ ਬੋਲਿਆ ਨਹੀਂ ਜਾਂਦਾ।

ਰਾਹ ਵਿਚ, ਟੈਕਸੀ ਵਿਚ, ਮੈਂ ਸਿਰ ਤੇਰੇ ਮੋਢੇ 'ਤੇ ਰਖੀ ਰਖਿਆ। ਤੂੰ ਬਾਂਹ ਮੇਰੇ ਮੋਢਿਆਂ ਦੁਆਲਿਉਂ ਵਲਾ ਕੇ ਮੈਨੂੰ ਘੁੱਟੀ ਰਖਿਆ। ਬਸ।

'ਸੈਨਸੇਸ਼ਨ' ਦੇ ਬੂਹੇ ਅਗੇ ਪਹੁੰਚ ਕੇ ਜਿਸ ਤਰ੍ਹਾਂ ਮੈਨੂੰ ਹੋਸ਼ ਆਈ।

"ਸੈਨਸੇਸ਼ਨ? ਪਰ ਏਥੇ ਤੇ ਕਾਲਜ ਦੇ ਮੁੰਡੇ ਕੁੜੀਆਂ ਆਉਂਦੇ ਨੇ। ਯੰਗ ਗਰੁੱਪ।"

"ਆਈ ਵਿਲ ਮੇਕ ਯੂ ਯੰਗ," ਤੂੰ ਕਿਹਾ।

ਜਾਪਿਆ, ਮੈਨੂੰ ਆਪਣੇ ਅਠੱਤੀ ਵਰ੍ਹੇ ਭੁੱਲਣ ਲਗੇ ਸਨ। ਤੇ ਤੇਰੇ ਛੱਤੀ ਵਰ੍ਹੇ।

ਬੜੀ ਝਿਜਕ ਨਾਲ ਮੈਂ ਅੰਦਰ ਵੜੀ। ਇਹੋ ਜਿਹੇ ਕਿਸੇ ਡਿਸਕੋਥੇ ਵਿਚ ਮੈਂ ਪਹਿਲੀ ਵਾਰ ਗਈ ਸਾਂ।

ਆਬਨੂਸੀ ਰੌਸ਼ਨੀ ਵਿਚ ਅਸੀਂ ਇਕ ਮੇਜ਼ ਕੋਲ ਪਈਆਂ ਨੀਵੀਆਂ ਕੁਰਸੀਆਂ 'ਤੇ ਬਹਿ ਗਏ। ਸੰਗੀਤ, ਨਾਚ, ਹਲਕੀ ਰੌਸ਼ਨੀ, ਸਿਗਰੇਟ ਦਾ ਮਹਿਕਿਆ ਧੂੰਆਂ, ਨੱਚਦੇ ਪੈਰ, ਲਰਜ਼ਦੇ ਜਿਸਮ।

ਫੇਰ ਮੈਨੂੰ ਨਹੀਂ ਪਤਾ, ਕਿਸ ਵੇਲੇ ਤੂੰ ਮੈਨੂੰ ਉਠਾ ਕੇ ਫ਼ਲੋਰ 'ਤੇ ਲੈ ਗਿਆ।

"ਮੈਨੂੰ ਤਾਂ ਨੱਚਣਾ ਆਉਂਦਾ ਹੀ ਨਹੀਂ।" ਮੈਂ ਪਰੇਸ਼ਾਨ ਸਾਂ।

"ਬਿਲਕੁਲ ਨਾ ਨੱਚੀਂ ਤੂੰ। ਬੱਸ ਮੈਨੂੰ ਘੁੱਟ ਕੇ ਫੜ ਲਈਂ। ਮੈਂ ਜਿਸ ਤਰ੍ਹਾਂ ਕਦਮ ਚੁਕਾਂਗਾ, ਤੇਰੇ ਕਦਮ ਨਾਲ ਆਪਣੇ ਆਪ ਚੁਕੇ ਜਾਣਗੇ।"

ਬੇਹੱਦ ਮੱਧਮ, ਭਿੰਨੀ ਤ੍ਰੇਲ ਵਰਗੀ ਆਰਕੇਸਟਰਾ ਦੀ ਧੁਨ! ਮੈਂ ਪਲ ਕੁ ਹਿਚਕਿਚਾਈ। ਫੇਰ ਜਿਸ ਵੇਲੇ ਤੂੰ ਦੋਹਾਂ ਬਾਹਵਾਂ ਵਿਚ ਮੈਨੂੰ ਘੁਟ ਲਿਆ, ਮੈਂ ਵੀ ਬਾਂਹ ਤੇਰੀ ਪਿੱਠ ਦੁਆਲਿਉਂ ਵਲਾ ਲਈ, ਦੂਜੀ ਤੇਰੇ ਮੋਢੇ ਦੇ ਉਤੋਂ ਦੀ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਤੈਨੂੰ ਜੱਫੀ ਪਾਣ ਲਈ ਮੈਂ ਤਰਸਿਆ ਕਰਦੀ ਸਾਂ। ਤੇਰੀਆਂ ਬਾਹਵਾਂ ਵਿਚ ਗੁਆਚਣ ਦੇ ਜਿਸ ਤਰ੍ਹਾਂ ਦੇ ਸੁਪਨੇ ਲਿਆ ਕਰਦੀ ਸਾਂ। ਸਿਰਫ਼ ਉਸ ਸੁਪਨੇ ਵਿਚ ਸੰਗੀਤ ਨਹੀਂ ਸੀ ਹੁੰਦਾ।

ਸੰਗੀਤ ਦੀ ਵੀ ਆਪਣੀ ਤਾਸੀਰ ਹੁੰਦੀ ਏ। ਇਹ ਮੈਂ ਉਸ ਰਾਤ ਤੇਰੀਆਂ ਬਾਹਵਾਂ ਵਿਚ ਥਿਰਕਦਿਆਂ ਮਹਿਸੂਸ ਕੀਤਾ। ਪਹਿਲੋਂ ਉਹ ਜਜ਼ਬੇ ਨੂੰ ਰਿੜਕਦਾ ਏ, ਬਹੁਤ ਆਹਿਸਤਾ। ਇਕ ਖ਼ਾਸ ਬਿੰਦੂ ਤੱਕ। ਫੇਰ ਉਸ ਵਿਚ ਪਾਣੀ ਪਾਂਦਾ ਏ — ਲੱਸੀ ਵਾਂਗੂ। ਪਰ ਜਜ਼ਬਾ ਪਤਲਾ ਨਹੀਂ ਪੈਂਦਾ। ਤਰਲ ਹੋ ਜਾਂਦਾ ਏ।

ਤੂੰ ਪੋਲੀ ਪੋਲੀ ਕਦਮ ਚੁਕ ਰਿਹਾ ਸਾਏਂ, ਰਖ ਰਿਹਾ ਸਾਏਂ। ਇਕ ਥਿਰਕਣ ਨਾਲ। ਤੇਰੇ ਨਾਲ ਨਾਲ, ਬਿਨਾ ਕਿਸੇ ਕੋਸ਼ਿਸ਼ ਦੇ ਮੇਰੇ ਕਦਮ ਵੀ ਚੁਕੇ ਜਾ ਰਹੇ ਸਨ, ਰਖੇ ਜਾ ਰਹੇ ਸਨ। ਬਿਲਕੁਲ ਸਹਿਜ, ਜਿਵੇਂ ਸ਼ਾਂਤ ਝੀਲ ਵਿਚ ਪਾਣੀ ਉਤੇ ਹਮਵਾਰ ਆਹਿਸਤਾ ਆਹਿਸਤਾ ਫਿਸਲਦੀ ਕੋਈ ਬੇੜੀ, ਚੱਪੂਆਂ ਤੋਂ ਬਿਨਾਂ।

ਮੈਂ ਸਿਰ ਤੇਰੀ ਛਾਤੀ 'ਤੇ ਰੱਖ ਦਿਤਾ ਸੀ।

ਮੈਨੂੰ ਲਗਿਆ, ਮੈਂ ਪੂਰੀ ਜ਼ਿੰਦਗੀ ਏਸੇ ਤਰ੍ਹਾਂ ਤੇਰੀ ਛਾਤੀ 'ਤੇ ਸਿਰ ਰਖ ਕੇ ਨੱਚ ਸਕਦੀ ਸਾਂ।

ਮੇਰੇ ਕਦਮਾਂ ਨੂੰ ਆਪਣੀ ਮਰਜ਼ੀ ਭੁੱਲ ਗਈ ਸੀ।

ਤੇਰੇ ਕਦਮਾਂ ਦੀ ਮਰਜ਼ੀ ਨਾਲ ਤੁਰਦਿਆਂ, ਮੈਨੂੰ ਲਗਾ ਮੈਂ ਦੁਨੀਆਂ ਦੀ ਮਹਾਰਾਣੀ ਸਾਂ।

ਆਸ ਪਾਸ ਦੇ ਸਾਰੇ ਲੋਕ ਜਿਵੇਂ ਨਹੀਂ ਸਨ। ਇਹ ਲੋਕਾਂ ਨਾਲ ਭਰਿਆ ਕਮਰਾ ਨਹੀਂ ਸੀ। ਇਹ ਤਾਂ ਇਕ ਟਾਪੂ ਸੀ, ਛੋਟਾ ਜਿਹਾ। ਆਸ ਪਾਸ ਬੇਕਿਨਾਰ ਸਮੁੰਦਰ ਸੀ। ਕੋਈ ਜੀਵ ਜੰਤੂ ਨਹੀਂ ਸੀ ਆਸ ਪਾਸ। ਸਿਰਫ਼ ਤੂੰ ਸਾਏਂ, ਤੇ ਮੈਂ ਸਾਂ। ਤੇ ਉਹ ਟਾਪੂ ਹੀ ਬਸ ਸਾਰੀ ਦੁਨੀਆਂ ਸੀ, ਸਾਡੀ ਦੁਨੀਆਂ, ਜਿਹੜੀ ਹੁਣੇ ਹੁਣੇ, ਨਵੀਂ ਨਕੋਰ, ਸਿਰਫ਼ ਸਾਡੇ ਲਈ ਤਾਮੀਰ ਹੋਈ ਸੀ!

ਹਲਕੀ ਹਵਾ ਨਾਲ ਕੰਬਦੀਆਂ ਘਾਹ ਦੀਆਂ ਤਿੜਾਂ।
ਮਾਸੂਮ ਲੋਰ ਵਿਚ, ਵਜਦ ਵਿਚ, ਆਹਿਸਤਾ ਆਹਿਸਤਾ ਗਾੜ੍ਹੇ ਪੱਤੇ।
ਹਲਕੀ, ਠੰਢੀ, ਕੂਲੀ, ਤਰਲ ਹਵਾ।
ਨਸ਼ਿਆਈ ਸੰਦਲੀ ਧੁੱਪ।
ਭੂਰੀ, ਨਰਮ, ਭੁਰਭੁਰੀ ਮਿੱਟੀ।
ਤੇ ਸੰਗੀਤ।
ਅਨਹਦ ਨਾਦ।
ਤੇ ਵਿਸਮਾਦ, ਵਿਸਮਾਦ, ਵਿਸਮਾਦ।

"ਆਈ ਲਵ ਯੂ", ਇਹ ਤੇਰੀ ਰੂਹ ਦੀ ਆਵਾਜ਼ ਸੀ। ਮੇਰੇ ਕੰਨਾਂ ਕੋਲ। ਤੇ ਮੈਂ ਉਸ ਨੂੰ ਆਪਣੇ ਅੰਦਰ ਉਤਰਦੀ ਮਹਿਸੂਸ ਕਰ ਰਹੀ ਸਾਂ, ਠੰਢੇ ਬਲੌਰੀ ਪਾਣੀ ਵਾਂਗੂੰ।

ਤੇਰੀਆਂ ਬਾਹਵਾਂ ਵਿਚ ਮੈਂ ਦੀਵੇ ਦੀ ਲਾਟ ਵਾਂਗੂ ਕੰਬ ਰਹੀ ਸਾਂ। ਤੇਰੀਆਂ ਬਾਹਵਾਂ ਵਿਚ ਮੈਂ ਮੋਮਬੱਤੀ ਦੇ ਪਿੰਡੇ ਵਾਂਗੂ ਪਿਘਲ ਰਹੀ ਸਾਂ।



## ਗਿਆਰਾਂ

ਦਿਨ ਗੁਜ਼ਰਦੇ ਗਏ।

ਹਫ਼ਤੇ। ਮਹੀਨੇ।

ਭੂਰੇ ਸਲੇਟੀ ਦਿਨ, ਜਿਨ੍ਹਾਂ ਵਿਚ ਕੁਝ ਨਹੀਂ ਵਾਪਰਦਾ। ਸਿਰਫ਼ ਧੂੜ ਉਡਦੀ ਏ, ਵਕਤ ਦੀ। ਤੇ ਤੁਸੀਂ ਵੀ ਕਣ ਕਣ ਹੋ ਕੇ ਖਿੱਲਰਦੇ ਰਹਿੰਦੇ ਓ। ਬੇਮਤਲਬ! ਧੂੜ ਦੇ ਸੁਰਮਈ ਗੰਧਲੇ ਗੁਬਾਰ ਵਾਂਗੂ।

ਉਸ ਊਂਘਦੇ ਸੰਗੀਤ ਵਿਚਲੇ ਪਿਘਲੇ ਹੋਏ ਤਰਲ ਖਿਣ ਦੇ ਵਾਪਸ ਪਰਤ ਆਉਣ ਦੀ ਮੈਂ ਇੰਤਜ਼ਾਰ ਕਰਦੀ ਰਹੀ।

ਪਹਿਲਾਂ ਵਾਂਗੂ।

ਜਦੋਂ ਤੂੰ ਕੋਲ ਨਾ ਹੁੰਦਾ, ਮੈਂ ਤੇਰਾ ਇੰਤਜ਼ਾਰ ਕਰਦੀ ਰਹਿੰਦੀ।

ਜਦੋਂ ਤੂੰ ਮੇਰੇ ਕੋਲ ਹੁੰਦਾ, ਮੈਂ ਤੇਰੇ ਕੋਲ ਬੈਠੀ ਤੇਰਾ ਇੰਤਜ਼ਾਰ ਕਰਦੀ ਰਹਿੰਦੀ।

ਪਰ ਉਹ ਖਿਣ ਤਾਂ ਕੋਈ ਮੀਂਹ ਦਾ ਕਤਰਾ ਸੀ। ਤਾਰ ਨਾਲ ਲਟਕਦਾ। ਵਕਤ ਦੇ ਬੇਕਿਨਾਰ ਫ਼ਾਸਲੇ ਦੇ ਇਕ ਛੋਟੇ ਜਿਹੇ ਲਮਹੇ ਵਿਚ ਉਸ ਮੀਂਹ ਦੀ ਇਕ ਬੂੰਦ ਵਿਚ ਬ੍ਰਹਿਮੰਡ ਦੇ ਸੱਤੇ ਰੰਗ ਘੁਲ ਕੇ ਕੰਬ ਉਠੇ ਸਨ।

ਫੇਰ ਉਹ ਕੰਬ ਕੇ ਹੇਠਾਂ ਡਿਗ ਪਿਆ ਸੀ।

ਤੇ ਹੁਣ ਲਭ ਨਹੀਂ ਸੀ ਰਿਹਾ।

ਤੇ ਮੈਂ ਉਹਦੇ ਪਰਤ ਆਉਣ ਦੀ ਇੰਤਜ਼ਾਰ ਕਰ ਰਹੀ ਸਾਂ।

ਕਦੇ ਮੈਂ ਸੋਚਦੀ, ਦਿਨ ਇਕ ਗੰਡੋਏ ਵਾਂਗੂ ਤੁਰਦਾ ਏ। ਜਦੋਂ ਤੁਰਦਾ ਏ, ਕਾਲਜਾ ਮੁੱਠ ਵਿਚ ਆਇਆ ਰਹਿੰਦਾ ਏ। ਕੁਝ ਸੰਘ ਵਿਚ ਆ ਕੇ ਖੜੋਤਾ ਰਹਿੰਦਾ ਏ। ਗੰਡੋਆ, ਜਿਹੜਾ ਤੁਰਦਾ ਵੀ ਏ, ਤੇ ਨਹੀਂ ਵੀ ਤੁਰਦਾ। ਆਹਿਸਤਾ, ਬਹੁਤ ਆਹਿਸਤਾ। ਲਿਜਲਿਜਾ, ਬੇ-ਰੰਗ। ਤੇ ਪਿਛੇ ਪਾਣੀ ਦੀ ਇਕ ਲਕੀਰ ਛਡਦਾ ਹੋਇਆ। ਤੁਸੀਂ ਸੋਚਦੇ ਓ, ਉਹ ਲੀਕ ਕਦੇ ਮਿਟ ਨਹੀਂ ਸਕਦੀ। ਪਰ ਪਲ ਪਿਛੋਂ ਉਥੇ ਕੁਝ ਵੀ ਨਹੀਂ ਰਹਿੰਦਾ। ਸਿਰਫ਼ ਭੂਰੀ ਮਿੱਟੀ ਬਾਕੀ ਰਹਿ ਜਾਂਦੀ ਏ, ਧੁੱਪ ਵਿਚ ਪਿੰਡਾ ਸੇਕਦੀ ਹੋਈ।

ਕਦੇ ਮੈਂ ਸੋਚਦੀ, ਦਿਨ ਇਕ ਵੇਲਣਾ ਏ, ਜਿਸ ਵਿਚ ਮੈਂ ਨਪੀੜੀ ਜਾ ਰਹੀ ਸਾਂ। ਅਜੀਬ ਬੇਬਸੀ। ਅਜੀਬ ਕੋਫ਼ਤ। ਅਜੀਬ ਬਗ਼ਾਵਤ। ਅਜੀਬ ਬੇਹਿਸ ਅਹਿਸਾਸ, ਜਦੋਂ ਬੰਦਾ ਤਕਦੀਰ ਨੂੰ ਮੱਥੇ 'ਤੇ ਰਖ ਲੈਂਦਾ ਏ। ਅਜੀਬ ਵਹਿਸ਼ਤ। ਅਜੀਬ ਰਹੱਸ। ਸਭ ਤੋਂ ਜ਼ਾਲਮ, ਇਕ ਬਗ਼ਾਵਤ ਦਾ ਅਹਿਸਾਸ।

ਕੁਝ ਸੀ, ਜਿਹੜਾ ਗਲਤ ਸੀ ਤੇ ਜਿਹੜਾ ਪਕੜ ਵਿਚ ਨਹੀਂ ਸੀ ਆ ਰਿਹਾ।

ਹੱਡੀਆਂ ਦੇ ਕੜਕਣ ਦਾ ਅਹਿਸਾਸ। ਰਿਸਦੇ ਲਹੂ ਦਾ ਅਹਿਸਾਸ।

ਮਾਸ ਦਾ ਮਲੀਦਾ ਬਣਨ ਦਾ ਅਹਿਸਾਸ!

ਤੇ ਕਦੇ ਕਦੇ ਸਾਰੇ ਅਹਿਸਾਸ ਦੀ ਮੌਤ, ਸੁੰਨ ਮਸਾਨ। ਖ਼ਾਮੋਸ਼ੀ। ਸੱਨਾਟਾ, ਕਬਰਿਸਤਾਨ ਦਾ!

ਕਦੇ ਮੈਨੂੰ ਲਗਦਾ, ਜ਼ਿੰਦਗੀ ਇਕ ਗਲਹਿਰੀ ਏ। ਸਾਹਮਣੇ ਬਹਿ ਕੇ ਧੁੱਪ ਸੇਕਦੀ ਹੋਈ। ਨਟਸ ਨੂੰ ਕੁਤਰਦੀ ਹੋਈ। ਪਰ ਜਿਉਂ ਹੀ ਮੈਂ ਹੱਥ ਵਧਾ ਕੇ ਉਹਨੂੰ ਫੜਨ ਦੀ ਕੋਸ਼ਿਸ਼ ਕਰਦੀ ਹਾਂ, ਉਹ ਦੌੜ ਜਾਂਦੀ ਏ।

ਹੈਰਾਨ ਹੋ ਕੇ ਸੋਚਦੀ, ਉਂਜ ਲੋਕੀਂ ਸ਼ੇਰ ਫੜ ਲੈਂਦੇ ਨੇ, ਹਾਥੀ ਫੜ ਲੈਂਦੇ ਨੇ, ਹਿਰਨ ਫੜ ਲੈਂਦੇ ਨੇ। ਅੱਜ ਤੱਕ ਗਲਹਿਰੀ ਨੂੰ ਫੜਿਆ ਏ ਕਿਸੇ ਕਦੇ?

ਸੂਰਜ ਚੜ੍ਹ ਪੈਂਦਾ, ਤਾਂ ਲਗਦਾ ਡੁੱਬੇਗਾ ਨਹੀਂ। ਰਾਤ ਪੈ ਜਾਂਦੀ, ਤਾਂ ਲਗਦਾ ਗੁਜ਼ਰੇਗੀ ਨਹੀਂ।

ਤੂੰ ਮੇਰੇ ਕੋਲ ਬੈਠਾ ਸਿਗਰੇਟ ਪੀ ਰਿਹਾ ਹੁੰਦਾ, ਸ਼ਰਾਬ ਪੀ ਰਿਹਾ ਹੁੰਦਾ, ਤਾਂ ਲਗਦਾ ਹੁਣੇ, ਅਗਲੇ ਪਲ ਹੀ, ਕੁਝ ਵਾਪਰੇਗਾ।

ਤੂੰ ਜਾਣ ਲਗਦਾ, ਤਾਂ ਮੈਂ ਤਿਲਮਿਲਾ ਜਾਂਦੀ।

ਤੈਨੂੰ ਰੋਕ ਲੈਣ 'ਤੇ ਦਿਲ ਕਰਦਾ। ਲਗਦਾ ਤੂੰ ਸ਼ਾਇਦ ਰੁਕ ਜਾਵੇਂਗਾ, ਤਾਂ ਅਗਲੇ ਪਲ ਕੋਈ ਗੁਜ਼ਰਿਆ ਮੌਸਮ ਵਾਪਸ ਪਰਤ ਆਵੇਗਾ।

ਤੂੰ ਕੋਲ ਨਾ ਹੁੰਦਾ ਤਾਂ ਮੈਂ ਤੇਰਾ ਨੰਬਰ ਘੁਮਾ ਘੁਮਾ ਕੇ ਟੈਲੀਫ਼ੋਨ 'ਤੇ ਤੇਰੀ ਆਵਾਜ਼ ਸੁਣਦੀ ਰਹਿੰਦੀ। ''ਹੈਲੋ, ਹੈਲੋ ਜੀ,'' ਤੂੰ ਕਹਿੰਦਾ।

ਪਲ ਕੁ ਇੰਤਜ਼ਾਰ ਕਰਦਾ। ਮੈਂ ਚੁੱਪ ਰਹਿੰਦੀ। ਫੇਰ ਤੂੰ ਰਿਸੀਵਰ ਹੇਠਾਂ ਰਖ ਦੇਂਦਾ। ਮੈਨੂੰ ਜਾਪਦਾ, ਤੈਨੂੰ ਪਤਾ ਸੀ ਕਿ ਇਹ ਮੇਰਾ ਫ਼ੋਨ ਏ!

ਤੈਨੂੰ ਦਫ਼ਤਰੋਂ ਲੈਣ ਚਲੀ ਜਾਂਦੀ। ਗੇਟ ਦੇ ਬਾਹਰਵਾਰ, ਰਤਾ ਕੁ ਅਗਾਂਹ ਹਨੇਰੇ ਵਿਚ, ਕਾਰ ਰੋਕ ਕੇ ਖੜੋਤੀ ਰਹਿੰਦੀ।

ਤੂੰ ਆਉਂਦਾ, ਮੁਸਕਰਾਂਦਾ, ਤੇ ਕਹਿੰਦਾ, ''ਘਰ ਹੀ ਉਤਾਰ ਦਿਓ। ਬਹੁਤ ਥੱਕ ਗਿਆਂ। ਸਵਾਂਗਾ ਜਾ ਕੇ।''

ਪਤਾ ਨਹੀਂ ਮਨ ਦੀ ਘੋਰ ਉਦਾਸੀ ਕਰ ਕੇ, ਜਾਂ ਹੋਰ ਕੋਈ ਵਜ੍ਹਾ ਸੀ, ਕਿ ਮੈਂ ਬਹੁਤ ਬੀਮਾਰ ਹੋ ਗਈ।

ਬੁਖ਼ਾਰ ਫੂਕ ਕੇ ਚੜ੍ਹਿਆ। ਭੱਠ ਵਾਂਗੂੰ ਪਿੰਡਾ ਤਪਿਆ। ਤੇ ਅਗਲੇ ਦਿਨ ਜ਼ਬਾਨ ਸੁੱਕ ਕੇ ਤਾਲੂ ਨਾਲ ਚਿਪਕਣ ਲਗੀ। ਸੋਚਿਆ, ਬੁਖ਼ਾਰ ਕਰ ਕੇ ਸੀ, ਜਾਂ ਪਿਆਸ ਕਰ ਕੇ? ਡਾਕਟਰ ਨੇ ਕਿਹਾ, ''ਨਹੀਂ, ਜਿਸਮ ਦਾ ਸਾਰਾ ਪਾਣੀ ਸੁੱਕ ਗਿਆ ਏ।''

ਹਸਪਤਾਲ। ਗਲੂਕੋਜ਼ ਚਾੜ੍ਹਨ ਲਈ ਨਾੜ ਨਹੀਂ ਸੀ ਲਭ ਰਹੀ ਡਾਕਟਰ ਨੂੰ। ਤੂੰ ਮੇਰੀ ਬਾਂਹ ਨੂੰ ਆਹਿਸਤਾ ਜਿਹੇ ਘੁਟਿਆ, ਤੇ ਡਾਕਟਰ ਨੂੰ ਨਾੜ ਲਭ ਪਈ।



ਅੱਧੀ ਹੋਸ਼, ਅੱਧੀ ਬੇਹੋਸ਼ੀ।

ਸਿਰਫ਼ ਤੇਰੇ ਉਥੇ ਹੋਣ ਦਾ ਅਹਿਸਾਸ ਸੀ। ਦਿਨਾਂ ਦੇ ਤੇ ਰਾਤਾਂ ਦੇ ਗੁਜ਼ਰਨ ਦਾ ਅਹਿਸਾਸ ਕੋਈ ਨਹੀਂ ਸੀ।

ਹੋਸ਼ ਪਰਤੀ, ਤੇਰੀਆਂ ਅੱਖਾਂ ਵਿਚ ਬਹੁਤ ਸਾਰੀ ਪਰੇਸ਼ਾਨੀ ਸੀ। ਬਹੁਤ ਸਾਰੀ ਥਕਾਵਟ। ਬਹੁਤ ਸਾਰਾ ਉਨੀਂਦਰਾ। ਤੇ ਬਹੁਤ ਗਹਿਰਾਈ। ਸੰਜੀਦਗੀ ਵੀ।

ਸ਼ਰਾਬ-ਰੰਗੀਆਂ ਤੇਰੀਆਂ ਅੱਖਾਂ ਸੰਜੀਦਾ ਹੋ ਕੇ ਏਨੀਆਂ ਗਹਿਰਾਈਆਂ ਵੀ ਹੋ ਸਕਦੀਆਂ ਨੇ, ਮੈਨੂੰ ਪਹਿਲੀ ਵਾਰੀ ਪਤਾ ਲਗਾ।

''ਮੈਨੂੰ ਪਤਾ ਸੀ, ਤੂੰ ਬਿਲਕੁਲ ਠੀਕ ਹੋ ਜਾਏਂਗੀ।''

ਉਸ ਪਲ ਵਿਚੋਂ, ਐਸ ਵੇਲੇ ਜੋ ਵਾਪਸ ਪਰਤ ਕੇ ਆ ਰਿਹਾ ਏ, ਉਹ ਇਕ ਅਸੀਮ ਸੁਖ ਦਾ ਅਹਿਸਾਸ ਏ।

ਖ਼ਾਮੋਸ਼! ਆਹਲਣੇ ਵਿਚ ਖੰਭ ਸਮੇਟ ਕੇ ਬੈਠਾ ਹੋਇਆ ਪਰਿੰਦਾ — ਛਾਤੀ 'ਤੇ ਚੁੰਝ ਰਖ ਕੇ।

ਤੇ ਤਰਕਾਲਾਂ ਦਾ ਪਿਘਲਿਆ ਹੋਇਆ ਹਨੇਰਾ — ਹਨੇਰੇ ਤੋਂ ਪਹਿਲਾਂ ਦਾ ਕੋਈ ਮੁਕਾਮ।

ਮੁਕੰਮਲ ਸ਼ਾਂਤੀ।

ਤਪੀ ਦੁਪਹਿਰ ਨੂੰ ਛੱਪੜ ਵਿਚ ਨਹਾਉਂਦੀਆਂ ਮੱਝਾਂ। ਅਹਿੱਲ, ਚੁੱਪ ਚਾਪ, ਪਾਣੀ ਦੀ ਗਿੱਲ ਨੂੰ ਪਿੰਡੇ 'ਤੇ ਮਹਿਸੂਸ ਕਰਦੀਆਂ ਹੋਈਆਂ।

ਵਿਸ਼ਾਲ, ਫੈਲੀ ਹੋਈ ਧੁੱਪ ਵਿਚ ਪਿੰਡਾ ਸੇਕਦੀ ਬਰਫ਼ਾਂ ਕੱਜੀ ਚੋਟੀ, ਤੇ ਆਹਿਸਤਾ ਆਹਿਸਤਾ ਪਿਘਲਦੀ ਹੋਈ ਬਰਫ਼।

ਮੈਦਾਨਾਂ ਵਿਚ ਸਿਆਲ ਦੀ ਰੁੱਤੇ ਵਹਿੰਦਾ ਕੋਈ ਗਹਿਰਾ ਦਰਿਆ।

ਪਹਾੜਾਂ ਦੇ ਵਿਚਕਾਰ ਚੁੱਪ ਚਾਪ ਅਸਮਾਨੀ ਰੰਗ ਨੂੰ ਓੜ੍ਹ ਕੇ ਲੇਟੀ ਕੋਈ ਝੀਲ।

ਜਦੋਂ ਯਾਦ ਕਰਨ ਦੀ ਕੋਸ਼ਿਸ਼ ਕਰਦੀ ਹਾਂ, ਸਿਰਫ਼ ਇਕ ਗਹਿਰਾ ਤੇ ਸ਼ਾਂਤ ਅਹਿਸਾਸ ਯਾਦ ਆਉਂਦਾ ਏ। ਹੋਰ ਕੁਝ ਯਾਦ ਨਹੀਂ ਆਉਂਦਾ।

ਤੇ ਸ਼ਾਇਦ ਤੇਰੀਆਂ ਗੱਲਾਂ ਦੇ ਕੁਝ ਟੁਕੜੇ, ''ਤੂੰ ਕਿਥੇ ਤੁਰ ਚੱਲੀ ਸੀ?... ਹਾਲੀਂ ਤੇ ਅਸਾਂ 'ਕੱਠਿਆਂ ਰਹਿਣਾ ਏਂ...ਤੂੰ ਸੋਚਨੀ ਏਂ ਮੈਂ ਨਿਕੰਮਾ ਆਂ...ਮੈਨੂੰ ਬਹੁਤੀਆਂ ਗੱਲਾਂ ਕਰਨੀਆਂ ਨਹੀਂ ਆਉਂਦੀਆਂ...ਮੈਨੂੰ ਸਿਰਫ਼ ਇਹ ਪਤਾ ਏ ਕਿ ਮੈਂ ਤੈਨੂੰ ਪਿਆਰ ਕਰਨਾਂ, ਤੇ ਮੈਂ ਤੈਨੂੰ ਮਰਨ ਨਹੀਂ ਦੇਣਾ, ਤੇ ਅਸਾਂ 'ਕੱਠਿਆਂ ਰਲ ਕੇ ਜੀਣਾ ਏ, ਬਹੁਤ ਸਾਲ।...ਜਦੋਂ ਤੂੰ ਸੱਠਾਂ ਸਾਲਾਂ ਦੀ ਹੋ ਜਾਵੇਂਗੀ, ਤੇ ਮੈਂ ਅਠਵੰਜਾ ਦਾ, ਅਸੀਂ ਬਹਿ ਕੇ ਧੁੱਪ ਸੇਕਿਆ ਕਰਾਂਗੇ।...ਉਦੋਂ ਮੈਂ ਤੇਰੇ ਨਾਲ ਗੱਲਾਂ ਕਰਿਆ ਕਰਾਂਗਾ...ਹਾਲੀਂ ਤੇ ਸ਼ੁਰੂਆਤ ਏ...ਹਾਲੇ ਤੇ ਮੈਂ ਜੀਣ ਦਾ ਪਰੋਗਰਾਮ ਬਣਾ ਰਿਹਾਂ

...ਸੋਚ ਰਿਹਾਂ...ਜ਼ਿੰਦਗੀ ਨੂੰ ਤਰਤੀਬ ਦੇਣ ਬਾਰੇ...। ਬੱਸ, ਤੂੰ ਬਹੁਤ ਕੰਮ ਕਰ ਲਿਆ। ਅਸੀਂ 'ਕੱਠੇ ਰਹਾਂਗੇ, ਤਾਂ ਸਿਰਫ਼ ਮੈਂ ਕੰਮ ਕਰਾਂਗਾ, ਤੂੰ ਕਿਤਾਬਾਂ ਪੜ੍ਹਿਆ ਕਰੀਂ, ਤੇ ਨਜ਼ਮਾਂ ਲਿਖੀਂ...ਮੇਰੀ ਤਨਖ਼ਾਹ ਵਿਚ ਗੁਜ਼ਾਰਾ ਕਰ ਲਵੇਂਗੀ ਨਾ ?...ਦੋ ਕਮਰੇ ? ਚਲੋ, ਅੱਛਾ, ਦੋ ਕਮਰੇ ਲੈ ਲਵਾਂਗੇ...ਸਾਡੇ ਬੈੱਡ ਰੂਮ ਵਿਚ ਕੋਈ ਨਹੀਂ ਆਏਗਾ। ਨੌਕਰ ਵੀ ਨਹੀਂ, ਝਾੜੂ ਦੇਣ ਵਾਲੀ ਮਿਹਤਰਾਣੀ ਵੀ ਨਹੀਂ। ਉਹਨੂੰ ਤੂੰ ਆਪ ਸਾਫ਼ ਕਰਿਆ ਕਰੀਂ। ਝਾੜ ਪੂੰਝ ਮੈਂ ਕਰ ਦਿਆ ਕਰਾਂਗਾ। ਉਹ ਮੁਕੱਦਸ ਕਮਰਾ ਹੋਵੇਗਾ, ਜਿਸ ਤਰ੍ਹਾਂ ਮੰਦਰ ਹੋਵੇ ਕੋਈ। ਉਸ ਵਿਚ ਅਗਰਬੱਤੀਆਂ ਜਗਾਇਆ ਕਰਾਂਗੇ...। ਬੰਬਈ ਚਲ ਕੇ ਰਹਾਂਗੇ। ਨਾ ਕੋਈ ਰਿਸ਼ਤੇਦਾਰ, ਨਾ ਕੋਈ ਵਾਕਫ਼...ਸਿਰਫ਼ ਦੋ ਚਾਰ ਦੋਸਤੀਆਂ ਬਣਾਵਾਂਗੇ, ਬਸ।...ਜੀਅ ਕਰੇਗਾ, ਕਿਸੇ ਨੂੰ ਮਿਲਾਂਗੇ, ਨਹੀਂ ਜੀਅ ਕਰੇਗਾ, ਨਹੀਂ ਮਿਲਾਂਗੇ। ਤੂੰ ਸ਼ਾਮੀਂ ਮੇਰੇ ਦਫ਼ਤਰ ਹੀ ਆ ਜਾਇਆ ਕਰੀਂ...ਹਾਂ... ਅਖ਼ਬਾਰ ਦੀ ਹੀ ਨੌਕਰੀ ਕਰਾਂਗਾ ਕਿਸੇ ਦੀ, ਉਂਜ ਤੇ ਮੇਰੇ ਅਖ਼ਬਾਰ ਦਾ ਵੀ ਦਫ਼ਤਰ ਹੈ ਉਥੇ, ਜਾਂ ਟ੍ਰਾਂਸਫ਼ਰ ਹੀ ਕਰਵਾ ਲਵਾਂਗਾ। ਬੀਵੀ ? ਉਹ ਉਦੋਂ ਤਕ ਉਸ ਮਦਰਾਸੀ ਕਲਰਕ ਨਾਲ ਵਿਆਹ ਕਰਵਾ ਲਵੇਗੀ। ਨਹੀਂ ਤੇ ਸਭ ਕੁਝ ਜੋ ਵੀ ਸਾਡੇ ਦੋਹਾਂ ਕੋਲ ਹੈ, ਉਹਨੂੰ ਦੇ ਦਿਆਂਗੇ, ਤੇ ਉਹਦੇ ਬਦਲੇ ਉਹਦੇ ਕੋਲੋਂ ਜ਼ਿੰਦਗੀ ਦਾ ਸੌਦਾ ਕਰ ਲਵਾਂਗੇ, ਆਜ਼ਾਦੀ ਦਾ...। ਨਹੀਂ, ਕਿਸੇ ਨਾਲ ਬੇਇਨਸਾਫ਼ੀ ਨਹੀਂ ਹੋਵੇਗੀ।... ਠੀਕ ਏ, ਸ਼ੀਨਾ ਦੀ ਪੜ੍ਹਾਈ ਖ਼ਤਮ ਹੋ ਜਾਣੀ ਏ, ਦੋਂਹ ਮਹੀਨਿਆਂ ਨੂੰ, ਉਹਦਾ ਵਿਆਹ ਕਰ ਦੇਨੇ ਆਂ, ਤੇਰੀ ਜ਼ਿੰਮੇਵਾਰੀ ਖ਼ਤਮ ਹੋ ਜਾਵੇਗੀ। ਮਾਂ ਉਹਦੇ ਕੋਲ ਰਹੇਗੀ।...ਮੇਰੇ ਮਾਂ ਪਿਉ ਆਪਣੇ ਦੂਜੇ ਪੁੱਤਰ ਕੋਲ ਰਹਿਣਗੇ।...ਜਾਂ ਫੇਰ ਉਹਨਾਂ ਨੂੰ ਅਮਰੀਕਾ ਦਾ ਟਿਕਟ ਲੈ ਕੇ, ਉਹਨਾਂ ਦੇ ਵਡੇ ਪੁੱਤਰ ਕੋਲ ਭੇਜ ਦਿਆਂਗਾ...। ਬੱਸ, ਸੋਚ ਰਿਹਾਂ, ਸਭ...ਸਭ...ਪਲੈਨ ਕਰ ਰਿਹਾਂ।...ਦੋ ਸਾਲ ਹੋ ਗਏ ਨੇ ਸੋਚਦਿਆਂ ? ਹਾਂ, ਸ਼ਾਇਦ ਹੋ ਗਏ ਨੇ। ਫੇਰ ਕੀ ਹੋਇਆ ? ਜ਼ਿੰਦਗੀ ਬਹੁਤ ਲੰਮੀ ਚੀਜ਼ ਏ..."

ਮੈਨੂੰ ਲਗਾ, ਠੀਕ ਤਾਂ ਕਹਿ ਰਿਹਾ ਸੀ ਤੂੰ ! ਜ਼ਿੰਦਗੀ ਬਹੁਤ ਲੰਬੀ ਚੀਜ਼ ਏ।

ਤੇ ਬਹੁਤ ਸਾਰਥਕ।

ਤੇ ਬਹੁਤ ਪਿਆਰੀ।

## ਬਾਰਾਂ

ਕੁਝ ਦਿਨ ਮਨ ਵਿਚ ਸ਼ਾਂਤੀ ਰਹੀ।

ਉਸ ਨਸ਼ੇ ਦੀ ਕੁਝ ਦਿਨ ਮਸਤੀ ਰਹੀ।

ਫੇਰ ਵਕਤ ਦੀ ਧੂੜ ਦਾ ਰੰਗ ਓਹੀ ਹੋ ਗਿਆ। ਮਟਮੈਲਾ, ਭੂਰਾ !

ਦਿਨ, ਹਫ਼ਤੇ, ਗੁਜ਼ਰਨ ਲਗੇ। ਪਤਝੜ ਵਿਚ ਬੇ-ਸਹਾਰਾ ਡਿਗਦੇ ਪੱਤਿਆਂ ਵਾਂਗੂੰ।

ਵਗਦੀ ਹਵਾ ਨਾਲ ਨੰਗੀ ਸੜਕ 'ਤੇ ਲਾਵਾਰਸ ਭਟਕਦੇ, ਭੂਰੇ, ਮਰੇ ਹੋਏ ਪੱਤਿਆਂ ਵਾਂਗੂੰ।



ਜਿਵੇਂ ਬੰਜਰ ਜ਼ਮੀਨ ਹੋਵੇ ਕੋਈ, ਜਿਸ ਵਿਚ ਕੁਝ ਨਹੀਂ ਉੱਗਦਾ।

ਕਦੇ ਕਦੇ ਇਹ ਵੀ ਲਗਦਾ, ਕਿ ਉਹ ਤੇਰੇ ਲਫ਼ਜ਼, ਉਹ ਤੇਰਾ ਤਰਲ ਹੋ ਆਇਆ ਚਿਹਰਾ, ਉਹ ਤੇਰੇ ਹੁਨਾਲ ਦੀ ਰੁੱਤੇ ਮੀਂਹ ਦੀਆਂ ਪਹਿਲੀਆਂ ਕਣੀਆਂ ਵਾਂਗੂੰ ਡਿਗਦੇ ਬੋਲ, "ਆਈ ਲਵ ਯੂ", ਉਹ ਸਭ ਨਹੀਂ ਸੀ। ਉਹ ਕਦੇ ਹੋਇਆ ਹੀ ਨਹੀਂ ਸੀ। ਐਵੇਂ ਸੁਪਨਾ ਸੀ। ਭੁਲੇਖਾ।

ਰੇਤ ਵਿਚੋਂ ਟੁਰ ਕੇ ਲੰਘ ਗਏ ਕਦਮਾਂ ਦੇ ਨਿਸ਼ਾਨ ਪਲ ਕੁ ਬੜੇ ਸਾਫ਼ ਨਜ਼ਰ ਆਉਂਦੇ ਨੇ। ਕਿਸੇ ਸ਼ਾਹਕਾਰ ਵਾਂਗੂੰ ਉੱਕਰੇ ਹੋਏ। ਅਗਲੇ ਪਲ ਉਥੇ ਕੁਝ ਵੀ ਬਾਕੀ ਨਹੀਂ ਬਚਦਾ। ਤੇ ਲਗਦਾ ਏ ਸ਼ਾਇਦ ਨਜ਼ਰ ਦਾ ਧੋਖਾ ਹੀ ਸੀ।

ਪਰ ਸ਼ੀਨਾ ਦੇ ਵਿਆਹ ਵਾਲੀ ਤੇਰੀ ਗੱਲ ਮੇਰੇ ਦਿਲ ਦਿਮਾਗ਼ ਵਿਚ ਗੂੰਜਦੀ ਰਹੀ। ਬੜੀ ਮਿਹਨਤ ਨਾਲ ਉਹਦੇ ਵਾਸਤੇ ਮੁੰਡਾ ਲਭਿਆ। ਫੇਰ ਉਹਦਾ ਵਿਆਹ ਕਰ ਦਿਤਾ।

ਉਹਦੇ ਵਿਆਹ ਵੇਲੇ ਮੈਨੂੰ ਲਗਾ, ਉਹ ਮੇਰੀ ਭੈਣ ਨਹੀਂ ਸੀ, ਮੇਰੀ ਧੀ ਸੀ ਉਹ ਜਿਵੇਂ...।

ਸ਼ੀਨਾ ਸਹੁਰੇ ਤੁਰ ਗਈ।

ਮਾਂ ਪਿੰਡ ਚਲੀ ਗਈ। ਮੇਰੇ ਮਾਮੇ ਕੋਲ।

ਵਿਆਹ ਵਿਚ ਤੂੰ ਕੰਮ ਕਰਦਾ ਰਿਹਾ। ਸਾਰੇ ਦੌੜਨ ਭੱਜਣ ਵਾਲੇ ਕੰਮ। ਮਗਰੋਂ ਮਾਂ ਦਾ ਸਾਮਾਨ ਬੰਨ੍ਹਣ ਵਿਚ, ਗੱਡੀ ਚਾੜ੍ਹਨ ਵਿਚ ਤੂੰਹੇਂ ਈ ਸਭ ਕੁਝ ਕਰ ਰਿਹਾ ਸਾਏਂ। ਪਰ ਇੰਜ, ਜਿਵੇਂ ਤੂੰ ਕੋਈ ਦੂਜਾ ਬੰਦਾ ਹੋਵੇਂ।

ਮੈਂ ਸੋਚਦੀ ਸਾਂ, ਜਦੋਂ ਸ਼ੀਨਾ ਦਾ ਵਿਆਹ ਹੋ ਜਾਵੇਗਾ, ਮੈਂ ਇਕੱਲੀ ਰਹਿ ਜਾਵਾਂਗੀ, ਸਾਡੀ ਜ਼ਿੰਦਗੀ ਦਾ ਢਾਂਚਾ ਬਦਲ ਜਾਵੇਗਾ। ਮੈਨੂੰ ਇਹ ਨਹੀਂ ਸੀ ਪਤਾ ਕਿ ਕਿਸ ਤਰ੍ਹਾਂ, ਪਰ ਮੈਨੂੰ ਇਹੀ ਲਗਦਾ ਸੀ, ਕਿ ਤੂੰ ਆਪਣੇ ਆਪ ਮੇਰੇ ਕੋਲ ਰਹਿਣਾ ਸ਼ੁਰੂ ਕਰ ਦੇਵੇਂਗਾ। ਜਦੋਂ ਵੀ ਸੋਚਦੀ ਸਾਂ, ਸ਼ੀਨਾ ਤੇ ਮਾਂ ਤੋਂ ਖ਼ਾਲੀ ਘਰ ਵਿਚ ਮੈਂ ਆਪਣੇ ਆਪ ਨੂੰ ਇਕੱਲਿਆਂ ਕਦੇ ਨਹੀਂ ਸੀ ਤਸੱਵਰ ਕੀਤਾ। ਉਸ ਘਰ ਵਿਚ ਤੂੰ ਤੇ ਮੈਂ ਇਕੱਠੇ ਹੁੰਦੇ ਸਾਂ।

ਪਰ ਜਦੋਂ ਉਹ ਵੇਲਾ ਆਇਆ, ਤਾਂ ਮੈਂ ਇਕੱਲੀ ਰਹਿ ਗਈ। ਤੂੰ ਆਉਂਦਾ। ਉਸੇ ਤਰ੍ਹਾਂ ਅੰਦਰ-ਬਾਹਰ ਤੁਰਦਾ। ਸਿਗਰੇਟ ਪੀਂਦਾ। ਮੇਰੇ ਕੰਮ ਬਾਰੇ ਦੋ ਚਾਰ ਗੱਲਾਂ ਕਰਦਾ। ਵਿਸਕੀ ਪੀਂਦਾ। ਤੇ ਤੁਰ ਜਾਂਦਾ। ਵਾਪਸ, ਆਪਣੇ ਘਰ !

ਤੇ ਮੈਨੂੰ ਲਗਦਾ ਕਿ ਰਾਤ ਦੀ ਸਵੇਰ ਨਹੀਂ ਹੋਵੇਗੀ। ਉਹਨਾਂ ਹੀ ਕੰਧਾਂ ਵਿਚ ਮੈਂ ਇਕੱਲੀ ਮਰ ਜਾਵਾਂਗੀ। ਤੇ ਸਵੇਰੇ ਜਦੋਂ ਅਖ਼ਬਾਰ ਵਾਲਾ ਆਵੇਗਾ, ਦੁੱਧ ਵਾਲਾ ਆਵੇਗਾ, ਸਬਜ਼ੀ ਵਾਲਾ ਆਵੇਗਾ, ਦਰਵਾਜ਼ਾ ਬੰਦ ਹੋਵੇਗਾ।

ਅਖ਼ਬਾਰ ਬਾਹਰ ਦਹਿਲੀਜ਼ਾਂ 'ਤੇ ਪਈ ਰਹੇਗੀ।

ਦੁੱਧ ਦੀਆਂ ਬੋਤਲਾਂ ਬੂਹੇ ਤੋਂ ਬਾਹਰ ਇੰਤਜ਼ਾਰ ਕਰਦੀਆਂ ਰਹਿਣਗੀਆਂ।

ਸਬਜ਼ੀ ਵਾਲਾ ਬੂਹਾ ਖੜਕਾ ਕੇ ਵਾਪਸ ਪਰਤ ਜਾਵੇਗਾ । ਉਹਨੂੰ ਪਤਾ ਹੀ ਨਹੀਂ ਲਗੇਗਾ, ਬੂਹਾ ਅੰਦਰੋਂ ਬੰਦ ਏ ਜਾਂ ਬਾਹਰੋਂ ਕੋਈ ਲਾਕ ਕਰ ਕੇ ਚਲਾ ਗਿਆ ਏ । ਸੋਚੇਗਾ, ਘਰ ਕੋਈ ਨਹੀਂ, ਚਲਾ ਜਾਵੇਗਾ ।

ਫਰ ਦੂਜੇ ਦਿਨ ਜਾਂ ਤੀਜੇ ਦਿਨ, ਕਮਰੇ ਵਿਚੋਂ ਬੋਅ ਆਏਗੀ । ਗੁਆਂਢੀਆਂ ਨੂੰ ਸ਼ੱਕ ਪਵੇਗਾ । ਕੋਈ ਆ ਕੇ ਬੂਹਾ ਤੋੜੇਗਾ । ਸ਼ਾਇਦ ਪੁਲਿਸ ਹੀ । ਤੇ ਅੰਦਰੋਂ ਮੇਰੀ ਲਾਸ਼ ਨਿਕਲੇਗੀ । ਵਿਗੜੀ ਹੋਈ ਸੂਰਤ । ਡੀਕੰਪੋਜ਼ਡ ।

ਜਿਸ ਤਰ੍ਹਾਂ ਟਰੰਕਾਂ ਪਿਛੇ ਕੋਈ ਚੂਹਾ ਮਰ ਜਾਂਦਾ ਏ, ਤੇ ਬੋਅ ਆਉਂਦੀ ਏ, ਤੇ ਤੁਸੀਂ ਟਰੰਕ ਹਟਾ ਕੇ, ਲਭ ਕੇ, ਉਹਦੀ ਲਾਸ਼ ਬਾਹਰ ਸੁਟਦੇ ਓ, ਸੜਿਹਾਂਦ ਦੀ ਮਾਰੀ ਹੋਈ ।

ਫੇਰ ਮੈਨੂੰ ਆਪ ਹੀ ਆਪਣੀ ਸੋਚ 'ਤੇ ਸ਼ਰਮ ਆ ਜਾਂਦੀ । ਇਹ ਮੈਂ ਕੀ ਕਰ ਰਹੀ ਸਾਂ ? ਸੈਲਫ਼ ਪਿਟੀ ? ਆਪਣੇ ਆਪ 'ਤੇ ਤਾਂ ਮੈਂ ਕਦੇ ਕਿਸੇ ਦੂਜੇ ਨੂੰ ਵੀ ਰਹਿਮ ਨਹੀਂ ਕਰਨ ਦਿਤਾ, ਤੇ ਇਹ ਮੈਂ ਕੀ ਕਰ ਰਹੀ ਸਾਂ ? ਆਪ ਹੀ ਆਪਣੇ ਆਪ 'ਤੇ ਤਰਸ ਖਾ ਰਹੀ ਸਾਂ ? ਛੀ !

ਤੇਰੇ ਨਾਲ ਗੱਲ ਕਰਦਿਆਂ ਅਜੀਬ ਝਿਜਕ ਹੁੰਦੀ । ਇਕ ਵਾਰੀ ਬਹੁਤ ਪਹਿਲੇ, ਮੈਨੂੰ ਯਾਦ ਆਉਂਦਾ, ਅਸੀਂ ਗੱਲ ਕਰ ਰਹੇ ਸਾਂ । ਤੇਰੇ ਘਰ ਬਾਰੇ, ਤੇਰੀ ਬੀਵੀ ਬਾਰੇ । ਮੈਂ ਕਿਹਾ, "ਪਰ ਤੂੰ ਉਹਨੂੰ ਕਿਸ ਤਰ੍ਹਾਂ ਦਸੇਂਗਾ ਕਿ ਤੂੰ ਮੇਰੇ ਨਾਲ ਬੰਬਈ ਜਾ ਰਿਹਾ ਏਂ ? ਕਿਸ ਤਰ੍ਹਾਂ ਸਭ ਅਰੇਂਜ ਕਰੇਂਗਾ, ਜਿਸ ਨਾਲ ਉਹਦਾ ਦਿਲ ਵੀ ਨਾ ਦੁਖੇ ਤੇ...।"

ਤੂੰ ਕਿਹਾ, "ਲੈਟ ਅਸ ਨਾਟ ਟਾਕ ਅਬਾਊਟ ਹਰ । ਉਹਦੇ ਬਾਰੇ ਮੈਂ ਫ਼ੈਸਲਾ ਆਪੇ ਹੀ ਕਰਾਂਗਾ । ਜੇ ਮੈਂ ਤੇਰੇ ਨਾਲ ਸਲਾਹ ਕਰਾਂਗਾ ਜਾਂ ਕਿਸੇ ਵੀ ਹੋਰ ਤੀਜੇ ਬੰਦੇ ਨਾਲ, ਤਾਂ ਇਹ ਲਗੇਗਾ ਕਿ ਮੈਂ, ਯਾਨੀ ਅਸੀਂ, ਸਾਜ਼ਸ਼ ਕਰ ਰਹੇ ਹਾਂ । ਉਹ ਮੈਨੂੰ ਗੁਨਾਹ ਲਗਦਾ ਏ ।"

ਤੇ ਮੈਨੂੰ ਤੇਰੇ 'ਤੇ ਬਹੁਤ ਲਾਡ ਆਇਆ ਸੀ । ਮੈਨੂੰ ਲਗਾ ਸੀ ਤੂੰ ਬਹੁਤ ਵਧੀਆ ਇਨਸਾਨ ਏਂ । ਈਮਾਨਦਾਰ । ਇਹਤਰਾਮ ਜਾਗਿਆ ਸੀ ਮਨ ਵਿਚ ਤੇਰੇ ਲਈ ।

ਉਸ ਤੋਂ ਮਗਰੋਂ ਮੈਂ ਤੇਰੀ ਬੀਵੀ ਬਾਰੇ ਕਦੇ ਤੇਰੇ ਨਾਲ ਗੱਲ ਨਹੀਂ ਕੀਤੀ ।

ਓਹੀ ਝਿਜਕ ਹੁਣ ਵੀ ਮੇਰਾ ਮੂੰਹ ਬੰਦ ਰਖਦੀ । ਮੈਨੂੰ ਲਗਦਾ, ਮੈਂ ਤੇਰੇ ਤੇ ਆਪਣੇ ਬਾਰੇ ਵੀ ਗੱਲ ਕੀਤੀ, ਇਕੱਠਿਆਂ ਰਹਿਣ ਬਾਰੇ ਜਾਂ ਬੰਬਈ ਤੁਰ ਜਾਣ ਬਾਰੇ, ਤਾਂ ਸ਼ਾਇਦ ਉਹ ਵੀ ਕਿਸੇ ਨਾ ਕਿਸੇ ਪੱਖ ਤੋਂ ਸਾਜ਼ਸ਼ ਹੀ ਹੋਵੇਗੀ ।

ਤੇਰੀਆਂ ਕਈ ਗੱਲਾਂ ਸਨ, ਜਿਹੜੀਆਂ ਮੈਨੂੰ ਸਮਝ ਨਹੀਂ ਸਨ ਆਉਂਦੀਆਂ । ਤੇਰੀਆਂ ਕਈ ਗੱਲਾਂ ਸਨ, ਜਿਨ੍ਹਾਂ ਬਾਰੇ ਜਦੋਂ ਮੈਨੂੰ ਅਚਾਨਕ ਪਤਾ ਲਗਦਾ, ਮੈਂ ਹੈਰਾਨ ਹੁੰਦੀ ਕਿ ਕਿਸ ਤਰ੍ਹਾਂ ਦੋ ਵਰ੍ਹਿਆਂ ਵਿਚ ਮੈਨੂੰ ਤੇਰੀ ਉਸ ਗੱਲ ਦਾ ਪਤਾ ਹੀ ਨਹੀਂ ਸੀ ਲਗਾ ।



ਤੇਰੀ ਸ਼ਖ਼ਸੀਅਤ ਦੀਆਂ ਜਿਵੇਂ ਕਈ ਡਾਇਮੈਨਸ਼ਨਜ਼ ਸਨ । ਕਈ ਕੋਣ, ਕਈ ਪਹਿਲੂ, ਕਈ ਤੈਹਾਂ । ਤੇ ਮੈਨੂੰ ਸਾਰੀਆਂ ਦਾ ਅਜੇ ਪਤਾ ਨਹੀਂ ਸੀ । ਇਸੇ ਕਰ ਕੇ ਹਰ ਨਵੀਂ ਤਹਿ ਜਦੋਂ ਉੱਘੜ ਕੇ ਅਚਾਨਕ ਸਾਹਮਣੇ ਆ ਜਾਂਦੀ, ਤਾਂ ਮੈਂ ਹੈਰਾਨ, ਅਚੰਭੇ ਨਾਲ ਭਰੀ ਹੋਈ, ਚਮਤਕਾਰ ਨਾਲ ਜਿਵੇਂ ਕੀਲੀ ਹੋਈ, ਠਗੀ ਜਿਹੀ ਉਹਦੇ ਸਾਹਮਣੇ ਖੜੋਤੀ ਰਹਿ ਜਾਂਦੀ ।

## ਤੇਰਾਂ

ਇਕ ਦਿਨ ਸਵੇਰੇ ਅਖ਼ਬਾਰ ਵਿਚ ਪੜ੍ਹਿਆ, ਮੋਹਨ ਰਾਕੇਸ਼ ਮਰ ਗਿਆ ਏ ।

ਬੜਾ ਅਫ਼ਸੋਸ ਹੋਇਆ । ਭਾਵੇਂ ਮੈਂ ਉਹਨੂੰ ਜਾਣਦੀ ਨਹੀਂ ਸਾਂ, ਪਰ ਉਹਦਾ ਲਿਖਿਆ ਬਹੁਤ ਕੁਝ ਪੜ੍ਹਿਆ ਹੋਇਆ ਸੀ । ਉਹਦੇ ਲਿਖੇ ਡਰਾਮੇ ਸਟੇਜ 'ਤੇ ਖੇਡੇ ਵੇਖੇ ਹੋਏ ਸਨ ।

ਤੇਰੀ ਉਸ ਦਿਨ ਸ਼ਾਮ ਦੀ ਡਿਊਟੀ ਸੀ, ਇਸ ਕਰ ਕੇ ਸਵੇਰੇ ਤੂੰ ਮੇਰੇ ਕੋਲ ਆਉਣਾ ਸੀ ।

ਤੂੰ ਆਇਆ, ਸਿਗਰੇਟ ਪੀਂਦਾ ਹੋਇਆ । "ਮੋਹਨ ਰਾਕੇਸ਼ ਮਰ ਗਿਆ ਏ", ਤੂੰ ਕਿਹਾ ।

"ਮੈਨੂੰ ਪਤਾ ਏ ।"

"ਮੇਰਾ ਤਾਂ ਬਹੁਤ ਦੋਸਤ ਸੀ । ਜਲੰਧਰ ਅਸੀਂ ਇਕੱਠੇ ਰਹਿੰਦੇ ਹੁੰਦੇ ਸਾਂ । ਨਾਲੋ ਨਾਲ ਘਰ ਸਨ ਸਾਡੇ । ਉਹਦੀ ਮਾਂ ਕਿਧਰੇ ਗਈ ਹੋਵੇ, ਤਾਂ ਮੇਰੀ ਮਾਂ ਉਹਨੂੰ ਰੋਟੀ ਖੁਆਂਦੀ ਸੀ । ਜੇ ਮੇਰੀ ਮਾਂ ਘਰ ਨਾ ਹੋਵੇ, ਤਾਂ ਮੈਂ ਰੋਟੀ ਖਾਣ, ਚਾਹ ਪੀਣ, ਉਹਦੇ ਘਰ ਚਲਾ ਜਾਂਦਾ ਹੁੰਦਾ ਸਾਂ ।"

ਤੂੰ ਗੱਲਾਂ ਕਰ ਰਿਹਾ ਸਾਏਂ, ਪਰ ਤੇਰੇ ਚਿਹਰੇ 'ਤੇ ਤਕਲੀਫ਼ ਦੀ ਕੋਈ ਲਕੀਰ ਨਹੀਂ ਸੀ । ਜੇ ਕੋਈ ਸੀ ਵੀ, ਤਾਂ ਸਿਗਰੇਟ ਦਾ ਧੂੰਆਂ ਉਹਨੂੰ ਕੱਜ ਰਿਹਾ ਸੀ ।

"ਬਸ, ਹੁਣ ਮੈਂ ਚਲਿਆਂ ਉਹਦੇ ਸਸਕਾਰ ਲਈ । ਉਸ ਤੋਂ ਮਗਰੋਂ ਏਥੇ ਆ ਜਾਵਾਂਗਾ । ਰੋਟੀ ਏਥੇ ਹੀ ਖਾਵਾਂਗਾ ।"

ਤੇ ਤੂੰ ਚਲਿਆ ਗਿਆ ।

ਪਰ ਤੂੰ ਰੋਟੀ ਲਈ ਵਾਪਸ ਨਹੀਂ ਆਇਆ ।

ਮੈਂ ਵੀ ਕੁਝ ਨਹੀਂ ਖਾਧਾ । ਉਡੀਕਦਿਆਂ ਉਡੀਕਦਿਆਂ ਭੁੱਖ ਹੀ ਮਰ ਜਾਂਦੀ ਏ । ਨਾਲੇ ਅੱਜ ਤਾਂ ਇਕ ਸਾਹਿਤਕਾਰ ਮਰ ਗਿਆ ਸੀ ਜਿਹੜਾ ਤੇਰਾ ਅਜ਼ੀਜ਼ ਦੋਸਤ ਸੀ ।

ਸ਼ਾਮ ਵੇਲੇ ਵੀ ਤੂੰ ਨਹੀਂ ਆਇਆ ।

ਤਰਕਾਲਾਂ ਵੇਲੇ — ਦਫ਼ਤਰੋਂ ਫ਼ੋਨ ਆਇਆ ਤੇਰਾ । ਤੂੰ ਕੰਮ ਕਰ ਰਿਹਾ ਸਾਏਂ । ਮੋਹਨ ਰਾਕੇਸ ਦੇ ਸਸਕਾਰ ਦੀ ਸਟੋਰੀ ਬਣਾ ਰਿਹਾ ਸਾਏਂ ।

"ਮੈਂ ਐਡੀਟਰ ਨੂੰ ਕਹਿ ਦਿਤਾ ਏ, ਇਹਦੇ ਬਾਰੇ ਜੋ ਵੀ ਮੈਂ ਲਿਖਾਂਗਾ, ਉਹ ਉਸੇ ਤਰ੍ਹਾਂ ਜਾਵੇਗਾ। ਪੂਰੀ ਡੀਟੇਲਡ ਸਟੋਰੀ ਬਣਾ ਰਿਹਾਂ।"

ਮੈਨੂੰ ਪਤਾ ਸੀ, ਤੂੰ ਉਸ ਰਾਤ ਮੇਰੇ ਕੋਲ ਨਹੀਂ ਆਏਂਗਾ, ਸਿੱਧਾ ਘਰ ਜਾਏਂਗਾ। ਜੇ ਤੂੰ ਮੇਰੇ ਕੋਲ ਆਉਣਾ ਹੁੰਦਾ, ਫ਼ੋਨ ਨਾ ਕਰਦਾ। ਅਗੇ ਵੀ ਜਦੋਂ ਤੂੰ ਸਿੱਧਾ ਘਰ ਚਲੇ ਜਾਣਾ ਹੋਵੇ, ਤੂੰ ਮੈਨੂੰ ਫ਼ੋਨ ਕਰ ਦੇਂਦਾ ਹੁੰਦਾ ਸਾਏਂ। ਕਹਿੰਦਾ ਨਹੀਂ ਸਾਏਂ, ਕਿ ਮੈਂ ਨਹੀਂ ਆ ਰਿਹਾ।

ਮੈਂ ਸਮਝ ਜਾਂਦੀ ਸਾਂ।

ਰਾਤੀਂ ਪਤਾ ਨਹੀਂ ਕੀ ਹੋਇਆ, ਬੇਇੰਤਿਹਾ ਉਦਾਸੀ ਮੇਰੇ ਅੰਦਰ ਭਰ ਗਈ।

ਤੇਰੇ 'ਤੇ ਬਹੁਤ ਗੁੱਸਾ ਆਇਆ।

ਜੇ ਮੈਨੂੰ ਇਸ ਤਰ੍ਹਾਂ ਇਕੱਲਿਆਂ ਕਰ ਦੇਣਾ ਸੀ, ਤਾਂ ਸ਼ੀਨਾ ਦਾ ਵਿਆਹ ਕਰਨ ਲਈ ਕਿਉਂ ਕਿਹਾ? ਮਾਂ ਨੂੰ ਭੇਜਣ ਲਈ ਕਿਉਂ ਕਿਹਾ?

ਮਨ ਵਿਚ ਮੈਂ ਤੇਰੇ ਨਾਲ ਲੜ ਰਹੀ ਸਾਂ। ਬਿਲਕੁਲ ਇਸ ਤਰ੍ਹਾਂ, ਜਿਵੇਂ ਤੂੰ ਮੇਰੇ ਕੋਲ ਬੈਠਾ ਹੋਵੇਂ। ਤੇ ਹੁਬਕ ਹੁਬਕ ਕੇ ਰੋ ਰਹੀ ਸਾਂ। ਤੇਰੇ ਸਾਹਮਣੇ ਨਹੀਂ ਸਾਂ ਰੋ ਸਕਦੀ। ਪਰ ਐਸ ਵੇਲੇ ਲਗ ਰਿਹਾ ਸੀ, ਤੂੰ ਮੇਰੇ ਕੋਲ ਬੈਠਾ ਏਂ, ਤੇ ਮੈਂ ਰੋ ਰਹੀ ਸਾਂ।

ਇਕ ਵਾਰੀ ਤੂੰ ਕਿਹਾ ਸੀ, 'ਮੈਨੂੰ ਰੋਣ ਵਾਲੀਆਂ ਔਰਤਾਂ ਚੰਗੀਆਂ ਨਹੀਂ ਲਗਦੀਆਂ। ਗੱਲੇ ਗੱਲੇ ਰੋਂਦੀਆਂ ਨੇ। ਜਿਵੇਂ ਮੇਰੀ ਮਾਂ। ਬਈ, ਅੱਥਰੂ ਤਾਂ ਕਦੇ ਕਦਾਈਂ ਡਿੱਗਣ ਵਾਲੀ ਚੀਜ਼ ਏ। ਮਜ਼ਾ ਹੀ ਤਦੇ ਐ ਕਿ ਕਦੇਕਦਾਈਂ ਡਿਗੇ, ਤੇ ਜਦੋਂ ਵੀ ਡਿਗੇ, ਜਿਹੜਾ ਤੁਹਾਨੂੰ ਪਿਆਰ ਕਰਦਾ ਹੋਵੇ, ਉਹਦੀ ਜਾਨ ਨਿਕਲ ਜਾਵੇ।'

ਸਵੇਰੇ ਤੂੰ ਆਇਆ। ਸਿਗਰੇਟ ਪੀਂਦਾ ਹੋਇਆ। ਮੁਸਕਰਾਂਦਾ ਹੋਇਆ।

ਮੈਂ ਤੇਰੀ ਛਾਤੀ 'ਤੇ ਸਿਰ ਰਖ ਦਿਤਾ।

ਮੇਰਾ ਸਾਰਾ ਜਿਸਮ ਜਿਵੇਂ ਪੇਂਜੇ ਦੀ ਰੂੰ ਵਾਂਗੂੰ ਪਿੰਜਿਆ ਜਾ ਰਿਹਾ ਸੀ। ਹੁਬਕਾਂ ਨਾਲ ਸਾਹ ਨਹੀਂ ਸੀ ਨਿਕਲ ਰਿਹਾ।

ਮੈਨੂੰ ਤੇਰੀ ਛਾਤੀ 'ਤੇ ਸਿਰ ਰਖਦਿਆਂ ਹੀ ਅਹਿਸਾਸ ਹੋਇਆ ਕਿ ਤੈਨੂੰ ਗੁੱਸਾ ਆ ਰਿਹਾ ਸੀ।

ਮੈਂ ਡਰ ਗਈ।

ਤੇਰੀ ਛਾਤੀ ਤੋਂ ਸਿਰ ਚੁੱਕ ਕੇ ਅੱਖਾਂ ਪੂੰਝ ਲਈਆਂ। ਗੁਸਲਖ਼ਾਨੇ ਵਿਚ ਜਾ ਕੇ ਆਪਣੇ ਆਪ ਨੂੰ ਸੰਭਾਲਿਆ। ਠੰਢੇ ਪਾਣੀ ਨਾਲ ਮੂੰਹ ਧੋਤਾ।

ਬਾਹਰ ਆਈ, ਤਾਂ ਤੂੰ ਸਿਗਰੇਟ ਦੇ ਧੂੰਏਂ ਨੂੰ ਘੂਰ ਰਿਹਾ ਸਾਏਂ।

ਤੇਰੀਆਂ ਪਲਕਾਂ 'ਤੇ ਉਹੀ ਸ਼ਿਕਨ ਕੰਬ ਰਹੀ ਸੀ।

ਬਹੁਤ ਦੇਰ ਤੂੰ ਚੁੱਪ ਰਿਹਾ। ਮੈਂ ਵੀ ਚੁੱਪ ਰਹੀ ਸੀ।

ਇਕ ਟੈਨਸ਼ਨ ਕਮਰੇ ਦੀਆਂ ਕੰਧਾਂ ਵਿਚਕਾਰ ਬਿਜਲੀ ਦੀਆਂ ਨੰਗੀਆਂ ਤਾਰਾਂ ਵਾਂਗੂ ਕੰਬ ਰਹੀ ਸੀ।



ਵਕਤ ਗੁਜ਼ਰ ਨਹੀਂ ਸੀ ਰਿਹਾ। ਸਾਹ ਰੋਕ ਕੇ ਖੜ੍ਹੋ ਗਿਆ ਸੀ।

ਵਕਤ ਵੀ ਅਜੀਬ ਚੀਜ਼ ਏ। ਕਦੇ ਕੋਈ ਇਹਦੇ ਵਿਚੋਂ ਖ਼ਾਮੋਸ਼ ਗੁਜ਼ਰ ਜਾਂਦਾ ਏ। ਕਦੇ ਹੜ੍ਹਾਂ ਵਿਚ ਘਿਰੀ ਇਕੱਲੀ ਕਿਸ਼ਤੀ ਵਾਂਗੂੰ ਇਹਦੇ ਵਿਚ ਘਿਰ ਜਾਂਦਾ ਏ। ਕਦੇ ਇਹ ਵਕਤ ਛਾਤੀ 'ਤੇ ਪੈਰ ਰਖਦਾ ਹੋਇਆ ਗੁਜ਼ਰਦਾ ਏ। 'ਤੇ ਕਦੇ ਛਾਤੀ ਤੇ ਚੜ੍ਹ ਕੇ ਖੜੋ ਜਾਂਦਾ ਏ, ਗੁਜ਼ਰਦਾ ਈ ਨਹੀਂ।

"ਮੈਨੂੰ ਨਹੀਂ ਪਤਾ ਲਗਦਾ, ਇਸ ਆਊਟਬਰਸਟ ਦੀ ਵਜ੍ਹਾ ਕੀ ਏ," ਬਹੁਤ ਦੇਰ ਮਗਰੋਂ, ਬਹੁਤ ਨਾਰਾਜ਼ ਹੋ ਕੇ ਤੂੰ ਕਿਹਾ।

ਪਤਾ ਨਹੀਂ ਫੇਰ ਇਕ ਘੰਟਾ ਗੁਜ਼ਰ ਗਿਆ, ਜਾਂ ਅੱਧਾ ਘੰਟਾ, ਜਾਂ ਦੋ ਘੰਟੇ, ਵਕਤ ਦਾ ਅਹਿਸਾਸ ਕੋਈ ਨਹੀਂ ਸੀ ਮੈਨੂੰ।

ਸਿਰਫ਼ ਕੰਨਾਂ ਵਿਚ ਤੇ ਸਿਰ ਵਿਚ ਬੇਸ਼ੁਮਾਰ ਸ਼ਾਂ ਸ਼ਾਂ ਦਾ ਸ਼ੋਰ ਸੀ, ਬਸ।

ਫੇਰ ਤੂੰ ਘੜੀ ਵੇਖੀ, "ਅੱਛਾ! ਮੇਰੇ ਦਫ਼ਤਰ ਦਾ ਵਕਤ ਹੋ ਰਿਹਾ ਏ। ਜਾਨਾ ਵਾਂ।" ਤੇ ਤੂੰ ਤੁਰ ਗਿਆ।

ਮੈਂ ਕੁਝ ਨਹੀਂ ਸੀ ਬੋਲੀ।

ਪਰ ਤੇਰੀ ਪਿੱਠ ਨੂੰ ਵੇਖ ਕੇ ਜਦੋਂ ਮੇਰੀ ਸਾਰੀ ਰੂਹ ਚੀਖ਼ ਚੀਖ਼ ਕੇ ਕਹਿ ਰਹੀ ਸੀ, 'ਨਾ ਜਾਹ। ਨਾ ਜਾਹ ਪਲੀਜ਼! ਏਸ ਤਰ੍ਹਾਂ ਨਾ ਜਾਹ। ਅਜੇ ਨਾ ਜਾਹ! ਇਕ ਵਾਰੀ ਮੈਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲੈ। ਇਹ ਸਾਰੇ ਅੱਥਰੂ ਜਿਹੜੇ ਜੰਮ ਗਏ ਨੇ, ਇਹਨਾਂ ਨੂੰ ਪਿਘਲ ਜਾਣ ਦੇਹ। ਨਾ ਜਾਹ।'

ਸੱਚ ਆਖ, ਕੀ ਉਹ ਆਵਾਜ਼ ਤੈਨੂੰ ਸੁਣਾਈ ਨਹੀਂ ਦਿਤੀ?

ਦੋ ਦਿਨਾਂ ਮਗਰੋਂ, ਜਾਂ ਸ਼ਾਇਦ ਚਹੁੰ ਦਿਨਾਂ ਮਗਰੋਂ ਜਦੋਂ ਫੇਰ ਮੋਹਨ ਰਾਕੇਸ਼ ਦੇ ਸਸਕਾਰ ਦਾ ਜ਼ਿਕਰ ਹੋਇਆ, 'ਤਾਂ ਮੈਂ ਕਿਹਾ, "ਉਸ ਤੋਂ ਮਗਰੋਂ ਤਾਂ ਤੂੰ ਮੇਰੇ ਵਲ ਆਉਣਾ ਸੀ। ਏਥੇ ਰੋਟੀ ਖਾਣੀ ਸੀ। ਭੁੱਲ ਗਿਆ ਸੀ?"

ਤੂੰ ਕਿਹਾ, "ਭੁੱਲਿਆ ਤਾਂ ਨਹੀਂ ਸੀ, ਪਰ ਉਥੇ ਸਸਕਾਰ ਵੇਲੇ ਮੈਨੂੰ ਯਾਦ ਆਇਆ ਕਿ ਉਸ ਦਿਨ ਫੁਟਬਾਲ ਦਾ ਮੈਚ ਹੋ ਰਿਹਾ ਸੀ। ਸੋ, ਸਸਕਾਰ ਤੋਂ ਮਗਰੋਂ ਮੈਂ ਫੁਟਬਾਲ ਦਾ ਮੈਚ ਵੇਖਣ ਚਲਾ ਗਿਆ। ਫੇਰ ਦਫ਼ਤਰ ਚਲਾ ਗਿਆ ਉਥੋਂ।"

ਮੈਂ ਹੱਕੀ ਬੱਕੀ ਤੇਰੇ ਮੂੰਹ ਵਲ ਵੇਖ ਰਹੀ ਸਾਂ। ਤੇਰੀ ਸ਼ਖ਼ਸੀਅਤ ਦੀ ਇਹ ਕਿਹੋ ਜਿਹੀ ਕੰਟ੍ਰਾਡਿਕਸ਼ਨ ਸੀ! ਇਹਦਾ ਮੈਨੂੰ ਅਜੇ ਤਕ ਪਤਾ ਨਹੀਂ ਸੀ।

## ਚੌਦਾਂ

ਫੇਰ ਇਸ ਗੱਲ ਦਾ ਦਰਦ ਆਹਿਸਤਾ ਆਹਿਸਤਾ, ਤੁਪਕਾ ਤੁਪਕਾ ਕਰ ਕੇ ਰਿਸ ਗਿਆ। ਸਿਰਫ਼ ਏਨਾ ਯਾਦ ਰਹਿ ਗਿਆ ਕਿ ਤੈਨੂੰ ਫੁਟਬਾਲ ਦੇ ਮੈਚ ਵੇਖਣ ਦਾ ਸ਼ਾਇਦ ਬੇਹੱਦ ਸ਼ੌਕ ਸੀ।

''ਨਹੀਂ, ਸਾਰੇ ਈ ਮੈਚ । ਖ਼ਾਸ ਕਰ ਕੇ ਹਾਕੀ । ਹਾਕੀ ਇਜ਼ ਮਾਈ ਫ਼ਸਟ ਲਵ ।''

ਅਵਿਨਾਸ਼ ! ਜਿਸ ਨੂੰ ਮੈਂ ਸਵਾ ਦੋ ਵਰ੍ਹਿਆਂ ਤੋਂ ਜਾਣਦੀ ਸਾਂ, ਉਸ ਨੇ ਤਾਂ ਅੱਜ ਤਕ ਇਸ ਅਵਿਨਾਸ਼ ਨਾਲ ਮੇਰੀ ਮੁਲਾਕਾਤ ਨਹੀਂ ਸੀ ਕਰਵਾਈ, ਜਿਸ ਦਾ ਪਹਿਲਾ ਇਸ਼ਕ ਹਾਕੀ ਸੀ ।

ਇਸ ਅਵਿਨਾਸ਼ ਨੂੰ ਤਾਂ ਮੈਂ ਅੱਜ ਪਹਿਲੀ ਵਾਰੀ ਮਿਲ ਰਹੀ ਸਾਂ । ਹੁਣੇ ਹੀ ।

ਹੁਣ ਇਸ ਨੂੰ ਵੀ ਜਾਨਣਾ ਹੋਵੇਗਾ । ਇਸ ਦੀ ਦੋਸਤੀ ਨੂੰ ਵੀ ਹੁਣ ਜਿੱਤਣਾ ਹੋਵੇਗਾ । ਉਸੇ ਤਰ੍ਹਾਂ ਜਿਵੇਂ ਚੱਪਾ ਚੱਪਾ ਕਰ ਕੇ ਕੋਈ ਬਾਦਸ਼ਾਹ ਨਵੀਂ ਧਰਤੀ ਜਿੱਤਦਾ ਏ । ਸਿਆੜ ਸਿਆੜ ਕਰ ਕੇ ਜਿਸ ਤਰ੍ਹਾਂ ਕਿਸਾਨ ਧਰਤੀ 'ਤੇ ਹਲ ਵਾਹੁੰਦਾ ਏ । ਇੱਟ ਇੱਟ ਜੋੜ ਕੇ ਜਿਵੇਂ ਕੋਈ ਘਰ ਬਣਾਂਦਾ ਏ । ਮਿਹਨਤ ਕਰ ਕੇ । ਮੁਸ਼ੱਕਤ ਕਰ ਕੇ ।

ਹਰ ਮੁਹੱਬਤ ਕਰਨ ਵਾਲਾ ਮਨੁੱਖ ਮਜ਼ਦੂਰ ਜੁ ਹੋਇਆ । ਪੋਹਰਿਆ ਪੋਹਰਿਆ ਕਰ ਕੇ ਕਿਰਤ ਕਰਨ ਵਾਲਾ, ਸੱਜਰੀ ਕਮਾ ਕੇ ਖਾਣ ਵਾਲਾ ।

ਬਹੁਤ ਸਾਰੇ ਬੇਰੰਗ ਦਿਨ ਗੁਜ਼ਰ ਗਏ ।

ਇਹ ਉਹ ਜਿਹੇ ਦਿਨ ਹੁੰਦੇ, ਜਿਨ੍ਹਾਂ ਨੂੰ ਮਗਰੋਂ ਯਾਦ ਕੀਤਿਆਂ ਉਹਨਾਂ ਬਾਰੇ ਕੁਝ ਵੀ ਯਾਦ ਨਾ ਆਉਂਦਾ । ਬਸ ਜਿਵੇਂ ਵੱਡੀ ਸਾਰੀ ਕਹੀ ਨਾਲ ਕਿਸੇ ਨੇ ਵਕਤ ਦੀ ਬੇਕਿਨਾਰ ਭੂਰੀ ਜ਼ਮੀਨ ਵਿਚੋਂ ਇਕ ਵਡਾ ਖਰੇਪੜ ਪੁੱਟ ਕੇ ਪਰਲੇ ਮਿੱਟੀ ਦੇ ਢੇਰ ਵਿਚ ਸੁੱਟ ਦਿਤਾ ਹੋਵੇ ।

ਬੇਰੰਗ ਜ਼ਿੰਦਗੀ ਦਾ ਇਕ ਵਡਾ ਟੁਕੜਾ ਪੁੱਟਿਆ ਜਾ ਕੇ, ਵਕਤ ਦੇ ਬੇਰੰਗ ਢੇਰ 'ਤੇ ਸੁੱਟਿਆ ਜਾ ਰਿਹਾ ।

ਹਾਕੀ ਦਾ ਮੈਚ ਸੀ ਉਸ ਦਿਨ ।

ਤੂੰ ਕਿਹਾ, ''ਮੇਰੀ ਤਾਂ ਜ਼ਿੰਦਗੀ ਬੇਕਾਰ ਹੋ ਗਈ ਏ । ਅਗੇ ਕਿਧਰੇ ਦਿੱਲੀ ਦੇ ਨੇੜੇ ਤੇੜੇ ਵੀ ਮੈਚ ਹੋਵੇ, ਮੈਂ ਸੱਭ ਕੰਮ ਛਡ ਕੇ ਪਹੁੰਚ ਜਾਂਦਾ ਸਾਂ । ਹੁਣ ਵੇਖੋ, ਦਿੱਲੀ ਵਿਚ ਹੋ ਰਿਹਾ ਏ ਮੈਚ, ਤੇ ਮੈਂ ਕਲ੍ਹ ਗਿਆ ਈ ਨਹੀਂ ।''

ਤੂੰ ਬੜੀ ਸੈਲਫ਼-ਪਿਟੀ ਨਾਲ ਸਿਗਰੇਟ ਦੇ ਧੂੰਏਂ ਨੂੰ ਪਲ ਕੁ ਅੱਧ-ਮੀਟੀਆਂ ਅੱਖਾਂ ਨਾਲ ਤਕਦਾ ਰਿਹਾ । ਫੇਰ ਫ਼ੈਸਲਾਕੁਨ ਆਵਾਜ਼ ਵਿਚ ਕਿਹਾ, ''ਅੱਜ ਜ਼ਰੂਰ ਜਾਵਾਂਗਾ ।''

ਤੇਰੀ ਆਵਾਜ਼ ਵਿਚ ਥੋੜੀ ਜਿਹੀ ਬਗ਼ਾਵਤ ਦੀ ਖਣਕ ਸੀ । ਮੈਂ ਕਿਹਾ, ''ਮੈਨੂੰ ਵੀ ਲੈ ਚਲ । ਮੈਂ ਵੀ ਵੇਖਾਂਗੀ ਮੈਚ, ਤੇਰੇ ਨਾਲ ।''

''ਪਰ ਤੈਨੂੰ ਤਾਂ ਹਾਕੀ ਹੂਕੀ ਦਾ ਸ਼ੌਕ ਹੀ ਨਹੀਂ ।''

''ਨਹੀਂ, ਹੁਣ ਸ਼ੌਕ ਪੈਦਾ ਕਰ ਰਹੀ ਹਾਂ,'' ਮੈਂ ਮੁਸਕਰਾਈ !

''ਪਰ ਤੈਨੂੰ ਤਾਂ ਸਮਝ ਹੀ ਨਹੀਂ ਆਏਗੀ ਮੈਚ ਦੀ,'' ਤੇਰੀ ਆਵਾਜ਼ ਵਿਚ ਰਤਾ ਕੁ ਖਿੱਝ ਸੀ ।

''ਤੇਰੇ ਨਾਲ ਬੈਠਾਂਗੀ, ਤਾਂ ਹੌਲੀ ਹੌਲੀ ਸਭ ਸਿੱਖ ਲਵਾਂਗੀ ।''



ਤੇਰੀ ਖਿੱਝ ਵੇਖ ਕੇ ਮੈਂ ਡਰ ਗਈ ਸਾਂ, ਏਸੇ ਕਰ ਕੇ ਮੇਰੀ ਆਵਾਜ਼ ਵਿਚ ਹਲਕਾ ਜਿਹਾ ਤਰਲਾ ਰਲ ਗਿਆ ਸੀ ।

ਤੂੰ ਚੁੱਪ ਹੋ ਗਿਆ ।

ਸਿਗਰੇਟ ਦੇ ਧੂੰਏਂ ਨੂੰ ਘੂਰਦਾ ਰਿਹਾ ।

ਤੇਰੀਆਂ ਪਲਕਾਂ ਉਤੇ ਓਹੀ ਸਿਕਨ ਕੰਬ ਰਹੀ ਸੀ ।

ਮੈਂ ਸਹਿਮੀ ਹੋਈ ਤੇਰੇ ਚਿਹਰੇ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਸਾਂ । ਤੇਰੇ ਵਲ ਤੱਕ ਨਹੀਂ ਸਾਂ ਰਹੀ ।

ਤੂੰ ਨਿੱਕੇ ਮੋਟੇ ਕੰਮ ਕਰਦਾ ਰਿਹਾ । ਨਾਲ ਨਾਲ ਖਿਝਦਾ ਰਿਹਾ, ਬਰਾਬਰ ।

ਤੇਰੀ ਟੈਨਸ਼ਨ ਰਿਸ ਰਿਸ ਕੇ ਮੇਰੇ ਅੰਦਰ ਦਾਖ਼ਲ ਹੋ ਜਾਇਆ ਕਰਦੀ ਸੀ । ਉਸ ਵੇਲੇ ਵੀ ਹੋ ਰਹੀ ਸੀ ।

ਗਿਆਰਾਂ ਵਜ ਗਏ ।

ਮੈਂ ਜਿਵੇਂ ਬਚਦਿਆਂ ਬਚਦਿਆਂ ਕਿਹਾ, ''ਮੈਚ ਦਾ ਵਕਤ ਨਹੀਂ ਹੋ ਗਿਆ ?''

ਤੂੰ ਕਿਹਾ, ''ਨਹੀਂ, ਮੈਂ ਸੋਚਿਆ ਏ ਨਾ ਈ ਜਾਵਾਂ ।''

''ਪਰ ਕਿਉਂ ? ਮੇਰੇ ਨਾਲ ਹੁੰਦਿਆਂ ਤੈਨੂੰ ਸ਼ਰਮ ਆਵੇਗੀ ? ਇਹ ਕਹਿਣਗੇ ਲੋਕ ਕਿ ਆਪਣੇ ਨਾਲੋਂ ਉਮਰ ਵਿਚ ਦੋ ਵਰ੍ਹੇ ਵਡੀ ਤੀਵੀਂ ਨੂੰ ਲੈ ਕੇ ਕਿਧਰ ਸੈਰ ਕਰਵਾ ਰਿਹਾ ਏ ?''

ਮੈਨੂੰ ਗੁੱਸਾ ਆ ਗਿਆ ।

ਤੂੰ ਚੁੱਪ ਰਿਹਾ ।

ਕਾਫ਼ੀ ਚਿਰ ਮਗਰੋਂ ਤੂੰ ਕਿਹਾ, ''ਤੂੰ ਨਹੀਂ ਸਮਝੇਂਗੀ, ਸੋ ਚਲ ।''

''ਕੀ ਨਹੀਂ ਸਮਝਾਂਗੀ ?''

''ਨਹੀਂ, ਚਲ ਤੂੰ । ਉਠ ਤੁਰ ।'' ਤੇਰਾ ਚਿਹਰਾ ਨਾਰਾਜ਼ਗੀ ਨੂੰ ਜਜ਼ਬ ਨਹੀਂ ਸੀ ਕਰ ਸਕਦਾ । ਹੜ੍ਹ ਦੇ ਪਾਣੀ ਵਾਂਗੂੰ ਕਿਨਾਰਿਆਂ ਤੋਂ ਬਾਹਰ ਉਛਾਲ ਦੇਂਦਾ ਸੀ ।

''ਕੀ ਨਹੀਂ ਸਮਝਾਂਗੀ ?'' ਇਕ ਜ਼ਿਦ ਮੇਰੇ ਸੰਘ ਨੂੰ ਫੜ ਕੇ ਬਹਿ ਗਈ ਸੀ ਜਿਵੇਂ ।

ਮੈਨੂੰ ਪਤਾ ਸੀ ਤੂੰ ਨਹੀਂ ਦਸੇਂਗਾ । ਜਦੋਂ ਵੀ ਮੈਂ ਛੋਟੀ ਜਿਹੀ ਜ਼ਿਦ ਵੀ ਕੀਤੀ, ਤੂੰ ਹਮੇਸ਼ਾ ਜਿਵੇਂ ਮੀਲਾਂ ਦੇ ਮੀਲ ਦੂਰ ਤੁਰ ਗਿਆ । ਕਿਸੇ ਜ਼ਿਦ ਅਗੇ ਹਾਰ ਜਾਣਾ, ਝੁਕ ਜਾਣਾ, ਝੁਕ ਕੇ ਉਸ ਜ਼ਿਦ ਦੀ ਲਾਜ ਰਖ ਲੈਣੀ, ਇਹ ਤੇਰੀ ਫ਼ਿਤਰਤ ਵਿਚ ਸ਼ਾਮਲ ਨਹੀਂ ਸੀ ।

ਨਾ ਤੂੰ ਕਦੇ ਮੇਰੀ ਜ਼ਿਦ ਦੀ ਲਾਜ ਰਖੀ ਸੀ ਨਾ ਗੁੱਸੇ ਦੀ, ਨਾ ਰੋਸੇ ਦੀ ਤੇ ਨਾ ਕਿਸੇ ਅੱਥਰੂ ਦੀ ।

ਇਕ ਔਰਤ ਦੇ ਜਿੰਨੇ ਵੀ ਨਿੱਕੇ ਮੋਟੇ ਹਥਿਆਰ ਹੁੰਦੇ ਨੇ, ਉਹ ਤੇਰੇ ਮਾਮਲੇ ਵਿਚ ਸਭ ਬੇਕਾਰ ਸਨ ।

ਇਸ ਕਰ ਕੇ ਮੈਨੂੰ ਪਤਾ ਸੀ, ਕਿ ਤੂੰ ਨਹੀਂ ਦਸੇਂਗਾ ।

ਪਰ ਮੇਰੀ ਉਮੀਦ ਦੇ ਬਿਲਕੁਲ ਉਲਟ, ਤੂੰ ਕਿਹਾ, ਚਾਹੇ ਕਾਫ਼ੀ ਕੌੜੀ ਹੋਈ ਖਿਝੀ

ਹੋਈ ਆਵਾਜ਼ ਵਿਚ ਹੀ ਤੂੰ ਕਿਹਾ, "ਉਥੇ ਪੂਰਾ ਗਰੁੱਪ ਹੁੰਦਾ ਏ ਸਾਡਾ। ਸੱਤਾਂ ਦੋਸਤਾਂ ਦਾ। ਕਦੇ ਅੱਠ ਵੀ ਹੋ ਜਾਂਦੇ ਨੇ। ਮੈਚ ਦੀਆਂ ਦੋਹਾਂ ਟੀਮਾਂ ਵਿਚੋਂ ਇਕ ਆਪਣੇ ਜੋਗੀ ਚੁਣ ਲੈਨੇ ਆਂ। ਫੇਰ ਜਿਹੜੀ ਵੀ ਵਧੀਆ ਚਾਲ ਉਹ ਟੀਮ ਚਲੇ, ਭੰਗੜੇ ਪਾਈਦੇ ਨੇ। ਰੌਲਾ, ਸੀਟੀਆਂ, ਹੂਟਿੰਗ, ਭੰਗੜੇ, ਟੱਪੇ। ਫਟਾ ਫਟ ਉਸੇ ਵੇਲੇ ਚਾਰ ਬੋਲ ਜੋੜ ਕੇ ਬਣਾਏ ਹੋਏ ਟੱਪੇ, ਤੇ ਰੌਲਾ। ਉਹਦੇ ਵਿਚ ਕਿਸੇ ਵੀ ਔਰਤ ਦੀ ਕੋਈ ਜਗ੍ਹਾ ਨਹੀਂ। ਹੋ ਈ ਨਹੀਂ ਸਕਦੀ। ਜੇ ਤੇਰੇ ਨਾਲ ਜਾਵਾਂਗਾ, ਤਾਂ ਉਸ ਜੁੰਡਲੀ ਵਿਚ ਨਹੀਂ ਬਹਿ ਸਕਦਾ ਮੈਂ। ਵਖਰਿਆਂ ਬਹਿਣਾ ਪਏਗਾ। ਤੇ ਉਹ ਪਰ੍ਹੇ ਮੇਰੇ ਬਾਰੇ ਟੱਪੇ ਜੋੜ ਜੋੜ ਕੇ ਗਾਉਣਗੇ। ਇਹਦੇ ਨਾਲੋਂ ਚੰਗਾ ਏ, ਨਾ ਹੀ ਜਾਵਾਂ ਮੈਂ।"

ਇਹ ਕਿਹੜਾ ਅਵਿਨਾਸ਼ ਸੀ? ਭੰਗੜੇ ਪਾਉਣ ਵਾਲਾ, ਮੈਚ ਵਿਚ ਸ਼ੋਰ ਪਾਉਣ ਵਾਲਾ, ਹੂਟਿੰਗ ਕਰਨ ਵਾਲਾ, ਰੌਲਾ ਮਚਾਉਣ ਵਾਲਾ, ਇਹਨੂੰ ਤਾਂ ਅਗੇ ਮੈਂ ਕਦੇ ਨਹੀਂ ਸੀ ਵੇਖਿਆ ਹੋਇਆ।

ਮੈਂ ਪਰੇਸ਼ਾਨ ਤੇਰੇ ਮੂੰਹ ਵਲ ਵੇਖ ਰਹੀ ਸਾਂ। ਤੇਰੇ ਇਸ ਨਵੇਂ ਰੂਪ ਵਲ। ਤੇ ਤਸੱਵਰ ਕਰ ਰਹੀ ਸਾਂ, ਉੱਚੀ ਉੱਚੀ ਸ਼ੋਰ ਪਾਂਦਾ ਤੇਰਾ ਚਿਹਰਾ, ਭੰਗੜੇ ਪਾ ਰਿਹਾ, ਗਾ ਰਿਹਾ, ਹੱਸ ਰਿਹਾ ਤੇਰਾ ਚਿਹਰਾ। ਮੈਚ ਦੀ ਪੂਰੀ ਟੈਨਸ਼ਨ ਨੂੰ ਤੇ ਸਪੀਡ ਨੂੰ ਆਪਣੇ ਵਿਚ ਜਜ਼ਬ ਕਰ ਕੇ ਆਵਾਜ਼ ਦੇ ਜ਼ੋਰ ਨਾਲ ਮੈਚ ਵਿਚ ਪੂਰਾ ਹਿੱਸਾ ਪਾ ਰਿਹਾ ਤੇਰਾ ਚਿਹਰਾ, ਸ਼ੋਰ ਮਚਾਂਦੀ, ਗਾਉਂਦੀ, ਹੁੱਲੜ ਕਰਦੀ ਇਕ ਢਾਣੀ ਦਾ ਇਕ ਹਿੱਸਾ ਤੇਰਾ ਚਿਹਰਾ।

ਮੈਂ ਮਨ ਦੀ ਪੂਰੀ ਤਾਕਤ ਨਾਲ ਆਪਣੇ ਆਪ ਨੂੰ ਉਸ ਹੈਰਾਨੀ ਨਾਲੋਂ ਤੋੜ ਕੇ ਵਖਰਿਆਂ ਕੀਤਾ।

ਬੜੀ ਮਿਹਨਤ ਨਾਲ ਚਿਹਰੇ 'ਤੇ ਛੋਟੀ ਜਿਹੀ ਹਾਸੀ ਰਖੀ, "ਮੈਂ ਤੇ ਐਵੇਂ ਮਖੌਲ ਪਈ ਕਰਦੀ ਸਾਂ। ਤੂੰ ਸੱਚ ਮੰਨ ਲਿਆ? ਮੈਂ ਭਲਾ ਕੀ ਕਰਨਾ ਏ ਖੇਡਾਂ ਵਿਚ! ਉਤੋਂ ਧੁੱਪ ਏ। ਮੇਰੀ ਤੇ ਉਂਜ ਈ ਸਿਰ ਪੀੜ ਹੋ ਜਾਣੀ ਏ। ਮੈਂ ਘਰ ਆਰਾਮ ਨਾਲ ਇਹ ਕਹਾਣੀਆਂ ਪੜ੍ਹਾਂਗੀ। ਲਾਰੰਸ ਦੀਆਂ। ਤੂੰ ਜਾਹ।...

...ਵਾਪਸ ਕਿਸ ਵੇਲੇ ਆਵੇਂਗਾ?"

## ਪੰਦਰਾਂ

"ਕਹਾਣੀਆਂ ਪੜ੍ਹ ਲਈਆਂ ਲਾਰੰਸ ਦੀਆਂ?" ਤੂੰ ਮੁਸਕਰਾ ਕੇ ਪੁੱਛਿਆ।

"ਹਾਂ, ਕਹਾਣੀਆਂ ਵੀ ਸਨ, ਛੋਟੇ ਨਾਵਲੈੱਟ ਵੀ।"

"ਉਹੀ ਲੇਡੀ ਚੇਟਰਲੀ ਟਾਈਪ ਦੇ?" ਤੂੰ ਤਨਜ਼ ਨਾਲ ਮੁਸਕਰਾਇਆ।

"ਕਿਉਂ, ਅਵੀ, ਤੈਨੂੰ ਸੈੱਕਸ ਨਾਲ ਏਨੀ ਨਫ਼ਰਤ ਕਿਉਂ ਏ?"

"ਸੈੱਕਸ ਦੀ ਗੱਲ ਮਗਰੋਂ ਕਰਾਂਗੇ। ਪਹਿਲੋਂ ਲਾਰੰਸ ਦੀ ਗੱਲ ਕਰ।"

"ਲਾਰੰਸ ਬੱਸ ਕਮਾਲ ਏ। 'ਲੇਡੀ ਚੇਟਰਲੀਜ਼ ਲਵਰ' ਉਸ ਕਮਾਲ ਦਾ ਇਕ ਛੋਟਾ ਜਿਹਾ ਹਿੱਸਾ ਏ। ਪਰ ਇਹ ਜਿਹੜੇ ਨਾਵਲੈੱਟ ਸਨ, ਉਹਨਾਂ ਵਿਚੋਂ ਇਕ ਸੀ, 'ਦ ਮੈਨ ਹੂ ਡਾਈਡ'। ਇਹ ਕ੍ਰਾਈਸਟ ਦੀ ਕਹਾਣੀ ਸੀ। ਜਿਸ ਮੁਕਾਮ 'ਤੇ ਦੁਨੀਆਂ



ਲਈ ਉਹਦੀ ਕਹਾਣੀ ਖ਼ਤਮ ਹੁੰਦੀ ਏ, ਉਸੇ ਮੁਕਾਮ ਤੋਂ ਲਾਰੰਸ ਲਈ ਉਹਦੀ ਕਹਾਣੀ ਸ਼ੁਰੂ ਹੁੰਦੀ ਏ।"

"ਕਿਹੜਾ ਮੁਕਾਮ?"

"ਸੂਲੀ ਉਤੇ ਉਹਦੀ ਮੌਤ।"

"ਪਰ ਮੌਤ ਤੋਂ ਮਗਰੋਂ ਕੀ ਕਹਾਣੀ ਹੋਈ?"

"ਤੈਨੂੰ ਪਤਾ ਏ ਨਾ ਈਸਾਈਆਂ ਦੇ ਮਜ਼ਹਬ ਵਿਚ ਇਹ ਗੱਲ ਮੰਨੀ ਜਾਂਦੀ ਏ ਕਿ ਮੌਤ ਤੋਂ ਤੀਜੇ ਦਿਨ ਉਹ ਰੱਬ ਕੋਲ ਚਲਾ ਗਿਆ ਸੀ?"

"ਹਾਂ, ਦ ਹੋਲੀ ਘੋਸਟ।"

"ਲਾਰੰਸ ਉਹਨੂੰ ਰੱਬ ਕੋਲ ਨਹੀਂ ਜਾਣ ਦੇਂਦਾ। ਤੀਜੇ ਦਿਨ ਕਬਰ ਵਿਚੋਂ ਉਠਾ ਕੇ ਜ਼ਿੰਦਗੀ ਦੀ ਤਲਾਸ਼ ਸ਼ੁਰੂ ਕਰਵਾ ਦੇਂਦਾ ਏ।"

"ਕਿਥੇ?"

"ਏਥੇ ਈ, ਏਸੇ ਦੁਨੀਆਂ ਵਿਚ।"

ਤੂੰ ਗੰਭੀਰ ਹੋ ਗਿਆ ਸਾਏਂ। ਤੇਰੀਆਂ ਅੱਖਾਂ ਬਹੁਤ ਗਹਿਰੀਆਂ ਹੋ ਗਈਆਂ ਸਨ। ਗਹਿਰੀਆਂ ਤੇ ਪਿਘਲੀਆਂ ਹੋਈਆਂ। ਸੰਜੀਦਾ।

ਤੇਰੀਆਂ ਇਹਨਾਂ ਸੰਜੀਦਾ ਅੱਖਾਂ 'ਤੇ ਮੈਨੂੰ ਹਮੇਸ਼ਾ ਲਾਡ ਆਉਂਦਾ ਹੁੰਦਾ ਸੀ। ਮੈਂ ਉਠ ਕੇ ਆਹਿਸਤਾ ਜਿਹੇ ਤੇਰੀਆਂ ਪਲਕਾਂ ਚੁੰਮ ਲਈਆਂ।

ਤੂੰ ਪਲ ਕੁ ਅੱਖਾਂ ਬੰਦ ਕਰ ਕੇ ਖ਼ਾਮੋਸ਼ ਰਿਹਾ। ਫੇਰ ਤੂੰ ਮੇਰੇ ਦੁਆਲੇ ਬਾਂਹ ਵਲਾ ਕੇ ਆਪਣਾ ਸਿਰ ਮੇਰੀ ਛਾਤੀ 'ਤੇ ਰਖ ਦਿਤਾ। ਖ਼ਾਮੋਸ਼।

ਮੈਂ ਤੇਰੇ ਵਾਲਾਂ ਵਿਚ ਉਂਗਲਾਂ ਫੇਰੀਆਂ।

ਤੂੰ ਕਿਹਾ, "ਨਾ, ਫੇਰ ਮੈਨੂੰ ਨੀਂਦਰ ਆ ਜਾਏਗੀ।"

ਉਸੇ ਤਰ੍ਹਾਂ ਅਡੋਲ ਮੇਰੀ ਛਾਤੀ 'ਤੇ ਸਿਰ ਰਖਿਆਂ ਰਖਿਆਂ ਹੀ ਤੂੰ ਕਿਹਾ, "ਫੇਰ? ਫੇਰ ਕਿਸ ਤਰ੍ਹਾਂ ਤਲਾਸ਼ ਕੀਤੀ ਕਰਾਈਸਟ ਨੇ ਜ਼ਿੰਦਗੀ ਦੀ?"

"ਕਬਰ ਵਿਚੋਂ ਉਠਿਆ ਤਾਂ ਜ਼ਖ਼ਮੀ ਸੀ। ਬਹੁਤ ਕਮਜ਼ੋਰ ਸੀ। ਨਿਢਾਲ। ਹਨੇਰੇ ਵਿਚ ਲੁਕ ਛਿਪ ਕੇ ਬਾਹਰ ਆਇਆ। ਵਾੜ ਕੋਲ ਉਹਦੀ ਇਕ ਪੁਰਾਣੀ ਸ਼ਰਧਾਲੂ ਤੀਵੀਂ ਬਹਿ ਕੇ ਰੋ ਰਹੀ ਸੀ, ਉਹਦੀ ਮੌਤ ਲਈ। ਉਹਨੇ ਉਹਨੂੰ ਕਿਹਾ, "ਤੂੰ ਮੈਨੂੰ ਥੋੜ੍ਹੇ ਜਿਹੇ ਪੈਸੇ ਲਿਆ ਦੇਹ।"

"ਪੈਸੇ?"

"ਹਾਂ, ਸੋਨੇ ਦੀਆਂ ਮੁਹਰਾਂ। ਇਹ ਸ਼ੁਰੂਆਤ ਸੀ ਉਹਦੀ, ਸੁਪਨਿਆਂ ਦੀ ਦੁਨੀਆਂ ਵਿਚੋਂ ਵਾਪਸ ਪ੍ਰੈਕਟੀਕਲ ਦੁਨੀਆਂ ਵਿਚ ਪਰਤ ਆਉਣ ਦੀ।"

"ਫੇਰ?"

"ਅਗਲੀ ਰਾਤ ਜਦੋਂ ਉਹਨੂੰ ਪੈਸੇ ਮਿਲ ਗਏ, ਉਹ ਲੁਕਦਾ ਛੁਪਦਾ ਨਾਲ ਦੇ ਪਿੰਡ ਵਿਚ ਗਿਆ। ਉਥੇ ਇਕ ਗਰੀਬੜਾ ਜਿਹਾ ਕਿਸਾਨ ਸੀ, ਨਾਲ ਉਹਦੀ ਤੀਵੀਂ। ਨਿਕੇ ਜਿਹੇ ਘਰ ਵਿਚ ਰਹਿੰਦੇ ਸਨ। ਮਿਹਨਤ ਨਾਲ ਕਿਰਤ ਕਰ ਕੇ ਗੁਜ਼ਾਰਾ ਕਰਦੇ

ਸਨ। ਕ੍ਰਾਈਸਟ ਨੇ ਉਹਨਾਂ ਕੋਲੋਂ ਪਨਾਹ ਮੰਗੀ। ਪਹਿਲੋਂ ਤਾਂ ਉਹਨਾਂ ਨੇ ਉਂਜ ਈ ਦੁਖਿਆਰਾ ਯਾਤਰੂ ਜਾਣ ਕੇ ਅੰਦਰ ਕੋਠੜੀ ਵਿਚ ਮੰਜਾ ਡਾਹ ਦਿਤਾ। ਮਗਰੋਂ ਜਦੋਂ ਉਹਨਾਂ ਨੇ ਉਹਦੇ ਹੱਥਾਂ ਤੇ ਪੈਰਾਂ ਵਿਚ ਠੁਕੇ ਹੋਏ ਕਿੱਲਾਂ ਦੇ ਆਰ ਪਾਰ ਰਿਸਦੇ ਜ਼ਖ਼ਮ ਵੇਖੇ, ਤਾਂ ਉਹਨਾਂ ਦਾ ਮੱਥਾ ਠਣਕਿਆ ਕਿ ਕਿਤੇ ਇਹ ਉਹੀਓ ਈ ਨਾ ਹੋਵੇ। ਪਰ ਜਦੋਂ ਉਹ ਹਕੂਮਤ ਤੋਂ ਡਰਦੇ ਮਾਰੇ ਉਹਨੂੰ ਘਰੋਂ ਕੱਢਣ ਲਗੇ, ਤਾਂ ਉਹਨੇ ਉਹਨਾਂ ਨੂੰ ਉਹ ਮੋਹਰਾਂ ਦੇ ਦਿਤੀਆਂ।''

ਤੂੰ ਸਿਗਰੇਟ ਬਾਲ ਲਈ। ''ਫੇਰ?''

''ਉਸ ਕਿਸਾਨ ਨੇ ਇਕ ਕੁੱਕੜ ਪਾਲਿਆ ਹੋਇਆ ਸੀ। ਕੁੱਕੜ ਹੁਣ ਵਡਾ ਹੋ ਗਿਆ ਸੀ। ਉੱਡਣ ਲਈ ਕਾਹਲਾ। ਜ਼ਿੰਦਗੀ ਦੀ ਜੁਸਤਜੂ ਨਾਲ ਬਿਹਬਲ। ਬੇਹੱਦ ਹਸੀਨ ਉਹਦੀ ਕਲਗੀ, ਉਹਦੇ ਖੰਭ, ਉਹਦੇ ਤੁਰਨ ਦਾ ਅੰਦਾਜ਼। ਸਭ ਕੁਝ ਲਾਰੰਸ ਨੇ ਇਸ ਖ਼ੂਬੀ ਨਾਲ ਚਿਤਰਿਆ ਏ, ਕਿ ਬੱਸ ਕਮਾਲ ਏ।''

''ਫੇਰ?''

''ਉਹ ਕੁੱਕੜ ਜਦੋਂ ਬਾਂਗ ਦੇਂਦਾ ਏ, ਤਾਂ ਲਗਦਾ ਏ, ਆਪਣੀ ਆਵਾਜ਼ ਨਾਲ ਅੰਬਰ ਨੂੰ ਛੁਹ ਲਵੇਗਾ। ਉਹੀ ਆਵਾਜ਼ ਕ੍ਰਾਈਸਟ ਦੇ ਮਨ ਦੀ ਆਵਾਜ਼ ਬਣ ਜਾਂਦੀ ਏ। ਸਾਫ਼, ਬਲੌਰੀ, ਖਣਕਦੀ ਹੋਈ, ਉਤਾਂਹ ਉਠਦੀ ਹੋਈ, ਜ਼ਿੰਦਗੀ ਦਾ ਐਲਾਨ ਕਰਦੀ ਹੋਈ ਆਵਾਜ਼।''

ਤੈਨੂੰ ਮੈਂ ਬਹੁਤ ਚਿਰ ਮਗਰੋਂ ਏਨਾ ਨੇੜੇ ਮਹਿਸੂਸ ਕੀਤਾ ਸੀ। ਉਸ ਕੁੱਕੜ ਦੀ ਆਵਾਜ਼ ਨੂੰ ਅਸੀਂ ਇਕੱਠੇ ਸੁਣ ਰਹੇ ਸਾਂ।

''ਇਹ ਕੁੱਕੜ ਉੱਡਣ ਲਈ ਕਾਹਲਾ ਏ। ਕਿਧਰੇ ਭੱਜ ਹੀ ਨਾ ਜਾਵੇ,'' ਇਹ ਸੋਚ ਕੇ ਕਿਸਾਨ ਨੇ ਉਹਦੀ ਲੱਤ ਨੂੰ ਇਕ ਪਤਲੀ ਰੱਸੀ ਬੰਨ੍ਹ ਦਿਤੀ। ਉਸ ਰੱਸੀ ਦੇ ਘੇਰੇ ਵਿਚ ਉਹ ਘੁੰਮ ਸਕਦਾ ਏ, ਉਸ ਤੋਂ ਅਗਾਂਹ ਨਹੀਂ ਜਾ ਸਕਦਾ। ਬੰਨੇ 'ਤੇ ਵੀ ਨਹੀਂ ਬਹਿ ਸਕਦਾ।

''ਕੁੱਕੜ ਦੇ ਮਨ ਦੀ ਸਾਰੀ ਬਗ਼ਾਵਤ, ਸਾਰੀ ਕਾਹਲ, ਸਾਰੀ ਜੁਸਤਜੂ, ਸਾਰੀ ਛਟਪਟਾਹਟ, ਸਾਰਾ ਗੁੱਸਾ, ਵਿਦਰੋਹ, ਉਹਦੀ ਸਾਫ਼ ਚਮਕੀਲੀ ਤੇ ਤੇਜ਼ ਧਾਰ ਵਰਗੀ ਤਿੱਖੀ ਬਾਂਗ ਵਿਚ ਉੱਭਰਦਾ ਏ — ਉਤਾਂਹ, ਆਸਮਾਨ ਵਲ। ਲਾਰੰਸ ਨੇ ਗਜ਼ਬ ਕਰ-ਦਿਤਾ ਏ। ਏਨੇ ਸ਼ਫ਼ਾਫ਼ ਤੇ ਏਨੇ ਗਹਿਰੇ ਗਦਰਾਏ ਰੰਗਾਂ ਵਿਚ ਚਿਤਰਿਆ ਏ ਇਹਨੂੰ ਕਿ...।''

ਮੈਨੂੰ ਲਫ਼ਜ਼ ਨਹੀਂ ਲਭਦੇ।

ਜ਼ਮੀਨ ਤੋਂ ਆਸਮਾਨ ਤਕ ਦੇ ਫ਼ਾਸਲੇ ਨੂੰ ਤੇਜ਼ ਧਾਰ ਵਾਂਗੂੰ ਕੱਟਦੀ ਉਸ ਕੁੱਕੜ ਦੀ ਆਵਾਜ਼ ਸਾਡੇ ਚਾਰੇ ਪਾਸੇ ਫੈਲੀ ਹੋਈ ਏ। ਕਮਰੇ ਦੀ ਹਵਾ ਨੂੰ ਦੱਫਾੜ ਚੀਰਦੀ ਹੋਈ।

''ਇਕ ਦਿਨ ਉਹ ਰੱਸੀ ਤੁੜਾ ਕੇ ਬੰਨੇ 'ਤੇ ਜਾ ਬਹਿੰਦਾ ਏ। ਉਥੇ ਕਿਲਕਾਰੀ ਵਰਗੀ ਆਵਾਜ਼ ਵਿਚ ਇਕ ਵਾਰੀ ਉਚੀ ਹੋਕਰਾ ਮਾਰਦਾ ਏ, ਫੇਰ ਬਾਹਰ ਉੱਡ



ਜਾਂਦਾ ਏ। ਉਹ ਖਿਣ ਕ੍ਰਾਈਸਟ ਦੀ ਆਤਮਾ ਦੀ ਲਿਬਰੇਸ਼ਨ ਦਾ ਖਿਣ ਸੀ ਸ਼ਾਇਦ। ਮੁਕਤੀ ਦਾ।

''ਉਥੋਂ ਤੁਰ ਕੇ ਕ੍ਰਾਈਸਟ ਪਿੰਡੋ ਪਿੰਡ ਤੇ ਸ਼ਹਿਰੋ ਸ਼ਹਿਰ ਘੁੰਮਦਾ ਏ ਤੇ ਸੋਚਦਾ ਏ, ਜ਼ਿੰਦਗੀ ਕੇਡੀ ਖ਼ੂਬਸੂਰਤ ਏ। ਮੈਂ ਇਹਨੂੰ ਤਜ ਦੇਣ ਦਾ ਉਪਦੇਸ਼ ਕਿਉਂ ਦੇਂਦਾ ਰਿਹਾ? ਮੈਂ ਲੋਕਾਂ ਨੂੰ ਇਹਦੇ ਤੋਂ ਉਪਰਾਮਤਾ ਕਿਉਂ ਸਿਖਾਂਦਾ ਰਿਹਾ? ਜਿਥੇ ਵੀ ਕਿਧਰੇ ਕੋਈ ਉਹਨੂੰ ਉਹਦਾ ਨਾਂ ਲੈ ਕੇ, ਉਹਦੇ ਉਪਦੇਸ਼ਾਂ ਨੂੰ ਦੁਹਰਾਂਦਾ ਨਜ਼ਰ ਆਉਂਦਾ, ਉਹਦਾ ਜੀਅ ਕਰਦਾ, ਉਹ ਉਹਨੂੰ ਮੋਢਿਆਂ ਤੋਂ ਫੜ ਕੇ ਆਖੇ, ''ਨਹੀਂ, ਇਹ ਸਭ ਝੂਠ ਸੀ। ਮੈਂ ਓਦੋਂ ਗਲਤਫ਼ਹਿਮੀ ਵਿਚ ਸਾਂ। ਜ਼ਿੰਦਗੀ ਬੜੀ ਪਿਆਰੀ ਏ। ਇਹਨੂੰ ਆਖ਼ਰੀ ਬੂੰਦ ਤਕ ਪੀ ਜਾਵੋ।''

''ਫੇਰ ਉਹ ਤੁਰਦਾ, ਲੰਬੇ ਸਫ਼ਰ ਕਰਦਾ, ਇਕ ਜਜ਼ੀਰੇ 'ਤੇ ਜਾ ਪਹੁੰਚਿਆ, ਜਿਥੇ ਦੇਵੀ ਆਈਸਿਸ ਰਹਿੰਦੀ ਸੀ। ਕੁਆਰੀ ਆਈਸਿਸ। ਇਕ ਗਿਰਜਾ, ਤੇ ਉਸ ਗਿਰਜੇ ਦੀ ਮਾਲਕਣ ਤੇ ਦੇਵ-ਦਾਸੀ ਆਈਸਸ। ਕ੍ਰਾਈਸਟ ਨੇ ਉਹਦੇ ਨਾਲ ਮੁਹੱਬਤ ਕੀਤੀ। ਰੱਜ ਕੇ। ਤੇ ਜਦੋਂ ਉਹ ਪਹਿਲੀ ਵਾਰੀ ਉਸ ਗਿਰਜੇ ਵਿਚ ਮੋਮਬੱਤੀ ਦੀ ਕੰਬਦੀ ਲੋਅ ਵਿਚ ਆਈਸਿਸ ਨਾਲ ਸੁੱਤਾ, ਉਹਨੂੰ ਲਗਾ...।''

ਤੂੰ ਅਚਾਨਕ ਆਪਣੀ ਗਹਿਰਾਈ ਵਿਚੋਂ ਉਭਰ ਕੇ ਸਤਹ 'ਤੇ ਆ ਗਿਆ, ''ਤੇ ਤੇਰੀ ਆਵਾਜ਼ ਕਿਉਂ ਕੰਬ ਰਹੀ ਏ?'' ਤੂੰ ਮੁਸਕਰਾ ਕੇ ਮੈਨੂੰ ਬਾਹਵਾਂ ਵਿਚ ਲੈ ਲਿਆ।

ਮੈਂ ਜਿਵੇਂ ਚੋਰੀ ਕਰਦੀ ਫੜੀ ਗਈ ਹੋਵਾਂ।

ਕਿਧਰੇ ਮਨ ਵਿਚ ਇਹ ਤਾਂਘ ਜ਼ਰੂਰ ਜਾਗੀ ਸੀ, ਕਿ ਮੈਂ ਆਈਸਸ ਹੋਵਾਂ ਤੇ ਤੂੰ ਕ੍ਰਾਈਸਟ ਹੋਵੇਂ।

ਤੇ ਉਸ ਗਿਰਜੇ ਵਿਚ ਜਗਦੀ ਮੋਮਬੱਤੀ ਦੀ ਕੰਬਦੀ ਲਾਟ ਵਾਂਗੂੰ ਮੇਰੀ ਆਵਾਜ਼ ਕੰਬ ਗਈ ਸੀ।

ਮੈਂ ਤਿਲਮਿਲਾ ਗਈ ਸੀ।

ਗੁੱਸਾ ਆਇਆ ਤੇਰੇ 'ਤੇ, ਪਤਾ ਨਹੀਂ ਕਿਉਂ।

ਫੇਰ ਮੈਂ ਆਪਣੇ ਆਪ ਨੂੰ ਸੰਭਾਲਿਆ।

''ਨਹੀਂ, ਅਵੀ, ਮੇਰੀ ਆਵਾਜ਼ ਨਹੀਂ ਕੰਬ ਰਹੀ। ਵੇਖ।''

ਤੂੰ ਚੁੱਪ ਰਿਹਾ। ਹੋਰ ਸਿਗਰੇਟ ਬਾਲ ਲਈ। ਪਰ ਤੇਰੀਆਂ ਨਜ਼ਰਾਂ ਵਿਚ ਅਜੇ ਵੀ ਇਕ ਸ਼ੋਖ਼ ਮੁਸਕਰਾਹਟ ਤੈਰ ਰਹੀ ਸੀ।

''ਅਸਲ ਵਿਚ ਇਸ ਸਵਾਲ ਦਾ ਹੱਲ ਅਸੀਂ ਕਦੀ ਨਹੀਂ ਲੱਭ ਸਕਾਂਗੇ। ਮੈਨੂੰ ਇਹੀ ਲਗਦਾ ਏ। ਕਿਉਂਕਿ...ਤੂੰ ਸੈੱਕਸ ਨੂੰ ਨਫ਼ਰਤ ਕਰਦਾ ਏਂ। ਤੂੰ ਇਹਦੇ ਤੋਂ ਊਬ ਚੁੱਕਾ ਏਂ। ਜੇ ਕਦੇ ਤੂੰ ਮੇਰੇ ਨਾਲ ਸਵੇਂਗਾ ਵੀ, ਤਾਂ ਮੈਨੂੰ ਲਗਦਾ ਏ, ਮੈਨੂੰ ਵੀ ਨਫ਼ਰਤ ਕਰਨ ਲਗ ਪਵੇਂਗਾ। ਇਹ ਤੇਰਾ ਨਜ਼ਰੀਆ ਏ, ਤੇਰਾ ਕਿਨਾਰਾ। ਮੈਂ ਉਰਲੇ ਕਿਨਾਰੇ ਹਾਂ। ਮੈਂ ਸਮਝਦੀ ਹਾਂ, ਸੈੱਕਸ ਆਪਣੇ ਆਪ ਦੀ ਉੱਚੀ ਤੋਂ ਉੱਚੀ ਕਦਰ ਦੀ ਤਰਜਮਾਨੀ ਏ।''

ਮੈਨੂੰ ਲਗਾ, ਮੈਂ ਠੀਕ ਨਹੀਂ ਸੀ ਕਿਹਾ। ਜੋ ਕਹਿਣਾ ਚਾਹੀਦਾ ਸੀ, ਨਹੀਂ ਸੀ ਕਿਹਾ ਗਿਆ।

ਮੈਂ ਤੇਰੇ ਮੂੰਹ ਵਲ ਤੱਕਿਆ। ਸੁਆਲ ਪੁੱਛਦੀਆਂ ਨਜ਼ਰਾਂ ਨਾਲ।

ਸ਼ਾਇਦ ਤੈਨੂੰ ਮੇਰੀ ਗੱਲ ਦੀ ਸਮਝ ਨਹੀਂ ਲਗੀ ਸੀ।

''ਹਰ ਮਨੁੱਖ ਦੀ ਨਜ਼ਰ ਵਿਚ ਉਹਦੀ ਆਪਣੀ ਇਕ ਅਹਿਮੀਅਤ ਹੁੰਦੀ ਏ। ਜਿੱਡੀ ਵੱਡੀ ਅਹਿਮੀਅਤ ਹੋਵੇਗੀ, ਓਡਾ ਉੱਚਾ ਉਹਦਾ ਸੁਪਨਾ ਹੋਵੇਗਾ। ਆਪਣੇ ਸੁਪਨੇ ਦੇ ਹਾਣ ਦਾ ਉਹ ਸਾਥੀ ਲਭੇਗਾ। ਮੁਹੱਬਤ ਕਰੇਗਾ। ਉਹਦੇ ਨਾਲ ਜਦੋਂ ਉਹ ਸੰਵੇਗਾ, ਇਹ ਉਹਦੀਆਂ ਉਹਨਾਂ ਉਚੇਰੀਆਂ ਕਦਰਾਂ ਨੂੰ ਛੁਹ ਲੈਣ ਦਾ ਇਕ ਤਰੀਕਾ ਹੋਵੇਗਾ। ਇਹੀ ਮਨ ਦੀ ਮੁਕਤੀ ਏ।''

ਮੈਂ ਫੇਰ ਤੇਰੇ ਮੂੰਹ ਵਲ ਤੱਕਿਆ।

''ਕਦਰਾਂ ਕੁਦਰਾਂ ਕੀ ਹੋਣੀਆਂ ਨੇ ਯਾਰ ? ਮੈਂ ਤੇ ਅੰਦਰੋਂ ਬਿਲਕੁਲ ਖੋਖਲਾ ਵਾਂ।'' ਤੇ ਤੂੰ ਹਉਕਾ ਭਰਿਆ। ਆਪਣੇ ਆਪ 'ਤੇ ਤਰਸ ਖਾ ਕੇ ਸ਼ਾਇਦ।

''ਨਹੀਂ ਨਾ ਪੱਲੇ ਪੈ ਰਹੀ ਗੱਲ ? ਗੱਲ ਮਹਿਜ਼ ਏਨੀ ਏ, ਕਿ ਜਦੋਂ ਮੈਂ ਤੇਰੇ ਨਾਲ ਸੰਵਾਂਗੀ, ਤਾਂ ਮੈਂ ਤੈਨੂੰ ਰੇਅਰ ਆਨਰ ਦੇ ਰਹੀ ਹੋਵਾਂਗੀ। ਇਹਦਾ ਇਹ ਮਤਲਬ ਹੋਵੇਗਾ, ਕਿ ਮੈਂ ਤੈਨੂੰ ਆਪਣੇ ਮਨ ਦੀਆਂ ਉਚੇਰੀਆਂ ਕਦਰਾਂ ਦੇ ਹਾਣ ਦਾ ਮੰਨ ਲਿਆ ਏ। ਇਹ ਪਲ ਤੇਰੇ ਵਾਸਤੇ ਫ਼ਖ਼ਰ ਦਾ ਪਲ ਹੋਣਾ ਚਾਹੀਦਾ ਏ। ਖ਼ੂਬਸੂਰਤੀ ਨਾਲ ਭਰਿਆ ਹੋਇਆ। ਆਪਣੇ ਆਪ ਨਾਲੋਂ ਉਚਿਆਂ ਉਠ ਜਾਣ ਵਾਲਾ। ਪਰ ਮੈਨੂੰ ਲਗਦਾ ਏ ਤੂੰ ਫ਼ਖ਼ਰ ਨਹੀਂ ਕਰੇਂਗਾ। ਤੂੰ ਸ਼ਾਇਦ ਉਸ ਪਲ ਨੂੰ ਹਿਕਾਰਤ ਨਾਲ ਵੇਖੇਂਗਾ। ਉਸ ਵੇਲੇ ਨਹੀਂ, ਤਾਂ ਮਗਰੋਂ। ਮੈਨੂੰ ਉਹ ਬਰਦਾਸ਼ਤ ਨਹੀਂ ਹੋਵੇਗਾ। ਇਸ ਕਰ ਕੇ ਸ਼ਾਇਦ ਮੇਰੀ ਕਿਸਮਤ ਵਿਚ ਤੇਰੀ ਆਈਸਸ ਬਣਨਾ ਨਹੀਂ ਲਿਖਿਆ ਹੋਇਆ।''

ਅਜੀਬ ਗੱਲ ਏ, ਜਿਸ ਵੇਲੇ ਮੈਂ ਇਹ ਕਹਿ ਰਹੀ ਸਾਂ, ਮੇਰਾ ਦਿਲ ਕਰ ਰਿਹਾ ਸੀ, ਕੁਝ ਹੋ ਜਾਏ, ਕੁਝ ਅਜਿਹਾ ਕਿ ਤੂੰ ਮੈਨੂੰ ਗ਼ਲਤ ਸਾਬਤ ਕਰ ਦੇਵੇਂ।

ਤੂੰ ਕੁਝ ਆਖੇਂ।

ਮੈਂ ਗ਼ਲਤ ਹੋ ਜਾਣ ਲਈ ਸਹਿਕ ਰਹੀ ਸਾਂ।

ਤੂੰ ਖ਼ਾਮੋਸ਼ ਰਿਹਾ।

## ਸੋਲਾਂ

ਤੂੰ ਆਇਆ।

ਕੁਝ ਨਹੀਂ ਬੋਲਿਆ।

ਮੇਰੇ ਵਲ ਤੱਕਿਆ ਵੀ ਨਹੀਂ।

ਚੁਪਚਾਪ ਅਲਮਾਰੀ ਖੋਹਲ ਕੇ ਵਿਸਕੀ ਦੀ ਬੋਤਲ ਕਢੀ। ਰਸੋਈ ਵਿਚੋਂ ਗਲਾਸ ਲਿਆਂਦਾ। ਪਾਣੀ ਦੀ ਬੋਤਲ।



ਬੜਾ ਇਕਾਗਰ-ਚਿੱਤ ਹੋ ਕੇ ਤੂੰ ਵਿਸਕੀ ਵਿਚ ਪਾਣੀ ਮਿਲਾ ਰਿਹਾ ਸਾਏਂ।

ਮੈਂ ਤੇਰੇ ਮੂੰਹ ਵਲ ਤੱਕ ਰਹੀ ਸਾਂ।

ਤੇਰੀਆਂ ਪਲਕਾਂ 'ਤੇ ਇਕ ਸ਼ਿਕਨ ਕੰਬ ਰਹੀ ਸੀ।

ਤੂੰ ਏਨਾ ਟੈਂਨਸ ਸਾਏਂ, ਤੇ ਆਪਣੇ ਆਪ ਵਿਚ ਸਿਮਟਿਆ ਹੋਇਆ, ਕਿ ਉਸ ਘੜੀ ਮੇਰੀ ਹੋਂਦ ਨਾਲ ਤੇਰਾ ਕੋਈ ਵਾਸਤਾ ਨਹੀਂ ਸੀ ਰਹਿ ਗਿਆ ਜਿਵੇਂ।

ਮੈਂ ਸਹਿਮ ਗਈ ਸਾਂ।

''ਬਰਫ਼ ਹੈ ?'' ਪਹਿਲਾ ਗਲਾਸ ਖ਼ਤਮ ਕਰਕੇ ਤੂੰ ਕਿਹਾ।

''ਹਾਂ, ਹੈ !'' ਮੈਂ ਉਠ ਕੇ ਫ਼ਰਿਜ ਵਿਚੋਂ ਬਰਫ਼ ਕੱਢਣ ਲਗ ਪਈ। ਮੈਂ ਤੇਰੀ ਅਹਿਸਾਨਮੰਦ ਸਾਂ, ਕਿ ਉਸ ਤਣੀ ਹੋਈ ਖ਼ਾਮੋਸ਼ੀ ਵਿਚੋਂ ਤੂੰ ਮੈਨੂੰ ਉਬਾਰ ਲਿਆ ਸੀ।

ਬਰਫ਼ ਦੀ ਟਰੇਅ ਦੀ ਖਣਕ ਤੇ ਬਰਫ਼ ਦੇ ਟੁਕੜਿਆਂ ਦੀ ਟੁਣਕਾਰ ਬੜੀ ਸੁਖਾਵੀਂ ਲਗੀ।

ਦੂਜਾ ਗਲਾਸ ਤੂੰ ਨੀਟ ਪੀਤਾ, ਸਿਰਫ਼ ਬਰਫ਼ ਮਿਲਾ ਕੇ।

''ਆਨ ਦ ਰਾਕਸ'', ਮੈਂ ਮੁਸਕਰਾ ਕੇ ਕਿਹਾ। ਬੜੀ ਮਿਹਨਤ ਨਾਲ। ਤੂੰ ਕੁਝ ਨਹੀਂ ਬੋਲਿਆ।

ਮੇਰੇ ਆਪਣੇ ਲਫ਼ਜ਼ ਕਮਰੇ ਵਿਚ ਥੋੜ੍ਹੀ ਦੇਰ ਗੂੰਜਦੇ ਰਹੇ। ਫੇਰ ਮੈਨੂੰ ਜਾਪਣ ਲਗਾ ਜਿਵੇਂ ਮੈਂ ਉਹਨਾਂ ਨੂੰ ਬੋਲਿਆ ਨਹੀਂ ਸੀ। ਉਹ ਮੇਰੇ ਅੰਦਰ ਹੀ ਗੂੰਜ ਰਹੇ ਸਨ ਮਹਿਜ਼ !

ਤੂੰ ਬਹੁਤ ਪਰੇਸ਼ਾਨ ਸਾਏਂ।

ਮੈਂ ਤੈਨੂੰ ਚੁਪਚਾਪ ਵਿਸਕੀ ਵਿਚ ਪਰੇਸ਼ਾਨੀ ਨੂੰ ਡੋਬਣ ਦੀ ਕੋਸ਼ਿਸ਼ ਕਰਦਿਆਂ ਵੇਖਦੀ ਰਹੀ।

ਚੌਥੇ ਗਲਾਸ ਮਗਰੋਂ ਤੂੰ ਸਿਰ ਕੁਰਸੀ ਦੀ ਪਿੱਠ ਨਾਲ ਟੇਕ ਲਿਆ।

ਸ਼ਾਇਦ ਇਹੀ ਮੁਕਾਮ ਸੀ, ਜਿਥੇ ਮੈਂ ਤੇਰੀ ਇਕੱਲ ਦੇ ਦਾਇਰੇ ਵਿਚ ਦਾਖ਼ਲ ਹੋ ਸਕਦੀ ਸਾਂ, ਮੈਂ ਸੋਚਿਆ।

ਮੈਂ ਉਠੀ। ਤੈਨੂੰ ਆਹਿਸਤਾ ਜਿਹੇ ਉਠਾ ਕੇ ਮੰਜੇ ਵਲ ਲੈ ਆਈ। ਤੇਰਾ ਸਿਰ ਆਪਣੀ ਝੋਲੀ ਵਿਚ ਰਖ ਲਿਆ। ਤੇਰੇ ਵਾਲਾਂ ਵਿਚ ਉਂਗਲਾਂ ਘੁਮਾਣ ਲਗੀ।

''ਉਂ...'' ਤੂੰ ਲੰਬਾ ਹਉਕਾ ਲਿਆ। ਤੇਰੀ ਟੈਂਨਸ਼ਨ ਦੀਆਂ ਗੰਢਾਂ ਖੁਲ੍ਹ ਰਹੀਆਂ ਸਨ ਸ਼ਾਇਦ !

''ਕਿਉਂ, ਅਵੀ, ਕੀ ਗੱਲ ਏ ?''

ਇਸ ਤੋਂ ਅਗਲੇ ਪਲ ਤੋਂ ਮੈਨੂੰ ਖ਼ੌਫ਼ ਆ ਰਿਹਾ ਸੀ। ਮੈਨੂੰ ਪਤਾ ਸੀ, ਜਦੋਂ ਵੀ ਮੈਂ ਤੇਰੇ ਮਨ ਵਿਚ ਝਾਕਣ ਦੀ ਕੋਸ਼ਿਸ਼ ਕੀਤੀ, ਤੂੰ ਹੋਰ ਸਿਮਟ ਗਿਆ। ਤੇਰੇ ਕੋਲੋਂ ਇਸ ਤਰ੍ਹਾਂ ਕੁਝ ਪੁੱਛਣਾ ਬੜਾ ਵੱਡਾ ਰਿਸਕ ਲੈਣ ਵਾਲੀ ਗੱਲ ਸੀ। ਕੀ ਪਤਾ ਉਹ

ਤਣਾਓ ਫੇਰ ਵਾਪਸ ਆ ਜਾਵੇ । ਕੀ ਪਤਾ ਖੁਲ੍ਹਦੀਆਂ ਖੁਲ੍ਹਦੀਆਂ ਗੰਢਾਂ ਫੇਰ ਪੀਚੀਆਂ ਜਾਣ ।

ਪਰ ਇਸ ਤੋਂ ਬਿਨਾ ਹੋਰ ਚਾਰਾ ਵੀ ਤੇ ਕੋਈ ਨਹੀਂ ਸੀ ।

ਤੂੰ ਕੁਝ ਨਹੀਂ ਬੋਲਿਆ ।

''ਅਵੀ...।'' ਮੈਂ ਬੜੇ ਦੁਲਾਰ ਨਾਲ ਕਿਹਾ ।

''ਉਸ ਨੇ ਰਾਤ ਕੋ ਮੁਝੇ ਮਾਰਾ'', ਤੂੰ ਕਿਹਾ । ਮੇਰੀ ਝੋਲੀ ਵਿਚ, ਮੂੰਹ ਪਾਸੇ ਨਾਲ ਕਰਕੇ, ਅੱਖਾਂ ਮੀਟ ਕੇ, ਉਸੇ ਤਰ੍ਹਾਂ ਲੇਟਿਆਂ ਲੇਟਿਆਂ ।

''ਕਿਸ ਨੇ ?''

''ਉਸ ਔਰਤ ਨੇ, ਜਿਹੜੀ ਮੇਰੀ ਬੀਵੀ ਏ ।''

''ਪਰ ਕਿਉਂ ?''

''ਮੈਂ ਜਦੋਂ ਰਾਤੀਂ ਘਰ ਗਿਆ, ਉਹ ਪੌੜੀਆਂ ਵਿਚ ਬੈਠੀ ਸੀ । ਮੈਂ ਅਜੇ ਅੱਧੀਆਂ ਪੌੜੀਆਂ ਚੜ੍ਹਿਆ ਸਾਂ, ਜਦੋਂ ਮੈਂ ਉਹਨੂੰ ਵੇਖਿਆ, ਸਭ ਤੋਂ ਉਤਲੀ ਪੌੜੀ 'ਤੇ ਉਹ ਖੜੋਤੀ ਸੀ । ਕਾਹਲੀ ਨਾਲ ਹੇਠਾਂ ਉਤਰ ਆਈ । ਮੇਰੀ ਬਾਂਹ ਫੜ ਕੇ ਧੂਰ ਹੇਠਾਂ ਲੈ ਆਈ । ਕਹਿਣ ਲਗੀ, ਮੈਂ ਤੇਰੇ ਨਾਲ ਗੱਲ ਕਰਨੀ ਏਂ ।''

''ਪਰ ਹੇਠਾਂ ਕਿਉਂ ?''

''ਕਹਿਣ ਲਗੀ, 'ਉਹ ਬੁੱਢੀ ਸੁਣ ਲਏਗੀ ।' ਯਾਨੀ ਮੇਰੀ ਮਾਂ ।''

''ਫੇਰ ?''

ਮੈਂ ਬਹੁਤ ਡਰ ਗਈ ਸਾਂ । ਮੈਂ ਮਹਿਸੂਸ ਕੀਤਾ ਮੇਰਾ ਹੱਥ ਤੇਰੇ ਵਾਲਾਂ ਵਿਚ ਨਹੀਂ ਸੀ ਘੁੰਮ ਰਿਹਾ । ਇਕ ਥਾਂ 'ਤੇ ਰੁਕ ਗਿਆ ਸੀ । ਦੂਜੇ ਹੱਥ ਨਾਲ ਮੈਂ ਤੇਰੇ ਮੋਢੇ ਨੂੰ ਘੁੱਟ ਕੇ ਫੜਿਆ ਹੋਇਆ ਸੀ । ਪਤਾ ਨਹੀਂ ਤੈਨੂੰ ਸਹਾਰਾ ਦੇ ਰਹੀ ਸਾਂ, ਜਾਂ ਤੇਰੇ ਕੋਲੋਂ ਸਹਾਰਾ ਲੈ ਰਹੀ ਸਾਂ ।

''ਫੇਰ ?''

''ਹੇਠਾਂ ਸੜਕ ਤੇ ਆ ਕੇ ਚੀਕਣ ਲਗ ਪਈ । ਗਾਲ੍ਹਾਂ ਕੱਢੀਆਂ ।''

''ਪਰ ਕਿਉਂ ?''

''ਕਹਿਣ ਲਗੀ, ਐਹ ਵੇਲਾ ਏ ਘਰ ਆਉਣ ਦਾ ?''

ਮੈਂ ਜਿਵੇਂ ਚੋਰੀ ਕਰਦੀ ਫੜੀ ਗਈ ਹੋਵਾਂ । ਜਿਵੇਂ ਹਜ਼ਾਰਾਂ ਲੋਕਾਂ ਦੇ ਹਜੂਮ ਵਿਚ ਮੈਨੂੰ ਉੱਚੇ ਥੜ੍ਹੇ 'ਤੇ ਖੜਾ ਕਰ ਕੇ ਲੋਕ ਮੁਜਰਮ ਕਰਾਰ ਦੇ ਰਹੇ ਹੋਣ ।

ਹਜ਼ਾਰਾਂ ਲੋਕ । ਹੈਸਟਰ ਵਾਂਗੂੰ ।

ਮੇਰਾ ਕਲੇਜਾ ਜਿਵੇਂ ਸੰਘ ਵਿਚ ਆ ਕੇ ਖੜੋ ਗਿਆ ਸੀ ।

''ਪਰ, ਤੂੰ ਤੇ ਅਵੀ, ਮੈਨੂੰ ਮਿਲਣ ਤੋਂ ਪਹਿਲਾਂ ਵੀ,...ਤੂੰ ਆਪੇ ਦਸਿਆ ਸੀ, ਅੱਧੀ ਰਾਤੀਂ ਘਰ ਜਾਂਦਾ ਹੁੰਦਾ ਸਾਏਂ । ਤੂੰ ਕਿਹਾ ਸੀ, ਤੂੰ ਬੀਵੀ ਨਾਲ ਸਮਝੌਤਾ ਕੀਤਾ ਹੋਇਆ ਏ ।''

''ਇਹੀ ਉਹ ਕਹਿੰਦੀ ਸੀ ਕਿ ਜਦੋਂ ਤਕ ਮੈਨੂੰ ਪਤਾ ਸੀ, ਤੂੰ ਆਪਣੇ ਦੋਸਤਾਂ ਨਾਲ ਬਹਿ ਕੇ ਸ਼ਰਾਬ ਪੀਨਾ ਏਂ, ਮੁਸ਼ਾਇਰਿਆਂ ਵਿਚ ਜਾਨਾ ਏਂ, ਉਦੋਂ ਤਕ ਠੀਕ



ਸੀ । ਭਾਵੇਂ ਰਾਤੀਂ ਦੋ ਵਜੇ ਘਰ ਆਵੇਂ, ਮੈਂ ਤੈਨੂੰ ਕਦੇ ਕੁਝ ਨਹੀਂ ਸੀ ਕਿਹਾ । ਪਰ ਹੁਣ ਜਦ ਤੇਰੀ ਜ਼ਿੰਦਗੀ ਵਿਚ ਕੋਈ ਹੋਰ ਤੀਵੀਂ ਏਂ, ਤਾਂ ਮੈਂ ਇਹ ਕਦੇ ਬਰਦਾਸ਼ਤ ਨਹੀਂ ਕਰਾਂਗੀ । ਕਹਿੰਦੀ ਸੀ, ਮੈਨੂੰ ਕਤਲ ਕਰ ਦੇਵੇਂਗੀ । ਤੇਰੇ ਘਰ ਦੇ ਸਾਹਮਣੇ ਸਿਆਪਾ ਕਰੇਗੀ । ਕਈ ਕੁਝ ਕਹਿੰਦੀ ਸੀ । ਕਈ ਧਮਕੀਆਂ ਦੇਂਦੀ ਸੀ ।'' ਤੇਰੀ ਆਵਾਜ਼ ਜਿਵੇਂ ਖੂਹ ਵਿਚੋਂ ਆ ਰਹੀ ਸੀ ।

ਬਹੁਤ ਦੇਰ ਤੂੰ ਚੁੱਪ ਰਿਹਾ !

''ਫੇਰ ਮੈਂ ਉਹਨੂੰ ਮਿੰਨਤਾਂ ਤਰਲੇ ਕਰ ਕੇ ਚੁੱਪ ਕਰਾ ਕੇ ਉਤੇ ਲੈ ਆਇਆ, ਆਪਣੇ ਕਮਰੇ ਵਿਚ । ਜੀਅ ਕਰਦਾ ਸੀ, ਹੁਣੇ ਉਠ ਕੇ ਕਿਧਰੇ ਤੁਰ ਜਾਵਾਂ । ਪਰ ਸਾਰੀ ਜ਼ਿੰਦਗੀ ਦਾ ਕਮਾਇਆ ਸਾਰਾ ਜ਼ਬਤ ਇਕੱਠਾ ਕਰ ਕੇ ਆਪਣੇ ਆਪ ਨੂੰ ਉਥੇ ਰੋਕੀ ਰਖਿਆ ।''

ਖ਼ਾਮੋਸ਼ੀ ਦਾ ਇਕ ਲੰਬਾ ਪਲ ।

ਆਪਣਾ ਜਿਸਮ ਬੜਾ ਭਾਰਾ ਲਗਾ । ਪੱਥਰ ਦੀ ਕਿਸੇ ਸਿਲ ਵਰਗਾ । ਬੇਜਾਨ । ਬੇਹਿਸ ।

''ਉਹਨੂੰ ਸ਼ਾਂਤ ਕਰਨ ਵਾਸਤੇ ਮੈਂ ਉਹਨੂੰ ਬਾਹਵਾਂ ਵਿਚ ਲੈਣ ਦੀ ਕੋਸ਼ਿਸ਼ ਕੀਤੀ ਕਿ ਉਹ ਉੱਚੀ ਉੱਚੀ ਰੋਣ ਲਗ ਪਈ ਤੇ ਮੈਨੂੰ ਮਾਰਨ ਲਗ ਪਈ । ਕਹਿਣ ਲਗੀ, 'ਮੈਨੂੰ ਹੱਥ ਨਾ ਲਾ ।' ਕਹੀ ਜਾਏ ਤੇ ਮੁੱਕੇ ਮਾਰੀ ਜਾਵੇ ।''

ਤੇਰੀ ਆਵਾਜ਼ ਵਿਚ ਬੇਹੱਦ ਕਾਤਰਤਾ ਸੀ, ਉਦਾਸੀ ਸੀ, ਥਕਾਵਟ ਸੀ । ਤੇ ਇਕ ਚੀਜ਼ ਹੋਰ ਸੀ, ਆਪਣੇ ਆਪ ਲਈ ਤਰਸ, ਸੈਲਫ਼ ਪਿਟੀ । ਇਹ ਤਰਸ ਮੈਂ ਅਗੇ ਵੀ ਵੇਖਿਆ ਸੀ । ਕਈ ਵਾਰ । ਸੈਲਫ਼ ਪਿਟੀ ਨਾਲ ਮੈਨੂੰ ਨਫ਼ਰਤ ਸੀ । ਪਰ ਇਹ ਵੇਲਾ ਇਹ ਗੱਲਾਂ ਸੋਚਣ ਦਾ ਨਹੀਂ ਸੀ ।

ਤੇਰੀ ਸਮੱਸਿਆ ਵਾਕਈ ਗੰਭੀਰ ਸੀ ।

ਤੇ ਮੈਂ ਤੇਰੀ ਪ੍ਰਾਬਲਮ ਦੀ ਸਾਰੀ ਪੀੜ ਆਪ ਤੇਰੇ ਨਾਲ ਜੀਅ ਰਹੀ ਸਾਂ । ਦੁਬਾਰਾ ।

''ਹੁਣ ਕੀ ਹੋਏਗਾ ?'' ਮੈਂ ਪਤਾ ਨਹੀਂ ਤੈਨੂੰ ਸੁਆਲ ਕੀਤਾ ਜਾਂ ਆਪਣੇ ਆਪ ਨੂੰ । ਜਾਂ ਕਮਰੇ ਵਿਚ ਘੁਟੀ ਹੋਈ ਹਵਾ ਨੂੰ ।

''ਪਤਾ ਨਹੀਂ ।'' ਤੇਰੀ ਆਵਾਜ਼ ਜਿਸ ਤਰ੍ਹਾਂ ਕਿਸੇ ਖੂਹ ਵਿਚੋਂ ਆਈ । ਬਹੁਤ ਆਹਿਸਤਾ । ਜਿਵੇਂ ਸਿਰਫ਼ ਹੋਠ ਹਿੱਲੇ ਹੋਣ । ਬੇਆਵਾਜ਼ ।

ਉਸ ਤੋਂ ਮਗਰੋਂ ਕੁਝ ਕਹਿਣ ਜੋਗਾ ਬਾਕੀ ਨਹੀਂ ਸੀ ਰਿਹਾ ।

ਮੈਂ ਆਹਿਸਤਾ ਜਿਹੇ ਖਿਸਕ ਕੇ ਤੇਰੇ ਨਾਲ ਹੀ ਲੇਟ ਗਈ । ਤੈਨੂੰ ਆਪਣੀਆਂ ਬਾਹਵਾਂ ਵਿਚ ਲਪੇਟ ਕੇ ।

ਤੂੰ ਕੁਝ ਨਹੀਂ ਕਿਹਾ । ਹਿੱਲਿਆ ਵੀ ਨਹੀਂ ।

ਕੁਝ ਚਿਰ ਮਗਰੋਂ ਤੂੰ ਸੌਂ ਗਿਆ ।

# ਸਤਾਰਾਂ

ਕਈ ਦਿਨ ਗੁਜ਼ਰ ਗਏ ।

ਇਕ ਦਿਨ ਤੂੰ ਨਹੀਂ ਆਇਆ ।

ਅਗਲੇ ਦਿਨ ਸਵੇਰੇ ਮੈਂ ਤੈਨੂੰ ਫ਼ੋਨ ਕੀਤਾ, ਘਰ ।

ਤੂੰ ਕਿਹਾ, "ਮੈਂ ਹੁਣੇ ਠਹਿਰ ਕੇ ਫ਼ੋਨ ਕਰਨਾਂ ।"

ਮੈਂ ਇੰਤਜ਼ਾਰ ਕਰਦੀ ਰਹੀ, ਪਰ ਤੇਰਾ ਫ਼ੋਨ ਨਹੀਂ ਆਇਆ ।

ਦਸ ਵਜ ਗਏ ।

ਮੈਂ ਤੇਰੇ ਦਫ਼ਤਰ ਫ਼ੋਨ ਕੀਤਾ ।

"ਹਾਂ, ਕੀ ਗੱਲ ਏ ?" ਤੇਰੀ ਆਵਾਜ਼ ਡਾਢੀ ਰੁੱਖੀ ਸੀ ।

ਮੈਂ ਡਰ ਗਈ ।

"ਤੈਂ ਕਿਹਾ ਸੀ ਫ਼ੋਨ ਕਰੇਂਗਾ । ਮੈਂ ਇੰਤਜ਼ਾਰ ਕਰਦੀ ਰਹੀ ।" ਮੈਨੂੰ ਕਹਿ ਕੇ ਲਗਾ, ਲਫ਼ਜ਼ ਬੇਮਾਅਨੀ ਸਨ ।

"ਤੈਨੂੰ ਹਰ ਵੇਲੇ ਇਸ਼ਕ ਦੀ ਪਈ ਰਹਿੰਦੀ ਏ । ਬੰਦੇ ਨੂੰ ਹੋਰ ਵੀ ਤੇ ਸੌ ਝਮੇਲੇ ਹੋ ਸਕਦੇ ਨੇ ।" ਤੂੰ ਬਹੁਤ ਖਿੱਝ ਕੇ ਆਖਿਆ ।

ਤੇ ਟੈਲੀਫ਼ੋਨ ਬੰਦ ਕਰ ਦਿਤਾ ।

ਮੈਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਤੂੰ ਵਾਕਈ ਟੈਲੀਫ਼ੋਨ ਬੰਦ ਕਰ ਦਿਤਾ ਸੀ ।

ਮੇਰੇ ਹਥ ਵਿਚ ਅਜੇ ਵੀ ਰਿਸੀਵਰ ਫੜਿਆ ਹੋਇਆ ਸੀ ।

ਮੁਰਦਾ ।

ਮੈਂ ਹੈਰਾਨੀ ਨਾਲ ਉਹਦੇ ਵਲ ਵੇਖਿਆ ।

ਫੇਰ ਮੇਰੀਆਂ ਅੱਖਾਂ ਵਿਚ ਅੱਥਰੂ ਭਰ ਆਏ ।

ਤੀਜੇ ਦਿਨ ਤੂੰ ਆਇਆ । ਪਰੇਸ਼ਾਨ । ਖ਼ਾਮੋਸ਼ ।

ਬਹੁਤ ਦੇਰ ਬੜੀ ਗੰਭੀਰਤਾ ਨਾਲ ਤੂੰ ਸਿਗਰੇਟ ਪੀਂਦਾ ਰਿਹਾ ।

ਵਿਸਕੀ ਪੀਂਦਾ ਰਿਹਾ ।

ਪਰ ਉਸ ਦਿਨ ਇਕ ਅਜੀਬ ਗੱਲ ਹੋਈ । ਕੁਝ ਚਿਰ ਮਗਰੋਂ ਤੂੰ ਉਠਿਆ ਤੇ ਰੀਕਾਰਡਾਂ ਨੂੰ ਫਰੋਲਣ ਲਗ ਪਿਆ । ਬੜੀਆਂ ਮੁੱਦਤਾਂ ਮਗਰੋਂ ਤੂੰ ਮੇਰੇ ਘਰ ਪਏ ਰੀਕਾਰਡਾਂ ਨੂੰ ਹੱਥ ਲਾਇਆ ਸੀ ।

ਬੇਹੱਦ ਖਿੱਝ ਕੇ ਤੂੰ ਆਖਿਆ, "ਕੀ ਫ਼ਜ਼ੂਲ ਰੇਕਰਡ ਰੱਖੇ ਹੋਏ ਨੇ ਸਾਰੇ । ਬੇਗਮ ਅਖ਼ਤਰ, ਵਿਲਾਇਤ ਖ਼ਾਂ, ਪੰਨਾ ਲਾਲ ਘੋਸ਼, ਕ੍ਰਿਸ਼ਨਾ ਕੱਲੇ, ਸਹਿਗਲ, ਬੜੇ ਗ਼ੁਲਾਮ ਅਲੀ ਖ਼ਾਨ ।



ਇਕ ਇਕ ਰੀਕਾਰਡ ਤੂੰ ਬੁਲਦਾ ਜਾਂਦਾ ਸਾਏਂ, ਨਾ ਪੜ੍ਹ ਪੜ੍ਹ ਕੇ, "ਕਦੀ ਚੱਜ ਦਾ ਰੇਕਰਡ ਨਹੀਂ ।"

"ਤੇਰੇ ਕੋਲ ਡਾਂਸ ਮਿਊਜ਼ਕ ਹੈ ਹੀ ਨਹੀਂ ?"

ਮੈਂ ਕਿਹਾ, "ਜਿਪਸੀ ਮਿਊਜ਼ਿਕ ਦਾ ਹੈ ਵੇ ।" ਉਠ ਕੇ ਮੈਂ ਤੇਰੇ ਕੋਲ ਆ ਗਈ, ਤੇ ਜਿਪਸੀ ਸੰਗੀਤ ਦਾ ਉਹ ਰੀਕਾਰਡ ਲੱਭਣ ਲਗੀ ।

ਰੀਕਾਰਡ ਲੱਭ ਕੇ ਮੈਂ ਤੈਨੂੰ ਦੇ ਦਿਤਾ । ਤੂੰ ਉਹਨੂੰ ਪਲੇਅਰ ਤੇ ਰਖ ਕੇ ਚਲਾ ਦਿਤਾ ।

ਫੇਰ ਤੂੰ ਮੇਰੇ ਵਲ ਮੁੜਿਆ । ਕਿਹਾ ਕੁਝ ਨਹੀਂ ।

ਚੁੱਪ ਚਾਪ, ਬੜੇ ਹੱਕ ਨਾਲ, ਮੇਰੀ ਬਾਂਹ ਫੜ ਕੇ ਆਪਣੇ ਵਲ ਖਿਚਿਆ । ਫੇਰ ਇਕ ਬਾਂਹ ਮੇਰੀ ਕਮਰ ਦੁਆਲਿਓਂ ਵਲਾ ਕੇ ਆਹਿਸਤਾ ਆਹਿਸਤਾ ਨੱਚਣ ਲਗ ਪਿਆ ।

ਇਹ ਤੇਰੀਆਂ ਅੱਖਾਂ ਵਿਚ ਕੀ ਸੀ ਅਜ ? ਬਗ਼ਾਵਤ ਵਰਗਾ ਕੁਝ । ਚੈਲੰਜ ਵਰਗਾ ਕੁਝ । ਤਿੱਖੀ ਨੋਕੀਲੀ ਤਨਜ਼ ਵਰਗਾ ਕੁਝ । ਨਾਚ ਵਿਚੋਂ ਅੱਜ ਸਾਰੀ ਤਰਲਤਾ ਗ਼ਾਇਬ ਸੀ ।

ਜਿਵੇਂ ਬਾਰਸ਼ ਵਿਚੋਂ ਪਾਣੀ ਗ਼ਾਇਬ ਹੋਵੇ ।

ਬਹੁਤ ਚਿਰ ਬਾਅਦ, ਜਦੋਂ ਅਸੀਂ ਰੋਟੀ ਵੀ ਖਾ ਬੈਠੇ, ਚੁੱਪ ਚਾਪ ਤੂੰ ਕਿਹਾ, "ਉਹ ਲਖਨਊ ਚਲੀ ਗਈ ਏ ।"

"ਕੌਣ ?"

ਫ਼ਜ਼ੂਲ ਸਵਾਲ ਸੀ । ਮੈਨੂੰ ਪਤਾ ਸੀ ਕੌਣ ।

"ਮੇਰੀ ਬੀਵੀ !"

ਮੈਂ ਚੁੱਪ ਰਹੀ ।

"ਕਹਿ ਗਈ ਏ, ਓਥੇ ਹੀ ਰਹੇਗੀ । ਵਾਪਸ ਨਹੀਂ ਮੁੜੇਗੀ ।"

ਪਤਾ ਨਹੀਂ ਕਿਉਂ, ਮੈਨੂੰ ਲਗਾ, ਤੇਰੀ ਆਵਾਜ਼ ਜਿਵੇਂ ਮੇਰੇ 'ਤੇ ਇਲਜ਼ਾਮ ਲਗਾ ਰਹੀ ਸੀ ।

ਬਹੁਤ ਚਿਰ ਅਸੀਂ ਦੋਵੇਂ ਚੁੱਪ ਰਹੇ । ਆਪਣੇ ਆਪਣੇ ਅੰਦਰ ਡੁੱਬੇ ਹੋਏ । ਆਪਣੇ ਆਪਣੇ ਜਜ਼ੀਰਿਆਂ ਦੀ ਇਕੱਲ ਵਿਚ ਕੈਦ ।

ਫੇਰ ਤੂੰ ਕਿਹਾ, "ਚਲ, ਹੁਣ ਜਿਥੇ ਕਹਵੇਂ ਮੈਂ ਤੈਨੂੰ ਲੈ ਚੱਲਨਾਂ । ਕਿੱਥੇ ਜਾਣਾ ਏ ? ਬੰਬਈ ? ਸਿਰੀਨਗਰ ? 'ਕੱਠੇ ਰਹਾਂਗੇ । 'ਕੱਠੇ ਸਵਾਂਗੇ । ਗੱਲਾਂ ਕਰਾਂਗੇ ।" ਤੂੰ ਜਿਵੇਂ ਮੈਨੂੰ ਮਿਹਣੇ ਦੇ ਰਿਹਾ ਸਾਏਂ । ਮੈਨੂੰ ਕੋਸ ਰਿਹਾ ਸਾਏਂ ।

ਮੈਂ ਤੇਰੇ ਮੂੰਹ ਵਲ ਤੱਕਿਆ । ਬਹੁਤ ਸਾਰੀ ਨਫ਼ਰਤ ਤੇਰੇ ਚਿਹਰੇ 'ਤੇ ਜੰਮ ਕੇ ਕੁਰਾਹੜੀ ਹੋ ਗਈ ਸੀ । ਨਫ਼ਰਤ, ਜਿਹੜੀ ਸਿਰਫ਼ ਮੇਰੇ ਵਾਸਤੇ ਸੀ ।

ਉਹੀ ਉਹ ਘੜੀ ਸੀ, ਉਹੀ ਉਹ ਲਮਹਾ ਸੀ, ਜਦੋਂ ਮੈਨੂੰ ਤੇਰੇ ਨਾਲ ਲੜ ਪੈਣਾ ਚਾਹੀਦਾ ਸੀ । ਤੈਨੂੰ ਮੇਰੇ 'ਤੇ ਇਲਜ਼ਾਮ ਲਾਉਣ ਦਾ ਕੋਈ ਹੱਕ ਨਹੀਂ ਸੀ । ਤੇਰੀ ਬੀਵੀ

ਦੀ ਕਿਸੇ ਵੀ ਤਕਲੀਫ਼ ਦੀ ਮੈਂ ਕਤਈ ਜ਼ਿੰਮੇਵਾਰ ਨਹੀਂ ਸਾਂ । ਜੇ ਬੀਵੀ ਦਾ ਖ਼ਿਆਲ ਸੀ, ਤਾਂ ਪਹਿਲੋਂ ਕਿਉਂ ਤੂੰ ਮੇਰੇ ਗੋਡਿਆਂ 'ਤੇ ਸਿਰ ਸੁੱਟ ਕੇ ਕਹਿੰਦਾ ਰਿਹਾ ਕਿ ਤੈਨੂੰ ਸਿਰਫ਼ ਮੇਰੀ ਮੁਹੱਬਤ ਦੀ ਲੋੜ ਸੀ ? ਉਦੋਂ ਮੈਂ ਹੀ ਸਾਂ, ਜਿਸ ਨੇ ਤੈਨੂੰ ਬੀਵੀ ਦੀ ਯਾਦ ਦੁਆਈ ਸੀ । ਤੂੰ ਕਿਹਾ ਸੀ, ਤੁਹਾਡਾ ਕੋਈ ਰਿਸ਼ਤਾ ਬਾਕੀ ਨਹੀਂ ਰਿਹਾ । ਤੂੰ ਕਿਹਾ ਸੀ, ਉਹ ਤੈਨੂੰ ਛੱਡ ਕੇ ਜਾ ਰਹੀ ਏ । ਉਹ ਝੂਠ ਸੀ ? ਤੇ ਜਾਂ ਫੇਰ ਅੱਜ ਤੇਰੀ ਇਹ ਸ਼ਿਕਾਇਤ ਝੂਠ ਏ ? ਤੂੰ ਚਾਹੁਨਾ ਕੀ ਏਂ ਆਖ਼ਰ ? ਮੇਰੇ ਕੋਲੋਂ, ਆਪਣੀ ਬੀਵੀ ਕੋਲੋਂ, ਕੀ ਚਾਹਨਾ ਏਂ ਤੂੰ ? ਕੀ ਚਾਹਨਾ ਏਂ ਜ਼ਿੰਦਗੀ ਕੋਲੋਂ ? ਸਿਰਫ਼ ਲੈਣਾ ? ਦੇਣਾ ਕੁਝ ਨਹੀਂ ?

ਮੇਰਾ ਮਨ ਕ੍ਰੀਚ ਰਿਹਾ ਸੀ । ਰੋਹ ਨਾਲ ਭਰੀ ਹੋਈ ਮੈਂ ਤੇਰੇ ਨਾਲ ਲੜ ਰਹੀ ਸਾਂ, ਖ਼ਫ਼ਾ ਹੋ ਰਹੀ ਸਾਂ । ਬੇਆਵਾਜ਼ ।

## ਅਠਾਰਾਂ

ਤੂੰ ਆ ਕੇ ਕਿਹਾ, ਦਫ਼ਤਰ ਦੇ ਕੰਮ ਤੈਨੂੰ ਪੰਦਰਾਂ ਦਿਨਾਂ ਲਈ ਬੰਬਈ ਜਾਣਾ ਪੈ ਰਿਹਾ ਏ ।

ਤੂੰ ਕਿਹਾ, ਬੰਬਈ ਵਾਲੇ ਦਫ਼ਤਰ ਦੇ ਦੋ ਬੰਦੇ ਛੁੱਟੀ ਜਾ ਰਹੇ ਨੇ । ਏਸ ਕਰ ਕੇ ਇਕ ਬੰਦਾ ਦਿੱਲੀਓਂ ਤੇ ਇਕ ਮਦਰਾਸੋਂ ਬੰਬਈ ਭੇਜਿਆ ਜਾ ਰਿਹਾ ਏ, ਪੰਦਰਾਂ ਦਿਨਾਂ ਵਾਸਤੇ ।

ਮਨ ਭਰ ਆਇਆ । ਤੇਰੇ ਬਿਨਾ ਤਾਂ ਸਾਬਤ ਦਿਨ ਵੀ ਲੰਘਾਣਾ ਔਖਾ ਹੁੰਦਾ ਸੀ, ਤੇ ਇਹ ਪੰਦਰਾਂ ਦਿਨ...

ਕੀ ਹੋਏਗਾ ?

"ਜਾਣ ਤੋਂ ਬਿਨਾ ਗੁਜ਼ਾਰਾ ਨਹੀਂ ਹੋ ਸਕਦਾ ? ਛੁੱਟੀ ਲੈ ਕੇ, ਜਾਂ ਮੈਡੀਕਲ... ਕੁਝ...।"

ਤੂੰ ਕਿਹਾ, "ਨਹੀਂ ਜ਼ਰੂਰ ਜਾਣਾ ਪਵੇਗਾ । ਮੈਨੂੰ ਅੱਜ ਚੀਫ਼ ਐਡੀਟਰ ਨੇ ਬੁਲਾ ਕੇ ਕਿਹਾ ਸੀ । ਮੈਂ ਤਾਂ ਕਹਿ ਦਿਤਾ ਏ, ਅੱਛਾ ।"

ਪਰ ਤੂੰ ਮੇਰੇ ਕੋਲੋਂ ਤੇ ਪੁੱਛ ਲੈਣਾ ਸੀ । ਮੈਂ ਤੇਰੀ ਜ਼ਿੰਦਗੀ ਵਿਚ ਕੋਈ ਦਖ਼ਲ ਨਹੀਂ ਰਖਦੀ ? ਤੇਰੇ ਫ਼ੈਸਲਿਆਂ ਵਿਚ ਮੇਰੀ ਸਲਾਹ ਦੀ ਕੋਈ ਗੁੰਜਾਇਸ਼ ਨਹੀਂ ? ਅਜੇ ਵੀ ਨਹੀਂ ?

ਤੂੰ ਮੇਰੇ ਮੂੰਹ ਵਲ ਤੱਕਿਆ । ਮੈਨੂੰ ਲਗਾ ਤੂੰ ਮੇਰੇ ਕੋਲੋਂ ਚੁਰਾ ਰਿਹਾ ਸਾਏਂ ਕੁਝ । ਸ਼ਾਇਦ ਇਹ ਮੇਰਾ ਵਹਿਮ ਹੀ ਹੋਵੇਗਾ, ਮੈਂ ਆਪੇ ਸੋਚਿਆ ।

ਤੂੰ ਕਿਹਾ, "ਬੰਬਈ ਜਾ ਕੇ ਰਹਿਣ ਦਾ ਇੰਤਜ਼ਾਮ ਕਰ ਕੇ, ਮੈਂ ਤੈਨੂੰ ਬੁਲਾ ਲਵਾਂਗਾ ।"

"ਕਿਥੇ ਕੋਈ ? ਜਾ ਕੇ ਤੈਨੂੰ ਚੇਤੇ ਕਿਥੋਂ ਰਹਿਣਾ ਏ ਬੁਲਾਣਾ ! ਨਾਲੇ ਬੰਬਈ ਤੇ ਤੇਰੇ ਕਈ ਦੋਸਤ ਨੇ ਫ਼ਿਲਮਾਂ ਸ਼ਿਲਮਾਂ ਵਾਲੇ । ਤੈਨੂੰ ਯਾਦ ਈ ਨਹੀਂ ਰਹਿਣਾ ।"



"ਨਹੀਂ । ਮੈਂ ਨਹੀਂ ਕਿਸੇ ਨੂੰ ਮਿਲਣਾ ਐਤਕੀਂ । ਤੈਨੂੰ ਬੁਲਾ ਲਵਾਂਗਾ । ਵੀ ਵਿਲ ਹੈਵ ਏ ਲਿਟਲ ਪੀਸ । ਤਿੰਨ ਕੁ ਘੰਟੇ ਕੰਮ ਹੁੰਦਾ ਏ ਦਫ਼ਤਰ ! ਬਾਕੀ ਵਕਤ ਸੈਰ ਕਰਾਂਗੇ, ਪਿਆਰ ਕਰਾਂਗੇ ।" ਮੈਨੂੰ ਲਗਾ, ਤੇਰੀ ਆਵਾਜ਼ ਵਿਚ ਈਮਾਨਦਾਰੀ ਸੀ, ਤੇ ਸੰਜੀਦਗੀ ਵੀ ।

ਜਿਸ ਸਵੇਰ ਤੂੰ ਬੰਬਈ ਜਾਣਾ ਸੀ, ਉਸ ਰਾਤ ਤੂੰ ਮੇਰੇ ਕੋਲ ਰਿਹਾ । ਘਰ ਸਾਰਿਆਂ ਨੂੰ ਕਹਿ ਆਇਆ ਸਾਏਂ ਕਿ ਰਾਤ ਦੀ ਗੱਡੀ ਜਾ ਰਿਹਾਂ ।

ਤੇਰੀਆਂ ਬਾਹਵਾਂ ਵਿਚ ਲਿਪਟੀ ਹੋਈ ਮੈਂ ਤੇਰੇ ਨਾਲ ਲੇਟੀ ਰਹੀ ।

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਅੱਜ ਦੀ ਰਾਤ ਵਾਸਤੇ ਮੈਨੂੰ ਤੇਰਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਏ, ਜਾਂ ਸਵੇਰੇ ਤੁਰ ਜਾਣ ਵਾਸਤੇ ਤੇਰੇ ਤੇ ਖ਼ਫ਼ਾ ਹੋਣਾ ਚਾਹੀਦਾ ਏ ।

ਮੁੱਦਤਾਂ ਬਾਅਦ ਉਸ ਰਾਤ ਮੈਨੂੰ ਤੇਰੇ ਅਹਿਸਾਸ ਪਿਘਲਦੇ ਜਾਪੇ ।

ਮੁੱਦਤਾਂ ਬਾਅਦ ਉਸ ਰਾਤ ਮੈਨੂੰ ਮਹਿਸੂਸ ਹੋਇਆ, ਜਿਸ ਤਰ੍ਹਾਂ ਤੇਰੀ ਰੂਹ, ਤੇਰਾ ਜਿਸਮ, ਸਭ ਕੁਝ, ਵਿਲ੍ਹਕ ਕੇ ਮੇਰੇ ਵਿਚ ਜਜ਼ਬ ਹੋ ਜਾਣ ਲਈ ਬੇਕਰਾਰ ਸਨ ।

ਉਸ ਰਾਤ ਤੇਰੀਆਂ ਬਾਹਵਾਂ ਵਿਚ ,ਲਿਪਟ ਕੇ ਤੇਰੇ ਨਾਲ ਲੇਟਿਆਂ, ਤੇਰੀ ਛਾਤੀ 'ਤੇ ਸਿਰ ਰੱਖ ਕੇ ਮੈਨੂੰ ਲਗਾ ਕਿ ਤੇਰੀ ਹੋਂਦ ਦੇ ਜਿਹੜੇ ਦੋ ਚਾਰ ਟੁਕੜੇ ਗੁਆਚੇ ਹੋਏ ਸਨ, ਤੇ ਤੈਨੂੰ ਲੱਭ ਨਹੀਂ ਸਨ ਰਹੇ ਏਨੇ ਚਿਰ ਤੋਂ, ਉਹ ਸ਼ਾਇਦ ਮਿਲ ਗਏ ਸਨ ।

ਤੂੰ ਇਕ ਸਾਬਤ ਇਕਾਈ ਸਾਏਂ, ਤੇ ਤੇਰੀ ਹੋਂਦ ਮੇਰੇ ਵਿਚ ਸਮਾ ਜਾਣ ਲਈ, ਤੇ ਮੈਨੂੰ ਆਪਣੇ ਵਿਚ ਜਜ਼ਬ ਕਰ ਲੈਣ ਲਈ ਸਟਪਟਾ ਰਹੀ ਸੀ ।

ਤੇਰਾ ਜਿਸਮ, ਤੇਰੀਆਂ ਬਾਹਵਾਂ ਦੀ ਪੁਰ-ਇਸਰਾਰ ਕੱਸ, ਤੇਰੇ ਪਿੰਡੇ ਦਾ ਤਣਾਓ, ਛਟਪਟਾਹਟ, ਜਿਵੇਂ ਮੈਨੂੰ ਕਹਿ ਰਹੇ ਸਨ ਕਿ ਇਹ ਸ਼ੁਰੂਆਤ ਏ । ਅਸਲ ਵਿਚ ਸ਼ੁਰੂਆਤ ਏ ।

## ਉੱਨੀ

ਤੂੰ ਬੰਬਈ ਚਲਾ ਗਿਆ ।

ਹਰ ਰੋਜ਼ ਮੈਂ ਤੇਰੇ ਫ਼ੋਨ ਦਾ ਇੰਤਜ਼ਾਰ ਕਰਦੀ ।

ਮੈਨੂੰ ਪਤਾ ਸੀ, ਤੂੰ ਸਵੇਰੇ ਸਾਢੇ ਦਸ ਦਫ਼ਤਰ ਪਹੁੰਚਦਾ ਹੋਵੇਂਗਾ । ਮੈਂ ਸਾਢੇ ਦਸ ਵਜੇ ਟੈਲੀਫ਼ੋਨ ਕੋਲ ਬਹਿ ਜਾਂਦੀ । ਹਰ ਵਾਰ ਜਦੋਂ ਟੈਲੀਫ਼ੋਨ ਦੀ ਘੰਟੀ ਵੱਜਦੀ, ਮੈਂ ਤਾਂਘ ਨਾਲ ਚੁੱਕ ਕੇ ਬੜੀ ਉਤਾਵਲੀ ਨਾਲ ਬੋਲਦੀ ।

ਹਰ ਵਾਰ ਕਿਸੇ ਹੋਰ ਦਾ ਟੈਲੀਫ਼ੋਨ ਹੁੰਦਾ ।

ਮੈਨੂੰ ਪਤਾ ਸੀ, ਗਿਆਰਾਂ ਵਜੇ ਤੂੰ ਦਫ਼ਤਰੋਂ ਚਲਾ ਜਾਂਦਾ ਏਂ । ਸੋ ਗਿਆਰਾਂ ਦੀ

ਥਾਂ ਸਵਾ ਗਿਆਰਾਂ ਵਜੇ, ਮੈਂ ਟੈਲੀਫ਼ੋਨ ਦੇ ਕੋਲੋਂ ਉਠ ਜਾਂਦੀ। ਨਿਰਾਸ਼। ਪਰੇਸ਼ਾਨ। ਉਦਾਸ।

ਜਿਥੇ ਵੀ ਜਾਂਦੀ, ਦੋ ਵਜੇ ਮੁੜ ਆਉਂਦੀ। ਦੋ ਕੁ ਵਜੇ ਰਜਿਸਟਰੀਆਂ ਆਉਂਦੀਆਂ ਸਨ, ਤੇ ਮੈਂ ਤੈਨੂੰ ਕਿਹਾ ਹੋਇਆ ਸੀ, ਕਿ ਮੈਨੂੰ ਸਾਰੀਆਂ ਚਿੱਠੀਆਂ ਰਜਿਸਟਰੀ ਕਰਵਾ ਕੇ ਭੇਜਿਆ ਕਰੀਂ।

ਤੂੰ ਕਿਹਾ ਸੀ, ਹੱਸ ਕੇ, "ਰੋਜ਼ ਤਾਂ ਤੈਨੂੰ ਫ਼ੋਨ ਕਰਿਆ ਕਰਾਂਗਾ। ਚਹੁੰ ਕੁ ਦਿਨਾਂ ਨੂੰ ਤੂੰ ਬੰਬਈ ਆ ਜਾਣਾ ਏਂ। ਚਿੱਠੀ ਲਿਖਣ ਦਾ ਵਕਤ ਹੀ ਕਿਹੜਾ ਹੋਵੇਗਾ ਇਸ ਦੌਰਾਨ ?"

ਮੈਂ ਕਿਹਾ ਸੀ, "ਨਹੀਂ, ਚਿੱਠੀ ਤੂੰ ਮੈਨੂੰ ਜ਼ਰੂਰ ਲਿਖੀਂ। ਜ਼ਰੂਰ। ਭਾਵੇਂ ਰਾਹ ਵਿਚ ਜਾਂਦੀ ਵਾਰੀ ਗੱਡੀ ਵਿਚ ਹੀ ਲਿਖ ਦੇਵੀਂ। ਤੇ ਜਾ ਕੇ ਪੋਸਟ ਕਰ ਦੇਵੀਂ। ਅੱਛਾ ?"

ਸੋ ਰੋਜ਼ ਤੇਰੇ ਖ਼ਤ ਦਾ ਇੰਤਜ਼ਾਰ ਕਰਦੀ।

ਖ਼ਤ ਨਹੀਂ ਆਇਆ।

ਸ਼ਾਮ ਵੇਲੇ, ਮੈਨੂੰ ਪਤਾ ਸੀ, ਤੂੰ ਦਫ਼ਤਰ ਜ਼ਰੂਰ ਜਾਨਾ ਏਂ। ਸਟੋਰੀ ਟਾਈਪ ਕਰ ਕੇ ਦੇਣ। ਸੋ ਸ਼ਾਮੀਂ ਸੱਤ ਵਜੇ ਫੇਰ ਤੇਰੇ ਫ਼ੋਨ ਦਾ ਇੰਤਜ਼ਾਰ ਸ਼ੁਰੂ ਕਰ ਦੇਂਦੀ।

ਇਹ ਉਡੀਕ ਵੀ ਸਾਢੇ ਅੱਠ ਵਜੇ ਖ਼ਤਮ ਹੋ ਜਾਂਦੀ। ਬੇ-ਮੁਰਾਦ, ਬਾਂਝ ਤੀਵੀਂ ਵਾਂਗੂੰ।

ਪੰਜ ਦਿਨ ਗੁਜ਼ਰ ਗਏ।

ਲਗਦਾ ਸੀ, ਜਿਵੇਂ ਸਾਹ ਅਟਕ ਗਿਆ ਏ ਕਿਤੇ।

ਅਜੀਬ ਤਿਲਮਿਲਾਹਟ ਸੀ।

ਮੈਂ ਤੇਰੇ ਦਫ਼ਤਰ ਫ਼ੋਨ ਕੀਤਾ। ਤੂੰ ਮਨ੍ਹਾ ਕੀਤਾ ਹੋਇਆ ਸੀ, ਇਸ ਦੇ ਬਾਵਜੂਦ ਵੀ।

ਟੈਲੀਫ਼ੋਨ 'ਤੇ ਤੇਰੀ ਆਵਾਜ਼। "ਹਾਂ, ਕੀ ਹਾਲ ਏ ?"

ਮੈਂ ਕਿਹਾ, "ਜਦੋਂ ਦੇ ਗਏ ਓ, ਨਾ ਖ਼ਬਰ ਨਾ ਸਾਰ। ਨਾ ਟੈਲੀਫ਼ੋਨ, ਨਾ ਖ਼ਤ !"

ਤੂੰ ਕਿਹਾ, "ਬਹੁਤ ਕੰਮ ਏ ਏਥੇ।"

"ਮੈਂ ਕਦੋਂ ਆਵਾਂ ?" ਮੈਂ ਪੂਰਾ ਸੰਜਮ ਤੇ ਪੂਰਾ ਜ਼ਬਤ ਤੇ ਪੂਰੀ ਦਲੇਰੀ ਇਕੱਠੀ ਕਰ ਕੇ ਪੁੱਛਿਆ।

"ਅਜੇ ਨਹੀਂ। ਦੱਸਾਂਗਾ।"

ਮੈਂ ਚੁੱਪ ਰਹੀ। ਤੇਰੀ ਗੱਲ ਦੀ ਕੁੜੱਤਣ ਪੀਂਦੀ ਹੋਈ।



ਦਿਨ ਗੁਜ਼ਰਦੇ ਗਏ।

ਵਕਤ ਨਹੀਂ ਰੁਕਦਾ, ਸਿਰਫ਼ ਅਸੀਂ ਆਪ ਰੁਕ ਜਾਂਦੇ ਹਾਂ।

ਮੈਂ ਜਿਵੇਂ ਇਕ ਚੌਰਾਹੇ ਵਿਚਕਾਰ ਆ ਕੇ ਰੁਕ ਗਈ ਸਾਂ। ਜੜ੍ਹ ਪੱਥਰ ਹੋ ਗਈ ਸਾਂ। ਅੰਨ੍ਹੀ ਬੋਲੀ, ਹਿੱਲਣ ਜੁੱਲਣ ਤੋਂ ਅਸਮਰਥ !

ਨਹੀਂ ਇਹ ਗ਼ਲਤ ਏ। ਮੈਨੂੰ ਤਾਂ ਸਭ ਕੁਝ ਦਿੱਸ ਰਿਹਾ ਸੀ। ਜ਼ਿੰਦਗੀ ਦੀ ਸਾਰੀ ਰਫ਼ਤਾਰ, ਸਾਰੀ ਦੌੜ ਭੱਜ, ਆਸ-ਪਾਸ ਨੱਸੇ ਜਾਂਦੇ ਲੋਕ।

ਮੈਨੂੰ ਤਾਂ ਸਭ ਸੁਣਾਈ ਦੇ ਰਿਹਾ ਸੀ।

ਸਾਰਾ ਸ਼ੋਰ, ਸਾਰਾ ਹੰਗਾਮਾ।

ਸ਼ੋਰ। ਉਫ਼ ! ਬੇਇੰਤਹਾ ਸ਼ੋਰ।

ਸਿਰਫ਼ ਮੈਂ ਉਸ ਸ਼ੋਰ ਵਿਚ ਸ਼ਾਮਲ ਨਹੀਂ ਸਾਂ।

ਸਿਰਫ਼ ਮੈਂ ਉਸ ਹਰਕਤ ਵਿਚ, ਉਸ ਤੇਜ਼ ਰਫ਼ਤਾਰ ਵਿਚ, ਉਸ ਗਰਦਸ਼ ਵਿਚ ਸ਼ਾਮਲ ਨਹੀਂ ਸਾਂ।

ਮੈਂ ਰੁਕ ਗਈ ਸਾਂ, ਜਿਥੇ ਚਾਰੇ ਰਾਹ ਮਿਲਦੇ ਨੇ, ਉਥੇ। ਨਹੀਂ, ਜਿਥੋਂ ਚਾਰੇ ਪਾਟਦੇ ਨੇ, ਉਥੇ।

ਤੂੰ ਕਦੇ ਭੱਠੀ ਵਿਚ ਭੁੱਜਦੇ ਦਾਣੇ ਵੇਖੇ ਨੇ ?

ਤੂੰ ਕਦੇ ਸੜਦੀਆਂ ਰੇਤਾਂ ਵਿਚ ਉੱਭਰਦੇ ਤੇ ਫਿੱਸਦੇ ਤਲੀਆਂ ਦੇ ਛਾਲੇ ਵੇਖੇ ਨੇ ?

ਤੂੰ ਕਦੇ ਪਿਆਸ ਵੇਖੀ ਏ ? ਜਦੋਂ ਆਦਮੀ ਕੁਰਲਾ ਵੀ ਨਹੀਂ ਸਕਦਾ। ਤੂੰ ਕਦੇ ਭੁੱਖ ਵੇਖੀ ਏ ? ਜਦੋਂ ਆਦਮੀ ਵਿਲ੍ਹਕ ਵੀ ਨਹੀਂ ਸਕਦਾ।

ਤੂੰ ਕਦੇ ਜਿਸਮ ਨੂੰ ਦੋ ਫਾੜੀਆਂ ਵਿਚ ਚਿਰਦੇ ਵੇਖਿਆ ਏ ?

ਤੂੰ ਕਦੇ ਪੋਟਾ-ਪੋਟਾ ਕਟੀਂਦਾ ਵੇਖਿਆ ਏ ?

ਤੂੰ ਕਦੇ ਕਿਸੇ ਨੂੰ ਸੂਲੀ ਚੜ੍ਹਦਿਆਂ ਵੇਖਿਆ ਏ ? ਹੱਥਾਂ ਵਿਚ ਕਿੱਲ, ਪੈਰਾਂ ਵਿਚ ਕਿੱਲ, ਤੇ ਕਿੱਲਾਂ ਦੇ ਆਸਰੇ ਚਮਗਾਦੜ ਵਾਂਗੂੰ ਫੈਲ ਕੇ ਲਟਕ ਰਿਹਾ ਮਨੁੱਖ।

ਜਦੋਂ ਵੀ ਫ਼ੋਨ ਕਰਦੀ, ਪਤਾ ਨਹੀਂ ਕੌਣ ਚੁੱਕਦਾ। ਤੂੰ ਤਾਂ ਏਥੋਂ ਡੇਪੂਟੇਸ਼ਨ 'ਤੇ ਗਿਆ ਹੋਇਆ ਸਾਏਂ। ਸੋ ਫ਼ੋਨ ਤਾਂ ਉਂਜ ਵੀ ਤੇਰੇ ਕੋਲ ਨਹੀਂ ਸੀ ਹੋਣਾ। ਜਿਹੜਾ ਵੀ ਬੰਦਾ ਫ਼ੋਨ ਚੁੱਕਦਾ, ਮੈਂ ਪੁੱਛਦੀ, "ਮਿਸਟਰ ਬਾਜਵਾ ਹੈਣ, ਅਵਿਨਾਸ਼ ਬਾਜਵਾ ?"

ਅਗੋਂ ਆਵਾਜ਼ ਆਉਂਦੀ, "ਏਕ ਮਿਨਟ ਹੋਲਡ ਰਖੀਏ।"

ਤੇ ਫੇਰ ਦੋ ਕੁ ਮਿੰਟ ਮਗਰੋਂ, "ਜੀ ਨਹੀਂ, ਵੋ ਤੋ ਨਹੀਂ ਹੈਂ। ਕੋਈ ਮੈਸੇਜ ? ਆਪ ਕਹਾਂ ਸੇ ਬੋਲ ਰਹੀ ਹੈਂ ?"

ਤੇ ਮੈਂ ਰਿਸੀਵਰ ਵਾਪਸ ਰੱਖ ਦੇਂਦੀ। ਜਿਵੇਂ ਕੋਈ ਆਪਣੇ ਬੱਚੇ ਦੀ ਲਾਸ਼ ਲਹਿਰਾਂ ਦੇ ਹਵਾਲੇ ਕਰਦਾ ਏ।

ਪਤਾ ਹੁੰਦਾ ਸੀ, ਤੂੰ ਗੱਲ ਨਹੀਂ ਕਰੇਂਗਾ।

ਫੇਰ ਵੀ ਫ਼ੋਨ ਕਰਦੀ।

ਪਤਾ ਸੀ, ਤੇਰਾ ਖ਼ਤ ਨਹੀਂ ਆਏਗਾ ।

ਫੇਰ ਵੀ ਤੈਨੂੰ ਖ਼ਤ ਲਿਖਦੀ ।

ਕਿਉਂਕਿ ਤੇਰੀ ਖ਼ਾਮੋਸ਼ੀ ਦੀ ਵਜ੍ਹਾ ਨਹੀਂ ਸੀ ਸਮਝ ਆ ਰਹੀ । ਤੇਰੀ ਬੇਰੁਖ਼ੀ ਦਾ ਕੋਈ ਕਾਰਨ ਨਹੀਂ ਸੀ ਸਮਝ ਆ ਰਿਹਾ ।

ਜਿਸ ਮੌਤ ਨੂੰ ਅੱਖੀਂ ਨਾ ਵੇਖੀਏ, ਉਸ ਤੇ ਯਕੀਨ ਕਰਨਾ ਥੋੜ੍ਹਾ ਔਖਾ ਹੁੰਦਾ ਏ ਨਾ !

ਤੂੰ ਕਦੇ ਲਹੂ ਦਾ ਪਨੀਰ ਬਣਦਾ ਵੇਖਿਆ ਏ ?

ਦੁੱਧ ਦਾ ਪਨੀਰ ਬਣਦਾ ਏ ਜਿਸ ਤਰ੍ਹਾਂ, ਉਸੇ ਤਰ੍ਹਾਂ । ਲਹੂ ਦਾ ਪਨੀਰ । ਗੰਧਲਾ ਗੁਲਾਬੀ ਪਾਣੀ ਵੱਖ ! ਸੁਰਖ਼ ਗਿਜ਼ਗਿਜ਼ੀਆਂ ਨਰਮ ਬੋਟੀਆਂ ਅਲਗ ।

## ਵੀਹ

ਪਤਾ ਲੱਗਾ, ਲੋਕਾਂ ਕੋਲੋਂ, ਕਿ ਤੂੰ ਬੰਬਈਓਂ ਵਾਪਸ ਆ ਗਿਆ ਏਂ ।

ਹੈਰਾਨੀ ਹੋਈ ।

ਜਿਵੇਂ ਬਹੁਤ ਲੰਬੀ ਤੇ ਖ਼ਤਰਨਾਕ ਬੀਮਾਰੀ ਮਗਰੋਂ ਕੋਈ ਪਾਸਾ ਮਾਰਿਆ ਜਾਂਦਾ ਏ, ਤੇ ਉਸ ਪਾਸੇ ਦਾ ਮਾਸ ਕੁਝ ਵੀ ਮਹਿਸੂਸ ਨਹੀਂ ਕਰ ਸਕਦਾ — ਨਾ ਠੰਢਾ, ਨਾ ਤੱਤਾ, ਨਾ ਸੂਈ ਦੀ ਚੋਭ, ਨਾ ਹਥੌੜੇ ਦੀ ਸੱਟ ।

ਮੈਨੂੰ ਤੇਰੇ ਦਿੱਲੀ ਵਿਚ ਈ ਹੋਣ ਦੀ ਪੀੜ ਮਹਿਸੂਸ ਹੀ ਨਹੀਂ ਹੋਈ । ਜੇ ਦਰਦ ਸੀ ਵੀ, ਤਾਂ ਇਕ ਬਹੁਤ ਖੁੰਢਾ ਦਰਦ, ਜਿਸ ਤਰ੍ਹਾਂ ਦਾ ਅਸੀਂ ਕਦੇ ਸਵੇਰੇ ਅਖ਼ਬਾਰ ਪੜ੍ਹਨ ਵੇਲੇ ਮਹਿਸੂਸ ਕਰਦੇ ਹਾਂ ਕਿ ਵੀਅਤਨਾਮ ਦੇ ਫਲਾਣੇ ਸ਼ਹਿਰ ਉਤੇ ਏਨੇ ਅਮਰੀਕੀ ਬੰਬ ਡਿਗੇ । 'ਹਾਏ ਕਿੰਨੇ ਬੰਦੇ ਮਰੇ ਹੋਣਗੇ'...ਅਸੀਂ ਸੋਚਦੇ ਹਾਂ ।

ਮੇਰੀ ਦੋਸਤ ਮੋਨਾ ਕਹਿੰਦੀ ਏ, "ਤੂੰ ਜਾ ਕੇ ਉਹਨੂੰ ਪੁੱਛਦੀ ਕਿਉਂ ਨਹੀਂ ? ਤੈਨੂੰ ਮੈਲੀ ਕਮੀਜ਼ ਵਾਂਗੂੰ ਲਾਹ ਕੇ ਸੁੱਟ ਦਿਤਾ ਏ ਉਹਨੇ । ਵ੍ਹਾਏ ਹੈਵ ਯੂ ਟਾਲਰੇਟਿਡ ਦਿਸ ? ਵ੍ਹਾਏ ?"

ਵਾਕਈ ਕਦੇ ਬਹੁਤ ਗੁੱਸਾ ਆਉਂਦਾ ਏ । ਉੱਬਲਦਾ ਹੋਇਆ ਰੋਹ । ਖੌਲਦੀ ਹੋਈ ਨਫ਼ਰਤ ।

ਜੀਅ ਕਰਦਾ ਏ, ਤੈਨੂੰ ਫੜ ਕੇ ਰੱਦੀ ਕਾਗ਼ਜ਼ ਵਾਂਗੂੰ ਪਾੜ ਦਿਆਂ । ਪੁਰਾਣੀ ਪਾਟੀ ਰਜ਼ਾਈ ਦੀ ਸਿਊਣ ਵਾਂਗੂੰ ਉਧੇੜ ਦਿਆਂ ।

ਤੇ ਤੇਰੇ ਕੋਲੋਂ ਪੁੱਛਾਂ, 'ਤੂੰ ਮੇਰੇ ਕੋਲੋਂ ਚਾਹੁੰਦਾ ਕੀ ਸਾਏਂ ? ਕਿਸੇ ਵੀ ਔਰਤ ਕੋਲੋਂ ਤੂੰ ਕੀ ਚਾਹੁੰਨਾ ਏਂ ? ਜਿਨ੍ਹਾਂ ਔਰਤਾਂ ਨਾਲ ਤੂੰ ਸੌਂਦਾ ਰਿਹਾ, ਉਹਨਾਂ ਨੂੰ ਤੂੰ ਉਂਜ ਕੜਾ ਸਮਝ ਕੇ ਸੁੱਟ ਦੇਂਦਾ ਰਿਹਾ । ਮੈਨੂੰ ਤੂੰ ਏਸ ਕਰਕੇ ਸੁੱਟ ਦਿਤਾ ਕਿ ਮੇਰੇ ਨਾਲ ਤੂੰ ਸੁੱਤਾ ਨਹੀਂ ਸਾਏਂ, ਏਸ ਕਰਕੇ ਮੇਰੇ ਨਾਲ ਤੇਰੀ ਕੋਈ ਸਾਂਝ ਨਹੀਂ ਸੀ । ਕੋਈ



ਕਮਿਟਮੈਂਟ ਨਹੀਂ ਸੀ । ਤੁਸੀਂ ਮਰਦ ਚਾਹੁੰਦੇ ਕੀ ਓ ਔਰਤ ਕੋਲੋਂ ? ਜੇ ਤੁਹਾਡੇ ਨਾਲ ਸੌਂ ਜਾਵੇ ਉਹ, ਤਾਂ ਉਹ ਘਟੀਆ ਕੰਜਰੀ ! ਉਹਦੇ ਬਿਸਤਰੇ ਵਿਚੋਂ ਨਿਕਲ ਕੇ ਅਗਲੇ ਈ ਪਲ ਤੁਸੀਂ ਉਹਦੇ ਬਾਰੇ ਕਹਿ ਸਕਦੇ ਓ, "ਸ਼ੀ ਇਜ਼ ਏ ਬਿੱਚ ।" ਤੇ ਜਿਹੜੀ ਔਰਤ ਨੂੰ ਬਿਸਤਰੇ ਤੱਕ ਨਾ ਲਿਜਾ ਸਕੋ, ਉਹਨੂੰ ਤੁਸੀਂ ਸਮਝਦੇ ਓ ਕੰਮ ਦੀ ਨਹੀਂ । ਠੰਢੀ, ਬੇਲੱਜ਼ਤ, ਬੇ-ਜ਼ਾਇਕਾ ਔਰਤ !

ਪਰ ਫੇਰ ਸੋਚਦੀ ਹਾਂ, ਤੂੰ ਮਿਲੇਂਗਾ, ਤਾਂ ਤੂੰ ਨਹੀਂ ਹੋਵੇਂਗਾ ਸ਼ਾਇਦ । ਅਵੀ ਨਹੀਂ, ਕੋਈ ਹੋਰ ਬੰਦਾ, ਕੋਈ ਅਜਨਬੀ ।'ਤੇ ਤੂੰ ਮੁਸਕਰਾ ਕੇ ਕਹੇਂਗਾ, "ਹੈਲੋ, ਕੀ ਹਾਲ ਏ ਜੀ ?"

ਸਿਗਰੇਟ ਦਾ ਧੂੰਆਂ ਲਾਪਰਵਾਹੀ ਨਾਲ ਉਗਲਦਾ ਹੋਇਆ । ਸਿਗਰੇਟ ਦੀ ਰਾਖ ਨੂੰ ਬੇ-ਨਿਆਜ਼ੀ ਨਾਲ ਛਿਟਕਦਾ ਹੋਇਆ ।

ਤੇ ਮੇਰੇ ਕੋਲੋਂ ਉਹ ਬਰਦਾਸ਼ਤ ਨਹੀਂ ਹੋਵੇਗਾ ।

ਲਾਸ਼ ਨੂੰ ਹੱਥ ਲਾ ਕੇ, ਟੋਹ ਕੇ, ਕੌਣ ਵੇਖ ਸਕਦਾ ਏ ?

ਤੇ ਲਾਸ਼ ਦਾ ਪੋਸਟ ਮਾਰਟਮ ਕਰਨ ਦਾ ਵੀ ਕੀ ਫ਼ਾਇਦਾ ਹੁੰਦਾ ਏ ?

## ਇੱਕੀ

ਅੱਜ ਤੇਰਾ ਦੋਸਤ ਮਿਲਿਆ । ਕੰਵਲ । ਕੌਫ਼ੀ ਹਾਊਸ ਵਿਚ ।

"ਮੈਂ ਤੇ ਬੜੇ ਦਿਨਾਂ ਤੋਂ ਸੋਚ ਰਹੀ ਸਾਂ ਤੁਹਾਨੂੰ ਮਿਲਣ ਲਈ, ਪਰ ਹਿੰਮਤ ਨਹੀਂ ਸੀ ਪੈਂਦੀ," ਮੈਂ ਕਿਹਾ ।

"ਦੱਸੋ ।"

"ਐਥੇ ਨਹੀਂ, ਚਲੋ ਚਲੀਏ ।" ਮੈਂ ਉੱਠ ਪਈ ।

ਅਸੀਂ ਦੋਵੇਂ ਬਾਹਰ ਆ ਗਏ । ਉਹ ਸਵਾਲੀਆ ਨਜ਼ਰਾਂ ਨਾਲ ਮੇਰੇ ਵਲ ਤੱਕ ਰਿਹਾ ਸੀ । ਉਂਗਲਾਂ ਵਿਚ ਮੋਟਰ ਦੀਆਂ ਚਾਬੀਆਂ ਦਾ ਗੁੱਛਾ ਘੁਮਾਂਦਾ ਹੋਇਆ ।

"ਜੇ ਤੁਹਾਡੇ ਕੋਲ ਵਕਤ ਹੋਵੇ ਕੰਵਲ, ਤਾਂ ਅਸੀਂ ਇੰਡੀਆ ਇੰਟਰਨੈਸ਼ਨਲ ਸੈਂਟਰ ਜਾ ਸਕਦੇ ਹਾਂ ।"

ਪੂਰੀ ਦਿੱਲੀ ਵਿਚ ਮੈਨੂੰ ਸਿਰਫ਼ ਇਕੋ ਥਾਂ ਪਸੰਦ ਸੀ ।

"ਚਲੋ", ਕੰਵਲ ਨੇ ਬੜੇ ਖ਼ਲੂਸ ਨਾਲ ਆਖਿਆ ।

ਮੈਂ ਡਰਾਈਵਰ ਨੂੰ ਗੱਡੀ ਪਿਛੇ ਲਿਆਉਣ ਲਈ ਕਹਿ ਦਿਤਾ, ਤੇ ਆਪ ਕੰਵਲ ਦੇ ਨਾਲ ਬਹਿ ਗਈ ।

ਸਾਰਾ ਰਾਹ ਕੋਈ ਖ਼ਾਸ ਗੱਲ ਨਹੀਂ ਹੋਈ । ਬਸ, ਰਸਮੀ ਗੱਲਾਂ, ਮਸਲਨ, ਬੱਚੇ ਕੈਸੇ ਨੇ ? ਸੁਨੀਤਾ ਦਾ ਕੀ ਹਾਲ ਏ ? ਕਦੇ ਅਵੀ ਦੀ ਬੀਵੀ ਮਿਲੀ ਏ ? ਮਾਂ ਉਹਦੀ ? ਤੁਹਾਡੇ ਬੀਜੀ ਦੀਆਂ ਅੱਖਾਂ ਦਾ ਆਪਰੇਸ਼ਨ ਹੋ ਗਿਆ ? ਪਾਕਿਸਤਾਨ ਨਾਲ ਸਮਝੌਤੇ ਦੇ ਕੀ ਚਾਂਸੇਜ਼ ਨੇ ? ਮਹਿੰਗਾਈ ਵਧ ਰਹੀ ਏ । ਕੀ ਬਣੇਗਾ ਇਸ ਮੁਲਕ ਦਾ !...

ਤੇ ਇੰਡੀਆ ਇੰਟਰਨੈਸ਼ਨਲ ਸੈਂਟਰ ਆ ਗਿਆ ।

ਲਾਊਂਜ ਵਿਚ ਪਰਲੀ ਨੁੱਕਰੇ ਸਿਰਫ਼ ਦੋ ਲੋਕ ਹੋਰ ਬੈਠੇ ਸਨ । ਉਰਲੀ ਨੁੱਕਰੇ ਪਏ ਸੋਫ਼ੇ 'ਤੇ ਅਸੀਂ ਬਹਿ ਗਏ । ਆਪਣੀ ਆਦਤ ਦੇ ਮੁਤਾਬਕ ਮੈਂ ਸੋਫ਼ੇ ਤੋਂ ਰੇਸ਼ਮੀ ਸੂਹੇ ਉਛਾੜ ਵਾਲੀ ਗੱਦੀ ਚੁੱਕ ਕੇ ਝੋਲੀ ਵਿਚ ਰਖ ਲਈ ।

ਕੁਝ ਚਿਰ ਖ਼ਾਮੋਸ਼ੀ ਰਹੀ ।

ਵੇਟਰ ਆਇਆ । ਕੰਵਲ ਨੇ ਉਹਨੂੰ ਕੌਫ਼ੀ ਲਿਆਉਣ ਲਈ ਕਿਹਾ । ਮੈਨੂੰ ਪੁੱਛਿਆ, "ਕੁਝ ਖਾਓਗੇ ?" ਮੈਂ ਕਿਹਾ, "ਨਹੀਂ, ਸਿਰਫ਼ ਕੌਫ਼ੀ ਦਾ ਪਿਆਲਾ ।"

ਫੇਰ ਖ਼ਾਮੋਸ਼ੀ ।

ਕੰਵਲ ਲਗਾਤਾਰ ਮੇਰੇ ਵਲ ਤੱਕ ਰਿਹਾ ਸੀ ।

ਮੈਨੂੰ ਅਹਿਸਾਸ ਹੋਇਆ, ਉਹਨੂੰ ਪਤਾ ਏ । ਏਸੇ ਕਰ ਕੇ ਸ਼ਾਇਦ ਉਹ ਚੁੱਪ ਸੀ ।

ਮੈਂ ਕਿਹਾ, "ਤੁਹਾਨੂੰ ਪਤਾ ਏ, ਅਵੀ...ਅਵੀ ਹੈਜ਼ ਗਾਨ ਅਵੇਅ ?"

"ਹਾਂ, ਥੋੜ੍ਹਾ ਕੁ," ਕੰਵਲ ਦੀ ਆਵਾਜ਼ ਵਿਚ ਬਹੁਤ ਸੰਜੀਦਗੀ ਸੀ ।

"ਕਿਸ ਤਰ੍ਹਾਂ ? ਉਹਨੇ ਦਸਿਆ ਸੀ ?"

"ਨਹੀਂ, ਖ਼ਾਸ ਤਾਂ ਨਹੀਂ ।"

"ਦਸਿਆ ਸੀ ਕਿ ਹੀ ਹੈਜ਼ ਡਿਸਕਾਰਡਿਡ ਮੀ ?" ਇਕ ਤਲਖ਼ ਮੁਸਕਾਨ ਮੇਰੇ ਹੋਠਾਂ 'ਤੇ ਆਈ । ਫੇਰ ਮੈਨੂੰ ਲਗਾ, ਨਹੀਂ ਇਹ ਬੜੀ ਬੇਹੂਦਾ ਐਕਟਿੰਗ ਸੀ । ਤੇ ਇਸ ਐਕਟਿੰਗ ਦੀ ਦਰ ਅਸਲ ਕੋਈ ਲੋੜ ਨਹੀਂ ਸੀ । ਕਮ-ਅਜ਼-ਕਮ ਕੰਵਲ ਦੇ ਸਾਹਮਣੇ ਤਾਂ ਨਹੀਂ ਹੀ ਸੀ ।

"ਨਹੀਂ, ਇਸ ਤਰ੍ਹਾਂ ਦਾ ਤਾਂ ਕੁਝ ਨਹੀਂ । ਸਿਰਫ਼ ਜਦੋਂ ਮੈਨੂੰ ਪਿਛਲੀ ਵਾਰੀ ਮਿਲਿਆ ਸੀ, ਮੈਂ ਪੁੱਛਿਆ ਸੀ, ਤੁਹਾਡਾ ਹਾਲ ਪੁੱਛਿਆ ਸੀ, ਕਹਿਣ ਲਗਾ, ਮੈਨੂੰ ਕੋਈ ਪਤਾ ਨਹੀਂ । ਮੈਂ ਕਿਹਾ, ਕਿਉਂ ਤੂੰ ਮਿਲਿਆ ਨਹੀਂ ? ਕਹਿਣ ਲਗਾ, ਨਹੀਂ ।"

"ਹੋਰ ?" ਆਵਾਜ਼ ਮੇਰੇ ਸੰਘ ਵਿਚ ਅਟਕ ਰਹੀ ਸੀ ।

"ਬਸ ! ਕੁਝ ਨਹੀਂ । ਉਹ ਗੱਲ ਈ ਇਸ ਅੰਦਾਜ਼ ਵਿਚ ਕਰ ਰਿਹਾ ਸੀ ਕਿ ਮੇਰੀ ਹੋਰ ਕੁਝ ਪੁੱਛਣ ਦੀ ਹਿੰਮਤ ਈ ਨਹੀਂ ਪਈ । ਸਗੋਂ ਮੈਂ ਤੇ ਤੁਹਾਡੇ ਕੋਲੋਂ ਪੁੱਛਣਾ ਸੀ, ਫ਼ੋਨ ਕਰ ਕੇ ।"

"ਮੈਂ ਕੀ ਦਸਣ ਜੋਗੀ ਆਂ ਕੰਵਲ ? ਮੈਨੂੰ ਤੇ ਗੱਲ ਦੀ ਸਮਝ ਈ ਨਹੀਂ ਆਈ । ਬੱਦਲ ਦੀ ਛਾਂ ਵਾਂਗੂੰ ਹੁਣੇ ਐਥੇ ਮੇਰੇ ਕੋਲ ਹੈਸੀ, ਤੇ ਹੁਣੇ ਕੋਈ ਨਹੀਂ ।"

ਇਕ ਅੱਥਰੂ ਮੇਰੇ ਸੰਘ ਵਿਚ ਜੰਮ ਕੇ ਬਰਫ਼ ਦਾ ਇਕ ਟੁਕੜਾ ਬਣ ਗਿਆ ।

"ਬੰਬਈ ਜਾਂਦੀ ਵਾਰੀ ਤੁਹਾਨੂੰ ਮਿਲ ਕੇ ਗਿਆ ਸੀ ?"

"ਮਿਲ ਕੇ ਕੀ, ਪਹਿਲੀ ਰਾਤ, ਪੂਰਾ ਦਿਨ ਤੇ ਪੂਰੀ ਰਾਤ, ਰਿਹਾ ਈ ਮੇਰੇ ਕੋਲ ਸੀ । ਜਾਣ ਲਗਿਆਂ ਕਹਿਣ ਲਗਾ, ਬੱਸ ਚਹੁੰ ਪੰਜਾਂ ਦਿਨਾਂ ਵਿਚ ਰਹਿਣ ਦਾ ਇੰਤਜ਼ਾਮ ਕਰ ਕੇ ਤੈਨੂੰ ਵੀ ਬੁਲਾ ਰਿਹਾਂ ।"



"ਉਸ ਤੋਂ ਮਗਰੋਂ ਕੋਈ ਪਤਾ ਨਹੀਂ ਲਗਾ ?"

"ਨਹੀਂ, ਟੈਲੀਫ਼ੋਨ 'ਤੇ ਗੱਲ ਹੋਈ ਸੀ । ਪਰ ਮਗਰੋਂ, ਜਦੋਂ ਵੀ ਮੈਂ ਟੈਲੀਫ਼ੋਨ ਕਰਾਂ, ਅਖਵਾ ਦੇਂਦਾ ਸੀ ਕਿ ਨਹੀਂ ਏ ਉਥੇ ।"

ਮੈਨੂੰ ਏਨੀ ਗਿਲਾਨੀ ਹੋਈ ਕਿ ਮੈਂ ਸਿਰ ਨੀਵਾਂ ਕਰ ਲਿਆ । ਜਿਸ ਤਰ੍ਹਾਂ ਦਾ ਅਹਿਸਾਸ ਉਦੋਂ ਟੈਲੀਫ਼ੋਨ ਦੇ ਦੂਜੇ ਸਿਰੇ ਤੋਂ ਕਿਸੇ ਦੀ ਆਵਾਜ਼ ਸੁਣ ਕੇ ਹੁੰਦਾ ਸੀ, 'ਜੀ, ਵੋਹ ਤੋ ਯਹਾਂ ਨਹੀਂ ਹੈਂ । ਕੋਈ ਮੈਸੇਜ ?'

ਢਿੱਡ ਵਿਚ ਲੱਤ ਖਾਧੇ ਕੁੱਤੇ ਵਰਗਾ ਉਹੀ ਅਹਿਸਾਸ ਜਿਵੇਂ ਵਾਪਸ ਮੁੜ ਆਇਆ ।

"ਕੋਈ ਖ਼ਤ ਨਹੀਂ ਆਇਆ ?"

"ਨਹੀਂ, ਮੈਂ ਲਿਖੇ ਸਨ, ਕਈ । ਕੋਈ ਜਵਾਬ ਨਹੀਂ ਆਇਆ ।"

"ਤੇ ਆ ਕੇ...?"

"ਆ ਕੇ ਨਹੀਂ ਮਿਲਿਆ । ਉਹਦੇ ਆਉਣ ਦਾ ਵੀ ਲੋਕਾਂ ਕੋਲੋਂ ਪਤਾ ਲਗਾ ।"

ਕੌਫ਼ੀ ਆ ਗਈ ।

ਕੰਵਲ ਦੋ ਪਿਆਲਿਆਂ ਵਿਚ ਕੌਫ਼ੀ ਬਣਾਉਣ ਲਗਾ । ਮੇਰੇ ਹੱਥ ਜਿਵੇਂ ਸੌਂ ਗਏ ਸਨ । ਮੇਰੀ ਝੋਲੀ ਵਿਚ ਪਈ ਗੱਦੀ ਉਤੇ ਪਏ ਪਏ ।

ਏਸ ਕਰ ਕੇ ਮੈਂ ਕੌਫ਼ੀ ਉਹਨੂੰ ਹੀ ਬਣਾਨ ਦਿਤੀ ।

ਆਹਿਸਤਾ ਆਹਿਸਤਾ ਪਿਆਲੇ ਵਿਚ ਖੰਡ ਹਿਲਾਂਦਾ ਹੋਇਆ ਉਹ ਬੜੀ ਡੂੰਘੀ ਸੋਚ ਵਿਚ ਗੁਆਚਾ ਰਿਹਾ ।

ਪਿਆਲੇ ਵਿਚੋਂ ਆਹਿਸਤਾ ਆਹਿਸਤਾ ਕੌਫ਼ੀ ਦੇ ਘੁੱਟ ਭਰਦਿਆਂ ਵੀ ਉਹ ਸੋਚਦਾ ਰਿਹਾ ।

"ਕੀ ਵਜ੍ਹਾ ਏ ਇਹਦੀ ?"—ਮੇਰਾ ਜਿਵੇਂ ਅਗਲਾ ਸਾਹ ਕੰਵਲ ਦਾ ਜਵਾਬ ਸੁਣਨ ਲਈ ਰੁਕ ਗਿਆ ।

"ਇਹ ਕਿ ਮੈਂ ਉਹਦੇ ਨਾਲੋਂ ਦੋ ਵਰ੍ਹੇ ਵੱਡੀ ਹਾਂ ? ਜਾਂ ਇਹ ਕਿ ਉਹ...ਉਹ ਅਜੇ ਤਕ ਮੇਰੇ ਨਾਲ ਸੁੱਤਾ ਨਹੀਂ ਸੀ । ਇਸ ਕਰ ਕੇ ਉਹਨੇ ਸੋਚਿਆ ਕਿ ਫ਼ਜ਼ੂਲ ਏ ਰਿਲੇਸ਼ਨ । ਜਾਂ ਇਹ, ਕਿ ਉਹਨੂੰ ਲਗਾ ਕਿ ਛੱਡਣਾ ਆਸਾਨ ਏ, ਕਿਉਂਕਿ ਮੇਰੇ ਨਾਲ ਉਹਦੀ ਕੋਈ ਕਮਿਟਮੈਂਟ ਨਹੀਂ ਸੀ ? ਨਾ ਸੋਸ਼ਲ, ਨਾ ਫ਼ਿਜ਼ੀਕਲ, ਨਾ ਹੀ ਸ਼ਾਇਦ ਉਹਦੇ ਸੋਚਣ ਮੁਤਾਬਿਕ ਮਾਰਲ ਕਮਿਟਮੈਂਟ ਹੀ ਸੀ ਕੋਈ । ਜਾਂ...!" ਮੇਰੇ ਖ਼ਿਆਲ ਜਿਨ੍ਹਾਂ ਅੰਨ੍ਹੀਆਂ ਗਲੀਆਂ ਵਿਚ, ਰੋਹੀਆਂ ਬੀਆਬਾਨਾਂ ਵਿਚ ਭਟਕਦੇ ਰਹੇ ਸਨ, ਉਹੀ ਮੈਂ ਕੰਵਲ ਨਾਲ ਸਾਂਝਿਆਂ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ ।

"ਨਹੀਂ, ਗੱਲ ਏਨੀ ਸਿੰਪਲ ਨਹੀਂ ।"

ਮੈਂ ਕੰਵਲ ਵਲ ਏਸ ਤਰ੍ਹਾਂ ਸਹਿਕ ਕੇ ਵੇਖਿਆ, ਜਿਵੇਂ ਉਹ ਬੰਦ ਅੰਨ੍ਹੀ ਗਲੀ ਦੀ ਆਖ਼ਰੀ ਬੰਦ ਦੀਵਾਰ ਨੂੰ ਤੋੜ ਕੇ ਘਰ ਤਕ ਰਾਹ ਕੱਢ ਲਵੇਗਾ, ਜਿਵੇਂ ਉਹ ਰੋਹੀਆਂ ਬੀਆਬਾਨਾਂ ਵਿਚ ਪੱਕੀ ਲੰਮੀ ਸਪਾਟ ਸੜਕ ਬਣਾ ਦੇਵੇਗਾ ।

ਉਹ ਥੋੜ੍ਹਾ ਅਚਕਚਾਇਆ, "ਨਹੀਂ, ਮੈਂ ਵੀ ਸਿਰਫ਼ ਅੰਦਾਜ਼ਾ ਹੀ ਲਗਾ ਰਿਹਾਂ। ਹੋ ਸਕਦਾ ਏ, ਮੇਰਾ ਅੰਦਾਜ਼ਾ ਗ਼ਲਤ ਹੀ ਹੋਵੇ। ਪਰ ਮੈਂ ਉਹਨੂੰ ਪਿਛਲੇ ਵੀਹਾਂ ਵਰ੍ਹਿਆਂ ਤੋਂ ਜਾਣਨਾਂ। ਏਸ ਕਰ ਕੇ ਮੁਮਕਿਨ ਏ ਕਿ ਸ਼ਾਇਦ ਜੋ ਮੈਂ ਸੋਚ ਰਿਹਾਂ, ਓਹੀ ਕਾਫ਼ੀ ਹਦ ਤਕ ਠੀਕ ਹੋਵੇ।"

"ਕੀ ?" ਮੈਨੂੰ ਆਪਣੀ ਆਵਾਜ਼ ਕੰਬਦੀ ਸੁਣਾਈ ਦਿਤੀ।

"ਅਸਲ ਵਿਚ ਉਹ ਬਹੁਤ ਵਰ੍ਹਿਆਂ ਤੋਂ ਆਪਣੇ ਆਪ 'ਤੇ ਤਰਸ ਖਾਂਦਾ ਰਿਹਾ ਏ। ਸੈਲਫ਼ ਪਿਟੀ, ਕਿ ਉਹਦੇ ਮਾਪੇ ਉਹਨੂੰ ਸਮਝਦੇ ਨਹੀਂ, ਕਿ ਉਹ ਹਾਕੀ ਦਾ ਚੈਂਪੀਅਨ ਬਣ ਸਕਦਾ ਸੀ, ਪਰ ਕਿਸੇ ਨੇ ਉਹਨੂੰ ਵੇਲੇ ਨਾਲ ਐਂਨਕਰੇਜ ਨਹੀਂ ਕੀਤਾ, ਕਿ ਉਹ ਫ਼ਾਰੇਨ ਸਰਵਿਸ ਵਿਚ ਜਾ ਸਕਦਾ ਸੀ, ਪਰ ਫ਼ਲਾਂ ਫ਼ਲਾਂ ਗੱਲਾਂ ਹੋ ਗਈਆਂ, ਜਿਸ ਕਰ ਕੇ ਨਹੀਂ ਜਾ ਸਕਿਆ, ਕਿ ਉਹ ਫ਼ਿਲਮ ਬਣਾ ਸਕਦਾ ਸੀ, ਪਰ ਟੈਲੇਂਟ ਦੀ ਕੋਈ ਕਦਰ ਈ ਨਹੀਂ ਇਸ ਮੁਲਕ ਵਿਚ। ਕਿ ਉਹਦਾ ਭਰਾ ਅਮਰੀਕਾ ਵਿਚ ਐਸ਼ ਕਰ ਰਿਹਾ ਏ ਤੇ ਮਾਪਿਆਂ ਦੀ ਦੇਖ ਭਾਲ ਦਾ ਸਾਰਾ ਕੰਮ ਉਸ ਵਿਚਾਰੇ ਦੇ ਮੋਢਿਆਂ 'ਤੇ ਪਿਆ ਹੋਇਆ ਏ ਤੇ ਕਿਸੇ ਨੂੰ ਪਰਵਾਹ ਈ ਨਹੀਂ ਕਿ ਉਹ ਵੀ ਆਖ਼ਰ ਮਨੁੱਖ ਏ। ਕਿ ਉਹਨੂੰ ਬੀਵੀ ਵੀ ਉਹਦੇ ਮੇਚ ਦੀ ਨਹੀਂ ਮਿਲੀ, ਉਹਦੇ ਮਿਆਰ ਦੀ, ਜਿਹੜੀ ਉਹਨੂੰ ਸਮਝ ਸਕੇ। ਕਿ ਉਹਦੀ ਨੌਕਰੀ ਬੜੀ ਬਕਵਾਸ ਏ ਤੇ ਉਹ ਬਹੁਤ ਉਚੇਰੇ ਤੇ ਚੰਗੇਰੇ ਕੰਮਾਂ ਲਈ ਬਣਿਆ ਸੀ, ਪਰ ਇਸ ਘਟੀਆ ਨੌਕਰੀ ਵਿਚ ਆਪਣੀ ਜ਼ਿੰਦਗੀ ਤਬਾਹ ਕਰ ਰਿਹਾ ਏ, ਤੇ ਸਭ ਤੋਂ ਵਧ ਇਹ ਕਿ ਉਹਨੂੰ ਕਿਸੇ ਔਰਤ ਨੇ ਕਦੇ ਮੁਹੱਬਤ ਨਹੀਂ ਕੀਤੀ। ਇਹ ਸੈਲਫ਼ ਪਿਟੀ ਜਿਵੇਂ ਉਹਦੀਆਂ ਵਸਾਖੀਆਂ ਬਣ ਗਈ ਏ। ਉਹਦੀ ਡੰਗੋਰੀ। ਵਸਾਖੀਆਂ ਦੇ ਸਹਾਰੇ ਤੁਰਦਿਆਂ ਤੁਰਦਿਆਂ ਉਹਦੀਆਂ ਆਪਣੀਆਂ ਲੱਤਾਂ ਬੇਕਾਰ ਹੋ ਗਈਆਂ ਨੇ। ਲੱਤਾਂ ਬੇਕਾਰ ਸਨ, ਇਸ ਕਰ ਕੇ ਉਹਨੇ ਕਰਚਿਜ਼ ਨਾਲ ਤੁਰਨਾ ਸ਼ੁਰੂ ਨਹੀਂ ਕੀਤਾ, ਸਗੋਂ ਕਰਚਿਜ਼ ਨਾਲ ਤੁਰਨ ਵਿਚ ਉਹਨੂੰ ਲੁਤਫ਼ ਆਉਣ ਲਗ ਪਿਆ ਸੀ। ਇਸ ਕਰ ਕੇ ਲੱਤਾਂ ਨੂੰ ਉਸ ਸਹਾਰੇ ਦੀ ਆਦਤ ਪੈ ਗਈ, ਤੇ ਉਹ ਆਪਣੇ ਆਪ ਤੁਰਨੋਂ ਅਸਮਰਥ ਹੋ ਗਈਆਂ। ਯੂ ਗੈੱਟ ਮਾਈ ਪੁਆਇੰਟ ?"

ਮੈਂ ਸਿਰ ਹਿਲਾਇਆ, "ਹਾਂ ਕੰਵਲ, ਤੁਹਾਡੀ ਸਾਰੀ ਗੱਲ ਦੀ ਮੈਨੂੰ ਸਮਝ ਆ ਰਹੀ ਏ।"

ਤੇ ਮੈਂ ਅਵੀ ਦੀ ਇਕ ਇਕ ਗੱਲ ਨੂੰ, ਇਕ ਇਕ ਹਰਕਤ ਨੂੰ ਕੰਵਲ ਦੀ ਇਸ ਗੱਲ ਦੇ ਗਜ਼ ਨਾਲ ਮਾਪ ਕੇ ਵੇਖ ਰਹੀ ਸਾਂ : ਠੀਕ ਤੇ ਹੈ। ਬਿਲਕੁਲ ਠੀਕ। ਬਿਲਕੁਲ ਮੇਚ।

"ਹੁਣ ਜਦੋਂ ਉਹਨੂੰ ਇਕ ਅਜ਼ੀਮ ਸ਼ਾਨਦਾਰ ਔਰਤ ਦਾ ਪਿਆਰ ਮਿਲਿਆ, ਇਕ ਈਮੈਨਸੀਪੇਟਿਡ ਔਰਤ ਦੀ ਮੁਹੱਬਤ ਮਿਲੀ, ਤਾਂ ਕੁਝ ਦੇਰ ਤਾਂ ਉਹ ਨਸ਼ੇ ਵਿਚ ਸਭ ਕੁਝ ਭੁੱਲ ਗਿਆ। ਪਰ ਫੇਰ ਸੰਭਲਿਆ, ਤਾਂ ਉਹਨੂੰ ਲਗਾ ਕਿ ਉਸ ਨਾਲ ਤਾਂ ਉਹਦੀਆਂ ਵਸਾਖੀਆਂ ਖੁੱਸ ਜਾਣਗੀਆਂ। ਸੈਲਫ਼ ਪਿਟੀ ਕਿਸ ਤਰ੍ਹਾਂ ਕਰੇਗਾ ਉਹ ? ਇਕ ਖ਼ਾਸ ਤਰੀਕੇ ਨਾਲ ਜੀਊਣ ਦੀ ਜਿਹੜੀ ਆਦਤ ਪੈ ਚੁਕੀ ਏ ਉਹਨੂੰ, ਉਸ ਆਦਤ ਤੋਂ ਬਿਨਾਂ ਜੀਵੇਗਾ ਕਿਸ ਤਰ੍ਹਾਂ ?



"ਸੋ ਉਹ ਸੋਚਦਾ ਰਿਹਾ ਸ਼ਾਇਦ। ਪਰ ਜਦੋਂ ਬੰਬਈ ਗਿਆ, ਓਥੇ ਉਹ ਇਕੱਲਾ ਸੀ। ਪੀਂਦਾ ਰਿਹਾ ਹੋਵੇਗਾ, ਤੇ ਸੋਚਦਾ ਰਿਹਾ ਹੋਵੇਗਾ। ਇਹ ਕੀ ਜ਼ਿੰਦਗੀ ਏ ਮੇਰੀ ਵੀ ? ਕੀ ਫ਼ਾਇਦਾ ਏ ਜੀਊਣ ਦਾ ? ਮੇਰੀ ਕਾਬਲੀਅਤ ਦੀ ਕੋਈ ਕਦਰ ਨਹੀਂ। ਮੈਂ ਇਕੱਲਾ ਹਾਂ। ਵਗ਼ੈਰਾ।"

ਕੁਝ ਚਿਰ ਖ਼ਾਮੋਸ਼ੀ ਰਹੀ।

"ਤੁਸਾਂ ਕਦੇ ਕੁੱਤੇ ਨੂੰ ਹੱਡੀ ਚੂਸਦਿਆਂ ਵੇਖਿਆ ਏ ?"

ਮੈਂ ਸਿਰ ਹਿਲਾਇਆ, "ਹਾਂ ਵੇਖਿਆ ਏ।"

"ਸੋਚੋ ਕਿ ਹੱਡੀ ਵਿਚੋਂ ਕੀ ਲੱਭਦਾ ਏ ਉਹਨੂੰ। ਕੁਝ ਵੀ ਨਹੀਂ। ਸਿਰਫ਼ ਹੱਡੀ ਦੀ ਰਗੜ ਨਾਲ ਉਹਦੇ ਆਪਣੇ ਮਸੂੜਿਆਂ ਵਿਚੋਂ ਲਹੂ ਸਿੰਮਣ ਲਗ ਪੈਂਦਾ ਏ, ਉਸੇ ਲਹੂ ਨੂੰ ਚੂਸਦਾ ਏ ਉਹ, ਤੇ ਉਹਨੂੰ ਲੁਤਫ਼ ਆਉਂਦਾ ਏ। ਉਹ ਸੋਚਦਾ ਏ, ਖ਼ੂਨ ਦਾ ਸੁਆਦ ਹੱਡੀ ਵਿਚੋਂ ਆ ਰਿਹਾ ਏ, ਸੋ ਉਹਨੂੰ ਛੱਡਦਾ ਨਹੀਂ।"

ਕੰਵਲ ਨੇ ਕੌਫ਼ੀ ਦਾ ਦੂਜਾ ਪਿਆਲਾ ਬਣਾਇਆ।

ਮੇਰਾ ਅਜੇ ਪਹਿਲਾ ਹੀ ਪਿਆ ਠੰਢਾ ਹੋ ਰਿਹਾ ਸੀ।

ਘੁੱਟ ਭਰਿਆ। ਕਹਿਣ ਲਗਾ, "ਤੇ ਉਸ ਇਕੱਲ ਵਿਚ, ਉਸ ਮਾਹੌਲ ਵਿਚ ਉਹਨੇ ਫ਼ੈਸਲਾ ਕੀਤਾ ਹੋਵੇਗਾ, ਕਿ ਤੁਹਾਡੀ ਮੁਹੱਬਤ ਉਹਨੂੰ ਮਿਲ ਗਈ, ਤਾਂ ਉਹਦੇ ਕੋਲੋਂ ਜੀਊਣ ਦਾ, ਸੈਲਫ਼ ਪਿਟੀ ਦਾ ਬਹਾਨਾ ਖੁੱਸ ਜਾਵੇਗਾ। ਉਹ ਸ਼ਾਇਦ ਤੁਹਾਡੇ ਨਾਲੋਂ ਜ਼ਿਆਦਾ ਜ਼ਰੂਰੀ ਸੀ ਉਹਦੇ ਲਈ। ਇਹ ਉਹਦੀ ਮਜਬੂਰੀ ਏ ਸ਼ਾਇਦ।"

ਕੰਬਦੇ ਹੱਥਾਂ ਨਾਲ ਮੈਂ ਆਪਣਾ ਪਿਆਲਾ ਚੁੱਕ ਕੇ ਹੋਠਾਂ ਨਾਲ ਲਾ ਲਿਆ।

ਅਜੀਬ ਗੱਲ ਏ, ਠੰਢੀ ਹੋ ਗਈ ਕੌਫ਼ੀ ਵਿਚੋਂ ਕੌਫ਼ੀ ਦੀ ਖ਼ੁਸ਼ਬੂ ਤੇ ਫਲੇਵਰ ਮਰ ਜਾਂਦੀ ਏ, ਸਿਰਫ਼ ਉਹਦੀ ਤਲਖ਼ੀਓਂ ਖ਼ਾਲੀ ਕੁੜੱਤਣ ਜ਼ਿੰਦਾ ਰਹਿੰਦੀ ਏ। ਉਹਨੂੰ ਭਾਵੇਂ ਘੁੱਟ ਘੁੱਟ ਕਰ ਕੇ ਪੀਵੋ, ਭਾਵੇਂ ਇਕੋ ਡੀਕੇ, ਕੋਈ ਫ਼ਰਕ ਨਹੀਂ ਪੈਂਦਾ।

ਮੈਂ ਪਿਆਲਾ ਇਕੋ ਡੀਕ ਨਾਲ ਪੀ ਕੇ ਵਾਪਸ ਰੱਖ ਦਿਤਾ।

ਖ਼ਾਲੀ।

# ਧੁੱਪ ਵਾਲਾ ਸ਼ਹਿਰ

''ਨਹੀਂ ਨਹੀਂ, ਤੈਨੂੰ ਜ਼ਰੂਰ ਆਉਣਾ ਪਵੇਗਾ। ਇਹ ਵੀ ਕੋਈ ਗੱਲ ਏ ? ਇਸ ਤਰ੍ਹਾਂ ਆਪਣੇ ਦਰਵਾਜ਼ੇ ਬੰਦ ਕਰ ਕੇ ਕਿੰਨਾ ਚਿਰ ਜੀਊ ਲਵੇਂਗੀ ਤੂੰ ? ਜੀਊਂਦੇ ਜੀਅ ਤੇ ਕਿਸੇ ਨਾ ਕਿਸੇ ਦੇ ਮੱਥੇ ਲਗਣਾ ਈ ਪੈਂਦਾ ਏ। ਨਾਲੇ...ਤੈਨੂੰ ਪਤਾ ਏ ਨਾ...ਮੈਂ ਤੇ ਕਲ੍ਹ ਸਵੇਰੇ ਫ਼ਲਾਈ ਕਰ ਰਿਹਾਂ — ਨੈਰੋਬੀ।''

ਇਹ ਅਖ਼ੀਰਲੀ ਗੱਲ ਬੜੀ ਮੱਧਮ ਆਵਾਜ਼ ਵਿਚ ਕਹੀ ਗਈ ਸੀ। ਪਲ ਦਾ ਪਲ ਗੀਤਾ ਫ਼ੈਸਲਾ ਨਹੀਂ ਕਰ ਸਕੀ ਕਿ ਗੌਤਮ ਉਸ ਨੂੰ ਆਪਣੇ ਮਿਲਣ ਲਈ ਸੱਦ ਰਿਹਾ ਸੀ ਕਿ ਉਸ ਪਰਦੇਸੀ...ਕੀ ਨਾਂ ਸੀ ਉਹਦਾ ?

''ਕੀ ਨਾਂ ਦਸਿਆ ਏ ਤੂੰ ਉਸ ਬੰਦੇ ਦਾ ?''

''ਡਾਨ ਡੀ ਕਾਰਲ।''

'ਡਾਨ...ਡਾਨ...' ਬੜਾ ਪਛਾਣਿਆ ਹੋਇਆ ਲਗਾ।

— ਪਰ ਮੈਂ ਤੇ ਕਦੇ ਕਿਸੇ ਨੂੰ ਮਿਲਦੀ ਹੀ ਨਹੀਂ। ਘਰੋਂ ਹੀ ਘੱਟ ਵੱਧ ਨਿਕਲਦੀ ਹਾਂ। ਇਹਨੂੰ ਕਿੱਥੇ ਮਿਲਣਾ ਸੀ ? ਨਾਲੇ ਗੌਤਮ ਕਹਿ ਰਿਹਾ ਏ, ਇਹ ਤੇ ਪਹਿਲੀ ਵਾਰੀ ਹਿੰਦੁਸਤਾਨ ਆਇਆ ਏ, ਤੇ ਉਹ ਵੀ ਦਸਾਂ ਦਿਨਾਂ ਲਈ, ਜਿਨ੍ਹਾਂ ਵਿਚੋਂ ਸਿਰਫ਼ ਚਾਰ ਦਿਨ ਦਿੱਲੀ ਰਹੇਗਾ, ਤੇ ਦਿੱਲੀ ਵਿਚ ਅੱਜ ਉਹਦਾ ਪਹਿਲਾ ਦਿਨ ਏ।

— ਡਾਨ...

— ਸ਼ਾਇਦ ਇਹ ਕਿਸੇ ਦਰਿਆ ਦਾ ਨਾਂ ਏ।

''ਬੜਾ ਵਧੀਆ ਬੰਦਾ ਏ। ਤੂੰ ਮਿਲੇਂਗੀ, ਤੇ ਜਾਣੇਂਗੀ। ਉਹਦੀ ਉਮਰ ਏ ਅਠਾਹਠ ਸਾਲ। ਪਰ ਉਸ ਦਾ ਸਾਰਾ ਜਿਸਮ ਜ਼ਿੰਦਗੀ ਦੀ ਤੀਖਣਤਾ ਨਾਲ ਮਚਲਦਾ ਏ। ਬੈਠਾ ਬੈਠਾ ਗਾਉਣ ਲਗ ਪੈਂਦਾ ਏ। ਉੱਚੀ ਉੱਚੀ ਲਤੀਫ਼ੇ ਸੁਣਾਂਦਾ ਏ। ਤੁਰਦਾ ਤੁਰਦਾ ਨੱਚਣ ਲਗ ਪੈਂਦਾ ਏ। ਅਜੀਬ ਮਨੁੱਖ ਏ,'' ਟੈਲੀਫ਼ੋਨ 'ਤੇ ਵੀ ਗੌਤਮ ਦੀ ਆਵਾਜ਼ ਭਖ਼ੀ ਹੋਈ ਜਾਪ ਰਹੀ ਸੀ।

''ਤੂੰ ਇਹਨੂੰ ਕਦੋਂ ਦਾ ਜਾਣਨਾਂ ਏਂ ਗੌਤਮ ?''

''ਮੈਂ ਓਦੋਂ ਸ਼ਿਕਾਗੋ ਵਿਚ ਸਾਂ। ਦੋ ਦਿਨਾਂ ਮਗਰੋਂ ਮੈਂ ਓਥੋਂ ਤੁਰ ਪੈਣਾ ਸੀ। ਇਕ ਰਾਤ ਮੈਂ ਇਕੱਲਾ ਹੀ ਰੋਟੀ ਖਾ ਰਿਹਾ ਸਾਂ। ਮੈਂ ਸੋਚਿਆ ਸੀ ਜਲਦੀ ਹੀ ਕੁਝ ਖਾ ਪੀ ਕੇ ਸੌਂ ਜਾਵਾਂਗਾ, ਕਿਉਂਕਿ ਅਗਲੇ ਦਿਨ ਮੈਂ ਬਹੁਤ ਸਾਰੇ ਕੰਮ ਕਰਨੇ ਸਨ। ਇਹ ਆ ਕੇ ਮੇਰੇ ਟੇਬਲ ਕੋਲ ਖਲੋ ਗਿਆ। ਮੈਨੂੰ ਕਹਿਣ ਲਗਾ : 'ਮੈਂ ਤੇਰੇ ਕੋਲ



ਬਹਿ ਜਾਵਾਂ ?' ਫੇਰ ਤੇ ਉਸ ਰਾਤ ਮੈਂ ਸਾਢੇ ਤਿੰਨ ਵਜੇ ਤਕ ਨਹੀਂ ਸੁੱਤਾ। ਅਸੀਂ ਘੁੰਮਦੇ ਰਹੇ...ਸੜਕਾਂ 'ਤੇ, ਕੈਫ਼ਿਆਂ ਵਿਚ, ਪਬਜ਼ ਵਿਚ। ਤੇ ਏਥੇ ਹੁਣ, ਤੱਕ ਨਾ, ਬਿਲਕੁਲ ਇਕੱਲਾ ਏ ਵਿਚਾਰਾ। ਮੈਂ ਸੋਚਿਆ ਸੀ, ਜੇ ਤੂੰ ਆ ਜਾਂਦੀ...।''

''ਅੱਛਾ, ਆ ਜਾਵਾਂਗੀ। ਪਰ ਕਿੱਥੇ ਆਵਾਂ ?''

''ਤੈਨੂੰ ਤਕਲੀਫ਼ ਕਰਨ ਦੀ ਲੋੜ ਨਹੀਂ। ਮੈਂ ਤੇਰੇ ਦਫ਼ਤਰੋਂ ਤੈਨੂੰ ਪਿੱਕ ਕਰ ਲਵਾਂਗਾ। ਫੇਰ ਡਾਨ ਨੂੰ ਉਹਦੇ ਹੋਟਲੋਂ ਨਾਲ ਲੈ ਲਵਾਂਗੇ, ਤੇ ਉਹਨੂੰ ਕਿਧਰੇ ਲੈ ਚਲਾਂਗੇ ਲੰਚ ਲਈ। ਮੈਂ ਹੁਣੇ ਉਹਨੂੰ ਵੀ ਟੈਲੀਫ਼ੋਨ ਕਰ ਦੇਨਾਂ।''

''ਅੱਛਾ ਫੇਰ — ਇਕ ਵਜੇ।''

''ਠੀਕ ਇਕ ਵਜੇ।''

ਰਿਸੀਵਰ ਹਥੋਂ ਰਖਣ ਮਗਰੋਂ ਗੀਤਾ ਨੂੰ ਆਪਣੀ ਬੇਵਕੂਫ਼ੀ 'ਤੇ ਅਫ਼ਸੋਸ ਆਉਂਦਾ ਏ।

— ਮੈਂ ਕਾਹਨੂੰ ਗੌਤਮ ਦੀਆਂ ਗੱਲਾਂ ਵਿਚ ਆ ਗਈ ? ਕੋਈ ਆਵੇ, ਕੋਈ ਜਾਵੇ, ਮੈਨੂੰ ਕੀ ?

ਪਰ ਕਿਧਰੇ ਬਹੁਤ ਅੰਦਰੋਂ ਉਸ ਨੂੰ ਅਹਿਸਾਸ ਹੁੰਦਾ ਏ ਕਿ ਏਸ ਪਰਦੇਸੀ ਦੀ ਇਕੱਲ ਨਾਲ ਉਸ ਨੂੰ ਜ਼ਰੂਰ ਕੋਈ ਸਰੋਕਾਰ ਹੈ। ਨਹੀਂ ਤੇ ਉਹ ਇਸ ਤਰ੍ਹਾਂ ਕਿਧਰੇ ਜਾਣੋਂ ਆਉਣੋਂ ਰਹੀ !

— ਜ਼ਿੰਦਗੀ ਨੇ ਮੈਨੂੰ ਏਨੀ ਇਕੱਲ ਦਿਤੀ ਏ...ਚਾਰੇ ਕੰਨੀਆਂ ਸਮੇਟ ਕੇ... ਜਿਵੇਂ...ਆਪਣੇ ਆਪ ਦੀ ਗੁਫ਼ਾ ਵਿਚ ਵੜ ਕੇ ਬਹਿ ਗਈ ਆਂ। ਨਾ ਸਾਹ ਦੀ ਆਵਾਜ਼ ਬਾਹਰ ਨਿਕਲੇ...ਨਾ ਬਾਹਰੋਂ ਕੋਈ ਆਵਾਜ਼ ਏਥੇ ਪਹੁੰਚੇ।

— ਕਦੇ ਕਦਾਈਂ...ਕੋਈ ਮਨੁੱਖ...ਹਾਂ, ਚੰਗਾ ਲਗਦਾ ਏ ਕਦੇ ਕੋਈ। ਵਰ੍ਹਿਆਂ ਦੇ ਰੇਗਿਸਤਾਨ ਵਿਚ...ਜਿਵੇਂ ਮੀਲਾਂ ਮੀਲਾਂ ਦੀ ਵਿੱਥ 'ਤੇ...ਕੋਈ ਪੈੜ...। ਪਰ ਓਧਰੋਂ ਹਵਾ ਆਈ...ਐਧਰੋਂ ਰੇਤ ਉੱਡੀ...ਤੇ ਪੈੜ ਮਿਟ ਜਾਂਦੀ ਏ।

ਇਕ ਹਉਕਾ। ਹਉਕੇ ਦਾ ਰੰਗ ਕਾਸ਼ਨੀ ਏ।

ਗੀਤਾ ਆਪਣੀ ਬੇਵਕੂਫ਼ੀ 'ਤੇ ਕੁੜ੍ਹਦੀ ਏ : ਕਿਉਂ ਗੌਤਮ ਦੀ ਗੱਲ ਮੰਨ ਲਈ ?

— ਗੌਤਮ ਦੇ ਸਾਹਮਣੇ ਮੈਂ ਏਨੀ ਕਮਜ਼ੋਰ ਕਿਉਂ ਹੋ ਜਾਂਦੀ ਹਾਂ ?

ਇਕ ਵਜੇ ਗੀਤਾ ਆਪਣੇ ਦਫ਼ਤਰ ਤੋਂ ਬਾਹਰ ਨਿਕਲੀ। ਗੌਤਮ ਦੀ ਮੋਟਰ ਉਸ ਦੇ ਕੋਲ ਆ ਕੇ ਰੁਕੀ।

ਰਾਹ ਵਿਚ ਗੌਤਮ ਉਸ ਨੂੰ ਦਸਦਾ ਰਿਹਾ, ''ਜਿਸ ਦਿਨ ਮੈਂ ਸ਼ਿਕਾਗੋ ਤੋਂ ਤੁਰਨਾ ਸੀ, ਇਹ ਮੈਨੂੰ ਕਹਿਣ ਲਗਾ, ਮੈਂ ਤੈਨੂੰ ਛੋੜਨ ਆਵਾਂਗਾ। ਮੈਂ ਆਖਿਆ, ਨਾ, ਮੇਰੇ ਕੋਲ ਵਕਤ ਹੀ ਨਹੀਂ ਹੋਣਾ। ਅੰਦਰੋਂ ਮੈਂ ਇਹ ਸੋਚਿਆ ਸੀ ਕਿ ਵਿਚਾਰੇ ਨੂੰ ਕਾਹਨੂੰ ਤਕਲੀਫ਼ ਦੇਣੀ ਏ। ਸੋ ਮੈਂ ਆਪਣੇ ਵਲੋਂ ਉਹਦੇ ਨਾਲ ਆਖ਼ਰੀ ਸਲਾਮ-ਦੁਆ ਕਰ ਲਈ। ਡਾਨ ਚੁੱਪ ਰਿਹਾ। ਪਰ ਤੁਰਨ ਲਗਿਆਂ ਜਿਸ ਵੇਲੇ ਮੇਰਾ ਸਾਮਾਨ ਲੱਦਿਆ ਜਾ ਰਿਹਾ ਸੀ, ਮੈਂ ਵੇਖਿਆ, ਪਰ੍ਹੇ ਇਕ ਬਿਜਲੀ ਦੇ ਖੰਭੇ ਨਾਲ ਲਗ ਕੇ

ਡਾਨ ਚੁੱਪ ਚਾਪ ਖੜਾ ਸੀ। ਮੈਂ ਹੈਰਾਨ ! ਮੈਂ ਇਹਦੇ ਕੋਲ ਗਿਆ, ਇਹ ਖ਼ਾਮੋਸ਼ ਮੇਰੇ ਵਲ ਵੇਖਦਾ ਰਿਹਾ। ਫੇਰ ਮੈਂ ਬੇਸਾਖ਼ਤਾ ਇਹਨੂੰ ਜੱਫੀ ਪਾ ਲਈ। ਇਹ ਆਖਣ ਲਗਾ : 'ਬਈ ਵਕਤ ਤੇਰੇ ਕੋਲ ਨਹੀਂ ਸੀ ਨਾ ! ਮੇਰੇ ਕੋਲ ਤੇ ਹੈਸੀ। ਸੋ ਮੈਂ ਤੈਨੂੰ ਛੋੜਨ ਆ ਗਿਆਂ। ਤੂੰ ਜਾ ਕੇ ਆਪਣਾ ਕੰਮ ਕਰ।' ਤੇ ਅਸੀਂ ਬਾਲਾਂ ਵਾਂਗੂੰ ਹਸਦੇ ਰਹੇ।''

ਗੀਤਾ ਗੌਤਮ ਦੀਆਂ ਗੱਲਾਂ ਸੁਣਦੀ ਰਹੀ।

ਏਨੇ ਚਿਰ ਵਿਚ ਡਾਨ ਦਾ ਹੋਟਲ ਆ ਗਿਆ।

ਉਹ ਬਾਹਰ ਪੋਰਚ ਵਿਚ ਖੜਾ ਸੀ। ਗੌਤਮ ਨੂੰ ਵੇਖਦਿਆਂ ਹੀ ਉਹਨੇ ਆਪਣੇ ਹੱਥ ਹਵਾ ਵਿਚ ਹਿਲਾਏ। ਅੱਡੀਆਂ ਜ਼ਮੀਨ ਤੋਂ ਉੱਠੀਆਂ...ਉੱਚੀ ਆਵਾਜ਼...ਗਾਉਂਦੀ ਹੋਈ ਟੋਨ...''ਆਈ ਮੇਡ ਇਟ, ਮਾਈ ਬਾਏ ! ਆਈ'ਵ ਕਮ ਟੂ ਯੋਅਰ ਕੰਟਰੀ !''

ਗੌਤਮ ਨੇ ਵੀ ਉਸੇ ਤਰ੍ਹਾਂ ਗਾ ਕੇ ਉਹਨੂੰ ਜੁਆਬ ਦਿਤਾ : ''ਯੂ ਬੀਲਾਂਗ ਟੂ ਦਿਸ ਪਲੇਸ, ਚਮ ! ਵੈਲਕਮ ਹੋਮ, ਬਾਏ !''

ਗੀਤਾ ਡਾਨ ਵਲ ਵੇਖ ਰਹੀ ਸੀ — ਬਾਲਾਂ ਵਰਗੀ ਹੈਰਾਨੀ ਨਾਲ। ਉਸ ਦੇ ਮਨ ਵਿਚ ਇਕ ਅਮਰੀਕਨ ਬਜ਼ੁਰਗ ਦੀ ਜਿਹੜੀ ਤਸਵੀਰ ਸੀ, ਡਾਨ ਉਸ ਤੋਂ ਬਿਲਕੁਲ ਅੱਡ ਸੀ। ਗੌਤਮ ਦੀ ਸਵੇਰ ਵਾਲੀ ਟੈਲੀਫ਼ੋਨ ਕਾਲ ਮਗਰੋਂ ਉਹ ਜਿਸ ਬੰਦੇ ਨੂੰ ਮਿਲਣ ਬਾਰੇ ਸੋਚ ਰਹੀ ਸੀ, ਉਹ ਲੰਮ ਸਲੰਮਾ ਮਨੁੱਖ ਸੀ, ਪੇਟ ਰਤਾ ਵਧਿਆ ਹੋਇਆ, ਪੇਟ ਦੇ ਉਤੇ ਖਿੱਚ ਕੇ ਚੜ੍ਹੀ ਹੋਈ ਪਤਲੂਨ, ਮੂੰਹ ਵਿਚ ਸਿਗਾਰ; ਖਰਖਰਾਉਂਦੀ ਘੋਗਲ ਆਵਾਜ਼; ਚਿਹਰਾ ਪੂਰੀ ਜ਼ਿੰਦਗੀ ਦੇ ਸਾਬਤ ਰੱਜ ਨਾਲ ਫੁੱਲਿਆ ਹੋਇਆ ਤੇ ਚਮਕਦਾ; ਵਧੀਆ ਕੱਪੜੇ। ਇਸ ਬੰਦੇ ਨੂੰ ਮਿਲਣੋਂ ਗੀਤਾ ਝਿਜਕ ਰਹੀ ਸੀ। ਪਰ ਡਾਨ ਤਾਂ ਉਸ ਤੋਂ ਬਿਲਕੁਲ ਉਲਟ ਸੀ : ਛੀਟਕਾ ਜਿਹਾ ਮਨੁੱਖ, ਕੱਦ ਮਸਾਂ ਸਾਢੇ ਪੰਜ ਫ਼ੁਟ, ਮੂੰਹ ਤੇ ਬੇਹੱਦ ਕੋਮਲਤਾ, ਕੱਪੜੇ ਬੜੇ ਢੁਕਵੇਂ, ਸਿਗਾਰ ਤੇ ਕੀ, ਸਿਗਰੇਟ ਵੀ ਨਹੀਂ, ਤੇ ਉਹਦੀਆਂ ਨੀਲੀਆਂ ਅੱਖਾਂ ਵਿਚ ਕਿਸੇ ਪਹਾੜੀ ਝੀਲ ਵਰਗੀ ਡੂੰਘਾਣ ਤੇ ਕੋਮਲਤਾ ਤੇ ਨੀਲੱਤਣ !

ਡਾਨ ਨੇ ਗੀਤਾ ਵਲ ਗਹੁ ਨਾਲ ਤੱਕਿਆ। ਏਨੇਂ ਚਿਰ ਨੂੰ ਗੀਤਾ ਵੀ ਤੇ ਗੌਤਮ ਵੀ ਮੋਟਰ ਵਿਚੋਂ ਉਤਰ ਚੁਕੇ ਸਨ। ਗੌਤਮ ਨੇ ਇੰਟਰੋਡਿਊਸ ਕਰਵਾਇਆ, ''ਇਹ ਗੀਤਾ। ਕਹਾਣੀਆਂ ਲਿਖਦੀ ਏ। ਇਹ ਡਾਨ ਡੀ ਕਾਰਲ। ਨਿਹਾਇਤ ਵਧੀਆ...''

ਡਾਨ ਨੇ ਗੱਲ ਵਿਚੋਂ ਹੀ ਟੁੱਕ ਲਈ, ਤੇ ਗੀਤਾ ਦਾ ਹੱਥ ਫੜ ਕੇ ਉਸ ਨੂੰ ਮੋਟਰ ਵਿਚ ਬਿਠਾ ਦਿਤਾ — ਗੌਤਮ ਦੇ ਨਾਲ ਵਾਲੀ ਅਗਲੀ ਸੀਟ 'ਤੇ। ਗੀਤਾ ਕਹਿੰਦੀ ਰਹੀ : ''ਨਹੀਂ, ਤੁਸੀਂ ਦੋਵੇਂ ਨਾਲ ਨਾਲ ਬੈਠੋ; ਮੈਂ ਪਿਛੇ ਬਹਿ ਜਾਵਾਂਗੀ।'' ਪਰ ਡਾਨ ਨੇ ਉਸ ਦੀ ਗੱਲ ਹੀ ਨਹੀਂ ਸੁਣੀ।

ਪਿਛਲੀ ਸੀਟ 'ਤੇ ਬਹਿ ਕੇ ਦੋਵੇਂ ਬਾਹਵਾਂ ਅਗਲੀ ਸੀਟ ਦੀ ਪਿੱਠ 'ਤੇ ਟਿਕਾ ਕੇ ਉਹ ਗੱਲਾਂ ਕਰਦਾ ਰਿਹਾ : ਗੌਟਮ, ਤੇਰੀ ਗੱਲ ਕੇਡੀ ਸੱਚੀ ਨਿਕਲੀ ! ਮੈਂ ਉਸ ਦਿਨ ਸ਼ਿਕਾਗੋ ਵਿਚ ਤੈਨੂੰ ਕਿਹਾ ਸੀ, ਗੌਤਮ, ਕੀ ਪਤਾ ਇਹ ਸਾਡੀ ਆਖ਼ਰੀ ਮੁਲਾਕਾਤ ਹੋਵੇ ! ਪਰ ਤੂੰ ਕਿਹਾ ਸੀ, ਨਹੀਂ ਡਾਨ, ਅਸੀਂ ਫੇਰ ਜ਼ਰੂਰ ਮਿਲਾਂਗੇ। ਤੇਰੀਓ ਗੱਲ



ਸੱਚੀ ਨਿਕਲੀ। ਲੋਕੀਂ ਸੱਚ ਆਖਦੇ ਨੇ, ਹਿੰਦੁਸਤਾਨੀਆਂ ਨੂੰ ਜੋਤਸ਼ ਆਉਂਦਾ ਏ।

ਤੇ ਫੇਰ ਉਹਨੇ ਪਿੱਛੋਂ ਦੀ ਬਾਂਹ ਵਧਾ ਕੇ ਗੀਤਾ ਦਾ ਹੱਥ ਫੜਿਆ, ਤੇ ਉਹਦੀ ਤਲੀ ਉਤੇ ਆਪਣੀ ਹਥੇਲੀ ਖੋਹਲ ਕੇ ਆਖਣ ਲਗਾ :'ਤੈਨੂੰ ਵੀ ਜੋਤਸ਼ ਆਉਂਦਾ ਏ ?'

ਗੀਤਾ ਨੇ ਉਸ ਦੇ ਹੱਥ ਦੀਆਂ ਲਾਈਨਾਂ ਉਤੇ ਆਪਣੀ ਪਹਿਲੀ ਉਂਗਲ ਦਾ ਪੋਟਾ ਘੁਮਾਂਦਿਆਂ ਕਿਹਾ : 'ਹਾਂ, ਆਉਂਦਾ ਏ। ਇਹ ਤੇਰੀਆਂ ਲਾਈਨਾਂ ਕਹਿੰਦੀਆਂ ਨੇ ਕਿ ਇਸ ਹੱਥ ਦਾ ਮਾਲਕ ਬੜਾ ਪਿਆਰਾ ਮਨੁੱਖ ਏ, ਤੇ ਉਹਨੂੰ ਦੁਨੀਆਂ ਨਾਲ ਬੜਾ ਇਸ਼ਕ ਏ, ਤੇ ਉਹ ਸਾਰੀ ਦੁਨੀਆਂ ਵਿਚ ਘੁੰਮਦਾ ਪਿਆ ਏ। ਤੇ ਹਾਲੀ ਬੜੇ ਵਰ੍ਹੇ ਹੋਰ ਉਹਨੇ ਦੁਨੀਆਂ ਨੂੰ ਪਿਆਰ ਕਰਨਾ ਏ, ਤੇ ਫੇਰ ਮੁੜ ਕੇ ਹਿੰਦੁਸਤਾਨ ਆਉਣਾ ਏ, ਤੇ ਗੌਤਮ ਤੇ ਗੀਤਾ ਨੂੰ ਮਿਲਣਾ ਏ।'

ਗੀਤਾ ਨੇ ਆਪਣਾ ਪੋਟਾ ਉਹਦੀਆਂ ਲਾਈਨਾਂ 'ਤੇ ਘੁਮਾਂਦਿਆਂ ਘੁਮਾਂਦਿਆਂ ਉਹਦੇ ਮੂੰਹ ਵਲ ਤੱਕਿਆ — ਉਹਦੇ ਹੋਠਾਂ 'ਤੇ ਅੱਧੀ ਕੁ ਮੁਸਕਰਾਹਟ ਸੀ। ਉਹਦੀਆਂ ਅੱਖਾਂ ਵਿਚ ਅੱਧੀ ਕੁ ਹਾਸੀ ਸੀ, ਇਕ ਮਾਸੂਮ ਬੱਚੇ ਵਰਗਾ ਕੌਤੂਹਲ ਸੀ।

'ਹੋਰ ?'

'ਹੋਰ ਇਹ ਲਿਖਿਆ ਏ ਕਿ ਇਸ ਮਨੁੱਖ ਨੂੰ ਬਹੁਤ ਸਾਰਾ ਪਿਆਰ ਮਿਲਿਆ ਏ।'

ਗੀਤਾ ਨੇ ਉਹਦੇ ਮੂੰਹ ਵਲ ਤੱਕਿਆ। ਉਹਦੇ ਹੋਠਾਂ 'ਤੇ ਅੱਧੀ ਕੁ ਹਾਸੀ ਉਸੇ ਤਰ੍ਹਾਂ ਖੜੋਤੀ ਸੀ, ਪਰ ਜਿਵੇਂ ਖੜੋਤੀ ਖੜੋਤੀ ਦੀ ਲੱਤ ਵਿਚ ਕੁੜੱਲ ਪੈ ਗਿਆ ਹੋਵੇ।

ਉਹਦੀਆਂ ਅੱਖਾਂ ਦੇ ਗਹਿਰੇ ਪਾਣੀਆਂ ਦੇ ਉਤੋਂ ਇਕ ਛਾਂ ਚੁੱਪਚਾਪ ਗੁਜ਼ਰਦੀ ਗੀਤਾ ਨੇ ਵੇਖੀ।

'ਤੇ ਹਾਲੀ ਬਹੁਤ ਸਾਰਾ ਪਿਆਰ ਹੋਰ ਵੀ ਮਿਲਣਾ ਏ,' ਗੀਤਾ ਨੇ ਉਹਦੀਆਂ ਅੱਖਾਂ ਵਿਚਲੀ ਛਾਂ ਵਲ ਤੱਕ ਕੇ ਆਖਿਆ।

ਡਾਨ ਮੁਸਕਰਾ ਪਿਆ, ਤੇ ਉਹਨੇ ਗੀਤਾ ਦਾ ਹੱਥ ਘੁਟ ਲਿਆ।

ਗੌਤਮ ਨੂੰ ਆਖਣ ਲਗਾ, 'ਸੁਣਿਆ ਈ ਗੌਟਮ, ਇਹ ਕੁੜੀ ਕੀ ਆਂਹਦੀ ਏ ? ਕਹਿੰਦੀ ਏ, ਮੈਨੂੰ ਹਾਲੀ ਬੜਾ ਪਿਆਰ ਮਿਲਣਾ ਏ। ਝੱਲੀ ਏ ਨਾ ! ਮੈਂ ਤੇ...ਖਵਰੇ ਵਾਪਸ ਘਰ ਵੀ ਪਹੁੰਚਣਾ ਏ ਕਿ ਨਹੀਂ !'

ਗੌਤਮ ਮੁਸਕਰਾ ਰਿਹਾ ਸੀ। ਸਾਹਮਣੇ ਸੜਕ ਵਲ ਵੇਖ ਕ ਆਪਣਾ ਸਟੀਅਰਿੰਗ ਘੁਮਾ ਰਿਹਾ ਸੀ। ਮੋਟਰ ਤੇਜ਼ ਭੱਜੀ ਜਾ ਰਹੀ ਸੀ।

'ਡਾਨ, ਮੇਰੇ ਦੋਸਤ, ਤੂੰ ਘਰ ਵੀ ਜ਼ਰੂਰ ਪਹੁੰਚਣਾ ਏ, ਤੇ ਫੇਰ ਅਗਲੇ ਵਰ੍ਹੇ ਮੁੜ ਕੇ ਤੂੰ ਐਥੇ ਸਾਡੇ ਘਰ ਵੀ ਜ਼ਰੂਰ ਆਉਣਾ ਏ। ਤੇ ਹਾਲੀ ਬਹੁਤ ਸਾਰੇ ਖ਼ਤ ਤੂੰ ਮੈਨੂੰ ਲਿਖਣੇ ਨੇ, ਤੇ ਮੈਂ ਤੈਨੂੰ ਲਿਖਣੇ ਨੇ...ਤੇ...।'

ਡਾਨ ਫੇਰ ਆਪਣੇ ਰਉਂ ਵਿਚ ਪਰਤ ਆਇਆ ਸੀ : 'ਗੌਟਮ, ਯਾਦ ਈ, ਜਿਹੜਾ ਖ਼ਤ ਤੂੰ ਮੈਨੂੰ ਰੋਮ ਤੋਂ ਲਿਖਿਆ ਸੀ ? ਏਨਾ ਲੰਮਾ ਖ਼ਤ...ਏਨਾ ਪਿਆਰਾ ਖ਼ਤ ਅੱਜ ਤਕ ਮੈਨੂੰ ਕਿਸੇ ਹੋਰ ਨੇ ਨਹੀਂ ਲਿਖਿਆ। ਮੈਂ ਉਹਨੂੰ ਕਿੰਨਾ ਚਿਰ ਬੋਝੇ ਵਿਚ ਪਾਈ ਰਖਿਆ। ਆਪਣੇ ਘਰ ਵਿਚ ਇਕ ਕਮਰੇ ਵਿਚੋਂ ਦੂਜੇ ਕਮਰੇ ਵਿਚ ਜਾਂਦਾ ਮੈਂ ਤੇਰੇ ਖ਼ਤ ਦੀਆਂ ਦੋ ਲਾਈਨਾਂ ਪੜ੍ਹਦਾ ਸਾਂ, ਤੇ 'ਕੱਲਾ ਨੱਚਦਾ ਰਹਿੰਦਾ ਸਾਂ। ਜੇ ਮੇਰੀ

ਬੀਵੀ ਜੀਉਂਦੀ ਹੁੰਦੀ ਤੇ ਮੈਨੂੰ ਖ਼ਤ ਪੜ੍ਹ ਪੜ੍ਹ ਕੇ ਇਸ ਤਰ੍ਹਾਂ ਬਉਰਿਆਂ ਹੁੰਦਿਆਂ ਵੇਖ ਲੈਂਦੀ, ਤਾਂ ਨਾ ਕੁਝ ਪੁੱਛਦੀ ਨਾ ਗਿੱਛਦੀ, ਝਟ ਡਾਈਵੋਰਸ ਦੇ ਦੇਂਦੀ।'

ਡਾਨ ਕੰਧਾਂ ਨਾਲ ਕੋਠੇ ਹਿਲਾਉਣ ਵਾਲੀ ਹਾਸੀ ਹੱਸਿਆ।

ਗੌਤਮ ਵੀ ਹੱਸਦਾ ਰਿਹਾ।

ਗੀਤਾ ਨੇ ਉਹ ਖ਼ਤ ਭਾਵੇਂ ਤੱਕਿਆ ਨਹੀਂ ਸੀ, ਪਰ ਉਹ ਅੰਦਾਜ਼ਾ ਲਾ ਸਕਦੀ ਸੀ ਕਿ ਗੌਤਮ ਨੇ ਕਿੰਨਾ ਪਿਆਰਾ ਖ਼ਤ ਲਿਖਿਆ ਹੋਵੇਗਾ। ਉਸ ਨੇ ਲਾਡ ਨਾਲ ਭਰ ਕੇ ਗੌਤਮ ਵਲ ਤੱਕਿਆ।

ਉਹ 'ਅਸ਼ੋਕਾ' ਪਹੁੰਚ ਗਏ। ਡਾਨ ਨੱਚੀ ਜਾ ਰਿਹਾ ਸੀ, ਗੱਲਾਂ ਕਰੀ ਜਾ ਰਿਹਾ ਸੀ।

ਡਾਈਨਿੰਗ ਹਾਲ ਤੋਂ ਪਹਿਲਾਂ ਹੀ ਇਕ ਫੁੱਲਾਂ ਵਾਲੀ ਦੁਕਾਨ ਸੀ। ਫੁੱਲ ਵਰਗੀ ਕੋਮਲ ਇਕ ਕੁੜੀ ਉਸ ਦੁਕਾਨ ਵਿਚ ਖੜੀ ਸੀ। ਡਾਨ ਉਹਨੂੰ ਫੁੱਲਾਂ ਬਾਰੇ ਪੁੱਛਦਾ ਰਿਹਾ: 'ਤੁਹਾਡੇ ਮੁਲਕ ਵਿਚ ਟੀਊਲਪਸ ਹੁੰਦੇ ਨੇ? ਹਾਈਡਰੇਂਜੀਆਜ਼ ਕਿਹੜੇ ਮੌਸਮ ਵਿਚ ਹੁੰਦੇ ਨੇ? ਡੇਲੀਆ ਦੀ ਕਿਹੜੀ ਕਿਸਮ ਹੁੰਦੀ ਏ? — ਕਿਹੜੇ ਮੌਸਮ ਵਿਚ?'

ਉਸ ਕੁੜੀ ਨੂੰ ਸਿਰਫ਼ ਫੁੱਲ ਵੇਚਣੇ ਆਉਂਦੇ ਸਨ। ਫੁੱਲਾਂ ਬਾਰੇ ਉਹਨੂੰ ਬਹੁਤਾ ਪਤਾ ਨਹੀਂ ਸੀ। ਉਹ ਘਬਰਾ ਰਹੀ ਸੀ, ਤੇ ਗੀਤਾ ਨੂੰ ਸ਼ਰਮ ਆ ਰਹੀ ਸੀ, ਕਿਉਂਕਿ ਇਸ ਮਾਮਲੇ ਵਿਚ ਉਹ ਵੀ ਡਾਨ ਦੀ ਬਹੁਤੀ ਮਦਦ ਨਹੀਂ ਸੀ ਕਰ ਸਕਦੀ। ਫੁੱਲਾਂ ਦਾ ਗੀਤਾ ਨੂੰ ਬੜਾ ਨਸ਼ਾ ਆਉਂਦਾ ਏ, ਪਰ ਉਹਨਾਂ ਦੇ ਨਾਂ ਉਹ ਕਦੇ ਯਾਦ ਨਹੀਂ ਰਖ ਸਕਦੀ। ਉਂਜ ਵੀ ਉਸ ਨੂੰ ਨਾਂ, ਨੰਬਰ, ਤਾਰੀਖ਼ਾਂ — ਸਭ ਭੁੱਲ ਜਾਂਦੀਆਂ ਨੇ।

ਡਾਈਨਿੰਗ ਹਾਲ ਵਿਚ ਆਰਕੈਸਟਰਾ ਵੱਜ ਰਿਹਾ ਸੀ। ਕਾਲੀਆਂ ਸ਼ੇਰਵਾਨੀਆਂ ਤੇ ਸਫ਼ੈਦ ਪਜਾਮੇ ਪਾ ਕੇ ਸਾਜ਼ਿੰਦੇ ਬੈਠੇ ਸਨ। ਬੜੀ ਪਿਆਰੀ ਧੁਨ ਵੱਜ ਰਹੀ ਸੀ। ਪਰ ਖਵਰੇ ਗੀਤਾ ਨੂੰ ਕਿਉਂ ਲਗਾ ਕਿ ਉਹ ਧੁਨ ਭਾਵਨਾਵਾਂ ਤੋਂ ਸਖਣੀ ਸੀ। ਉਹਦਾ ਜੀਅ ਕੀਤਾ, ਅੱਜ ਸਾਜ਼ਿੰਦੇ ਕੋਈ ਖ਼ਾਸ ਧੁਨ ਵਜਾਉਣ: ਡੂੰਘੇ, ਜਜ਼ਬੇ ਵਾਲੀ ਧੁਨ!

ਗੌਤਮ ਨੇ ਡਾਨ ਨੂੰ ਪੁੱਛਿਆ: 'ਡਾਨ, ਤੂੰ ਪਹਿਲੋਂ ਸੰਗਤਰੇ ਦਾ ਰਸ ਲਵੇਂਗਾ ਕਿ ਕੁਝ ਹੋਰ?'

'ਨਾ, ਸੰਗਤਰੇ ਤੋਂ ਮੇਰਾ ਜੀਅ ਅੱਕ ਗਿਆ ਏ। ਮੈਂ ਪਾਈਨਐਪਲ ਪੀਵਾਂਗਾ।'

ਮੈਂ ਕਿਹਾ, 'ਮੈਂ ਵੀ ਪਾਈਨਐਪਲ ਜੂਸ ਪੀਵਾਂਗੀ।'

ਗੌਤਮ ਨੇ ਆਰਡਰ ਦੇ ਦਿਤਾ।

'ਗੌਟਮ, ਇਹ ਹਿੰਦੁਸਤਾਨੀ-ਰਾਗ ਤੇ ਨਹੀਂ ਜਾਪਦਾ,' ਡਾਨ ਨੇ ਕੁਝ ਚਿਰ ਧਿਆਨ ਨਾਲ ਉਹ ਧੁਨ ਸੁਣਨ ਮਗਰੋਂ ਆਖਿਆ।

'ਹਾਂ, ਖ਼ਾਲਸ ਹਿੰਦੁਸਤਾਨੀ ਰਾਗ ਨਹੀਂ ਇਹ। ਅਸਲ ਵਿਚ ਰਾਗਾਂ ਵਿਚ ਵੀ ਪੱਛਮੀ ਪ੍ਰਭਾਵ ਆਣ ਰਲੇ ਨੇ।'

'ਤੈਨੂੰ ਸੰਗੀਤ ਚੰਗਾ ਲਗਦਾ ਏ?' — ਡਾਨ ਨੇ ਮੈਨੂੰ ਪੁੱਛਿਆ।



'ਬੇਹੱਦ ਚੰਗਾ ਲਗਦਾ ਏ। ਜਦੋਂ ਮੈਂ ਬਹੁਤ ਬਹੁਤ ਥੱਕੀ ਹੋਈ ਹੋਵਾਂ, ਜਾਂ ਬੇਹੱਦ ਪਰੇਸ਼ਾਨ ਹੋਵਾਂ, ਤਾਂ ਸੰਗੀਤ ਵਰਗਾ ਸੈਡੇਟਿਵ ਹੋਰ ਕੋਈ ਨਹੀਂ...ਜਿਵੇਂ ਕੋਈ ਬਹੁਤ ਪਿਆਰ ਕਰਨ ਵਾਲਾ ਮਨੁੱਖ ਮੇਰਾ ਸਿਰ ਆਪਨੀ ਝੋਲੀ ਵਿਚ ਰਖ ਕੇ ਮੇਰੇ ਵਾਲਾਂ ਨੂੰ, ਮੇਰੀਆਂ ਅੱਖਾਂ ਦੀਆਂ ਪਲਕਾਂ ਨੂੰ ਪਿਆ ਸਹਿਲਾਂਦਾ ਹੋਵੇ...।'

'ਗੌਟਮ, ਇਹ ਤੇਰੀ ਦੋਸਤ ਤੇ ਮੇਰੇ ਵਰਗੀ ਈ ਝੱਲੀ ਏ।'

ਡਾਨ ਦਾ ਚਿਹਰਾ ਹੋਰ ਵੀ ਕੋਮਲ ਹੋ ਆਇਆ!

ਗੌਤਮ ਗੀਤਾ ਵਲ ਤਕ ਕੇ ਮੁਸਕਰਾ ਰਿਹਾ ਸੀ। ਗੀਤਾ ਨੂੰ ਲਗਾ, ਉਹਦੀਆਂ ਗੱਲ੍ਹਾਂ ਭਖ ਆਈਆਂ ਸਨ।

'ਪਰ ਮੈਨੂੰ ਫੁੱਲਾਂ ਵਾਂਗੂ ਰਾਗਾਂ ਦੇ ਨਾਂ ਵੀ ਕੋਈ ਨਹੀਂ ਆਉਂਦੇ। ਨਾ ਮੈਨੂੰ ਕੋਈ ਧੁਨ ਸੁਣ ਕੇ ਇਹ ਪਤਾ ਲਗਦਾ ਏ ਕਿ ਇਹ ਖ਼ਾਲਸ ਹਿੰਦੁਸਤਾਨੀ ਧੁਨ ਏ ਕਿ ਵਲੈਤੀ ਏ,' ਗੀਤਾ ਨੇ ਕਾਹਲੀ ਨਾਲ ਆਖਿਆ।

ਪਾਈਨਐਪਲ ਜੂਸ ਆ ਗਿਆ।

'ਡਾਨ, ਤੂੰ ਵਲੈਤੀ ਖਾਣਾ ਖਾਵੇਂਗਾ ਕਿ ਹਿੰਦੁਸਤਾਨੀ?' — ਗੌਤਮ ਨੇ ਪੁੱਛਿਆ।

'ਹਿੰਦੁਸਤਾਨੀ! ਪਿਓਰ ਹਿੰਦੁਸਤਾਨੀ!' — ਡਾਨ ਨੇ ਬਾਲਾਂ ਵਾਂਗੂ ਮਚਲ ਕੇ ਕਿਹਾ।

ਗੌਤਮ ਨੇ ਆਰਡਰ ਦੇ ਦਿਤਾ। ਡਾਨ ਮੈਨਿਊ ਹੱਥ ਵਿਚ ਫੜ ਕੇ ਹਿੰਦੁਸਤਾਨੀ ਖਾਣਿਆਂ ਦੇ ਨਾਂ ਪੜ੍ਹਨ ਲਗਾ। ਫੇਰ ਆਸ ਪਾਸ ਤਕ ਕੇ ਰਤਾ ਕੁ ਅੱਗੇ ਵਲ ਝੁਕ ਕੇ ਗੌਤਮ ਨੂੰ ਹੌਲੀ ਜਿਹੀ ਆਖਣ ਲਗਾ, 'ਗੌਟਮ, ਮੈਂ ਇਹ ਮੈਨਿਊ ਚੁਰਾ ਲਵਾਂ?'

ਗੌਤਮ ਹੱਸ ਪਿਆ, 'ਜ਼ਰੂਰ ਚੁਰਾ ਲੈ।'

ਡਾਨ ਨੇ ਉਹਨੂੰ ਆਪਣੇ ਕੋਟ ਦੀ ਅੰਦਰਲੀ ਜੇਬ ਵਿਚ ਤੁੰਨ ਲਿਆ, 'ਐਥੋਂ ਤਾਂ ਕਿਸੇ ਨੂੰ ਨਜ਼ਰ ਨਹੀਂ ਨਾ ਆਵੇਗਾ?' — ਡਾਨ ਸਚਮੁਚ ਚੋਰਾਂ ਵਾਲਾ ਮੂੰਹ ਬਣਾ ਕੇ ਕੇ ਬੜੇ ਈਮਾਨਦਾਰਾਨਾ ਤਰੀਕੇ ਨਾਲ ਚੋਰੀ ਕਰ ਰਿਹਾ ਸੀ।

'ਨਹੀਂ, ਬਿਲਕੁਲ ਨਹੀਂ' — ਗੌਤਮ ਜਿਵੇਂ ਇਕ ਬਾਲ ਨੂੰ ਤਸੱਲੀ ਦੇ ਰਿਹਾ ਸੀ।

'ਗੌਟਮ, ਤੈਨੂੰ ਪਤਾ ਏ? — ਮੈਂ ਵਾਪਸ ਜਾ ਕੇ ਇਹਨਾਂ ਹਿੰਦੁਸਤਾਨੀ ਡਿਸ਼ਿਜ਼ ਦੇ ਨਾਂ ਆਪਣੇ ਦੋਸਤਾਂ ਨੂੰ ਸੁਣਾਵਾਂਗਾ, ਤੇ ਉਹਨਾਂ ਨੂੰ ਦਸਾਂਗਾ ਕਿ ਇਕ ਬੜੇ ਪਿਆਰੇ ਦੋਸਤ ਨੇ ਤੇ ਇਕ ਡਾਢੀ ਚੰਗੀ ਕੁੜੀ ਨੇ ਇਹ ਸਭ ਕੁਝ ਖੁਆਇਆ ਸੀ।'

ਜਿੰਨਾਂ ਚਿਰ ਉਹ ਰੋਟੀ ਖਾਂਦੇ ਰਹੇ, ਡਾਨ ਗੱਲਾਂ ਕਰਦਾ ਰਿਹਾ। ਬਹੁਤੀਆਂ ਗੱਲਾਂ ਸ਼ਿਕਾਗੋ ਦੀਆਂ ਸਨ; ਉਹਨਾਂ ਪਲਾਂ ਦੀਆਂ ਸਨ ਜਿਹੜੇ ਉਹਨਾਂ ਰਲ ਕੇ ਬਿਤਾਏ ਸਨ; ਡਾਨ ਦੇ ਘਰ ਦੀਆਂ ਸਨ ਜਿਥੇ ਉਹ ਗੌਤਮ ਨੂੰ ਲੈ ਗਿਆ ਸੀ।

'ਗੌਟਮ, ਤੂੰ ਜਦੋਂ ਤੁਰ ਆਇਉਂ ਤਾਂ ਮੈਨੂੰ ਚੇਤਾ ਆਇਆ ਕਿ ਮੈਂ ਤੈਨੂੰ ਉਹ ਕਾਲੀਨ ਤੇ ਵਿਖਾਇਆ ਈ ਨਹੀਂ ਜਿਹੜਾ ਮੇਰੀ ਬੀਵੀ ਨੇ ਆਪਣੀ ਹੱਥੀਂ ਬਣਾਇਆ ਸੀ। ਪਤਾ ਈ, ਉਹ ਈਰਾਨੀ ਕਿਸਮ ਦਾ ਕਾਲੀਨ ਏ। ਇਕ ਇਕ ਸੁਕੇਅਰ ਇੰਚ

ਵਿਚ ਢਾਈ ਢਾਈ ਸੌ ਗੰਢਾਂ ਪਾ ਕੇ ਮੇਰੀ ਬੀਵੀ ਨੇ ਉਹ ਬੁਣਿਆ ਸੀ । ਖਵਰੇ ਉਹਨੂੰ ਦਸ ਵਰ੍ਹੇ ਲਗੇ ਸਨ ਕਿ ਗਿਆਰਾਂ ਵਰ੍ਹੇ। ਉਹਨੂੰ ਮੈਂ ਡਾਢਾ ਈ ਸੰਭਾਲ ਕੇ ਰਖਿਆ ਹੋਇਆ ਏ ।'

'ਤੁਹਾਡੀ ਬੀਵੀ ਕਾਲੀਨ ਆਪੇ ਉਣ ਲੈਂਦੀ ਸੀ ?' — ਗੀਤਾ ਨੇ ਹੈਰਾਨ ਹੋ ਕੇ ਪੁੱਛਿਆ ।

'ਸਾਡਾ ਕੋਈ ਬੱਚਾ ਨਹੀਂ ਸੀ, ਏਸ ਕਰ ਕੇ ਉਹ ਵਿਹਲੀ ਸੀ । ਹੋਰ ਵੀ ਬਥੇਰਾ ਕੁਝ ਕਰਦੀ ਸੀ । ਸਾਰਾ ਦਿਨ ਭੱਜੀ ਤੁਰੀ ਰਹਿੰਦੀ ਸੀ । ਕਈਆਂ ਕਮੇਟੀਆਂ ਦੀ ਮੈਂਬਰ ਸੀ । ਵਿਹਲੇ ਵੇਲੇ ਹੋਰ ਸੈਂਕੜੇ ਕੰਮ ਕਰਦੀ ਰਹਿੰਦੀ ਸੀ — ਡਿਸ਼ਿਜ਼ ਪੇਂਟ ਕਰਦੀ ਸੀ, ਕਾਲੀਨ ਉਣਦੀ ਸੀ, ਗਿੱਠ ਗਿੱਠ ਚੌੜੀਆਂ ਲੈਸਾਂ ਉਣ ਕੇ ਪਲੰਘ-ਪੋਸ਼ਾਂ ਨੂੰ ਉਹਨੇ ਲਾਈਆਂ ਹੋਈਆਂ ਸਨ । ਗੌਟਮ, ਮੈਂ ਤੈਨੂੰ ਵਿਖਾਇਆ ਸੀ ਉਹ ਲੈਸ ਵਾਲਾ ਬੈੱਡ-ਕਵਰ ?'

ਡਾਨ ਦੀਆਂ ਅੱਖਾਂ ਨਮ ਸਨ । ਨਮੀ ਨਾਲ ਉਹਦੀਆਂ ਅੱਖਾਂ ਹੋਰ ਵੀ ਕੋਮਲ ਹੋ ਆਈਆਂ ਸਨ ।

"ਗੀਤਾ, ਡਾਨ ਆਪਣੀ ਬੀਵੀ ਨੂੰ ਦੀਵਾਨਿਆਂ ਵਾਂਗੂੰ ਇਸ਼ਕ ਕਰਦਾ ਸੀ। ਸ਼ਿਕਾਗੋ ਵਿਚ ਵੀ ਇਹ ਉਹਦੀਆਂ ਗੱਲਾਂ ਮੇਰੇ ਨਾਲ ਕਰਦਾ ਰਿਹਾ । ਮੈਂ ਸੋਚਦਾ ਰਿਹਾ ਕਿ ਉਹ ਔਰਤ ਕੇਡੀ ਪਿਆਰੀ ਹੋਵੇਗੀ ਜਿਹਨੂੰ ਡਾਨ ਵਰਗਾ ਵਧੀਆ ਮਨੁੱਖ ਏਨੇਂ ਵਰ੍ਹੇ ਏਨੀਂ ਸਾਬਤ ਡੀਵੋਸ਼ਨ ਨਾਲ ਮੁਹੱਬਤ ਕਰਦਾ ਰਿਹਾ, ਤੇ ਜਿਹੜੀ ਆਪਣੀ ਮੌਤ ਤੋਂ ਮਗਰੋਂ ਵੀ ਡਾਨ ਦੇ ਸਾਹਾਂ ਵਿਚ ਜੀਉਂਦੀ ਏ !"

ਡਾਨ ਚੁੱਪ ਚਾਪ ਗੌਤਮ ਦੀ ਗੱਲ ਸੁਣ ਰਿਹਾ ਸੀ । ਨਜ਼ਰਾਂ ਝੁਕਾ ਕੇ ਰੋਟੀ ਖਾ ਰਿਹਾ ਸੀ ।

ਕੁਝ ਚਿਰ ਖ਼ਾਮੋਸ਼ੀ ਰਹੀ । ਉਹ ਆਰਕੈਸਟਰਾ ਦੀ ਧੁਨ ਸੁਣਦੇ ਹੋਏ ਰੋਟੀ ਖਾਂਦੇ ਰਹੇ ।

... ... ...

ਅਸ਼ੋਕਾ ਤੋਂ ਵਾਪਸ ਮੁੜਦੀ ਵਾਰੀ ਡਾਨ ਨੇ ਅਚਾਨਕ ਗੌਤਮ ਨੂੰ ਕਿਹਾ — 'ਇਕ ਮਿੰਟ ਰੁਕੀਂ ।'

ਗੌਤਮ ਨੇ ਗੱਡੀ ਰੋਕੀ । ਡਾਨ ਬਾਰੀ ਵਿਚੋਂ ਬਾਹਰ ਤੱਕ ਰਿਹਾ ਸੀ । ਉਂਗਲ ਨਾਲ ਇਸ਼ਾਰਾ ਕਰ ਕੇ ਪੁੱਛਣ ਲਗਾ — 'ਗੌਟਮ, ਐਹ ਦਰਖ਼ਤ ਕਿਹੜਾ ਏ ?'

ਸੜਕ ਦੇ ਕਿਨਾਰੇ ਇਕ ਰੁੱਖ ਖੜਾ ਸੀ — ਮਧਰਾ ਜਿਹਾ, ਭਰਵਾਂ । ਉਹਦੀਆਂ ਟਹਿਣੀਆਂ ਦੇ ਸਿਰਿਆਂ ਤੋਂ ਕੱਚੇ ਪੀਲੇ ਰੰਗ ਦੇ ਸ਼ਗੂਫੇ ਲਟਕ ਰਹੇ ਸਨ : ਅੰਗੂਰਾਂ ਦੇ ਗੁੱਛਿਆਂ ਵਰਗੇ !

ਗੌਤਮ ਨੂੰ ਨਹੀਂ ਸੀ ਪਤਾ ।

'ਤੈਨੂੰ ਪਤਾ ਏ ਗੀਤਾ ?'



'ਮੈਂ ਤੇ ਅੱਗੇ ਈ ਦਸਿਆ ਏ ਕਿ ਮੈਨੂੰ ਨਾਵਾਂ-ਥਾਵਾਂ ਦਾ ਪਤਾ ਨਹੀਂ ਹੁੰਦਾ', ਗੀਤਾ ਨੇ ਅਚਕਚਾਉਂਦਿਆਂ ਹੋਇਆਂ ਆਖਿਆ । ਉਸ ਨੂੰ ਆਪਣੀ ਬੇਸਮਝੀ 'ਤੇ ਝੁੰਜਲਾਹਟ ਵੀ ਹੋ ਰਹੀ ਸੀ ।

'ਹੱਛਾ, ਚੱਲੋ ।' — ਡਾਨ ਨੇ ਨਿਰਾਸ਼ ਹੋ ਕੇ ਕਿਹਾ ।

ਡਾਨ ਦੇ ਹੋਟਲ ਪਹੁੰਚਣ ਤੋਂ ਪਹਿਲਾਂ ਹੀ ਗੌਤਮ ਨੇ ਫ਼ੈਸਲਾ ਕਰ ਦਿਤਾ ਕਿ ਪਰਸੋਂ ਦਾ ਡਿਨਰ ਗੀਤਾ ਡਾਨ ਦੇ ਨਾਲ ਹੀ ਲਵੇਗੀ ।

ਗੀਤਾ ਨਾਂਹ ਨਹੀਂ ਕਰ ਸਕੀ।

... ... ...

ਅਗਲੇ ਦਿਨ ਗੌਤਮ ਨੈਰੋਬੀ ਚਲਾ ਗਿਆ ।

ਸ਼ਾਮ ਵੇਲੇ ਗੀਤਾ ਨੇ ਡਾਨ ਦੇ ਹੋਟਲ ਟੈਲੀਫ਼ੋਨ ਕਰ ਕੇ ਪੁੱਛਿਆ । ਉਹ ਆਗਰੇ ਗਿਆ ਹੋਇਆ ਸੀ ।

ਉਸ ਤੋਂ ਅਗਲੇ ਦਿਨ ਦੀ ਦੁਪਹਿਰ...।

ਗੀਤਾ ਬਜ਼ਾਰ ਗਈ । ਡਾਨ ਲਈ ਉਹ ਕੋਈ ਪਿਆਰਾ ਜਿਹਾ ਤੋਹਫ਼ਾ ਖ਼ਰੀਦਣਾ ਚਾਹੁੰਦੀ ਸੀ । ਉਸ ਨੂੰ ਪਤਾ ਸੀ ਕਿ ਡਾਨ ਨੇ ਇਥੋਂ ਅਜੇ ਕੁਝ ਨਹੀਂ ਖ਼ਰੀਦਿਆ ਹੋਣਾ । ਵਕਤ ਹੀ ਕਿਥੇ ਮਿਲਿਆ ਸੀ ਅਜੇ ਉਹਨੂੰ ? ਗੀਤਾ ਉਸ ਨੂੰ ਕੋਈ ਨਿੱਕੀ ਮੋਟੀ ਚੀਜ਼ ਦੇਣੀ ਚਾਹੁੰਦੀ ਸੀ, ਜਿਹੜੀ ਉਸ ਨੂੰ ਹਿੰਦੁਸਤਾਨ ਆਉਣ ਦਾ ਚੇਤਾ ਕਰਵਾਉਂਦੀ ਰਹੇ।

ਗੀਤਾ ਨੇ ਉਹਦੇ ਜੋਗੀ ਇਕ ਕਿਤਾਬ ਖ਼ਰੀਦੀ, ਜਿਸ ਵਿਚ ਹਿੰਦੁਸਤਾਨੀ ਫੁੱਲਾਂ ਦੀਆਂ ਵੱਡੀਆਂ ਰੰਗੀਨ ਤਸਵੀਰਾਂ ਸਨ । ਦੋ ਸੰਦਲ ਦੇ ਹਾਥੀ ਤੇ ਰੰਗਦਾਰ ਵਾਸਕਟ।

ਤੇ ਸ਼ਾਮ...।

ਗੀਤਾ ਹਮੇਸ਼ਾਂ ਵਾਂਗੂੰ ਸਾਧਾਰਣ ਕੱਪੜੇ ਪਾਣ ਲਗੀ । ਖ਼ਾਸ ਸਾੜ੍ਹੀਆਂ ਉਸ ਕੋਲ ਹੈਸਣ ਵੀ ਦੋ ਚਾਰ ਹੀ । ਉਹ ਵੀ ਪਈਆਂ ਪਈਆਂ ਤਰੱਕਦੀਆਂ ਰਹਿੰਦੀਆਂ ਸਨ । ਗੀਤਾ ਪਾਂਦੀ ਹੀ ਨਹੀਂ ਸੀ । ਪਰ ਉਸ ਦਿਨ ਅਚਾਨਕ ਉਹਨੂੰ ਖ਼ਿਆਲ ਆਇਆ ਕਿ ਉਸ ਨੂੰ ਕੋਈ ਵਧੀਆ ਕੱਪੜਾ ਪਾਣਾ ਚਾਹੀਦਾ ਸੀ — ਕੋਈ ਉਚੇਚਾ ਕੱਪੜਾ । ਉਸ ਨੇ ਇਕ ਹਲਦੀ ਰੰਗੀ ਸਾੜ੍ਹੀ ਪਾ ਲਈ, ਨਾਲ ਇਕ ਚਾਂਦੀ ਦੀ ਚੇਨ ਵਿਚ ਪਰੋਇਆ ਹੋਇਆ ਛਣ ਛਣ ਕਰਦਾ ਮੋਟਾ ਚਾਂਦੀ ਦਾ ਪੈਂਡੂਲਮ ।

ਗੀਤਾ ਡਾਨ ਦੇ ਹੋਟਲ ਦੇ ਅੰਦਰ ਵੜੀ, ਤਾਂ ਉਹ ਸਾਹਮਣੇ ਹੀ ਵੇਟਿੰਗ ਰੂਮ ਵਿਚ ਬੈਠਾ ਚਹੁੰ ਪੰਜਾਂ ਬੰਦਿਆਂ ਨਾਲ ਗੱਪਾਂ ਮਾਰ ਰਿਹਾ ਸੀ । ਗੀਤਾ ਨੇ ਵੇਖਿਆ, ਉਹ ਸਾਰੇ ਪੰਝੀਆਂ-ਤੀਹਾਂ ਵਰ੍ਹਿਆਂ ਦੇ ਗਭਰੂ ਸਨ । ਤਿੰਨ ਹਿੰਦੁਸਤਾਨੀ ਸਨ, ਇਕ ਵਿਦੇਸ਼ੀ ਸੀ ।

ਡਾਨ ਉਹਨਾਂ ਨੂੰ ਕਹਿ ਰਿਹਾ ਸੀ — 'ਤੁਸੀਂ ਸ਼ਿਕਾਗੋ ਆਓ । ਜਦੋਂ ਤੱਕ ਤੁਹਾਨੂੰ ਕੰਮ ਕਾਰ ਨਹੀਂ ਮਿਲੇਗਾ, ਤੁਸੀਂ ਮੇਰੇ ਪਰਾਹੁਣੇ ਰਹਿਣਾ । ਬੱਸ, ਹਵਾਈ ਅੱਡੇ ਤੋਂ ਮੇਰੇ ਘਰ ਤੱਕ ਪਹੁੰਚਣ ਲਈ ਸਿਰਫ਼ ਪੰਜ ਡਾਲਰ ਤੁਹਾਨੂੰ ਕੈਬ ਵਾਲੇ ਨੂੰ ਦੇਣੇ ਪੈਣਗੇ । ਅੱਗੋਂ ਦਾ ਜ਼ਿੰਮਾ ਮੇਰਾ ।'

ਗੀਤਾ ਡਾਨ ਦੇ ਬਿਲਕੁਲ ਪਿੱਛੇ ਖੜੀ ਕੇ ਉਹਦੀਆਂ ਗੱਲਾਂ ਸੁਣਨ ਲਗੀ। ਪਰ ਜਦੋਂ ਡਾਨ ਨੇ ਵੇਖਿਆ ਕਿ ਬਾਕੀ ਲੋਕਾਂ ਦਾ ਧਿਆਨ ਉਹਦੀ ਪਿੱਠ ਪਿੱਛੇ ਜਾ ਰਿਹਾ ਏ, ਤਾਂ ਉਹਨੇ ਮੁੜ ਕੇ ਤੱਕਿਆ। ਗੀਤਾ ਸੀ। ਉਹ ਇਕ ਦਮ ਖੜਾ ਹੋ ਗਿਆ। ਗੀਤਾ ਦੀ ਬਾਂਹ ਫੜ ਕੇ ਉਹਨਾਂ ਬਾਕੀ ਲੋਕਾਂ ਨਾਲ ਉਸ ਦੀ ਜਾਣ ਪਛਾਣ ਕਰਵਾਉਣ ਲਗਾ।

ਡਾਨ ਨੇ ਵੀ ਕੱਪੜੇ ਉਚੇਚ ਨਾਲ ਪਾਏ ਲਗਦੇ ਸਨ। ਚੈੱਕ ਵਾਲੇ ਸੂਟ ਵਿਚ ਉਹਨੇ ਆਪਣੇ ਪਿੰਡੇ ਨਾਲੋਂ ਘੱਟੋ ਘੱਟ ਦਸ ਪੰਦਰਾਂ ਵਰ੍ਹੇ ਝਾੜ ਕੇ ਲਾਹ ਸੁੱਟੇ ਸਨ।

ਇੰਟਰੋਡੀਊਸ ਕਰਵਾਉਣ ਮਗਰੋਂ ਉਹ ਗੀਤਾ ਨੂੰ ਬਾਹਰਲੇ ਦਰਵਾਜ਼ੇ ਵਲ ਲੈ ਤੁਰਿਆ! ਗੀਤਾ ਨੇ ਆਪਣੇ ਹੱਥ ਵਿਚਲਾ ਪੈਕਿਟ ਉਹਨੂੰ ਫੜਾਂਦਿਆਂ ਕਿਹਾ, 'ਇਹ ਪੈਕਿਟ ਤੂੰ ਰੀਸੈਪਸ਼ਨਿਸਟ ਕੋਲ ਰੱਖ ਜਾਹ ਡਾਨ। ਵਾਪਸ ਮੁੜ ਕੇ ਲੈ ਲਵੀਂ।'

ਡਾਨ ਨੂੰ ਪਲ ਦਾ ਪਲ ਉਹਦੀ ਗੱਲ ਦੀ ਸਮਝ ਨਹੀਂ ਆਈ। ਚੁੱਪ ਚਾਪ ਖੜੋਤਾ ਇਕ ਸਵਾਲ ਅੱਖਾਂ ਵਿਚ ਭਰ ਕੇ ਉਹ ਗੀਤਾ ਵਲ ਵੇਖਦਾ ਰਿਹਾ।

'ਇਹ ਇਕ ਦੋ ਨਿੱਕੀਆਂ ਨਿੱਕੀਆਂ ਚੀਜ਼ਾਂ ਨੇ ਡਾਨ, ਤੇਰੇ ਲਈ' — ਗੀਤਾ ਨੇ ਮੁਸਕਰਾ ਕੇ ਝਕਦਿਆਂ ਝਕਦਿਆਂ ਆਖਿਆ।

'ਮੇਰੇ ਲਈ?' — ਡਾਨ ਜਿਵੇਂ ਮਕੱਈ ਦੇ ਦਾਣੇ ਵਾਂਗੂੰ ਚਟਖ਼ ਕੇ ਖਿੜ ਗਿਆ। ਪੈਕਿਟ ਹੱਥ ਵਿਚ ਫੜ ਕੇ ਕਾਹਲੀ ਕਾਹਲੀ ਖੋਹਲਦਾ ਉਹ ਵਾਪਸ ਆਪਣੇ ਸਾਥੀਆਂ ਕੋਲ ਚਲਾ ਗਿਆ, ਜਿਨ੍ਹਾਂ ਨਾਲ ਉਹ ਪਹਿਲੋਂ ਬੈਠਾ ਗੱਪਾਂ ਮਾਰ ਰਿਹਾ ਸੀ। ਕਾਗਜ਼ ਖੋਹਲ ਕੇ ਉਹਨੇ ਪਹਿਲੋਂ ਕਿਤਾਬ ਕੱਢੀ। ਬਾਕੀ ਲਿਫ਼ਾਫ਼ਾ ਵਿਚਕਾਰਲੇ ਛੋਟੇ ਮੇਜ਼ 'ਤੇ ਰਖ ਦਿਤਾ, ਜਿਸ ਉਤੇ ਰੰਗੀਨ ਤਸਵੀਰਾਂ ਵਾਲੀਆਂ ਕੁਝ ਮੈਗਜ਼ੀਨਾਂ ਪਈਆਂ ਸਨ। ਕਿਤਾਬ ਦੇ ਪਹਿਲੇ ਸਫ਼ੇ 'ਤੇ ਗੀਤਾ ਨੇ ਲਿਖਿਆ ਹੋਇਆ ਸੀ:

'ਏ ਟ੍ਰਿਬਿਊਟ ਟੂ ਦ ਸਿੰਫਨੀ ਆਫ ਯੋਅਰ ਪਰਸਨੈਲਿਟੀ'।

(ਤੇਰੀ ਸ਼ਖ਼ਸੀਅਤ ਦੀ ਸੁਰ-ਲਹਿਰੀ ਨੂੰ ਇਕ ਸ਼ਰਧਾਂਜਲੀ)

ਡਾਨ ਨੇ ਇਹ ਲਫ਼ਜ਼ ਪੜ੍ਹੇ ਤੇ ਫੇਰ ਪੰਘਰ ਕੇ ਗੀਤਾ ਵਲ ਵੇਖਿਆ। ਅੱਖਾਂ ਨਮ, ਮੂੰਹ ਬਿਲਕੁਲ ਪਿਘਲਿਆ ਹੋਇਆ, ਹੋਠ ਰਤਾ ਕੁ ਹਿੱਲ ਕੇ ਚੁੱਪ ਹੋਏ, ਹੱਥ ਵਿਚ ਖੁਲ੍ਹੀ ਕਿਤਾਬ ਦਾ ਪਹਿਲਾ ਵਰਕਾ, ਨਜ਼ਰਾਂ ਜਿਵੇਂ ਨਿਹਾਇਤ ਮਾਸੂਮੀਅਤ ਨਾਲ ਗੀਤਾ ਕੋਲੋਂ ਪੁੱਛ ਰਹੀਆਂ ਸਨ: 'ਮੈਂ ਤੇਰੇ ਇਹਨਾਂ ਲਫ਼ਜ਼ਾਂ 'ਤੇ ਇਤਬਾਰ ਕਰ ਲਵਾਂ?'

ਗੀਤਾ ਮੁਸਕਰਾਈ — ਸਿੱਧਾ ਉਹਦੇ ਵਲ ਤੱਕ ਕੇ।

ਉਹਨੇ ਇਕ ਵਾਰੀ ਫੇਰ ਕਿਤਾਬ ਵਲ ਤੱਕਿਆ, ਇਕ ਵਾਰੀ ਫੇਰ ਗੀਤਾ ਦੇ ਲਿਖੇ ਲਫ਼ਜ਼ ਪੜ੍ਹੇ, ਤੇ ਫੇਰ ਕਿਤਾਬ ਕੋਲ ਬੈਠੇ ਆਪਣੇ ਹਿੰਦੁਸਤਾਨੀ ਸਾਥੀ ਵਲ ਵਧਾ ਦਿਤੀ — 'ਔਹ ਤੱਕ, ਇਹ ਕੁੜੀ ਮੇਰੇ ਲਈ ਇਹ ਤੋਹਫ਼ਾ ਲਿਆਈ ਏ।'

ਫੇਰ ਉਹ ਲਿਫ਼ਾਫ਼ਾ ਫੋਲ ਫਾਲ ਕੇ ਹੋਰ ਚੀਜ਼ਾਂ ਕੱਢਣ ਲਗਾ। ਇਕ ਇਕ ਚੀਜ਼ ਕੱਢੀ ਜਾਵੇ, ਤੇ ਬਾਲਾਂ ਵਾਂਗੂੰ ਨੱਚੀ ਜਾਵੇ। ਆਪਣੇ ਸਾਥੀਆਂ ਨੂੰ ਵਿਖਾਈ ਜਾਵੇ, 'ਵੇਖੋ! ਮੈਂ ਤੁਹਾਨੂੰ ਕਿਹਾ ਸੀ ਨਾ ਕਿ ਜਿੰਨਾ ਕੁ ਮੈਂ ਡੀਜ਼ਰਵ ਕਰਦਾ ਸਾਂ ਜ਼ਿੰਦਗੀ ਨੇ



ਮੈਨੂੰ ਉਹਦੇ ਨਾਲੋਂ ਬਹੁਤ ਜ਼ਿਆਦਾ ਦਿਤਾ ਏ। ਜ਼ਿੰਦਗੀ ਨੇ ਹਮੇਸ਼ਾਂ ਮੇਰੇ ਨਾਲ ਰਿਆਇਤ ਕੀਤੀ ਏ; ਤੇ ਉਤੋਂ ਡੂੰਘਾ ਵਖਰਾ ਦੇਂਦੀ ਰਹੀ ਏ।'

ਸਾਰੀਆਂ ਚੀਜ਼ਾਂ ਕੱਢ ਕੇ, ਵੇਖ ਕੇ, ਓਥੇ ਬੈਠੇ ਲੋਕਾਂ ਨੂੰ ਫੜਾ ਕੇ ਜਿਵੇਂ ਉਹ ਵਿਹਲਾ ਹੋ ਗਿਆ। ਆਪਣੀਆਂ ਦੋਵੇਂ ਬਾਹਵਾਂ ਆਪਣੀ ਛਾਤੀ 'ਤੇ ਉਹਨੇ ਲਪੇਟ ਲਈਆਂ, ਤੇ ਉਹਨਾਂ ਲੋਕਾਂ ਨੂੰ ਬੜੀ ਗੰਭੀਰ ਆਵਾਜ਼ ਵਿਚ ਪੁੱਛਣ ਲਗਾ: 'ਮੈਨੂੰ ਸੱਚੋ ਸੱਚ ਦਸਿਆ ਜੇ! — ਕਿਸੇ ਵੀ ਬੰਦੇ ਨਾਲ ਇਹੋ ਜਿਹੀ ਪਿਆਰੀ ਤੇ ਅਲੌਕਾਰ ਘਟਨਾ ਕਿਤੇ ਵਾਪਰ ਸਕਦੀ ਏ?''

'ਨਹੀਂ। ਨਹੀਂ ਵਾਪਰ ਸਕਦੀ', ਉਹ ਸਾਰੇ ਪਤਾ ਨਹੀਂ ਸੱਚ ਬੋਲ ਰਹੇ ਸਨ, ਜਾਂ ਝੂਠ। ਗੀਤਾ ਕੋਲ ਖਲੋਤੀ ਸ਼ਰਮਾ ਰਹੀ ਸੀ।

ਡਾਨ ਨੇ ਅਚਾਨਕ ਗੀਤਾ ਦਾ ਹੱਥ ਫੜਿਆ। ਉਹਦੀ ਹਥੇਲੀ ਸਿੱਧੀ ਕਰ ਕੇ ਆਪਣੇ ਹੋਠ ਉਹਦੇ 'ਤੇ ਰੱਖ ਦਿਤੇ।

ਗੀਤਾ ਦੀਆਂ ਲੱਤਾਂ ਜਿਵੇਂ ਬੇਜਾਨ ਹੋ ਗਈਆਂ।

ਚੁੱਪ ਚਾਪ ਉਹਨੇ ਚੀਜ਼ਾਂ ਸਮੇਟੀਆਂ। ਚੁੱਪ ਚਾਪ ਰੀਸੈਪਸ਼ਨਿਸਟ ਕੋਲ ਜਾ ਕੇ ਕਹਿਣ ਲਗਾ — 'ਇਹਨਾਂ ਨੂੰ ਉਤੇ ਮੇਰੇ ਕਮਰੇ ਵਿਚ ਪੁਚਾ ਦਿਓ।'

ਗੀਤਾ ਵਲ ਆ ਕੇ ਉਸ ਨੇ ਆਪਣੀ ਬਾਂਹ ਵਿਚ ਗੀਤਾ ਦੀ ਬਾਂਹ ਵਲ੍ਹੇਟ ਲਈ, ਤੇ ਬੂਹੇ ਵਲ ਤੁਰ ਪਿਆ।

ਬਾਹਰ ਖੁਲ੍ਹਾ ਲਾਅਨ ਸੀ, ਹਨੇਰਾ ਸੀ। ਉਹਨੇ ਗੀਤਾ ਵਲ ਤੱਕਿਆ, ਤੇ ਉਸ ਦੀ ਧੌਣ ਨੂੰ ਆਪਣੇ ਹੋਠਾਂ ਨਾਲ ਬੁਹਾਰ ਦਿਤਾ।

ਨਮ ਅੱਖਾਂ, ਪਿਘਲਿਆ ਹੋਇਆ ਅਹਿਸਾਸ! ਬੇ-ਬੋਲ ਚੁੰਮਣ, ਬੇ-ਅਵਾਜ਼ ਸ਼ੁਕਰਾਨਾ! — ਗੀਤਾ ਨੂੰ ਅਚਾਨਕ ਅਹਿਸਾਸ ਹੋਇਆ ਕਿ ਇਹ ਮਨੁਖ ਆਪਣੇ ਸਾਰੇ ਉਛਾਲ ਤੇ ਸੰਗੀਤ ਤੇ ਹਾਸਿਆਂ ਦੇ ਬਾਵਜੂਦ ਅੰਦਰੋਂ, ਕਿਤੇ ਬਹੁਤ ਅੰਦਰੋਂ ਬੇਹੱਦ ਦੁਖਿਆ ਹੋਇਆ ਸੀ।

ਟੈਕਸੀ ਵਿਚ ਬਹਿ ਕੇ ਡਾਨ ਕਹਿਣ ਲਗਾ, 'ਕਿਸੇ ਈਹੋ ਜਿਹੀ ਥਾਂ 'ਤੇ ਲੈ ਚਲ, ਜਿਥੇ ਸੰਗੀਤ ਹਵੇ।'

ਗੀਤਾ ਸੋਚਣ ਲਗੀ: ਅਸ਼ੋਕਾ ਤੇ ਡਾਨ ਨੇ ਵੇਖ ਲਿਆ ਸੀ, ਓਥੇ ਦੁਬਾਰਾ ਇਹਨੂੰ ਲਿਜਾਣ ਵਿਚ ਕੋਈ ਤੁਕ ਨਹੀਂ। ਹੋਰ ਕਿਥੇ? ਹਾਲੀਂ ਤੇ ਸਿਰਫ਼ ਸਾਢੇ ਅੱਠ ਵਜੇ ਸਨ। ਸੰਗੀਤ ਤਾਂ ਨੌਂ ਵਜੇ ਤੋਂ ਪਹਿਲੋਂ ਸ਼ਾਇਦ ਕਿਧਰੇ ਵੀ ਸ਼ੁਰੂ ਨਹੀਂ ਹੁੰਦਾ।

ਪਹਿਲੋਂ ਉਹ ਉਸ ਨੂੰ ਵੋਲਗਾ ਲੈ ਗਈ। ਮੈਨੇਜਰ ਨੇ ਕਿਹਾ: ''ਅੱਜ ਮਿਊਜ਼ਿਕ ਨਹੀਂ ਹੋਵੇਗਾ: ਆਰਕੇਸਟਰਾ ਕਿਤੇ ਭੇਜਿਆ ਹੋਇਆ ਏ!''

ਫੇਰ ਉਹ ਉਹਨੂੰ ਗੇਲਾਰਡ ਲੈ ਗਈ: ਸੰਗੀਤ ਤਾਂ ਹਾਲੀਂ ਸ਼ੁਰੂ ਨਹੀਂ ਸੀ ਹੋਇਆ। ਖ਼ੈਰ, ਉਹਨਾਂ ਨੇ ਇਕ ਟੇਬਲ ਲੈ ਲਿਆ — ਆਰਕੇਸਟਰਾ ਦੇ ਪਲੇਟਫ਼ਾਰਮ ਦੇ ਬਿਲਕੁਲ ਨੇੜੇ।

ਉਹ ਬਹਿ ਗਏ, ਤਾਂ ਡਾਨ ਨੇ ਆਖਿਆ, 'ਤੈਨੂੰ ਪਤਾ ਏ ਗੀਤਾ ? ਇਸ ਸਾੜ੍ਹੀ ਵਿਚ ਤੂੰ ਸ਼ਹਿਜ਼ਾਦੀ ਜਾਪਨੀ ਏਂ ।'

'ਸੱਚ ?' — ਗੀਤਾ ਨੇ ਮੁਸਕਰਾ ਕੇ ਅੱਧਾ ਕੁ ਸਵਾਲ ਕੀਤਾ ।

'ਆਮ ਤੌਰ 'ਤੇ ਏਥੇ ਇਹੋ ਜਿਹੀਆਂ ਸਾੜ੍ਹੀਆਂ ਹੀ ਬੰਨ੍ਹਦੀਆਂ ਨੇ ਤੀਵੀਂਆਂ ?' — ਉਹ ਪੁੱਛ ਰਿਹਾ ਸੀ ।

'ਨਹੀਂ, ਕਿਸੇ ਖ਼ਾਸ ਮੌਕੇ 'ਤੇ ।'

ਡਾਨ ਚੁੱਪ ਰਿਹਾ । ਚੁੱਪ ਚਾਪ ਗੀਤਾ ਵਲ ਵੇਖਦਾ ਰਿਹਾ ।

'ਅੱਜ ਤੈਨੂੰ ਜੁ ਮਿਲਣਾ ਸੀ । ਖ਼ਾਸ ਗੱਲ ਸੀ ਨਾ ਇਹ ! ਤਾਂਹੀਏਂ ਇਹ ਸਾੜ੍ਹੀ ਪਾਈ ਏ ।'

ਡਾਨ ਬਾਲਾਂ ਵਾਂਗੂੰ ਕਿਲਕਾਰੀ ਮਾਰ ਕੇ ਹੱਸਿਆ — 'ਸੱਚ ?'

ਫੇਰ ਉਹਨੇ ਗੀਤਾ ਦਾ ਚਾਂਦੀ ਦਾ ਪੈਂਡੂਲਮ ਹੱਥ ਵਿਚ ਫੜ ਲਿਆ — 'ਇਹ ਚਾਂਦੀ ਦਾ ਏ ?'

'ਹੂੰ ।'

'ਅਮਰੀਕਾ ਵਿਚ ਆਮ ਤੌਰ 'ਤੇ ਤੀਵੀਂਆਂ ਮਣਕਿਆਂ ਦੀਆਂ ਮਾਲਾ ਪਾਂਦੀਆਂ ਨੇ ।'

ਫੇਰ ਉਹ ਕੰਧਾਂ 'ਤੇ ਹੋਈ ਨੱਕਾਸ਼ੀ ਦੀ ਤੇ ਖ਼ੂਬਸੂਰਤ ਹਾਲ ਦੀ ਤਾਰੀਫ਼ ਕਰਦਾ ਰਿਹਾ ।

ਖਾਣਾ ਆ ਗਿਆ ।

ਗੀਤਾ ਨੇ ਆਪਣੀ ਆਦਤ ਦੇ ਮੁਤਾਬਿਕ ਦੋ ਤਿੰਨਾਂ ਚੀਜ਼ਾਂ ਦਾ ਇਕ ਇਕ ਚਮਚਾ ਆਪਣੀ ਪਲੇਟ ਵਿਚ ਰੱਖ ਲਿਆ ।

'ਬੱਸ ?' ਡਾਨ ਨੇ ਗੀਤਾ ਦੀ ਪਲੇਟ ਵਲ ਤੱਕ ਕੇ ਇਸ ਤਰ੍ਹਾਂ ਆਖਿਆ ਜਿਵੇਂ ਇਕ ਮਾਂ ਬੱਚੇ ਨੂੰ ਘੱਟ ਖਾਂਦਿਆਂ ਵੇਖ ਕੇ ਡਾਂਟਦੀ ਏ । ਫੇਰ ਉਹਨੇ ਕੋਲ ਪਈ ਪਲੇਟ ਵਿਚੋਂ ਚੋਖੀਆਂ ਸਾਰੀਆਂ ਬਰੈੱਡ-ਸਟਿਕਸ ਚੁੱਕ ਕੇ ਗੀਤਾ ਦੀ ਪਲੇਟ ਵਿਚ ਭਰ ਦਿਤੀਆਂ, ਨਾਲ ਚੋਖਾ ਸਾਰਾ ਮੱਖਣ ।

'ਤੂੰ ਤੇ ਚਿੜੀਆਂ ਵਾਂਗੂੰ ਖਾਨੀ ਏਂ । ਜੇ ਤੂੰ ਏਸ ਉਮਰੇ ਏਸ ਤਰ੍ਹਾਂ ਚੋਗਾ ਚੁੱਗ ਚੁੱਗ ਕੇ ਖਾਏਂਗੀ, ਤੇ ਮੈਂ ਬੁੱਢਾ ਆਦਮੀ ਭਲਾ ਕੀ ਖਾਵਾਂਗਾ ? ਸਗੋਂ ਤੈਨੂੰ ਸੁਆਦ ਨਾਲ ਰੱਜ ਕੇ ਖਾਂਦਿਆਂ ਵੇਖ ਕੇ ਤੇ ਮੈਨੂੰ ਭੁੱਖ ਲਗਣੀ ਏ ।'

'ਤੂੰ ਬੁੱਢਾ ਕਦੋਂ ਏਂ, ਡਾਨ ? ਤੂੰ ਤੇ ਮੇਰੇ ਨਾਲੋਂ ਵੀ ਬਹੁਤਾ ਜੁਆਨ ਏਂ । ਤੱਕ, ਕਿਸ ਤਰ੍ਹਾਂ ਤੇ ਤੂੰ ਨੱਚ ਨੱਚ ਕੇ ਤੁਰਨਾ ਏਂ ! ਕਿਸ ਤਰ੍ਹਾਂ ਤੂੰ ਗਾਉਨਾਂ ਏਂ ! ਕਿਸ ਤਰ੍ਹਾਂ ਤੈਨੂੰ ਫੁੱਲਾਂ ਨਾਲ, ਰੁੱਖਾਂ ਨਾਲ ਇਸ਼ਕ ਏ ! ਉਹ ਸੱਚ, ਉਹ ਮੈਂ ਤੇ ਤੈਨੂੰ ਦੱਸਣਾ ਭੁੱਲ ਈ ਗਈ । ਤੂੰ ਜਿਸ ਦਰਖ਼ਤ ਦਾ ਨਾਂ ਪੁੱਛਿਆ ਸੀ ਨਾ ਪਰਸੋਂ ਗੌਤਮ ਕੋਲੋਂ, ਉਹਦਾ ਨਾਂ ਏ ਲੈਬਰਨਮ ।"

ਡਾਨ ਤੇ ਜਿਵੇਂ ਨਸ਼ੇ ਨਾਲ ਮਖ਼ਮੂਰ ਹੋ ਗਿਆ । ਕਿੰਨਾਂ ਈ ਚਿਰ ਉਹ ਫੁੱਲਾਂ ਦੀਆਂ ਤੇ ਰੁੱਖਾਂ ਦੀਆਂ ਗੱਲਾਂ ਕਰਦਾ ਰਿਹਾ — ਮੀਡੋ ਸਵੀਟ, ਵਾਈਟ ਵਾਟਰਲਿਲੀ,



ਬੈਨਬੈਰੀ, ਬਰਡਜ਼ ਨੈਸਟ ਤੇ ਆਰਚਿਡ ਦੀਆਂ ਗੱਲਾਂ ! ਹਨੀਸੱਕਲ ਦੀ ਨਸ਼ਿਆਈ ਖੀਵੀ ਖ਼ੁਸ਼ਬੂ ਦੀਆਂ ਗੱਲਾਂ ! ਕਾਰਨਫ਼ਲਾਵਰ ਤੇ ਸਪਰਿੰਗ ਜੈਨਸ਼ੀਅਨ ਦੇ ਨੀਲੇ ਗ਼ੁਬਾਰ ਦੀਆਂ ਗੱਲਾਂ ! ਪਿਰਾਮਿਡ ਆਰਚਿਡ ਦੇ ਜਾਮਨੀ ਹੁਸਨ ਦੀਆਂ ਗੱਲਾਂ !

ਫੇਰ ਉਹ ਆਖਣ ਲਗਾ : 'ਪਤਾ ਈ, ਧੁੱਪ ਫੁੱਲਾਂ ਦਾ ਸਾਹ ਹੁੰਦੀ ਏ ! ਤੇਰੇ ਮੁਲਕ ਵਿਚ ਕਿੰਨੀ ਪਿਆਰੀ ਧੁੱਪ ਏ !'

ਗੀਤਾ ਨੇ ਹੱਸ ਕੇ ਕਿਹਾ : 'ਇਹਨੀ ਦਿਨੀਂ ਪਿਆਰੀ ਲਗਦੀ ਏ ਨਾ ਪਈ ਤੈਨੂੰ । ਜੇ ਕਦੇ ਤੂੰ ਮਈ ਦੇ ਮਹੀਨੇ ਵਿਚ ਜਾਂ ਜੂਨ ਦੇ ਮਹੀਨੇ ਵਿਚ ਏਥੇ ਹੁੰਦੋਂ, ਤਾਂ ਪਤਾ ਲਗਦਾ !'

ਉਹਨੇ ਆਪਣੀਆਂ ਝੀਲਾਂ ਦੀ ਡੂੰਘਾਣ ਵਿਚੋਂ ਪਲ ਦਾ ਪਲ ਖ਼ਾਮੋਸ਼ ਗੀਤਾ ਵਲ ਤੱਕਿਆ । ਫੇਰ ਹੌਲੀ ਜਿਹੀ ਆਖਣ ਲਗਾ, 'ਤੂੰ ਨਾਲ ਹੁੰਦੀਓਂ, ਤਾਂ ਧੁੱਪ ਨੂੰ ਮੈਂ ਆਪੇ ਕੂਲਿਆਂ ਕਰ ਲੈਣਾ ਸੀ ।'

ਫੇਰ ਉਹ ਗੀਤਾ ਨੂੰ ਦੱਸਦਾ ਰਿਹਾ ਕਿ ਜਦੋਂ ਦਾ ਉਹ ਆਪਣੇ ਕੰਮ ਤੋਂ ਰੀਟਾਇਰ ਹੋਇਆ ਸੀ, ਉਹ ਕਈਆਂ ਮੁਲਕਾਂ ਵਿਚ ਘੁੰਮ ਚੁੱਕਾ ਸੀ । — 'ਚਾਰ ਮਹੀਨੇ ਨਹੀਂ ਲੰਘਦੇ, ਕਿ ਮੇਰਾ ਜੀਅ ਕਾਹਲਾ ਪੈਣ ਲਗ ਪੈਂਦਾ ਏ, ਹੁੱਸੜਨ ਲਗ ਪੈਂਦਾ ਏ । ਤੇ ਫੇਰ ਮੈਂ ਘਰੋਂ ਨਿਕਲ ਪੈਨਾਂ ।'

ਗੀਤਾ ਨੂੰ ਉਹ ਪੁੱਛਣ ਲਗਾ, 'ਤੂੰ ਕਦੇ ਹਿੰਦੋਸਤਾਨ ਤੋਂ ਬਾਹਰ ਗਈ ਏਂ ?'

ਗੀਤਾ ਨੇ ਕਿਹਾ, 'ਨਹੀਂ', ਪਰ ਦਿਲ ਬਹੁਤ ਕਰਦਾ ਏ ।

ਗੀਤਾ ਨੇ ਪਲ ਦਾ ਪਲ ਰੁਕ ਕੇ ਉਹਦੇ ਵਲ ਤੱਕਿਆ । ਉਹ ਸੋਚ ਰਹੀ ਸੀ ਕਿ ਅਗਲੀ ਗੱਲ ਜਿਹੜੀ ਉਹਦੇ ਸੰਘ ਤੱਕ ਆ ਗਈ ਸੀ, ਉਹ ਉਸ ਨੂੰ ਓਸ ਬੰਦੇ ਨਾਲ — ਓਸ ਅਮਰੀਕਨ ਨਾਲ — ਕਰਨੀ ਚਾਹੀਦੀ ਏ ਕਿ ਨਹੀਂ ।

'ਇਕ ਗੱਲ ਦੱਸਾਂ ? ਤੂੰ ਮਾਈਂਡ ਤੇ ਨਹੀਂ ਕਰੇਂਗਾ ?' — ਗੀਤਾ ਝਕਦੀ ਹੋਈ ਪੁੱਛਦੀ ਏ ।

'ਨਹੀਂ, ਦੱਸ,' ਉਹ ਆਪਣਾ ਛੁਰੀ-ਕਾਂਟਾ ਪਲੇਟ ਵਿਚ ਰੱਖ ਕੇ ਗੀਤਾ ਵਲ ਮੁੜ ਜਾਂਦਾ ਏ ।

'ਪਤਾ ਏ ਮੇਰਾ ਕਿੱਥੇ ਜਾਣ ਤੇ ਜੀਅ ਕਰਦਾ ਏ ? ਇਕ ਤਾਂ ਜਾਪਾਨ, ਤੇ ਦੂਜਾ ਇਟਲੀ । ਮਗਰੋਂ ਕੋਈ ਹੋਰ ਮੁਲਕ । ਅਮਰੀਕਾ ਵੀ ਮਗਰੋਂ ।'

ਸੁਣ ਕੇ ਡਾਨ ਜਿਵੇਂ ਨੱਚਣ ਲਗ ਪਿਆ, 'ਤੈਨੂੰ ਪਤਾ ਏ — ਮੇਰਾ ਵੀ ਅਸਲੀ ਮੁਲਕ ਇਟਲੀ ਏ !'

'ਇਟਲੀ ? ਪਰ ਗੌਤਮ ਤੇ ਕਹਿੰਦਾ ਸੀ...

ਉਹ ਖਚਰੀ ਜਿਹੀ ਹਾਸੀ ਹੱਸਿਆ, 'ਗੌਤਮ ਨੂੰ ਕੀ ਪਤਾ ? ਅਸਲੀ ਗੱਲ ਤਾਂ ਮੈਂ ਤੈਨੂੰ ਦੱਸਣ ਲਗਾਂ । ਹੋਰ ਤੇ ਹੋਰ, ਜਦੋਂ ਥੋੜ੍ਹੇ ਦਿਨ ਹੋਏ ਮੈਂ ਕਲਕੱਤੇ ਵਿਚ ਸਾਂ, ਤਾਂ ਓਥੇ ਕੁਝ ਵਿਦਿਆਰਥੀਆਂ ਨੇ ਮਿਲ ਕੇ ਐਂਟੀ-ਅਮੈਰਿਕਨ ਜਲਸਾ ਕੀਤਾ । ਮੇਰੇ ਹੋਟਲ ਦੇ ਤਕਰੀਬਨ ਸਾਹਮਣੇ ਹੀ ਚੌਰਾਹੇ ਵਿਚ ਉਹਨਾਂ ਨੇ ਅਖ਼ਬਾਰੀ ਕਾਗ਼ਜ਼ਾਂ ਦਾ ਇਕ ਅਮਰੀਕਨ ਦਾ ਪੁਤਲਾ ਬਣਾਇਆ, ਤੇ ਫੇਰ ਉਹਨੂੰ ਅੱਗ ਲਾ ਦਿਤੀ । ਹੁਣ ਮੇਰਾ

ਕੱਦ ਏ ਛੋਟਾ' — ਉਹ ਫੇਰ ਹੱਸਿਆ — 'ਮੈਂ ਰਤਾ ਕੁ ਭੀੜ ਨੂੰ ਧੱਕ ਧੁੱਕ ਕੇ ਅੱਗੇ ਹੋਣ ਦੀ ਕੋਸ਼ਿਸ਼ ਕੀਤੀ। ਮੈਂ ਸੋਚਿਆ, ਤਮਾਸ਼ਾ ਵੇਖਾਂ। ਤਾਹੀਏਂ ਦੋਂਹ ਬੰਦਿਆਂ ਨੇ ਮੇਰੀਆਂ ਦੋਵੇਂ ਬਾਹਵਾਂ ਫੜ ਲਈਆਂ। ਕਹਿਣ ਲਗੇ : 'ਤੂੰ ਕੌਣ ਏਂ ਓਏ? ਅਮਰੀਕਨ ਏਂ?' ਮੈਂ ਸੋਚਿਆ-ਸਾਚਿਆ ਕੁਝ ਨਹੀਂ। ਅਚਾਨਕ ਹੀ ਉਭੜਵਾਹੇ ਮੇਰੇ ਮੂੰਹੋਂ ਨਿਕਲਿਆ, 'ਨਹੀਂ, ਮੈਂ ਤੇ ਇਟੈਲੀਅਨ ਆਂ।'

ਡਾਨ ਜ਼ੋਰ ਦੀ ਹੱਸਿਆ।

'ਸੱਚੀਂ?' ਗੀਤਾ ਨੇ ਗੱਲ ਤੋਰੀ ਰੱਖਣ ਲਈ ਆਖਿਆ।

'ਅਸਲ ਵਿਚ ਮੇਰੀ ਮਾਂ ਇਤਾਲਵੀ ਸੀ। ਆ, ਅੱਜ ਤੈਨੂੰ ਮੈਂ ਇਹ ਵੀ ਗੱਲ ਦੱਸ ਦਿਆਂ। ਸਿਵਾਏ ਇਕ ਦੋਂਹ ਦੋਸਤਾਂ ਦੇ ਮੈਂ ਕਦੇ ਕਿਸੇ ਨੂੰ ਨਹੀਂ ਦੱਸੀ।' ਫੇਰ ਉਹਨੇ ਆਪਣੀਆਂ ਝੀਲਾਂ ਦੀ ਧੁਰ ਡੂੰਘਾਣ ਵਿਚੋਂ ਗੀਤਾ ਵਲ ਤੱਕਦਿਆਂ ਆਹਿਸਤਾ ਜਿਹੇ ਕਿਹਾ : 'ਆਪਣੀ ਬੀਵੀ ਨੂੰ ਵੀ ਨਹੀਂ। ਭਾਵੇਂ ਉਹਨੇ ਜ਼ਿੰਦਗੀ ਦੇ ਛੱਤੀ ਵਰ੍ਹੇ ਮੇਰੇ ਨਾਲ ਗੁਜ਼ਾਰੇ। ਮੈਂ ਤੀਹਾਂ ਵਰ੍ਹਿਆਂ ਦਾ ਸਾਂ ਜਦੋਂ ਮੈਂ ਵਿਆਹ ਕੀਤਾ ਸੀ। ਦੋ ਵਰ੍ਹੇ ਹੋਏ ਨੇ ਮੇਰੀ ਬੀਵੀ ਨੂੰ ਮਰਿਆਂ। ਹੋਏ ਨਾ ਛੱਤੀ ਵਰ੍ਹੇ?'

'ਹਾਂ, ਪੂਰੇ ਛੱਤੀ।'

'ਤੇ ਤੈਨੂੰ ਮਿਲਿਆਂ ਛੱਤੀ ਘੰਟੇ ਵੀ ਨਹੀਂ ਹੋਏ', ਉਹਦੀ ਆਵਾਜ਼ ਬੜੀ ਡੂੰਘੀ ਹੋ ਆਈ ਸੀ, ਉਹਦੀਆਂ ਅੱਖਾਂ ਦੀਆਂ ਝੀਲਾਂ ਦੇ ਹਾਣ ਦੀ।

ਵਕਤ ਦਾ ਇਕ ਟੁਕੜਾ ਖ਼ਾਮੋਸ਼ ਇਕ ਅਬਾਬੀਲ ਵਾਂਗੂ ਉੱਡਦਾ ਹੋਇਆ ਆਇਆ, ਤੇ ਜਿਵੇਂ ਡਾਨ ਦੇ ਤੇ ਗੀਤਾ ਦੇ ਵਿਚਕਾਰ ਖੰਭ ਸਮੇਟ ਕੇ ਬਹਿ ਗਿਆ। ਉਹਦੇ ਖੰਭਾਂ ਵਿਚ ਹਾਲੀ ਵੀ ਉਡਾਰੀ ਦੀ ਥਰਕਣ ਸੀ।

'ਮੇਰੀ ਮਾਂ ਇਤਾਲਵੀ ਸੀ। ਬੇਹੱਦ ਸੋਹਣੀ। ਉਹ ਇਕ ਮੁੰਡੇ ਨੂੰ ਪਿਆਰ ਕਰਦੀ ਸੀ। ਪਰ ਮੁੰਡੇ ਦੀ ਮਾਂ ਕਹਿੰਦੀ ਸੀ, ਦਾਜ ਆਵੇਗਾ ਤਾਂ ਵਿਆਹ ਕਰਾਂਗੀ ਆਪਣੇ ਪੁੱਤਰ ਦਾ।'

'ਦਾਜ?' ਗੀਤਾ ਹੈਰਾਨ ਹੋ ਕੇ ਪੁੱਛਦੀ ਏ।

'ਹਾਂ, ਉਸ ਜ਼ਮਾਨੇ ਵਿਚ ਇਹੋ ਰਿਵਾਜ ਸੀ। ਮੁੰਡੇ ਵਾਲੇ ਇਹ ਆਸ ਕਰਦੇ ਸਨ, ਕਿ ਕੁੜੀ ਚੰਗਾ ਚੋਖਾ ਦਾਜ ਲਿਆਵੇਗੀ। ਤੁਹਾਡੇ ਮੁਲਕ ਵਿਚ ਨਹੀਂ ਸੀ ਇਸ ਤਰ੍ਹਾਂ ਹੁੰਦਾ?'

'ਡਾਨ, ਸਾਡੇ ਮੁਲਕ ਵਿਚ ਤਾਂ ਅੱਜ ਵੀ ਇਹੋ ਕੁਝ ਹੁੰਦਾ ਏ', ਗੀਤਾ ਨੇ ਹਉਕਾ ਭਰ ਕੇ ਕਿਹਾ।

ਇਕ ਖ਼ਾਮੋਸ਼ ਪਲ...।

'ਮੇਰਾ ਨਾਨਾ ਮੋਚੀ ਸੀ। ਬੇਹੱਦ ਗ਼ਰੀਬ! ਘਰ ਵਿਚ ਰੋਟੀ ਵੀ ਦੋ ਵੇਲੇ ਨਹੀਂ ਸੀ ਪੱਕਦੀ। ਉਹ ਦਾਜ ਨਹੀਂ ਸੀ ਦੇ ਸਕਦਾ। ਮੇਰੀ ਮਾਂ ਬਹੁਤ ਦੁਖੀ ਸੀ। ਉਹਨੇ ਆਪਣੇ ਮਹਿਬੂਬ ਨੂੰ ਕਿਹਾ, ਜੇ ਉਹ ਉਹਦੇ ਨਾਲ ਵਿਆਹ ਨਹੀਂ ਕਰ ਸਕੇਗੀ, ਤਾਂ ਖ਼ੁਦਕੁਸ਼ੀ ਕਰ ਲਵੇਗੀ। ਉਹਦਾ ਮਹਿਬੂਬ ਆਪਣੀ ਪ੍ਰੇਮਿਕਾ ਤੇ ਆਪਣੀ ਮਾਂ ਵਿਚੋਂ ਚੋਣ ਨਹੀਂ ਕਰ ਸਕਿਆ। ਤੇ ਉਹ ਇਕ ਦਿਨ ਆਪਣਾ ਮੁਲਕ ਛੱਡ ਕੇ ਪਤਾ ਨਹੀਂ ਕਿੱਥੇ ਤੁਰ ਪਿਆ।'

ਖ਼ਾਮੋਸ਼ੀ...।

ਡਾਨ ਆਪਣੀ ਜੁਆਨ ਮਾਂ ਦੀ ਬਦਹਵਾਸ ਪੀੜ ਵਿਚ ਜਿਵੇਂ ਗੁਆਚ ਗਿਆ ਸੀ। ਗੀਤਾ ਨੂੰ ਬੜਾ ਤਿੱਖਾ ਅਹਿਸਾਸ ਹੋ ਰਿਹਾ ਸੀ ਕਿ ਹਰ ਮਨੁੱਖ ਆਪਣੀ ਪੀੜ ਦੀ ਤੀਖਣਤਾ ਵਿਚ ਉੱਕਾ ਇਕੱਲਾ ਏ — ਉਸ ਤੀਖਣਤਾ ਦਾ ਸਾਥ ਉਹਨੂੰ ਕਿਤੇ ਵੀ ਨਹੀਂ ਲੱਭ ਸਕਦਾ।

'ਫੇਰ ਮੇਰੀ ਮਾਂ ਦੀ ਇਕ ਸਹੇਲੀ ਨੇ ਉਸ ਨੂੰ ਅਮਰੀਕਾ ਤੋਂ ਲਿਖਿਆ ਕਿ ਉਹਨੇ ਮੇਰੀ ਮਾਂ ਦੇ ਮਹਿਬੂਬ ਨੂੰ ਉਥੇ ਵੇਖਿਆ ਸੀ। ਬੱਸ, ਮੇਰੀ ਮਾਂ ਇਟਲੀ ਤੋਂ ਤੁਰ ਪਈ। ਇਕ ਜਹਾਜ਼ ਵਿਚ ਉਹਨੇ ਲੰਗਰ ਵਿਚ ਰੋਟੀ ਪਕਾਉਣ ਤੇ ਪਲੇਟਾਂ ਸਾਫ਼ ਕਰਨ ਦੀ ਨੌਕਰੀ ਕਰ ਲਈ। ਉਹਨਾਂ ਪੈਸਿਆਂ ਨਾਲ ਉਹਨੇ ਆਪਣਾ ਭਾੜਾ ਚੁਕਾ ਦਿਤਾ। ਪਰ ਜਦੋਂ ਮੇਰੀ ਮਾਂ ਆਪਣੀ ਸਹੇਲੀ ਕੋਲ ਅਮਰੀਕਾ ਪਹੁੰਚੀ, ਤਾਂ ਉਹਨੂੰ ਪਤਾ ਲਗਾ ਕਿ ਉਹਦੀ ਸਹੇਲੀ ਨੇ ਝੂਠ ਬੋਲਿਆ ਸੀ। ਅਸਲ ਵਿਚ ਉਸ ਸਹੇਲੀ ਦਾ ਇਕ ਮਾਸੀ ਦਾ ਪੁੱਤਰ ਭਰਾ ਸੀ, ਜਿਹੜਾ ਬੇਹੱਦ ਅਮੀਰ ਮਾਪਿਆਂ ਦਾ ਵਿਗੜਿਆ ਹੋਇਆ ਆਵਾਰਾ ਪੁੱਤਰ ਸੀ। ਉਹਨੇ ਕਿਤੇ ਮੇਰੀ ਮਾਂ ਦੀ ਤਸਵੀਰ ਵੇਖ ਲਈ ਸੀ, ਤੇ ਆਪਣੀ ਮਾਸੀ ਦੀ ਧੀ ਦੇ ਖਹਿੜੇ ਪੈ ਗਿਆ ਸੀ ਕਿ ਉਹ ਉਹਨੂੰ ਕਿਸੇ ਵੀ ਤਰੀਕੇ ਨਾਲ ਇਟਲੀ ਤੋਂ ਮੰਗਵਾ ਲਵੇ। ਇਹਦੇ ਵੱਡੇ ਮੇਰੀ ਮਾਂ ਦੀ ਸਹੇਲੀ ਨੂੰ ਉਹਨੇ ਇਕ ਕਾਟੇਜ ਦੇਣਾ ਸੀ। ਸੋ ਇਹ ਸੌਦਾ ਸੀ, ਜਿਸ ਵਿਚ ਮੇਰੀ ਮਾਂ ਫਸ ਗਈ।'

ਡਾਨ ਨੇ ਇਕ ਹਉਕਾ ਭਰਿਆ।

'ਮੇਰੀ ਮਾਂ ਨੂੰ ਜਦੋਂ ਇਸ ਚਾਲ ਦਾ ਪਤਾ ਲਗਾ, ਤਾਂ ਉਹ ਆਪਣੀ ਸਹੇਲੀ ਨਾਲ ਲੜ ਕੇ ਉਹਦੇ ਘਰੋਂ ਨੱਸ ਗਈ, ਤੇ ਜਾ ਕੇ ਇਕ ਧੋਬਣ ਕੋਲ ਕੱਪੜੇ ਇਸਤਰੀ ਕਰਨ ਦੀ ਨੌਕਰੀ ਕਰ ਲਈ। ਪਰ ਉਸ ਸਹੇਲੀ ਦਾ ਉਹ ਭਰਾ ਵੀ ਪੂਰਾ ਅੱਖੜ ਸੀ। ਉਹਨੇ ਪੁਲੀਸ ਨੂੰ ਰਿਸ਼ਵਤ ਦੇ ਕੇ ਮੇਰੀ ਮਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ, ਤੇ ਅਖ਼ੀਰ ਨੌਬਤ ਇਹ ਆ ਗਈ ਕਿ ਜਾਂ ਤੇ ਮੇਰੀ ਮਾਂ ਨੂੰ ਵਾਪਸ ਇਟਲੀ ਜਾਣਾ ਪੈਣਾ ਸੀ ਤੇ ਜਾਂ ਉਹਦੇ ਨਾਲ ਵਿਆਹ ਕਰਨਾ ਮਨਜ਼ੂਰ ਕਰਨਾ ਪੈਣਾ ਸੀ। ਮੇਰੀ ਮਾਂ ਵਾਪਸ ਇਟਲੀ ਜਾ ਕੇ ਆਪਣੇ ਬੁੱਢੇ ਮਾਂ ਪਿਓ ਨੂੰ ਹੋਰ ਦੁਖੀ ਨਹੀਂ ਸੀ ਕਰਨਾ ਚਾਹੁੰਦੀ। ਸੋ ਅਖ਼ੀਰ ਉਸ ਨੇ ਉਸੇ ਵੈਲੀ ਬੰਦੇ ਨਾਲ ਵਿਆਹ ਕਰਵਾਉਣਾ ਮਨਜ਼ੂਰ ਕਰ ਲਿਆ।'

'ਓਹ...ਤਾਂ ਡਾਨ ਇਹ ਆਪਣੇ ਪਿਓ ਦੀ ਗੱਲ ਸੁਣਾ ਰਿਹਾ ਏ!' — ਗੀਤਾ ਨੂੰ ਅਚਾਨਕ ਇਕ ਧੱਕਾ ਲਗਾ।

ਗੀਤਾ ਨੂੰ ਅਹਿਸਾਸ ਹੋਇਆ ਕਿ ਇਸ ਮਨੁੱਖ ਦਾ ਬਚਪਨ ਇਕ ਟੁੱਟੇ ਹੋਏ ਘਰ ਦੀਆਂ ਕੰਧਾਂ ਵਿਚਕਾਰ ਲੰਘਿਆ ਸੀ। ਸ਼ਾਇਦ ਉਹਦੇ ਅੰਦਰ — ਕਿਤੇ ਬਹੁਤ ਅੰਦਰ — ਰਿਸਦਾ ਦਰਦ ਏਸੇ ਬੇ-ਛੱਤ ਬਚਪਨ ਕਰਕੇ ਸੀ। ਉਸ ਘਰ ਵਿਚੋਂ ਸ਼ਾਇਦ ਬਹੁਤ ਸਾਰੀਆਂ ਟੁੱਟੀਆਂ ਹੋਈਆਂ ਨੋਕੀਲੀਆਂ ਇੱਟਾਂ ਇਹਦੇ ਬਚਪਨ ਦੇ ਕੂਲੇ ਪਿੰਡੇ ਨੂੰ ਚੁੱਭਦੀਆਂ ਰਹੀਆਂ ਸਨ।

ਗੀਤਾ ਨੇ ਡਾਨ ਦਾ ਹੱਥ ਫੜ ਕੇ ਘੁੱਟ ਦਿਤਾ।

ਉਹਨੇ ਉੜ ਕੇ ਗੀਤਾ ਦੀ ਤਲੀ ਨੂੰ ਚੁੰਮ ਲਿਆ।

ਖ਼ਾਮੋਸ਼ੀ...!

'ਮੇਰੀ ਮਾਂ ਨੇ ਕਦੇ ਮੇਰੇ ਪਿਓ ਨੂੰ ਪਿਆਰ ਨਹੀਂ ਕੀਤਾ।'

'ਮੈਨੂੰ ਪਤਾ ਏ', ਗੀਤਾ ਨੇ ਹੌਲੀ ਜਿਹੀ ਆਖਿਆ।

'ਤੇ ਮੈਨੂੰ ਮੇਰੇ ਪਿਓ ਕੋਲੋਂ ਹੋਰ ਕੁਝ ਨਹੀਂ ਮਿਲਿਆ; ਸਿਰਫ਼ ਇਕ ਮਹੱਲ ਵਰਗਾ ਘਰ ਮਿਲਿਆ। ਉਹਦੇ ਵਿਚ ਸੈਂਤੀ ਕਮਰੇ ਨੇ। ਦੁਨੀਆਂ ਭਰ ਦੀਆਂ ਚੀਜ਼ਾਂ ਨੇ। ਵਧੀਆ ਤੋਂ ਵਧੀਆ ਫ਼ਰਨੀਚਰ ਏ। ਪਰ ਮੈਨੂੰ ਕਈ ਵਾਰ ਲਗਦਾ ਏ, ਕਿ...ਕਿ ਉਹ ਘਰ...ਘਰ ਨਹੀਂ...ਇਕ ਅਜਾਇਬ-ਘਰ ਏ...।'

ਇਕ ਕੰਬਣੀ ਲਹਿਰਾਉਂਦੀ ਹੋਈ ਗੀਤਾ ਦੇ ਪਿੰਡੇ ਵਿਚੋਂ ਗੁਜ਼ਰਦੀ ਏ — 'ਤਾਂ ਕੀ ਇਸ ਮਨੁੱਖ ਨੂੰ ਇਸ ਦੇ ਪਿਓ ਨੇ ਜਿਹੜਾ ਅਜਾਇਬ-ਘਰ ਵਰਗਾ ਘਰ ਦਿਤਾ ਸੀ, ਉਹ ਅਜਾਇਬ-ਘਰ ਇਹਦੀ ਬੀਵੀ ਨੇ ਵੀ ਛੱਤੀਆਂ ਵਰ੍ਹਿਆਂ ਵਿਚ ਘਰ ਨਹੀਂ ਬਣਾਇਆ? ਅਜਾਇਬ-ਘਰ ਹੀ ਰਹਿਣ ਦਿਤਾ?'

ਚੁੱਪ...ਸਲ੍ਹਾਬੀ ਹੋਈ ਭਾਰੀ ਚੁੱਪ...ਗਿੱਲੇ ਕੰਬਲ ਵਰਗੀ!

ਅਚਾਨਕ ਆਰਕੈਸਟਰਾ ਵੱਜਣਾ ਸ਼ੁਰੂ ਹੋ ਗਿਆ। ਆਰਕੈਸਟਰਾ ਵਾਲਿਆਂ ਨੂੰ ਉਹਨਾਂ ਨੇ ਪਲੈਟਫ਼ਾਰਮ 'ਤੇ ਚੜ੍ਹਦਿਆਂ ਤੇ ਸਾਰੇ ਸਾਜ਼ਾਂ ਨੂੰ ਠੀਕ-ਠਾਕ ਕਰਦਿਆਂ ਨਹੀਂ ਸੀ ਵੇਖਿਆ। ਇੰਜ ਲਗਾ, ਜਿਵੇਂ ਉਹ ਇਕਦਮ ਹਾਲ ਦੇ ਫ਼ਰਸ਼ ਵਿਚੋਂ ਉੱਗ ਆਏ ਸਨ।

ਡਾਨ ਧਿਆਨ ਨਾਲ ਆਰਕੈਸਟਰਾ ਸੁਣਨ ਲਗਾ। ਨਾਲ ਪੈਰਾਂ ਨਾਲ ਥਾਪ ਦੇਣ ਲਗਾ। ਗੀਤਾ ਨੂੰ ਜਾਪਿਆ ਜਿਵੇਂ ਜ਼ਿੰਦਗੀ ਦੀ ਇਕ ਲਹਿਰ ਉਹਦੇ ਪਿੰਡੇ ਵਿਚੋਂ ਗੁਜ਼ਰੀ ਸੀ...ਝਨਝਨਾਉਂਦੀ ਹੋਈ...। ਫੇਰ ਇਕ ਹੋਰ ਲਹਿਰ...ਇਕ ਹੋਰ ਲਹਿਰ...।

ਡਾਨ ਆਪਣੀ ਸੀਟ 'ਤੇ ਰਤਾ ਰਤਾ ਉੱਛਲ ਰਿਹਾ ਸੀ...ਰਤਾ ਰਤਾ ਥਿਰਕ ਰਿਹਾ ਸੀ। ਪਲ ਕੁ ਧਿਆਨ ਨਾਲ ਉਸ ਧੁਨ ਨੂੰ ਸੁਣਨ ਮਗਰੋਂ ਕਹਿਣ ਲਗਾ, 'ਪਤਾ ਈ, ਇਹ ਰਸ਼ੀਅਨ ਟੀਊਨ ਏ। ਇਸ ਗੀਤ ਦੇ ਬੋਲ ਨੇ...'

ਤੇ ਉਹ ਉਸ ਧੁਨ ਵਿਚ ਉਸ ਗੀਤ ਦੇ ਬੋਲ ਭਰ ਕੇ ਆਹਿਸਤਾ ਆਹਿਸਤਾ ਗਾ ਕੇ ਗੀਤਾ ਨੂੰ ਸੁਨਾਉਣ ਲਗਾ।

ਧੁਨ ਖ਼ਤਮ ਹੋਈ। ਡਾਨ ਨੇ ਜ਼ੋਰ ਦੀ ਤਾੜੀ ਵਜਾਈ। ਨਿੱਕੀ ਜਿਹੀ ਤਾੜੀ ਗੀਤਾ ਨੇ ਵੀ ਉਸ ਦੇ ਨਾਲ ਰਲਾ ਦਿਤੀ। ਸਾਰੇ ਹਾਲ ਵਿਚੋਂ ਤਾੜੀ ਦੀ ਆਵਾਜ਼ ਸਿਰਫ਼ ਉਹਨਾਂ ਦੇ ਟੇਬਲ ਤੋਂ ਉੱਠੀ ਸੀ।

ਡਾਨ ਨੇ ਜਿਵੇਂ ਅਚਕਚਾ ਕੇ ਆਪਣੇ ਆਸ ਪਾਸ ਵੇਖਿਆ। ਸਾਰੇ ਚੁੱਪ ਚਾਪ ਖਾ ਰਹੇ ਸਨ, ਜਾਂ ਬੈਠੇ ਸਨ, ਜਾਂ ਹੌਲੀ ਹੌਲੀ ਗੱਲਾਂ ਕਰ ਰਹੇ ਸਨ!

'ਐਥੇ ਕੋਈ ਆਰਕੈਸਟਰਾ ਦੀ ਦਾਦ ਨਹੀਂ ਦੇਂਦਾ?' ਡਾਨ ਬਿਲਕੁਲ ਬੁੱਧੂ ਬੱਚੇ ਵਰਗਾ ਮੂੰਹ ਬਣਾ ਕੇ ਗੀਤਾ ਕੋਲੋਂ ਪੁੱਛ ਰਿਹਾ ਸੀ।



ਗੀਤਾ ਚੁੱਪ ਸੀ।

'ਜੇ ਤੂੰ ਗੁੱਸਾ ਨਾ ਕਰੇਂ, ਤਾਂ ਇਕ ਗੱਲ ਆਖਾਂ?'

ਗੀਤਾ ਨੂੰ ਪਤਾ ਸੀ ਕਿ ਡਾਨ ਹਿੰਦੁਸਤਾਨੀਆਂ ਬਾਰੇ ਕੋਈ ਗੱਲ ਕਰਨ ਲਗਾ ਸੀ।

ਹੋਰ ਕੋਈ ਵੇਲਾ ਹੁੰਦਾ, ਹੋਰ ਕੋਈ ਮਨੁੱਖ ਹੁੰਦਾ, ਤਾਂ ਗੀਤਾ ਝੱਟ ਮੋਰਚੇ ਲਈ ਤਿਆਰ ਹੋ ਜਾਂਦੀ। ਜੇ ਕੋਈ ਵਿਦੇਸ਼ੀ ਹਿੰਦੁਸਤਾਨ ਦੇ ਖ਼ਿਲਾਫ਼ ਇਕ ਗੱਲ ਵੀ ਮੂੰਹੋਂ ਕੱਢਦਾ, ਤਾਂ ਉਹ ਦਸ ਵਾਰੀ ਨਾਰਾਜ਼ ਹੋ ਜਾਂਦੀ। ਪਰ ਇਹ ਤੇ ਡਾਨ ਸੀ।

ਗੀਤਾ ਸਗੋਂ ਉਸ ਦੀ ਗੱਲ ਦੇ ਭਾਰ ਨੂੰ ਮੋਢਾ ਦੇ ਕੇ ਹੌਲਿਆਂ ਕਰ ਦੇਣਾ ਚਾਹੁੰਦੀ ਸੀ।

'ਨਹੀਂ, ਮੈਂ ਕਾਹਦਾ ਗੁੱਸਾ ਕਰਨਾ ਏ? ਉਂਜ ਮੈਂ ਤੈਨੂੰ ਵੀ ਇਕ ਗੱਲ ਦੱਸਾਂ? ਹੋਰ ਕਿਸੇ ਨੂੰ ਨਾ ਦੱਸੀਂ' — ਉਸ ਨੇ ਬੜੇ ਰਾਜ਼ਦਾਰਾਨਾ ਲਹਿਜੇ ਵਿਚ ਕਿਹਾ। 'ਮੈਨੂੰ ਕਈ ਵਾਰੀ ਲਗਦਾ ਏ ਕਿ ਇਹ ਮੁਲਕ ਮੇਰਾ ਘਰ ਨਹੀਂ। ਆਈ ਡੋਂਟ ਬੀਲਾਂਗ ਟੂ ਦਿਸ ਪਲੇਸ। ਮੈਨੂੰ ਲਗਦਾ ਏ ਜਿਵੇਂ ਮੈਂ ਕੋਈ ਪਰਦੇਸੀ ਆਂ—ਫ਼ਾਰੇਨਰ! ਬਿਨਾਂ ਕਿਸੇ ਪਾਸਪੋਰਟ ਤੇ ਵੀਜ਼ਾ ਦੇ ਝਗੜੇ ਤੋਂ ਏਥੇ ਆ ਗਈ ਸਾਂ।' ਗੀਤਾ ਹੱਸ ਕੇ ਗੱਲ ਨੂੰ ਹੌਲਿਆਂ ਕਰਨ ਦੀ ਕੋਸ਼ਿਸ਼ ਕਰਦੀ ਏ।

ਡਾਨ ਉਹਦੇ ਵਲ ਤੱਕਦਾ ਏ। ਅੱਖਾਂ ਵੀ ਨਹੀਂ ਝਪਕਦਾ।

'ਪਰ ਡਾਨ, ਤੂੰ ਮੇਰੇ ਨਾਲੋਂ ਹੌਲੇ ਮੇਲ ਦਾ ਪਰਦੇਸੀ ਏਂ। ਤੇਰਾ ਕੋਈ ਹੋਮ ਕੰਟਰੀ ਤੇ ਹੈ। ਮੇਰਾ ਤੇ ਕੋਈ ਹੋਮ ਕੰਟਰੀ ਵੀ ਨਹੀਂ। ਏਸ ਕਰ ਕੇ ਬਹੁਤੀ ਪੱਕੀ, ਜ਼ਬਰਦਸਤ ਪਰਦੇਸਣ ਆਂ।' ਗੀਤਾ ਫੇਰ ਹੱਸਦੀ ਏ; ਅਗੇ ਨਾਲੋਂ ਵੀ ਬਹੁਤਾ ਛਣਕਦਾ ਹਾਸਾ।

ਡਾਨ ਆਪਣੀਆਂ ਝੀਲਾਂ ਦੀਆਂ ਡੂੰਘਾਣਾਂ ਵਿਚੋਂ ਬਿਲਕੁਲ ਖ਼ਾਮੋਸ਼ ਉਹਦੇ ਵਲ ਵੇਖਦਾ ਏ।

'ਤੂੰ ਗੱਲ ਕਰ ਨਾ! ਕੀ ਕਹਿਣ ਲਗਾ ਸਾਏਂ ਏਸ ਮੁਲਕ ਬਾਰੇ?' — ਗੀਤਾ ਉਹਨੂੰ ਪੁੱਛਦੀ ਏ।

'ਨਹੀਂ, ਕੁਝ ਨਹੀਂ', ਡਾਨ ਬਹੁਤ ਮੱਧਮ ਆਵਾਜ਼ ਵਿਚ ਜੁਆਬ ਦੇਂਦਾ ਏ।

'ਨਹੀਂ ਬਈ, ਦੱਸ ਨਾ', ਗੀਤਾ ਬਾਲਾਂ ਵਾਲੀ ਜ਼ਿਦ ਨਾਲ ਅੜੀ ਕਰਦੀ ਏ।

'ਕੁਝ ਨਹੀਂ। ਇਹੀ ਕਹਿਣ ਲਗਾ ਸਾਂ ਸ਼ਾਇਦ...ਕਿ...ਹਿੰਦੁਸਤਾਨੀ ਮੈਨੂੰ ਕੁਝ ਇੰਜ ਦੇ ਲਗੇ ਨੇ, ਜਿਵੇਂ ਪਾਣੀ ਦੇ ਹੇਠਾਂ ਉੱਗੀਆਂ ਹੋਈਆਂ ਵੀਡਜ਼ ਹੁੰਦੀਆਂ ਨੇ ਨਾ... ਪਾਣੀ ਦੇ ਪੌਦੇ...! ਖ਼ੈਰ, ਛੋੜ!'

ਆਰਕੈਸਟਰਾ 'ਤੇ ਨਵੀਂ ਧੁਨ ਵੱਜਣੀ ਸ਼ੁਰੂ ਹੋਈ।

ਡਾਨ ਪਲ ਦਾ ਪਲ ਸੁਣਦਾ ਰਿਹਾ — ਧਿਆਨ ਨਾਲ। ਫੇਰ ਇਕਦਮ ਜਿਵੇਂ ਉੱਛਲ ਪਿਆ, 'ਪਤਾ ਈ, ਗੀਤਾ? — ਇਹ ਇਟੈਲੀਅਨ ਟੀਊਨ ਏ।'

ਉਹ ਇਕਦਮ ਉੱਠ ਕੇ ਖੜੋ ਗਿਆ। ਆਰਕੈਸਟਰਾ ਵਾਲਿਆਂ ਕੋਲ ਜਾ ਕੇ ਆਖਣ ਲਗਾ, 'ਮੈਂ ਤੁਹਾਡੇ ਨਾਲ ਗਾਵਾਂਗਾ'। ਉਹ ਪਿਆਨੋ ਦੇ ਕੋਲ ਖੜੋ ਕੇ ਗਾਉਣ ਲਗ ਪਿਆ। ਗਾਉਂਦਾ ਹੋਇਆ ਉਹ ਸਿਰਫ਼ ਗੀਤਾ ਵਲ ਤੱਕ ਰਿਹਾ ਸੀ।

ਆਸ ਪਾਸ ਦੇ ਲੋਕਾਂ ਦੀਆਂ ਨਜ਼ਰਾਂ ਦਾ ਗੀਤਾ ਨੂੰ ਅਹਿਸਾਸ ਸੀ। ਉਹ ਕਦੇ ਡਾਨ ਨੂੰ ਤੇ ਕਦੇ ਗੀਤਾ ਨੂੰ ਵੇਖ ਰਹੀਆਂ ਸਨ।

ਡਾਨ ਤਾਂ ਜਿਵੇਂ ਸਿਰਫ਼ ਗੀਤਾ ਲਈ ਗਾ ਰਿਹਾ ਸੀ।

ਧੁਨ ਖ਼ਤਮ ਹੋਈ। ਡਾਨ ਦਾ ਗੀਤ ਖ਼ਤਮ ਹੋਇਆ। ਗੀਤਾ ਨੇ ਜ਼ੋਰ ਦੀ ਤਾੜੀ ਵਜਾਈ। ਐਤਕੀ ਸਾਰੇ ਹਾਲ ਵਿਚੋਂ ਤਾੜੀਆਂ ਦੀ ਆਵਾਜ਼ ਗੂੰਜੀ।

ਡਾਨ ਜਿਵੇਂ ਜ਼ਮੀਨ ਤੋਂ ਗਿੱਠ ਗਿੱਠ ਉੱਚਾ ਤੁਰਦਾ ਗੀਤਾ ਦੇ ਕੋਲ ਆਇਆ। ਗੀਤਾ ਨੇ ਇੰਜ ਉਹਦਾ ਹੱਥ ਫੜ ਕੇ ਬਿਠਾਇਆ ਜਿਵੇਂ ਕੋਈ ਘਰ ਦਾ ਬੰਦਾ ਬੜੇ ਵਰ੍ਹਿਆਂ ਮਗਰੋਂ ਪਰਦੇਸੋਂ ਮੁੜਿਆ ਹੋਵੇ।

ਡਾਨ ਖ਼ੁਸ਼ ਸੀ। ਬਹੁਤ ਖ਼ੁਸ਼।

ਉਹਨੇ ਝਟਪਟ ਗੀਤਾ ਦੀ ਧੌਣ 'ਤੇ ਨਿੱਕਾ ਜਿਹਾ ਚੁੰਮਣ ਦਿਤਾ, ਤੇ ਉਹਦੇ ਕੰਨ ਵਿਚ ਕਹਿਣ ਲਗਾ, 'ਫ਼ਿਕਰ ਨਾ ਕਰੀਂ। ਕਿਸੇ ਨਹੀਂ ਵੇਖਿਆ।'

ਗੀਤਾ ਮੁਸਕਰਾ ਪਈ।

ਡਾਨ ਦਾ ਮੂੰਹ ਸ਼ਰਾਰਤੀ ਬੱਚੇ ਵਰਗਾ ਜਾਪ ਰਿਹਾ ਸੀ।

ਗੀਤਾ ਸੋਚ ਰਹੀ ਸੀ — ਇਹ ਕਿਹੋ ਜਿਹਾ ਮਨੁੱਖ ਏ! ਆਪਣੀ ਉਮਰ ਨੂੰ ਇਕ ਲਬਾਦੇ ਵਾਂਗੂੰ ਕਦੇ ਆਪਣੇ ਗਲ ਪਾ ਲੈਂਦਾ ਏ, ਕਦੇ ਲਾਹ ਕੇ ਪਰ੍ਹਾਂ ਚਾ ਰੱਖਦਾ ਏ।

ਗੀਤਾ ਡਾਨ ਦੇ ਗੀਤ ਦੀ ਤਾਰੀਫ਼ ਕਰ ਰਹੀ ਸੀ। ਉਹ ਮਚਲ ਮਚਲ ਕੇ ਖ਼ੁਸ਼ ਹੋ ਰਿਹਾ ਸੀ।

ਪਤਾ ਨਹੀਂ ਕਿਸ ਤਰ੍ਹਾਂ ਫੇਰ ਫੁੱਲਾਂ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਡਾਨ ਕਹਿਣ ਲਗਾ, 'ਪਤਾ ਈ? — ਅਠਾਈ ਵਰ੍ਹੇ ਮੈਂ ਫੁੱਲਾਂ ਦੀ ਹੱਟੀ ਚਲਾਈ ਏ। ਮੇਰੀ ਫੁੱਲਾਂ ਦੀ ਦੁਕਾਨ ਸ਼ਿਕਾਗੋ ਤਾਂ ਕੀ, ਆਸ ਪਾਸ ਦੇ ਸਾਰੇ ਇਲਾਕੇ ਵਿਚ ਸਭ ਤੋਂ ਵਡੀ ਦੁਕਾਨ ਸੀ।'

'ਸੱਚੀ?' ਗੀਤਾ ਸਚਮੁਚ ਹੈਰਾਨ ਹੋ ਗਈ। ਇਹ ਲੱਖਪਤੀ ਪਿਓ ਦਾ ਪੁੱਤਰ — ਕੋਈ ਕਾਰਖ਼ਾਨਾ ਖੋਹਲਦਾ, ਕੋਈ ਵਪਾਰ ਕਰਦਾ। ਇਹਨੂੰ ਹੱਟੀਆਂ ਖੋਹਲਣ ਦੀ ਕੀ ਲੋੜ ਸੀ ਭਲਾ?

ਪਰ...ਫੁੱਲਾਂ ਦੀ ਹੱਟੀ! — ਇਹ ਗੱਲ ਗੀਤਾ ਦੀ ਸਮਝ ਵਿਚ ਆ ਰਹੀ ਸੀ। ਸਗੋਂ ਡਾਨ ਦੀ ਸ਼ਖ਼ਸੀਅਤ ਨੂੰ ਵੇਖ ਕੇ ਫੁੱਲਾਂ ਦੀ ਹੱਟੀ ਵਾਲੀ ਗੱਲ ਬਿਲਕੁਲ ਯੁਕਤੀ-ਸੰਗਤ ਜਾਪ ਰਹੀ ਸੀ।

'ਅਸਲ ਵਿਚ, ਗੀਤਾ, ਮੈਂ ਬਹੁਤ ਇਕੱਲਾ ਸਾਂ। ਮੈਂ ਤੈਨੂੰ ਦੱਸਿਆ ਏ ਨਾ? — ਸਾਡਾ ਬੱਚਾ ਕੋਈ ਨਹੀਂ ਸੀ।'

'ਹਾਂ, ਦੱਸਿਆ ਸੀ ਇਹ ਤੂੰ।'

'ਮੇਰੀ ਬੀਵੀ ਵੀ ਬਹੁਲ ਇਕੱਲੀ ਸੀ। ਅਸੀਂ ਦੋਵੇਂ ਹੀ ਇਕੱਲੇ ਸਾਂ।' ਅਚਾਨਕ ਉਹ ਗੀਤਾ ਵਲ ਮੁੜਿਆ, 'ਤੈਨੂੰ ਏਸ ਗੱਲ ਦੀ ਸਮਝ ਆ ਰਹੀ ਏ ਨਾ?'

'ਹਾਂ, ਡਾਨ!' ਗੀਤਾ ਨੇ ਫੇਰ ਉਹਦਾ ਹੱਥ ਫੜ ਲਿਆ। ਆਹਿਸਤਾ ਜਿਹੇ ਘੁੱਟ ਲਿਆ। ਡਾਨ ਨੇ ਆਪਣਾ ਦੂਜਾ ਹੱਥ ਗੀਤਾ ਦੇ ਹੱਥ 'ਤੇ ਰੱਖ ਦਿਤਾ।



'ਉਹ ਆਪਣੀ ਇਕੱਲ ਨੂੰ ਭਰਨ ਲਈ ਜਿਵੇਂ ਘਰੋਂ ਬਾਹਰ ਨਿਕਲ ਗਈ। ਬੇਹੱਦ ਸੋਸ਼ਲ ਹੋ ਗਈ। ਕਿਸੇ ਦਾ ਨਿਆਣਾ ਜੰਮੇਂ, ਕਿਸੇ ਦੀ ਧੀ ਦਾ ਵਿਆਹ ਹੋਵੇ, ਕਿਸੇ ਦੇ ਪੁੱਤਰ ਨੇ ਪਰਦੇਸੋਂ ਮੁੜਨਾ ਹੋਵੇ, ਕਿਸੇ ਦੇ ਘਰ ਕੋਈ ਵੀ ਨਿੱਕੀ-ਮੋਟੀ ਘਟਨਾ ਵਾਪਰੇ, ਮੇਰੀ ਪਤਨੀ ਨੂੰ ਝੱਟ ਫ਼ੋਨ ਆ ਜਾਂਦਾ, ਤੇ ਉਹ ਲੋਕਾਂ ਦੇ ਕੰਮ ਕਰਨ ਤੁਰੀ ਰਹਿੰਦੀ। ਸਾਰਾ ਦਿਨ ਮੇਰੀ ਬੀਵੀ ਟੈਲੀਫ਼ੋਨ 'ਤੇ ਗੱਲਾਂ ਕਰਦੀ ਰਹਿੰਦੀ, ਜਾਂ ਆਪਣੀ ਮੋਟਰ ਲੈ ਕੇ ਘੁੰਮਦੀ ਰਹਿੰਦੀ। ਅਮਰੀਕਾ ਵਿਚ, ਤੈਨੂੰ ਪਤਾ ਏ ਨਾ, ਕਿ ਘਰ ਦਾ ਕੰਮ ਕਰਨ ਲਈ ਕੋਈ ਵਿਰਲਾ-ਟਾਂਵਾਂ ਬੰਦਾ ਹੀ ਨੌਕਰ ਰੱਖ ਸਕਦਾ ਏ। ਸਾਡੇ ਘਰ ਦੋ ਨੌਕਰ ਸਨ, ਤੇ ਇਕ ਨੌਕਰਾਣੀ। ਉਹ ਨੌਕਰਾਣੀ ਸਿਰਫ਼ ਮੇਰੀ ਬੀਵੀ ਦੇ ਵਾਲਾਂ ਦਾ, ਉਹਦੇ ਕੱਪੜਿਆਂ ਦਾ, ਉਹਦੀਆਂ ਜੁੱਤੀਆਂ ਦਾ, ਉਹਦੀਆਂ ਐਪਾਇੰਟਮੈਂਟਸ ਦਾ ਖ਼ਿਆਲ ਰੱਖਦੀ ਸੀ। ਮੈਂ ਇਹ ਸਭ ਕੁਝ ਉਸ ਨੂੰ ਦਿਤਾ, ਪਰ ਸ਼ਾਇਦ ਉਹਦੀ ਇਕੱਲ ਨੂੰ ਨਹੀਂ ਭਰ ਸੱਕਿਆ। ਇਹਦੇ ਵੱਡੇ ਉਹਨੇ ਮੈਨੂੰ ਇਕੱਲ ਦਿਤੀ, ਤੇ ਨਾਲੇ ਘਰ ਦੀ ਥਾਵੇਂ ਅਜਾਇਬ-ਘਰ ਦਿਤਾ।'

ਗੀਤਾ ਨੂੰ ਲਗਾ, ਡਾਨ ਉਹਦੇ ਕੋਲ ਬੈਠਾ ਬੈਠਾ ਕਿਤੇ ਬਹੁਤ ਦੂਰ ਖਿਸਕ ਗਿਆ ਸੀ।

'ਬਸ, ਤੇ ਮੈਂ ਫੁੱਲਾਂ ਦੀ ਹੱਟੀ ਪਾ ਲਈ। ਉਹਦੇ ਮਰਨ ਤੋਂ ਦੋ ਤਿੰਨ ਵਰ੍ਹੇ ਪਹਿਲਾਂ ਹੀ ਮੈਂ ਆਪਣੀ ਹੱਟੀ ਦਾ ਕੰਮ ਬੰਦ ਕੀਤਾ ਸੀ। ਮੈਂ ਸੋਚਿਆ, ਹੁਣ ਮੈਨੂੰ ਰੀਟਾਇਰ ਹੋ ਜਾਣਾ ਚਾਹੀਦਾ ਏ, ਤੇ ਆਰਾਮ ਕਰਨਾ ਚਾਹੀਦਾ ਏ। ਹੱਟੀ ਬੰਦ ਕਰਨ ਮਗਰੋਂ ਮੈਂ ਜਾਂ ਤੇ ਫ਼ਲੋਰੀਡਾ ਚਲਾ ਜਾਂਦਾ ਸਾਂ, ਤੇ ਜਾਂ ਕੁਝ ਚਿਰ ਲਈ ਯੋਰਪ। ਕਦੇ ਇਟਲੀ, ਕਦੇ ਫ਼ਰਾਂਸ, ਕਦੇ ਸਵਿਟਜ਼ਰਲੈਂਡ। ਇਕ ਵਾਰੀ ਮੈਂ ਆਇਰਲੈਂਡ ਵੀ ਗਿਆ। ਓਥੇ ਵੀ ਹਿੰਦੁਸਤਾਨ ਵਾਂਗੂੰ ਬਹੁਤ ਗ਼ਰੀਬੀ ਏ।''

'ਹਾਂ, ਮੈਂ ਵੀ ਸੁਣਿਆ ਏ।'

'ਪਰ ਜਦੋਂ ਮੇਰੀ ਪਤਨੀ ਗੁਜ਼ਰ ਗਈ, ਤਾਂ ਇਕੱਲਾ ਘਰ ਵੇਖ ਵੇਖ ਕੇ ਮੈਂ ਬਹੁਤ ਰੋਇਆ। ਪਤਾ ਨਹੀਂ ਕੀ ਹੁੰਦਾ ਏ। ਭਾਵੇਂ ਦੋ ਅਜਨਬੀ ਵੀ ਇਕ ਘਰ ਵਿਚ ਇਕੱਠੇ ਰਹਿੰਦੇ ਹੋਣ, ਉਹਨਾਂ ਨੂੰ ਖ਼ੌਰੇ ਇਕ ਦੂਜੇ ਦੀ ਆਦਤ ਹੋ ਜਾਂਦੀ ਏ...!'

ਗੀਤਾ ਨੂੰ ਲਗਾ, ਉਹ ਡਾਨ ਦੀ ਇਕੱਲ ਨੂੰ ਹੱਥ ਲਾ ਕੇ, ਛੁਹ ਕੇ ਵੇਖ ਸਕਦੀ ਸੀ — ਉਹ ਇਕੱਲ ਏਨੀ ਸਥੂਲ ਸੀ! ਗੀਤਾ ਨੂੰ ਜਾਪਿਆ, ਉਹ ਉਸ ਇਕੱਲ ਦਾ ਰੰਗ ਵੀ ਤੱਕ ਸਕਦੀ ਸੀ — ਗੂਹਿਰਾ ਸਲੇਟੀ, ਸੁਆਹ-ਰੰਗਾ ਰੰਗ!

'ਓ ਡਾਨ!' — ਉਹਨੇ ਜਿਵੇਂ ਭਿੱਜ ਕੇ ਆਖਿਆ।

'ਤੈਨੂੰ ਇਕ ਗੱਲ ਦੱਸਾਂ? ਮੈਨੂੰ ਹਮਦਰਦੀ ਤੋਂ, ਤਰਸ ਤੋਂ ਸਖ਼ਤ ਨਫ਼ਰਤ ਏ। ਏਸੇ ਕਰ ਕੇ ਮੈਂ ਕਦੇ ਕਿਸੇ ਨਾਲ ਆਪਣੇ ਬਾਰੇ ਗੱਲ ਨਹੀਂ ਕਰਦਾ। ਪਰ ਤੇਰੀ ਇਸ ਹਮਦਰਦੀ ਨਾਲ ਮੈਨੂੰ ਅਜੀਬ ਸਕੂਨ ਮਿਲ ਰਿਹਾ ਏ। ਤੇਰੀ ਹਮਦਰਦੀ ਨੰਗੀ ਹਮਦਰਦੀ ਨਹੀਂ — ਐਗਜ਼ੀਬੀਸ਼ਨਿਜ਼ਮ ਵਾਲੀ। ਇਹਦੇ ਵਿਚ ਲਵੇ ਲਵੇ ਘਾਹ ਦੀ ਮਹਿਕ ਏ, ਜਾਂ ਸ਼ਾਇਦ ਭਿੱਜੀ ਹੋਈ ਮਿੱਟੀ ਦੀ ਖ਼ੁਸ਼ਬੂ ਏ।'

ਆਰਕੈਸਟਰਾ 'ਤੇ ਕੋਈ ਨਵੀਂ ਧੁਨ ਵੱਜ ਰਹੀ ਸੀ।

'ਤੈਨੂੰ ਨੱਚਣਾ ਆਉਂਦਾ ਏ ?' — ਡਾਨ ਇਕਦਮ ਪੁੱਛਦਾ ਏ ।

'ਨਾ ।'

'ਜ਼ਰਾ ਮਾਸਾ ?'

'ਉੱਕਾ ਨਹੀਂ । ਮੈਂ ਤੇ ਕਦੇ ਇਕ ਪੈਰ ਨਹੀਂ ਨੱਚੀ । ਸਗੋਂ ਮੈਂ ਤੇ ਲੋਕਾਂ ਨੂੰ ਪੱਛਮੀ ਨਾਚ ਨੱਚਦਿਆਂ ਵੀ ਬਹੁਤ ਘੱਟ ਵੇਖਿਆ ਏ । ਮੈਂ ਬਹੁਤਾ ਕਿਧਰੇ ਜਾਂਦੀ ਆਉਂਦੀ ਹੀ ਨਹੀਂ ।'

'ਜੇ ਨਹੀਂ ਆਉਂਦਾ, ਤਾਂ ਸਿਖ ਲੈ !'

'ਅੱਛਾ, ਡਾਨ ! ਤੂੰ ਜਦੋਂ ਅਗਲੀ ਵਾਰੀ ਹਿੰਦੁਸਤਾਨ ਆਵੇਂਗਾ, ਉਦੋਂ ਤੱਕ ਮੈਂ ਤੇਰੇ ਜੋਗਾ ਜ਼ਰੂਰ ਨੱਚਣਾ ਸਿਖ ਕੇ ਰਖਾਂਗੀ । ਤੂੰ ਆਵੇਂਗਾ, ਤਾਂ ਮੈਂ ਤੈਨੂੰ ਓਹੀ ਸੁਗਾਤ ਦਿਆਂਗੀ ।'

'ਕਲ੍ਹ ਕਿੰਨੇ ਡਿੱਠਾ ਏ ? ਤੂੰ ਹੁਣੇ ਸਿਖ ਖਾਂ !' ਤੇ ਉਹ ਇਕ ਦਮ ਉੱਠ ਕੇ ਖੜੋ ਗਿਆ । ਇਸ ਤੋਂ ਪਹਿਲਾਂ ਕਿ ਗੀਤਾ ਨੂੰ ਉਸ ਦੀ ਗੱਲ ਦੀ ਸਮਝ ਆਉਂਦੀ, ਤੇ ਉਹ ਜ਼ੋਰ ਨਾਲ ਵਿਰੋਧ ਕਰ ਸਕਦੀ, ਡਾਨ ਨੇ ਉਹਦੀ ਬਾਂਹ ਖਿੱਚ ਕੇ ਉਹਨੂੰ ਉਠਾ ਲਿਆ, ਤੇ ਤਕਰੀਬਨ ਤਕਰੀਬਨ ਘਸੀਟਦਾ ਹੋਇਆ ਡਾਂਸ-ਫ਼ਲੋਰ ਵਲ ਲੈ ਤੁਰਿਆ ।

'ਡਾਨ...ਮੈਂ...'

ਪਰ ਉਹ ਤੇ ਉਹਦੀ ਗੱਲ ਹੀ ਨਹੀਂ ਸੀ ਸੁਣ ਰਿਹਾ ।

'ਮੇਰੇ ਕੋਲੋਂ ਇਹ ਨਹੀਂ ਬਰਦਾਸ਼ਤ ਹੋ ਸਕਦਾ ਗੀਤਾ, ਕਿ ਐਨਾ ਸੋਹਣਾ ਸੰਗੀਤ ਅਜਾਈਂ ਰੁੜ੍ਹ ਜਾਏ । ਜੇ ਅਮਰੀਕਾ ਵਿਚ ਕਿਤੇ ਕੋਈ ਇਹੋ ਜਿਹੀ ਟਿਊਨ ਵੱਜਦੀ ਹੁੰਦੀ, ਤਾਂ ਹੁਣ ਤੱਕ ਸਾਰੇ ਜੋੜੇ ਫ਼ਲੋਰ 'ਤੇ ਹੁੰਦੇ ।'

ਫ਼ਲੋਰ 'ਤੇ ਸਿਰਫ਼ ਉਹ ਦੋਵੇਂ ਹੀ ਸਨ ।

ਤੇ ਗੀਤਾ ਪਾਣੀਓਂ ਪਾਣੀ ਹੋ ਰਹੀ ਸੀ । ਉਹਨੂੰ ਤਾਂ ਇਕ ਪੈਰ ਚੁੱਕਣਾ ਵੀ ਨਹੀਂ ਸੀ ਆਉਂਦਾ, ਇਕ ਪੈਰ ਧਰਨਾ ਵੀ ਨਹੀਂ ਸੀ ਆਉਂਦਾ ।

'ਡਾਨ, ਮੈਂ ਸੱਚ ਆਹਨੀ ਆਂ, ਮੈਨੂੰ ਉੱਕਾ ਨੱਚਣਾ ਨਹੀਂ ਆਉਂਦਾ,' ਉਹ ਰੋਣਹਾਕੀ ਹੋ ਰਹੀ ਸੀ ।

'ਤੂੰ ਫ਼ਿਕਰ ਨਾ ਕਰ । ਮੈਂ ਜੂ ਤੇਰੇ ਨਾਲ ਹਾਂ ।' ਤੇ ਡਾਨ ਨੇ ਉਹਦੇ ਲੱਕ ਦੁਆਲੇ ਬਾਂਹ ਵਲਾ ਲਈ । 'ਤੂੰ ਕੁਝ ਨਾ ਕਰੀਂ । ਕੁਝ ਸੋਚੀਂ ਵੀ ਨਾ । ਬੱਸ, ਐਹ ਮੇਰਾ ਹੱਥ ਫੜ ਲੈ । ਆਪਣਾ ਸਿਰ ਮੇਰੇ ਮੋਢੇ ਨਾਲ ਲਾ ਕੇ ਅੱਖਾਂ ਮੀਟ ਲੈ । ਬੱਸ । ਬਾਕੀ ਜ਼ਿੰਮਾ ਮੇਰਾ ।'

ਜੋ ਡਾਨ ਨੇ ਕਿਹਾ, ਗੀਤਾ ਕਰੀ ਗਈ । ਹੋਰ ਕੋਈ ਚਾਰਾ ਵੀ ਨਹੀਂ ਸੀ ।

ਅੱਗੋਂ ਉਸ ਨੂੰ ਕੁਝ ਪਤਾ ਨਹੀਂ । ਡਾਨ ਪਤਾ ਨਹੀਂ ਕੀ ਕੀ ਉਸ ਦੇ ਕੰਨ ਵਿਚ ਕਹਿੰਦਾ ਰਿਹਾ । ਪਤਾ ਨਹੀਂ ਆਸ ਪਾਸ ਦੇ ਸਾਰੇ ਲੋਕ ਕਿੰਜ ਪਿਘਲ ਕੇ ਅਹੋਂਦ ਵਿਚ ਬਦਲ ਗਏ ! — ਗੀਤਾ ਨੂੰ ਕੁਝ ਪਤਾ ਨਹੀਂ ।

ਇਕ ਤਾਲ...ਉੱਠਦੇ ਧਰੀਂਦੇ ਪੈਰ...ਡਾਨ ਦੇ ਹਲਕੇ ਹਲਕੇ ਬੋਲ...ਤੇ ਬੱਸ ।



ਜਿਵੇਂ ਦੋ ਗੁਆਚੇ ਹੋਏ ਬਾਲ ਕਿਸੇ ਭਰੇ ਮੇਲੇ ਵਿਚ ਰੋਂਦੇ ਰੋਂਦੇ ਇਕ ਦੂਜੇ ਨੂੰ ਤੱਕਣ । ਮਹਿਸੂਸ ਕਰਨ, ਕਿ ਉਹ ਦੋਵੇਂ ਹੀ ਗੁਆਚੇ ਹੋਏ ਨੇ । ਇਕ ਦੂਜੇ ਦਾ ਹੱਥ ਫੜ ਕੇ ਆਪਣੇ ਹੱਥਾਂ ਦੇ ਪੁੱਠੇ ਪਾਸਿਆਂ ਨਾਲ ਆਪਣੇ ਅੱਥਰੂ ਪੂੰਝ ਛੱਡਣ । ਤੇ ਫੇਰ ਲੋਕਾਂ ਦੀ ਭੀੜ ਤੋਂ, ਤੇ ਏਧਰੋਂ ਓਧਰ ਭੱਜੇ ਜਾਂਦੇ ਪੈਰਾਂ ਤੋਂ ਲਾਂਭੇ ਹੋ ਕੇ ਇਕ ਪਾਸੇ ਬਹਿ ਕੇ ਰੇਤ ਦੇ ਘਰ ਬਣਾ ਕੇ ਹੱਸਣ ਲਗ ਪੈਣ ।

ਅਚਾਨਕ ਜਿਵੇਂ ਗੀਤਾ ਦੇ ਪੈਰਾਂ ਦੀ ਤਲੀ ਵਿਚ ਇਕ ਕੰਡਾ ਚੁੱਭਿਆ । ਡਾਨ ਕਹਿ ਰਿਹਾ ਸੀ : 'ਗੀਤਾ ਰੱਬ ਕਰੇ, ਤੂੰ ਜਦੋਂ ਵਿਆਹ ਕਰੇਂ, ਤੈਨੂੰ ਬੜਾ ਈ ਚੰਗਾ ਜੀਵਨ-ਸਾਥੀ ਮਿਲੇ ! ਬਹੁਤ ਸਾਰਾ ਪਿਆਰ ਤੈਨੂੰ ਉਹ ਕਰੇ ।'

ਗੀਤਾ ਦੀਆਂ ਪਸਲੀਆਂ ਦੇ ਬਿਲਕੁਲ ਅੰਦਰੋਂ ਕੁਝ ਉੱਬਲਦਾ ਹੋਇਆ ਉੱਠਿਆ, ਤੇ ਉਹਦੇ ਸੰਘ ਵਲ ਆਇਆ । ਉਸ ਨੇ ਇਕ ਖ਼ਾਲੀ ਘੁੱਟ ਭਰ ਕੇ ਉਹਨੂੰ ਸੰਘੋਂ ਹੇਠਾਂ ਧੱਕਣ ਦੀ ਕੋਸ਼ਿਸ਼ ਕੀਤੀ ।

— 'ਚੁੱਪ ! ਕੁਝ ਨਾ ਆਖੀਂ ! ਇਸ ਵਿਚਾਰੇ ਪਰਦੇਸੀ ਨੇ ਕਲ੍ਹ ਤੁਰ ਜਾਣਾ ਏ । ਇਹਦਾ ਭਾਰ ਵੰਡਾਂਦੀ ਵੰਡਾਂਦੀ ਆਪਣਾ ਭਾਰ ਇਹਨੂੰ ਦੇ ਕੇ ਕਿਤੇ ਵੱਟੋ-ਸੱਟਾ ਨਾ ਕਰ ਬਹੀਂ ! ਆਪਣਾ ਭਾਰ ਆਪਣੇ ਕੋਲ ਹੀ ਰੱਖ ! ਆਪਣੀ ਸੂਲੀ ਆਪਣੇ ਹੀ ਮੋਢਿਆਂ 'ਤੇ ਚੁੱਕੀ ਰੱਖ ! ਖ਼ਾਮੋਸ਼ !' — ਗੀਤਾ ਆਪਣੇ ਆਪ ਨੂੰ ਸਮਝਾਉਂਦੀ ਏ ।

'ਪਰ ਗੱਲ ਸੁਣ ! ਤੂੰ ਇਕ ਵਾਰੀ ਮੇਰੇ ਘਰ ਆ — ਸ਼ਿਕਾਗੋ । ਸਾਰਾ ਘਰ ਮੈਂ ਤੇਰੇ ਜੋਗਾ ਵਿਹਲਾ ਕਰ ਦਿਆਂਗਾ । ਪਹਿਲੋਂ ਹੀ ਸਾਰੇ ਕਮਰਿਆਂ ਨੂੰ ਝਾੜ-ਪੂੰਝ ਕੇ ਸਫ਼ਾਈ ਕਰ ਕੇ ਰੱਖਾਂਗਾ । ਤੂੰ ਆਏਂਗੀ, ਤਾਂ...ਤਾਂ ਮੈਂ ਆਪਣੇ ਦੋਸਤ ਦੇ ਘਰ ਜਾ ਕੇ ਸੌਂ ਜਾਇਆ ਕਰਾਂਗਾ ।'

'ਕਿਉਂ, ਡਾਨ ?'

'ਏਸ ਕਰਕੇ, ਕਿ ਲੋਕ ਗੱਲਾਂ ਨਾ ਬਨਾਉਣ । ਤੇਰੇ ਵਰਗੀ ਪਿਆਰੀ ਤੇ ਚੰਗੀ ਕੁੜੀ ਬਾਰੇ ਕੋਈ ਮਾੜੀ ਗੱਲ ਮੂੰਹੋਂ ਕੱਢੇ, ਇਹ ਮੇਰੇ ਕੋਲੋਂ ਨਹੀਂ ਬਰਦਾਸ਼ਤ ਹੋਣਾ ।'

ਗੀਤਾ ਨੂੰ ਲਗਾ, ਇਕ ਅੱਥਰੂ ਸੀ, ਜਿਹੜਾ ਵੱਗਣ ਲਈ ਕੁਲਬੁਲਾ ਰਿਹਾ ਸੀ ।

'ਤੈਨੂੰ ਬਿਲਕੁਲ ਕੋਈ ਤਕਲੀਫ਼ ਨਹੀਂ ਹੋਵੇਗੀ । ਤੂੰ ਜ਼ਰੂਰ ਆਵੀਂ ।'

'ਅਛਾ, ਡਾਨ !' ਗੀਤਾ ਨੇ ਹੌਲੀ ਜਿਹੀ ਆਖਿਆ ।

ਆਰਕੈਸਟਰਾ ਦੀ ਧੁਨ ਖ਼ਤਮ ਹੋਈ । ਡਾਨ ਨੇ ਅਲਗ ਹਟ ਕੇ ਹਲਕੀ ਜਿਹੀ ਤਾੜੀ ਵਜਾਈ । ਗੀਤਾ ਨੇ ਵੀ ਵਜਾਈ । ਫੇਰ ਉਹ ਆਰਕੈਸਟਰਾ ਵਾਲਿਆਂ ਵਲ ਤੱਕ ਕੇ ਰਤਾ ਕੁ ਝੁਕਿਆ । ਗੀਤਾ ਵੀ ਝੁਕੀ ।

ਉਹ ਜਾ ਕੇ ਆਪਣੀ ਥਾਂ 'ਤੇ ਬਹਿ ਗਏ ।

ਡਾਨ ਨੇ ਫੇਰ ਉਹਦੀ ਧੌਣ ਚੁੰਮ ਲਈ, ਤੇ ਆਖਣ ਲਗਾ, 'ਕਿਸੇ ਨਹੀਂ ਵੇਖਿਆ । ਕਿਸੇ ਨਹੀਂ ਵੇਖਿਆ ।'

ਗੀਤਾ ਨੇ ਘੜੀ ਵੇਖੀ, ਸਵਾ ਦਸ ।

'ਓਹ, ਡਾਨ ! ਹੁਣ ਜਾਣਾ ਚਾਹੀਦਾ ਏ ।'

'ਕਿਉਂ ? ਹਾਲੀ ਤੇ ਸਵਾ ਦਸ ਵਜੇ ਨੇ', ਡਾਨ ਨੇ ਆਪਣੀ ਘੜੀ ਵੇਖਦਿਆਂ ਹੋਇਆਂ ਕਿਹਾ ।

'ਡਾਨ, ਏਸ ਮੁਲਕ ਵਿਚ ਏਨੇ ਵਜੇ ਤੱਕ ਵੀ ਕੋਈ ਇਕੱਲੀ ਔਰਤ ਘਰੋਂ ਬਾਹਰ ਨਹੀਂ ਰਹਿੰਦੀ । ਮੈਂ ਵੀ ਕਦੇ ਨਹੀਂ ਰਹੀ । ਸਿਰਫ਼ ਅੱਜ...।'

'ਉਫ਼, ਤਾਂ ਤੇ ਏਸ ਮੁਲਕ ਵਿਚ ਰਹਿਣਾ ਪਾਪ ਏ, ਗੁਨਾਹ ਏ', ਉਹਨੇ ਤਿਲਮਿਲਾ ਕੇ ਆਖਿਆ ।

ਖ਼ੈਰ, ਬਿੱਲ ਦੇ ਕੇ ਉਹ ਉੱਠ ਖੜੋਤੇ । ਗੀਤਾ ਨੇ ਉਸ ਨੂੰ ਉਹਦੇ ਹੋਟਲ ਪੁਚਾ ਦਿਤਾ । ਰਾਹ ਵਿਚ ਉਹ ਉਹਨੂੰ ਪੱਕੀਆਂ ਪਕਾਂਦਾ ਰਿਹਾ, 'ਮੈਨੂੰ ਖ਼ਤ ਜ਼ਰੂਰ ਲਿਖੀਂ । ਸ਼ਿਕਾਗੋ ਜ਼ਰੂਰ ਆਵੀਂ !' ਗੀਤਾ ਵਾਅਦੇ ਕਰਦੀ ਰਹੀ । ਉਂਜ ਦਿਲ ਵਿਚ ਉਸ ਨੂੰ ਪਤਾ ਸੀ ਕਿ ਇਹਨਾਂ ਵਾਅਦਿਆਂ ਦਾ ਕੋਈ ਮਹਿਨਾ ਨਹੀਂ ।

ਆਪਣੇ ਹੋਟਲ ਅਗੇ ਉਤਰਨ ਲਗਿਆਂ ਡਾਨ ਪਲ ਦਾ ਪਲ ਚੁੱਪ ਚਾਪ ਬਹਿ ਕੇ ਗੀਤਾ ਵਲ ਵੇਖਦਾ ਰਿਹਾ । ਹਨੇਰੇ ਵਿਚ ਵੀ ਉਹ ਉਸ ਦੀਆਂ ਅੱਖਾਂ ਵਿਚਲੀ ਨਮੀ ਨੂੰ ਜਿਵੇਂ ਛੁਹ ਸਕਦੀ ਸੀ । ਉਤਰਨ ਲਗਿਆਂ ਉਹਨੇ ਗੀਤਾ ਦੀ ਧੌਣ ਚੁੰਮੀ, ਤੇ ਫੇਰ ਹੌਲੀ ਜਿਹੀ ਕਿਹਾ, 'ਗਾਡ ਬਲੈੱਸ ਯੂ !'

... ... ...

ਗੀਤਾ ਘਰ ਪਹੁੰਚੀ । ਸੋਨੀਆ ਉਹਦਾ ਇੰਤਜ਼ਾਰ ਕਰ ਕਰ ਕੇ ਸੌਂ ਗਈ ਸੀ । ਆਇਆ ਨੇ ਦਸਿਆ ਕਿ ਉਹਨੇ ਰੋਟੀ ਵੀ ਨਹੀਂ ਸੀ ਖਾਧੀ ।

ਗੀਤਾ ਦੇ ਕਲੇਜੇ ਵਿਚ ਜਿਵੇਂ ਰੁੱਗ ਭਰਿਆ ਗਿਆ । ਉਸ ਨੇ ਸੋਨੀਆ ਨੂੰ ਪਿਆਰ ਕਰ ਕਰ ਕੇ ਉਠਾਇਆ, ਪੁਚਕਾਰ ਕੇ ਰੋਟੀ ਖੁਆਈ ।

ਆਇਆ ਨੇ ਕਿਹਾ, 'ਸਾ'ਬ ਦਾ ਡਿਸਪੈਂਸਰ ਆਇਆ ਸੀ । ਉਹ ਅੱਜ ਘਰ ਨਹੀਂ ਆਉਣਗੇ ।'

ਗੀਤਾ ਚੁੱਪ ਰਹੀ । ਇਹ ਕੋਈ ਨਵੀਂ ਗੱਲ ਨਹੀਂ ਸੀ ।

ਨਾਲੇ ਅੱਜ ਅਚਾਨਕ ਗੀਤਾ ਨੂੰ ਇੰਜ ਲੱਗਾ, ਜਿਵੇਂ ਉਹਦਾ ਖ਼ਾਵੰਦ ਚਾਹੇ ਘਰ ਆਵੇ ਚਾਹੇ ਨਾ ਆਵੇ, ਏਸ ਗੱਲ ਦਾ ਕੋਈ ਬਹੁਤਾ ਫ਼ਰਕ ਵੀ ਨਹੀਂ ਪੈਂਦਾ । ਇਸ ਗੱਲ ਵਿਚੋਂ ਜਿਵੇਂ ਡੰਗ ਖ਼ਤਮ ਹੋ ਗਿਆ ਸੀ । ਅਹਿਮੀਅਤ ਵੀ ਖ਼ਤਮ ਹੋ ਗਈ ਸੀ ।

ਇਕ ਅਜੀਬ ਬੇ-ਨਿਆਜ਼ੀ !

ਗੀਤਾ ਨੇ ਰੋਟੀ ਖਾਂਦੀ ਸੋਨੀਆ ਦਾ ਮੂੰਹ ਚੁੰਮ ਲਿਆ । ਰੋਟੀ ਦੀ ਗਰਾਹੀ ਨਾਲ ਭਰੇ ਹੋਏ ਮੂੰਹ ਨਾਲ ਉਹ ਮੁਸਕਰਾਈ । ਮੁਸਕਰਾਹਟ ਏਨੀ ਉਹਦੇ ਹੋਠਾਂ 'ਤੇ ਨਹੀਂ ਸੀ, ਜਿੰਨੀ ਉਹਦੀਆਂ ਅੱਖਾਂ ਵਿਚ ਸੀ ।

... ... ...



ਅਗਲੀ ਸਵੇਰ...

ਡਾਨ ਨੇ ਗੀਤਾ ਨੂੰ ਦਸਿਆ ਸੀ ਕਿ ਉਹ ਸਾਢੇ ਪੰਜ ਆਪਣੇ ਹੋਟਲ ਤੋਂ ਤੁਰ ਪਵੇਗਾ, ਛੇ ਵਜੇ ਏਅਰ ਕੰਪਨੀ ਦੇ ਦਫ਼ਤਰ ਪਹੁੰਚੇਗਾ — ਕਨਾਟ ਪਲੇਸ । ਤੇ ਫੇਰ ਏਅਰੋਡਰੋਮ — ਪਾਲਮ ।

ਗੀਤਾ ਨੂੰ ਜਾਗ ਆਈ, ਤਾਂ ਲੋਅ ਲਗੀ ਹੋਈ ਸੀ । ਉਸ ਨੇ ਉੱਠ ਕੇ ਘੜੀ ਵੇਖੀ । ਪੰਜ ਵਜੇ ਸਨ । ਉਹ ਵਾਪਸ ਆ ਕੇ ਸੋਨੀਆ ਦੀ ਮੰਜੀ 'ਤੇ ਲੇਟ ਗਈ, ਤੇ ਸੁੱਤੀ ਪਈ ਸੋਨੀਆ ਨੂੰ ਉਹਨੇ ਆਪਣੀ ਛਾਤੀ ਨਾਲ ਘੁੱਟ ਲਿਆ ।

ਪੰਦਰਾਂ ਵੀਹ ਮਿੰਟ ਗੁਜ਼ਰ ਗਏ ।

ਉਹ ਡਾਨ ਬਾਰੇ ਸੋਚ ਰਹੀ ਸੀ : ਇਕ ਇਕੱਲਾ ਮਨੁੱਖ — ਇਕ ਸਾਬਤ ਉਮਰ ਦਾ ਇਕਲਾਪਾ ਜਿਸ ਦੇ ਕਦਮਾਂ ਦੇ ਪਿੱਛੇ ਸੀ, ਤੇ ਮੌਤ ਦਾ ਇਕਲਾਪਾ ਜਿਸ ਦੇ ਕਦਮਾਂ ਦੇ ਅੱਗੇ ਸੀ...ਇਕੱਲ ਦੇ ਅਹਿਸਾਸ ਨੂੰ ਧੋਖਾ ਦੇਣ ਲਈ ਮੁਲਕ ਮੁਲਕ ਭੌਂਦਾ...ਕਿਸੇ ਮੁਲਕ ਵਿਚ ਕੋਈ ਵਾਕਫ਼ੀ ਨਹੀਂ, ਕੋਈ ਦੋਸਤ ਨਹੀਂ, ਕੋਈ ਆਪਣਾ ਨਹੀਂ...ਹਰ ਥਾਂ ਤੇ ਪਰਦੇਸੀ...ਇਕੱਲਾ...ਕੋਈ ਅੱਗਲਵਾਂਢੀ ਲੈਣ ਨਹੀਂ ਆਉਂਦਾ, ਕੋਈ ਤੁਰਨ ਲਗੇ ਨੂੰ ਵਿਦਾ ਕਰਨ ਨਹੀਂ ਜਾਂਦਾ...ਹਵਾਈ ਜਹਾਜ਼ ਨਵੀਂ ਜ਼ਮੀਨ ਨੂੰ ਛੂੰਹਦਾ ਏ, ਤਾਂ ਧਰਤੀ ਸੁਆਗਤ ਨਹੀਂ ਕਰਦੀ ; ਹਵਾਈ ਜਹਾਜ਼ ਕਿਸੇ ਜ਼ਮੀਨ ਨੂੰ ਛੋੜਦਾ ਏ ਤਾਂ ਕੋਈ ਹੱਥ ਨਹੀਂ ਹਿੱਲਦੇ, ਕੋਈ ਰੁਮਾਲ ਨਹੀਂ ਹਿੱਲਦਾ...

ਗੀਤਾ ਦਾ ਮਨ ਭਰ ਆਇਆ ।

ਉਹ ਉੱਠ ਕੇ ਝਟ ਪਟ ਤਿਆਰ ਹੋਈ ।

ਕਨਾਟ ਪਲੇਸ 'ਏਅਰ ਇੰਡੀਆ' ਦੇ ਦਫ਼ਤਰ ਪਹੁੰਚੀ ਤਾਂ ਚਪੜਾਸੀ ਨੇ ਦਸਿਆ ਕਿ ਬੱਸ ਤਾਂ ਮੁਸਾਫ਼ਰਾਂ ਨੂੰ ਲੈ ਕੇ ਚਲੀ ਗਈ — ਡੇਢ ਮਿੰਟ ਹੋਇਆ ।

ਗੀਤਾ ਨੇ ਝੁੰਝਲਾ ਕੇ ਘੜੀ ਵਲ ਵੇਖਿਆ । ਉਸ ਦੀ ਘੜੀ 'ਤੇ ਤਾਂ ਅਜੇ ਛੇ ਵਜਣ ਵਿਚ ਪੰਜ ਮਿੰਟ ਰਹਿੰਦੇ ਸਨ ।

ਉਹ ਪਾਲਮ ਪਹੁੰਚੀ ।

ਡਾਨ ਕਿਧਰੇ ਨਜ਼ਰ ਨਹੀਂ ਆਇਆ ।

ਉਸ ਨੇ ਇਨਕੁਆਇਰੀ ਵਾਲੇ ਅਫ਼ਸਰ ਨੂੰ ਪੁੱਛਿਆ ।

ਉਹ ਮੁਸਾਫ਼ਰਾਂ ਦੀ ਲਿਸਟ ਵੇਖਣ ਲਗੀ ।

'ਡਾਨ ਤਾਂ ਏਥੇ ਕੋਈ ਨਹੀਂ ।'

ਗੀਤਾ ਘਬਰਾ ਗਈ ।

'ਇਕ ਵਾਰੀ ਫੇਰ ਵੇਖੋ ਨਾ !' ਉਸ ਨੇ ਤਰਲੇ ਨਾਲ ਆਖਿਆ ।

ਉਹਨੇ ਲਿਸਟ ਫੇਰ ਵੇਖੀ । 'ਇਕ ਡਾਨਲਡ ਡੀ ਕਾਰਲ ਹੈ ।'

'ਇਹੀ ਹੋਣਾ ਏ', ਗੀਤਾ ਆਪਣੀਆਂ ਨਜ਼ਰਾਂ ਵਿਚ ਆਪ ਹੀ ਮੂਰਖ ਨਜ਼ਰ ਆ ਰਹੀ ਸੀ ।

'ਇਹ ਤਾਂ ਅਜੇ ਪਹੁੰਚਿਆ ਨਹੀਂ । ਸਾਡੀ ਬੱਸ 'ਤੇ ਨਹੀਂ ਸੀ ਅਪੜਿਆ, ਕਨਾਟ ਪਲੇਸ । ਸ਼ਾਇਦ ਆਪਣੇ ਆਪ ਪਹੁੰਚੇਗਾ ।'

'ਫ਼ਲਾਈਟ ਕਿੰਨੇ ਵਜੇ ਜਾਂਦੀ ਏ ?'

'ਸਾਢੇ ਸੱਤ ।'

ਗੀਤਾ ਨੇ ਘੜੀ ਵੇਖੀ । ਸੱਤ ਤਾਂ ਵਜ ਚੁੱਕੇ ਸਨ ।

ਗੀਤਾ ਆਸ ਪਾਸ ਤੱਕਣ ਲਗੀ — ਬੇਮਤਲਬ ।

ਡਾਨ ਸੱਤ ਵਜ ਕੇ ਦਸ ਮਿੰਟ ਤੇ ਪਹੁੰਚਿਆ । ਕਾਹਲੀ ਕਾਹਲੀ ।

ਗੀਤਾ ਨੂੰ ਵੇਖ ਕੇ ਜਿਵੇਂ ਪਲ ਦਾ ਪਲ ਹੈਰਾਨ ਰਹਿ ਗਿਆ । ਚੁੱਪ ਦਾ ਚੁੱਪ । ਜਿਵੇਂ ਉਹਨੂੰ ਯਕੀਨ ਹੀ ਨਾ ਪਿਆ ਆਉਂਦਾ ਹੋਵੇ ।

ਫੇਰ ਉੱਲਰ ਕੇ ਇੰਜ ਗੀਤਾ ਦੇ ਗਲ ਲਗਾ ਜਿਵੇਂ ਕੋਈ ਵਰ੍ਹਿਆਂ ਦਾ ਵਿੱਛੜਿਆ ਬਾਲ ਆਪਣੀ ਮਾਂ ਦੇ ਗਲ ਜਾ ਚੰਬੜਦਾ ਏ । ਤੇ ਜਾਂ ਕੋਈ ਪਰਦੇਸੋਂ ਮੁੜਿਆ ਮਹਿਬੂਬ ਆਪਣੀ ਮਹਿਬੂਬਾ ਦੇ ਗਲ ਲਗਦਾ ਏ ।

ਗੀਤਾ ਦੇ ਗਲ ਲਗ ਕੇ ਉਹ ਉਸ ਦੀ ਧੌਣ ਨੂੰ, ਉਸ ਦੇ ਮੱਥੇ ਨੂੰ ਚੁੰਮੀ ਜਾਵੇ । ਉਸ ਦੀਆਂ ਤਲੀਆਂ ਨੂੰ ਚੁੰਮੀ ਜਾਵੇ ।

ਅੱਖਾਂ ਭਰੀਆਂ ਹੋਈਆਂ । ਸੰਘ ਗੱਚੋ ਗੱਚ । ਚੁੱਪ ਦਾ ਚੁੱਪ ।

ਕਸਟਮ ਵਾਲਿਆਂ ਨੇ ਕਾਹਲ ਪਾ ਕੇ ਉਹਨੂੰ ਬੁਲਾ ਲਿਆ ।

ਕਸਟਮ ਤੋਂ ਵਿਹਲਾ ਹੋ ਕੇ ਨੱਠਦਾ ਹੋਇਆ ਗੀਤਾ ਕੋਲ ਆਇਆ, 'ਗੀਤਾ, ਮੈਂ ਸਵੇਰ ਦਾ ਟੈਲੀਫ਼ੋਨ 'ਤੇ ਕੋਸ਼ਿਸ਼ ਕਰ ਰਿਹਾ ਸੀ, ਕਿ ਅੱਜ ਦਾ ਜਾਣਾ ਕੈਂਸਲ ਕਰ ਦਿਆਂ । ਪੰਦਰਾਂ ਕੁ ਦਿਨ ਹੋਰ ਏਥੇ ਰਹਿ ਜਾਵਾਂ । ਰਾਤੀਂ ਮੈਂ ਈਹੋ ਈ ਫ਼ੈਸਲਾ ਕੀਤਾ ਸੀ । ਏਸ ਤਰ੍ਹਾਂ ਕਿਧਰੇ ਵੀ ਰਹਿਣ 'ਤੇ ਮੇਰਾ ਕਦੇ ਦਿਲ ਨਹੀਂ ਕੀਤਾ — ਸ਼ਿਕਾਗੋ ਵੀ ਨਹੀਂ, ਫ਼ਲੋਰਿਡਾ ਵੀ ਨਹੀਂ, ਇਟਲੀ ਵੀ ਨਹੀਂ । ਕਿਤੇ ਨਹੀਂ । ਸਿਰਫ਼ ਐਥੇ...'

ਪਲ ਦਾ ਪਲ ਚੁੱਪ ਰਹਿ ਕੇ ਉਹ ਆਪਣੀਆਂ ਝੀਲਾਂ ਦੀਆਂ ਡੂੰਘਾਣਾਂ ਵਿਚੋਂ ਖ਼ਾਮੋਸ਼ ਗੀਤਾ ਵਲ ਵੇਖਦਾ ਰਿਹਾ।

ਇਕ ਹਉਕਾ ।

'ਨਹੀਂ ਪਾਸੀਬਲ ਹੋ ਸਕਿਆ ।' ਉਹ ਪਰ੍ਹਾਂ ਤੱਕਣ ਲਗਾ ।

ਵਕਤ ਦਾ ਇਕ ਟੁਕੜਾ...ਜਿਵੇਂ ਕੋਈ ਸਹਿਮਿਆ ਹੋਇਆ ਧੱਕ ਧੱਕ ਕਰਦੇ ਕਲੇਜੇ ਵਾਲਾ ਖ਼ਰਗੋਸ਼ ਹੋਵੇ ! ਉਹਦੇ ਪਿੰਡੇ ਦੀ ਲੂੰਈਂ ਵੀ ਥਰ ਥਰ ਕੰਬਦੀ ਹੋਈ...।

'ਪਤਾ ਨਹੀਂ ਮੈਂ ਤੈਨੂੰ ਲੱਭ ਵੀ ਸਕਦਾ ਕਿ ਨਾ । ਗੌਤਮ ਵੀ ਏਥੇ ਨਹੀਂ ਸੀ । ਤੇਰਾ ਤਾਂ ਬਹੁ-ਟਿਕਾਣਾ ਹੀ ਨਹੀਂ ਮੈਨੂੰ ਪਤਾ । ਪਰ ਫੇਰ ਵੀ...ਇਹ ਤਸੱਲੀ ਤਾਂ ਰਹਿੰਦੀ ਕਿ ਮੈਂ ਤੇਰੇ ਸ਼ਹਿਰ ਵਿਚ ਰਹਿ ਰਿਹਾਂ । ਉਸੇ ਸ਼ਹਿਰ ਵਿਚ ਤੂੰ ਵੀ ਕਿਤੇ ਹੈਂ...ਏਸੇ ਪਿਆਰੀ ਜਿਹੀ ਧੁੱਪ ਵਾਲੇ ਸ਼ਹਿਰ ਵਿਚ...!'

ਇਕ ਏਅਰ ਹੋਸਟੈੱਸ ਭੱਜੀ ਭੱਜੀ ਆਈ, 'ਮਿਸਟਰ ਡੀ ਕਾਰਲ, ਪਲੀਜ਼ !' ਉਹ ਉਹਨੂੰ ਛੇਤੀ ਤੁਰਨ ਲਈ ਕਹਿ ਰਹੀ ਸੀ ।

ਅਚਾਨਕ ਡਾਨ ਨੇ ਗੀਤਾ ਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲਿਆ । ਉਹਦਾ



ਮੱਥਾ ਚੁੰਮਿਆ । ਤੇ ਫੇਰ ਹਵਾਈ ਜਹਾਜ਼ ਵਲ ਦੌੜ ਪਿਆ । ਦੋ ਕਦਮ ਦੌੜੇ, ਫੇਰ ਮੁੜ ਕੇ ਹੱਥ ਹਿਲਾਏ । ਫੇਰ ਦੋ ਕਦਮ ਦੌੜ ਲਵੇ, ਫੇਰ ਮੁੜ ਕੇ ਹੱਥ ਹਿਲਾ ਲਵੇ ।

ਜਹਾਜ਼ ਦੇ ਇੰਜਨ ਵਿਚ ਸ਼ੋਰ ਸ਼ੁਰੂ ਹੋਇਆ । ਪਹੀਏ ਤੁਰ ਪਏ । ਗੀਤਾ ਜਹਾਜ਼ ਵਲ ਤੱਕ ਕੇ ਹੱਥ ਹਿਲਾਉਂਦੀ ਰਹੀ ।

ਲਹਿਰਾਂ ਦੀ ਇਕ ਦੀਵਾਰ ਉੱਚੀ ਉੱਚੀ ਹੋਈ ਜਾਂਦੀ ਸੀ ।

ਅਚਾਨਕ ਗੀਤਾ ਨੂੰ ਅਹਿਸਾਸ ਹੋਇਆ, ਕਿ ਇਹ 'ਤੇ ਉਹਦੇ ਆਪਣੇ ਅੱਥਰੂਆਂ ਦੀ ਦੀਵਾਰ ਸੀ ।

ਉਸ ਨੇ ਆਪਣੇ ਆਪ ਨੂੰ ਸੰਭਾਲਿਆ ।

ਹਵਾਈ ਜਹਾਜ਼ ਜਾ ਚੁੱਕਾ ਸੀ ।

ਉਹ ਮੁੜੀ, ਤੇ ਬਾਹਰਲੇ ਗੇਟ ਵਲ ਤੁਰ ਪਈ ।

ਦੋ ਬੰਦੇ ਬੜੇ ਰਾਜ਼ਦਾਰਾਨਾ ਤਰੀਕੇ ਨਾਲ ਮੁਸਕਰਾ ਕੇ ਗੱਲਾਂ ਕਰ ਰਹੇ ਸਨ ।

ਗੱਲਾਂ ਦੇ ਕੁਝ ਟੁਕੜੇ ਉੱਡਦੇ ਹੋਏ ਆਏ — ਸਪਲਿੰਟਰਜ਼ ਵਾਂਗੂੰ !

"ਈਹੋ ਜਿਹੇ ਅਮੀਰ ਬੁੱਢੇ ਜਦੋਂ ਬਾਹਰੋਂ ਆਉਂਦੇ ਨੇ, ਤਾਂ ਏਸ ਤਰ੍ਹਾਂ ਹੁੰਦਾ ਈ ਏ ਬਈ !"

"ਪੈਸਾ ਬੜੀ ਚੀਜ਼ ਏ ਦੋਸਤ !"

"ਇਸ ਜਾਲ ਵਿਚ ਤਾਂ ਜਿਹੜੀ ਮਰਜ਼ੀ ਏ ਬੁਲਬੁਲ ਫਸਾ ਲਓ ।"

"ਬੁਲਬੁਲ ਨਹੀਂ, ਮੱਛੀ, ਯਾਰ, ਮੱਛੀ !"

"ਆ ਮੇਰੀ ਮੈਨਾ, ਏਕ ਨਜ਼ਰ ਇਧਰ ਭੀ..."

"ਹਮ ਭੀ ਖੜੇ ਹੈਂ ਰਾਹੋਂ ਮੇਂ...।" ਗਾਉਣ ਦੀ ਆਵਾਜ਼ ।

"ਹਾਏ !" ਇਕ ਕੋਝੇ ਹਉਕੇ ਦੀ ਆਵਾਜ਼ ।

ਇਕ ਠਹਾਕੇ ਦੀ ਆਵਾਜ਼ ।

# ਕਟੀਆਂ ਲਕੀਰਾਂ, ਟੱਟੇ ਤ੍ਰਿਕੋਣ

ਸਿੰਮੀ ਸਵੇਰੇ ਜਾਗੀ ਤਾਂ ਦਿਨ ਦਾ ਚਾਨਣ ਬਾਰੀ ਦੇ ਪਰਦੇ 'ਚੋਂ ਛਣ ਕੇ ਅੰਦਰ ਆ ਰਿਹਾ ਸੀ। ਪਲ ਦਾ ਪਲ ਉਹ ਉਸੇ ਤਰ੍ਹਾਂ ਮੰਜੀ 'ਤੇ ਲੇਟੀ ਰਹੀ — ਹਿੱਲੀ ਵੀ ਨਹੀਂ। ਇੰਜ, ਜਿਵੇਂ ਪੰਜ ਮਿੰਟ ਪਹਿਲੋਂ ਉਹ ਮੰਜੀ ਤੇ ਲੰਮੀ ਪਈ ਹੋਵੇ, ਪਲ ਦਾ ਪਲ ਉਹਨੇ ਅੱਖਾਂ ਬੰਦ ਕੀਤੀਆਂ ਹੋਣ ਤੇ ਫੇਰ ਅਡੋਲ ਖੋਹਲ ਲਈਆਂ ਹੋਣ।

ਥੋੜੇ ਚਿਰ ਮਗਰੋਂ ਉਸ ਨੂੰ ਅਹਿਸਾਸ ਹੋਇਆ ਕਿ ਉਹ ਸਾਰੀ ਰਾਤ ਸੁੱਤੀ ਰਹੀ ਸੀ, ਤੇ ਹੁਣੇ ਹੁਣੇ ਜਾਗੀ ਸੀ। ਉਸ ਨੂੰ ਇਹ ਵੀ ਯਾਦ ਆਇਆ ਕਿ ਹੁਣ ਸਵੇਰ ਹੋ ਗਈ ਸੀ, ਤੇ ਜਿਸ ਤਰ੍ਹਾਂ ਆਮ ਦਸਤੂਰ ਏ, ਉਹਨੂੰ ਉੱਠਣਾ ਚਾਹੀਦਾ ਏ।

ਇਹ ਸਾਰਾ ਕੁਝ ਸੋਚਣ ਮਗਰੋਂ ਉਸ ਦੇ ਜਿਸਮ ਦਾ ਕੋਈ ਅੰਗ ਨਹੀਂ ਹਿੱਲਿਆ। ਸਿਥਲ, ਅਹਿੱਲ, ਉਹ ਲੇਟੀ ਰਹੀ।

ਉਸ ਦੇ ਦਿਮਾਗ਼ ਵਿਚ ਵੀ ਉੱਠਣ ਦੇ ਖ਼ਿਆਲ ਤੋਂ ਮਗਰੋਂ ਹੋਰ ਕੋਈ ਖ਼ਿਆਲ ਨਹੀਂ ਆਇਆ।

ਇਕ ਅਜੀਬ ਖ਼ਾਲੀਪਣ...ਸੱਖਣਾਪਣ...

ਫੇਰ ਉਸ ਨੂੰ ਖ਼ਿਆਲ ਆਇਆ ਕਿ ਰਾਤੀਂ ਜਿਸ ਵੇਲੇ ਉਹ ਸੁੱਤੀ ਸੀ, ਮੀਂਹ ਪਿਆ ਵੱਸਦਾ ਸੀ। ਕਿੰਨਾ ਹੀ ਚਿਰ ਉਹ ਆਪਣੇ ਕਮਰੇ ਦੀ ਬਾਰੀ ਦੇ ਬਾਹਰ ਵੱਸਦੇ ਹੋਏ ਮੀਂਹ ਦੀ ਖਟਰ-ਪਟਰ ਸੁਣਦੀ ਰਹੀ ਸੀ। ਉਹਨੂੰ ਥੋੜੀ ਜਿਹੀ ਖ਼ੁਸ਼ੀ ਵੀ ਹੋਈ ਸੀ ਕਿ ਉਹਦੀ ਮੰਜੀ ਤੋਂ ਮਸਾਂ ਦੋ ਗਜ਼ ਦੇ ਫ਼ਾਸਲੇ 'ਤੇ ਮੀਂਹ ਕਿੰਜ ਪਿਆ ਵੱਸਦਾ ਸੀ। ਜੇ ਉਹ ਦੋ ਗਜ਼ ਪਰ੍ਹਾਂ ਹੁੰਦੀ, ਤਾਂ ਕਿੰਜ ਭਿੱਜ ਜਾਂਦੀ! ਪਰ ਹੁਣ ਉਹ ਦੋ ਗਜ਼ ਉਰ੍ਹਾਂ ਸੀ, ਤੇ ਆਪਣੀ ਮੰਜੀ 'ਤੇ ਲੇਟੀ ਹੋਈ ਸੀ, ਤੇ ਬਿਸਤਰੇ ਦੇ ਨਿੱਘ ਵਿਚ ਸੌਣ ਦੀ ਤਿਆਰੀ ਕਰ ਰਹੀ ਸੀ।

ਉਹਨੂੰ ਥੋੜੀ ਜਿਹੀ ਰਾਹਤ ਮਿਲੀ ਸੀ।

ਤੇ ਫੇਰ ਉਹ ਸੌਂ ਗਈ ਸੀ।

ਰਾਤੀਂ ਉਹ ਦੋ ਵਾਰੀ ਜਾਗੀ ਸੀ। ਪਰ ਓਦੋਂ ਉਹਨੂੰ ਚੇਤਾ ਹੀ ਨਹੀਂ ਸੀ ਰਿਹਾ, ਕਿ ਰਾਤੀਂ ਉਹਦੇ ਸੌਣ ਵੇਲੇ ਮੀਂਹ ਵੱਸ ਰਿਹਾ ਸੀ। ਏਸੇ ਕਰ ਕੇ ਉਸ ਨੇ ਬਾਰੀ ਤੋਂ ਬਾਹਰ ਝਾਕ ਕੇ ਨਹੀਂ ਸੀ ਵੇਖਿਆ ਕਿ ਮੀਂਹ ਵੱਸ ਰਿਹਾ ਸੀ ਜਾਂ ਨਹੀਂ। ਨਾ ਉਹਨੂੰ ਹੁਣ ਪਤਾ ਸੀ ਕਿ ਰਾਤੀਂ ਮੀਂਹ ਵੱਸਦਾ ਰਿਹਾ ਸੀ ਤੇ ਉਹਦੇ ਸੌਣ ਤੋਂ ਮਗਰੋਂ ਥੰਮ੍ਹ ਗਿਆ ਸੀ।



— ਕੀ ਫ਼ਰਕ ਪੈਂਦਾ ਏ! ਉਹਨੇ ਸੋਚਿਆ।

ਰਸੋਈ ਵਿਚੋਂ ਖਟਰ-ਪਟਰ ਦੀ ਆਵਾਜ਼ ਆ ਰਹੀ ਸੀ। 'ਸ਼ਾਇਦ ਅੰਮੀ ਕੰਮ ਕਰ ਰਹੇ ਹੋਣਗੇ' — ਸਿੰਮੀ ਨੇ ਸੋਚਿਆ। ਪਲ ਕੁ ਲਈ ਇਕ ਖ਼ਿਆਲ ਜਿਵੇਂ ਉਹਦੇ ਉਤੋਂ ਦੀ ਸਰਸਰਾਉਂਦਾ ਹੋਇਆ ਲੰਘਿਆ — 'ਬੀਜੀ ਚੌਂਕੇ ਵਿਚ ਕੰਮ ਕਰ ਰਹੇ ਨੇ। ਹੁਣੇ ਸ਼ਾਇਦ ਚਾਹ ਦੀ ਪਿਆਲੀ ਬਣਾ ਕੇ ਮੈਨੂੰ ਐਥੇ ਦੇਣ ਆਉਣਗੇ। ਹਮੇਸ਼ਾ ਵਾਂਗੂ ਪਿਆਲੇ ਵਿਚ ਚਮਚਾ ਹਿਲਾਉਂਦੇ ਹੋਏ, ਬੜੀਆਂ ਸੋਗੀ, ਪਰ ਘੋਖਦੀਆਂ ਨਜ਼ਰਾਂ ਨਾਲ ਮੇਰੇ ਵਲ ਤੱਕਣਗੇ।'

ਖ਼ਿਆਲ ਹੌਲੀ ਹੌਲੀ ਉੱਡਦਾ ਹੋਇਆ ਉਹਦੇ ਉਤੋਂ ਦੀ ਗੁਜ਼ਰ ਗਿਆ। ਸਿੰਮੀ ਚੁੱਪ ਚਾਪ ਲੇਟੀ ਰਹੀ।

ਖ਼ਿਆਲ ਨੇ ਜਿਵੇਂ ਦੂਰ ਬਾਰੀ 'ਚੋਂ ਬਾਹਰ ਜਾ ਕੇ ਹਲਕੀ ਜਿਹੀ ਆਵਾਜ਼ ਵਿਚ ਆਖਿਆ: 'ਅੰਮੀ ਦੇ ਆਉਣ ਤੋਂ ਪਹਿਲੋਂ ਉੱਠ ਜਾਹ! ਨਹੀਂ ਤੇ...ਸਵੇਰੇ ਸਵੇਰੇ... ਉਹ ਫਿੱਕੀ ਬਕਬਕੀ ਅਚਕਚਾਹਟ...।'

ਸਿੰਮੀ ਨੇ ਉਹ ਮੱਧਮ ਜਿਹੀ ਆਵਾਜ਼ ਸੁਣੀ। ਫੇਰ ਜਿਵੇਂ ਉਸ ਜਾਂਦੇ ਜਾਂਦੇ ਖ਼ਿਆਲ ਨੂੰ ਉਹਨੇ ਰਜ਼ਾਈ ਵਿਚ ਪਿਆ ਹੋਇਆ ਹੱਥ ਛਿਣਕ ਕੇ ਆਖਿਆ—'ਹੋਏ ਪਿਆ!'

ਫੇਰ ਸਿੰਮੀ ਨੇ ਰਜ਼ਾਈ ਆਪਣੇ ਚਾਰੇ ਪਾਸੇ ਕੁੰਜ ਲਈ।

ਉਹਨੂੰ ਸੋਚ ਆਈ ਕਿ ਬਿਸਤਰੇ ਵਿਚੋਂ ਉੱਠਣ ਤੋਂ ਪਹਿਲੋਂ ਉਹ ਇਸ ਬਿਸਤਰੇ ਦੇ ਨਿੱਘ ਦਾ ਆਖ਼ਰੀ ਸੁਆਦ ਲੈ ਲਵੇ। ਉਹਨੇ ਕੁਨਮੁਨਾ ਕੇ ਪਾਸਾ ਪਰਤਿਆ। ਕੋਈ ਸੁਆਦ ਨਹੀਂ ਆਇਆ। ਫੇਰ ਉਹ ਢਿੱਡ ਦੇ ਭਾਰ ਮੂਧੀ ਲੇਟ ਗਈ। ਕੋਈ ਸੁਆਦ ਨਹੀਂ ਆਇਆ।

ਪਰ ਉਹ ਉਸੇ ਤਰ੍ਹਾਂ ਮੂਧੀ ਲੇਟੀ ਰਹੀ।

ਪਲ ਕੁ ਮਗਰੋਂ ਉਹਨੇ ਸਿਰਹਾਣੇ ਦੇ ਹੇਠੋਂ ਬਾਂਹ ਵਲਾ ਕੇ ਆਪਣਾ ਸਿਰ ਸਿਰਹਾਣੇ ਦੇ ਵਿਚ ਰਤਾ ਕੁ ਦੱਬਿਆ; ਫੇਰ ਲਾਡ ਨਾਲ ਆਪਣੀ ਗਲ੍ਹ ਸਿਰਹਾਣੇ ਨਾਲ ਘਿਸਾਈ। ਅਚਾਨਕ ਉਹਨੂੰ ਲਗਾ, ਨਿੱਘਾ ਬਿਸਤਰਾ ਉਸ ਦੇ ਪਿੰਡੇ ਨੂੰ, ਉਸ ਦੀ ਛਾਤੀ ਨੂੰ ਘੁੱਟ ਰਿਹਾ ਏ। ਉਹਦਾ ਜੀਅ ਕੀਤਾ ਉਹ ਮੁਸਕਰਾ ਦੇਵੇ। ਪਰ ਮੁਸਕਰਾਣਾ ਵੀ ਉਹਨੂੰ ਫ਼ਜ਼ੂਲ ਲਗਾ। ਉਹ ਚੁੱਪ ਰਹੀ।

ਉਹਨੂੰ ਖ਼ਿਆਲ ਆਇਆ ਕਿ ਅੱਜ ਤੇ ਇਸ਼ੂ ਵਾਪਸ ਆ ਰਿਹਾ ਏ। ਨਾਲ ਹੀ ਉਹਨੂੰ ਇਹ ਵੀ ਯਾਦ ਆਇਆ ਕਿ ਉਹਨੇ ਇਸ਼ੂ ਦੇ ਆਉਣ ਕਰ ਕੇ ਅੱਜ ਕਾਲਜੋਂ ਛੁੱਟੀ ਲਈ ਹੋਈ ਏ। ਹੁਣ ਜਿਹੜੀ ਮੁਸਕਰਾਹਟ ਉਹਦੇ ਹੋਠਾਂ 'ਤੇ ਆਈ, ਉਹਦੇ ਵਿਚ ਕੋਈ ਤਰੱਦਦ ਨਹੀਂ ਸੀ।

ਪਲ ਦਾ ਪਲ ਉਹਨੂੰ ਹੈਰਾਨੀ ਵੀ ਹੋਈ ਕਿ ਏਨੀ ਜ਼ਰੂਰੀ ਗੱਲ ਉਹਨੂੰ ਸਵੇਰੇ ਉਠਦਿਆਂ ਸਾਰ ਕਿਉਂ ਨਹੀਂ ਸੀ ਯਾਦ ਆਈ ਭਲਾ? ਪਰ ਇਹ ਹੈਰਾਨੀ ਵੀ ਜਿਵੇਂ ਅੱਕ ਦਾ ਇਕ ਫੰਭਾ ਸੀ, ਪਲ ਵਿਚ ਉੱਡ ਗਿਆ।

ਫੇਰ ਉਹਨੂੰ ਖ਼ਿਆਲ ਆਇਆ ਕਿ ਕੀ ਪਤਾ ਕਿਹੜੇ ਵੇਲੇ ਇਸ਼ੂ ਨੂੰ ਵਕਤ ਮਿਲੇ ਉਹਨੂੰ ਮਿਲਣ ਦਾ ! ਕੀ ਪਤਾ ਉਹਦੇ ਦੋਸਤ ਉਹਨੂੰ ਕਿਸ ਵੇਲੇ ਛੋੜਨ ! ਪਰ ਸਿੰਮੀ ਤਾਂ ਇੰਜ ਛੁੱਟੀ ਲੈ ਕੇ ਬਹਿ ਗਈ ਸੀ, ਜਿਵੇਂ ਉਹ ਗੱਡੀ 'ਚੋਂ ਉਤਰੇਗਾ ਤੇ ਸਿੱਧਾ ਉਸੇ ਦੀਆਂ ਬਾਹਵਾਂ ਵਿਚ ਚਲਾ ਆਏਗਾ। ਝੱਲੀ ਕੁੜੀ !

ਸਿੰਮੀ ਨੇ ਜਿਸ ਵੇਲੇ ਆਪਣੇ ਆਪ ਨੂੰ 'ਝੱਲੀ ਕੁੜੀ' ਕਿਹਾ, ਉਸੇ ਵੇਲੇ ਉਹਦੀ ਮਾਂ ਚਾਹ ਦੇ ਕੱਪ ਵਿਚ ਚਮਚਾ ਹਿਲਾਉਂਦੀ ਹੋਈ ਉਹਦੇ ਕਮਰੇ ਵਿਚ ਦਾਖ਼ਲ ਹੋਈ।

ਸਿੰਮੀ ਇਕਦਮ ਸਿੱਧੀ ਹੋ ਗਈ। ਸਿਰਹਾਣੇ ਤੋਂ ਪਰ੍ਹਾਂ ਹੋ ਕੇ ਉੱਠ ਕੇ ਬਹਿ ਗਈ।

ਉਹਦੀ ਮਾਂ ਦਾ ਕਮਰੇ ਵਿਚ ਆਉਣਾ, ਚਾਹ ਦਾ ਕੱਪ ਇਕ ਹੱਥ ਵਿਚ ਫੜ ਕੇ ਦੂਜੇ ਹੱਥ ਨਾਲ ਉਸ ਵਿਚ ਚਮਚਾ ਹਿਲਾਉਣਾ — ਇਹ ਦ੍ਰਿਸ਼ ਇੰਜ ਸੀ, ਜਿਵੇਂ ਸਦੀਆਂ ਪੁਰਾਣੀ ਕੋਈ ਤਸਵੀਰ ਕਿਸੇ ਬਹੁਤ ਪੁਰਾਣੀ ਆਰਟ-ਗੈਲਰੀ ਵਿਚ ਟੰਗੀ ਹੋਈ ਹੋਵੇ। ਸਿੰਮੀ ਜਿਵੇਂ ਉਸ ਪੁਰਾਣੀ ਗੈਲਰੀ ਵਿਚ ਹੀ ਕੋਈ ਰੋਜ਼ ਰੋਜ਼ ਦਾ ਕੰਮ ਕਰਦੀ ਸੀ — ਜਿਵੇਂ...ਮੰਨ ਲਓ, ਗੈਲਰੀ ਵਿਚ ਝਾੜੂ ਦੇਣ ਦਾ ਕੰਮ, ਜਾਂ ਬਾਰੀਆਂ ਬੂਹੇ ਝਾੜਨ ਦਾ ਕੰਮ, ਜਾਂ ਫੇਰ ਤਸਵੀਰਾਂ ਨੂੰ ਹੀ ਝਾੜਨ ਦਾ ਕੰਮ ! ਗੈਲਰੀ ਦਾ ਹਰ ਨੁੱਕਰ ਕੋਨਾ ਮੁੜਨ ਲਗਿਆਂ ਉਹਨੂੰ ਜਿਵੇਂ ਪਤਾ ਹੁੰਦਾ ਸੀ, ਕਿ ਹੁਣ ਫ਼ਲਾਣੀ ਕੰਧ 'ਤੇ ਫਲਾਣੀ ਪੇਂਟਿੰਗ ਟੰਗੀ ਹੋਈ ਉਹਨੂੰ ਮਿਲੇਗੀ।

— ਕਿਤੇ ਵੀ ਕੁਝ ਨਹੀਂ ਬਦਲਦਾ। ਕੁਝ ਵੀ ਨਹੀਂ ਬਦਲਦਾ।

— ਸਾਰਾ ਕੁਝ ਜਿਵੇਂ ਰੋਜ਼ ਰੋਜ਼ ਇਕੋ ਹੀ ਤਰੀਕੇ ਨਾਲ ਹੁੰਦਾ ਹੁੰਦਾ ਅੱਕ ਵੀ ਲੱਥਾ ਹੋਵੇ।

— ਪਰ ਜ਼ਿੰਦਗੀ ਕਿਤੇ ਵੀ ਨਹੀਂ ਬਦਲਦੀ। ਕਿਤੋਂ ਵੀ ਨਹੀਂ ਬਦਲਦੀ।

ਸਿੰਮੀ ਨੇ ਚਾਹ ਦਾ ਪਿਆਲਾ ਮਾਂ ਦੇ ਹੱਥੋਂ ਫੜ ਲਿਆ। ਚਾਹ ਦਾ ਘੁੱਟ ਭਰਨ ਤੋਂ ਪਹਿਲਾਂ ਹੀ ਉਹਨੂੰ ਜਿਵੇਂ ਚਾਹ ਦਾ ਸੁਆਦ ਪਤਾ ਸੀ।

— ਏਨਾ ਵੀ ਤੇ ਨਹੀਂ ਕਿ ਚਾਹ ਵਿਚ ਕਦੇ ਖੰਡ ਹੀ ਘੱਟ ਵੱਧ ਹੋਵੇ। ਕਦੇ ਪੱਤੀ ਹੀ ਹੋਰ ਬ੍ਰਾਂਡ ਦੀ ਹੋਵੇ। ਕਦੇ ਕੋਈ ਫ਼ਲੇਵਰ ਹੀ ਫ਼ਰਕ ਹੋਵੇ। ਜਾਂ ਚਾਹ ਵਿਚ ਕਿਸੇ ਦਿਨ ਗ਼ਲਤੀ ਨਾਲ ਖੰਡ ਦੀ ਥਾਂ ਲੂਣ ਹੀ ਪੈ ਜਾਵੇ।

ਮਾਂ ਚੁੱਪ ਚਾਪ ਬਾਹਰ ਚਲੀ ਗਈ।

ਮਾਂ ਰੋਜ਼ ਇੰਜ ਹੀ ਚੁੱਪ ਚਾਪ ਬਾਹਰ ਚਲੀ ਜਾਂਦੀ ਏ। ਖ਼ਾਮੋਸ਼ ! ਸਿਰਫ਼ ਆਪਣੀਆਂ ਅੱਖਾਂ ਨਾਲ ਉਹਨੂੰ ਵੇਖਦੀ ਏ, ਚਾਹ ਦਾ ਪਿਆਲਾ ਫੜਾਂਦੀ ਏ, ਤੇ ਫੇਰ ਚੁੱਪ ਚਾਪ ਬਾਹਰ ਚਲੀ ਜਾਂਦੀ ਏ। ਰੋਜ਼ ਮਾਂ ਦੇ ਕਮਰੇ ਵਿਚ ਆਉਣ ਤੋਂ ਪਹਿਲਾਂ ਉਹ ਜਾਗੀ ਹੋਈ ਹੁੰਦੀ ਏ। ਕਦੇ ਇਹ ਵੀ ਤੇ ਨਹੀਂ ਹੋਇਆ ਕਿ ਉਹ ਸੁੱਤੀ ਪਈ ਹੋਵੇ; ਮਾਂ ਉਹਨੂੰ ਆਵਾਜ਼ ਦੇ ਕੇ ਬੁਲਾਏ ; ਜੇ ਉਹ ਫੇਰ ਵੀ ਨਾ ਜਾਗੇ, ਤਾਂ ਉਸ ਦੇ ਸਿਰ ਤੇ ਹੱਥ ਰੱਖ ਕੇ ਜਗਾਏ। ਸਿੰਮੀ ਕੋਲੋਂ ਵੀ ਕਦੇ ਇਹ ਨਹੀਂ ਹੋਇਆ ਕਿ ਉਹ ਜਾਗਦੀ ਵੀ ਪਈ ਹੋਵੇ, ਤਾਂ ਮਾਂ ਦੇ ਅੰਦਰ ਆਉਣ 'ਤੇ ਸੌਣ ਦਾ ਬਹਾਨਾ ਹੀ ਚਾ ਕਰੇ।



ਸਗੋਂ ਉਸ ਨੂੰ ਮਾਂ ਦੇ ਚਾਹ ਲਿਆਉਣ ਨਾਲ ਵੀ ਕੋਫ਼ਤ ਹੁੰਦੀ ਏ। ਰੋਜ਼ ਸਵੇਰੇ ਚਾਹ ਦਾ ਘੁੱਟ ਭਰਨ ਤੋਂ ਪਹਿਲਾਂ ਉਹ ਉਸ ਕੋਫ਼ਤ ਦਾ ਘੁਟ ਭਰਦੀ ਏ।

ਜਦੋਂ ਦਾ ਪਿਤਾ ਜੀ ਨੇ ਕੰਮ-ਕਾਰ ਕਰਨਾ ਬੰਦ ਕਰ ਦਿਤਾ ਸੀ, ਘਰ ਵਿਚ ਸਹਿਜ-ਸੁਭਾਅ ਤੁਰਦੀ ਜ਼ਿੰਦਗੀ ਜਿਵੇਂ ਅਜੀਬ ਤਰੀਕੇ ਨਾਲ ਰੁਕ ਗਈ ਸੀ।

ਇਸ ਗੱਲ ਨੂੰ ਕਿੰਨੇ ਸਾਲ ਹੋ ਗਏ ਨੇ ? ਛੇ ਸਾਲ ਤਾਂ ਉਹਨਾਂ ਨੂੰ ਗੁਜ਼ਰਿਆਂ ਵੀ ਹੋ ਗਏ। ਪਰ ਜਦੋਂ ਬੀਮਾਰ ਹੋ ਕੇ ਉਹ ਮੰਜੀ 'ਤੇ ਪੈ ਗਏ ਸਨ, ਉਸ ਗੱਲ ਨੂੰ ਕਿੰਨੇ ਸਾਲ ਹੋਏ ਨੇ ?

ਸਿੰਮੀ ਨੂੰ ਕੁਝ ਵੀ ਚੇਤਾ ਨਹੀਂ ਆਉਂਦਾ।

— ਹੁਣ ਮੈਨੂੰ ਆਪਣੇ ਕਾਲਜੋਂ ਕਿੰਨਵੀਂ ਇਨਕਰੀਮੈਂਟ ਮਿਲੀ ਏ ? — ਸਿੰਮੀ ਨੂੰ ਇਹ ਵੀ ਯਾਦ ਨਹੀਂ ਆ ਰਿਹਾ। ਅੱਗੇ ਤਾਂ ਗੱਲ ਸਿੱਧੀ ਸੀ। ਉਹ ਝਟ ਆਪਣੀ ਤਨਖ਼ਾਹ 'ਚੋਂ ਬੇਸਿਕ ਤਨਖ਼ਾਹ ਮਨਫ਼ੀ ਕਰ ਕੇ ਬਾਕੀ ਦੇ ਪੈਸਿਆਂ ਦਾ ਹਿਸਾਬ ਕਰ ਲੈਂਦੀ ਹੁੰਦੀ ਸੀ, ਤੇ ਉਹਨੂੰ ਪਤਾ ਲਗ ਜਾਂਦਾ ਸੀ ਕਿ ਉਹਨੂੰ ਨੌਕਰੀ ਕਰਦਿਆਂ ਕਿੰਨੇ ਵਰ੍ਹੇ ਹੋ ਗਏ ਨੇ। ਇਨਕਰੀਮੈਂਟਾਂ ਗਿਣ ਲਈਆਂ, ਬੱਸ। ਪਰ ਹੁਣ ਜਦੋਂ ਦਾ ਮਹਿੰਗਾਈ ਭੱਤਾ ਬੇਸਿਕ ਤਨਖ਼ਾਹ ਵਿਚ ਜਮ੍ਹਾਂ ਹੋ ਗਿਆ ਏ, ਸਿੰਮੀ ਨੂੰ ਇਹ ਅੰਦਾਜ਼ਾ ਵੀ ਭੁੱਲ ਗਿਆ ਏ। ਬੜੀ ਘਪਲੇ ਵਾਲੀ ਗੱਲ ਹੋ ਗਈ ਏ। ਹਰ ਵਾਰੀ ਜਦੋਂ ਮਹਿੰਗਾਈ ਭੱਤਾ ਵਧਦਾ ਏ, ਉਹ ਬੇਸਿਕ ਤਨਖ਼ਾਹ ਵਿਚ ਜਮ੍ਹਾਂ ਹੋ ਜਾਂਦਾ ਏ, ਤੇ ਘਪਲਾ ਹੋਰ ਵੀ ਵਧ ਜਾਂਦਾ ਏ।

ਚਾਹ ਦਾ ਅੱਧਾ ਪਿਆਲਾ ਸਿੰਮੀ ਦੇ ਹੱਥ ਵਿਚ ਫੜਿਆ ਫੜਿਆ ਠੰਡਾ ਹੋ ਰਿਹਾ ਏ। ਪਰ ਸਿੰਮੀ ਨੂੰ ਯਾਦ ਹੀ ਨਹੀਂ ਆ ਰਿਹਾ ਕਿ ਉਹਨੂੰ ਨੌਕਰੀ ਕਰਦਿਆਂ ਕਿੰਨੇ ਵਰ੍ਹੇ ਹੋ ਗਏ ਨੇ। ਉਹਨੂੰ ਅਚਵੀਂ ਮਹਿਸੂਸ ਹੋ ਰਹੀ ਏ।

ਸਿੰਮੀ ਫੇਰ ਚੇਤਾ ਕਰਨ ਦੀ ਕੋਸ਼ਿਸ਼ ਕਰਦੀ ਏ ਕਿ ਸੁਰਿੰਦਰ ਦੇ ਵਿਆਹ ਨੂੰ ਕਿੰਨੇ ਵਰ੍ਹੇ ਹੋਏ ਨੇ। ਸਿੰਦਰ ਦੀ ਧੀ ਪੂਨਮ — ਤਿੰਨ ਸਾਲ ਦੀ। ਸਿੰਦਰ ਦਾ ਪੁੱਤਰ ਪੁੰਨੂ — ਪੰਜ ਸਾਲ ਦਾ। ਵਡਾ ਪੁੱਤਰ ਸ਼ਿਵੀ — ਸਾਢੇ ਛੇ ਸਾਲ ਦਾ। ਸਾਢੇ ਸਤ ਸਾਲ ਹੋਏ ਸਿੰਦਰ ਦੇ ਵਿਆਹ ਨੂੰ।

— ਤਾਂ ਮੇਰੀ ਨੌਕਰੀ ਨੂੰ ਫੇਰ ਨੌਂ ਸਾਲ ਹੋਏ ਨੇ।

— ਨੌਂ...ਸਾ...ਲ !

ਸਿੰਮੀ ਦਾ ਮਨ ਕਰਦਾ ਏ, ਨੌਂ ਵਰ੍ਹੇ ਨੌਕਰੀ ਦੇ ਸੋਚ ਕੇ ਉਹ ਥੋੜ੍ਹੀ ਜਿਹੀ ਉਦਾਸ ਹੋ ਜਾਵੇ। ਪਰ ਮਨ ਵਿਚ ਉਦਾਸੀ ਵੀ ਨਹੀਂ ਆਉਂਦੀ।

ਮਨ ਵਿਚ ਕੁਝ ਵੀ ਨਹੀਂ ਆਉਂਦਾ।

ਸਿੰਮੀ ਬਾਕੀ ਦੀ ਚਾਹ ਜਿਵੇਂ ਸੰਘ ਵਿਚ ਲੁੱਦ ਲੈਂਦੀ ਏ — ਇਕ ਵਡਾ ਸਾਰਾ ਗਲਪਿੰਗ ਘੁੱਟ ! ਖ਼ਾਲੀ ਪਿਆਲਾ ਹੱਥ ਵਿਚ ਫੜ ਕੇ ਹੀ ਰਜ਼ਾਈ ਨੂੰ ਪਰ੍ਹਾਂ ਧਕੇਲ ਦੇਂਦੀ ਏ, ਤੇ ਉਠ ਕੇ ਖੜੋ ਜਾਂਦੀ ਏ। ਪਿਆਲਾ ਮੇਜ਼ 'ਤੇ ਰਖ ਕੇ ਡਰੈਸਿੰਗ ਟੇਬਲ ਦੇ

ਸ਼ੀਸ਼ੇ ਵਲ ਵੇਖਦੀ ਏ। ਉਸ ਨੂੰ ਆਪਣਾ ਰੰਗ ਅੱਜ ਬਹੁਤਾ ਹੀ ਪੀਲਾ ਜਾਪਦਾ ਏ। ਆਪਣੀਆਂ ਦੋਵੇਂ ਹਥੇਲੀਆਂ ਉਹ ਗੱਲ੍ਹਾਂ 'ਤੇ ਰਗੜਦੀ ਏ। ਫੇਰ ਹਥੇਲੀਆਂ ਹਟਾ ਕੇ ਆਪਣਾ ਚਿਹਰਾ ਵੇਖਦੀ ਏ। ਪਿਲੱਤਣ ਉਸੇ ਤਰ੍ਹਾਂ ਏ। ਅਚਾਨਕ ਉਹਨੂੰ ਜਾਪਦਾ ਏ, ਅੱਖਾਂ ਦੇ ਹੇਠਲੇ ਕਾਲੇ ਚੱਕਰ ਵੀ ਗਹਿਰੇ ਹੋ ਗਏ ਨੇ। ਉਹਨਾਂ ਕਾਲੇ ਚੱਕਰਾਂ ਤੋਂ ਹੇਠਾਂ ਰਤਾ ਕੁ ਭਾਰਾ ਭਾਰਾ ਏ ਕੁਝ। ਸਿੰਮੀ ਸੋਚਦੀ ਏ — 'ਇਹ ਕਾਲੇ ਚੱਕਰ ਹੋਰ ਡੂੰਘੇ ਹੋ ਜਾਣਗੇ, ਗਹਿਰੇ ਹੋ ਜਾਣਗੇ — ਕਾਲੇ ਟੋਇਆਂ ਵਰਗੇ। ਉਹਨਾਂ ਟੋਇਆਂ ਤੋਂ ਹੇਠਾਂ ਢਿਲਕੇ ਹੋਏ ਮਾਸ ਦੀਆਂ ਦੋ ਥੈਲੀਆਂ ਲਟਕ ਜਾਣਗੀਆਂ!'

ਹੇਠਾਂ ਦੇ ਦੋਹਾਂ ਪਾਸੇ ਦੋ ਗਹਿਰੀਆਂ ਲਕੀਰਾਂ ਨੇ — ਜਿਹੜੀਆਂ ਨੱਕ ਤੋਂ ਸ਼ੁਰੂ ਹੋ ਕੇ ਮੂੰਹ ਦੇ ਕੋਨਿਆਂ ਵਲੋਂ ਵਲ ਖਾਂਦੀਆਂ ਤੋੜ ਹੇਠਾਂ ਤਕ ਚਲੀਆਂ ਗਈਆਂ ਨੇ — ਹੇਠਲੇ ਜਬੜੇ ਦੀ ਹੱਡੀ ਤਕ — ਜਿਵੇਂ ਕਿਸੇ ਜੱਟ ਨੇ ਖੇਤ ਵਿਚ ਸਿਆੜ ਕੱਢੇ ਹੋਣ।

— 'ਉਹ ਲਕੀਰਾਂ ਹੋਰ ਡੂੰਘੀਆਂ ਹੋ ਜਾਣਗੀਆਂ।'

ਸਿੰਮੀ ਜਿਵੇਂ ਸ਼ੀਸ਼ੇ ਵਿਚੋਂ ਆਪਣਾ ਨਹੀਂ, ਕਿਸੇ ਹੋਰ ਦਾ ਚਿਹਰਾ ਵੇਖ ਰਹੀ ਏ, ਤੇ ਉਸ ਚਿਹਰੇ ਬਾਰੇ ਬੜੀ ਬੇਲਾਗ ਹੋ ਕੇ ਸੋਚ ਰਹੀ ਏ। ਜਿਵੇਂ ਕੋਈ ਬਿਲਕੁਲ ਕਿਸੇ ਦੂਜੇ ਬੰਦੇ ਬਾਰੇ ਸੋਚਦਾ ਏ, ਓਪਰੇ ਬੰਦੇ ਬਾਰੇ, ਜਾਂ ਕਿਸੇ ਦੂਜੀ ਚੀਜ਼ ਬਾਰੇ... ਮਸਲਨ...ਚਾਹ ਦੇ ਕੱਪ ਬਾਰੇ, ਕਿ ਗਰਮ ਏ, ਮਸਲਨ...ਮੌਸਮ ਬਾਰੇ, ਕਿ ਅੱਜ ਮੌਸਮ ਠੀਕ ਏ, ਮੀਂਹ ਤੇ ਨਹੀਂ ਪਿਆ ਵੱਸਦਾ।

ਬਾਰੀ ਦੇ ਸ਼ੀਸ਼ੇ ਵਿਚੋਂ ਧੁੱਪ ਅੰਦਰ ਆ ਰਹੀ ਏ, ਤੇ ਕਮਰੇ ਵਿਚ ਇਕ ਪਾਸੇ ਇਕ ਕੱਟੇ ਹੋਏ ਤਿਕੋਨ ਵਿਚ ਚੁੱਪ ਚਾਪ ਲੇਟੀ ਹੋਈ ਏ। ਥੋੜ੍ਹੀ ਜਿਹੀ ਬਿਸਤਰੇ 'ਤੇ ਖਿਲਰ ਗਈ ਏ। ਧੁੱਪ ਵੀ ਜਿਵੇਂ ਸਿੰਮੀ ਦੇ ਡਰੈਸਿੰਗ ਟੇਬਲ ਦੇ ਸ਼ੀਸ਼ੇ 'ਚੋਂ ਆਪਣਾ ਅਕਸ ਤੱਕਣ ਲਗਦੀ ਏ। ਸਿੰਮੀ ਸ਼ੀਸ਼ੇ ਤੋਂ ਉਰ੍ਹਾਂ ਹੋ ਜਾਂਦੀ ਏ।

ਕਮਰੇ ਦੇ ਵਿਚਕਾਰ ਪਜਾਮਾ ਬੁਸ਼ਰਟ ਪਾ ਕੇ ਨੰਗੀ ਪੈਰੀਂ ਖਲੋਤੀ ਸਿੰਮੀ ਨੂੰ ਫੇਰ ਖ਼ਿਆਲ ਆਉਂਦਾ ਏ ਕਿ ਅੱਜ ਇਸ਼ੂ ਆ ਰਿਹਾ ਏ।

ਜਿਵੇਂ ਕੋਈ ਆਪਣੇ ਕੁੜਤੇ ਦਾ ਉਤਲਾ ਬਟਨ ਖੋਹਲ ਕੇ ਜਾਂ ਝੱਗੇ ਨੂੰ ਗਲਮੇ ਵਲੋਂ ਰਤਾ ਕੁ ਉਤਾਂਹ ਚੁੱਕ ਕੇ ਅੰਦਰ ਝਾਤੀ ਮਾਰ ਕੇ ਵੇਖਦਾ ਏ, ਏਸੇ ਤਰ੍ਹਾਂ ਸਿੰਮੀ ਜਿਵੇਂ ਆਪਣੀਆਂ ਪਸਲੀਆਂ ਨੂੰ ਰਤਾ ਕੁ ਉਤਾਂਹ ਚੁੱਕ ਕੇ ਅੰਦਰ ਝਾਤੀ ਮਾਰ ਕੇ ਵੇਖਣ ਦੀ ਕੋਸ਼ਿਸ਼ ਕਰਦੀ ਏ — ਇਸ਼ੂ ਦੇ ਆਉਣ ਦੇ ਖ਼ਿਆਲ ਨਾਲ ਉਸ ਦੇ ਮਨ ਵਿਚ ਅੱਜ ਇਹ ਕੀ ਘੁਮੜ ਰਿਹਾ ਏ?

... ... ...

ਇਸ਼ੂ ਨਾਲ ਉਹਦੀ ਵਾਕਫ਼ੀਅਤ ਕੋਈ ਸਾਲ ਭਰ ਤੋਂ ਸੀ।

ਕੋਈ ਇਕ ਸਾਲ ਪਹਿਲੋਂ ਇਸ਼ੂ ਉਸੇ ਕਾਲਜ ਵਿਚ ਲੈਕਚਰਰ ਬਣ ਕੇ ਆਇਆ ਸੀ, ਜਿਸ ਵਿਚ ਸਿੰਮੀ ਕੰਮ ਕਰਦੀ ਸੀ। ਉਸ ਤੋਂ ਪਹਿਲੋਂ ਉਹ ਕਿਸੇ ਹੋਰ ਕਾਲਜ ਵਿਚ ਲੈਕਚਰਰ ਸੀ। ਉਥੋਂ ਉਹ ਕੋਈ ਸਕਾਲਰਸ਼ਿਪ ਲੈ ਕੇ ਵਲਾਇਤ ਗਿਆ ਸੀ।



ਵਲਾਇਤ ਡਾਕਟਰੇਟ ਲੈਣ ਮਗਰੋਂ ਕੁਝ ਚਿਰ ਉਥੇ ਹੀ ਨੌਕਰੀ ਕਰਦਾ ਰਿਹਾ। ਫੇਰ ਹਿੰਦੁਸਤਾਨ ਵਾਪਸ ਮੁੜ ਆਇਆ, ਤੇ ਸਿੰਮੀ ਵਾਲੇ ਕਾਲਜ ਵਿਚ ਉਹਨੇ ਨੌਕਰੀ ਕਰ ਲਈ।

ਸਿੰਮੀ ਸਿਰਫ਼ ਇਕ ਲੈਕਚਰਰ ਸੀ, ਇਸ਼ੂ ਅੰਗਰੇਜ਼ੀ ਦੇ ਡੀਪਾਰਟਮੈਂਟ ਦਾ ਹੈੱਡ ਸੀ। ਏਸੇ ਕਰ ਕੇ ਸਿੰਮੀ ਉਹਦੇ ਕੋਲੋਂ ਚਾਰੇ ਕੰਨੀਆਂ ਬਚਾ ਕੇ ਰਹਿੰਦੀ ਸੀ।

ਸਿੰਮੀ ਨੂੰ ਉਂਜ ਵੀ ਡਾਢੀ ਖ਼ੁਸ਼ਕ ਕੁੜੀ ਸਮਝਿਆ ਜਾਂਦਾ ਏ। ਚੁੱਪ ਚਾਪ ਕੰਮ ਕਰਦੀ ਏ। ਚੁੱਪ ਚਾਪ ਘਰ ਚਲੀ ਜਾਂਦੀ ਏ। ਤੇ ਆਕੜ ਕੇ ਇੰਜ ਰਹਿੰਦੀ ਏ, ਜਿਵੇਂ ਪਿੱਠ ਪਿਛੇ ਰੀੜ੍ਹ ਦੀ ਹੱਡੀ ਦੇ ਅੰਦਰਵਾਰ ਕਿਤੇ ਕੋਈ ਕਿੱਲਾ ਠੁੱਕਿਆ ਹੋਇਆ ਹੋਵੇ।

ਅਜੀਬ ਕੁੜੀ ਏ। ਕਾਲਜ ਦੇ ਚਪੜਾਸੀ ਨਾਲ ਇੰਜ ਬੋਲੇਗੀ ਜਿਵੇਂ ਪਿਛੋਂ ਦੋਵੇਂ ਇਕੋ ਪਿੰਡ ਦੇ ਹੋਣ। ਕਲਰਕ ਦੀ ਧੀ ਦਾ ਵਿਆਹ ਸੀ. ਸਭ ਤੋਂ ਪਹਿਲਾਂ ਉਹਦੇ ਘਰ ਪਹੁੰਚਣ ਵਾਲੀ ਸਿੰਮੀ ਸੀ। ਕੁੜੀ ਦੇ ਦਾਜ ਵਿਚ ਜਿੰਨੀਆਂ ਸਾੜ੍ਹੀਆਂ ਸਨ, ਸਭ ਤੋਂ ਪਿਆਰੀ ਸਾੜ੍ਹੀ ਸਿੰਮੀ ਦਾ ਤੋਹਫ਼ਾ ਸੀ। ਕਾਲਜ ਦਾ ਜਮਾਦਾਰ ਇਕ ਦਿਨ ਬੇਹੋਸ਼ ਹੋ ਗਿਆ। ਸਿੰਮੀ ਉਹਦਾ ਸਿਰ ਝੋਲੀ ਵਿਚ ਰਖ ਕੇ ਉਹਦੇ ਮੂੰਹ 'ਚੋਂ ਨਿਕਲਦੀ ਝੱਗ ਪੂੰਝਦੀ ਰਹੀ। ਉਹਨੂੰ ਇਸ ਤਰ੍ਹਾਂ ਝੱਗ ਪੂੰਝਦਿਆਂ ਤੱਕ ਕੇ ਕਾਲਜ ਵਿਚ ਨਵੀਂ ਆਈ ਹਿੰਦੀ ਦੀ ਲੈਕਚਰਰ ਨੇ ਟਾਇਲੈਟ ਵਿਚ ਜਾ ਕੇ ਘੜੇ-ਘੜਾਂਦ ਉਲਟੀ ਕਰ ਦਿਤੀ।

ਪਰ ਪ੍ਰਿੰਸੀਪਲ ਤੇ ਡੀਪਾਰਟਮੈਂਟਾਂ ਦੇ ਹੈੱਡਜ਼ ਨਾਲ ਉਹ ਇੰਜ ਆਕੜ ਕੇ ਗੱਲ ਕਰਦੀ ਏ, ਜਿਵੇਂ ਉਹਨਾਂ ਨੂੰ ਕਿਸੇ ਸਾਈਨ-ਬੋਰਡ 'ਤੇ ਬੜੇ ਮੋਟੇ ਅੱਖਰਾਂ ਵਿਚ ਲਿਖ ਕੇ ਇਹ ਵਿਖਾਉਣਾ ਚਾਹੁੰਦੀ ਹੋਵੇ: 'ਏਥੇ ਕਿਸੇ ਦੀ ਦਾਲ ਨਹੀਂ ਗਲ ਸਕਦੀ'।

ਏਸੇ ਕਰ ਕੇ ਉਹ ਇਸ਼ੂ ਨਾਲ ਵੀ ਆਪਣੀਆਂ ਭਵਾਂ ਇਕ ਇੰਚ ਉਤਾਂਹ ਚੜ੍ਹਾ ਕੇ ਹੀ ਗੱਲ ਕਰਦੀ ਰਹੀ — ਵਰ੍ਹਾ ਭਰ।

ਪਰ ਸਿਰਫ਼ ਦੋ ਮਹੀਨੇ ਹੋਏ, ਇਕ ਦਿਨ ਇਕ ਅਜੀਬ ਗੱਲ ਹੋਈ। ਕਿਸੇ ਕੁਲੀਗ ਦੇ ਘਰ ਪਾਰਟੀ ਸੀ। ਜਿਥੇ ਸਿੰਮੀ ਬੈਠੀ ਆਪਣਾ ਪਾਈਨਐਪਲ ਜੂਸ ਸਿਪ ਕਰ ਰਹੀ ਸੀ, ਇਸ਼ੂ ਆਪਣਾ ਡ੍ਰਿੰਕ ਦਾ ਗਲਾਸ ਫੜ ਕੇ ਉਹਦੇ ਕੋਲ ਆ ਖਲੋਤਾ, "ਮੈਂ ਤੁਹਾਡੇ ਕੋਲ ਬਹਿ ਜਾਵਾਂ?

ਤੇ ਫੇਰ ਗੱਲਾਂ ਹੁੰਦੀਆਂ ਰਹੀਆਂ।

ਇਸ਼ੂ ਆਖਣ ਲਗਾ, "ਇਕ ਗੱਲ ਦਸਾਂ? ਜਦੋਂ ਵੀ ਮੈਂ ਤੈਨੂੰ ਵੇਖਨਾਂ, ਮੈਨੂੰ ਆਈਨਰੈਂਡ ਦੇ ਨਾਵਲਾਂ ਦੀਆਂ ਦੋ ਪਾਤਰ ਯਾਦ ਆਉਂਦੀਆਂ ਨੇ — ਡਾਮੀਨੀਕ ਤੇ ਡੈਗਨੀ।"

ਸਿੰਮੀ ਨੇ ਗਹੁ ਨਾਲ ਇਸ਼ੂ ਵਲ ਤੱਕਿਆ। ਇਹੋ ਜਿਹੀ ਗੱਲ ਉਹਨੂੰ ਅੱਜ ਤਕ ਕਿਸੇ ਨੇ ਨਹੀਂ ਸੀ ਆਖੀ। ਲੋਕਾਂ ਨੇ ਇਹ ਤਾਂ ਉਹਨੂੰ ਜ਼ਰੂਰ ਕਿਹਾ ਸੀ: 'ਤੂੰ ਬਹੁਤ ਸੋਹਣੀ ਏਂ, ਤੇਰੀਆਂ ਅੱਖਾਂ ਵਰਗੀਆਂ ਅੱਖਾਂ ਕਿਤੇ ਨਹੀਂ — ਸ਼ਹਿਦ ਦੇ ਰੰਗ ਵਰਗੀਆਂ, ਅੱਗ ਦੀਆਂ ਲਾਟਾਂ ਦੇ ਪ੍ਰਤੀਬਿੰਬ ਵਰਗੀਆਂ, ਰੌਸ਼ਨੀ ਨਾਲ ਲਟ-

ਲਟਾਉਂਦੀਆਂ। ਤੇਰੇ ਵਾਲ ਬੜੇ ਸੰਘਣੇ ਨੇ — ਤੇ ਕੇਡੇ ਲੰਮੇ ਨੇ! — ਕੋਹ ਕੋਹ ਲੰਮੇ! ਤੇਰੀ ਛਾਤੀ, ਤੇਰਾ ਲੱਕ, ਤੇਰੇ ਜਿਸਮ ਦੀ ਗਠਨ, ਸੁਡੌਲਤਾ!' ਬੱਸ । ਪਰ ਇਸ਼ੂ ਵਰਗੀ ਗੱਲ ਕਦੇ ਨਹੀਂ ਸੀ ਕਿਸੇ ਆਖੀ।

"ਡਾਮੀਨੀਕ ਜਰਨਲਿਸਟ ਏ — ਕਰੋੜਪਤੀ ਪਿਓ ਦੀ ਧੀ। ਡੈਗਨੀ ਆਪ ਕਰੋੜ-ਪਤੀ ਏ —ਇਕ ਰੇਲ-ਰੋਡ ਦੀ ਅੱਧੀ ਮਾਲਕ। ਪਰ ਜਦੋਂ ਦਾ ਮੈਂ ਤੈਨੂੰ ਵੇਖਣ ਲੱਗਾਂ, ਮੈਨੂੰ ਲਗਦਾ ਏ ਕਿ ਡੈਗਨੀ ਤੇ ਡਾਮੀਨੀਕ ਵਰਗੀਆਂ ਕੁੜੀਆਂ ਜ਼ਿੰਦਗੀ ਦੇ ਹਰ ਗੋਸ਼ੇ ਵਿਚ ਹੋ ਸਕਦੀਆਂ ਨੇ। ਜ਼ਰੂਰੀ ਨਹੀਂ, ਉਹਨਾਂ ਦੇ ਹੱਥ ਹਕੂਮਤ ਹੀ ਹੋਵੇ। ਆਪਣੀ ਜ਼ਿੰਦਗੀ ਉਤੇ ਵੀ ਹਕੂਮਤ ਕਰ ਸੱਕਣੀ ਵੱਡੀ ਗੱਲ ਏ।"

"ਮਿਸਟਰ ਕੋਹਲੀ, ਇਹ ਲੈਕਚਰ-ਰੂਮ ਨਹੀਂ। ਏਡਾ ਵੱਡਾ ਲੈਕਚਰ...," ਸਿੰਮੀ ਨੇ ਜਿਵੇਂ ਮਜ਼ਾਕ ਵਾਲੇ ਹਾਸੇ ਦੇ ਬੇ-ਰੰਗ ਰੰਗ ਵਿਚ ਉਸ ਗੱਲ ਦੀ ਰੰਗਤ ਨੂੰ ਵੀ ਖੋਰਨਾ ਚਾਹਿਆ।

"ਜੇ ਅੰਦਰੋਂ ਇਹ ਗੱਲ ਮੰਨਣ 'ਤੇ ਜੀਅ ਨਾ ਕਰੇ, ਤਾਂ ਬਿਲਕੁਲ ਨਾ ਮੰਨੀਂ। ਪਰ ਜੇ ਮੰਨਣ 'ਤੇ ਦਿਲ ਕਰੇ, ਤਾਂ ਆਪਣੇ ਆਪ ਨੂੰ ਧੋਖਾ ਵੀ ਨਾ ਦੇਈਂ।"

ਸਿੰਮੀ ਖ਼ਾਮੋਸ਼ ਹੋ ਗਈ।

"ਹੋਰ ਸਾਰੀ ਦੁਨੀਆਂ ਥੋੜ੍ਹੀ ਏ ਆਪਣੇ ਆਪ ਨੂੰ ਧੋਖੇ ਦੇਣ ਵਾਸਤੇ? ਅਸੀਂ ਸਾਰੇ ਹਰ ਰੋਜ਼, ਹਰ ਵਕਤ ਹੋਰ ਕਰਦੇ ਈ ਕੀ ਆਂ! ਜਾਂ ਆਪਣੇ ਆਪ ਨੂੰ ਧੋਖਾ ਦੇਂਦੇ ਰਹਿਨੇ ਆਂ, ਜਾਂ ਦੂਜਿਆਂ ਨੂੰ। ਪਰ ਕਈ ਲੋਕ ਏਸ ਏਡੇ ਆਮ ਫ਼ਨ ਵਿਚ ਵੀ ਬਿਲਕੁਲ ਅਨਾੜੀ ਹੁੰਦੇ ਨੇ।"

"ਅਨਾੜੀ ਨਹੀਂ, ਬੁੱਧੂ," ਸਿੰਮੀ ਮੁਸਕਰਾਈ।

"ਹਾਂ, ਤੇ ਉਹਨਾਂ ਬੁੱਧੂਆਂ ਨੂੰ ਇਹ ਕਦੇ ਨਹੀਂ ਪ੍ਰੀਟੈਂਡ ਕਰਨਾ ਚਾਹੀਦਾ ਕਿ ਉਹ ਸਿਆਣੇ ਨੇ। ਸਮਝੀ ਲੈਕਚਰਰ ਸਾਹਿਬਾ?"

"ਸਮਝੀ!"

ਤੇ ਸਿੰਮੀ ਸਿਰਫ਼ ਇਹੀ ਨਹੀਂ ਸਮਝੀ, ਹੋਰ ਵੀ ਬਹੁਤ ਕੁਝ ਸਮਝ ਗਈ। ਤੇ ਫੇਰ ਸਿਰਫ਼ ਇਕ ਮਹੀਨੇ ਵਿਚ ਹੀ ਕਿੰਨਾ ਹੀ ਕੁਝ ਸਮਝਦੀ ਚਲੀ ਗਈ।

... ... ...

"ਤੈਨੂੰ ਇਕ ਗੱਲ ਦਸਾਂ, ਸਿੰਮੀ? ਕਿਸੇ ਨੂੰ ਦੱਸੀਂ ਨਾ। ਨਹੀਂ ਤੇ ਲੋਕੀਂ ਹੱਸਣਗੇ। ਹੂੰ? ਮੈਨੂੰ ਸ਼ੇਕਸਪੀਅਰ ਨਾਲੋਂ ਇਬਸਨ ਜ਼ਿਆਦਾ ਪਸੰਦ ਏ।" ਇਸ਼ੂ ਬੜੇ ਲਾਡ ਨਾਲ ਇਬਸਨ ਦੇ ਨਾਟਕਾਂ ਦੀ ਮੋਟੀ ਕਿਤਾਬ ਦੀ ਵੱਖੀ 'ਤੇ ਆਪਣੇ ਪੋਟੇ ਫਿਸਲਾਉਂਦਾ ਹੋਇਆ ਕਹਿੰਦਾ ਏ।

"ਮੈਂ ਵੀ ਇਕ ਗੱਲ ਦਸਾਂ? ਮੈਨੂੰ ਵੀ ਇਬਸਨ ਬੇਹਦ ਪਸੰਦ ਏ।"

ਇਸ਼ੂ ਤੁਰਦਾ ਤੁਰਦਾ ਇਕ ਪਲ ਰੁਕ ਕੇ ਸਿੰਮੀ ਵਲ ਤੱਕਦਾ ਏ। ਸਿੰਮੀ ਖਲੋ ਕੇ ਇਸ਼ੂ ਵਲ ਤੱਕਦੀ ਏ।

... ... ...



ਜਿਸ ਵੇਲੇ ਇਸ਼ੂ ਕੋਲ ਨਹੀਂ ਹੁੰਦਾ, ਸਿੰਮੀ ਆਪਣੇ ਆਪ ਦਾ ਜਿਵੇਂ ਢੱਕਣ ਲਾਹ ਕੇ ਵੇਖਦੀ ਏ:

— ਤੈਨੂੰ ਇਸ਼ੂ ਚੰਗਾ ਲਗਦਾ ਏ?

— ਹਾਂ, ਲਗਦਾ ਹੀ ਏ।

— ਕਿੰਨਾ ਕੁ?

— ਬੱਸ, ਐਨਾ ਕੁ।

— ਬੱਸ? ਹੋਰ ਕੁਝ ਨਹੀਂ?

— ਨਹੀਂ!

— ਕੋਈ ਕੋਮਲ ਫ਼ੀਲਿੰਗ ਨਹੀਂ?

— ਬਿਲਕੁਲ ਨਹੀਂ।

— ਤੇਰਾ ਜੀਅ ਨਹੀਂ ਕਰਦਾ, ਉਹ ਤੈਨੂੰ ਬਾਹਵਾਂ ਵਿਚ ਘੁੱਟ ਲਵੇ?

— ਕੀ ਫ਼ਰਕ ਪੈਂਦਾ ਏ!

— ਪਰ ਤੇਰਾ ਦਿਲ ਕੀ ਕਰਦਾ ਏ?

— ਉਹਦੇ ਨਾਲ ਤੁਰਦਿਆਂ, ਉਹਦੇ ਨਾਲ ਬੈਠਿਆਂ...ਸ਼ਾਇਦ ਇਕ ਅੱਧ ਵਾਰੀ...ਹਾਂ, ਕੀਤਾ ਏ ਦਿਲ। ਪਰ ਏਨਾਂ ਨਹੀਂ ਕਿ ਪਸਲੀਆਂ ਇਕ ਦੂਜੀ ਨਾਲੋਂ ਪਰ੍ਹਾਂ ਹਟਦੀਆਂ ਜਾਪਣ, ਤੇ ਸਾਹ ਈ ਨਾ ਨਿਕਲੇ, ਤੇ...

— ਤੇ ਜਦੋਂ ਤੂੰ ਨਹੀਂ ਹੁੰਦੀ ਉਹਦੇ ਕੋਲ?

— ਓਦੋਂ ਨਹੀਂ। ਕਦੇ ਵੀ ਨਹੀਂ।

— ਉਹਦਾ ਖ਼ਿਆਲ ਆਉਂਦਾ ਏ?

— ਹਾਂ, ਕਦੇ ਆਉਂਦਾ ਏ। ਪਰ ਫੇਰ ਮਨ ਸੋਚਦਾ ਏ — ਕੌਣ ਤਰੱਦਦ ਕਰੇ? ਤੇ ਫੇਰ ਮੈਂ ਉਸ ਖ਼ਿਆਲ ਨੂੰ ਚੁਕ ਕੇ ਇਕ ਪਾਸੇ ਰੱਖ ਦੇਨੀ ਆਂ।

— ਸਿੰਮੀਏ ਕੁੜੀਏ, ਤੈਨੂੰ ਕਦੇ ਇਹ ਨਹੀਂ ਖ਼ਿਆਲ ਆਇਆ ਕਿ ਤੂੰ... ਸ਼ਾਇਦ...ਐਬਨਾਰਮਲ ਏਂ?

— ਨਹੀਂ, ਐਬਨਾਰਮਲ ਨਹੀਂ ਮੈਂ। ਸਿਰਫ਼ ਏਨਾ ਏ, ਕਿ ਬਾਕੀ ਲੋਕਾਂ ਨਾਲੋਂ ਰਤਾ ਵੱਖਰੀ ਹਾਂ।

— ਇਹ ਵਖਰੇਵਾਂ ਤੈਨੂੰ ਅਖਰਦਾ ਨਹੀਂ?

— ਇਹ ਵਖਰੇਵਾਂ ਕਰਸ ਏ, ਸਰਾਪ ਏ। ਇਹਨੂੰ ਮੈਂ ਈ ਭੋਗਣਾ ਏ। ਹੋਰ ਕੌਣ ਭੋਗੇਗਾ?

— ਇਸ ਸਰਾਪ ਦਾ ਨਾਂ?

— ਇਨਡਿਫ਼ਰੈਂਸ। ਸਾਰੀ ਦੁਨੀਆਂ ਨਾਲੋਂ — ਆਪਣੇ ਆਪ ਨਾਲੋਂ ਵੀ — ਜਿਵੇਂ ਮੈਂ ਬੇਵਾਸਤਾ ਹੋ ਗਈ ਆਂ।

— ਕਦੋਂ ਦਾ ਇਹ ਤੇਰੇ ਸਿਰ 'ਤੇ ਬੱਦਲ ਵਾਂਗੂ ਮੰਡਲਾ ਰਿਹਾ ਏ?

— ਇਕ ਮੁੱਦਤ ਤੋਂ।

— ਤੇਰਾ ਕਦੇ ਇਹਦੇ ਖ਼ਿਲਾਫ਼ ਲੜਨ 'ਤੇ ਨਹੀਂ ਦਿਲ ਕਰਦਾ?

— ਕੌਣ ਤਰੱਦਦ ਕਰੇ ਲੜਨ ਦਾ ? ਕੀ ਫ਼ਰਕ ਪੈਂਦਾ ਏ ? ਤੁਰਿਆ ਜਾਵੇ ਇਹ ਵੀ ਨਾਲ ਨਾਲ। ਫੇਰ ਕੀ ਏ ?

— ਕਦੇ ਇਸ ਤੋਂ ਬਚ ਕੇ ਨਿਕਲ ਭੱਜਣ ਤੇ ਦਿਲ ਨਹੀਂ ਕਰਦਾ ?

— ਕੌਣ ਮੁਸੀਬਤ ਉਠਾਏ ?

— ਤੂੰ ਇਹਦੇ ਬਾਰੇ ਕੀ ਸੋਚਦੀ ਏਂ ?

— ਕੁਝ ਨਹੀਂ ਸੋਚਦੀ। ਸਿਰਫ਼ ਇਸ ਇਨਡਿਫ਼ਰੈਂਸ ਬਾਰੇ ਵੀ ਇਨਡਿਫ਼ਰੈਂਸ ਹੀ ਮਹਿਸੂਸ ਕਰਨੀ ਆਂ।

ਤੇ ਫੇਰ ਸਿੰਮੀ ਇਕ ਝਟਕੇ ਨਾਲ ਢੱਕਣ ਬੰਦ ਕਰ ਦੇਂਦੀ ਏ। ਫੇਰ ਮੁੱਦਤ ਗੁਜ਼ਰ ਜਾਂਦੀ ਏ, ਉਹ ਢੱਕਣ ਲਾਹ ਕੇ ਵੇਖਣ ਦਾ ਵੀ ਤਰੱਦਦ ਨਹੀਂ ਕਰਦੀ।

— ਹੋਏ ਪਿਆ ! ਮੈਂ ਕੀ ਕਰਾਂ ?

ਹਰ ਮਨੁੱਖ ਤੋਂ...ਹਰ ਹੋਣੀ ਤੋਂ ਬੇਵਾਸਤਾ !...ਆਪਣੇ ਆਪ ਤੋਂ ਵੀ ਬੇਲਾਗ !

... ... ...

ਇਸ਼ੂ ਕਹਿੰਦਾ ਏ : ''ਸਿੰਮੀ, ਫ਼ਿਲਮ ਵੇਖਣ ਚੱਲੇਂਗੀ ਮੇਰੇ ਨਾਲ ?''

ਸਿੰਮੀ ਨਾਂਹ ਨਹੀਂ ਕਰ ਸਕਦੀ।

ਸਿਨੇਮਾ ਦੇ ਹਨੇਰੇ ਵਿਚ ਇਸ਼ੂ ਸਿੰਮੀ ਦਾ ਹੱਥ ਫੜ ਲੈਂਦਾ ਏ। ਸਿੰਮੀ ਹੱਥ ਨੂੰ ਚੁੱਪ ਚਾਪ ਇਸ਼ੂ ਦੇ ਹੱਥ ਵਿਚ ਰਹਿਣ ਦੇਂਦੀ ਏ।

ਸਿੰਮੀ ਨੂੰ ਕੁਝ ਵੀ ਮਹਿਸੂਸ ਨਹੀਂ ਹੁੰਦਾ।

ਸਿੰਮੀ ਸੋਚਦੀ ਏ — 'ਹੁਣੇ ਇਹ ਮੇਰੇ ਹੱਥ ਨੂੰ ਚੁੰਮ ਲਵੇਗਾ।'

ਇਸ਼ੂ ਪਲ ਕੁ ਮਗਰੋਂ ਝੁਕ ਕੇ ਆਪਣੇ ਹੋਠ ਸਿੰਮੀ ਦੀ ਤਲੀ ਦੇ ਵਿਚਕਾਰ ਰੱਖ ਦੇਂਦਾ ਏ।

ਸਿੰਮੀ ਨੂੰ ਆਪਣੀ ਤਲੀ ਦੇ ਵਿਚਕਾਰੋਂ ਇਕ ਕੋਸਾ ਚਸ਼ਮਾ ਫੁੱਟਦਾ ਮਹਿਸੂਸ ਹੁੰਦਾ ਏ — ਝੁਣਝੁਣਾਉਂਦਾ ਹੋਇਆ ਕੋਸਾ ਪਾਣੀ।

ਚਸ਼ਮੇ ਦਾ ਪਾਣੀ ਆਹਿਸਤਾ ਆਹਿਸਤਾ ਗਰਮ ਹੋ ਕੇ ਉਤਾਂਹ ਚੜ੍ਹਦਾ ਏ — ਬਾਂਹ ਵਲ।

— ਹੁਣ ਇਹ ਮੇਰੀ ਬਾਂਹ ਚੁੰਮੇਗਾ।

ਪਰ ਇਸ਼ੂ ਬਾਂਹ ਨਹੀਂ ਚੁੰਮਦਾ।

ਸਿੰਮੀ ਹੈਰਾਨ ਹੋ ਕੇ ਇਸ਼ੂ ਵਲ ਤੱਕਦੀ ਏ।

ਇਸ਼ੂ ਸੋਚਦਾ ਏ — ਇਹ ਪਿਆਰ ਦੀ ਤੱਕਣੀ ਏ।

ਸਿੰਮੀ ਸੋਚਦੀ ਏ — ਅਜੀਬ ਬੰਦਾ ਏ ! ਅਗਾਂਹ ਕਿਉਂ ਨਹੀਂ ਵਧਦਾ ?

ਸਿਨੇਮਾ-ਹਾਲ ਦਾ ਹਨੇਰਾ ਧੋਖਾ ਉਣੀ ਰਖਦਾ ਏ।

ਇਹ ਵੀ ਨਹੀਂ, ਕਿ ਸਿੰਮੀ ਦਾ ਜੀਅ ਕਰਦਾ ਏ ਕਿ ਇਸ਼ੂ ਅਗੇ ਵਧੇ। ਸਿਰਫ਼ ਇਹ, ਕਿ ਸਿੰਮੀ ਦਾ ਹਿਸਾਬ-ਕਿਤਾਬ ਗਲਤ ਹੋ ਰਿਹਾ ਏ। ਜੋ ਵੀ ਘਟਨਾ ਵਾਪਰਦੀ ਏ,



ਸਿੰਮੀ ਜਿਵੇਂ ਪਰ੍ਹਾਂ ਖੜੋ ਕੇ ਮੈਥੇਮੈਟੀਸ਼ੀਅਨ ਵਾਂਗੂੰ ਅੰਕੜਿਆਂ ਦਾ ਲੇਖਾ-ਜੋਖਾ ਕਰ ਕੇ 'ਦੋ ਤੇ ਦੋ ਚਾਰ' ਵਰਗਾ ਹਿਸਾਬ ਕਰਨ ਲਗਦੀ ਏ : ਹੁਣ ਇਹ ਹੋਵੇਗਾ, ਫੇਰ ਇਹ ਹੋਵੇਗਾ। ਘਟਨਾ ਵਾਪਰਦੀ ਜਾਂਦੀ ਏ। ਸਿੰਮੀ ਜਿਵੇਂ ਮਨ ਵਿਚ ਬਣਾਈ ਆਪਣੀ ਇਸ ਲੜੀਵਾਰ ਲਿਸਟ 'ਤੇ ਟਿਕ-ਮਾਰਕ ਕਰੀ ਜਾਂਦੀ ਏ — ਇਹ ਵੀ ਗੱਲ ਹੋ ਗਈ। (ਠੀਕ ! ਕੰਮ ਮੁੱਕਾ !) ਇਹ ਵੀ ਹੋ ਗਈ। (ਕੰਮ ਨਿੱਬੜਿਆ !)

ਇਸ਼ੂ ਦੇ ਇਕ ਕਦਮ ਅਗਾਂਹ ਨਾ ਵਧਣ ਨਾਲ ਸਿੰਮੀ ਨੂੰ ਕੋਈ ਖ਼ੁਸ਼ੀ ਨਹੀਂ ਹੁੰਦੀ, ਕੋਈ ਰੰਜ ਨਹੀਂ ਹੁੰਦਾ। ਸਿਰਫ਼ ਇਕ ਬੇਮਲੂਮਾ ਜਿਹਾ ਤਾਅਜੁੱਬ ਹੁੰਦਾ ਏ। ਤੇ ਫੇਰ ਹੈਰਾਨੀ ਦਾ ਉਹ ਪਲ ਵੀ ਸਰਕ ਜਾਂਦਾ ਏ।

... ... ...

ਸ਼ਿਵੀ ਅੰਦਰ ਆ ਕੇ ਆਖਦਾ ਏ : ''ਆਂਟੀ, ਬੀਜੀ ਕਹਿੰਦੇ ਨੇ, ਤੁਸਾਂ ਅੱਜ ਦਫ਼ਤਰ ਨਹੀਂ ਜਾਣਾ ? ਸਾਢੇ ਅੱਠ ਤੇ ਵਜ ਵੀ ਗਏ ਨੇ।''

ਸਿੰਮੀ ਜਿਵੇਂ ਸੁੱਤੀ ਸੁੱਤੀ ਜਾਗਦੀ ਏ। ਕਮਰੇ ਦੇ ਵਿਚਕਾਰ ਖਲੋਤੀ ਖਲੋਤੀ ਉਹ ਸ਼ਿਵੀ ਵਲ ਤੱਕਦੀ ਏ। ਸ਼ਿਵੀ ਦਾ ਮੂੰਹ ਗੋਲ ਏ, ਰੰਗ ਗੋਰਾ; ਤੇ ਗੋਰੇ ਰੰਗ ਉਤੇ ਜਿਵੇਂ ਕਿਸੇ ਨੇ ਰਤਾ ਰਤਾ ਸੁਨਹਿਰੀ ਬੁਰਾਦਾ ਧੂੜਿਆ ਹੋਇਆ ਹੋਵੇ। ਉਸ ਦੇ ਵਾਲਾਂ 'ਤੇ ਵੀ ਸੁਨਹਿਰੀ ਬੁਰਾਦਾ ਏ। ਸਿੰਮੀ ਇਕ ਟੱਕ ਉਹਦੇ ਵਲ ਤੱਕਦੀ ਏ। ਫੇਰ ਉਹਨੂੰ ਅਚਾਨਕ ਅਹਿਸਾਸ ਹੁੰਦਾ ਏ ਕਿ ਸ਼ਿਵੀ ਉਹਦੇ ਕਮਰੇ ਦੇ ਵਿਚਕਾਰ ਲੇਟੇ ਹੋਏ ਤਿਕੋਨੇ ਧੁੱਪ ਦੇ ਟੁਕੜੇ ਵਿਚ ਖੜਾ ਏ। ਅੱਜ ਉਹ ਪਹਿਲੀ ਵਾਰੀ ਜਿਵੇਂ ਕੋਈ ਨਵੀਂ ਖੋਜ ਕਰਦੀ ਏ ਕਿ ਸ਼ਿਵੀ ਖ਼ੂਬਸੂਰਤ ਬੱਚਾ ਏ, ਕਾਫ਼ੀ ਖ਼ੂਬਸੂਰਤ ਬੱਚਾ ਏ।

''ਆਉਨੀ ਆਂ'', ਸਿੰਮੀ ਆਖਦੀ ਏ ਤੇ ਆਪਣੀਆਂ ਚੱਪਲਾਂ ਲੱਭਣ ਲਗਦੀ ਏ।

— ਇਹ ਚਪਲਾਂ ਖ਼ੌਰੇ ਟਾਂਤੀਂ ਤੁਰਦੀਆਂ ਰਹਿੰਦੀਆਂ ਨੇ ! ਸਵੇਰੇ ਕਦੇ ਥਾਂ ਟਿਕਾਣੇ ਸਿਰ ਨਹੀਂ ਮਿਲਦੀਆਂ।

ਸਿੰਮੀ ਦੇ ਘਰ ਵਿਚ ਦੁਪਹਿਰ ਦੀ ਰੋਟੀ ਤਾਂ ਐਵੇਂ ਢਕੌਂਸਲਾ ਹੀ ਹੁੰਦੀ ਏ। ਸਵੇਰੇ ਨਾਸ਼ਤਾ ਕਰਨ ਮਗਰੋਂ ਸਿੰਮੀ ਕਾਲਜ ਚਲੀ ਜਾਂਦੀ ਏ, ਸਿੰਦਰ ਦਫ਼ਤਰ ਚਲਾ ਜਾਂਦਾ ਏ। ਸਿੰਦਰ ਦੀ ਬੀਵੀ ਕਾਂਤੀ ਆਪਣੇ ਖਾਵੰਦ ਨੂੰ ਦੁਪਹਿਰ ਦਾ ਖਾਣਾ ਨਾਲ ਦੇ ਦੇਂਦੀ ਏ। ਸਾਰੇ ਦਫ਼ਤਰੀ ਕਲਰਕਾਂ ਵਾਂਗੂੰ ਸਿੰਦਰ ਕੋਲ ਵੀ ਲੰਚ-ਬਾਕਸ ਹੈ। ਜਦੋਂ ਕਦੇ ਇਹ ਰੋਟੀ ਵਾਲਾ ਡੱਬਾ ਗੁਆਚ ਜਾਵੇ — ਦਫ਼ਤਰ ਵਿਚ ਜਾਂ ਬਸ ਵਿਚ — ਤਾਂ ਅਗਲੇ ਮਹੀਨੇ ਦੀ ਪਹਿਲੀ ਤਰੀਕ ਨੂੰ ਨਵਾਂ ਡੱਬਾ ਖ਼ਰੀਦਣ ਤਕ ਰੋਟੀਆਂ ਤੇ ਸੁੱਕੇ ਆਲੂ ਜਾਂ ਭਿੰਡੀਆਂ ਅਖ਼ਬਾਰ ਦੇ ਕਾਗਜ਼ ਵਿਚ ਲਪੇਟ ਕੇ ਸਿੰਦਰ ਨੂੰ ਦੇ ਦਿਤੀਆਂ ਜਾਂਦੀਆਂ ਨੇ।

ਪੁੰਨੂੰ ਤੇ ਸ਼ਿਵੀ ਸਕੂਲ ਚਲੇ ਜਾਂਦੇ ਨੇ।

ਦੁਪਹਿਰ ਨੂੰ ਡੇਢ ਵਜੇ ਪੁੰਨੂੰ ਤੇ ਸ਼ਿਵੀ ਸਕੂਲੋਂ ਮੁੜ ਆਉਂਦੇ ਨੇ, ਤੇ ਕਾਂਤੀ ਤਿੰਨਾਂ

ਬੱਚਿਆਂ ਨੂੰ ਕੋਲ ਬਿਠਾ ਕੇ ਰੋਟੀ ਖੁਆ ਦੇਂਦੀ ਏ ਤੇ ਨਾਲ ਆਪ ਖਾ ਲੈਂਦੀ ਏ — ਇਹ ਆਮ ਤੌਰ 'ਤੇ ਚੌਕੇ ਵਿਚ ਹੀ ਹੋ ਜਾਂਦਾ ਏ । ਚਟਾਈ ਉਤੇ ਤਿੰਨੇ ਬੱਚੇ ਬਹਿ ਜਾਂਦੇ ਨੇ, ਤੇ ਰੋਟੀ ਦਾ ਕੰਮ ਨਿਪਟ ਜਾਂਦਾ ਏ । ਬੀਜੀ ਪਹਿਲੋਂ ਹੀ ਗਿਆਰਾਂ ਕੁ ਵਜੇ ਖਾ ਲੈਂਦੇ ਨੇ, ਕਿਉਂਕਿ ਉਹ ਨਾਸ਼ਤੇ ਵੇਲੇ ਸਿਰਫ਼ ਇਕ ਪਿਆਲਾ ਦੁੱਧ ਦਾ ਤੇ ਇਕ ਪਿਆਲਾ ਚਾਹ ਦਾ ਪੀਂਦੇ ਨੇ, ਖਾਂਦੇ ਕੁਝ ਨਹੀਂ । ਏਸ ਕਰਕੇ ਖਾਣ ਦਾ ਕੰਮ ਉਹ ਇਕੋ ਵਾਰੀ ਗਿਆਰਾਂ ਕੁ ਵਜੇ ਮੁਕਾ ਲੈਂਦੇ ਨੇ । ਉਸ ਵੇਲੇ ਤਕ ਸਾਰੇ ਘਰੋਂ ਤੁਰ ਗਏ ਹੁੰਦੇ ਨੇ । ਘਰ ਵਿਚ ਸ਼ਾਂਤੀ ਹੋ ਚੁਕੀ ਹੁੰਦੀ ਏ । ਬੀਜੀ ਨਹਾ ਕੇ ਆਪਣੇ ਪਾਠ-ਪੂਜਾ ਦਾ ਕੰਮ ਵੀ ਨਿਪਟਾ ਲੈਂਦੇ ਨੇ । ਉਸ ਤੋਂ ਮਗਰੋਂ ਰੋਟੀ ਖਾ ਲੈਂਦੇ ਨੇ ।

ਰਾਤ ਦੀ ਰੋਟੀ ਵੀ ਸਭ ਦੀ ਵਖੋ ਵੱਖਰੀ ਹੁੰਦੀ ਏ । ਬੀਜੀ ਤਾਂ ਸੂਰਜ ਡੁੱਬਣ ਤੋਂ ਪਹਿਲਾਂ ਰੋਟੀ ਖਾਂਦੇ ਨੇ — ਜੇ ਦੇਰ ਨਾਲ ਖਾਣ ਤਾਂ ਰਾਤੀਂ ਉਹਨਾਂ ਦੇ ਪੇਟ ਵਿਚ ਹਵਾ ਹੋ ਜਾਂਦੀ ਏ । ਕਾਂਤੀ ਬੱਚਿਆਂ ਨੂੰ ਸਾਢੇ ਸਤ ਵਜੇ ਰੋਟੀ ਖੁਆ ਦੇਂਦੀ ਏ । ਫੇਰ ਕਾਂਤੀ ਤੇ ਸਿੰਦਰ ਰਲ ਕੇ ਰੋਟੀ ਖਾ ਲੈਂਦੇ ਨੇ — ਇਕੋ ਥਾਲੀ ਵਿਚ । ਉਸ ਤੋਂ ਮਗ਼ਰੋਂ ਕਾਂਤੀ ਬੱਚਿਆਂ ਨੂੰ ਸੁਆਂਦੀ ਏ ।

ਜੇ ਸਿੰਮੀ ਸ਼ਾਮ ਵੇਲੇ ਘਰ ਆ ਜਾਵੇ, ਤਾਂ ਸ਼ਾਮ ਦੀ ਚਾਹ ਨਾਲ ਕੁਝ ਖਾ ਪੀ ਲੈਂਦੀ ਏ । ਫੇਰ ਰਾਤ ਦੀ ਰੋਟੀ ਦੀ ਛੁੱਟੀ । ਰਾਤੀਂ ਦੁੱਧ ਦਾ ਅੱਧਾ ਗਲਾਸ ਉਹ ਪੀਂਦੀ ਏ, ਬੱਸ । ਤੇ ਜੇ ਚਿਰਕੀ ਘਰ ਆਵੇ, ਤਾਂ ਆਉਂਦਿਆਂ ਹੀ ਉਹਨੂੰ ਬੀਜੀ ਰੋਟੀ ਪਕਾ ਦੇਂਦੇ ਨੇ, ਕਿਉਂਕਿ ਉਹਨਾਂ ਨੂੰ ਪਤਾ ਏ ਕਿ ਦੁਪਹਿਰੇ ਇਕ-ਅਧ ਕੋਕਾ ਕੋਲਾ ਜਾਂ ਇਕ-ਅਧ ਕੌਫ਼ੀ ਦਾ ਪਿਆਲਾ ਉਹਨੇ ਪੀਤਾ ਹੋਵੇਗਾ ਤੇ ਨਾਲ ਇਕ ਸੈਂਡਵਿਚ ਕੁਤਰੀ ਹੋਵੇਗੀ । ਬੱਸ ।

ਰੋਜ਼ ਜ਼ਿੰਦਗੀ ਇੰਜੇ ਹੀ ਤੁਰਦੀ ਏ । ਇਹਦੇ ਵਿਚ ਕਦੇ ਕਦਾਈਂ — ਕਦੇ ਵਿਰਲੀ-ਟਾਂਵੀਂ ਹੀ — ਕੋਈ ਤਬਦੀਲੀ ਆਉਂਦੀ ਏ, ਜਦੋਂ ਕੋਈ ਪ੍ਰਾਹੁਣਾ ਆ ਜਾਂਦਾ ਏ, ਜਾਂ ਕੋਈ ਬੀਮਾਰ ਹੋ ਜਾਂਦਾ ਏ, ਜਾਂ ਕਾਂਤੀ ਨੇ ਨਵਾਂ ਬਾਲ ਜੰਮਣਾ ਹੁੰਦਾ ਏ ।

ਸੋ ਸਿਰਫ਼ ਸਵੇਰੇ ਨਾਸ਼ਤੇ ਵੇਲੇ ਸਾਰਾ ਟੱਬਰ ਇਕੱਠਾ ਬਹਿੰਦਾ ਏ — ਇਕੋ ਮੇਜ਼ 'ਤੇ । ਇਹ ਵੀ ਜਿਵੇਂ ਇਸ ਘਰ ਦੇ 'ਅਣਲਿਖੇ ਵਿਧਾਨ' ਦੀ ਹੀ ਕੋਈ ਗੱਲ ਏ, ਜਿਸ ਨੂੰ ਸਾਰੇ ਬੜੀ ਵਫ਼ਾਦਾਰੀ ਨਾਲ ਨਿਭਾਉਂਦੇ ਨੇ । ਪਰ ਇਹ ਵਫ਼ਾਦਾਰੀ ਪਾਲਣ ਵਿਚ ਵੀ ਕਿਸੇ ਨੂੰ ਕੋਈ ਉਚੇਚਾ ਤਰੱਦਦ ਨਹੀਂ ਕਰਨਾ ਪੈਂਦਾ । ਸਵੇਰੇ ਨਹਾਉਣ ਧੋਣ ਤੋਂ ਵਿਹਲੇ ਹੋ ਕੇ ਸਭ ਦੇ ਕਦਮ ਸੁਤੇ-ਸਿਧ ਹੀ ਖਾਣੇ ਦੇ ਮੇਜ਼ ਵਲ ਵਧ ਜਾਂਦੇ ਨੇ ।

ਖਾਣੇ ਵਾਲੇ ਮੇਜ਼ 'ਤੇ ਹਮੇਸ਼ਾ ਇਕ ਪਲਾਸਟਿਕ ਦਾ ਕਵਰ ਵਿਛਿਆ ਹੁੰਦਾ ਏ । ਪਹਿਲੋਂ ਪਹਿਲੋਂ ਸਿੰਮੀ ਨੂੰ ਇਸ ਪਲਾਸਟਿਕ ਦੇ ਮੇਜ਼ਪੋਸ਼ ਤੋਂ ਨਫ਼ਰਤ ਆਉਂਦੀ ਸੀ । ਉਹ ਕਹਿੰਦੀ ਸੀ, ਜਾਂ ਤੇ ਸਫ਼ੈਦ ਮੇਜ਼ਪੋਸ਼ ਵਿਛਾਇਆ ਜਾਵੇ, ਤੇ ਉਤੇ ਰੰਗ-ਬਰੰਗੀਆਂ ਮੈਟੀਜ਼ ਰੱਖੀਆਂ ਜਾਣ, ਤੇ ਜਾਂ ਕੋਈ ਲੰਚੀਅਨ-ਸੈੱਟ ਹੋਵੇ । ਸਿੰਮੀ ਲੰਚੀਅਨ-ਸੈੱਟ ਲਿਆਈ, ਤਾਂ ਬੀਜੀ ਨੇ ਅਲਮਾਰੀ ਵਿਚ ਸਾਂਭ ਕੇ ਰੱਖ ਦਿਤਾ — ਕੋਈ ਆ ਹੀ ਜਾਂਦਾ ਏ ਕਿਸੇ ਵੇਲੇ; ਚੰਗੀ ਚੀਜ਼ ਆਏ ਗਏ ਵਾਸਤੇ ਸਾਂਭ ਕੇ ਰੱਖਣੀ ਚਾਹੀਦੀ ਏ । ਫੇਰ ਸਿੰਮੀ ਮੈਟੀਜ਼ ਲਿਆਈ — ਰੰਗ-ਬਰੰਗੀਆਂ ਮੈਟੀਜ਼ ਦੇ ਦੋ ਸੈੱਟ । ਪਰ ਬੱਚੇ



ਉਹਨਾਂ 'ਤੇ ਕੁਝ ਨਾ ਕੁਝ ਡੋਲ੍ਹ ਹੀ ਦੇਂਦੇ । ਤੇ ਬੀਜੀ ਦਾ ਧਿਆਨ ਸਾਰਾ ਵਕਤ ਆਪਣੇ ਦੁੱਧ ਦੇ ਪਿਆਲੇ ਤੋਂ ਉੱਖੜ ਕੇ ਬੱਚਿਆਂ ਦੀਆਂ ਪਲੇਟਾਂ ਵੱਲ ਲਗਾ ਰਹਿੰਦਾ । ਉਹ ਹੌਲੀ ਹੌਲੀ ਬੱਚਿਆਂ ਨੂੰ ਯਾਦ ਕਰਵਾਂਦੇ ਰਹਿੰਦੇ — ਪੁੰਨੂੰ, ਧਿਆਨ ਨਾਲ ! ਮੂੰਹ ਅੱਗੇ ਕਰ ਕੇ ਖਾਹ ਨਾ ਬੇਟਾ । ਛਿੱਟਾਂ ਹੇਠਾਂ ਡਿੱਗਦੀਆਂ ਨੇ ਮੈਟੀ 'ਤੇ । ਵੇਖਿਆ, ਸ਼ਿਵੀ, ਡਿਗ ਪਿਆ ਨਾ ਮੱਖਣ ਮੈਟੀ ਤੇ ! ਮੈਂ ਕਿਹਾ ਵੀ ਸੀ ।'

ਸਿੰਮੀ ਸੋਚਦੀ ਏ — ਕੋਫ਼ਤ ਦਾ ਇਕ ਆਲਮ ਖ਼ਤਮ ਕਰ ਕੇ ਦੂਜਾ ਸਹੇੜ ਲਿਆ ਇਹ ਤਾਂ !

ਉਸ ਤੋਂ ਮਗਰੋਂ ਪਲਾਸਟਿਕ ਦਾ ਮੇਜ਼ਪੋਸ਼ ਬਦਸਤੂਰ ਮੇਜ਼ 'ਤੇ ਵਿਛ ਰਿਹਾ ਏ । ਸਿੰਮੀ ਜਿਵੇਂ ਉਹਦੇ ਤੋਂ ਵੀ ਬੇਵਾਸਤਾ ਹੋ ਗਈ ਏ ।

ਉਹਦਾ ਬੇਵਾਸਤਾਪਣ ਜਿਵੇਂ ਇਕ ਕਾਈ ਏ, ਜਿਹੜੀ ਉਸ ਦੀ ਜ਼ਿੰਦਗੀ ਦੇ ਰੁਕੇ ਹੋਏ ਪਾਣੀਆਂ 'ਤੇ ਆਹਿਸਤਾ ਆਹਿਸਤਾ ਜੰਮ ਗਈ ਏ ।

ਜਦੋਂ ਸਿੰਮੀ ਦੇ ਪਿਤਾ ਨੇ ਕੰਮ ਕਰਨਾ ਬੰਦ ਕੀਤਾ, ਤਾਂ ਮਾਂ ਨੂੰ ਸਭ ਤੋਂ ਬਹੁਤੀ ਚਿੰਤਾ ਸਿੰਮੀ ਦੇ ਵਿਆਹ ਦੀ ਸੀ । ਸਿੰਮੀ ਓਦੋਂ ਐਮ. ਏ. ਵਿਚ ਪੜ੍ਹਦੀ ਸੀ । ਸਿੰਦਰ ਬੀ. ਐਸ. ਸੀ. ਕਰ ਰਿਹਾ ਸੀ । ਸਿੰਦਰ ਨੇ ਦਰ-ਅਸਲ ਐਫ. ਐਸ. ਸੀ. ਕਰ ਕੇ ਇੰਜੀਨੀਅਰਿੰਗ ਕਰਨੀ ਸੀ । ਪਰ ਐਫ. ਐਸ. ਸੀ. ਵਿਚੋਂ ਨੰਬਰ ਘੱਟ ਆਏ । ਕ੍ਰਿਤੇ ਦਾਖ਼ਲਾ ਹੀ ਨਹੀਂ ਮਿਲਿਆ । ਸੋ ਸੋਚਿਆ ਕਿ ਚਲੋ ਬੀ. ਐਸ. ਸੀ. ਕਰ ਕੇ ਇੰਜੀਨੀਅਰਿੰਗ ਕਾਲਜ ਵਿਚ ਦਾਖ਼ਲ ਹੋ ਜਾਵੇਗਾ । ਪਰ ਓਦੋਂ ਹੀ ਪਿਤਾ ਜੀ ਨੂੰ ਕੁਝ ਇਸ ਕਿਸਮ ਦੀ ਦਿਲ ਦੀ ਤਕਲੀਫ਼ ਹੋਈ, ਕਿ ਨਾਲ ਹੀ ਅਧਰੰਗ ਹੋ ਗਿਆ ।

ਉਸ ਜ਼ਮਾਨੇ ਵਿਚ ਬੀਜੀ ਨੂੰ ਪਿਤਾ ਜੀ ਦੀ ਬੀਮਾਰੀ ਤੋਂ ਇਲਾਵਾ ਜੇ ਕਿਸੇ ਗੱਲ ਦਾ ਫ਼ਿਕਰ ਸੀ, ਤਾਂ ਸਿੰਮੀ ਦੇ ਵਿਆਹ ਦਾ ।

ਸਿੰਦਰ ਨੇ ਬੀ. ਐਸ. ਸੀ. ਕਰ ਕੇ ਇਕ ਸਰਕਾਰੀ ਦਫ਼ਤਰ ਵਿਚ ਨੌਕਰੀ ਕਰ ਲਈ । ਸਿੰਮੀ ਐਮ. ਏ. ਕਰ ਕੇ ਇਕ ਕਾਲਜ ਵਿਚ ਲੈਕਚਰਰ ਲਗ ਗਈ । ਸਿੰਦਰ ਇਹੀ ਕਹਿੰਦਾ ਸੀ ਕਿ ਉਹ ਨਾਲ ਨਾਲ ਨੌਕਰੀ ਕਰੇਗਾ ਤੇ ਨਾਲ ਨਾਲ ਕੋਈ 'ਕਾਰੇਸਪਾਂਡੈਂਸ ਕੋਰਸ' ਕਰ ਕੇ ਇੰਜੀਨੀਅਰਿੰਗ ਕਰੇਗਾ — ਮਕੈਨੀਕਲ ਇੰਜੀਨੀਅਰਿੰਗ । ਪਰ ਇਸ ਕੋਰਸ ਦੀ ਸਿੰਮੀ ਨੂੰ ਕਦੇ ਸਮਝ ਨਹੀਂ ਆਈ ।

ਖ਼ੈਰ, ਇਹ ਉਹ ਜ਼ਮਾਨਾ ਸੀ, ਜਦੋਂ ਬੀਜੀ ਸਿੰਮੀ ਲਈ ਮੁੰਡਾ ਲੱਭਿਆ ਕਰਦੇ ਸਨ । ਸਿੰਦਰ ਵੀ ਐਤਵਾਰ ਨੂੰ 'ਹਿੰਦੁਸਤਾਨ ਟਾਈਮਜ਼' ਦੇ ਪੂਰੇ 'ਮੈਟਰੀਮੋਨੀਅਲ ਕਾਲਮ' ਨੂੰ ਛਾਨਣੀ ਵਿਚ ਪਾ ਕੇ ਛਾਣਦਾ ਹੁੰਦਾ ਸੀ । ਤੇ ਫੇਰ ਛਾਨਣੀ ਦੇ ਛੇਕਾਂ ਦੇ ਉਤੇ ਬਚਣ ਵਾਲੇ ਦੋ ਚਾਰ ਬੰਦਿਆਂ ਨੂੰ ਦੁਪਹਿਰ ਦੀ ਰੋਟੀ ਖਾਣ ਤੱਕ ਚਿੱਠੀਆਂ ਲਿਖਦਾ ਰਹਿੰਦਾ ਸੀ ।

ਸਿੰਮੀ ਨੂੰ ਪਤਾ ਸੀ ਕਿ ਵਿਆਹ ਤਾਂ ਹੋਣਾ ਹੀ ਏ । ਸਾਰੀਆਂ ਕੁੜੀਆਂ ਦਾ ਹੁੰਦਾ ਏ । ਸੋ ਉਹਦੇ ਬਾਰੇ ਫ਼ਿਕਰ ਕਰਨ ਦੀ ਉਚੇਚੀ ਲੋੜ ਨਹੀਂ ਸੀ । ਨਾ ਹੀ ਉਹਦੇ ਬਾਰੇ ਸੋਚਣ ਦੀ ਲੋੜ ਸੀ । ਨਾ ਹੀ ਕਿਸੇ ਉਚੇਚੀ ਘਬਰਾਹਟ ਦੀ ਲੋੜ ਸੀ ।

ਪਰ ਜਦੋਂ ਸਿੰਦਰ ਨੇ ਵਿਆਹ ਕਰਵਾ ਕੇ ਬੱਚੇ ਪੈਦਾ ਕਰਨੇ ਸ਼ੁਰੂ ਕਰ ਦਿਤੇ, ਤਾਂ ਪੜ੍ਹਾਈ ਆਪਣੇ ਆਪ ਛੁੱਟ ਗਈ। ਪਹਿਲੋਂ ਜਿਸ ਕਲਰਕੀ ਨੂੰ ਉਹਨੇ ਐਵੇਂ ਵਕਤੀ ਠਾਹਰ ਸਮਝਿਆ ਸੀ, ਉਹਨੂੰ ਕੰਬਲ ਵਾਂਗੂੰ ਚਾਰੇ ਪਾਸੇ ਲਪੇਟ ਕੇ ਬੁੱਕਲ ਮਾਰ ਲਈ ਤੇ ਬੜੇ ਇਤਮੀਨਾਨ ਨਾਲ ਬਹਿ ਗਿਆ। ਫ਼ਿਕਰ ਕਾਹਦਾ ? ਹੁਣ ਤਾਂ ਇਕ ਵਾਰੀ ਦੀ ਬੁੱਕਲ ਮਾਰੀ ਹੋਈ ਸਾਰੀ ਉਮਰ ਹੰਢਾਣੀ ਸੀ — ਬੜੀ ਫ਼ੁਰਸਤ ਨਾਲ !

ਇਸ ਨਾਲ ਘਰ ਦੀ ਜ਼ਿੰਦਗੀ ਵਿਚ ਹੋਰ ਤਾਂ ਕੋਈ ਖ਼ਾਸ ਫ਼ਰਕ ਨਹੀਂ ਪਿਆ, ਸਿਰਫ਼ ਇਹ ਹੋਇਆ ਕਿ ਬੀਜੀ ਨੇ ਸਿੰਮੀ ਦੇ ਵਿਆਹ ਲਈ ਸਟਪਟਾਉਣਾ ਘੱਟ ਕਰ ਦਿਤਾ। ਸਿੰਦਰ ਨੇ ਐਤਵਾਰ ਸਵੇਰੇ 'ਮੈਟਰੀਮੋਨੀਅਲ ਕਾਲਮ' ਪੜ੍ਹਨ ਦੀ ਥਾਵੇਂ ਦੇਰ ਤਕ ਸੌਣਾ ਸ਼ੁਰੂ ਕਰ ਦਿਤਾ। ਤੇ ਕਾਂਤੀ ਅੱਗੇ ਕਦੇ ਕਦਾਈਂ ਸਿੰਮੀ ਨੂੰ ਅੱਖਾਂ ਮਟਕਾ ਕੇ ਜਿਹੜੇ ਨਿੱਕੇ ਨਿੱਕੇ ਮਖ਼ੌਲ ਕਰਦੀ ਹੁੰਦੀ ਸੀ — ਉਹਦੇ ਵਿਆਹ ਬਾਰੇ, ਦਾਜ ਬਾਰੇ, ਸਹੁਰੇ ਘਰ ਬਾਰੇ, ਕਿਸੇ ਆਉਣ ਵਾਲੇ ਰਾਜਕੁਮਾਰ ਬਾਰੇ — ਉਹ ਜਿਵੇਂ ਧੁੱਪੇ ਸੁੱਕਣੇ ਪੈ ਕੇ ਕੁਰਾਹੜੇ ਹੋ ਗਏ।

ਸਿੰਮੀ ਨੂੰ ਪਹਿਲੋਂ ਤਾਂ ਇਸ ਫ਼ਰਕ ਦੀ ਕੋਈ ਖ਼ਾਸ ਸਮਝ ਨਹੀਂ ਆਈ, ਕਿਉਂਕਿ ਇਹ ਦੰਦਾਂ 'ਤੇ ਬੁਰਸ਼ ਕਰਨ ਵਾਂਗੂੰ ਕੋਈ ਰੋਜ਼ ਦਾ ਕੰਮ ਤਾਂ ਸੀ ਨਹੀਂ, ਕਿ ਇਕ ਦਿਨ ਬੁਰਸ਼ ਨਾ ਕੀਤਾ ਜਾਂਦਾ, ਤਾਂ ਝਟ ਉਸ ਦਾ ਅਹਿਸਾਸ ਹੋ ਆਉਂਦਾ।

ਪਰ ਜਦੋਂ ਸਮਝ ਆਈ, ਓਦੋਂ...

ਓਦੋਂ ਤੋਂ ਜਿਵੇਂ ਸਿੰਮੀ ਤੁਰਦੀ ਤੁਰਦੀ ਕਿਤੇ ਖਲੋ ਗਈ ਏ।

... ... ...

ਸਿੰਮੀ ਸੜਕ 'ਤੇ ਤੁਰਦੇ ਲੋਕਾਂ ਨੂੰ ਵੇਖਦੀ ਏ ਤੇ ਸੋਚਦੀ ਏ — ਇਹ ਸਾਰੇ ਕਿਧਰੇ ਨਾ ਕਿਧਰੇ ਜਾ ਰਹੇ ਨੇ। ਸਾਰਿਆਂ ਨੇ ਕਿਤੇ ਨਾ ਕਿਤੇ ਪਹੁੰਚਣਾ ਏ। ਕੋਈ ਆਪਣੇ ਘਰੋਂ ਆ ਰਿਹਾ ਏ, ਤੇ ਕਿਸੇ ਕੰਮ 'ਤੇ ਜਾ ਰਿਹਾ ਏ। ਕੋਈ ਕੰਮ ਕਰ ਕੇ ਘਰ ਵਾਪਸ ਤੁਰਿਆ ਜਾਂਦਾ ਏ। ਕੋਈ ਸ਼ਾਇਦ ਕਿਸੇ ਥੀਏਟਰ ਜਾਂ ਸਿਨੇਮਾ ਵਲ ਜਾ ਰਿਹਾ ਹੋਵੇਗਾ, ਕੋਈ ਕਲੱਬ, ਕੋਈ ਦੋਸਤਾਂ ਦੀ ਕਿਸੇ ਮਹਿਫ਼ਲ ਵਿਚ। ਇਹਨਾਂ ਵਿਚੋਂ ਕੋਈ ਆਪਣੀ ਮਹਿਬੂਬਾ ਨੂੰ ਮਿਲਣ ਲਈ ਵੀ ਜਾ ਰਿਹਾ ਹੋਵੇਗਾ। ਇਹਨਾਂ ਸਾਰਿਆਂ ਨੇ ਕਿਤੇ ਨਾ ਕਿਤੇ ਪਹੁੰਚਣਾ ਏ। ਪਰ ਮੈਂ ਕਾਹਦੇ ਵਾਸਤੇ ਤੁਰਨੀ ਆਂ ? ਮੈਂ ਕਿਥੇ ਪਹੁੰਚਣਾ ਏ ? ਆਖ਼ਰ ਕਿਥੇ ਪਹੁੰਚਣਾ ਏ ਮੈਂ ?

ਸਿੰਮੀ ਨੂੰ ਲਗਦਾ ਏ, ਸਾਰੇ ਲੋਕੀਂ ਤੁਰ ਰਹੇ ਨੇ, ਸਿਰਫ਼ ਉਹ ਰੁਕ ਗਈ ਏ।

ਮਹਿਜ਼ ਰੁਕ ਗਈ ਏ ਉਹ।

... ... ...

ਨਹਾ ਕੇ, ਕੱਪੜੇ ਬਦਲ ਕੇ, ਸਿੰਮੀ ਮੇਜ਼ 'ਤੇ ਪਹੁੰਚ ਜਾਂਦੀ ਏ।



ਨਾਸ਼ਤਾ ਬਨਾਉਣਾ, ਮੇਜ਼ ਲਗਾਣਾ, ਸਭ ਬੀਜੀ ਦਾ ਤੇ ਕਾਂਤੀ ਦਾ ਕੰਮ ਏ। ਸਿੰਦਰ ਸਵੇਰੇ ਦੁੱਧ ਲਿਆਉਂਦਾ ਏ 'ਮਿਲਕ ਡੀਪੋ' ਤੋਂ। ਸਿੰਮੀ ਕਨਾਟ ਪਲੇਸ ਘੁੰਮਦੀ ਘੁਮਾਂਦੀ ਸਾਬਣ, ਤੇਲ, ਟੁੱਥ ਪੇਸਟ, ਤੇ ਹੋਰ ਇਹੋ ਜਿਹਾ ਨਿੱਕ-ਸੁੱਕ ਲੈ ਆਉਂਦੀ ਏ ਕਦੇ। ਬਾਕੀ ਸਿੰਦਰ ਦਾ ਤੇ ਸਿੰਮੀ ਦਾ ਕੰਮ ਪੈਸੇ ਕਮਾ ਕੇ ਲਿਆਉਣ ਤੱਕ ਹੀ ਸੀਮਿਤ ਏ।

ਨਾਸ਼ਤੇ ਦੀ ਮੇਜ਼ 'ਤੇ ਬੈਠਿਆਂ ਕੋਈ ਇਕ-ਅੱਧੀ ਗੱਲ ਏਧਰੋਂ ਓਧਰ ਜਾਂਦੀ ਏ, ਓਧਰੋਂ ਏਧਰ ਆਉਂਦੀ ਏ — ਪਿੰਗ-ਪਾਂਗ ਦੇ ਨਿੱਕੇ ਜਿਹੇ ਸਫ਼ੈਦ ਗੇਂਦ ਵਾਂਗੂੰ। ਜ਼ਿਆਦਾ ਗੱਲਾਂ ਸਾਰੇ ਬੱਚਿਆਂ ਨਾਲ ਕਰਦੇ ਨੇ। ਕੋਈ ਕੋਈ ਪਲ ਇਹੋ ਜਿਹਾ ਆ ਜਾਂਦਾ ਏ, ਜਦੋਂ ਬੱਚੇ ਵੀ ਚੁੱਪ ਹੁੰਦੇ ਨੇ, ਸਾਰੇ ਚੁੱਪ ਹੁੰਦੇ ਨੇ। ਕਿਸੇ ਇਹੋ ਜਿਹੇ ਪਲ ਵਿਚ ਪਲੇਟਾਂ ਵਿਚੋਂ ਧਰੀਂਦੇ ਚੁਕੀਂਦੇ ਚਮਚਿਆਂ ਦੀ ਖਣਕ ਨੂੰ ਸੁਣ ਕੇ ਸਿੰਮੀ ਨੂੰ ਭੁਲੇਖਾ ਪੈਂਦਾ ਏ ਜਿਵੇਂ ਉਹ ਡਾਈਨਿੰਗ ਟੇਬਲ ਨਹੀਂ, ਆਪਰੇਸ਼ਨ ਟੇਬਲ ਏ।

— ਇਹ ਕਿਸ ਮਰੀਜ਼ ਦਾ ਆਪਰੇਸ਼ਨ ਹੋ ਰਿਹਾ ਏ ?

— ਕੋਈ ਵੇਖ ਤੇ ਲਵੇ, ਉਹ ਮਰੀਜ਼ ਜੀਉਂਦਾ ਵੀ ਹੈ ਕਿ ਨਹੀਂ !

... ... ...

ਨਾਸ਼ਤੇ ਵੇਲੇ ਫੇਰ ਸਿੰਮੀ ਨੂੰ ਖ਼ਿਆਲ ਆਉਂਦਾ ਏ — ਅੱਜ ਤੜਕੇ ਇਸ਼ੂ ਵਾਪਸ ਮੁੜ ਆਇਆ ਹੋਵੇਗਾ। ਐਸ ਵੇਲੇ ਸ਼ਾਇਦ ਉਹ ਵੀ ਨਹਾ ਧੋ ਕੇ ਨਾਸ਼ਤਾ ਕਰ ਰਿਹਾ ਹੋਵੇਗਾ।

— ਉਹਨੂੰ ਹੁਣੇ ਮੈਂ ਟੈਲੀਫ਼ੋਨ ਕਰਾਂਗੀ। ਜਦੋਂ ਮੈਂ ਉਹਨੂੰ ਇਹ ਦੱਸਾਂਗੀ ਕਿ ਤੱਕ, ਮੈਂ ਤੇਰੇ ਜੋਗਾ ਇਕ ਤੋਹਫ਼ਾ ਤਿਆਰ ਰਖਿਆ ਹੋਇਆ ਏ — ਅੱਜ ਦਾ ਸਾਬਤ ਦਿਨ ਤੇਰੇ ਲਈ, ਤਾਂ...

ਇਹ ਸੋਚ ਕੇ ਸਿੰਮੀ ਨੂੰ ਇਕ ਹਲਕੀ ਗੁਦਗੁਦੀ ਹੁੰਦੀ ਏ। ਸਿੰਮੀ ਇਕਦਮ ਰੁਕ ਕੇ — ਮੂੰਹ ਦੀ ਗਰਾਹੀ ਮੂੰਹ ਵਿਚ ਰੋਕ ਕੇ, ਹੱਥ ਵਿਚਲਾ ਚਮਚਾ ਹੱਥ ਵਿਚ ਹੀ ਰੋਕ ਕੇ — ਉਸ ਗੁਦਗੁਦੀ ਦੀ ਜਿਵੇਂ ਆਵਾਜ਼ ਸੁਣਨਾ ਚਾਹੁੰਦੀ ਏ।

— ਇਹ ਸੱਚ ਏ, ਕਿ ਭੁਲੇਖਾ ਏ ?

— ਨਹੀਂ, ਸੱਚ ਏ।

ਅੰਦਰ ਇਕ ਹਲਕੀ ਜਿਹੀ ਛੁਹ...ਕੋਸੇ ਜਿਹੇ ਗੁਨਗੁਣੇ ਪਾਣੀ ਦੀ ਇਕ ਛੱਲ... ਕਿਤੋਂ ਅੰਦਰੋਂ ਉੱਠ ਕੇ ਅੰਦਰ ਹੀ ਅੰਦਰ ਸਾਰੇ ਜਿਸਮ ਨੂੰ ਭਿਉਂਦੀ ਹੋਈ ! ਅਜੀਬ ਅਨੁਭਵ ! ਅਜੀਬ ਝਰਨਾਟ !

ਸਿੰਮੀ ਨੂੰ ਚੇਤੇ ਆਉਂਦਾ ਏ, ਏਸੇ ਤਰ੍ਹਾਂ ਦਾ ਇਕ ਭੁਲੇਖਾ ਇਕ ਵਾਰੀ ਉਹਨੂੰ ਅਗੇ ਵੀ ਪਿਆ ਸੀ...

... ... ...

ਉਹ ਮੁੰਡਾ ਆਰਟਿਸਟ ਸੀ। ਕਾਫ਼ੀ ਚਿਰ ਤੋਂ ਸਿੰਮੀ ਦਾ ਵਾਕਫ਼ ਸੀ — ਥੋੜ੍ਹਾ ਥੋੜ੍ਹਾ। ਬੀਵੀ ਉਹਦੀ ਇਟੈਲੀਅਨ ਸੀ।

ਉਸ ਸਾਲ ਸਿੰਮੀ ਬੋਰ ਹੁੰਦੀ ਹੁੰਦੀ ਏਨੀ ਜ਼ਿਆਦਾ ਬੋਰ ਹੋ ਗਈ, ਕਿ ਉਹਨੂੰ ਜਾਪਣ ਲਗਾ, ਸਵੇਰੇ ਰੋਜ਼ ਇਕੋ ਵੇਲੇ ਨੇਮ ਨਾਲ ਮੰਜੇ ਤੋਂ ਉੱਠ ਪੈਣ ਦਾ ਵੀ ਕੀ ਮਤਲਬ? ਫੇਰ ਨਹਾਉਣ ਦਾ, ਕੰਘੀ ਕਰਨ ਦਾ ਕੀ ਮਤਲਬ? ਫੇਰ ਨਾਸ਼ਤਾ ਕਾਹਦੇ ਲਈ ਕੀਤਾ ਜਾਵੇ? — ਖਾਈ ਜਾਓ, ਖਾਈ ਜਾਓ, ਜਾਨਵਰਾਂ ਵਾਂਗੂੰ! ਕੀ ਫ਼ਾਇਦਾ? ਖਾਣ ਤੋਂ ਬਿਨਾਂ ਨਹੀਂ ਗੁਜ਼ਾਰਾ ਹੋ ਸਕਦਾ? ਤੇ ਫੇਰ ਕੰਮ 'ਤੇ ਜਾਣ ਦਾ ਕੀ ਮਤਲਬ? ਪੈਸੇ ਕਾਹਦੇ ਲਈ ਕਮਾਏ ਜਾਣ? ਇਸ ਲਈ, ਕਿ ਸਿੰਦਰ ਤੇ ਕਾਂਤੀ ਨੇ ਬੱਚੇ ਪੈਦਾ ਕਰਨੇ ਨੇ? ਤੇ ਫੇਰ ਬੱਚੇ ਖਾਣ ਲਈ ਰੋਟੀ ਮੰਗਦੇ ਨੇ ਤੇ ਪਾਣ ਲਈ ਕੱਪੜਾ ਮੰਗਦੇ ਨੇ? ਮੈਨੂੰ ਸਾਰਿਆਂ ਨੇ ਕੀ ਸਮਝ ਰਖਿਆ ਏ? ਪੈਸੇ ਪੈਦਾ ਕਰਨ ਵਾਲੀ ਮਸ਼ੀਨ? ਏਸੇ ਕਰ ਕੇ ਮੈਨੂੰ ਸਿੰਦਰ ਤੇ ਕਾਂਤੀ ਦੇ ਪਲੰਘ ਦੇ ਪਾਵੇ ਨਾਲ ਬੰਨ੍ਹ ਕੇ ਰਖਿਆ ਹੋਇਆ ਏ?

— ਪਰ ਮੈਨੂੰ ਇਨਕਾਰ ਏ ਇਹੋ ਜਿਹੀ ਮਸ਼ੀਨ ਬਣਨ ਤੋਂ। ਕੋਈ ਮਤਲਬ ਵੀ ਹੋਵੇ! ਕੋਈ ਗੱਲ ਵੀ ਹੋਵੇ! ਕਾਹਦੇ ਲਈ? ਸਭ ਕੁਝ ਕਾਹਦੇ ਲਈ?

— ਇਹ ਪਿੰਡਾ ਵੀ ਕਾਹਦੇ ਲਈ? ਇਹ ਵਾਲ, ਅੱਖਾਂ, ਹੋਠ, ਹਿੱਕ, ਕਾਹਦੇ ਲਈ? ਇਸ ਲਈ, ਕਿ ਅੰਦਰੋਂ ਕਦੇ ਕਦੇ ਜਿਹੜਾ ਖੌਲਦਾ ਹੋਇਆ ਉਬਾਲ ਉੱਠਦਾ ਏ, ਉਹਦੇ ਨਾਲ ਲੜਦੀ ਰਹਾਂ? ਕਿਉਂ? ਕਾਹਦੇ ਲਈ?

ਤੇ ਸਿੰਮੀ ਦਾ ਨਾ ਉੱਠਣ 'ਤੇ ਜੀਅ ਕਰੇ, ਨਾ ਬਹਿਣ 'ਤੇ। ਨਾ ਤਿਆਰ ਹੋਣ 'ਤੇ, ਨਾ ਕਾਲਜ ਜਾਣ 'ਤੇ। ਇਕ ਅਜੀਬ ਸਿਥਲਤਾ, ਅਜੀਬ ਨੰਬਨੈੱਸ ਅੰਦਰ ਆ ਵੜੀ ਸੀ। ਕੁਝ ਵੀ ਕਰਨ 'ਤੇ ਜੀਅ ਨਹੀਂ ਸੀ ਕਰਦਾ। ਕੁਝ ਕਰਨ ਲਈ ਅੰਦਰੋਂ ਨਾ ਹੰਭਲਾ ਮਿਲਦਾ ਸੀ, ਨਾ ਕੁਝ ਕਰ ਕੇ ਅੰਦਰੋਂ ਹੁੰਗਾਰਾ ਮਿਲਦਾ ਸੀ।

— ਇੰਜ ਤੇ ਤੂੰ ਮਰ ਜਾਏਂਗੀ — ਉਹਦੇ ਦਿਲ ਨੇ ਆਖਿਆ।

— ਫੇਰ ਕੀ? ਮਰ ਜਾਵਾਂਗੀ, ਤਾਂ ਕੀ?

ਤੇ ਉਹ ਆਪਣੀ ਮੌਤ ਨੂੰ ਓਨਾ ਹੀ ਸਪਸ਼ਟ ਤੇ ਸਿਲਸਿਲੇ ਵਾਰ ਤੱਕਣ ਲਗੀ — ਬਿਲਕੁਲ ਬੇਲਾਗ ਹੋ ਕੇ, ਅੱਡ ਹੋ ਕੇ — ਜਿਸ ਤਰ੍ਹਾਂ ਉਹਨੇ ਆਪਣੇ ਪਿਤਾ ਦੀ ਮੌਤ ਤੱਕੀ ਸੀ।

ਉਹਦੇ ਨਾਲ ਕੰਮ ਕਰਨ ਵਾਲੀ ਉਹਦੀ ਇਕ ਸਾਥਣ ਨੇ ਜਿਵੇਂ ਉਹਨੂੰ ਝੂਣ ਕੇ ਜਗਾਉਣ ਦੀ ਕੋਸ਼ਿਸ਼ ਕੀਤੀ: 'ਮਰ ਤੇ ਜਾਏਂਗੀ ਹੀ ਤੂੰ। ਪਰ ਜੇ ਜੀਊਣ ਦੇ ਤਰੱਦਦ ਦਾ ਕੋਈ ਫ਼ਾਇਦਾ ਨਹੀਂ, ਤਾਂ ਮਰਨ ਦਾ ਵੀ ਕੀ ਫ਼ਾਇਦਾ ਝੱਲੀਏ?'

ਸਿੰਮੀ ਨੇ ਅਚਾਨਕ ਇਕ ਦਿਨ ਸੋਚਿਆ: ਮੈਨੂੰ ਇਹ ਜ਼ਿੰਦਗੀ ਬਦਲ ਦੇਣੀ ਚਾਹੀਦੀ ਏ।

ਪਰ ਇਹ ਜ਼ਿੰਦਗੀ ਕਿਸ ਤਰ੍ਹਾਂ ਬਦਲਣੀ ਚਾਹੀਦੀ ਏ? — ਇਹਦੇ ਬਾਰੇ ਉਹਨੂੰ ਕੁਝ ਸਮਝ ਨਹੀਂ ਸੀ ਆ ਰਹੀ।



— ਜਾ ਕੇ ਵਿਆਹ ਕਰ ਲਵਾਂ ਕਿਸੇ ਨਾਲ? ਪਰ ਕਿਦ੍ਹੇ ਨਾਲ? ਅੱਜ ਤਕ ਨੇੜੇ ਤਾਂ ਆਪਣੇ ਕਿਸੇ ਨੂੰ ਫਟਕਣ ਨਹੀਂ ਦਿਤਾ। ਵਿਆਹ ਕਿਦ੍ਹੇ ਨਾਲ ਕਰਾਂ? ਕੰਧਾਂ ਕੋਠਿਆਂ ਨਾਲ?

— ਆਪਣਾ ਵੱਖਰਾ ਘਰ ਲੈ ਕੇ ਰਹਿਣ ਲਗ ਪਵਾਂ? ਪਰ ਫੇਰ ਵੀ ਕੀ ਹੋ ਜਾਵੇਗਾ? ਪੈਸੇ ਤਾਂ ਥੋੜੇ ਜਿਹੇ ਬਚ ਜਾਣਗੇ, ਪਰ ਉਹਨਾਂ ਪੈਸਿਆਂ ਦਾ ਕੀ ਕਰਾਂਗੀ ਮੈਂ? ਸ਼ਹਿਦ ਲਾ ਕੇ ਚੱਟਾਂਗੀ?

— ਇਹ ਸ਼ਹਿਰ ਛੱਡ ਕੇ ਭੱਜ ਜਾਵਾਂ? ਤੇ ਫੇਰ ਅੱਗੋਂ? ਅੱਗੋਂ ਕੀ?

— ਇਹ ਮੁਲਕ ਛੱਡ ਕੇ ਦੌੜ ਜਾਵਾਂ?

ਇਹ ਗੱਲ ਉਹਦੇ ਮਨ ਨੂੰ ਚੰਗੀ ਲਗੀ। ਇਹਦੇ ਨਾਲ ਉਹਦੇ ਅੰਦਰ ਮਰਿਆ ਹੋਇਆ ਉਤਸ਼ਾਹ ਵੀ ਜਾਗਿਆ, ਤੇ ਮਰੀ ਹੋਈ ਆਸ ਵੀ।

ਪਰ ਬਾਹਰ ਜਾਣ ਦੀ ਗੱਲ ਏਨੀ ਸੌਖੀ ਤਾਂ ਸੀ ਨਹੀਂ, ਕਿ ਰਾਤੀਂ ਸਲਾਹ ਕਰ ਕੇ ਸੌਂਵੇਂ, ਤੇ ਅਗਲੇ ਦਿਨ ਬੋਰੀਆ-ਬਿਸਤਰਾ ਚੁੱਕ ਕੇ ਤੁਰ ਪਵੇ। ਸੌ ਤਰੱਦਦ, ਸੌ ਅੜੂੰਗੜੀਆਂ!

— ਜਿੰਨਾ ਚਿਰ ਮੁਲਕ ਤੋਂ ਬਾਹਰ ਨਹੀਂ ਜਾਂਦੀ, ਓਨਾ ਚਿਰ ਇਸ ਮਾਹੌਲ 'ਚੋਂ ਤਾਂ ਬਾਹਰ ਨਿਕਲਾਂ!

ਇਹੀ ਸੋਚ ਕੇ ਗਰਮੀ ਦੀਆਂ ਛੁੱਟੀਆਂ ਬਿਤਾਉਣ ਲਈ ਉਹਨੇ ਆਪਣੀਆਂ ਦੋ ਹੋਰ ਸਹੇਲੀਆਂ ਨਾਲ ਪਹਾੜ 'ਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਤਿੰਨੇ ਨੈਨੀਤਾਲ ਗਈਆਂ। ਉਥੋਂ ਦੇ ਹੰਗਾਮੇ ਵਿਚ ਸਿੰਮੀ ਦਾ ਜੀਅ ਨਹੀਂ ਸੀ ਲਗ ਰਿਹਾ। ਸੋ ਕੁਮਾਊਂ ਦੀਆਂ ਪਹਾੜੀਆਂ ਛਾਨਣ ਦਾ ਪ੍ਰੋਗਰਾਮ ਬਣਾਇਆ ਗਿਆ।

ਸਭ ਤੋਂ ਪਹਿਲਾਂ ਉਹ 'ਭੀਮਤਾਲ' ਗਈਆਂ। ਉਥੇ ਇਕ ਰਾਤ ਰਹਿ ਕੇ ਫੇਰ ਅਗਲੇ ਦਿਨ ਆਸ ਪਾਸ ਥੋੜਾ ਘੁੰਮਣਾ ਸੀ — ਸੱਤ ਤਾਲ ਤੇ ਨੌਕੁਚੀਆ ਤਾਲ ਵੇਖਣੇ ਸਨ। ਫੇਰ ਅਗਲੀ ਰਾਤ ਉਥੇ ਹੀ ਬਿਤਾ ਕੇ ਮੁਕਤੇਸ਼ਵਰ ਜਾਣਾ ਸੀ, ਰਾਨੀਖੇਤ ਜਾਣਾ ਸੀ, ਰਾਮਗੜ੍ਹ ਜਾਣਾ ਸੀ, ਅਲਮੋੜੇ ਜਾਣਾ ਸੀ, ਤੇ ਫਿਰ ਨੈਨੀਤਾਲ ਮੁੜ ਆਉਣਾ ਸੀ।

ਭੀਮਤਾਲ ਬੜੀ ਹੀ ਖ਼ੂਬਸੂਰਤ ਥਾਂ ਸੀ। ਆਸ ਪਾਸ ਦੀਆਂ ਨਿੱਕੀਆਂ ਮਧਰੀਆਂ ਪਹਾੜੀਆਂ ਵਿਚਕਾਰ ਘਿਰੀ ਹੋਈ ਇਕ ਝੀਲ। ਝੀਲ ਦਾ ਰੰਗ ਹਰਾ ਸੀ, ਤੇ ਕਿਤੋਂ ਕਿਤੋਂ ਨੀਲੀ ਭਾਹ ਮਾਰਦਾ ਸੀ। ਪਹਾੜੀਆਂ ਦੇ ਉਤੇ ਖਿੱਚ ਕੇ ਤਣਿਆ ਹੋਇਆ ਨੀਲਾ ਆਸਮਾਨ ਸੀ। ਇਹ ਨੀਲਾ ਆਸਮਾਨ ਜਿਵੇਂ ਪਹਾੜੀਆਂ ਦੀ ਬਣੀ ਉਸ ਡੱਬੀ ਦਾ ਢੱਕਣ ਸੀ — ਨੀਲਾ ਢੱਕਣ। ਇਸ ਡੱਬੀ ਵਿਚ ਝੀਲ ਦਾ ਹਰਾ ਤਰਲ ਨਗੀਨਾ ਪਿਆ ਸੀ।

ਝੀਲ ਦੇ ਵਿਚਕਾਰ ਇਕ ਨਿੱਕਾ ਜਿਹਾ ਟਾਪੂ ਸੀ। ਉਸ ਟਾਪੂ 'ਤੇ ਥੋੜੇ ਜਿਹੇ ਰੁੱਖ ਵੀ ਸਨ। ਵਿਚਕਾਰ ਇਕ ਥੜ੍ਹਾ ਬਣਿਆ ਹੋਇਆ ਸੀ, ਇਕੋ ਚਬੂਤਰਾ, ਬਹਿਣ ਲਈ ਬੈਂਚ, ਜ਼ਮੀਨ ਦੇ ਨਾਲ ਲਗੀਆਂ ਹੋਈਆਂ ਸੀਮੈਂਟ ਤੇ ਪੱਥਰ ਦੀਆਂ ਕੁਰਸੀਆਂ।

ਝੀਲ ਵਿਚ ਸ਼ਿਕਾਰਿਆਂ ਵਰਗੀਆਂ ਬੇੜੀਆਂ ਸਨ, ਜਿਨ੍ਹਾਂ ਦੇ ਉਤੇ ਰੰਗ ਬਰੰਗੀਆਂ ਛਤਰੀਆਂ ਸਨ।

ਰਾਤ ਉਥੇ ਰਹਿ ਕੇ ਅਗਲੇ ਦਿਨ ਸਿੰਮੀ ਤੇ ਉਸ ਦੀਆਂ ਸਾਥਣਾਂ ਸੱਤ ਤਾਲ ਤੇ ਨੌਕੁਚੀਆ ਤਾਲ ਵੇਖਣ ਗਈਆਂ।

ਸ਼ਾਮ ਵੇਲੇ ਉਥੋਂ ਵਾਪਸ ਆ ਕੇ ਜਦੋਂ ਉਹ ਖ਼ਾਣ ਵਾਲੇ ਸਾਂਝੇ ਕਮਰੇ ਵਿਚ ਬਹਿ ਕੇ ਚਾਹ ਪੀ ਰਹੀਆਂ ਸਨ, ਤਾਂ ਇਕ ਪਤਲਾ ਮਧਰਾ ਜਿਹਾ ਬੰਦਾ ਅੰਦਰ ਆਇਆ। ਇਹ ਉਹੀ ਆਰਟਿਸਟ ਸੀ ਜਿਸ ਨੂੰ ਸਿੰਮੀ ਜਾਣਦੀ ਸੀ — ਸੰਦੀਪ। ਉਹਦੇ ਨਾਲ ਉਹਦੀ ਬੀਵੀ ਨਹੀਂ ਸੀ।

ਸੰਦੀਪ ਨੇ ਦਸਿਆ ਕਿ ਉਹਦੀ ਬੀਵੀ ਦੋ ਦਿਨ ਮਗਰੋਂ ਉਥੇ ਪਹੁੰਚੇਗੀ।

ਇਸ ਤੋਂ ਮਗਰੋਂ ਸਿੰਮੀ ਮੁਕਤੇਸ਼ਵਰ ਨਹੀਂ ਗਈ। ਆਪਣੀਆਂ ਸਾਥਣਾਂ ਨੂੰ ਉਹਨੇ ਕਿਹਾ ਕਿ ਉਹ ਇਕ ਦਿਨ ਮੁਕਤੇਸ਼ਵਰ ਰਹਿ ਕੇ ਜਦੋਂ ਰਾਨੀਖੇਤ ਪਹੁੰਚਣਗੀਆਂ, ਤਾਂ ਉਹ ਉਹਨਾਂ ਨੂੰ ਉਥੇ ਆਣ ਮਿਲੇਗੀ।

ਅੱਜ ਵੀ ਜੇ ਕਦੇ ਸਿੰਮੀ ਇਸ ਗੱਲ ਨੂੰ ਸੋਚਦੀ ਏ, ਤਾਂ ਉਹ ਠੀਕ ਠੀਕ ਨਿਰਣਾ ਨਹੀਂ ਕਰ ਸਕਦੀ, ਕਿ ਮਹਿਜ਼ ਆਲਸ ਕਰ ਕੇ ਤੇ ਸਫ਼ਰ ਦੇ ਤਰੱਦਦ ਤੋਂ ਬਚਣ ਲਈ ਉਹਨੇ ਇਹ ਸਫ਼ਰ ਕੈਂਸਲ ਕਰ ਦਿਤਾ ਸੀ, ਜਾਂ ਇਹ ਸੰਦੀਪ ਕਰ ਕੇ ਸੀ।

ਸ਼ਾਇਦ ਇਹ ਦੋਹਾਂ ਗੱਲਾਂ ਕਰ ਕੇ ਸੀ।

ਸਿੰਮੀ ਇਹਦੇ ਬਾਰੇ ਬਹੁਤਾ ਸੋਚਣ ਦਾ ਵੀ ਤਰੱਦਦ ਨਹੀਂ ਕਰਦੀ। ਉਸ ਨੂੰ ਤਾਂ ਬੱਸ ਏਨਾ ਪਤਾ ਏ ਕਿ ਅਗਲੀ ਸਵੇਰ ਜਿਸ ਵੇਲੇ ਉਹ ਜਾਗੀ ਸੀ, ਤਾਂ ਹਲਕੇ ਪਹੁ-ਫੁਟਾਲੇ ਵਿਚ ਸੰਦੀਪ ਬਾਲਕਨੀ 'ਤੇ ਖੜੋਤਾ ਕੈਨਵਸ ਵਿਚ ਰੰਗ ਭਰ ਰਿਹਾ ਸੀ।

ਇਸ ਦ੍ਰਿਸ਼ ਨਾਲ ਸਿੰਮੀ ਨੂੰ ਇਕ ਅਜੀਬ ਤਸੱਲੀ ਹੋਈ। ਉਹਨੂੰ ਲਗਾ, ਭੀਮਤਾਲ ਦੀ ਇਸ ਝੀਲ ਦਾ ਤੇ ਪਹਾੜੀਆਂ ਦੇ ਉਤੇ ਤਣੇ ਹੋਏ ਆਸਮਾਨ ਦੇ ਇਸ ਟੁਕੜੇ ਦਾ ਦ੍ਰਿਸ਼ ਮੁਕੰਮਲ ਕਰਨ ਲਈ ਸੰਦੀਪ ਦੇ ਕੈਨਵਸ ਤੇ ਈਜ਼ਲ ਦਾ ਇਸ ਬਾਲਕੋਨੀ ਵਿਚ ਹੋਣਾ ਬਹੁਤ ਜ਼ਰੂਰੀ ਸੀ। ਸੰਦੀਪ ਤੇ ਸੰਦੀਪ ਦਾ ਕੈਨਵਸ ਤੇ ਬੁਰਸ਼ ਤੇ ਰੰਗ ਸਾਰੇ ਦ੍ਰਿਸ਼ ਨੂੰ ਜਿਵੇਂ ਪੂਰਨਤਾ ਬਖ਼ਸ਼ ਰਹੇ ਸਨ।

ਇਸ ਪੂਰਨਤਾ ਦੀ ਤਸੱਲੀ ਨਾਲੋਂ ਸਿੰਮੀ ਆਪਣੇ ਆਪ ਨੂੰ ਤੋੜ ਕੇ ਅਲਹਿਦਾ ਨਹੀਂ ਸੀ ਕਰ ਸਕੀ।

ਉਹ ਪੂਰਾ ਦਿਨ ਤੇ ਫੇਰ ਉਸ ਦਿਨ ਦੀ ਪੂਰੀ ਰਾਤ — ਤਕਰੀਬਨ ਪੂਰੀ ਰਾਤ — ਸੰਦੀਪ ਪੇਂਟ ਕਰਦਾ ਰਿਹਾ। ਸਿੰਮੀ ਉਹਦੇ ਕੋਲ ਬੈਠੀ ਉਹਦੀ ਸਿਰਜਣਾ ਨੂੰ ਤੱਕਦੀ ਰਹੀ — ਉਹਦੀ ਸਾਰੀ ਸਟਪਟਾਹਟ, ਉਹਦੀ ਸਾਰੀ ਫ਼ਰੇਂਜ਼ੀ ; ਰੰਗਾਂ ਵਿਚੋਂ ਉਭਰਦੇ ਰੰਗ, ਰੰਗਾਂ ਨਾਲ ਜੁੜਦੇ ਰੰਗ, ਕਈ ਰੰਗ ਜੁੜ ਕੇ ਇਕ ਨਵੀਂ ਭਾਹ ਪੈਦਾ ਕਰਦੇ ਰੰਗ। ਸਿੰਮੀ ਦੀਆਂ ਅੱਖਾਂ ਸਾਹਮਣੇ ਜਿਵੇਂ ਰੱਬ ਆਪਣੀ ਦੁਨੀਆਂ ਸਾਜ ਰਿਹਾ



ਸੀ — ਕਈ ਧਰਤੀਆਂ, ਕਈ ਚੰਨ, ਕਈ ਸਿਤਾਰੇ, ਕਈ ਸੂਰਜ। ਤੇ ਅਨੇਕਾਂ...ਅਨੇਕਾਂ ਰੰਗ।

ਬਦਲਦੇ ਰੰਗਾਂ ਦੇ ਨਾਲ ਤੇ ਸਿਰਜਣਾ ਦੇ ਉਸ ਕ੍ਰਮ ਦੇ ਨਾਲ ਸੰਦੀਪ ਦੀ ਸਾਰੀ ਸ਼ਖ਼ਸੀਅਤ ਦੀਆਂ ਜਿਵੇਂ ਤੈਹਾਂ ਖੁਲ੍ਹਦੀਆਂ ਜਾ ਰਹੀਆਂ ਸਨ। ਤੈਹਾਂ ਦੇ ਹੇਠੋਂ ਹੋਰ ਤੈਹਾਂ...ਉਹਨਾਂ ਤੋਂ ਵੀ ਹੇਠਲੀਆਂ ਤੈਹਾਂ। ਕਿਸੇ ਵੇਲੇ ਉਹ ਸਿੰਮੀ ਨਾਲ ਇੰਜ ਗੱਲਾਂ ਕਰਨ ਲਗ ਪੈਂਦਾ ਜਿਵੇਂ ਉਸ ਨੂੰ ਅਜ਼ਲਾਂ ਤੋਂ ਜਾਣਦਾ ਹੋਵੇ — ਧਰਤੀ ਦੀ ਸਿਰਜਣਾ ਦੇ ਪਹਿਲੇ ਦਿਨ ਤੋਂ। ਕਦੇ ਉਹ ਸਿੰਮੀ ਦੀ ਹੋਂਦ ਨੂੰ ਇਸ ਤਰ੍ਹਾਂ ਭੁੱਲ ਜਾਂਦਾ, ਜਿਵੇਂ ਸਿੰਮੀ ਉਥੇ ਸੀ ਹੀ ਨਹੀਂ।

ਅੱਧੀ ਰਾਤ ਵੇਲੇ ਸਿੰਮੀ ਉਥੇ ਹੀ ਅਰਾਮ ਕੁਰਸੀ 'ਤੇ ਬੈਠੀ ਬੈਠੀ ਸੌਂ ਗਈ ਸੀ। ਫੇਰ ਜਿਸ ਵੇਲੇ ਸੰਦੀਪ ਨੇ ਉਹਨੂੰ ਅਡੋਲ ਬਾਹਵਾਂ ਵਿਚ ਚੁੱਕ ਕੇ ਅੰਦਰ ਉਹਦੇ ਕਮਰੇ ਵਿਚ ਜਾ ਲਿਟਾਇਆ, ਤੇ ਉਤੇ ਕੰਬਲ ਦੇ ਦਿਤਾ, ਤੇ ਫੇਰ ਉਸੇ ਤਰ੍ਹਾਂ ਕਾਹਲੀ ਕਾਹਲੀ ਬਾਹਰ ਚਲਾ ਗਿਆ — ਵਾਪਸ ਆਪਣੇ ਕੈਨਵਸ ਦੇ ਕੋਲ — ਉਸ ਵੇਲੇ ਦਾ ਸਿੰਮੀ ਨੂੰ ਸਭ ਪਤਾ ਸੀ। ਸੰਦੀਪ ਦੀਆਂ ਬਾਹਵਾਂ ਵਿਚ ਚੁਕਿਆ ਹੋਇਆ ਆਪਣਾ ਜਿਸਮ... ਜਿਸ ਵੇਲੇ ਉਹਦਾ ਜੀਅ ਕੀਤਾ ਸੀ ਕਿ ਉਹ ਸੰਦੀਪ ਦੀ ਹਿੱਕ ਨਾਲ ਆਪਣੀ ਗਲ੍ਹ ਹੌਲੇ ਜਿਹੇ ਘਿਸਾ ਦੇਵੇ...। ਸੰਦੀਪ ਦੀਆਂ ਬਾਹਵਾਂ ਵਿਚੋਂ ਪਲੰਘ ਤੇ ਰਖਿਆ ਜਾ ਰਿਹਾ ਆਪਣਾ ਜਿਸਮ...ਜਿਸ ਵੇਲੇ ਉਹਦਾ ਜੀਅ ਕੀਤਾ ਸੀ, ਉਹ ਸੰਦੀਪ ਦਾ ਹੱਥ ਫੜ ਕੇ ਖਿੱਚ ਲਵੇ ਆਪਣੇ ਕੋਲ...। ਤੇ ਫੇਰ ਸੰਦੀਪ ਦੇ ਬਾਹਰ ਚਲੇ ਜਾਂਦੇ ਕਦਮ...ਜਿਸ ਤੋਂ ਮਗਰੋਂ ਉਹਦੀ ਜਾਗ ਪੂਰੀ ਦੀ ਪੂਰੀ ਖੁਲ੍ਹ ਗਈ ਸੀ, ਤੇ ਫੇਰ ਉਹ ਬਾਲਕਨੀ ਵਿਚ ਲੈਂਪ ਦੀ ਰੌਸ਼ਨੀ ਵਿਚ ਹਿੱਲਦੇ ਡੋਲਦੇ ਸੰਦੀਪ ਦੇ ਪਰਛਾਵੇਂ ਨੂੰ ਵੇਖਦੀ ਰਹੀ ਸੀ, ਸੰਦੀਪ ਦੀ ਹਰ ਨਵੀਂ ਬਲਦੀ ਸਿਗਰੇਟ ਨੂੰ ਗਿਣਦੀ ਰਹੀ ਸੀ, ਸੰਦੀਪ ਦੇ ਹਿੱਲਣ ਜੁੱਲਣ ਦੀ ਆਵਾਜ਼ ਨੂੰ ਸੁਣਦੀ ਰਹੀ ਸੀ, ਰੰਗਾਂ ਦੀਆਂ ਟਿਊਬਾਂ ਤੇ ਬੁਰਸ਼ਾਂ ਦੀ ਖਟਰ-ਪਟਰ ਸੁਣਦੀ ਰਹੀ ਸੀ। ਕਿਸੇ ਕਿਸੇ ਵੇਲੇ ਉਹਨੂੰ ਲਗਦਾ ਸੀ ਕਿ ਉਹਨੇ ਸੰਦੀਪ ਦਾ ਸਾਹ ਵੀ ਸੁਣਿਆ ਹੈ। ਪਤਾ ਨਹੀਂ, ਇਹ ਉਹ ਸਾਹ ਸੀ ਜਿਹੜਾ ਉਸ ਵੇਲੇ ਦਾ ਸਿੰਮੀ ਦੀ ਸਰ੍ਹਾਂਦੀ ਖੜੋਤਾ ਹੋਇਆ ਸੀ, ਜਿਸ ਵੇਲੇ ਸੰਦੀਪ ਉਹਨੂੰ ਬਾਹਵਾਂ ਵਿਚ ਚੁੱਕ ਕੇ ਮੰਜੇ 'ਤੇ ਲਿਟਾਣ ਆਇਆ ਸੀ, ਜਾਂ ਕੋਈ ਉਹ ਸਾਹ ਸੀ ਜਿਹੜਾ ਸੰਦੀਪ ਨੇ ਹੁਣੇ ਬਾਹਰ ਬਾਲਕਨੀ ਵਿਚ ਲਿਆ ਸੀ।

ਉਸ ਰਾਤ ਦਾ ਹਨੇਰਾ ਜਦੋਂ ਪ੍ਰਭਾਤ ਦੇ ਦੁਧੀਆ ਤੇ ਹਰੇ ਤੇ ਹਲਕੇ ਨੀਲੇ ਤੇ ਊਦੇ ਰੰਗ ਵਿਚ ਘੁਲ ਰਿਹਾ ਸੀ...

ਸਿੰਮੀ ਨੂੰ ਲਗਾ, ਜਿਵੇਂ ਉਹ ਆਪ ਇਕ ਝੀਲ ਏ, ਜਿਹੜੀ ਸੰਦੀਪ ਦੀ ਛੁਹ ਹੇਠਾਂ ਕੰਬ ਰਹੀ ਸੀ। ਹਲਕੀ ਹਵਾ ਦੀ ਛੁਹ ਹੇਠਾਂ...ਸਾਵੇ ਕੂਲੇ ਮੁਲਾਇਮ ਪਿੰਡੇ ਵਿਚ ਉਠਦੀਆਂ ਝੁਰਝੁਰੀਆਂ।

ਝੀਲ ਦੇ ਪਿੰਡੇ 'ਤੇ ਤੁਰਦਾ ਸ਼ਿਕਾਰਾ — ਪਾਣੀ ਨੂੰ ਕੱਟਦਾ ਹੋਇਆ। ਚੱਪੂ ਪਾਣੀ ਦੇ ਪਿੰਡੇ ਵਿਚ ਖੁੱਭਦੇ ਹੋਏ...ਵਾਰ ਵਾਰ...ਘੜੀ ਮੁੜੀ — ਲਹਿਰਾਂ ਆਸ ਪਾਸ ਖਿੱਲਰਦੀਆਂ

ਜਾਂਦੀਆਂ...ਸ਼ਿਕਾਰੇ ਵਾਸਤੇ ਰਾਹ ਬਣਾਉਂਦੀਆਂ ਹੋਈਆਂ...! ਤੇ ਜਿਥੋਂ ਜਿਥੋਂ ਸ਼ਿਕਾਰਾ ਗੁਜ਼ਰਦਾ ਏ, ਪਾਣੀ ਦੇ ਪਿੰਡੇ 'ਤੇ ਇਕ ਡੂੰਘੀ ਲਕੀਰ ਜਿਹੀ ਪੈਂਦੀ ਚਲੀ ਜਾਂਦੀ ਏ। ਜੇ ਹਵਾ ਤੇਜ਼ ਨਾ ਹੋਵੇ ਤਾਂ ਸ਼ਿਕਾਰੇ ਦੇ ਲੰਘ ਜਾਣ ਤੋਂ ਕਿੰਨਾ ਹੀ ਚਿਰ ਮਗਰੋਂ ਉਹ ਲਕੀਰ ਹੌਲੀ ਹੌਲੀ ਕੰਬਦੀ ਰਹਿੰਦੀ ਏ।

ਕੰਬਦੇ ਹੋਏ ਛਿਣ...।

ਝੁਣਝੁਣਾਉਂਦੇ ਹੋਏ ਛਿਣ...।

ਮਗਰੋਂ...।

ਜਿਸ ਵੇਲੇ ਸੰਦੀਪ ਪਰਲੇ ਪਾਸੇ ਮੂੰਹ ਕਰ ਕੇ ਘੂਕ ਸੌਂ ਗਿਆ, ਤੇ ਉਹਦੇ ਹਮਵਾਰ ਤੁਰਦੇ ਸਾਹਾਂ ਨੂੰ ਸੁਣ ਕੇ ਸਿੰਮੀ ਨੂੰ ਯਕੀਨ ਹੋ ਗਿਆ ਕਿ ਉਹ ਸੌਂ ਰਿਹਾ ਏ, ਤਾਂ ਉਹ ਉਹਨੂੰ ਮੋਕਲੀ ਥਾਂ ਦੇਣ ਲਈ ਰਤਾ ਪਰ੍ਹਾਂ ਖਿਸਕ ਗਈ।

ਫੇਰ ਉਹਨੂੰ ਖ਼ਿਆਲ ਆਇਆ ਕਿ ਜੇ ਸੰਦੀਪ ਦਾ ਮੂੰਹ ਐਧਰ ਹੁੰਦਾ, ਤਾਂ ਉਹ ਉਸ ਦੀ ਹਿੱਕ ਨਾਲ ਲਗ ਕੇ ਗੁੱਛਾ-ਮੁੱਛਾ ਹੋ ਕੇ ਸੌਂ ਸਕਦੀ ਸੀ।

ਸਿੰਮੀ ਜਿਸ ਵੇਲੇ ਪਰ੍ਹਾਂ ਖਿਸਕੀ, ਤਾਂ ਪਰ੍ਹੇ ਹੁਣ ਤਕ ਖ਼ਾਲੀ ਪਿਆ ਬਿਸਤਰਾ ਉਹਨੂੰ ਠੰਢਾ ਯਖ਼ ਲਗਾ, ਜਿਵੇਂ ਬਰਫ਼ ਦਾ ਕੋਈ ਸਹਿਰਾ ਹੋਵੇ। ਉਹਦੇ ਸਾਰੇ ਪਿੰਡੇ 'ਚੋਂ ਠੰਢ ਦੀ ਕੰਬਣੀ ਲੰਘੀ। ਉਹਨੇ ਉੱਠ ਕੇ ਕੰਬਲ ਖਿੱਚਿਆ। ਅੱਧਾ ਸੰਦੀਪ 'ਤੇ ਦੇ ਦਿਤਾ, ਅੱਧਾ ਆਪਣੇ ਉਤੇ ਲੈ ਲਿਆ। ਫੇਰ ਉਹ ਆਪਣੇ ਗੋਡਿਆਂ ਨੂੰ ਹੌਲੀ ਹੌਲੀ ਸੁੰਗੇੜਦੀ ਹੋਈ ਬਿਲਕੁਲ ਛਾਤੀ ਦੇ ਕੋਲ ਲੈ ਆਈ। ਉਹਨੇ ਆਪਣੀ ਧੌਣ ਹੇਠਾਂ ਕਰ ਕੇ ਉਹਨਾਂ ਗੋਡਿਆਂ ਵਲ ਤੱਕਿਆ — ਜਿਵੇਂ ਦੋ ਸਫ਼ੈਦ ਕਬੂਤਰ ਕੋਲ ਕੋਲ ਬੈਠੇ ਹੋਣ...ਠੰਢ ਵਿਚ ਠੁਰਕਦੇ। ਉਹਨੂੰ ਆਪਣੇ ਗੋਡਿਆਂ 'ਤੇ ਡਾਢਾ ਰਹਿਮ ਆਇਆ। ਉਹਨੇ ਧੌਣ ਹੋਰ ਹੇਠਾਂ ਕੀਤੀ। ਪਹਿਲੇਂ ਇਕ ਗੋਡੇ ਨੂੰ ਚੁੰਮਿਆ, ਫੇਰ ਦੂਜੇ ਨੂੰ। ਫੇਰ ਉਹਦੀਆਂ ਅੱਖਾਂ ਵਿਚ ਅੱਥਰੂ ਆ ਗਏ। ਉਹ ਚੁੱਪ ਚਾਪ ਰੋਂਦੀ ਰਹੀ।

ਉਸ ਵੇਲੇ ਉਹਨੂੰ ਸੰਦੀਪ ਦੀ ਬੀਵੀ ਯਾਦ ਆਈ।

ਸੰਦੀਪ ਦੀ ਬੀਵੀ ਦਾ ਚਿਹਰਾ ਜਿਵੇਂ ਉਹਦੇ ਬਿਲਕੁਲ ਕੋਲ ਆ ਕੇ ਖੜੋ ਗਿਆ। ਉਹ ਚਿਹਰਾ ਆਪਣੀਆਂ ਗਹਿਰੀਆਂ ਮੋਟੀਆਂ ਅੱਖਾਂ ਵਿਚੋਂ — ਜਿਹੜੀਆਂ ਨੀਲੀਆਂ ਸਨ, ਤੇ ਸਾਵੀ ਭਾਹ ਮਾਰਦੀਆਂ ਸਨ — ਉਹਦੇ ਵਲ ਤੱਕ ਰਿਹਾ ਸੀ।

... ... ...

ਮਗਰੋਂ ਕਈ ਵਾਰੀ ਸਿੰਮੀ ਬੈਠੀ ਬੈਠੀ ਉਸ ਪ੍ਰਭਾਤ ਨੂੰ ਚੇਤੇ ਕਰਦੀ ਰਹੀ, ਤੇ ਆਪਣੇ ਆਪ ਕੋਲੋਂ ਪੁੱਛਦੀ ਰਹੀ: 'ਕੀ ਬਦਲਿਆ ਸੀ ਓਦੋਂ ?'

— ਚੀਜ਼ਾਂ ਇਸ ਤਰ੍ਹਾਂ ਨਹੀਂ ਬਦਲਦੀਆਂ ਹੁੰਦੀਆਂ।

— ਅਸਲ ਵਿਚ ਕੁਝ ਵੀ ਨਹੀਂ ਬਦਲਦਾ। ਕਿਧਰੇ ਕੁਝ ਨਹੀਂ ਬਦਲਦਾ।



— ਸਭ ਕੁਝ ਓਸੇ ਤਰ੍ਹਾਂ ਤੁਰਦਾ ਰਹਿੰਦਾ ਏ, ਜਦ ਤਕ ਤੁਰਦਾ ਤੁਰਦਾ ਘਿਸ ਨਾ ਜਾਏ, ਭੁਰ ਨਾ ਜਾਏ, ਖ਼ਤਮ ਨਾ ਹੋ ਜਾਏ।

... ... ...

— ਜ਼ਿੰਦਗੀ ਨਹੀਂ ਬਦਲਦੀ।

ਇਹੀ ਸੋਚ ਸੋਚ ਕੇ ਸਿੰਮੀ ਦੇ ਅੰਦਰ ਏਨੀ ਬੇ-ਨਿਆਜ਼ੀ ਆ ਗਈ ਏ ਕਿ ਉਹਨੂੰ ਜ਼ਿੰਦਗੀ ਦੀ ਕੋਈ ਵੀ ਘਟਨਾ ਅਲੋਕਾਰ ਨਹੀਂ ਲਗਦੀ, ਕੋਈ ਵੀ ਗੱਲ ਅਜੀਬ ਨਹੀਂ ਲਗਦੀ। ਏਸੇ ਕਰ ਕੇ ਕੋਈ ਵੀ ਚੀਜ਼ ਉਹਦੇ ਅੰਦਰ ਜਾ ਕੇ ਉਹਨੂੰ ਨਹੀਂ ਛੂਹਦੀ; ਬਾਹਰੋਂ ਹੀ ਮੁੜ ਜਾਂਦੀ ਏ।

ਘਰ ਵਿਚ ਉਹ ਇਕ ਕਮਾਊ ਬੰਦਾ ਏ, ਜਿਸ ਦੀ ਤਨਖ਼ਾਹ ਸੁਰਿੰਦਰ ਨਾਲੋਂ ਬਹੁਤੀ ਏ। ਨਾਲੇ ਉਹ ਕਿਸੇ ਨਾਲ ਲੋੜ ਤੋਂ ਬਹੁਤੀ ਗੱਲ ਨਹੀਂ ਕਰਦੀ, ਹੱਸਦੀ ਖੇਡਦੀ ਨਹੀਂ। ਇਸ ਕਰ ਕੇ ਘਰ ਦੇ ਲੋਕਾਂ ਦੇ ਤੇ ਉਹਦੇ ਵਿਚਕਾਰ ਇਕ ਦੀਵਾਰ ਖੜੀ ਹੋ ਗਈ ਏ। ਉਹ ਦੀਵਾਰ ਅਦਿੱਖ ਏ — ਸ਼ਾਇਦ ਸ਼ੀਸ਼ੇ ਦੀ ਹੀ ਹੋਵੇ। ਉਸ ਦੀਵਾਰ ਨੂੰ ਕੋਈ ਛੂਹੰਦਾ ਵੀ ਨਹੀਂ — ਨਾ ਏਧਰ ਖਲੋਤੀ ਸਿੰਮੀ, ਨਾ ਓਧਰ ਖਲੋਤੇ ਘਰ ਦੇ ਬਾਕੀ ਲੋਕ। ਉਹ ਸਾਰੇ ਓਧਰ ਖਲੋਤੇ ਜਿਵੇਂ ਅੱਡੀਆਂ ਚੁੱਕ ਕੇ ਝਕਦੇ ਝਕਦੇ ਏਧਰ ਝਾਕਦੇ ਨੇ, ਤੇ ਸਿੰਮੀ ਨਾਲ ਇਕ ਅੱਧ ਗੱਲ ਕਰ ਲੈਂਦੇ ਨੇ। ਬੱਸ!

ਸਿੰਮੀ ਨੂੰ ਬਾਕੀ ਚੀਜ਼ਾਂ ਵਾਂਗੂੰ ਇਸ ਦੀਵਾਰ 'ਤੇ ਵੀ ਨਾ ਗੁੱਸਾ ਆਉਂਦਾ ਏ, ਨਾ ਰਹਿਮ ਆਉਂਦਾ ਏ, ਨਾ ਰੰਜ ਆਉਂਦਾ ਏ, ਤੇ ਨਾ ਹੀ ਇਹਦੀ ਕੋਈ ਖ਼ੁਸ਼ੀ ਹੁੰਦੀ ਏ।

— ਹੈ ਤੇ ਹੈ ਬੱਸ! ਫੇਰ ਕੀ ?

... ... ...

ਪਰ ਉਹ ਜਦੋਂ ਦੀ ਇਸ਼ੂ ਦੇ ਨੇੜੇ ਹੋਈ ਏ, ਉਹਨੂੰ ਲਗਦਾ ਏ, ਉਹਦੇ ਅੰਦਰ ਜਿਹੜਾ ਇਕ ਬਰਫ਼ ਦਾ ਸਹਿਰਾ ਸੀ — ਉਹਦੇ ਆਪਣੇ ਅੰਦਰ...ਮੀਲਾਂ ਦੇ ਮੀਲ ਫੈਲਿਆ ਹੋਇਆ — ਉਹਦੀ ਜੰਮੀ ਹੋਈ ਬਰਫ਼ ਵਿਚ ਕਿਤੋਂ ਕਿਤੋਂ ਤ੍ਰੇੜਾਂ ਪੈ ਰਹੀਆਂ ਨੇ। ਸਫ਼ੈਦ ਪੱਥਰ ਵਾਂਗੂੰ ਸਖ਼ਤ ਬਰਫ਼ ਦੇ ਹੇਠਾਂ ਕਿਧਰੇ ਗਰਮੀ ਦੀ ਇਕ ਅਦਿੱਖ ਲਹਿਰ ਉੱਠੀ ਏ, ਤੇ ਹੇਠਾਂ ਹੀ ਹੇਠਾਂ ਖਿੱਲਰ ਗਈ ਏ। ਉਤੇ ਬਰਫ਼ ਦੀ ਪਰਤ ਓਸੇ ਤਰ੍ਹਾਂ ਜੰਮੀ ਰਹੀ ਏ। ਸਿਰਫ਼ ਉਹਦੇ ਵਿਚ ਕਿਧਰੇ ਕਿਧਰੇ ਤ੍ਰੇੜਾਂ ਪੈ ਗਈਆਂ ਨੇ।

ਸਿੰਮੀ ਦਾ ਮਨ — ਜਿਹੜਾ ਕਿਸੇ ਚੀਜ਼ ਲਈ ਵੀ ਨਹੀਂ ਸੀ ਬੋਲਦਾ — ਉਸ ਗਰਮ ਤਰਲ ਕੁਲਬੁਲਾਂਦੀ ਲਹਿਰ ਨੂੰ ਵੇਖਣ ਲਈ ਜਿਵੇਂ ਮਚਲ ਰਿਹਾ ਏ।

ਇਸ਼ੂ ਦੇ ਬੰਬਈ ਜਾਣ ਤੋਂ ਪਹਿਲਾਂ ਤਾਂ ਸਿੰਮੀ ਨੂੰ ਏਨਾ ਤਿੱਖਾ ਅਹਿਸਾਸ ਨਹੀਂ ਸੀ ਹੋਇਆ ਕਿ ਉਹ ਇੰਜ ਚੁੱਪ ਚਾਪ ਉਹਦੇ ਅੰਦਰ ਕਿਤੇ ਜਾ ਬੈਠਾ ਏ। ਪਰ ਉਹ

ਰੋਜ਼ ਆਪਣੇ ਆਪ ਨੂੰ ਇਸ਼ੂ ਦੀ ਚਿੱਠੀ ਦਾ ਇੰਤਜ਼ਾਰ ਕਰਦਿਆਂ ਵੇਖਦੀ — ਜਿਵੇਂ ਕਿਸੇ ਨੂੰ ਚੋਰੀ ਕਰਦਿਆਂ ਫੜੀਦਾ ਏ। ਫੇਰ ਉਹ ਜਿਵੇਂ ਹੈਰਾਨ ਹੋ ਕੇ ਆਪਣੇ ਆਸ ਪਾਸ ਵੇਖਦੀ — ਕਿਧਰੋਂ ਅੰਦਰ ਆ ਵੜਿਆ ਇਸ਼ੂ ? ਫੇਰ ਉਹਨੂੰ ਇਸ਼ੂ 'ਤੇ ਰਹਿ ਰਹਿ ਕੇ ਲਾਡ ਆਉਂਦਾ — ਕਿੰਜ ਮੇਰੇ ਬਰਫ ਦੇ ਸਹਿਰਾ ਨੂੰ ਪਾਰ ਕਰ ਲਿਆ ਸੂ ! ਕਿੰਜ ਚਲਾ ਆਇਆ ਏ !

ਇਸ਼ੂ ਦਾ ਪਹਿਲਾ ਖ਼ਤ : ਏਥੇ ਕਾਨਫ਼ਰੰਸ ਸ਼ੁਰੂ ਹੋ ਗਈ ਏ। ਬੜਾ ਕੰਮ ਏ। ਪਰ ਮੈਨੂੰ ਇੰਜ ਲਗਦਾ ਏ, ਜਿਵੇਂ ਤੂੰ ਮੇਰੇ ਬਿਲਕੁਲ ਕੋਲ ਬੈਠੀ ਹੋਈ ਏਂ। ਤੇਰੇ ਸਾਹਾਂ ਦੀ ਆਵਾਜ਼ ਵੀ ਮੈਂ ਸੁਣ ਸਕਨਾਂ। ਯੂ ਆਰ ਇਨ ਮਾਈ ਥਾਟਸ।''

ਇਸ਼ੂ ਦਾ ਦੂਜਾ ਖ਼ਤ : ''ਮੇਰੇ ਕੋਲੋਂ ਜਦੋਂ ਨਹੀਂ ਹੀ ਬੈਠਿਆ ਜਾਂਦਾ ਕਾਨਫ਼ਰੰਸ ਵਿਚ, ਤਾਂ ਮੈਂ ਹਾਲ ਤੋਂ ਬਾਹਰ ਆ ਜਾਨਾਂ। ਬਾਹਰ ਇਕ ਬਾਲਕਨੀ ਏ। ਓਥੇ ਆ ਕੇ ਖੜੋ ਜਾਨਾਂ, ਤੇ ਇਕ ਸਿਗਰੇਟ ਸੁਲਗਾ ਲੈਨਾਂ। ਜਿੰਨਾ ਚਿਰ ਸਿਗਰਟ ਪੀਨਾਂ, ਓਨਾ ਚਿਰ ਮੈਂ ਤੇਰੇ ਨਾਲ ਬਹੁਤ ਬਹੁਤ ਇੰਟੀਮੇਸੀ ਦੇ ਛਿਣ ਗੁਜ਼ਾਰਨਾਂ। ਬਿਲਕੁਲ ਨੇੜੇ ਤੇਰੇ — ਆਵਾਜ਼ੋਂ ਵੀ ਨੇੜੇ...ਸਾਹੋਂ ਵੀ ਨੇੜੇ —।''

ਇਸ਼ੂ ਦਾ ਤੀਜਾ ਖ਼ਤ : ''ਮੈਨੂੰ ਲਗਦਾ ਏ, ਅਸੀਂ ਦੋਵੇਂ ਕਿਸੇ ਵੱਡੇ ਸਾਰੇ ਮੇਲੇ ਵਿਚ ਗੁਆਚੇ ਹੋਏ ਬਾਲ ਹਾਂ। ਪਤਾ ਨਹੀਂ ਕਿਥੇ ਤੇ ਕਿਸ ਵੇਲੇ ਆਪਣੇ ਆਪਣੇ ਟੱਬਰਾਂ ਤੋਂ — ਆਪਣੇ ਪਿਆਰ ਕਰਨ ਵਾਲਿਆਂ ਤੋਂ, ਜਿਨ੍ਹਾਂ ਨੂੰ ਅਸੀਂ ਪਛਾਣਦੇ ਸਾਂ — ਨਿੱਖੜ ਗਏ। ਰੋਣੋਂ ਵੀ ਡਰਦੇ ਸਾਂ। ਕਿਤੇ ਕੋਈ ਸਾਡੀ ਰੋਣ ਦੀ ਆਵਾਜ਼ ਸੁਣ ਕੇ ਬੋਰੀ ਵਿਚ ਪਾ ਕੇ ਹੀ ਨਾ ਲੈ ਜਾਏ (ਨਿੱਕਿਆਂ ਹੁੰਦਿਆਂ ਤੈਨੂੰ ਵੀ ਜ਼ਰੂਰ ਕਿਸੇ ਨੇ ਕਿਹਾ ਹੋਵੇਗਾ, ਕਿ ਡਾਕੂ ਰੋਣ ਵਾਲੇ ਨਿੱਕੇ ਨਿੱਕੇ ਬਾਲਾਂ ਨੂੰ ਬੋਰੀਆਂ ਵਿਚ ਪਾ ਕੇ ਲੈ ਜਾਂਦੇ ਨੇ। ਕਿਹਾ ਸੀ ਨਾ ?) ਆਪਣੇ ਹਟਕੋਰਿਆਂ ਨੂੰ, ਡਸਕੋਰਿਆਂ ਨੂੰ, ਸੰਘ ਵਿਚ ਹੀ ਘੁੱਟਣ ਦੀ ਕੋਸ਼ਿਸ਼ ਕਰਦਿਆਂ ਅਸੀਂ ਤੁਰੇ ਜਾਂਦੇ ਸਾਂ — ਆਸ ਪਾਸ ਜਿੰਨੇ ਵੀ ਲੋਕ ਸਨ, ਉਹਨਾਂ ਦੀਆਂ ਲੱਤਾਂ ਵਿਚੋਂ ਰਾਹ ਬਣਾਉਂਦੇ ਹੋਏ। ਉਹਨਾਂ ਲੋਕਾਂ ਦੇ ਕੱਦ ਉੱਚੇ ਸਨ, ਏਸ ਕਰ ਕੇ ਉਹਨਾਂ ਦੀਆਂ ਅੱਖਾਂ ਸਾਡੀਆਂ ਅੱਖਾਂ ਵਿਚ ਡਰ ਕੇ ਖੜੋਤੇ ਅੱਥਰੂ ਨਹੀਂ ਸਨ ਤੱਕ ਸਕਦੀਆਂ। ਅਚਾਨਕ ਅਸਾਂ ਇਕ ਦੂਜੇ ਨੂੰ ਤੱਕਿਆ। ਇਕੋ ਜਿੱਡੇ ਸਾਡੇ ਕੱਦ ! ਅੱਖਾਂ ਦੀ ਸੇਧ ਵਿਚ ਅੱਖਾਂ ! ਕੌਣ ਕਿਸੇ ਕੋਲੋਂ ਕੀ ਛੁਪਾਏ ? ਅਸਾਂ ਇਕ ਦੂਜੇ ਦਾ ਹੱਥ ਫੜ ਲਿਆ, ਤੇ ਤੁਰ ਪਏ। ਇਹ ਵੀ ਖ਼ਿਆਲ ਨਹੀਂ ਆਇਆ, ਕਿ ਪਲ ਕੁ ਰੁਕ ਕੇ ਇਕ ਦੂਜੇ ਕੋਲੋਂ ਪੁੱਛ ਤਾਂ ਲਈਏ, ਕਿ ਜਾਣਾ ਕਿਧਰ ਏ ?''

... ... ...

ਫੇਰ ਸਿੰਮੀ ਨੇ ਮਹਿਸੂਸ ਕੀਤਾ, ਉਹ ਇਸ਼ੂ ਦੇ ਵਾਪਸ ਆਉਣ ਦੇ ਦਿਨ ਦਾ ਇੰਤਜ਼ਾਰ ਕਰ ਰਹੀ ਸੀ — ਤੇ ਉਸ ਇੰਤਜ਼ਾਰ ਵਿਚ ਇਕ ਸ਼ਿੱਦਤ ਵੀ ਸੀ, ਤੜਪ ਵੀ ਸੀ।



— ਇਹ ਕਿਹੋ ਜਿਹੀਆਂ ਅਣਹੋਣੀਆਂ ਗੱਲਾਂ ਪਈਆਂ ਵਾਪਰਦੀਆਂ ਨੇ ਮੇਰੇ ਨਾਲ !

ਜਿਸ ਦਿਨ ਇਸ਼ੂ ਨੇ ਵਾਪਸ ਆਉਣਾ ਸੀ, ਉਸ ਦਿਨ ਦੀ ਸਿੰਮੀ ਨੇ ਕਾਲਜੋਂ ਛੁੱਟੀ ਲੈ ਲਈ।

ਇਸ਼ੂ ਨੇ ਸਵੇਰੇ ਆਉਣਾ ਸੀ। ਸਿੰਮੀ ਨੇ ਉਹਨੂੰ ਲਿਖਿਆ ਕਿ ਉਹ ਸਟੇਸ਼ਨ 'ਤੇ ਆਵੇਗੀ। ਪਰ ਇਸ਼ੂ ਨੇ ਲਿਖਿਆ — ''ਨਾ, ਸਟੇਸ਼ਨ ਤੇ ਨਾ ਆਵੀਂ। ਕੀ ਪਤਾ ਉਥੇ ਸਾਡਾ ਕੋਈ ਹੋਰ ਕੁਲੀਗ ਵੀ ਆਇਆ ਹੋਇਆ ਹੋਵੇ। ਕੁਝ ਸਟੂਡੈਂਟਸ ਤਾਂ ਹੋਣਗੇ ਹੀ। ਤੇ ਮੈਂ ਨਹੀਂ ਚਾਹੁੰਦਾ, ਤੇਰਾ ਨਾਂ ਕੋਈ ਵੀ ਬੰਦਾ ਹੋਲੇ ਤਰੀਕੇ ਨਾਲ ਲਵੇ।''

ਸਿੰਮੀ ਨੇ ਖ਼ਤ ਪੜ੍ਹਿਆ, ਤੇ ਉਸ ਨੂੰ ਇਸ਼ੂ 'ਤੇ ਮਾਣ ਹੋ ਆਇਆ। ਮਾਣ ਜਿਵੇਂ ਇਕ ਲਹਿਰ ਸੀ — ਲਹਿਰ ਦਾ ਇਕ ਉਛਲੱਕਾ ਸੀ — ਜਿਹੜਾ ਉਹਦੇ ਸੰਘ ਨਾਲ ਆ ਟਕਰਾਇਆ। ਛਪਾਕ !

ਇਸ਼ੂ ਨੇ ਇਹ ਵੀ ਲਿਖਿਆ ਸੀ : ''ਤੂੰ ਮੈਨੂੰ ਨੌਂ ਵਜੇ ਟੈਲੀਫ਼ੋਨ ਕਰੀਂ। ਮੈਂ ਤੈਨੂੰ ਪ੍ਰੋਗਰਾਮ ਦੱਸ ਦਿਆਂਗਾ।''

... ... ...

ਪੂਰੇ ਨੌਂ !

ਟੈਲੀਫ਼ੋਨ ਦਾ ਨੰਬਰ ਡਾਇਲ ਕਰਦਿਆਂ ਸਿੰਮੀ ਦੀ ਉਂਗਲ ਕੰਬ ਰਹੀ ਸੀ। ਇਕ ਸਕਿੰਟ ਵਿਚ ਹੀ ਇਸ਼ੂ ਨੇ ਰਿਸੀਵਰ ਚੁੱਕ ਲਿਆ — ਜਿਵੇਂ ਟੈਲੀਫ਼ੋਨ ਦੇ ਬਿਲਕੁਲ ਕੋਲ ਬਹਿ ਕੇ ਸਿੰਮੀ ਦੀ ਕਾਲ ਦਾ ਹੀ ਇੰਤਜ਼ਾਰ ਕਰ ਰਿਹਾ ਸੀ ਉਹ।

''ਆ ਗਏ ਇਸ਼ੂ ?'' ਸਿੰਮੀ ਕੋਲੋਂ ਹੋਰ ਕੁਝ ਵੀ ਨਹੀਂ ਆਖਿਆ ਗਿਆ।

''ਓ, ਹਲੋ ! ਹਾਊ ਆਰ ਯੂ ? ਮੈਨੂੰ ਤੇ ਬੜਾ ਜ਼ਰੂਰੀ ਕੰਮ ਸੀ ਤੁਹਾਡੇ ਨਾਲ। ਚੰਗਾ ਹੋਇਆ, ਤੁਸੀਂ ਆਪੇ ਹੀ ਰਿੰਗ ਕਰ ਲਿਆ। ਪਰ ਐਹ ਹੁਣੇ ਇਕ ਟਰੰਕ-ਕਾਲ ਆਉਣੀ ਏ ਬਾਹਰੋਂ। ਤੁਹਾਨੂੰ ਤਕਲੀਫ਼ ਤੇ ਨਹੀਂ ਹੋਵੇਗੀ, ਜੇ ਤੁਸੀਂ...ਤੁਸੀਂ ਇਕ ਘੰਟੇ ਤੱਕ ਫ਼ੋਨ ਕਰ ਲਵੋ ? ਇਕ ਘੰਟੇ ਤਕ ! ਜ਼ਰੂਰ !''

ਕਨੈਕਸ਼ਨ ਕੱਟ।

ਸਿੰਮੀ ਕੁੜ ਕੁੜ ਕਰਦੇ ਰਿਸੀਵਰ ਨੂੰ ਕੰਨ ਨਾਲ ਲਾ ਕੇ ਖੜੋਤੀ ਰਹੀ — ਠੱਗੀ ਹੋਈ।

ਫੇਰ ਉਹਨੇ ਕੁਝ ਚਿਰ ਮਗਰੋਂ ਆਪੇ ਹੀ ਸਾਰੀ ਗੱਲ ਦੀ ਦਲੀਲ ਤਰਾਸ਼ਣ ਦੀ ਕੋਸ਼ਿਸ਼ ਕੀਤੀ : ਵਿਚਾਰਾ ਇਸ਼ੂ ! ਬਹੁਤ ਸਾਰੇ ਦੋਸਤ ਕੋਲ ਬੈਠੇ ਹੋਣਗੇ। ਸ਼ਾਇਦ ਸਾਡੇ ਕਾਲਜ ਦੇ ਕੁਝ ਸਟੂਡੈਂਟਸ ਵੀ ਹੋਣ। ਕਿੰਜ ਤੇ ਚਿਪਕ ਜਾਂਦੇ ਨੇ ! ਨਾ ਇਸ਼ਾਰਾ ਸਮਝਦੇ ਨੇ, ਨਾ ਉੱਠਣ ਦਾ ਨਾਂ ਲੈਂਦੇ ਨੇ। ਤਾਂ ਵੀ ਕਿਸ ਤਰ੍ਹਾਂ ਪੂਰੇ ਨੌਂ ਵਜੇ ਉਹ ਟੈਲੀਫ਼ੋਨ ਦੇ ਕੋਲ ਖੜਾ ਸੀ — ਮੇਰੀ ਕਾਲ ਦਾ ਇੰਤਜ਼ਾਰ ਕਰਦਾ ਹੋਇਆ !

ਪੂਰੇ ਦਸ !

"ਹਲੋ, ਈਸ਼ਵਰ ਹੇਅਰ !"

"ਇਸ਼ੂ, ਹੋ ਗਈ ਟ੍ਰੰਕ ਕਾਲ ?" — ਸਿੰਮੀ ਹੱਸਦੀ ਏ ।

"ਹਾਂ, ਹੋ ਗਈ । ਪਰ ਬੜਾ ਜ਼ਰੂਰੀ ਕੁਝ ਕੰਮ ਆ ਪਿਆ ਏ । ਬਹੁਤ ਹੀ ਜ਼ਰੂਰੀ । ਮੈਂ ਹਾਲੀ ਕਾਲਜ ਨਹੀਂ ਆ ਸੱਕਾਂਗਾ ।" — ਇਸ਼ੂ ਬਿਲਕੁਲ ਨਿਮਾਣੀ ਆਵਾਜ਼ ਬਣਾ ਕੇ ਜਿਵੇਂ ਸਿੰਮੀ ਦਾ ਤਰਲਾ ਕਰ ਰਿਹਾ ਏ ।

"ਪਰ ਇਸ਼ੂ, ਮੈਂ ਕਾਲਜ ਆਉਣ ਲਈ ਤੇ ਆਖਣਾ ਹੀ ਨਹੀਂ ਸੀ ਤੈਨੂੰ । ਸਵੇਰੇ ਤੇ ਤੂੰ ਮੇਰੀ ਗੱਲ ਹੀ ਨਹੀਂ ਸੁਣੀ । ਮੈਂ ਅੱਜ...ਤੇਰੇ ਵਾਸਤੇ...ਕਾਲਜੋਂ ਛੁੱਟੀ ਲਈ ਹੋਈ ਏ ।"

"ਓਹ ਗਾਡ ! ਪਰ ਇਹ ਕੰਮ...ਬੜਾ ਹੀ ਜ਼ਰੂਰੀ ਏ । ਮੈਂ ਤੇ ਬਿਲਕੁਲ ਵਿਹਲਾ ਨਹੀਂ ਹੋ ਸਕਦਾ — ਕਿਸੇ ਹਾਲਤ ਵਿਚ ਵੀ ਨਹੀਂ । ਦੋ ਵਜੇ ਤੋਂ ਮਗਰੋਂ । ਢਾਈ ਵਜੇ ਠੀਕ ਏ ?"

"ਤੇਰੀ ਮਰਜ਼ੀ ਏ ਇਸ਼ੂ", ਸਿੰਮੀ ਮਰੀ ਹੋਈ ਆਵਾਜ਼ ਵਿਚ ਕਹਿੰਦੀ ਏ ।

"ਅੱਛਾ, ਦੋ ਵਜੇ", ਇਸ਼ੂ ਜਿਵੇਂ ਸਿੰਮੀ ਦੀ ਮਰੀ ਹੋਈ ਆਵਾਜ਼ 'ਤੇ ਤਰਸ ਖਾ ਕੇ ਅੱਧਾ ਘੰਟਾ ਹੋਰ ਘਟਾ ਦੇਂਦਾ ਏ ।

"ਪਰ ਇਸ਼ੂ, ਕਿਥੇ ?"

"ਕਾਲਜ ।"

ਕਨੈਕਸ਼ਨ ਕੱਟ ।

ਸਿੰਮੀ ਫੇਰ ਠੱਗੀ ਹੋਈ ਖੜੀ ਰਹਿੰਦੀ ਏ । ਕਾਲਜ ? ਕਾਲਜ ਵੀ ਕੋਈ ਮਿਲਣ ਦੀ ਥਾਂ ਏ ? ਫੇਰ ਕਿਥੇ ? ਗੇਟ ਦੇ ਬਾਹਰ ? ਗੇਟ ਤੋਂ ਰਤਾ ਉਰ੍ਹੇ ?

ਫੇਰ ਸਿੰਮੀ ਸਾਰੀ ਗੱਲ ਦੀ ਦਲੀਲ ਘੜਣ ਦੀ ਕੋਸ਼ਿਸ਼ ਕਰਦੀ ਏ : ਵਿਚਾਰਾ !...ਸ਼ਾਇਦ ਅਜੇ ਵੀ ਦੋਸਤ ਕੋਲ ਬੈਠੇ ਹੋਣਗੇ...ਕੀ ਪਤਾ ਕੋਈ ਰਿਸ਼ਤੇਦਾਰ... ਲੋਕ ਵੀ ਤੇ ਕਮਬਖ਼ਤ...ਕਿਸੇ ਦਾ ਦਿਲ ਨਾ ਦੁਖੇ...ਇਸ਼ੂ ਉਹਨਾਂ ਨੂੰ ਇਹੀ ਦਸੇਗਾ ਕਿ ਉਹਨੇ 'ਕਾਲਜ ਜਾਣਾ ਏ...ਕੰਮ...ਜ਼ਰੂਰੀ ਫ਼ੋਨ ਆਇਆ ਏ ਪ੍ਰਿੰਸੀਪਲ ਦਾ । (ਸਿੰਮੀ ਮੁਸਕਰਾਉਂਦੀ ਏ) ਪਰ ਫੇਰ ਵੀ ਤੱਕੋ, ਕਿਸ ਤਰ੍ਹਾਂ ਉਹਨੂੰ ਟਾਲ ਦਿਤਾ ਏ...ਹਾਂ ਹਾਂ... ਕਿਹਾ ਏ, ਜ਼ਰੂਰੀ ਕੰਮ ਏ, ਆ ਨਹੀਂ ਸਕਦਾ...ਪਰ ਵਿਚਾਰਾ ਪ੍ਰਿੰਸੀਪਲ...ਉਹਨੂੰ ਵੀ ਜ਼ਰੂਰੀ ਕੰਮ ਏ ਮੇਰੇ ਨਾਲ...ਉਹ ਤੇ ਘਰ ਆਉਣ ਲਗਾ ਸੀ...ਮਸਾਂ ਟਾਲਿਆ...ਚਲਾ ਜਾਵਾਂਗਾ...ਦੋ ਵਜੇ । ਮਾਈਂਡ ਨਾ ਕਰਨਾ — ਆਖ਼ਰ ਨੌਕਰੀ ਦਾ ਸੁਆਲ ਹੋਇਆ ।'

— ਇਸ਼ੂ ਝੂਠ ਕਿਸ ਤਰ੍ਹਾਂ ਬੋਲਦਾ ਹੋਵੇਗਾ ? — ਸਿੰਮੀ ਸੋਚਦੀ ਏ ।

ਉਸ ਦੇ ਇਸ ਝੂਠ 'ਤੇ ਵੀ ਸਿੰਮੀ ਨੂੰ ਲਾਡ ਆਉਂਦਾ ਏ ।

— ਮੇਰੀ ਖ਼ਾਤਰ...ਸਿਰਫ਼ ਮੇਰੀ ਖ਼ਾਤਰ...ਵਿਚਾਰਾ ਕਿਸ ਤਰ੍ਹਾਂ ਐਕਟਿੰਗ ਕਰ ਰਿਹਾ ਸੀ !

... ... ...



ਸਿੰਮੀ ਦਾ ਘਰ ਤਾਂ ਕਾਲਜ ਤੋਂ ਬਹੁਤੀ ਦੂਰ ਨਹੀਂ, ਪਰ ਇਹ ਦਸ ਤੋਂ ਦੋ ਵਜੇ ਦਾ ਵਿਚਕਾਰਲਾ ਫ਼ਾਸਲਾ ਬਹੁਤ ਦੂਰ ਏ ।

ਸਿੰਮੀ ਕਨਾਟ ਪਲੇਸ ਚਲੀ ਜਾਂਦੀ ਏ ।

ਕਿਤਾਬਾਂ ਵਾਲੀਆਂ ਦੁਕਾਨਾਂ । ਕੱਪੜੇ ਦੀਆਂ ਦੁਕਾਨਾਂ । ਕੌਫ਼ੀ ਹਾਊਸ ।

ਸਮੇਂ ਦੇ ਉਸ ਚੌੜੇ ਪਾਟ ਵਾਲੇ ਦਰਿਆ ਉਤੇ ਹੌਲੀ ਹੌਲੀ ਪੁਲ ਉਸਰਦਾ ਚਲਾ ਜਾਂਦਾ ਏ ।

ਪੌਣੇ ਦੋ ਵਜੇ ਏਥੋਂ ਚੱਲਾਂਗੀ — ਸਿੰਮੀ ਸੋਚਦੀ ਏ ।

ਪੌਣੇ ਦੋ ।

ਸਿੰਮੀ ਟੈਕਸੀ ਲੈਂਦੀ ਏ । (ਉਂਜ ਉਹ ਆਮ ਤੌਰ 'ਤੇ ਕਿਫ਼ਾਇਤ-ਸ਼ਿਆਰੀ ਕਰਦੀ — ਟੈਕਸੀ ਨਹੀਂ ਲੈਂਦੀ ਹੁੰਦੀ । ਪਰ ਅੱਜ ਦਾ ਦਿਨ ਤੇ ਖ਼ਾਸ ਦਿਨ ਏ !)

ਮਿੰਟੋ ਬਰਿੱਜ ਦੇ ਚੁਰਾਹੇ ਕੋਲ ਲਾਲ ਸਿਗਨਲ ।

ਟੈਕਸੀ ਤੋਂ ਅੱਗੇ ਇਕ ਮੋਟਰ ਰੁਕੀ ਹੋਈ ਏ । ਮੋਟਰ ਦਾ ਰੰਗ ਇਸ਼ੂ ਦੀ ਮੋਟਰ ਵਰਗਾ ਏ । ਸਿੰਮੀ ਉਚਕ ਕੇ ਨੰਬਰ ਪਲੇਟ ਵੇਖਦੀ ਏ । ਓਹ — ਇਹ ਤੇ ਇਸ਼ੂ ਹੀ ਏ । ਪਰ ਅੱਗੇ...ਉਹਦੇ ਨਾਲ...ਕਿਹੜੀ ਕੁੜੀ ਏ ?

— ਖ਼ੈਰ, ਹੋਵੇਗੀ ਕੋਈ । ਵਿਚਾਰਾ ਝਟ-ਪਟ ਇਹਨੂੰ ਐਥੇ ਕਿਤੇ ਸੁੱਟੇਗਾ, ਤੇ ਨੱਸਦਾ ਭੱਜਦਾ ਮੇਰੇ ਕੋਲ ਪਹੁੰਚੇਗਾ ।

ਸਿੰਮੀ ਮੁਸਕਰਾਂਦੀ ਏ ।

ਇਸ਼ੂ ਦੀ ਮੋਟਰ ਕਨਾਟ ਸਰਕਸ ਵਿਚ ਸਿੱਧੀ ਲੰਘ ਜਾਂਦੀ ਏ । ਸਿੰਮੀ ਦੀ ਟੈਕਸੀ ਮਿੰਟੋ ਬਰਿੱਜ ਵਲ ਮੁੜ ਜਾਂਦੀ ਏ ।

— ਸਗੋਂ ਚੰਗਾ ਏ । ਪਤਾ ਲਗ ਗਿਆ ਕਿ ਇਹਨੇ ਏਧਰੋਂ ਆਉਣਾ ਏ । ਕਾਲਜ ਤੋਂ ਉਰ੍ਹੇ ਹੀ ਮਿਲ ਸਕਨੀ ਆਂ ।

ਸਿੰਮੀ ਕਾਲਜ ਤੋਂ ਉਰ੍ਹਾਂ ਹੀ ਟੈਕਸੀ ਛਡ ਦੇਂਦੀ ਏ । ਤੇ ਫੇਰ ਜਿਧਰੋਂ ਟੈਕਸੀ ਆਈ ਸੀ, ਓਸੇ ਪਾਸੇ ਹੌਲੀ ਹੌਲੀ ਤੁਰਨ ਲਗਦੀ ਏ ।

ਦੋ ।

ਦੋ ਪੰਜ ।

ਦੋ ਦਸ ।

ਇਸ਼ੂ...

"ਵੇਖ, ਇਸ਼ੂ, ਮੈਨੂੰ ਇਹ ਵੀ ਪਤਾ ਸੀ ਕਿ ਤੂੰ ਏਸ ਸੜਕ ਤੋਂ ਆਏਂਗਾ । ਮੈਂ ਤੈਨੂੰ ਅਗੋਂ ਦੀ ਮਿਲ ਪਈ ਆਂ," ਸਿੰਮੀ ਹੱਸਦੀ ਏ — ਬੇ-ਨਕਾਬ, ਛਣਕਦੀ ਹੋਈ, ਮੁਕਤ, ਬਾਲਾਂ ਵਰਗੀ ਹਾਸੀ ।

"ਕਿਸ ਤਰ੍ਹਾਂ ਪਤਾ ਸੀ ?"

"ਜੋਤਸ਼ ਲਾਇਆ ਸੀ ।"

"ਹੂੰ...ਊਂ...ਊਂ...!" ਸਿਰ ਹਿਲਾ ਕੇ ਇਸ਼ੂ ਮੁਸਕਰਾਉਂਦਾ ਏ ।

"ਸੱਚੀ ਦੱਸਾਂ ? ਮੈਂ ਤੈਨੂੰ ਕਨਾਟ ਪਲੇਸ ਵੇਖਿਆ ਸੀ। ਤੇ ਮੈਨੂੰ ਪਤਾ ਸੀ ਕਿ ਤੂੰ ਏਧਰੋਂ ਹੀ ਆਵੇਂਗਾ।"

"ਕਨਾਟ ਪਲੇਸ ? ਕਿਸ ਵੇਲੇ ? ਕਿੰਨੇ ਵਜੇ ?" ਇਸ਼ੂ ਦੀਆਂ ਅੱਖਾਂ ਰਤਾ ਕੁ ਸੁੰਗੜ ਜਾਂਦੀਆਂ ਨੇ। ਉਹ ਸਾਹਮਣੇ ਸ਼ੀਸ਼ੇ ਦੇ ਪਾਰ ਦਿਸਦੀ ਸੜਕ ਵਲ ਗਹੁ ਨਾਲ ਤੱਕਦਾ ਏ।

"ਥੋੜ੍ਹਾ ਚਿਰ ਹੋਇਆ। ਤੇ ਵੇਖ, ਫੇਰ ਮੈਂ ਕਿਸ ਤਰ੍ਹਾਂ ਲੱਭ ਲਿਆ ਤੈਨੂੰ! ਤੂੰ ਤੇ ਭਾਵੇਂ ਦੁਨੀਆਂ ਦੇ ਕਿਸੇ ਕੋਨੇ ਵਿਚ ਗੁਆਚ ਜਾਵੇਂ, ਮੈਂ ਤੈਨੂੰ ਲੱਭ ਲਵਾਂਗੀ।" ਸਿੰਮੀ ਦੀ ਆਵਾਜ਼ ਮੱਧਮ ਏ; ਅੱਖਾਂ ਬੇਹੱਦ ਡੂੰਘੀਆਂ ਹੋ ਗਈਆਂ ਨੇ।

ਇਸ਼ੂ ਨੂੰ ਲਗਦਾ ਏ, ਉਹ ਅੱਖਾਂ ਜਿਵੇਂ ਉਹਨੂੰ ਚੈਲੰਜ ਕਰ ਰਹੀਆਂ ਨੇ— ਹਿੰਮਤ ਹੈ ਈ, ਤਾਂ ਛਾਲ ਮਾਰ ਕੇ ਵੇਖ!

"ਸਿੰਮੀ, ਕਿਧਰੇ ਬਹੀਏ ਚਲ ਕੇ ?"

'ਹਾਂ।"

"ਪਰ ਏਸ ਦਿੱਲੀ ਵਿਚ ਤੇ...ਬਹਿਣ ਦੀ ਵੀ ਕੋਈ ਥਾਂ ਨਹੀਂ।"

"ਬਹਿਣ ਦੀ ? ਮੈਂ ਤੇ ਆਹਨੀ ਆਂ, ਸਾਹ ਲੈਣ ਦੀ ਵੀ ਕੋਈ ਥਾਂ ਨਹੀਂ।"

"ਸਿਰਫ਼ ਸੱਫੋਕੇਸ਼ਨ ਏ। ਦਮ ਘੁੱਟਦਾ ਏ।"

ਸਿੰਮੀ ਇਸ਼ੂ ਦੇ ਮੂੰਹ ਵਲ ਤੱਕਦੀ ਏ। ਇਸ਼ੂ ਉਹਨੂੰ ਥੱਕਿਆ ਹੋਇਆ ਜਾਪਦਾ ਏ।

"ਇਸ਼ੂ, ਅੱਜ ਤੇ ਤੈਨੂੰ ਆਰਾਮ ਕਰਨਾ ਚਾਹੀਦਾ ਸੀ। ਸਫ਼ਰ ਦੀ ਥਕਾਵਟ ਲਾਹਣੀ ਚਾਹੀਦੀ ਸੀ। ਤੇ ਤੂੰ...ਸਵੇਰੇ ਕੰਮ ਕਰਦਾ ਰਿਹਾ...ਤੇ ਹੁਣ...।"

"ਥਕਾਵਟ ਹੀ ਤੇ ਲਾਹ ਰਿਹਾਂ," ਇਸ਼ੂ ਦੀ ਤੱਕਣੀ ਸਿੰਮੀ ਦੇ ਚਿਹਰੇ ਨੂੰ ਪਲੋਸਦੀ ਏ।

ਸਿੰਮੀ ਦੀਆਂ ਪਲਕਾਂ ਨਾਲ ਜਿਵੇਂ ਕੋਈ ਪੰਡਾਂ ਬੱਝ ਜਾਂਦੀਆਂ ਨੇ— ਖੰਭਾਂ ਦੀਆਂ ਪੰਡਾਂ।

"ਸਿੰਮੀ, ਤੈਨੂੰ ਪਤਾ ਏ ਕਿਸੇ ਥਾਂ ਦਾ, ਜਿਥੇ ਦੋ ਘੜੀਆਂ ਚੈਨ ਨਾਲ ਬਹਿ ਸਕੇ ਬੰਦਾ ?"

"ਨਾ ਇਸ਼ੂ! ਅੱਜ ਤਕ ਤਾਂ ਪਤਾ ਨਹੀਂ ਲਗਾ। ਬੱਸ, ਹੁਣੇ ਹੁਣੇ ਪਤਾ ਲਗ ਰਿਹਾ ਏ।"

"ਕਿਹੜੀ ਥਾਂ ?"

"ਐਥੇ ਹੀ। ਤੇਰੇ ਕੋਲ।"

ਇਸ਼ੂ ਹੱਸਦਾ ਏ।

ਇਸ਼ੂ ਦੀ ਮੋਟਰ ਮਥਰਾ ਰੋਡ 'ਤੇ ਜਾ ਰਹੀ ਏ!

"ਕੋਈ ਥਾਂ...ਕੋਈ ਥਾਂ..." ਇਸ਼ੂ ਜਿਵੇਂ ਸੋਚ ਰਿਹਾ ਏ।

ਮਥਰਾ ਰੋਡ ਦੇ ਇਕ ਪਾਸੇ...ਖ਼ੂਬਸੂਰਤ ਮਕਾਨਾਂ ਦੀ ਕਤਾਰ।



"ਐਥੇ ਇਕ ਮੇਰਾ ਦੋਸਤ ਏ। ਉਹਨੇ ਇਕ...ਸਾਰਟ ਆਫ਼...ਗੈੱਸਟ ਹਾਊਸ ਬਣਾਇਆ ਹੋਇਆ ਏ। ਲੇਟ ਮੀ ਸੀ...।"

ਇਸ਼ੂ ਆਸ ਪਾਸ ਤੱਕ ਰਿਹਾ ਏ। ਸ਼ਾਇਦ ਉਹ ਗੈੱਸਟ ਹਾਊਸ ਤਲਾਸ਼ ਕਰ ਰਿਹਾ ਏ।

"ਐਥੇ ਹੀ ਸੀ ਕਿਧਰੇ। ਅੱਗੇ ਇਕ ਵਾਰੀ ਆਇਆ ਸਾਂ। ਉਹਨੇ ਡਿਨਰ 'ਤੇ ਬੁਲਾਇਆ ਸੀ। ਆਪਣੀ ਮੋਟਰ ਵਿਚ ਹੀ ਲਿਆਇਆ ਸੀ। ਪਤਾ ਨਹੀਂ ਲੱਭਦਾ ਵੀ ਏ ਕਿ ਨਹੀਂ।"

ਗੈੱਸਟ ਹਾਊਸ।

ਬਾਹਰ ਖੜੋਤਾ ਇਕ ਬੈਰਾ ਇਸ਼ੂ ਨੂੰ ਸਲਾਮ ਕਰਦਾ ਏ— ਮੁਸਕਰਾ ਕੇ। ਸਿੰਮੀ ਨੂੰ ਲਗਦਾ ਏ, ਉਹ ਬੈਰਾ ਇਸ਼ੂ ਨੂੰ ਪਛਾਣਦਾ ਏ।

ਮੋਟਰ ਰੋਕ ਕੇ ਇਸ਼ੂ ਕਹਿੰਦਾ ਏ "ਤੂੰ ਐਥੇ ਹੀ ਬੈਠ— ਦੋ ਮਿੰਟ। ਮੈਂ ਆਉਨਾਂ।"

ਪੰਜ ਮਿੰਟ...।

ਇਹਨਾਂ ਪੰਜਾਂ ਮਿੰਟਾਂ ਵਿਚ ਸਭ ਨਾਲੋਂ ਤੀਖਣ ਅਹਿਸਾਸ ਸਿੰਮੀ ਨੂੰ ਆਪਣੇ ਜਿਸਮ ਦਾ ਏ, ਜਿਹੜਾ ਲਰਜ਼ ਰਿਹਾ ਏ। ਅਜੀਬ ਥਰਥਰਾਹਟ। ਸਾਰਾ ਜ਼ੋਰ ਲਾ ਕੇ ਸਿੰਮੀ ਨਾਰਮਲ ਦਿੱਸਣ ਦੀ ਕੋਸ਼ਿਸ਼ ਕਰ ਰਹੀ ਏ। ਉਸ ਨੂੰ ਬੜਾ ਤਿੱਖਾ ਅਹਿਸਾਸ ਏ ਕਿ ਗੈੱਸਟ ਹਾਊਸ ਦੇ ਅੰਦਰ ਜਾਣ ਤੋਂ ਮਗਰੋਂ ਕੀ ਹੋਵੇਗਾ। ਇਕ ਕਮਰਾ...ਇਸ਼ੂ...ਤੇ ਉਹ...!

— ਥਰਕਦੇ ਧੜਕਦੇ ਪਿੰਡੇ ਦੇ ਅਹਿਸਾਸ ਦੀ ਸਤਹ ਤੋਂ ਹੇਠਾਂ— ਕਿਤੇ ਗਹਿਰੇ ਵਿਚ...ਅੰਦਰ— ਕੁਝ ਹੋਰ ਅਹਿਸਾਸ ਨੇ ਜਿਹੜੇ ਆਹਿਸਤਾ ਆਹਿਸਤਾ ਉਭਰ ਰਹੇ ਨੇ, ਮਿਟ ਰਹੇ ਨੇ। ਕਈਆਂ ਦੇ ਮੁਹਾਂਦਰੇ ਵੀ ਸਿੰਮੀ ਨਹੀਂ ਪਛਾਣ ਸਕਦੀ। ਪਰ ਕਿਸੇ ਕਿਸੇ ਦੇ ਮੂੰਹ ਨੂੰ...ਆਵਾਜ਼ ਨੂੰ...ਉਹ ਪਛਾਣ ਰਹੀ ਏ— ਜਿਵੇਂ ਧੁੰਦ ਦੇ ਪਤਲੇ ਝੀਨੇ ਪਰਦੇ ਤੋਂ ਪਾਰ ਕੁਝ ਆਕਾਰ ਨਜ਼ਰ ਆਉਣ: ਡਰ...ਹਿਚਕਿਚਾਹਟ... ਗ਼ਲਤ-ਠੀਕ ਦਾ ਵਿਸ਼ਲੇਸ਼ਣ...ਅਕਲ ਦਾ ਤਕਾਜ਼ਾ...ਦੁਚਿੱਤੀ...ਵਿਸਵਿਸੇ... ਹਯਾ...।

ਪਸਲੀਆਂ ਦੇ ਨਾਲ ਸਿਰ ਪਟਕਦਾ ਦਿਲ...।

— ਨਵੀਂ ਜ਼ਿੰਦਗੀ...ਬਦਲੀ ਹੋਈ ਜ਼ਿੰਦਗੀ...।

ਸਿੰਮੀ ਸੋਚਦੀ ਏ, ਤੇ ਇਕ ਅਜੀਬ ਸਕੂਨ ਵਿਚ ਭਿੱਜ ਕੇ ਅੱਖਾਂ ਮੀਟ ਲੈਂਦੀ ਏ।

ਇਸ਼ੂ ਬਾਹਰ ਆ ਜਾਂਦਾ ਏ— "ਚੱਲੋ।"

ਮੋਟਰ ਨੂੰ ਲਾਕ ਕਰਦਾ ਏ।

ਸਿੰਮੀ ਨੂੰ ਲੈ ਕੇ ਅੰਦਰ ਜਾਂਦਾ ਏ ।

ਇਕ ਕਮਰਾ । ਦੋ ਪਲੰਘ । ਸਾਫ਼ ਗੁਦਗੁਦੇ ਬਿਸਤਰੇ । ਏਅਰ ਕੰਡੀਸ਼ਨਰ । ਬੱਤੀਆਂ — ਤੇਜ਼ ਰੌਸ਼ਨੀ ਵਾਲੀਆਂ, ਮੱਧਮ ਰੌਸ਼ਨੀ ਵਾਲੀਆਂ । ਨਾਲ ਅਟੈਚਡ ਬਾਥਰੂਮ ।

ਬਾਹਰ ਦੀ ਗਰਮੀ ਤੋਂ ਬਾਅਦ ਇਹ ਕਮਰਾ, ਜਿਵੇਂ ਕਸ਼ਮੀਰ ਵਿਚ ਡੱਲ ਦੇ ਕਿਨਾਰੇ ਖੜੇ ਕਿਸੇ ਹਾਊਸ ਬੋਟ ਦਾ ਕੋਈ ਕਮਰਾ ਹੋਵੇ ।

ਸਿੰਮੀ ਬਿਲਕੁਲ ਨਾਰਮਲ ਦਿੱਸਣ ਦੀ ਕੋਸ਼ਿਸ਼ ਕਰਦੀ ਏ, ਤੇ ਏਅਰ ਕੰਡੀਸ਼ਨਰ ਦੇ ਬਿਲਕੁਲ ਸਾਹਮਣੇ ਜਾ ਖਲੋਂਦੀ ਏ, ਤੇ ਅੱਖਾਂ ਬੰਦ ਕਰ ਕੇ ਬਾਹਵਾਂ ਰਤਾ ਫੈਲਾ ਕੇ ਆਹਿਸਤਾ ਆਹਿਸਤਾ ਘੁੰਮ ਜਾਂਦੀ ਏ ।

ਪਿੰਡੇ ਦੀ ਧਧਕਦੀ ਗਰਮੀ, ਬਾਹਰਲੇ ਮਾਹੌਲ ਦੀ ਗਰਮੀ — ਸਾਰੀ ਗਰਮੀ ਨੂੰ ਜਿਵੇਂ ਏਅਰ ਕੰਡੀਸ਼ਨਰ ਦੀ ਹਵਾ ਬੁਹਾਰਨ ਦੀ ਕੋਸ਼ਿਸ਼ ਕਰਦੀ ਏ । ਨਾਕਾਮ ਕੋਸ਼ਿਸ਼ ।

ਅਚਾਨਕ ਇਸ਼ੂ ਦੀਆਂ ਬਾਹਵਾਂ ਸਿੰਮੀ ਦੇ ਦੁਆਲੇ ਵਲ੍ਹੇਟੀਆਂ ਜਾਂਦੀਆਂ ਨੇ । ਇਸ਼ੂ ਆਪਣੇ ਹੋਠ ਸਿੰਮੀ ਦੀ ਧੌਣ ਤੇ ਰਖ ਦੇਂਦਾ ਏ ।

''ਸਿੰਮੀ...ਸਿੰਮੀ...।''

ਬਹੁਤ ਹੀ ਮੱਧਮ ਆਵਾਜ਼ ।

''ਇਸ਼ੂ...!'' ਸਿੰਮੀ ਦੇ ਹੋਠ ਜਿਵੇਂ ਹਵਾ ਵਿਚ ਇਕ ਬੁਰਸ਼ ਨਾਲ ਇਹ ਅੱਖਰ ਵਾਂਹਦੇ ਨੇ — ਬੇ-ਆਵਾਜ਼ ।

''ਸਿੰਮੀ, ਇਕ ਵਾਰੀ ਫੇਰ ਮੇਰਾ ਨਾਂ ਲੈ'', ਇਸ਼ੂ ਦੀ ਆਵਾਜ਼ ਬੜੀ ਗਹਿਰੀ, ਬੜੀ ਸੰਜੀਦਾ ਏ ।

''ਇਸ਼ੂ...!'' ਸਿੰਮੀ ਦੇ ਹੋਠ ਫੇਰ ਬੇ-ਆਵਾਜ਼ ਹਿੱਲਦੇ ਨੇ ।

''ਸਿੰਮੀ, ਇਸ ਤਰ੍ਹਾਂ...ਸਾਫ਼ਟਲੀ...ਕਦੇ ਨਹੀਂ ਲਿਆ ਮੇਰਾ ਨਾਂ ਕਿਸੇ ਨੇ । ਤੂੰ...ਪਤਾ ਨਹੀਂ ਕਿਸ ਤਰ੍ਹਾਂ...ਇਹ ਨਾਂ ਲੈਂਦੀ ਏਂ — ਕਿਤੋਂ ਬਹੁਤ ਗਹਿਰੇ ਵਿਚੋਂ...ਬਹੁਤ ਗਹਿਰਾਈ 'ਚੋਂ...ਜਿਵੇਂ ਬਹੁਤ ਸਾਰਾ ਦਰਦ ਵੀ ਨਾਲ ਚੁੱਕ ਕੇ...।''

''ਇਸ਼ੂ...'', ਸਿੰਮੀ ਦੀ ਹੋਸ਼ ਜਿਵੇਂ ਹਵਾ ਦੇ ਰੰਗ ਵਿਚ ਘੁਲਦੀ ਜਾ ਰਹੀ ਏ ।

ਇਸ਼ੂ ਸਿੰਮੀ ਨੂੰ ਬਾਹਵਾਂ ਵਿਚ ਸਮੇਟਿਆਂ ਸਮੇਟਿਆਂ ਪਲੰਘ 'ਤੇ ਲੈ ਆਉਂਦਾ ਏ...।

... ... ...

ਸਿੰਮੀ ਨੂੰ ਲਗਦਾ ਏ, ਬਰਫ਼ ਦਾ ਇਕ ਸਹਿਰਾ ਪਿਘਲ ਰਿਹਾ ਏ — ਮੀਲਾਂ ਮੀਲਾਂ ਵਿਚ ਫੈਲਿਆ ਹੋਇਆ । ਉਸ ਸਹਿਰਾ ਦੀ ਥਾਵੇਂ ਹੁਣ ਆਸ ਪਾਸ ਕੋਸਾ ਗੁਣਗੁਣਾ ਸ਼ਫ਼ਾਫ਼ ਪਾਣੀ ਫੈਲਿਆ ਹੋਇਆ ਏ — ਮੀਲਾਂ ਮੀਲਾਂ ਵਿਚ — ਜਿਦ੍ਹੇ ਵਿਚ ਬਹੁਤ ਸਾਰੇ ਰੰਗਾਂ ਦੇ ਅਕਸ ਤੈਰ ਰਹੇ ਨੇ...ਤੇ ਉਹ ਆਪ ਉਸ ਪਾਣੀ ਦੀਆਂ



ਕੰਬਦੀਆਂ ਲਰਜ਼ਦੀਆਂ ਲਹਿਰਾਂ 'ਤੇ ਲੇਟੀ ਹੋਈ ਏ...ਤੇ ਡੁੱਬਦੀ ਜਾ ਰਹੀ ਏ... ਡੁੱਬਦੀ ਜਾ ਰਹੀ ਏ...।

... ... ...

ਮਗਰੋਂ...

ਸਿੰਮੀ ਇਸ਼ੂ ਦੀ ਹਿੱਕ ਨਾਲ ਗਲ੍ਹ ਜੋੜ ਕੇ ਲੇਟੀ ਹੋਈ ਏ...ਇਸ਼ੂ ਦੀਆਂ ਬਾਹਵਾਂ ਵਿਚ ਸਿਮਟ ਕੇ...ਗੁੱਛਾ-ਮੁੱਛਾ ਹੋ ਕੇ ।

ਇਕ ਅਜੀਬ ਸਕੂਨ... ਸ਼ਾਂਤੀ...!

ਮੀਲਾਂ ਮੀਲਾਂ ਵਿਚ ਫੈਲੇ ਪਾਣੀ ਵਿਚੋਂ ਬਾਕੀ ਸਾਰੇ ਰੰਗ ਗ਼ਾਇਬ ਹੋ ਗਏ ਨੇ । ਠਹਿਰੇ ਹੋਏ ਪਾਣੀਆਂ ਵਿਚ ਸਿਰਫ਼ ਆਸਮਾਨ ਦਾ ਅਕਸ ਤੈਰ ਰਿਹਾ ਏ — ਹਲਕਾ ਨੀਲਾ...।

''ਇਸ਼ੂ !''

''ਹਾਂ, ਰਾਣੀ !''

''ਤੁਹਾਨੂੰ ਸਾਰੇ ਲੋਕੀਂ ਮਿਸਟਰ ਖੰਨਾ ਕਹਿੰਦੇ ਨੇ ਨਾ ?''

''ਹੂੰ ।''

''ਘਰ ਦੇ ਲੋਕੀਂ ਤੇ ਤੁਹਾਡੇ ਦੋਸਤ ਤੁਹਾਨੂੰ ਈਸ਼ਵਰ ਕਹਿੰਦੇ ਨੇ ਨਾ ?''

''ਹੂੰ ।''

''ਇਸ਼ੂ ਨਾਂ ਤੇ ਮੇਰੇ ਜੋਗਾ ਈ ਏ ਨਾ ?''

''ਹੂੰ ?''

''ਇਸ਼ੂ ਕਹਿ ਕੇ ਤੇ ਤੁਹਾਨੂੰ ਸਿਰਫ਼ ਮੈਂ ਈ ਬੁਲਾਨੀ ਆਂ ਨਾ ?''

... ...

''ਮੇਰਾ ਮਤਲਬ...ਇਸ਼ੂ ਤੇ ਮੇਰੇ ਈ ਓ ਨਾ ?''

''ਸਿੰਮੀ, ਐਸ ਘੜੀ ਵਿਚ...ਐਸ ਪਲ ਵਿਚ...ਮੈਂ ਤੇਰੇ ਅੱਗੇ ਝੂਠ ਨਹੀਂ ਬੋਲ ਸਕਦਾ । ਉਂਜ ਵੀ...ਸ਼ਾਇਦ...ਜੇ ਤੂੰ ਕਦੇ ਪੁੱਛਦੀਓਂ ਤਾਂ ਮੈਂ ਕਮ-ਅਜ਼-ਕਮ ਤੇਰੇ ਅੱਗੇ ਝੂਠ ਨਾ ਬੋਲ ਸਕਦਾ । ਮੈਨੂੰ ਲਗਦਾ ਏ, ਤੇਰੇ ਸਾਹਮਣੇ ਮੈਂ ਤਨ ਦੇ ਹੀ ਨਹੀਂ, ਮਨ ਦੇ ਵੀ...ਰੂਹ ਦੇ ਵੀ...ਸਾਰੇ ਕੱਪੜੇ ਲਾਹ ਕੇ...ਨੰਗਾ ਖੜੋ ਸਕਨਾਂ ।''

ਇਕ ਹੁਝਕਾ । ਸਿੰਮੀ ਬੜੇ ਧਿਆਨ ਨਾਲ — ਬਹੁਤ ਹੀ ਗੰਭੀਰਤਾ ਨਾਲ ਤੇ ਗਹੁ ਨਾਲ — ਇਸ਼ੂ ਦੀ ਗੱਲ ਸੁਣ ਰਹੀ ਏ ।

''ਇਕ ਹੋਰ ਏ ਕੁੜੀ, ਜਿਹੜੀ ਮੈਨੂੰ ਇਸ਼ੂ ਕਹਿੰਦੀ ਏ । ਪਰ ਉਹ ਤੇਰੇ ਵਾਂਗੂੰ ਸਾਫ਼ਟਲੀ ਨਹੀਂ ਕਹਿੰਦੀ, ਨਾ ਹੀ ਏਨਾ ਸਾਰਾ ਦਰਦ ਨਾਲ ਲੈ ਕੇ...ਏਨਾ ਸਾਰਾ ਨਿੱਘ...।''

ਸਿੰਮੀ ਨੂੰ ਲਗਦਾ ਏ, ਇਸ਼ੂ ਦੀ ਪਹਿਲੀ ਗੱਲ ਹੀ ਮਹੱਤਵ-ਪੂਰਨ ਸੀ। ਦੂਜ / ਗੱਲ ਦਾ ਤਾਂ ਜਿਵੇਂ ਕੋਈ ਮਹਿਨਾ ਹੀ ਨਹੀਂ।

ਇਕ ਤਿੱਖੀ ਪੀੜ...ਵਿੰਨ੍ਹਦੀ ਹੋਈ — ਹੁੜਕੇ ਲਾਂਦੀ ਹੋਈ ਪੀੜ...

— ਇਸ ਪੀੜ ਨੂੰ ਬੇ-ਨਕਾਬ ਨਾ ਹੋਣ ਦੇਈਂ। ਪੀੜ ਹਮੇਸ਼ਾ...ਨਿਹਾਇਤ ਕੋਝੀ।...ਕੋਝ ਕੱਜੀ ਰੱਖ...ਨਜ਼ਰ ਨਾ ਆਵੇ...ਕਿਸੇ ਨੂੰ...ਕਿਸੇ ਨੂੰ ਵੀ ਨਹੀਂ...ਏਸ਼ ਬੰਦੇ ਨੂੰ ਵੀ ਨਹੀਂ...ਬੰਦਾ...ਕੋਹਾਂ ਦੂਰ...ਅਜਨਬੀ...

ਸਿੰਮੀ ਇਸ਼ੂ ਦੇ ਵਾਲਾਂ ਵਿਚ ਆਪਣੀਆਂ ਉਂਗਲਾਂ ਘੁਮਾਂਦੀ ਏ।

"ਕਦੋਂ ਮਿਲੀ ਸੀ ਉਹ, ਇਸ਼ੂ?" — 'ਇਸ਼ੂ' ਆਖਣ ਲਗਿਆਂ ਸਿੰਮੀ ਨੂੰ ਇਕ ਅਜੀਬ ਹਿਚਕਿਚਾਹਟ ਹੁੰਦੀ ਏ।

"ਪੰਜ ਸਾਲ ਹੋਏ...ਜਾਂ ਸ਼ਾਇਦ ਛੇ ਸਾਲ।"

"ਫੇਰ?"

"ਅਸਾਂ ਪੂਰੀ ਸਿਨਸੈਰਿਟੀ ਨਾਲ...ਪੂਰੀ ਈਮਾਨਦਾਰੀ ਨਾਲ ਮੁਹੱਬਤ ਕੀਤੀ ਇਕ ਦੂਜੇ ਨੂੰ। ਫੇਰ...ਕੁਝ ਚਿਰ ਹੋਇਆ, ਉਹਨੂੰ ਲਗਾ...ਸ਼ਾਇਦ ਮੈਂ ਕਿਸੇ ਹੋਰ ਨੂੰ ਪਿਆਰ ਕਰਨਾਂ। ਉਹ ਬਦਲਾ ਲੈਣ ਲਈ...ਕਿਸੇ ਹੋਰ ਨਾਲ...ਘੁੰਮਣ ਲਗ ਪਈ। ਅਸੀਂ ਬਹੁਤ ਦੂਰ ਚਲੇ ਗਏ ਇਕ ਦੂਜੇ ਤੋਂ। ਪਰ ਫੇਰ ਇਕ ਦਿਨ ਉਹ ਮੇਰੇ ਘਰ ਆਈ। ਬਹੁਤ ਰੋਈ...ਬਹੁਤ...। ਕਹਿਣ ਲਗੀ, ਭਾਵੇਂ ਮੈਂ ਸਾਰੀ ਦੁਨੀਆਂ ਘੁੰਮ ਆਵਾਂ, ਪਰ ਤੇਰੀਆਂ ਬਾਹਵਾਂ ਤੋਂ ਬਿਨਾਂ ਮੈਨੂੰ ਕਿਤੇ ਸਕੂਨ ਨਹੀਂ ਮਿਲਣਾ।"

"ਫੇਰ ਤੁਹਾਡਾ ਸਮਝੌਤਾ ਹੋ ਗਿਆ?"

"ਹਾਂ, ਸਿੰਮੀ।"

"ਫੇਰ?"

"ਫੇਰ ਕੁਝ ਵੀ ਨਹੀਂ।"

ਸਿੰਮੀ ਦੇ ਸੰਘ ਵਿਚ ਬਹੁਤ ਸਾਰੇ ਬੋਲ ਆ ਕੇ ਅਟਕ ਗਏ — ਫੇਰ ਕੁਝ ਵੀ ਨਹੀਂ...ਤਾਂ ਇਹਦਾ ਮਤਲਬ ਏ...ਉਹਦੇ ਨਾਲ...ਸਮਝੌਤਾ...ਤੇ ਫੇਰ ਮੈਂ?...ਮੈਨੂੰ ਕਿਉਂ...ਤੂੰ...?

ਇਹ ਲਫ਼ਜ਼ ਸੋਚਦਿਆਂ ਸੋਚਦਿਆਂ ਸਿੰਮੀ ਨੂੰ ਲਗਦਾ ਏ, ਜਿਵੇਂ ਉਹ ਸਿਰਫ਼ ਲਫ਼ਜ਼ ਸੋਚ ਰਹੀ ਏ...ਮਹਿਜ਼ ਲਫ਼ਜ਼...ਫੋਕੇ...ਸੱਖਣੇ...ਗਨੇਰੀਆਂ ਦੇ ਚੂਸੇ ਹੋਏ ਛਿਲਕੇ ਵਰਗੇ...

ਲਫ਼ਜ਼ਾਂ ਵਿਚੋਂ ਮਹਿਨੇ ਗ਼ਾਇਬ ਹੋ ਗਏ ਨੇ।

— ਅੰਡਿਆਂ ਦੀ ਟੋਕਰੀ...ਤੇ ਤੂੰ ਸਿਰਫ਼ ਇਕ ਅੰਡਾ ਏਂ, ਕੁੜੀਏ! ਬਹੁਤ ਸਾਰੇ ਅੰਡਿਆਂ ਵਿਚੋਂ ਇਕ ਅੰਡਾ, ਕਮਬਖ਼ਤੇ।

ਸਿੰਮੀ ਨੂੰ ਲਗਦਾ ਏ, ਉਹਦੇ ਦੁਆਲੇ ਮੀਲਾਂ ਦੇ ਮੀਲ ਖਿੱਲਰੇ ਪਾਣੀ ਠਿਠਰ ਕੇ ਜੰਮਦੇ ਜਾ ਰਹੇ ਨੇ।

"ਇਸ਼ੂ, ਅੱਜ ਕਨਾਟ ਪਲੇਸ ਵਿਚ...ਤੇਰੇ ਨਾਲ...ਉਹੀ ਕੁੜੀ ਸੀ ਨਾ?"

ਇਕ ਖ਼ਾਮੋਸ਼ ਪਲ...



"ਹਾਂ, ਸਿੰਮੀ!"

ਆਵਾਜ਼ ਨਿਹਾਇਤ ਮੱਧਮ!

ਇਕ ਜ਼ੰਜੀਰ ਦੀ ਕੋਈ ਗੁਆਚੀ ਕੜੀ ਕਲਿੱਕ ਕਰ ਕੇ ਆਪਣੀ ਥਾਂ 'ਤੇ ਫ਼ਿੱਟ ਹੋ ਜਾਂਦੀ ਏ।

"ਤੇ...ਸਵੇਰੇ...ਨੌਂ ਵਜੇ...ਓਹੀ ਕੁੜੀ ਤੇਰੇ ਕੋਲ ਬੈਠੀ ਸੀ।" ਐਤਕਾਂ ਸਿੰਮੀ ਸੁਆਲ ਨਹੀਂ ਕਰਦੀ, ਇਕ ਬਿਆਨ ਦੇਂਦੀ ਏ।

"ਹਾਂ, ਸਿੰਮੀ," ਇਸ਼ੂ ਦੀ ਆਵਾਜ਼ ਬੋਝਲ ਏ।

... ... ...

ਪਾਣੀ ਜੰਮਦੇ ਜਾ ਰਹੇ ਨੇ...ਬਰਫ਼ ਦੀ ਸਫ਼ੈਦੀ ਵਿਚ ਦੂਰ ਤਕ ਕੁਝ ਨਜ਼ਰ ਨਹੀਂ ਆਉਂਦਾ। ਬਰਫ਼ ਦੀ ਚਿੱਟੀ ਚਿਲਕੋਰ ਵਿਚ ਅੱਖਾਂ ਮੀਟ ਲੈਣ 'ਤੇ ਦਿਲ ਕਰਦਾ ਏ, ਪਰ ਸਾਰਾ ਜ਼ੋਰ ਲਾ ਕੇ ਸਿੰਮੀ ਅੱਖਾਂ ਖੋਹਲੀ ਰੱਖਦੀ ਏ।

— ਇਕ ਮਹਿਬੂਬਾ ਦੀਆਂ ਬਾਹਵਾਂ ਵਿਚੋਂ...ਸਿੱਧਾ...ਦੂਜੀ ਦੀਆਂ ਬਾਹਵਾਂ ਵਿਚ...।

— ਪਰ ਇਕ ਦਿਨ ਵਿਚ...ਦੋ ਵਾਰੀ...ਇਹ ਸਭ...?

— ਕਿਸ ਤਰ੍ਹਾਂ?...ਕਿਸ ਤਰ੍ਹਾਂ?

ਅਚਾਨਕ ਉਹਨੂੰ ਖ਼ਿਆਲ ਆਉਂਦਾ ਏ, ਕਿ ਇਸ਼ੂ ਬਹੁਤ ਥੱਕ ਗਿਆ ਹੋਵੇਗਾ ਤਾਂ ਤੇ। ਇਹਨੂੰ ਘਰ ਜਾ ਕੇ ਆਰਾਮ ਕਰਨਾ ਚਾਹੀਦਾ ਏ। ਸੌਂਣਾ ਚਾਹੀਦਾ ਏ।

ਇਕਦਮ ਹੜਬੜਾ ਕੇ ਇਸ਼ੂ ਉੱਠ ਬੈਠਾ: 'ਓਹੋ, ਸਿੰਮੀ, ਮੈਂ ਤੇ ਭੁੱਲ ਈ ਗਿਆ। ਮੈਂ ਤੇ ਇਕ ਬੜੀ ਜ਼ਰੂਰੀ ਟੈਲੀਫ਼ੋਨ ਕਾਲ ਕਰਨੀ ਸੀ। ਮਾਫ਼ ਕਰੀਂ, ਮੈਂ ਹੁਣੇ ਆਉਨਾਂ।"

ਤੇ ਉਹ ਖੜੋ ਕੇ ਕਾਹਲੀ ਕਾਹਲੀ ਕੱਪੜੇ ਪਾਣ ਲਗਾ।

ਇਸ਼ੂ ਬਾਹਰ ਚਲਾ ਗਿਆ ਏ।

ਸਿੰਮੀ ਉੱਠ ਕੇ ਕਮਰੇ ਦੇ ਵਿਚਕਾਰ ਖੜੋ ਜਾਂਦੀ ਏ — ਗੁਆਚੀ ਹੋਈ। ਪਲ-ਭਰ ਉਸੇ ਤਰ੍ਹਾਂ ਖੜੀ ਰਹਿੰਦੀ ਏ।

ਫੇਰ ਆਪਣੇ ਕੱਪੜੇ ਇਕੱਠੇ ਕਰ ਕੇ ਗ਼ੁਸਲਖ਼ਾਨੇ ਵਿਚ ਚਲੀ ਜਾਂਦੀ ਏ।

ਗ਼ੁਸਲਖ਼ਾਨੇ ਵਿਚ ਇਕ ਲੰਬਾ ਸ਼ੀਸ਼ਾ ਏ। ਸਿੰਮੀ ਉਹਦੇ ਸਾਹਮਣੇ ਖੜੋ ਕੇ ਆਪਣੇ ਆਪ ਨੂੰ ਸਿਰ ਤੋਂ ਪੈਰਾਂ ਤਕ ਤੱਕਦੀ ਏ — ਗਹੁ ਨਾਲ! ਬਿਲਕੁਲ ਬੇਲਾਗ ਹੋ ਕੇ। ਬੇਵਾਸਤਾ ਹੋ ਕੇ।

ਫੇਰ ਉਹਦੀਆਂ ਅੱਖਾਂ ਵਿਚ ਅਜੀਬ ਬੇ-ਨਿਆਜ਼ੀ ਆ ਜਾਂਦੀ ਏ: 'ਓਹ, ਹੈੱਲ!'

ਤੇ ਉਹ ਸ਼ਾਵਰ ਖੋਹਲ ਕੇ ਅੱਖਾਂ ਬੰਦ ਕਰ ਕੇ ਪਾਣੀ ਦੀ ਰਿਮ-ਝਿਮ ਦੇ ਹੇਠਾਂ ਖੜੋ ਜਾਂਦੀ ਏ।

ਉਹਦੇ ਮਨ ਵਿਚ ਕੋਈ ਖਿਆਲ ਨਹੀਂ। ਅਜੀਬ ਸੁੰਨਾਪਣ। ਸੁੱਤਾਪਣ।

ਅਚਾਨਕ ਇਕ ਖ਼ਿਆਲ ਕਿਤੇ ਬਹੁਤ ਦੂਰ ਵੱਜ ਰਹੇ ਕਿਸੇ ਸਾਜ਼ ਦੀ ਆਵਾਜ਼ ਵਾਂਗੂੰ ਉਹਦੇ ਕੋਲ ਆਉਂਦਾ ਏ :

— ਨਵੀਂ ਜ਼ਿੰਦਗੀ ? — ਉਹ ਆਪਣੇ ਆਪ ਨੂੰ ਜਿਵੇਂ ਤਨਜ਼ ਨਾਲ ਪੁੱਛਦੀ ਏ।

— ਕੁਝ ਨਹੀਂ ਬਦਲਦਾ। ਕਿਤੇ ਕੁਝ ਨਹੀਂ ਬਦਲਦਾ।

ਪਰ ਇਸ ਖ਼ਿਆਲ ਵਿਚ ਕਿਤੇ ਕੋਈ ਪੀੜ ਨਹੀਂ। ਇਸ ਖ਼ਿਆਲ ਦੀ ਤਿੱਖੀ ਨੋਕ ਜਿਵੇਂ ਉਹਦੇ ਆਪਣੇ ਅੰਦਰ ਉਤਰ ਕੇ ਖੁੰਢੀ ਹੋ ਗਈ ਏ। ਉਹਨੂੰ ਕਿਤੇ ਕੋਈ ਦਰਦ ਨਹੀਂ ਹੁੰਦਾ। ਸਿਰਫ਼ ਇਕ ਭਾਰੀਪਣ ਏ, ਤੇ ਬਕਬਕਾ ਕਸੈਲਾਪਣ — ਜਿਵੇਂ ਬਹੁੇਤ ਤੇਜ਼ ਬੁਖ਼ਾਰ ਉਤਰਨ ਤੋਂ ਮਗਰੋਂ ਹੁੰਦਾ ਹੈ।

ਵਕਤ ਗੁਜ਼ਰਦਾ ਨਹੀਂ,...ਰੀਂਗਦਾ ਏ।

ਘਰ...ਕਾਲਜ !...ਸੜਕਾਂ...ਸੜਕਾਂ...ਬੇਰਹਿਮ, ਬੇਲਾਗ, ਬੇਵਾਸਤਾ, ਬੇਨਿਆਜ਼ ਸੜਕਾਂ !...ਲੋਕ...ਅਜਨਬੀ...ਅਣਪਛਾਣੇ !...ਨਜ਼ਰਾਂ ਵਿਚ ਕੋਈ ਪਛਾਣ ਨਹੀਂ !...ਨਜ਼ਰਾਂ ਵੀ ਜਿਵੇਂ ਸੜਕਾਂ ਨੇ।...ਫ਼ਾਸਲੇ ਨਾਪਦੀਆਂ ਸੜਕਾਂ।... ਕੱਚੀਆਂ, ਖੋਭੇ ਵਾਲੀਆਂ ਸੜਕਾਂ।...ਪੱਕੀਆਂ, ਤਾਰਕੋਲ ਦੀਆਂ ਸੜਕਾਂ, ਜਿਨ੍ਹਾਂ ਵਿਚ ਬਹੁਤ ਸਾਰੇ ਰੋੜੇ ਵੀ ਕੁੱਟੇ ਹੋਏ ਹੁੰਦੇ ਨੇ।

ਅਜਨਬੀਪਣ...ਖ਼ਾਲੀ, ਸੱਖਣਾ, ਹੂੰਕਾਰਦਾ...ਅਜਨਬੀਪਣ।

ਸਿੰਮੀ ਕੁਝ ਵੀ ਨਹੀਂ ਸੋਚਦੀ। ਸਿਰ ਉਜਾੜ ਵਿਚ ਫੇਲ੍ਹ ਹੋਏ ਕਿਸੇ ਗੱਡੀ ਦੇ ਇੰਜਨ ਵਰਗਾ ਏ, ਜਿਦ੍ਹੇ ਮੂੰਹ 'ਚੋਂ ਬਦਹਵਾਸ ਧੂੰਆਂ ਬੜੀ ਮਾਯੂਸੀ ਨਾਲ ਨਿਕਲ ਰਿਹਾ ਏ, ਬੱਸ।

ਸਿੰਮੀ ਦੂਰ ਖੜੋ ਕੇ ਉਸ ਧੂੰਏਂ ਨੂੰ ਵੇਖਦੀ ਏ।

... ... ...

ਕਾਲਜ ਵਿਚ ਇਸ਼ੂ ਨਾਲ ਕਈ ਵਾਰੀ ਟੱਕਰ ਹੋ ਜਾਂਦੀ ਏ। ਸਿੰਮੀ ਅੱਖਾਂ ਨੀਵੀਆਂ ਕਰ ਕੇ, ਰਾਹ ਵਲਾ ਕੇ ਲੰਘ ਜਾਂਦੀ ਏ।

... ... ...

ਸਿੰਮੀ ਜਿਵੇਂ ਸਖ਼ਤ ਤੀਲਿਆਂ ਵਾਲਾ ਝਾੜੂ ਫੜ ਕੇ ਆਪਣਾ ਅੰਦਰ ਖੁਰਚ ਖੁਰਚ ਕੇ ਧੋ ਰਹੀ ਏ — ਇਸ਼ੂ ਦੇ ਸਾਰੇ ਖ਼ਿਆਲਾਂ ਨੂੰ ਧੋ ਕੇ ਬਾਹਰ ਕੱਢ ਦੇਣਾ ਚਾਹੁੰਦੀ ਏ।



ਪਰ ਜਿਉਂ ਜਿਉਂ ਉਹ ਧੋਂਦੀ ਏ, ਕਈ ਵਿੱਥਾਂ-ਕੋਨੇ ਸਗੋਂ ਸਾਫ਼ ਹੋ ਕੇ, ਉੱਘੜ ਕੇ ਸਾਹਮਣੇ ਆ ਜਾਂਦੇ ਨੇ। ਸਿੰਮੀ ਨੂੰ ਕੁਝ ਸਮਝ ਨਹੀਂ ਆਉਂਦੀ।

ਕਦੇ ਕੋਈ ਵਿਰਲਾ ਟਾਵਾਂ ਖ਼ਿਆਲ — ਅੱਕ ਦੇ ਫੰਭਿਆਂ ਵਾਂਗੂੰ ਭਟਕਦਾ ਖ਼ਿਆਲ...ਸਿੰਬਲ ਦੀ ਸਫ਼ੈਦ ਰੂੰ ਵਾਂਗੂੰ ਉੱਡਦਾ ਖ਼ਿਆਲ...

— ਇਸ਼ੂ ਦਾ ਕਸੂਰ ? — ਇਹੀ...ਕਿ ਉਹਨੇ ਸੱਚ ਬੋਲਿਆ ?

— ਅੱਜ ਕਿੱਥੇ ਉਹ ਫ਼ਲਸਫ਼ਾ ਲਾਗੂ ਹੁੰਦਾ ਏ ? ਇਕ ਮਰਦ ਤੇ ਇਕ ਤ੍ਰੀਮਤ ਵਾਲਾ ਫ਼ਲਸਫ਼ਾ !...ਹਰ ਥਾਂ 'ਤੇ — ਹਰ ਮਨੁੱਖ...ਹਰ ਮਰਦ...ਹਰ ਤੀਵੀਂ... ਆਪਣੀ ਸ਼ਖ਼ਸੀਅਤ ਦਾ, ਆਪਣੀ ਹੋਂਦ ਦਾ ਹੁੰਗਾਰਾ ਲੱਭਦੇ...। ਸੜਕਾਂ 'ਤੇ...ਕਲੱਬਾਂ ਵਿਚ...ਕੈਫ਼ਿਆਂ ਵਿਚ...ਹਰ ਥਾਂ ਤੇ...ਆਪਣੀ ਰੂਹ ਦਾ, ਆਪਣੇ ਪਿੰਡੇ ਦਾ...ਹਾਣ ਤਲਾਸ਼ ਕਰਦੇ...!

— ਸ਼ਖ਼ਸੀਅਤਾਂ ਗੁੰਝਲਦਾਰ ਹੋ ਗਈਆਂ ਨੇ...ਤੈਹਾਂ ਦੇ ਹੇਠਾਂ ਹੋਰ ਤੈਹਾਂ... ਪਰਤਾਂ...। ਵਰਕੇ...ਵਰਕੇ...। ਸਾਬਤ ਹਾਣ ਕੋਈ ਵਿਰਲਾ ਟਾਵਾਂ...। ਖ਼ੌਰੇ ਹੈ ਹੀ ਨਹੀਂ। ਹੁੰਦਾ ਹੋਵੇਗਾ ਕਿਤੇ...ਬੀਤੇ ਸਮਿਆਂ ਦੇ ਕਿੱਸਿਆਂ ਵਿਚ...ਬੀਤੇ ਸਮਿਆਂ ਨਾਲ ਚਿਪਕੇ ਰਹਿਣ ਦੇ ਇਸ਼ਕ 'ਚੋਂ ਪੈਦਾ ਹੋਏ ਸਾਹਿਤ ਵਿਚ...ਫ਼ਿਲਮਾਂ ਵਿਚ...। ਅਸੀਂ ਜੀਉਂਦੇ ਅੱਜ ਵਿਚ ਹਾਂ ;...ਬੁਰਕੇ ਗੁਜ਼ਰੇ ਕਲ੍ਹ ਦੇ ਓੜ੍ਹਨ ਦੀ ਕੋਸ਼ਿਸ਼...। ਸਾਹ ਹੋਰ...ਬੁਰਕੇ ਹੋਰ...। ਪਿੰਡੇ ਹੋਰ...ਕੱਪੜੇ ਹੋਰ। ਅੱਜ ਵਿਚ ਜੀਉ ਕੇ ਅੱਜ ਦੀ ਗੱਲ ਕਿਉਂ ਨਹੀਂ ਕਰਦੇ ?

— ਸ਼ਰਮਾਂ...ਲੱਜਾਂ...। ਫੋਕੀਆਂ...ਬੇਮਤਲਬ...।

— ਤੈਹਾਂ ਵਾਲੀਆਂ ਸ਼ਖ਼ਸੀਅਤਾਂ...ਤੈਹਾਂ ਵਾਲੀਆਂ ਜ਼ਿੰਦਗੀਆਂ...। ਹਾਣ ...ਰੂਹ ਦਾ ਹਾਣ...ਪਿੰਡੇ ਦਾ ਹਾਣ...ਅੱਗ ਦਾ ਹਾਣ...ਪਾਣੀਆਂ ਦਾ ਹਾਣ...। ਤਲਾਸ਼...ਉਡੀਕ...ਇੰਤਜ਼ਾਰ...ਤਲਾਸ਼। ਚੱਕਰ...ਸਾਬਤ ਚੱਕਰ...ਗੋਲ — ਜਿਥੋਂ ਤੁਰੋ, ਓਥੇ ਈ ਵਾਪਸ।

— ਹਰ ਚੀਜ਼ ਤੇਜ਼ੀ ਨਾਲ ਤੁਰਦੀ ਹੋਈ...!...ਸੋਚਾਂ...ਖ਼ਿਆਲ...ਸ਼ਖ਼ਸੀਅਤਾਂ ਦਾ ਵਿਕਾਸ।...ਸਪੀਡ...ਤੇਜ਼, ਤੇਜ਼, ਹੋਰ ਤੇਜ਼ ਸਪੀਡ ! ਅੱਜ ਜਿਹੜਾ ਹਾਣ ਜਾਪਦਾ ਏ, ਕਦਮ ਮੇਲ਼ ਕੇ ਨਾਲ ਤੁਰਦਾ ਏ...ਕਿਉਂ ?...ਕੋਈ ਲਾਈਨ ਆਫ਼ ਕਮਿਊਨੀਕੇਸ਼ਨ ...ਕੋਈ ਖ਼ਿਆਲਾਂ ਦੀ, ਨਜ਼ਰੀਏ ਦੀ ਸਾਂਝ...ਕੋਈ ਪਛਾਣ, ਕੋਈ ਹਾਣ ! ਮਨੁੱਖ ਤੁਰਦਾ ਏ...ਖ਼ਿਆਲ ਬਦਲਦੇ ਨੇ...ਨਜ਼ਰੀਏ ਬਦਲਦੇ ਨੇ...ਮਾਹੌਲ ਬਦਲਦਾ ਏ... ਜ਼ਿੰਦਗੀ ਬਦਲਦੀ ਏ...। ਵਿਕਾਸ...ਤਬਦੀਲੀ...ਤੇਜ਼, ਹੋਰ ਤੇਜ਼...। ਅੱਜ ਦੇ ਨਾਲ ਤੁਰਨ ਵਾਲੇ ਕਦਮ ਕਲ੍ਹ ਨੂੰ ਪਿਛੇ ਵੀ ਰਹਿ ਸਕਦੇ ਨੇ, ਅਗਾਂਹ ਵੀ ਲੰਘ ਸਕਦੇ ਨੇ। ਅੱਜ ਦੇ ਕਦਮਾਂ ਦੇ ਹਾਣ ਦੇ ਕਦਮ ਕਲ੍ਹ ਨਿੱਖੜ ਵੀ ਸਕਦੇ ਨੇ। ਅਜ਼ਲਾਂ ਦੇ ਰਿਸ਼ਤੇ... ਜਨਮਾਂ ਦੀਆਂ ਗੱਲਾਂ...ਸਭ ਦਿਲ-ਪਰਚਾਵੇ...ਖਿਡੌਣੇ — ਰੰਗ-ਬਰੰਗੇ ਮਣਕਿਆਂ ਵਾਲੇ, ਘੁੰਗਰੂਆਂ ਵਾਲੇ — ਛਣ ਛਣ...ਛਣ ਛਣਣ ਛਣਣ !

— ਫੇਰ ?...ਫੇਰ ਕੀ ?...ਹੋਰ ਕਦਮਾਂ ਦੀ ਤਲਾਸ਼ !

— ਤੈਹਾਂ ਵਾਲੇ ਮਨੁੱਖ !...ਦੂਜੇ ਮਨੁੱਖ ਵਿਚ ਹਰ ਤਹਿ ਦੇ ਹਾਣ ਦੀ ਤਹਿ ਖਵਰੇ ਨਾ ਹੋਵੇ ! ਫੇਰ ?...ਫੇਰ ਕੀ...ਇਕ ਤਹਿ ਦਾ ਸਾਥੀ ਹੋਰ...ਦੂਜੀ ਦਾ ਸਾਥੀ ਹੋਰ...ਤੀਜੀ ਦਾ ਸਾਥੀ ਹੋਰ...।

— ਸਾਬਤ ਬੰਦੇ ਹੈਣ ਹੀ ਕਿੱਥੇ ? ਕਿਧਰੇ ਹੈਣ ?...ਟੁਕੜਿਆਂ ਵਿਚ ਵੰਡੀਆਂ ਸ਼ਖਸੀਅਤਾਂ...ਟੁਕੜਿਆਂ ਵਿਚ ਵੰਡੀਆਂ ਜ਼ਿੰਦਗੀਆਂ — ਟੁਕੜਿਆਂ ਵਿਚ ਵੰਡਿਆ ਮਨੁੱਖ...! ਹਰ ਟੁਕੜੇ ਦਾ ਹਾਣ ਵੱਖੋ ਵੱਖ ਮਨੁੱਖਾਂ ਵਿਚੋਂ ਮਿਲਦਾ ਏ ਸ਼ਾਇਦ !...ਅੱਜ ਦੇ ਮਨੁੱਖ ਦੀ ਤਕਦੀਰ...!

— ਤਾਂ ਕੀ ਹੋਇਆ ਫੇਰ ? ਆਫ਼ਤ ਕਿੱਧਰ ਦੀ ਆ ਗਈ ? ਇਕ ਆਦਮੀ ਦਸ ਦੋਸਤ ਜੇ ਬਣਾ ਸਕਦਾ ਏ...ਇਕ ਔਰਤ ਦਸ ਸਹੇਲੀਆਂ ਜੇ ਬਣਾ ਸਕਦੀ ਏ — ਹਰ ਦੋਸਤ, ਹਰ ਸਹੇਲੀ ਨਾਲ ਰਿਸ਼ਤਾ ਸੁਖਾਵਾਂ...ਸਹਿਜ-ਸੁਭਾਅ — ਤਾਂ ਇਕ ਤੋਂ ਵਧੇਰੇ ਮਹਿਬੂਬ ਕਿਉਂ ਨਹੀਂ...? ਮੁਹੱਬਤ ਦੋਸਤੀ ਨਹੀਂ ?...ਕੁਝ ਹੋਰ ਏ ?

— ਬੇਵਕੂਫ਼ੀ !...ਜੋ ਕੁਝ ਕਿਸੇ ਸੈਂਕੜੇ ਸਾਲ ਪਹਿਲੋਂ ਕਿਹਾ ਏ ਓਸੇ ਨੂੰ...ਅੱਖਾਂ ਮੀਟ ਕੇ...।

— ਅਸਲੀ ਗੱਲ ਅੰਦਰ ਦੀ ਖ਼ੂਬਸੂਰਤੀ ਏ।

— ਇਸ਼ੂ... !

— ਅਸਲੀ ਗੱਲ ਇਕ ਵਿਸ਼ਵਾਸ ਦੀ ਏ।

— ਇਸ਼ੂ... !

— ਅਸਲੀ ਗੱਲ ਇਹ ਵੇ, ਕਿ ਕੋਈ ਕਿਸੇ ਦੂਜੇ ਦੇ ਸਾਹਮਣੇ ਬਿਨਾਂ ਕਿਸੇ ਉਹਲੇ ਦੇ, ਬਿਨਾਂ ਕਿਸੇ ਰੱਖ-ਰਖਾਅ ਦੇ...ਆਪਣੇ ਤਨ ਦੇ ਤੇ ਮਨ ਦੇ ਸਾਰੇ ਕੱਪੜੇ ਲਾਹ ਕੇ ਨੰਗਾ ਖੜੋ ਸੱਕੇ।

— ਇਸ਼ੂ...ਇਸ਼ੂ !

— ਅਸਲੀ ਗੱਲ ਸਚਾਈ ਦੀ ਏ...ਈਮਾਨਦਾਰੀ ਦੀ ਏ। ਸਾਬਤ ਸੱਚ ਬੋਲ ਸੱਕੀਏ ਜਿਥੇ, ਓਹੀ ਦਰਗਾਹ...ਓਥੇ ਹੀ ਸਜਦਾ...

— ਇਸ਼ੂ...ਇਸ਼ੂ...!

... ... ...

ਟੈਲੀਫ਼ੋਨ। ਇਸ਼ੂ ਦਾ ਨੰਬਰ।

"ਹੈਲੋ, ਈਸ਼ਵਰ ਹੇਅਰ।"

"ਇਸ਼ੂ, ਮੈਂ...ਸਿੰਮੀ।"

"ਓਹ, ਸਿੰਮੀ...," ਇਸ਼ੂ ਦੀ ਆਵਾਜ਼ ਦਾ ਰੰਗ ਤਾਂਬਈ ਏ। ਆਵਾਜ਼ ਦੀ ਟੁਣਕਾਰ ਵੀ ਤਾਂਬੇ ਦੇ ਕਿਸੇ ਪੱਕੇ, ਰਸੇ ਹੋਏ, ਹੰਢੇ-ਵਰਤੇ ਭਾਂਡੇ ਦੀ ਟੁਣਕਾਰ ਵਰਗੀ।

"ਇਸ਼ੂ, ਅੱਜ ਸ਼ਾਮੀਂ...ਕੀ ਕਰ ਰਹੇ ਓ ਤੁਸੀਂ ?"

"ਕੁਝ ਵੀ ਨਹੀਂ। ਬਿਲਕੁਲ ਵਿਹਲਾਂ।"

"ਤਾਂ...ਆ ਸਕੋਗੇ ?"



"ਜ਼ਰੂਰ ! ਕਿਥੇ ?"

"ਕਿਧਰੇ ਵੀ...ਕਿਧਰੇ ਵੀ...", ਸਿੰਮੀ ਦੀ ਆਵਾਜ਼ ਜਿਵੇਂ ਅੰਨ੍ਹੀ ਏ, ਡੰਗੋਰੀ ਨਾਲ ਹਨੇਰੇ ਵਿਚ ਰਾਹ ਟਟੋਲਦੀ ਹੋਈ...।

'ਅੱਛਾ, ਓਡੀਅਨ ਦੇ ਸਾਹਮਣੇ...ਛੇ ਵਜੇ...ਪੂਰੇ...ਪਿੱਕ ਕਰ ਲਵਾਂਗਾ।"

"ਛੇ ਵਜੇ।"

ਸਿੰਮੀ ਨੂੰ ਲਗਦਾ ਏ, ਇਹ ਟੈਲੀਫ਼ੋਨ ਉਹਨੇ ਨਹੀਂ ਸੀ ਕੀਤਾ, ਕਿਸੇ ਹੋਰ ਨੇ ਕੀਤਾ ਸੀ। ਉਹ ਤੇ, ਬੱਸ, ਦੂਰ ਖੜੋ ਕੇ ਵੇਖਦੀ ਰਹੀ ਸੀ...ਬੇਵਾਸਤਾ ਹੋ ਕੇ... ਬੇਲਾਗ ਹੋ ਕੇ... !

# ਮੈਂ ਤੇ ਮੈਂ

# ਇਕ ਜ਼ਬਤ-ਸ਼ੁਦਹ ਚੀਖ਼

? ਮੈਂ ਤੇਰੇ ਨਾਲ ਦੋ ਘੜੀਆਂ ਬਹਿ ਕੇ ਗੱਲ ਕਰਨੀ ਏਂ ।

* ਕਿਹਦੇ ਨਾਲ ? ਕਿਹਦੇ ਨਾਲ ਗੱਲ ਕਰਨੀ ਏਂ ਤੂੰ ? ਤੇ ਕਿਹਨੂੰ ਪੁੱਛ ਕੇ ਤੂੰ ਇਸ ਤਰ੍ਹਾਂ ਦਰਵਾਜ਼ਾ ਖੋਲ੍ਹ ਕੇ ਅੰਦਰ ਲੰਘੀ ਆਉਨੀ ਏਂ ?

? ਦਰਵਾਜ਼ਾ ਬਹੁਤ ਦੇਰ ਤੋਂ ਖੜਕਾ ਰਹੀ ਸਾਂ । ਤੂੰ ਖੋਲ੍ਹਿਆ ਨਹੀਂ । ਤਲੀ ਨਾਲ ਧੱਕਿਆ, ਤੇ ਖੁਲ੍ਹ ਗਿਆ । ਤੇ ਮੈਂ ਅੰਦਰ ਲੰਘ ਆਈ ਆਂ । ਤੂੰ ਰਿੰਜ ਕਿਉਂ ਹੁੰਨੀ ਏਂ ?

* ਮੈਨੂੰ ਸਭ ਪਤਾ ਏ, ਤੈਨੂੰ ਅੰਮ੍ਰਿਤਾ ਨੇ ਮੇਰੇ ਪਿਛੇ ਲਾ ਦਿੱਤਾ ਏ ।

? ਚੱਲ, ਇੰਜੇ ਸਹੀ । (ਨਿੱਕੀ ਜਿਹੀ ਹਾਸੀ ।) ਅੰਮ੍ਰਿਤਾ ਦੇ ਨਾਂ ਦੀ ਖ਼ਾਤਰ ਹੀ ਸਹੀ, ਮੈਨੂੰ ਬਹਿਣ ਲਈ ਕੋਈ ਮੂਹੜਾ ਪੀਹੜੀ ਤੇ ਦੇਹ ।

* ਪਰ...(ਅੰਮ੍ਰਿਤਾ ਦੇ ਨਾਂ ਦੇ ਅਸਰ ਕਰ ਕੇ ਹੀ ਸ਼ਾਇਦ, ਗੁੱਸੇ ਦਾ ਖਨਕਦਾ ਤੇਵਰ ਹਲਕਾ ਪੈ ਗਿਆ ਏ) ਪਰ ਮੈਂ ਤਾਂ ਵਕਤ ਦੀਆਂ ਕਬਰਾਂ ਵਿਚ ਦਫ਼ਨ ਹਾਂ । ਹਿੰਮਤ ਹੈ ਈ ਤੇ ਪਹਿਲੋਂ ਇਹ ਕਬਰਾਂ ਪੁੱਟ । ਆਪਣੇ ਨਹੁੰਆਂ ਨਾਲ ।

? ਕਬਰਾਂ ? ਯਾਨੀ ? ਇਕ ਬੰਦਾ ਇਕ ਵਕਤ ਇਕੋ ਕਬਰ ਵਿਚ ਦਫ਼ਨ ਹੋ ਸਕਦਾ ਏ । ਬਹੁਤ ਸਾਰੀਆਂ ਕਬਰਾਂ ਕਿਸ ਤਰ੍ਹਾਂ ?

* ਇਹੀ ਤਾਂ ਅਜੀਬ ਗੱਲ ਏ । (ਇਕ ਹਉਕਾ) ਬੰਦਾ ਜ਼ਿੰਦਗੀ ਦੇ ਬੇਰਹਿਮ ਸਫ਼ਰ ਵਿਚ ਸਾਬਤ ਨਹੀਂ ਰਹਿੰਦਾ, ਉਹਦੇ ਬਹੁਤ ਸਾਰੇ ਟੁਕੜੇ ਹੋ ਜਾਂਦੇ ਨੇ, ਤੇ ਆਹਿਸਤਾ ਆਹਿਸਤਾ ਵਕਤ ਦੀ ਮਿੱਟੀ ਦੇ ਹੇਠਾਂ ਦਫ਼ਨ ਹੋਈ ਜਾਂਦੇ ਨੇ । ਇਕ ਬੰਦੇ ਨੂੰ ਤਾਲਾਸ਼ ਕਰਨ ਲਈ ਉਹ ਸਾਰੀਆਂ ਕਬਰਾਂ ਪੁੱਟ ਕੇ ਸਾਰੇ ਟੁਕੜਿਆਂ ਨੂੰ ਤਾਲਾਸ਼ ਕਰਨਾ ਪੈਂਦਾ ਏ । ਹੈ ਹਿੰਮਤ ਏਨੀਆਂ ਸਾਰੀਆਂ ਕਬਰਾਂ ਪੁੱਟਣ ਦੀ ?

? ਵਾਹ, ਸੁਆਲ ਤੇ ਮੈਂ ਕਰਨੇ ਸਨ । ਇਹ ਕਾਊਂਟਰ-ਅਟੈਕ ਏ ?

* ਹੱਸਣ ਵਾਲੀ ਗੱਲ ਨਹੀਂ ਇਹਦੇ ਵਿਚ । ਮਜ਼ਾਕ ਨਾਲ ਕੁਝ ਪੱਲੇ ਨਹੀਂ ਪੈਣਾ ਤੇਰੇ । ਪੱਲੇ ਤਾਂ ਮਿਹਨਤ ਨਾਲ ਈ ਪਵੇਗਾ ।

? ਪਰ ਤੇਰੇ ਸਾਰੇ ਈ ਟੁਕੜੇ ਦਫ਼ਨ ਨੇ ?

* (ਰਤਾ ਸੋਚ ਕੇ) ਨਹੀਂ, ਸਾਰੇ ਨਹੀਂ । ਕੁਝ ਏਧਰ ਓਧਰ ਖਿੱਲਰੇ ਵੀ ਪਏ ਨੇ । ਲੱਭਣੇ ਪੈਣਗੇ ।

? ਚੱਲ ਮੇਰੇ ਨਹੁੰ ਤਿਆਰ ਨੇ ਕਬਰ ਪੁਟਣ ਲਈ। ਪੋਟੇ ਵੀ। ਤੇ ਖਿੱਲਰੇ ਟੋਟਿਆਂ ਤਕ ਦਾ ਸਫ਼ਰ ਕਰਨ ਲਈ ਵੀ ਤਿਆਰ ਹਾਂ। ਉਠ ਪਹਿਲੀ ਕਬਰ ਦਾ ਰਾਹ ਵਿਖਾ।

* ਮੇਰਾ ਇਕ ਟੁਕੜਾ ਲਾਹੌਰ ਦੇ ਇਕ ਮਕਾਨ ਦੀ ਛੱਤ 'ਤੇ ਪਈ ਅਲਾਣੀ ਮੰਜੀ ਦੇ ਵਾਣ ਦੀਆਂ ਵਿਰਲਾਂ ਵਿਚ ਦਫ਼ਨ ਏ। ਉਹਦੇ ਉਤੇ ਤਰਕਾਲਾਂ ਵੇਲੇ ਲੇਟ ਕੇ ਮੈਨੂੰ ਡੁਬਦੇ ਸੂਰਜ ਨਾਲ ਓਧਰੋਂ ਰੰਗੇ ਹੋਏ ਤੇ ਏਧਰੋਂ ਦੁਧੀਆ ਤੋਂ ਸਿਆਹੀ-ਮਾਇਲ ਹੁੰਦੇ ਆਸਮਾਨ ਦੀ ਬੇਕਿਨਾਰ ਨਦੀ ਵਿਚ ਤੈਰਦੇ ਹੋਏ ਬੇਅੰਤ ਕਾਲੇ ਖੰਭ ਨਜ਼ਰ ਆਉਂਦੇ ਸਨ। ਘਰਾਂ ਨੂੰ ਜਾਂਦੇ ਕਾਂ। ਹਰ ਸ਼ਾਮ ਮੈਨੂੰ ਆਸਮਾਨ ਦਾ ਉਹ ਬਦਲਦਾ ਰੰਗ ਵੇਖਣ ਦਾ ਨਸ਼ਾ ਸੀ। ਨਾ ਵੇਖਿਆਂ ਬਦਨ ਟੁੱਟਦਾ ਸੀ। ਘਰਾਂ ਨੂੰ ਜਾਂਦੇ ਕਾਂ ਮੈਨੂੰ ਦੁਨੀਆਂ ਦਾ ਸਭ ਤੋਂ ਵੱਡਾ ਰਹੱਸ ਜਾਪਦੇ ਸਨ, ਇਕ ਤਲਿਸਮ। ਤੇ ਮੈਨੂੰ ਉਹਨਾਂ ਦੀਆਂ ਸਾਰੀਆਂ ਗੱਲਾਂ, ਆਹਲਣਿਆਂ ਵਿਚ ਪਹੁੰਚ ਕੇ ਖੰਭਾਂ ਨੂੰ ਸਮੇਟ ਕੇ ਤਹਿ ਕਰ ਕੇ ਨਿੱਸਲ ਹੋ ਕੇ ਸੌਣਾ, ਛਾਤੀ 'ਤੇ ਚੁੰਝ ਟਿਕਾ ਕੇ, ਦੋਹਾਂ ਕਾਵਾਂ ਦੇ ਲਾਡ (ਜਿਹੜੇ ਮੈਂ ਕਿਆਸ ਲੈਂਦੀ ਸਾਂ ਕਿਉਂਕਿ ਘਰ ਦੀ ਛੱਤ 'ਤੇ ਬਣੇ ਲੱਕੜਾਂ ਕੋਲਿਆਂ ਵਾਲੇ ਕੋਠੇ ਦੇ ਘੁਰਨਿਆਂ ਵਿਚ ਮੈਂ ਕਬੂਤਰਾਂ ਨੂੰ ਲਾਡ ਕਰਦਿਆਂ ਵੇਖਿਆ ਹੋਇਆ ਸੀ), ਉਹਨਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ, ਨਿੱਕੇ ਨਿੱਕੇ ਹਾਸੇ ਰੋਸੇ, ਤੇ ਫੇਰ ਨੀਂਦਰ, ਤੇ ਅਗਲੀ ਸਵੇਰ ਸੂਰਜ ਦੀ ਪਹਿਲੀ ਕਿਰਨ ਤੋਂ ਵੀ ਪਹਿਲਾਂ ਜਾਗਣਾ ਤੇ ਚਾਨਣ ਦੀ ਕਿਲਕਾਰੀ ਨਾਲ ਥਰਕਦੇ ਖੰਭਾਂ ਨਾਲ ਗੌਂ ਗੌਂ ਕੇ ਆਹਲਣੇ ਵਾਲੇ ਰੁੱਖ 'ਤੇ ਏਧਰੋਂ ਉਧਰ ਉਡਣਾ, ਟਾਹਣੀਆਂ 'ਤੇ ਥਿਰਕਣਾ, ਸਿਆਹ ਕਾਲੇ ਰੰਗ ਦੀ ਚਮਕ, ਸਭ ਨਜ਼ਰ ਆਉਂਦਾ ਸੀ। ਮੇਰਾ ਇਕ ਹਿੱਸਾ ਜਿਵੇਂ ਉਹਨਾਂ ਦੇ ਨਾਲ ਹੀ ਉੱਡ ਕੇ ਉਹਨਾਂ ਦੇ ਆਹਲਣਿਆਂ ਵਿਚ ਚਲਾ ਜਾਂਦਾ ਸੀ।

ਬਹੁਤ ਮਗਰੋਂ ਮੈਨੂੰ ਮੇਰੀ ਮਾਂ ਨੇ ਝਿੜਕਿਆ, 'ਵੱਡੀ ਹੋ ਰਹੀ ਏਂ ਤੂੰ। ਏਸ ਤਰ੍ਹਾਂ ਤਰਕਾਲਾਂ ਵੇਲੇ ਘੰਟਿਆਂ-ਬੱਧੀ ਕੋਠੇ 'ਤੇ ਬਹਿਣ ਦਾ ਕੀ ਕੰਮ?' ਕਾਵਾਂ ਦੀ ਗੱਲ ਸੁਣ ਕੇ ਡਾਂਟਿਆ, 'ਪਾਗਲ ਏਂ ਤੂੰ ਤੇ। ਕਾਵਾਂ ਦੇ ਕੋਈ ਆਹਲਣੇ ਊਹਲਣੇ ਨਹੀਂ ਹੁੰਦੇ।'

'ਪਰ ਉਹਨਾਂ ਦਾ ਘਰ ਕਿਥੇ ਹੁੰਦਾ ਏ?'

'ਕਿਤੇ ਵੀ ਨਹੀਂ।'

'ਜਾਂਦੇ ਕਿਥੇ ਨੇ ਪਰ ਉਹ?'

'ਦਰਖ਼ਤਾਂ 'ਤੇ ਬਹਿ ਕੇ ਰਾਤ ਕੱਟਣ ਵਾਸਤੇ।'

'ਪਰ ਸੌਂਦੇ ਕਿਥੇ ਨੇ?'

'ਕਿਹਾ ਏ ਨਾ ਦਰਖ਼ਤਾਂ ਉਤੇ।' ਉਹਨਾਂ ਖਿੱਝ ਕੇ ਕਿਹਾ।

'ਪਰ ਘਰ ਤੋਂ ਬਿਨਾਂ ਸੌਂਦੇ ਕਿਸ ਤਰ੍ਹਾਂ ਨੇ?'

'ਸਿਰ ਨਾ ਖਾਹ।'

ਮੇਰਾ ਉਹ ਹਿੱਸਾ ਜਿਹੜਾ ਰੋਜ਼ ਕਾਵਾਂ ਦੇ ਨਾਲ ਉਹਨਾਂ ਦੇ ਆਹਲਣਿਆਂ



ਵਿਚ ਜਾਂਦਾ ਹੁੰਦਾ ਸੀ, ਜ਼ਬਹ ਹੋ ਰਿਹਾ ਸੀ। ਫੇਰ ਨਾ ਲਾਹੌਰ ਰਿਹਾ (ਉਂਜ ਤਾਂ ਉਹ ਵੱਸੇ ਕਿਆਮਤ ਤੱਕ), ਨਾ ਉਹ ਛੱਤ ਰਹੀ, ਨਾ ਉਹ ਅਲਾਣੀ ਮੰਜੀ, ਨਾ ਉਹ ਆਸਮਾਨ, ਨਾ ਉਹ ਕਾਂ। ਮੇਰਾ ਇਕ ਹਿੱਸਾ ਅਜੇ ਵੀ ਉਥੇ ਦਫ਼ਨ ਏ। ਹਿੰਮਤ ਹੈ ਤਾਂ ਕਬਰ ਪੁੱਟ, ਤੇ ਕੱਢ।

? ਪਹਿਲਾਂ ਤੂੰ ਮੈਨੂੰ ਸਾਰੀਆਂ ਕਬਰਾਂ ਵਿਖਾ ਲੈ।

* (ਹੱਸ ਕੇ) ਪਿਛੋਂ ਪੁੱਟੇਂਗੀ? ਐਂਥਰੋਪਾਲੋਜਿਸਟ ਵਾਂਗੂੰ!

? ਹੁਣ ਮੈਂ ਮਜ਼ਾਕ ਦੇ ਮੂਡ ਵਿਚ ਨਹੀਂ। ਅਗਲੀ ਕਬਰ?

* ਮੇਰੇ ਦੂਜੇ ਟੁਕੜੇ ਨੇ ਬਲਦੇਵ ਨਾਂ ਦੇ ਇਕ ਆਦਮੀ ਦੀਆਂ ਭੂਰੀਆਂ ਅੱਖਾਂ ਦੀਆਂ ਝਿੰਮਣੀਆਂ ਨਾਲ ਲਟਕ ਕੇ ਫਾਹਾ ਲੈ ਲਿਆ ਸੀ। ਬਲਦੇਵ ਮੇਰੇ ਕੋਲੋਂ ਬਾਰਾਂ ਤੇਰ੍ਹਾਂ ਵਰ੍ਹੇ ਵੱਡਾ ਸੀ। ਆਪਣੇ ਆਪ ਨੂੰ ਮੇਰਾ 'ਸਾਜਦ' ਕਹਿੰਦਾ ਸੀ। ਮੈਂ ਉਦੋਂ ਮਸਾਂ ਪੰਦਰਾਂ ਕੁ ਵਰ੍ਹਿਆਂ ਦੀ ਨਿਹਾਇਤ ਬੇਵਕੂਫ਼ ਤੇ ਬਹੁਤ ਮੇਚਿਓਰਡ ਕੁੜੀ ਸਾਂ। ਪਰ ਉਹਦਾ ਇਕ ਪ੍ਰੋਫੈਸਰ ਸੀ ਜੋ ਉਹਨੂੰ 'ਰਾਂਝਾ ਸਾਹਿਬ' ਕਹਿੰਦਾ ਸੀ। ਰਾਂਝੇ ਦੀ ਗੁੜ੍ਹਤੀ ਜਿਸ ਨੂੰ ਮਿਲੀ ਹੋਵੇ ਉਹ ਭਲਾ ਕੋਈ ਦਲੇਰੀ ਵਾਲਾ ਕੰਮ ਕਰ ਸਕਦਾ ਏ ਕਦੇ? ਦਲੇਰੀ ਵਾਸਤੇ ਤਾਂ ਮਿਰਜ਼ੇ ਦੀ ਗੁੜ੍ਹਤੀ ਚਾਹੀਦੀ ਏ। ਏਸੇ ਕਰਕੇ ਉਹਨੇ ਨਾ ਮੈਨੂੰ ਕਦੇ ਛੋਹਿਆ, ਨਾ ਮੇਰੀ ਬਾਂਹ ਫੜ ਕੇ ਆਪਣੇ ਘਰ ਦੀਆਂ ਮੁਹਾਠਾਂ ਦੇ ਪਾਰ ਲੈ ਗਿਆ। ਪਰ ਉਹਦੀ ਮੁਹੱਬਤ ਨੇ ਮੇਰੇ ਕੁਆਰੇ ਤੇ ਅਲੂੰਏਂ ਸੁਪਨਿਆਂ ਨੂੰ ਤੇ ਅਹਿਸਾਸਾਂ ਨੂੰ ਸ਼ੀਸ਼ੇ ਵਾਂਗੂੰ ਤਿੜਕਾ ਦਿਤਾ। ਇਹ ਗੱਲ ਅਠਾਈ ਵਰ੍ਹੇ ਪੁਰਾਣੀ ਏ, ਪਰ ਅਜੇ ਤਕ ਵੀ ਉਹ ਤਿੜਕੀਆਂ ਕਿਰਚਾਂ ਮੇਰੇ ਵਿਹੜੇ ਵਿਚ ਖਿੱਲਰੀਆਂ ਹੋਈਆਂ ਨੇ। ਕਦੇ ਲੰਮੀਆਂ, ਵੀਰਾਨ, ਤੇ ਨੀਂਦਰੋਂ-ਸੱਖਣੀਆਂ ਰਾਤਾਂ ਵਿਚ ਨੰਗੇ ਪੈਰੀਂ ਜੇ ਵਿਹੜੇ ਵਿਚ ਨਿਕਲ ਜਾਵਾਂ ਤਾਂ ਪੈਰਾਂ ਵਿਚ ਚੁੱਭਦੀਆਂ ਨੇ, ਤੇ ਸੁਰਖ਼ ਲਹੂ ਨਾਲ ਰੰਗੀਆਂ ਜਾਂਦੀਆਂ ਨੇ। ਕਦੇ ਪਰਭਾਤ ਦੇ ਟਿਕੇ ਹੋਏ ਇਕਾਂਤ ਵਿਚ ਸੂਰਜ ਦੀਆਂ ਕਿਰਨਾਂ ਦੇ ਆਹਿਸਤਾ ਆਹਿਸਤਾ ਜਾਗਦੇ ਸੱਤੇ ਰੰਗ ਸੱਤਾਂ ਸੁਰਾਂ ਵਾਂਗੂੰ ਆਪਣੇ ਸੀਨੇ ਵਿਚ ਲਪੇਟ ਕੇ, ਫੇਰ ਇਕ ਇਕ ਰੰਗ ਡੋਹਲਦੀਆਂ ਰਹਿੰਦੀਆਂ ਨੇ ਤੇ ਬਿਹਾਗੜਾ ਰਾਗ ਗਾਉਂਦੀਆਂ ਰਹਿੰਦੀਆਂ ਨੇ। ਉਹਨਾਂ ਨੂੰ ਹੂੰਝਣ ਦੀ ਗੱਲ ਮੈਨੂੰ ਕੁਫ਼ਰ ਵਰਗੀ ਜਾਪਦੀ ਏ ਕਿਉਂਕਿ ਮੇਰੀ 'ਮੈਂ' ਦਾ ਇਕ ਟੁਕੜਾ ਉਹਨਾਂ ਵਿਚ ਸਮਾ ਗਿਆ ਹੋਇਆ ਏ।

? (ਹਉਕਾ ਭਰ ਕੇ) ਕਿਸੇ ਖਿੱਲਰੇ ਹੋਏ ਟੁਕੜੇ ਦੀ ਗੱਲ ਕਰ! ਕੋਈ ਖ਼ੁਸ਼ਗਵਾਰ ਗੱਲ! ਨਹੀਂ ਤੇ ਉਦਾਸੀ ਦੀ ਇਸ ਧੁੰਦ ਵਿਚ ਰਾਹ ਲੱਭਣਾ ਔਖਾ ਹੋ ਜਾਵੇਗਾ।

* ਮੇਰਾ ਇਕ ਟੁਕੜਾ ਮੇਰੀ ਬੜੀ ਹੀ ਪਿਆਰੀ ਧੀ ਅਰਪਨਾ ਵਿਚ ਜੀਉਂਦਾ ਏ। ਉਹਦੇ ਸਾਹਾਂ ਵਿਚ ਰਲਿਆ ਹੋਇਆ ਏ। ਜਦੋਂ ਉਹ ਕੋਈ ਬੜੀ ਗਹਿਰੀ ਨਜ਼ਮ ਲਿਖਦੀ ਏ, ਤਾਂ ਮੈਨੂੰ ਲਗਦਾ ਏ ਮੇਰੀ 'ਮੈਂ' ਦਾ ਉਹੀ ਟੁਕੜਾ ਲਿਖ ਰਿਹਾ ਏ। ਜੋ ਬਾਕੀ ਦੀ 'ਮੈਂ' ਨਹੀਂ ਕਹਿ ਸਕੀ, ਉਹ ਕਹਿ ਰਿਹਾ ਏ। ਜਦੋਂ ਉਹ ਕੋਈ ਪੇਂਟਿੰਗ ਬਣਾਂਦੀ ਏ, ਤਾਂ ਉਹਦੀ ਪੇਂਟਿੰਗ ਦੇ ਰੰਗਾਂ ਵਿਚ ਮੇਰਾ ਉਹੀ ਟੁਕੜਾ ਸਾਹ ਲੈਂਦਾ ਏ। ਜਦੋਂ ਅਖ਼ਬਾਰ ਵਿਚ ਛਪਦੇ ਉਹਦੇ ਕਾਲਮ ਦੀ ਲੋਕੀਂ ਤਾਰੀਫ਼

ਕਰਦੇ ਨੇ, ਮੇਰਾ ਉਹ ਟੁਕੜਾ ਜ਼ਮੀਨ ਤੋਂ ਦੋ ਗਿੱਠਾਂ ਉਤਾਂਹ ਤੁਰਨ ਲਗਦਾ ਏ। ਪਰ ਕਈ ਵਾਰੀ ਉਹਦੀਆਂ ਨਜ਼ਮਾਂ ਦੀ ਉਦਾਸੀ ਜਰਨੀ ਬੜੀ ਔਖੀ ਹੁੰਦੀ ਏ। ਮਾਂ ਹਾਂ ਨਾ। ਮਸਲਨ ਜਦੋਂ ਉਹਦੀ ਨਜ਼ਮ ਵਿਚ ਸੂਰਜ ਇਕ ਟਟਹਿਣੇ ਵਾਂਗੂੰ ਕਿਸੇ ਅੰਨ੍ਹੇ ਖੂਹ ਵਿਚ ਡਿੱਗਦਾ ਏ — ਬੇਸਹਾਰਾ, ਜਦੋਂ ਰਾਤ ਦੇ ਸਿਆਹ ਫੁੱਲ ਉਨੀਂਦਰੀਆਂ ਅੱਖਾਂ ਵਿਚ ਖਿੜਦੇ ਨੇ, ਜਦੋਂ ਜ਼ਿੰਦਗੀ ਦੇ ਖੰਡਰਾਂ ਵਿਚ ਯਾਦਾਂ ਦੇ ਕਬੂਤਰ ਆਹਲਣੇ ਬਣਾਂਦੇ ਨੇ, ਜਦੋਂ ਸੂਰਜ ਉਹ ਸੇਬ ਬਣ ਜਾਂਦਾ ਏ ਜਿਹੜਾ ਆਦਮ ਨੇ ਚੱਖਿਆ ਸੀ...ਤੇ ਅਸਲ ਵਿਚ ਉਹ ਸੇਬ ਸੀ 'ਸਭ-ਕੁਝ-ਦੀ-ਆਦਤ-ਪੈ-ਜਾਂਦੀ-ਏ' ਦਾ ਸੇਬ...ਜਿਹੜਾ ਸੇਬ ਸੁਪਨਿਆਂ ਤੇ ਆਦਰਸ਼ਾਂ ਦੇ ਸਵਰਗ ਵਿਚੋਂ ਆਦਮ ਨੂੰ ਕੱਢ ਕੇ ਧਰਤੀ ਨਾਲ ਸਮਝੌਤਾ ਕਰ ਲੈਣ ਵਾਲੀ ਬੇਬਸੀ ਤੱਕ ਲੈ ਆਇਆ, ਜਦੋਂ ਹਰ ਇਕ ਦਿਨ ਨੂੰ ਜ਼ਖ਼ਮੀ ਪਰਿੰਦੇ ਵਾਂਗੂੰ ਉਹ ਆਪਣੇ ਹੱਥਾਂ ਦੀ ਬੁੱਕ ਵਿਚ ਕੱਜ ਲੈਂਦੀ ਏ, ਤਾਂ ਮੈਂ ਬਹੁਤ ਉਦਾਸ ਹੋ ਜਾਂਦੀ ਹਾਂ। ਉਹਦੀ ਇਹ ਉਦਾਸੀ ਸ਼ਾਇਦ ਉਹਨੂੰ ਵਿਰਸੇ ਵਿਚ ਮਿਲੀ ਏ। ਤੇ ਮੈਂ ਉਹਨੂੰ ਬੁੱਕਲ ਵਿਚ ਲਪੇਟ ਕੇ ਇਸ ਕੌੜੇ ਗਾੜ੍ਹੇ ਧੂੰਏਂ ਵਰਗੇ ਕੋਹਰੇ ਤੋਂ ਬਚਾ ਲੈਣਾ ਚਾਹੁੰਦੀ ਹਾਂ, ਪਰ ਬਚਾ ਨਹੀਂ ਸਕਦੀ।

? ਫੇਰ ਉਦਾਸੀ ਦੀ ਗੱਲ ? ਮੈਨੂੰ ਲਗਦਾ ਏ ਅੱਜ ਤੇਰੇ ਨਾਲ ਬਹਿ ਕੇ ਮੈਨੂੰ ਵੀ ਰੋਣਾ ਪਵੇਗਾ।

* ਹੁਣ ਮੈਨੂੰ ਕੁਝ ਨਾ ਕਹਿ। ਨਾ ਰੋਕ। ਅੱਗੇ ਸੁਣ। ਮੇਰੀ 'ਮੈਂ' ਦੇ ਦੋ ਟੁਕੜੇ ਫ਼ਰਾਂਸ ਦੇ ਇਕ ਸ਼ਹਿਰ ਲੀਓ ਵਿਚ ਰਹਿ ਗਏ ਨੇ। ਬੜੀ ਅਜੀਬ ਗੱਲ ਏ, ਉਸ ਸ਼ਹਿਰ ਦਾ ਨਾਂ ਵੀ ਮੈਂ ਕਦੇ ਨਹੀਂ ਸੀ ਸੁਣਿਆ ਹੋਇਆ। ਕਦੇ ਜੁਗਰਾਫ਼ੀਏ ਵਿਚ ਵੀ ਨਹੀਂ ਸੀ ਪੜ੍ਹਿਆ। ਗਲੋਬ 'ਤੇ ਨਹੀਂ ਸੀ ਵੇਖਿਆ। ਅਚਾਨਕ ਸਵਾ ਤਿੰਨ ਵਰ੍ਹੇ ਪਹਿਲੋਂ ਇਕ ਕਾਲੀ ਬੋਲੀ ਰਾਤ ਨੂੰ ਉਹ ਨਾਂ ਸੁਣਿਆ, ਫੇਰ ਓਥੇ ਗਈ। ਉਹਦੀਆਂ ਗਲੀਆਂ ਵਿਚ ਪਾਗਲਾਂ ਵਾਂਗੂੰ ਤੁਰਦੀ ਰਹੀ, ਉਹਦੀ ਅਜਨਬੀ ਹਵਾ ਵਿਚ ਸਾਹ ਲੈਂਦੀ ਰਹੀ। ਪੂਰੇ ਛੇ ਦਿਨ। ਉਹ ਛੇ ਦਿਨ ਮੇਰੀ ਜ਼ਿੰਦਗੀ ਦੇ ਸਭ ਤੋਂ ਔਖੇ ਦਿਨ ਸਨ। ਉਹਨਾਂ ਦੇ ਇਕ ਇਕ ਪਲ ਵਿਚੋਂ ਲੰਘਣਾ ਅੱਗ ਵਿਚ ਨਹਾਣ ਵਾਂਗੂੰ ਸੀ। ਤੇ ਆਖ਼ਰ ਓਸ ਅਜਨਬੀ ਸ਼ਹਿਰ ਦੀ ਇਕ ਅਜਨਬੀ ਤੇ ਉਦਾਸ ਕਬਰ-ਗਾਹ ਵਿਚ ਮੇਰਾ ਇਕ ਟੁਕੜਾ ਸੜ ਕੇ ਰਾਖ਼ ਹੋ ਗਿਆ—ਸੁਆਹ ਤੇ ਹੱਡੀਆਂ ਦੀਆਂ ਚਾਰ ਮੁੱਠਾਂ, ਇਕ ਸੀਲਾਂ ਲੱਗੇ ਲੱਕੜ ਦੇ ਬਕਸੇ ਵਿਚ ਬੰਦ। ਤੇ ਦੂਜਾ ਟੁਕੜਾ ਅਜੇ ਵੀ ਉਸ ਕਬਰਗਾਹ ਦੇ ਕਿਸੇ ਉਦਾਸ ਬੈਂਚ 'ਤੇ ਸਿਰ ਸੁੱਟ ਕੇ ਬੈਠਾ ਏ, ਆਸ ਪਾਸ ਬੈਠੇ ਸਫ਼ੈਦ ਸਿਰਾਂ ਤੇ ਟੁੱਟੀਆਂ ਝੁਕੀਆਂ ਕਮਰਾਂ ਵਾਲੇ ਦੋ ਚਾਰ ਲੋਕਾਂ ਤੋਂ ਬੇਖ਼ਬਰ, ਜਿਹੜੇ ਛੁੱਟੀ ਵਾਲੇ ਦਿਨ ਜਾਂ ਦਿਨ ਦਿਹਾਰ ਵਾਲੇ ਦਿਨ ਜਾਂ ਆਪਣੇ ਪਿਆਰੇ ਦੇ ਮਰਨ ਵਾਲੇ ਦਿਹਾੜੇ ਉਹਦੀ ਕਬਰ 'ਤੇ ਦੋ ਫੁੱਲ ਚੜ੍ਹਾਣ ਆਉਂਦੇ ਨੇ, ਤੇ ਫੇਰ ਘੜੀ ਪਲ ਵੀਰਾਨ ਉਦਾਸ ਬੈਂਚਾਂ 'ਤੇ ਧੁੱਪੇ ਬਹਿ ਕੇ ਜ਼ਿੰਦਗੀ ਦੀ ਬੇਬੁਨਿਆਦੀ ਬਾਰੇ, ਤੇ ਮੌਤ ਦੇ ਤਸ਼ੱਦਦ ਬਾਰੇ, ਤੇ ਜ਼ਿੰਦਗੀ ਦੇ ਬੇਮਕਸਦ ਸ਼ੋਰ ਤੇ ਜੀਊਣ ਦੇ ਆਖ਼ਰੀ ਖ਼ੌਫ਼ਨਾਕ ਪੜਾਅ ਬਾਰੇ ਚੁੱਪਚਾਪ ਸੋਚਦੇ ਨੇ, ਤੇ ਫੇਰ



ਘਰ ਤੁਰ ਜਾਂਦੇ ਨੇ। ਪਰ ਮੇਰਾ ਉਹ ਟੁਕੜਾ ਉਥੇ ਹੀ ਬੈਂਚ 'ਤੇ ਬੈਠਾ ਰਹਿੰਦਾ ਏ — ਧੁੱਪਾਂ ਵਿਚ, ਬੱਦਲਾਂ ਵਿਚ, ਮੀਂਹਾਂ ਵਿਚ, ਹਵਾਵਾਂ ਵਿਚ, ਬਰਫ਼ਾਂ ਵਿਚ, ਪਾਲਿਆਂ ਵਿਚ। ਕਿਥੇ ਜਾਏ ? ਉਸ ਅਜਨਬੀ ਸ਼ਹਿਰ ਵਿਚ ਉਹਦਾ ਕੋਈ ਵਾਕਫ਼ ਨਹੀਂ।

? ਤੇਰੇ ਗਲ ਲਗ ਕੇ ਰੋਣ 'ਤੇ ਜੀਅ ਕਰਦਾ ਏ। ਅੱਛਾ, ਅਗਲੇ ਕਿਸੇ ਟੁਕੜੇ ਦੀ ਗੱਲ ਕਰ।

* ਇਕ ਬੰਦਾ ਸੀ। ਉਹਨੂੰ ਮੈਂ 'ਓਮਾਂ' ਕਹਿੰਦੀ ਸਾਂ। ਉਹਨੇ ਮੇਰਾ ਦਿਲ ਜਿੱਤਣ ਵਾਸਤੇ ਡੇਢ ਸਾਲ ਮਿਹਨਤ ਕੀਤੀ। ਮੈਨੂੰ ਚੰਗੀਆਂ ਕਿਤਾਬਾਂ ਪੜ੍ਹਨੀਆਂ, ਤੇ ਨਵੀਆਂ ਕਿਤਾਬਾਂ ਬਾਰੇ ਗੱਲਾਂ ਸੁਣਨਾ ਚੰਗਾ ਲਗਦਾ ਸੀ। ਉਹ ਰੋਜ਼ ਦੋ ਤਿੰਨ ਸੌ ਸਫ਼ੇ ਪੜ੍ਹ ਕੇ ਸੌਂਦਾ। ਮੈਨੂੰ ਥੀਏਟਰ ਜਾਣਾ ਚਗਾ ਲਗਦਾ ਸੀ, ਉਹ ਦਿੱਲੀ ਦੇ ਹਰ ਥੀਏਟਰ ਵਿਚ ਹੋਣ ਵਾਲੇ ਹਰ ਡਰਾਮੇ ਦੀਆਂ ਟਿਕਟਾਂ ਖ਼ਰੀਦ ਕੇ ਮੇਰੇ ਪਿਛੇ ਫਿਰਦਾ ਰਹਿੰਦਾ। ਮੈਨੂੰ ਮਿਊਜ਼ਿਕ ਚੰਗਾ ਲਗਦਾ ਸੀ, ਉਹਨੇ ਵੀ ਇਹ ਸ਼ੌਕ ਪਾਲ ਲਿਆ ਸੀ। ਚੰਗੀਆਂ ਫ਼ਿਲਮਾਂ ਦਾ ਸ਼ੌਕ ਸੀ, ਉਹ ਹਰ ਸ਼ਾਮ ਮੈਨੂੰ ਫ਼ਿਲਮ ਲਿਜਾਣ ਲਈ ਤਿਆਰ ਰਹਿੰਦਾ। ਉਹ ਸਕੂਲਾਂ ਦੇ ਬੱਚਿਆਂ ਲਈ ਗਾਈਡਾਂ ਛਾਪ ਕੇ ਵੇਚਣ ਦਾ ਧੰਦਾ ਕਰਦਾ ਸੀ। ਜਲੰਧਰ ਵਿਚ। ਮੈਨੂੰ ਉਹਦਾ ਇਹ ਕੰਮ ਪਸੰਦ ਨਹੀਂ ਸੀ। (ਜਿਵੇਂ ਬੱਚਿਆਂ ਨਾਲ ਕੋਈ ਪ੍ਰਾਸਟੀਚੀਊਸ਼ਨ ਕਰ ਰਿਹਾ ਹੋਵੇ)। ਉਹਨੇ ਹੌਲੀ ਹੌਲੀ ਆਪਣੇ ਉਸ ਕੰਮ ਨੂੰ ਬੰਦ ਕਰ ਦਿਤਾ। ਵਧੀਆ ਰੀਸਰਚ ਦੀਆਂ ਕਿਤਾਬਾਂ, ਤੇ ਲਿਟਰੇਚਰ ਛਾਪਣਾ ਸ਼ੁਰੂ ਕਰ ਦਿਤਾ। (ਅੱਜ ਵੀ ਕਦੇ ਕੋਈ ਉਹਦੀਆਂ ਛਪੀਆਂ ਕਿਤਾਬਾਂ ਦੀ ਤਾਰੀਫ਼ ਕਰਦਾ ਏ, ਤਾਂ ਮੈਨੂੰ ਲਗਦਾ ਏ ਮੇਰੀ ਤਾਰੀਫ਼ ਹੋ ਰਹੀ ਏ) ਓਮਾਂ ਪਹਿਲਾ ਮਰਦ ਸੀ ਜਿਸ ਨੇ ਮੇਰੇ ਜਿਸਮ ਦੀ ਪਿਆਸ ਨੂੰ ਤੇ ਰੂਹ ਦੀ ਭਟਕਣ ਨੂੰ ਸਮਝਿਆ। ਸੈਕਸ ਦੇ ਪੱਖੋਂ ਮੇਰੀ ਜ਼ਿੰਦਗੀ ਦਾ ਇਹ ਪਹਿਲਾ ਮਰਦ ਸੀ, ਤੇ ਅੱਜ ਦੀ ਤਾਰੀਖ਼ ਤਕ ਆਖ਼ਰੀ ਮਰਦ। ਉਹਦੇ ਜਾਣ ਤੋਂ ਮਗਰੋਂ ਮੈਂ ਹਰ ਮੂੰਹ ਵਿਚ ਉਹਦੀ ਤਾਲਾਸ਼ ਕਰਦੀ ਰਹੀ ਹਾਂ।

ਇਹ ਵੀ ਨਹੀਂ ਕਿ ਮੇਰੀ ਸਾਰੀ ਭਟਕਣ ਨੂੰ ਉਹਨੇ ਮਿਟਾ ਦਿਤਾ ਸੀ। ਇਹ ਵੀ ਨਹੀਂ ਕਿ ਉਹਨੂੰ ਮਿਲ ਕੇ ਮੈਂ ਉਹਦੀ ਛਾਂ ਵਿਚ ਆਰਾਮ ਨਾਲ ਸੌਂ ਗਈ ਸਾਂ। ਅਜੀਬ ਮਿਠਾਸ ਤੇ ਤਲਖ਼ੀ ਨਾਲ ਭਰੇ ਉਹ ਵਰ੍ਹੇ ਸਨ, ਤਕਰੀਬਨ ਪੰਜ ਛੇ ਵਰ੍ਹੇ, ਜਿਹੜੇ ਮੈਂ ਉਹਦੇ ਨਾਲ ਗੁਜ਼ਾਰੇ। ਅਜੀਬ ਗੱਲ ਇਹ ਐ ਕਿ ਉਹਨੇ ਮੇਰੀ ਭਟਕਣ ਨੂੰ ਛਿੱਲ ਤਰਾਸ਼ ਕੇ ਹੋਰ ਟੈਂਨਸ ਕੀਤਾ, ਮਿਟਾਇਆ ਨਹੀਂ।

ਉਹਦਾ ਜਾਣਾ ਸ਼ਾਇਦ ਮੇਰਾ ਕਸੂਰ ਹੀ ਸੀ। ਈਮਾਨਦਾਰੀ ਨਾਲ ਸੋਚਾਂ ਤਾਂ ਮੇਰਾ ਹੀ ਕਸੂਰ ਸੀ, ਕਿਉਂਕਿ ਮੈਂ ਉਦੋਂ ਤਕ ਅਜੇ ਝੂਠ ਮੂਠ ਦਾ ਵੀ ਕੰਪ੍ਰੋਮਾਈਜ਼ ਕਰਨਾ ਨਹੀਂ ਸੀ ਸਿਖਿਆ। ਜ਼ਿੰਦਗੀ ਨਾਲ ਐਕਟਿੰਗ ਵਾਲਾ ਸਮਝੌਤਾ ਵੀ ਨਹੀਂ। ਅਜੀਬ ਅਸੂਲਾਂ ਦੇ ਚੱਕਰ-ਵਿਊਹ ਵਿਚ ਫਸੀ ਹੋਈ ਸਾਂ, ਕਿ ਜੇ ਮੁਹੱਬਤ ਹੈ ਤਾਂ ਉਹ ਸਾਬਤ ਹੋਣੀ ਚਾਹੀਦੀ ਏ, ਕਿ ਉਹਦੇ ਵਿਚ ਈਮਾਨਦਾਰੀ ਤੇ ਦਿਆਨਤਦਾਰੀ ਹੋਣੀ ਚਾਹੀਦੀ ਏ, ਕਿ ਉਹ ਚਿੱਟੇ ਦਿਨ ਵਾਂਗੂੰ

ਪਾਕ, ਸ਼ਫ਼ਾਫ਼. ਤੇ ਸਾਹਮਣੇ ਦਿੱਸਣ ਵਾਲੀ ਚੀਜ਼ ਹੁੰਦੀ ਏ — ਜ਼ਿੰਦਗੀ ਦੇ ਹਰ ਪਲ ਵਿਚ, ਹਰ ਸਾਹ ਵਿਚ, ਹਰ ਅਮਲ ਵਿਚ ਮਹਿਸੂਸ ਕਰਨ ਦੀ ਤੇ ਹੋਣ-ਥੀਣ ਦੀ ਚੀਜ਼ ਹੁੰਦੀ ਏ, ਛੁਪਾਣ ਦੀ ਚੀਜ਼ ਨਹੀਂ ਹੁੰਦੀ, ਕਿ ਛੁਪਾਣ ਵਾਲੀ ਹਰ ਚੀਜ਼ ਨਾਪਾਕ ਹੁੰਦੀ ਏ, ਕਿ.ਜੇ ਬੰਦਾ ਅੰਦਰੋਂ ਸੋਚੇ ਕਿ ਉਹ ਜੋ ਵੀ ਕਰ ਰਿਹਾ ਏ, ਠੀਕ ਕਰ ਰਿਹਾ ਏ, ਤਾਂ ਕਿਸੇ ਕੋਲੋਂ ਛੁਪਾਏ ਕਿਉਂ, ਤੇ ਜੇ ਛੁਪਾਣ ਦੇ ਕਾਬਿਲ ਭੈੜੀ ਗੱਲ ਸਮਝੇ ਤਾਂ ਕਰੇ ਕਿਉਂ, ਕਿ ਜੇ ਕਿਸੇ ਨੂੰ ਪਿਆਰ ਕਰੀਏ ਤਾਂ ਉਹਦੀਆਂ ਪਲਕਾਂ ਦੀ ਜੁੰਬਸ਼ ਤੋਂ ਮਨ ਦੀ ਗੱਲ ਸਮਝ ਆ ਜਾਣੀ ਚਾਹੀਦੀ ਏ, ਜੇ ਦੱਸਣ ਦੀ ਲੋੜ ਬਾਕੀ ਰਹਿ ਗਈ ਤਾਂ ਮੁਹੱਬਤ ਦੀ ਤੌਹੀਨ ਏ, ਕਿ ਜੇ ਉਹ ਮੇਰਾ ਮਰਦ ਸੀ ਤਾਂ ਮੈਂ ਉਹਦੀ ਸਾਬਤ ਜ਼ਿੰਮੇਵਾਰੀ ਸਾਂ — ਕਮ-ਅਜ਼-ਕਮ ਇਮੋਸ਼ਨਲ ਸਿਕਿਓਰਿਟੀ ਮੈਨੂੰ ਦੇਣੀ ਤਾਂ ਉਹਦੀ ਜ਼ਿੰਮੇਵਾਰੀ ਹੈ ਹੀ ਸੀ। ਬੱਸ, ਇਹਨਾਂ ਸਾਰੇ ਊਟ-ਪਟਾਂਗ ਅਸੂਲਾਂ ਦੇ ਜੰਗਲ ਵਿਚ ਘਿਰੀ ਹੋਈ ਮੈਂ ਉਹਨੂੰ ਵੀ ਆਪਣੇ ਨਾਲ ਉਸ ਜੰਗਲ ਵਿਚ ਘਸੀਟਣਾ ਚਾਹੁੰਦੀ ਸਾਂ। ਪਰ ਉਹ ਸਿਆਣਾ ਸੀ, ਤੇ ਸਮਝਦਾਰ। ਮੇਰੇ ਨਾਲੋਂ ਸੋਲਾਂ ਸਤਾਰਾਂ ਵਰ੍ਹੇ ਵੱਡਾ। ਕਾਮਯਾਬ, ਦੁਨਿਆਵੀ ਬੰਦਾ। ਤੇ ਸਿਆਣਾ ਬੰਦਾ ਜੰਗਲਾਂ ਵਿਚ ਕਿਉਂ ਭਟਕੇਗਾ ਭਲਾ ? ਤੇ ਜਦੋਂ ਉਹ ਗਿਆ, ਮੇਰੀ 'ਮੈਂ' ਦਾ ਇਕ ਟੁਕੜਾ ਉਹਦੇ ਨਾਲ ਈ ਤੁਰ ਗਿਆ। ਰੁੱਖ ਦੇ ਪਰਛਾਵੇਂ ਵਾਂਗੂ। ਤੇ ਬਾਕੀ ਬਚ ਗਈ ਧੁੱਪ। ਉਸ ਧੁੱਪ ਵਿਚ ਮੈਂ ਇਕੱਲੀ ਰਹਿ ਗਈ। ਮੈਨੂੰ ਰੁੱਖ ਦੇ ਵੀ ਤੇ ਪਰਛਾਵੇਂ ਦੇ ਵੀ ਵਾਪਸ ਆਉਣ ਦੀ ਅਜੇ ਤਕ ਇੰਤਜ਼ਾਰ ਏ।

? ਉਹਨੂੰ 'ਵਾਜ ਕਿਉਂ ਨਹੀਂ ਮਾਰ ਲੈਂਦੀ ?

* ਆਵਾਜ਼ ਮਾਰਨੀ ਤੌਹੀਨ ਏ...ਆਵਾਜ਼ ਦੇਣ ਵਾਲੇ ਦੀ ਵੀ ਤੇ ਉਹਦੀ ਵੀ ਜਿਸ ਨੂੰ ਆਵਾਜ਼ ਦੇਈਏ।

? ਫੇਰ ਓਹੀ ਅਸੂਲਾਂ ਦਾ ਜੰਗਲ ? ਹੁਣੇ ਤਾਂ ਤੂੰ ਕਿਹਾ ਸੀ, ਜਾਂ ਸ਼ਾਇਦ ਤੇਰੀ ਗੱਲ ਤੋਂ ਲਗਾ ਸੀ ਕਿ ਹੁਣ ਤੂੰ ਜ਼ਿੰਦਗੀ ਨਾਲ ਕੰਪ੍ਰੋਮਾਈਜ਼ ਕਰਨ ਦੀ ਜਾਚ ਸਿਖ ਲਈ ਏ।

* ਸਿਖ ਲੈਂਦੀ, ਤਾਂ ਮੈਂ ਇਕ ਸਿੱਧੀ ਸਾਦੀ ਸ਼ਰੀਫ਼-ਜ਼ਾਦੀ ਔਰਤ ਹੁੰਦੀ, ਜਿਹੜੀ ਹਰ ਮਹੱਲੇ ਦੇ ਹਰ ਘਰ ਵਿਚ ਖ਼ਾਨਦਾਨਾਂ ਦੀ ਇੱਜ਼ਤ ਦੀ ਚੌਕੀਦਾਰੀ ਕਰਦੀ ਹੋਈ ਤੈਨੂੰ ਮਿਲ ਜਾਵੇਗੀ। ਪਰ ਉਹ ਅਜੀਤ ਕੌਰ ਨਹੀਂ ਹੋਵੇਗੀ। ਅਜੀਤ ਕੌਰ ਦਾ ਅਜੀਤ ਕੌਰ ਹੋਣਾ ਹੀ ਉਹਦਾ ਸਰਾਪ ਏ। ਮੇਰਾ ਵੀ ਤੇ ਤੇਰਾ ਵੀ।

? ਪਰ ਲਗਦਾ ਏ ਜ਼ਿੰਦਗੀ ਦੇ ਇਕ ਅੱਧ ਮਸਲੇ ਵਿਚ ਤੂੰ ਹਾਲਾਤ ਨਾਲ ਸਮਝੌਤਾ ਕਰ ਲਿਆ ਏ। ਮਸਲਨ ਰੋਟੀ ਕਮਾਣ ਵਾਲਾ ਮਸਲਾ।

* ਹਾਂ, ਇਹ ਇਕ ਹੋਰ ਟੁਕੜਾ ਏ ਮੇਰਾ ਜਿਹੜਾ ਰੋਟੀ ਲਈ ਕੰਮ ਕਰਦਾ ਏ। ਪਰ ਇਹਨੇ ਵੀ ਆਪਣੀ ਪਰਸਥਿਤੀ ਨਾਲ ਸਮਝੌਤਾ ਨਹੀਂ ਕੀਤਾ ਹੋਇਆ। ਤੈਨੂੰ ਭੁਲੇਖਾ ਲਗਾ ਏ। ਇਸ ਟੁਕੜੇ ਤੋਂ ਮੈਨੂੰ ਨਫ਼ਰਤ ਵੀ ਏ ਤੇ ਇਹਦੇ 'ਤੇ ਮੈਨੂੰ ਤਰਸ ਵੀ ਆਉਂਦਾ ਏ। ਲੋਕ ਕਹਿੰਦੇ ਨੇ ਮੈਂ ਬੜੀ ਕਾਮਯਾਬ ਬਿਜ਼ਨਸ-ਵੂਮਨ



ਹਾਂ। ਪਰ ਉਹ ਮੇਰਾ ਟੁਕੜਾ ਜਿਹੜਾ ਬਿਜ਼ਨਸ ਕਰਦਾ ਏ, ਮੈਨੂੰ ਸਭ ਤੋਂ ਘਟੀਆ ਤੇ ਜ਼ਲੀਲ ਲਗਦਾ ਏ। ਇਹਦਾ ਇਹ ਮਤਲਬ ਨਹੀਂ ਕਿ ਮੈਨੂੰ ਕੰਮ ਕਰਨਾ ਚੰਗਾ ਨਹੀਂ ਲਗਦਾ। ਕੰਮ ਤਾਂ ਮੈਂ ਦਿਨ ਰਾਤ ਕਰ ਜਕਦੀ ਹਾਂ। ਤੇ ਜ਼ਿੰਦਗੀ ਵਿਚ ਮੈਂ ਬਥੇਰੀ ਹੱਡ-ਭੰਨਵੀਂ ਮਿਹਨਤ ਕੀਤੀ ਏ। ਪਰ ਇਹ ਮਿਹਨਤ ਹੋਰ ਤਰ੍ਹਾਂ ਦੀ ਏ। ਇਸ ਟੁਕੜੇ ਨੂੰ ਬਹੁਤ ਐਕਟਿੰਗ ਕਰਨੀ ਪੈਂਦੀ ਏ। ਘਟੀਆ ਲੋਕਾਂ ਨਾਲ ਹੱਸ ਕੇ ਗੱਲ ਕਰਨੀ ਪੈਂਦੀ ਏ। ਜਿਨ੍ਹਾਂ ਲੋਕਾਂ ਨੂੰ ਮਿਲਣ 'ਤੇ ਦਿਲ ਨਹੀਂ ਕਰਦਾ, ਉਹਨਾਂ ਨੂੰ ਮਿਲਣਾ ਪੈਂਦਾ ਏ, ਪਾਰਟੀਆਂ 'ਤੇ ਜਾਣਾ ਪੈਂਦਾ ਏ, ਖ਼ਾਸ ਕਰ ਕੇ ਐਮਬੈਸੀਆਂ ਦੀਆਂ ਨਿਹਾਇਤ ਬੋਰ ਪਾਰਟੀਆਂ 'ਤੇ। ਕਦੇ ਕਦਾਈਂ ਘਰ ਵੀ ਪਾਰਟੀਆਂ ਕਰਨੀਆਂ ਪੈਂਦੀਆਂ ਨੇ। ਤੇ ਮੈਨੂੰ ਹੰਗਾਮੇ ਤੋਂ ਸਖ਼ਤ ਨਫ਼ਰਤ ਏ। ਮਹਿਜ਼ ਵਾਕਫ਼ ਚਿਹਰਿਆਂ ਦੀ ਭੀੜ ਵਿਚ ਦਮ ਘੁਟਦਾ ਏ। ਸਿਰਫ਼ ਉਹਦੇ ਨਾਲ ਗੱਲ ਕਰਨ 'ਤੇ ਜੀਅ ਕਰਦਾ ਏ ਜਿਹੜਾ ਬੰਦਾ ਮੈਨੂੰ ਚੰਗਾ ਲਗੇ। ਪਰ ਮੁਸੀਬਤ ਇਹ ਐ ਪਈ ਲੱਖਾਂ ਵਿਚੋਂ ਕੋਈ ਇਕ ਅੱਧ ਬੰਦਾ ਈ ਚੰਗਾ ਲਗਦਾ ਏ, ਬੱਸ। ਇਹ ਬੁਜ਼ੀਨੈੱਸ ਮੇਰੀ ਸਨਾਬਰੀ ਨਹੀਂ, ਮੇਰੀ ਮਜਬੂਰੀ ਏ। ਪਰ ਨਾ ਚੰਗੇ ਲਗਣ ਵਾਲੇ ਬੰਦਿਆਂ ਨੂੰ ਵੀ ਮਿਲਣਾ ਮੇਰੇ ਉਸ ਟੁਕੜੇ ਦੀ ਮਜਬੂਰੀ ਏ। ਭੀੜ ਤੋਂ ਮੈਨੂੰ ਨਫ਼ਰਤ ਏ, ਪਰ ਏਸ ਟੁਕੜੇ ਨੂੰ ਭੀੜ ਵਿਚ ਰਲਣਾ ਪੈਂਦਾ ਏ। ਜੇ ਉਹ ਕਦੇ ਭੀੜ ਵਿਚ ਗੁਆਚ ਜਾਂਦਾ, ਜਾਂ ਭੀੜ ਨੂੰ ਐਨਜਾਏ ਕਰਨ ਲਗ ਪੈਂਦਾ, ਤਾਂ ਮੈਂ ਉਹਨੂੰ ਵੱਢ ਕੇ ਸੁੱਟ ਦੇਣਾ ਸੀ। ਪਰ ਮੈਨੂੰ ਉਹਦੇ 'ਤੇ ਰਹਿਮ ਆਉਂਦਾ ਏ, ਕਿਉਂਕਿ ਬਿਜ਼ਨਸ ਦੇ ਦਸਾਂ ਵਰ੍ਹਿਆਂ ਤੋਂ ਬਾਅਦ ਵੀ ਉਹ ਜ਼ਬਹ-ਖ਼ਾਨੇ ਵੱਲ ਜਾਂਦੇ ਮੇਮਣੇ ਵਾਂਗ ਡਡਿਆਂਦਾ ਏ, ਤੇ ਬੜੀਆਂ ਕਾਤਰ ਤੇ ਪੁਰ-ਨਮ ਅੱਖਾਂ ਨਾਲ ਮੇਰੇ ਵੱਲ ਤੱਕਦਾ ਏ।

ਇਹ ਟੁਕੜਾ ਅਜੇ ਵਕ਼ਤ ਦੀ ਕਬਰ ਵਿਚ ਦਫ਼ਨ ਨਹੀਂ ਹੋਇਆ। ਪਰ ਜਿਸ ਦਿਨ ਵੀ ਰੋਟੀ ਕਮਾਣ ਲਈ ਮੈਨੂੰ ਕੋਈ ਹੋਰ ਸਾਧਨ ਲੱਭ ਪਿਆ, ਮੈਂ ਇਹਨੂੰ ਆਪ ਦਫ਼ਨ ਕਰ ਦਿਆਂਗੀ। ਤੇ ਉਸ ਦਿਹਾੜੇ ਦੋਸਤਾਂ ਵਿਚ ਬਹਿ ਕੇ ਸੈਲੀਬਰੇਟ ਕਰਾਂਗੀ।

? ਖ਼ੁਦਾ ਕਰੇ, ਉਹ ਦਿਨ ਛੇਤੀ ਆਵੇ।

* ਹੋਰ ਬਹੁਤ ਸਾਰੇ ਟੁਕੜੇ ਨੇ, ਛੋਟੇ ਛੋਟੇ। ਲੱਕੜ ਪਾੜਨ ਲਗਿਆਂ ਏਧਰ ਓਧਰ ਉੱਡਣ ਵਾਲੇ ਛੋਡਿਆਂ ਵਾਂਗੂੰ ਫੈਲੇ ਹੋਏ। ਇਹ ਦੋਸਤਾਂ ਦੀਆਂ ਜ਼ਿਆਦਤੀਆਂ ਨਾਲ ਟੁੱਟੇ ਹੋਏ ਟੁਕੜੇ ਨੇ।

? ਠੀਕ ਆਖਨੀ ਏਂ। ਦੁਸ਼ਮਣਾਂ ਦੀ ਦੁਸ਼ਮਣੀ ਦੀ ਸਮਝ ਆਉਂਦੀ ਏ, ਏਸ ਕਰ ਕੇ ਬੰਦਾ ਬਰਦਾਸ਼ਤ ਕਰ ਲੈਂਦਾ ਏ। ਪਰ ਦੋਸਤਾਂ ਦੀ ਕੀਤੀ ਦੁਸ਼ਮਣੀ ਨਾਲ ਬੱਸ ਮੂੰਹ ਅੱਡਿਆ ਰਹਿ ਜਾਂਦਾ ਏ ਹੈਰਾਨੀ ਨਾਲ, ਤੇ ਆਪਣੀ ਹੋਂਦ ਦਾ ਇਕ-ਅੱਧ ਛੋਡਾ ਉੱਡ ਕੇ ਪਰ੍ਹਾਂ ਜਾ ਡਿੱਗਦਾ ਏ, ਕਿਉਂਕਿ ਉਸ ਦੁਸ਼ਮਣੀ ਦਾ ਲਾਜਿਕ ਸਮਝ ਨਹੀਂ ਆਉਂਦਾ, ਏਸ ਕਰ ਕੇ ਉਹਨੂੰ ਬਰਦਾਸ਼ਤ ਕਰਨਾ ਵੀ ਬਾਰੀਕ ਧਾਰ ਤੋਂ ਤੁਰ ਕੇ ਲੰਘਣ ਵਾਂਗੂੰ ਔਖਾ ਏ।

* (ਹੱਸ ਕੇ) ਤੂੰ ਤੇ ਫ਼ਿਲਾਸਫ਼ੀ ਦੀਆਂ ਗੱਲਾਂ ਕਰਨ ਲਗ ਪਈ ਏਂ ।

? ਹੋਰ ਤੇਰੇ ਕੋਲ ਬਹਿ ਕੇ ਚਰਖਾ ਕੱਤਾਂਗੀ ? ਅੱਛਾ, ਕਿਸੇ ਹੋਰ ਟੁਕੜੇ ਦੀ ਗੱਲ ਕਰ ਜਿਹੜਾ ਅਜੇ ਦਫ਼ਨ ਨਹੀਂ ਹੋਇਆ ।

* ਹੈ ! ਬਹੁਤ ਹੀ ਅਹਿਮ, ਤੇ ਜ਼ਰੂਰੀ, ਤੇ ਮਹਿਬੂਬ ਟੁਕੜਾ । ਇਹਦੇ ਹੋਣ ਕਰ ਕੇ ਹੀ ਮੈਂ ਜੀਅ ਰਹੀ ਹਾਂ । ਇਹ ਮੇਰੀ 'ਮੈਂ' ਦਾ ਉਹ ਟੁਕੜਾ ਏ ਜਿਹੜਾ ਮੇਰੀ ਛਾਤੀ ਦੇ ਪਿੰਜਰੇ ਵਿਚ ਕੈਦ ਏ । ਹਰ ਵੇਲੇ ਮੇਰੀ ਛਾਤੀ ਦੇ ਅੰਦਰ ਕੁਲਬੁਲਾਂਦਾ ਏ । ਇਹ ਟੁਕੜਾ ਬਹੁਤ ਸਾਰਾ ਲਿਖਣਾ ਚਾਹੁੰਦਾ ਏ, ਢੇਰਾਂ ਦੇ ਢੇਰ ਕਿਤਾਬਾਂ ਪੜ੍ਹਨੀਆਂ ਚਾਹੁੰਦਾ ਏ. ਆਵਾਰਗੀ ਨਾਲ ਘੁੰਮਣਾ ਚਾਹੁੰਦਾ ਏ, ਮਿਊਜ਼ਿਕ ਸੁਣਨਾ ਚਾਹੁੰਦਾ ਏ, ਥੀਏਟਰ, ਫ਼ਿਲਮਾਂ, ਪੇਂਟਿੰਗਜ਼, ਸਕਲਪਚਰ, ਤਸਵੀਰਾਂ, ਖ਼ੂਬਸੂਰਤ ਘਰ, ਫੱਬ ਵਾਲੇ ਤ੍ਰੀਮਤਾਂ ਮਰਦਾਂ ਦੇ ਚਿਹਰੇ, ਬੱਚਿਆਂ ਦੀਆਂ ਕਿਲਕਾਰੀਆਂ, ਸਿਆਲ ਦੀਆਂ ਦੂਧੀਆ ਤੇ ਹੁਨਾਲ ਦੀਆਂ ਸਲੂਣੀਆਂ ਧੁੱਪਾਂ, ਗਰਮੀਆਂ ਵਿਚ ਰਾਤ ਦੇ ਅਖੀਰਲੇ ਪਹਿਰ ਠੰਢੀ ਹਵਾ ਦਾ ਇਕ ਝੌਂਕਾ, ਤੇ ਸਾਰੀ ਸਾਰੀ ਰਾਤ ਤਾਰਿਆਂ ਦੇ ਥੱਲੇ ਸੌਣ ਦਾ ਤੇ ਜਾਗਣ ਦਾ ਨਸ਼ਾ, ਤਾਰਿਆਂ ਦੀ ਤੋਰ ਤੇ ਠੁਮਕ ਪਰਖਣ ਦੀ ਨਜ਼ਰ, ਤੇ ਸਾਰੇ ਬ੍ਰਹਿਮੰਡ ਵਿਚ ਹਜ਼ਾਰਾਂ ਦੁਨੀਆਂ ਦੇ ਰਥਾਂ ਦੇ ਪਹੀਆਂ ਦੀ ਬਹੁਤ ਦੂਰੋਂ ਆਉਂਦੀ ਬਹੁਤ ਗਹਿਰੀ ਹੁੰਕਾਰਦੀ ਗੂੰਜ, ਪੰਛੀਆਂ ਦੇ ਆਹਲਣੇ, ਘਣੇ ਜੰਗਲਾਂ ਦੀ ਮਹਿਕ, ਗਿੱਲੀ ਮਿੱਟੀ ਦੀ ਖ਼ੁਸ਼ਬੂ, ਪੈਰਾਂ ਦੀਆਂ ਨੰਗੀਆਂ ਤਲੀਆਂ ਹੇਠਾਂ ਦੂਰ ਦੂਰ ਤੱਕ ਫੈਲਿਆ ਸਾਵਾ ਕਚੂਰ ਕੂਲਾ ਘਾਹ, ਖ਼ਾਮੋਸ਼ ਝੀਲਾਂ ਦੇ ਦੁਆਲੇ ਵੀਰਾਨ ਪਗਡੰਡੀਆਂ, ਪਹਾੜਾਂ ਦੀਆਂ ਚੜ੍ਹਾਈਆਂ—ਜਦੋਂ ਲਗਦਾ ਏ ਕਿ ਅਗਲਾ ਕਦਮ ਹੋਰ ਤੇ ਬੱਸ ਆਸਮਾਨ ਦੀ ਨੀਲਾਹਟ ਨੂੰ ਛੋਹਿਆ ਜਾਵੇਗਾ, ਰੰਗਾਂ ਦੀ ਭੀੜ, ਵਧੀਆ ਚਿਕਨੇ ਤੇ ਜਾਨਦਾਰ ਕਾਗਜ਼ਾਂ ਦਾ ਢੇਰ, ਗੂੜ੍ਹੀਆਂ ਮੋਟੇ ਟਿਪਸ ਵਾਲੀਆਂ ਤੇ ਰਵਾਨੀ ਨਾਲ ਲਿਖਣ ਵਾਲੀਆਂ ਕਲਮਾਂ, ਖੁਲ੍ਹੇ ਪਰ ਨਿੱਘੇ ਕਮਰੇ, ਕਮਰਿਆਂ ਵਿਚ ਫੈਲੇ ਅੱਖਾਂ ਨੂੰ ਚੰਗੇ ਲਗਣ ਵਾਲੇ ਰੰਗ, ਮੇਰੇ ਕੋਲ ਕੰਮ ਕਰਨ ਵਾਲੇ ਲੋਕਾਂ ਦੇ ਖ਼ੁਸ਼ ਤੇ ਕੰਟੈਂਟਿਡ ਚਿਹਰੇ — ਇਹਨਾਂ ਸਭਨਾਂ ਦੀ ਸ਼ਿੱਦਤ ਨਾਲ ਜ਼ਰੂਰਤ ਮਹਿਸੂਸ ਹੁੰਦੀ ਏ । ਜਿਵੇਂ ਭੁੱਖ ਲਗਦੀ ਏ ।

ਇਸ ਕੁਲਬੁਲਾਂਦੇ ਛਟਪਟਾਂਦੇ ਟੁਕੜੇ ਨੂੰ ਮੈਂ ਵਰ੍ਹਿਆਂ ਤੋਂ 'ਕਲ੍ਹ ਸਹੀ' ਕਹਿ ਕੇ ਟਾਲਦੀ ਰਹੀ ਹਾਂ । ਕਦੇ ਪੁਚਕਾਰ ਨਾਲ, ਕਦੇ ਬੇਰਹਿਮੀ ਨਾਲ, ਕਦੇ ਝਿੜਕ ਕੇ, ਕਦੇ ਵਰਚਾ ਕੇ । ਪਰ ਇਹ ਕਦੇ ਵੀ ਵਰਚਿਆ ਨਹੀਂ, ਵਰ੍ਹਿਆਂ ਤੋਂ ਪਿੰਜਰੇ ਵਿਚ ਹੁਣੇ ਹੁਣੇ ਬੰਦ ਹੋਏ ਇਕ ਡਰੇ ਸਹਿਮੇ ਖ਼ਰਗੋਸ਼ ਵਾਂਗੂੰ ਸੀਖਾਂ ਤੋਂ ਸੀਖਾਂ ਤਕ ਦੀ ਚਾਰ-ਗਿੱਠ ਦੂਰੀ, ਅਜੀਬ ਬੌਖ਼ਲਾਹਟ ਵਿਚ ਤੈ ਕਰਦਾ ਰਹਿੰਦਾ ਏ । ਏਧਰੋਂ ਓਧਰ । ਓਧਰੋਂ ਏਧਰ । ਤੇ ਬੜੀਆਂ ਤਰਸ-ਮੰਗਦੀਆਂ ਭਿੱਜੀਆਂ ਅੱਖਾਂ ਨਾਲ ਮੇਰੇ ਵੱਲ ਤੱਕਦਾ ਏ । ਤੇ ਮੈਂ ਵੇਖਦੀ ਹਾਂ ਉਹਦੀਆਂ ਅੱਖਾਂ ਵਿਚ ਬੇਪਨਾਹ ਬੇਬਸੀ, ਬੌਖ਼ਲਾਹਟ, ਅੰਤਾਂ ਦੀ ਹੈਰਾਨੀ, ਮਾਸੂਮੀਅਤ, ਜ਼ਬਹ ਹੋ ਰਹੇ ਜਾਨਵਰ ਦੀ ਤੱਕਣੀ, ਤਰਸ ਦੀ ਯਾਚਨਾ, ਗੁੱਸਾ, ਵਿਦਰੋਹ, ਸੀਖਾਂ ਨੂੰ ਦੰਦਾਂ ਨਾਲ ਕੁਤਰ ਸੁੱਟਣ ਦਾ ਚੱਟਾਨੀ ਇਰਾਦਾ, ਸੀਖਾਂ ਨਾਲ ਪਿੰਡਾ ਜ਼ਖ਼ਮੀ ਕਰ ਕੇ ਮਰ ਜਾਣ



ਦਾ ਤਹੱਈਆ, ਇਕ ਖ਼ਾਮੋਸ਼ ਤੂਫ਼ਾਨ । ਸੀਖਾਂ ਦੇ ਵਿਚਕਾਰ ਆਪਣੀ ਪਿਆਜ਼ੀ ਥੂਥਨੀ ਅੜਾ ਕੇ ਸੀਖਾਂ ਦੀ ਚੌੜਾਈ ਨੂੰ ਮੋਕਲਿਆਂ ਕਰ ਲੈਣ ਦੀ, ਤੇ ਬਾਹਰਲੇ ਆਸਮਾਨ ਦੀ ਆਜ਼ਾਦ ਨੀਲਾਹਟ ਨੂੰ ਆਪਣੇ ਕੋਲ ਬੁਲਾ ਲੈਣ ਦੀ ਸੈਲਫ਼-ਡੀਸੈਪਸ਼ਨ ।

? ਹੋਰ ਤਾਂ ਸਭ ਗੱਲਾਂ ਤੇਰੀਆਂ ਥੋੜ੍ਹੀਆਂ ਬਹੁਤ ਸਮਝ ਆ ਗਈਆਂ ਨੇ, ਪਰ ਲਿਖਣ ਦੀ ਗੱਲ ਨੂੰ ਕਲ੍ਹ 'ਤੇ ਟਾਲਣ ਦੀ ਗੱਲ ਸਮਝ ਨਹੀਂ ਆਈ ।

* ਮੈਨੂੰ ਆਪ ਵੀ ਨਹੀਂ ਆਈ । ਜਿਸ ਦਿਨ ਆਈ, ਤੈਨੂੰ ਹਾਕ ਮਾਰ ਕੇ ਸੱਦਾਂਗੀ ਤੇ ਸਮਝਾ ਦਿਆਂਗੀ । ਹੋ ਸਕਦਾ ਏ, ਇਹ ਮਹਿਜ਼ ਆਲਸ ਹੀ ਹੋਵੇ । (ਕਿਉਂਕਿ ਬੜੀ ਸ਼ਰਮਨਾਕ ਗੱਲ ਏ, ਏਸ ਕਰਕੇ ਮੈਂ ਇਹਦਾ ਇਕਬਾਲ ਕਰਨੋਂ ਸੰਗਦੀ ਹੋਵਾਂ । ਆਪਣੇ ਆਪ ਅੱਗੇ ਵੀ) । ਹੋ ਸਕਦਾ ਏ ਆਸ ਪਾਸ ਦੇ ਰੌਲੇ ਵਿਚ ਲਿਖਿਆ ਨਹੀਂ ਜਾ ਸਕਦਾ ।

ਇਹ ਵੀ ਹੋ ਸਕਦਾ ਏ ਸ਼ਾਇਦ ਕਿ ਜਦੋਂ ਮੈਂ ਬਹੁਤ ਸਾਰੀ, ਨਾ ਜਰੀ ਜਾਣ ਵਾਲੀ ਪੀੜ ਵਿਚੋਂ ਗੁਜ਼ਰ ਰਹੀ ਹੋਵਾਂ ਤਾਂ ਨਹੀਂ ਲਿਖ ਸਕਦੀ । ਬਹੁਤ ਮਗਰੋਂ, ਜਦੋਂ ਦਰਦ ਦੀ ਚੀਖ਼ ਹੋਠਾਂ ਦੇ ਪਰਲੇ ਪਾਸੇ ਜਰਨ ਦੀ ਜਾਚ ਆ ਜਾਵੇ, ਜਾਂ ਉਹ ਚੀਖ਼ ਬਾਹਰੋਂ ਹੀ ਜ਼ਬਤ ਹੋ ਜਾਵੇ (ਜ਼ਬਤ ਹੋਈ ਕਿਤਾਬ ਵਾਂਗੂੰ), ਤੇ ਮੈਂ ਓਸ ਖ਼ਾਮੋਸ਼ ਹੋ ਰਹੇ ਦਰਦ ਦੀਆਂ ਸਾਰੀਆਂ ਤੈਹਾਂ ਨੂੰ ਬਾਹਰ ਖੜੋ ਕੇ ਵੇਖ ਸਕਾਂ (ਬੇਲਾਗ ਹੋ ਕੇ ਨਹੀਂ, ਕਿਉਂਕਿ ਹਰ ਦਰਦ ਦੇ ਨਿਸ਼ਾਨ ਰੂਹ ਵਿਚ ਉੱਕਰੇ ਜਾਂਦੇ ਨੇ — ਤੱਤੀਆਂ ਸਲਾਖ਼ਾਂ ਨਾਲ, ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਕੈਦੀਆਂ ਦੇ ਪਿੰਡੇ 'ਤੇ ਨਿਸ਼ਾਨ ਉੱਕਰ ਦੇਂਦੇ ਸਨ — ਤੇ ਉਹਦੇ ਤੋਂ ਬੇਲਾਗ ਕਦੇ ਹੋਇਆ ਹੀ ਨਹੀਂ ਜਾ ਸਕਦਾ । ਜੋ ਅੱਜ ਮੈਂ ਹਾਂ, ਉਹ ਸਾਰੇ ਗੁਜ਼ਰੇ ਹਾਦਸਿਆਂ ਦਾ ਮਜਮੂਆ ਹੀ ਤਾਂ ਹਾਂ) ਓਦੋਂ ਹੀ ਲਿਖ ਸਕਦੀ ਹਾਂ । ਤੇ ਦਰਦ ਦੀ ਸ਼ਿੱਦਤ ਨੇ ਤੇ ਵਕਤ ਦੀ ਦੁਸ਼ਮਣੀ ਨੇ ਪਿਛਲੇ ਬਹੁਤ ਸਾਲਾਂ ਤੋਂ ਇਕ ਪਲ ਲਈ ਵੀ ਰਿਹਾਈ ਨਹੀਂ ਦਿੱਤੀ । ਅੱਗ ਵਿਚ ਨਹਾਣ ਦਾ ਕੁਝ ਅਜਿਹਾ ਆਲਮ ਰਿਹਾ ਦੋਸਤ, ਕਿ ਕਾਗਜ਼ਾਂ ਨੇ ਤਾਂ ਸੜਨਾ ਹੀ ਸੀ, ਲਿਖਣ ਵਾਲੀਆਂ ਉਂਗਲਾਂ ਵੀ ਸੜ ਗਈਆਂ ।

? ਲਿਖਣ ਦੀ ਲੋੜ ਜਦੋਂ ਲਹੂ ਵਿਚ ਸ਼ਿੱਦਤ ਨਾਲ ਮਹਿਸੂਸ ਹੋਈ, ਤਾਂ ਉਂਗਲਾਂ ਦੇ ਸੜੇ ਹੋਏ ਠੁੰਠਾਂ ਵਿਚੋਂ ਸ਼ਾਇਦ ਨਵੀਆਂ ਉਂਗਲਾਂ ਕਰੂੰਬਲਾਂ ਵਾਂਗੂੰ ਉੱਗ ਆਉਣਗੀਆਂ ।

* ਸ਼ਾਇਦ (ਇਕ ਹਉਕਾ)

? ਇਕ ਗੱਲ ਹੋਰ...

* ਠਹਿਰ ਜਾਹ ਰਤਾ । ਤੂੰ ਤੇ ਏਸ ਤਰ੍ਹਾਂ ਮੇਰੇ 'ਤੇ ਸੁਆਲ ਕਰਨੀ ਪਈ ਏਂ ਜਿਵੇਂ ਜੱਜ ਹੋਵੇਂ...

? (ਹੱਸ ਕੇ) ਜੱਜ ਨਹੀਂ, ਇਕੋ ਬੰਦੇ ਦਾ ਇਨਕੁਆਇਰੀ ਕਮਿਸ਼ਨ ।

* ਇਕ ਸੁਆਲ ਹੁਣ ਮੈਂ ਤੈਨੂੰ ਪੁੱਛਨੀ ਆਂ । ਤੂੰ ਹਰ ਵੇਲੇ ਇਹ ਜਿਹੜਾ ਮੁਸਕਰਾਹਟ ਦਾ ਮੁਖੌਟਾ ਪਾਈ ਰਖਨੀ ਏਂ...

? ਮੁਖੌਟਾ ? ਮੁਖੌਟਾ ਤਾਂ ਬੜਾ ਸਹਿਜ ਲਫ਼ਜ਼ ਏ । ਬੁਰਕਾ...ਇਕ ਵਾਰੀ ਪਾ ਲਿਆ ਤੇ ਬੱਸ । ਫੇਰ ਲਾਹ ਕੇ ਕਿੱਲੀ 'ਤੇ ਟੰਗ ਲਿਆ । ਇਹ ਤਾਂ ਮਿਹਨਤ-ਕਸ਼ੀ ਦਾ ਮਾਮਲਾ ਏ । ਚਿਹਰੇ 'ਤੇ ਮੁਸਕਰਾਹਟ ਚਿਪਕਾਈ ਰਖਣ ਵਾਸਤੇ ਬਹੁਤ ਤਰੱਦਦ ਕਰਨਾ ਪੈਂਦਾ ਏ ਮੇਰੀ ਜਾਨ । (ਹਉਕਾ ਭਰ ਕੇ) ਸਾਰੇ ਮਸਲਜ਼ ਦੁਖਣ ਲਗਦੇ ਨੇ, ਜਬੜੇ ਐਂਠ ਜਾਂਦੇ ਨੇ ।

* ਪਰ ਕਿਉਂ ? ਕਾਹਦੇ ਲਈ ?

? (ਹਉਕਾ, ਬਹੁਤ ਹੀ ਡੂੰਘਾ) ਹਰ ਬੰਦੇ ਨੇ ਆਪਣੀ ਆਪਣੀ ਸਲੀਬ ਮੋਢਿਆਂ 'ਤੇ ਚੁਕੀ ਹੋਈ ਏ । ਹਰ ਬੰਦਾ ਗੋਲੀਅਥ ਤਕ ਆਪੇ ਤੁਰ ਕੇ ਜਾਂਦਾ ਏ, ਸਲੀਬ ਦੇ ਭਾਰ ਹੇਠਾਂ ਪਿਸਦਾ ਹੋਇਆ । ਕਿਸੇ ਨੂੰ ਕੀ ਹੱਕ ਏ, ਦੂਜੇ ਦਾ ਭਾਰ ਵਧਾਂਦਾ ਫਿਰੇ ?

* ਪਰ ਰਾਤੀਂ ਜਿਸ ਵੇਲੇ ਮੇਰੇ ਕਲੇਜੇ ਨਾਲ ਲਗ ਕੇ ਰੋਨੀ ਏਂ...

? ਲਗਦਾ ਏ, ਮੈਂ ਕੜਕਦੀ ਧੁੱਪ ਹਾਂ, ਮੈਨੂੰ ਛਾਂ ਦੀ ਤਾਲਾਸ਼ ਏ । ਮੈਂ ਪਿਆਸ ਹਾਂ, ਮੈਨੂੰ ਸਮੁੰਦਰ ਜਿੱਡੇ ਪਾਣੀ ਦੀ ਤਾਲਾਸ਼ ਏ । ਮੈਂ ਬੀਆਬਾਨ ਵੀਰਾਨੀ ਹਾਂ, ਮੈਨੂੰ ਇਕ ਘਰ ਦੀ ਤਾਲਾਸ਼ ਏ । ਮੈਂ ਇਕੱਲੀ ਹਾਂ, ਮੈਨੂੰ ਸਾਥ ਦੀ ਤਾਲਾਸ਼ ਏ । ਮੈਂ... ਖ਼ੈਰ ਜਾਣ ਦੇਹ ! ਆਪਣੀ ਛਾਵੇਂ ਖੜੋਣ ਵਾਂਗੂੰ ਆਪਣੇ ਆਪ ਦੇ ਗਲ ਲਗ ਕੇ ਰੋਣਾ...

* ਚੁੱਪ, ਰੋ ਈ ਨਾ ਪਵੀਂ ਹੁਣੇ !

? ਨਹੀਂ, ਏਨੀ ਸੌਖੀ ਨਹੀਂ ਰੋਂਦੀ । ਮੈਂ ਤਾਂ ਬਾਜ਼ ਹਾਂ । ਉਹ ਜ਼ਖ਼ਮੀ ਹੋ ਕੇ ਦਰਖ਼ਤ ਦੀ ਸਭ ਤੋਂ ਉੱਚੀ ਟਾਹਣੀ 'ਤੇ ਜਾ ਬਹਿੰਦਾ ਏ । ਚੁੱਪ ਚਾਪ । ਇਕੱਲਾ, ਆਪਣੇ ਹੀ ਜ਼ਖ਼ਮਾਂ ਤੋਂ ਸ਼ਰਮਸਾਰ ।

* ਓ ਖ਼ੁਦਾਇਆ । (ਹਉਕਾ, ਇਕ ਖ਼ਾਮੋਸ਼ ਚੀਖ਼ ਵਰਗਾ)

? ਛੱਡ ! ਤੈਨੂੰ ਇਕ ਕਹਾਣੀ ਸੁਣਾਵਾਂ । ਇਕ ਬੰਦਾ ਸੀ । ਸਾਰੀ ਸਾਰੀ ਰਾਤ ਉਹਨੂੰ ਨੀਂਦਰ ਨਹੀਂ ਸੀ ਆਉਂਦੀ । ਡਾਕਟਰ ਕੋਲ ਗਿਆ । ਉਹਨੇ ਸਾਈਕਿਐਟ੍ਰਿਸਟ ਕੋਲ ਭੇਜ ਦਿਤਾ । ਸਾਈਕਿਐਟ੍ਰਿਸਟ ਨੇ ਉਹਨੂੰ ਪੰਜ ਸੱਤ ਸਿਟਿੰਗਜ਼ ਦਿਤੀਆਂ । ਆਖ਼ਰ ਫ਼ੈਸਲਾ ਸੁਣਾਇਆ, 'ਹੋਰ ਕੁਝ ਨਹੀਂ, ਤੇਰੇ ਮਨ ਵਿਚ ਬਹੁਤ ਗਹਿਰੀ ਉਤਰੀ ਹੋਈ ਉਦਾਸੀ ਏ । ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰ ।' 'ਕਿਸ ਤਰ੍ਹਾਂ ਖ਼ੁਸ਼ ਰਹਵਾਂ ਡਾਕਟਰ ਸਾਹਿਬ ? ਖ਼ੁਸ਼ੀ ਤਾਂ ਜ਼ਿੰਦਗੀ ਦੇ ਸਹਿਰਾ ਵਿਚ ਦੂਰ ਦੂਰ ਤੱਕ ਵੀ ਨਜ਼ਰ ਨਹੀਂ ਆਉਂਦੀ ।' ਡਾਕਟਰ ਨੇ ਕਿਹਾ, 'ਐਂਜ ਕਰ, ਫ਼ਲਾਣੇ ਥੀਏਟਰ ਵਿਚ ਹਰ ਸਨੀਚਰ ਦੀ ਸ਼ਾਮ ਨੂੰ ਜਾਇਆ ਕਰ । ਓਥੇ ਇਕ ਮਸਖ਼ਰਾ ਸਨੀਚਰ ਦੀ ਸ਼ਾਮ ਨੂੰ ਆਪਣਾ ਸ਼ੋ ਦੇਂਦਾ ਏ । ਮਜ਼ਾਕ ਕਰਦਾ ਏ, ਪੈਂਟੋਮਾਈਮ ਕਰਦਾ ਏ, ਲੋਕਾਂ ਨੂੰ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਛਡਦਾ ਏ । ਹੋਰ ਕੁਝ ਨਹੀਂ, ਤਾਂ ਹਫ਼ਤੇ ਵਿਚ ਦੋ ਕੁ ਘੰਟੇ ਤੂੰ ਹੱਸ ਲਿਆ ਕਰੇਂਗਾ । ਸ਼ਾਇਦ ਇਹਦੇ ਨਾਲ ਹੀ ਕੁਝ ਫ਼ਰਕ ਪੈ ਜਾਵੇ ।' ਉਹ ਬੰਦਾ ਨੀਵੀਂ ਪਾ ਕੇ ਚੁੱਪ ਹੋ ਗਿਆ, ਤੇ ਫੇਰ ਆਹਿਸਤਾ ਜਿਹੇ ਕਹਿਣ ਲਗਾ, 'ਡਾਕਟਰ, ਮੈਂ ਹੀ ਉਹ ਮਸਖ਼ਰਾ ਹਾਂ ।'



# ਮੇਰਾ ਕਮਰਾ

ਮੇਰਾ ਕਮਰਾ !

ਸਿਰਫ਼ 'ਕਮਰਾ' ਆਖੋ, ਤਾਂ ਕੁਝ ਨਹੀਂ । ਮਹਿਜ਼ ਦੀਵਾਰਾਂ, ਤੇ ਛੱਤ, ਇਕ ਦਰਵਾਜ਼ਾ ਅੰਦਰ ਆਉਣ ਲਈ ਤੇ ਬਾਹਰ ਜਾਣ ਲਈ । ਬੜਾ ਹੀ ਕਰਮ ਹੋਇਆ, ਤਾਂ ਸ਼ਾਇਦ ਇਕ ਅੱਧੀ ਬਾਰੀ ਵੀ । ਸਪੇਸ ਵਿਚ ਖਲੋਤੀ ਇਕ ਵਲਗਣ । ਵੱਡੀ, ਚੌੜੀ ਸਪੇਸ ਵਿਚ ਇਕ ਨਿੱਕੀ ਸਪੇਸ, ਘਿਰੀ ਹੋਈ — ਕੰਧਾਂ ਵਿਚਕਾਰ ।

ਪਰ 'ਮੇਰਾ ਕਮਰਾ' ਆਖੋ, ਤਾਂ ਉਸ ਵਿਚ ਬਦੋਬਦੀ ਥੋੜ੍ਹਾ ਜਿਹਾ ਨਿੱਘ ਘੁਲ ਜਾਂਦਾ ਏ । ਪਾਣੀ ਵਿਚ ਘੁਲਦੀ ਮਿਸ਼ਰੀ ਦੀ ਡਲੀ ਵਾਂਗੂੰ । ਯਾਨੀ ਸਪੇਸ ਦਾ ਇਕ ਟੁਕੜਾ, ਵਲਗਣ ਵਿਚ ਵਲਿਆ, ਨਿੱਘਾ, ਆਪਣਾ ।

'ਆਪਣਾ' ਕਹਿ ਕੇ ਹਾਸਾ ਆਉਂਦਾ ਏ । ਇਹ ਨਹੀਂ ਕਿ ਮੈਂ ਕੋਈ ਦਾਰਸ਼ਨਿਕ ਹਾਂ । ਨਹੀਂ ਦੋਸਤੋ, ਮੈਂ ਤਾਂ ਸਖ਼ਤ ਜ਼ਮੀਨ 'ਤੇ ਰਹਿਣ ਵਾਲਾ ਮਨੁੱਖ ਹਾਂ । ਠੋਸ ਜ਼ਿੰਦਗੀ ਦੀ ਆਸ਼ਕ । ਉਂਜ ਸੋਚਿਆ ਜਾਵੇ, ਤਾਂ ਜ਼ਿੰਦਗੀ ਵੀ ਕਮਬਖ਼ਤ ਕੀ ਚੀਜ਼ ਏ ! ਸੋਚਦੀ ਹਾਂ, ਕਦੇ ਆਪਣੀ ਕਹਾਣੀ ਲਿਖਾਂ, ਤਾਂ ਨਾਂ ਰੱਖਾਂਗੀ, 'ਲਾਈਫ਼ ਇਜ਼ ਏ ਫ਼ੋਰ-ਲੈਟਰ ਵਰਡ !'

ਹੁਣ ਦਸੋ, ਕਮਰੇ ਦੀ ਗੱਲ ਕਰਾਂ, ਕਿ 'ਆਪਣੇ' ਦੀ ਗੱਲ ਕਰਾਂ ?

ਸਭ ਤੋਂ ਪਹਿਲੀ 'ਆਪਣੀ' ਥਾਂ ਕੋਈ ਯਾਦ ਏ, ਤਾਂ ਕੋਠੇ 'ਤੇ ਵਿਛੀ ਵਾਣ ਦੀ ਇਕ ਅਲਾਣੀ ਮੰਜੀ, ਰਤਾ ਕੁ ਢਿਲੀ ਦੌਣ ਵਾਲੀ, ਜਿਦ੍ਹੇ 'ਤੇ ਲੇਟਿਆਂ ਲਗਦਾ ਕਿ ਕਿਸੇ ਦੀ ਝੋਲੀ ਵਿਚ ਲੇਟੇ ਹੋ । ਤੇ ਉਤੇ ਆਸਮਾਨ — ਪਲ ਪਲ ਬਦਲਦੇ ਰੰਗਾਂ ਵਾਲਾ । ਤੇ ਤਰਕਾਲਾਂ ਵੇਲੇ, ਜਿਸ ਵੇਲੇ ਸਿਆਹੀ ਆਹਿਸਤਾ ਜਿਹੇ ਆਸਮਾਨ ਦੀ ਸਫ਼ੈਦੀ ਵਿਚ ਘੁਲਣ ਲਗਦੀ, ਤਾਂ ਕਾਵਾਂ ਦੀਆਂ ਡਾਰਾਂ ਸਫ਼ੈਦ ਪਿਘਲੇ ਹੋਏ ਆਸਮਾਨ ਵਿਚ ਤਾਣੇ ਬੁਣਦੀਆਂ ਚਲਦੀਆਂ । ਲਗਦਾ, ਉਸ ਪਿਘਲੀ ਹੋਈ ਘੜੀ ਵਿਚ, ਉਸ ਅਲਾਣੀ ਮੰਜੀ ਦਾ ਜੱਫੀ ਵਰਗਾ ਢਿੱਲਾਪਣ ਬਹੁਤ ਆਪਣਾ ਏ । ਸਪੇਸ ਦਾ ਉਹ ਟੁਕੜਾ, ਜਿਹੜਾ ਕੋਠੇ ਦੀਆਂ ਦੀਵਾਰਾਂ ਦੀ ਵਲਗਣ ਵਿਚ ਵਲਿਆ ਹੋਇਆ ਸੀ, ਤੇ ਸਫ਼ੈਦੀ ਵਿਚ ਘੁਲਦੀ ਨਰਮ ਸਿਆਹੀ ਵਾਲੇ ਆਸਮਾਨ ਦੇ ਹੇਠਾਂ ਸੀ, ਤੇ ਉਸ ਵਿਚ ਘਰਾਂ ਨੂੰ ਜਾਣ ਵਾਲੇ ਕਾਂ ਤੇ ਮੈਂ, ਦੋਵੇਂ ਉਸ ਘੜੀ ਦੇ ਸਾਬਤ ਗਵਾਹ ਸਾਂ ।

ਰਤਾ ਵੱਡੀ ਹੋਈ, ਤਾਂ ਇਕ ਚੁਬਾਰੇ ਵਰਗਾ ਕਮਰਾ ਮਿਲ ਗਿਆ । ਉਸ ਕਮਰੇ

ਦਾ ਇਕ ਪਾਸਾ ਗਲਿਆਰੇ ਵਿਚ ਖੁਲ੍ਹਦਾ ਸੀ। ਮੇਰੇ ਕਮਰੇ ਦੇ ਨਾਲ ਉਤੇ ਜਾਣ ਵਾਲੀਆਂ ਪੌੜੀਆਂ ਸਨ, ਫੇਰ ਥੱਲੇ ਜਾਣ ਵਾਲੀਆਂ, ਫੇਰ ਗ਼ੁਸਲਖ਼ਾਨਾ, ਫੇਰ ਅੰਦਰਲਾ ਛੱਜਾ। ਤੇ ਗਲਿਆਰੇ ਦੇ ਦੂਜੇ ਪਾਸੇ ਦੋ ਵੱਡੇ ਕਮਰਿਆਂ ਨੂੰ ਜਾਣ ਲਈ ਦਰਵਾਜ਼ੇ ਸਨ। ਮੇਰਾ ਕਮਰਾ ਜਿਵੇਂ ਉਹਨਾਂ ਸਾਰੇ ਰਸਤਿਆਂ ਦਾ ਪਹਿਰੇਦਾਰ ਸੀ। ਜਾਂ ਰਸਤੇ 'ਤੇ ਕੋਈ ਖ਼ਾਮੋਸ਼ ਬੈਠਾ ਰਾਹਗੀਰ, ਥੱਕਿਆ ਹੋਇਆ, ਆਉਂਦੇ ਜਾਂਦੇ ਲੋਕਾਂ ਨੂੰ ਚੁੱਪ ਚਾਪ ਵੇਖਦਾ। ਅਲਗ, ਪਰ ਸਭ ਦਾ ਸਾਖ਼ਸ਼ੀ। ਵਿਕੋਲਿਤਰਾ, ਪਰ ਫੇਰ ਵੀ ਘਰ ਦਾ ਇਕ ਹਿੱਸਾ। ਮਿੱਟੀ ਦੀ ਇਕ ਮੱਛੀ ਕੰਧ 'ਤੇ ਲਟਕੀ ਰਹਿੰਦੀ। ਫ਼ਰਸ਼ 'ਤੇ ਚਟਾਈ। ਅਲਮਾਰੀ ਵਿਚ ਕਿਤਾਬਾਂ। ਲੁਕਾ ਕੇ ਪੜ੍ਹਣ ਵਾਲੀਆਂ ਪਿਛੇ, ਦੀਵਾਰ ਦੇ ਨਾਲ ਲਗ ਕੇ ਲੇਟੀਆਂ ਹੋਈਆਂ। ਸਕੂਲ ਦੀਆਂ ਕਿਤਾਬਾਂ ਅਗੇ ਅਗੇ ਜੋੜ ਕੇ ਰੱਖੀਆਂ ਹੋਈਆਂ।

ਪਰ ਜਦੋਂ ਪਰਾਹੁਣੇ ਆ ਜਾਂਦੇ, ਉਹ ਕਮਰਾ ਮੇਰੇ ਕੋਲੋਂ ਖੋਹ ਕੇ ਉਹਨਾਂ ਨੂੰ ਦੇ ਦਿਤਾ ਜਾਂਦਾ।

ਕਮਰੇ ਦਾ ਦੂਜਾ ਦਰਵਾਜ਼ਾ ਬਾਹਰ ਸੜਕ ਵਾਲੇ ਪਾਸੇ ਖੁਲ੍ਹਦਾ ਸੀ, ਤੇ ਦਰਵਾਜ਼ੇ ਦੇ ਅੱਗੇ ਨਿੱਕਾ ਜਿਹਾ ਛੱਜਾ ਸੀ ਜਿਸ ਉਤੇ ਖੜੋਣਾ ਮਨ੍ਹਾ ਸੀ। ਉਸ ਛੱਜੇ ਵਾਲੇ ਦਰਵਾਜ਼ੇ 'ਤੇ ਹਮੇਸ਼ਾ ਚਿੱਕ ਲਟਕੀ ਰਹਿੰਦੀ। ਚਿੱਕ ਦੀਆਂ ਤੀਲ੍ਹੀਆਂ ਤੋਂ ਪਾਰ ਸੜਕ ਤੋਂ ਲੰਘਦੇ ਲੋਕ, ਤੇ ਘੋੜਿਆਂ ਵਾਲੀਆਂ ਬੱਘੀਆਂ, ਤੇ ਗੱਡੇ, ਤੇ ਟਾਂਗੇ, ਤੇ ਸਾਈਕਲ, ਤੇ ਕਾਰਾਂ। ਰਾਤ ਵੇਲੇ ਜਦੋਂ ਸਬਜ਼ੀ ਮੰਡੀ ਵਲ ਜਾਂਦੇ ਸਬਜ਼ੀਆਂ ਨਾਲ ਭਰੇ ਗੱਡੇ ਉਸ ਹਨੇਰੀ ਸੜਕ ਤੋਂ ਲੰਘਦੇ ਤਾਂ ਬਲਦਾਂ ਦੇ ਗਲਾਂ ਵਿਚ ਪਈਆਂ ਟੱਲੀਆਂ ਟੁਣਕਦੀਆਂ, ਤੇ ਗੱਡਿਆਂ ਦੇ ਹੇਠਾਂ ਬੰਨ੍ਹੀਆਂ ਲਾਲਟੈਣਾਂ ਝੂਲਦੀਆਂ ਹੋਈਆਂ ਗੱਡਿਆਂ ਦੇ ਪਹੀਆਂ ਦੀਆਂ ਲਕੀਰਾਂ ਤੇ ਗੋਲਾਈਆਂ ਸੜਕ ਦੇ ਉਤੇ ਉਲੀਕੀ ਚਲੀ ਜਾਂਦੀਆਂ।

ਦੋਸਤੋ, ਉਸ ਕਮਰੇ ਵਿਚ ਬਹਿ ਕੇ, ਬੱਤੀ ਬੁਝਾ ਕੇ, ਚਿੱਕ ਦੀਆਂ ਤੀਲੀਆਂ ਨਾਲ ਅੱਖਾਂ ਜੋੜ ਕੇ, ਗੱਡਿਆਂ ਦੇ ਹੇਠਾਂ ਝੂਲਦੀਆਂ ਲਾਲਟੈਣਾਂ ਦੀ ਰੌਸ਼ਨੀ ਵਿਚ ਚਿੱਤਰ ਝੂਲਦੇ ਤੁਰਦੇ ਜਾਂਦੇ ਸਾਰੀ ਸੜਕ 'ਤੇ ਫੈਲੇ ਪਹੀਏ ਨਿਰਾ ਬਹਿਸ਼ਤ ਸਨ। ਇਸੇ ਕਮਰੇ ਵਿਚ ਪਹਿਲੋਂ ਪਹਿਲ ਮੈਂ ਕੱਚੀਆਂ ਪੱਕੀਆਂ ਨਜ਼ਮਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ।

ਇਹੋ ਜਿਹਾ ਕਮਰਾ ਫੇਰ ਕਦੇ ਨਹੀਂ ਮਿਲਿਆ।

ਉਸ ਤੋਂ ਮਗਰੋਂ ਜਿਹੜੇ ਵੀ ਕਮਰੇ ਮਿਲੇ ਉਹਨਾਂ ਵਿਚ ਘੁਟਣ ਸੀ — ਬੇਇੰਤਹਾ ਘੁਟਣ। ਕਮਰੇ ਦੀਆਂ ਦੀਵਾਰਾਂ ਸਿਰਫ਼ ਸਪੇਸ ਨੂੰ ਵਲਣ ਦਾ ਹੀ ਕੰਮ ਨਹੀਂ ਕਰਦੀਆਂ ਦੋਸਤੋ, ਬੇਹੱਦ ਟੈਨਸ਼ਨ ਨੂੰ ਵੀ ਰੱਸੀਆਂ ਵਾਂਗੂੰ ਕਮਰੇ ਦੇ ਆਰ ਪਾਰ ਕੱਸ ਕੇ ਬੰਨ੍ਹਣ ਦਾ ਵੀ ਕੰਮ ਕਰਦੀਆਂ ਨੇ — ਤੇ ਉਹਨਾਂ ਕੱਸੀਆਂ ਹੋਈਆਂ ਰੱਸੀਆਂ ਨਾਲ ਫਾਹੇ ਲਗੀ ਜਾਨ ਮਹਿਜ਼ ਛਟਪਟਾਂਦੀ ਰਹਿੰਦੀ ਏ।

ਵਿਆਹ ਤੋਂ ਮਗਰੋਂ ਬਾਰਾਂ ਸਾਲ ਮੈਂ ਜਿਵੇਂ ਸੜਕਾਂ ਦੇ ਫੁਟਪਾਥ 'ਤੇ ਬੈਠੀ ਰਹੀ। ਕਮਰਾ ਤਾਂ ਸੀ, ਪਰ ਜਦੋਂ ਮੇਰੇ ਖ਼ਾਵੰਦ ਘਰ ਆਉਂਦੇ, ਮੈਂ ਤੇ ਮੇਰੀਆਂ ਦੋਵੇਂ ਧੀਆਂ ਉਸ ਵਿਚ ਖ਼ਰਗੋਸ਼ਾਂ ਵਾਂਗੂੰ ਦੁਬਕ ਜਾਂਦੀਆਂ। ਜਦੋਂ ਉਹ ਘਰ ਨਾ ਹੁੰਦੇ, ਉਹ ਕਮਰਾ



ਕੈਦਖ਼ਾਨਾ ਲਗਦਾ, ਸਲਾਖਾਂ ਵਾਲਾ ਜੇਲ੍ਹਖ਼ਾਨਾ। ਅਸੀਂ ਤਿੰਨੇ ਸੜਕਾਂ 'ਤੇ ਭਟਕਦੀਆਂ ਰਹਿੰਦੀਆਂ। ਹੈਰਾਨ।

ਤੇ ਜਦੋਂ ਵੀ ਜੀਅ ਕਰਦਾ, ਮੇਰੇ ਖ਼ਾਵੰਦ ਉਸ ਕਮਰੇ ਵਿਚੋਂ ਵੀ ਸਾਨੂੰ ਕੱਢ ਦੇਂਦੇ। ਉਸ ਕਮਰੇ ਵਿਚ ਸਿਰਫ਼ ਇਕ ਚੌੜਾ ਪਲੰਘ ਸੀ ਜਿਸ 'ਤੇ ਅਸੀਂ ਤਿੰਨੇ ਦੁਬਕ ਕੇ ਸੌਂ ਜਾਂਦੀਆਂ ਸਾਂ। ਇਕ ਦੂਜੀ ਨਾਲ ਚੰਬੜ ਕੇ। ਤੇ ਉਸ ਪਲੰਘ ਦੇ ਆਸ ਪਾਸ ਇਕ ਅਜੀਬ ਦਹਿਸ਼ਤ ਛਹਿ ਕੇ ਬੈਠੀ ਰਹਿੰਦੀ ਸੀ।

ਇਸ ਕਮਰੇ ਵਿਚ ਸਿਰਫ਼ ਸੁੱਤਾ ਜਾ ਸਕਦਾ ਸੀ, ਜਾਗ ਕੇ ਜੀਵਿਆ ਨਹੀਂ ਸੀ ਜਾ ਸਕਦਾ।

ਫੇਰ ਇਕ ਕਮਰਾ ਸੀ ਜਿਹੜਾ ਵਰਕਿੰਗ ਗਰਲਜ਼ ਹੋਸਟਲ ਦੀ ਪਹਿਲੀ ਛੱਤੇ ਇਕ ਕੋਨੇ ਵਿਚ ਸੀ। ਚੌੜਾ ਕਮਰਾ, ਉਹਦੇ ਸਾਹਮਣੇ ਵਰਾਂਡਾ। ਪਿਛਲਾ ਵਰਾਂਡਾ ਤਾਂ ਜਿਵੇਂ ਸੜਕ ਸੀ — ਲੋਕਾਂ ਦੇ ਆਉਣ ਜਾਣ ਵਾਲਾ ਰਾਹ। ਪਰ ਅਗਲਾ ਵਰਾਂਡਾ ਸਾਡਾ ਸੀ, ਜਿਹੜਾ ਰਸੋਈ ਵੀ ਸੀ, ਸਟੋਰ ਵੀ, ਕਬਾੜਖਾਨਾ ਵੀ, ਹਵਾਖਾਨਾ ਵੀ। ਕਮਰਾ ਸੌਣ-ਕਮਰਾ ਵੀ ਸੀ, ਉਠਣ ਬਹਿਣ ਵਾਲਾ ਵੀ, ਬੱਚਿਆਂ ਦੇ ਪੜ੍ਹਨ ਤੇ ਲੜਨ ਵਾਲਾ ਵੀ, ਖੇਡਣ ਵਾਲਾ ਵੀ, ਤੇ ਟ੍ਰਾਂਸਲੇਸ਼ਨਾਂ ਕਰਨ ਤੇ ਆਰਟੀਕਲ ਲਿਖਣ ਵਾਲਾ ਵੀ। ਉਸ ਕਮਰੇ ਵਿਚ ਬਹਿ ਕੇ ਮੈਂ ਬਹੁਤ ਲਿਖਿਆ, ਰਾਤੀ ਦੋ ਦੋ ਵਜੇ ਤਕ, ਤੇ ਹਰ ਵਾਰੀ ਲਿਖ ਕੇ ਸਫ਼ੇ ਗਿਣੇ — ਦੋ ਰੁਪਏ ਸਫ਼ੇ ਦੇ ਹਿਸਾਬ ਨਾਲ ਤਰਜਮੇ ਦੇ ਕਿੰਨੇ ਪੈਸੇ ਬਣ ਗਏ; ਤੇ ਜਾਂ ਆਰਟੀਕਲ ਦੇ ਲਫ਼ਜ਼ ਗਿਣੇ, ਕਿਉਂਕਿ ਤਿੰਨ ਹਜ਼ਾਰ ਲਫ਼ਜ਼ਾਂ ਵਾਲੇ ਆਰਟੀਕਲ ਦੇ ਸੌ ਰੁਪਏ ਮਿਲਦੇ ਸਨ, ਤੇ ਦਸ ਹਜ਼ਾਰ ਲਫ਼ਜ਼ਾਂ ਵਾਲੇ ਦੇ ਢਾਈ ਸੌ ਰੁਪਏ।

ਉਸ ਕਮਰੇ ਵਿਚ ਸਿਰਫ਼ ਮਜ਼ਦੂਰੀ ਹੋ ਸਕਦੀ ਸੀ, ਤੇ ਸਿਰਫ਼ ਇਕ ਘੁਟਣ ਹੌਂਕ ਸਕਦੀ ਸੀ। ਇਕ ਛਟਪਟਾਹਟ। ਤੇ ਘੋਰ ਕਾਲੀ, ਅੰਨ੍ਹੀ ਬੋਲੀ ਉਦਾਸੀ।

ਫੇਰ ਇਕ ਛੋਟਾ ਜਿਹਾ ਘਰ ਕਰਜ਼ਨ ਰੋਡ ਫਲੈਟਸ ਵਿਚ ਮਿਲਿਆ। ਦੋ ਕਮਰੇ ਸਨ। ਇਕ ਕਮਰੇ ਵਿਚ ਨਵੀਂ ਚਲਾਈ ਅਖ਼ਬਾਰ ਦਾ ਦਫ਼ਤਰ, ਦੂਜੇ ਵਿਚ ਘਰ। ਪਹਿਲੀ ਵਾਰੀ ਕੰਧਾਂ ਦੀ ਵਲਗਣ ਵਿਚ ਸਕੂਨ ਆ ਬੈਠਾ। ਪਹਿਲੀ ਵਾਰੀ ਚੜ੍ਹਦੀ ਧੁੱਪ ਨਾਲ ਕਮਰੇ ਵਿਚ ਨਿੱਘ ਆਉਣ ਲਗਾ, ਤੇ ਢਲਦੀਆਂ ਤਰਕਾਲਾਂ ਨਾਲ ਕੂਲੀ ਠੰਢ। ਪਹਿਲੀ ਵਾਰੀ ਉਸ ਕਮਰੇ ਵਿਚ ਖੁਲ੍ਹੀ ਆਜ਼ਾਦ ਹਵਾ ਆਉਣ ਲਗੀ — ਦਿਲ ਕਰੇ ਆ ਕੇ ਬਹਿ ਜਾਂਦੀ, ਦਿਲ ਕਰਦਾ ਤਾਂ ਏਧਰੋਂ ਆਉਂਦੀ, ਓਧਰੋਂ ਅੱਡੀ ਟੱਪਾ ਖੇਡਦੀ ਬਾਹਰ ਨਿਕਲ ਜਾਂਦੀ।

ਇਸ ਕਮਰੇ ਵਿਚ ਬਹੁਤ ਸਾਰੀਆਂ ਕਹਾਣੀਆਂ ਨੇ ਜਨਮ ਲਿਆ। ਇਹਦੀਆਂ ਕੰਧਾਂ ਵਿਚਕਾਰ ਨਵੇਂ ਜੰਮੇ ਬਾਲ ਵਰਗੀਆਂ ਸੋਚਾਂ ਦਾ ਸੱਜਰਾ ਤੇ ਨਿੱਕਾ ਨਿੱਕਾ ਰੋਣ ਡੁਸਕਦਾ ਰਿਹਾ, ਰਿੜ੍ਹਦੇ ਬਾਲਾਂ ਵਰਗੀਆਂ ਕਹਾਣੀਆਂ ਦੀਆਂ ਕਿਲਕਾਰੀਆਂ ਥਿਰਕਦੀਆਂ ਰਹੀਆਂ।

ਇਸ ਕਮਰੇ ਵਿਚ ਮੈਂ ਬੇਹਦ ਉਦਾਸੀ ਵੀ ਵੇਖੀ ਤੇ ਬੇਹਦ ਖ਼ੁਸ਼ੀ ਵੀ। ਜਦੋਂ ਦੋਵੇਂ ਬੱਚੀਆਂ ਸ਼ਿਮਲੇ ਸਕੂਲ ਚਲੀਆਂ ਜਾਂਦੀਆਂ, ਜਦੋਂ ਓਮਾ ਜਲੰਧਰ ਚਲੇ ਜਾਂਦੇ, ਤਾਂ ਇੱਕਲੀਆਂ ਕੰਧਾਂ ਜੰਗਲ ਬੀਆਬਾਨ ਬਣ ਜਾਂਦੀਆਂ। ਪਰ ਜਦੋਂ ਓਮਾ ਦਿੱਲੀ ਆਉਂਦੇ, ਉਸੇ ਕਮਰੇ ਵਿਚ ਮੇਰੇ ਨਾਲ ਰਹਿੰਦੇ, ਤੇ ਜਦੋਂ ਬੱਚੇ ਸ਼ਿਮਲੇ ਤੋਂ ਛੁੱਟੀਆਂ ਵਿਚ ਆਏ ਹੁੰਦੇ, ਤਾਂ ਉਹੀ ਕਮਰਾ ਸੁਪਨਿਆਂ ਦਾ ਸ਼ੀਸ਼ ਮਹਿਲ ਬਣ ਜਾਂਦਾ। ਤਾਜ ਮਹਿਲ।

ਹੁਣ ਇਹ ਆਲਮ ਏ ਦੋਸਤੋ, ਕਿ ਵੱਡਾ ਸਾਰਾ ਘਰ ਏ, ਪਰ ਉਸ ਵਿਚ ਕੋਈ ਵੀ ਕਮਰਾ ਅਜਿਹਾ ਨਹੀਂ ਜਿਹੜਾ ਸਿਰਫ਼ ਮੇਰਾ ਹੋਵੇ। ਇਕ ਕਮਰਾ ਹੈ, ਜਿਸ ਵਿਚ ਮੈਂ ਸੌਂਦੀ ਹਾਂ, ਤੇ ਰਾਤ ਵੇਲੇ ਪੜ੍ਹਦੀ ਹਾਂ। ਜਦੋਂ ਦਾਰ ਜੀ, ਯਾਨੀ ਮੇਰੇ ਪਿਤਾ ਜੀ ਮੇਰੇ ਕੋਲ ਆ ਕੇ ਰਹਿੰਦੇ ਨੇ, ਚਾਰ ਛੇ ਮਹੀਨੇ, ਤਾਂ ਉਹ ਕਮਰਾ ਉਹਨਾਂ ਦਾ ਹੋ ਜਾਂਦਾ ਏ। ਜੇ ਉਹ ਨਾ ਵੀ ਹੋਣ, ਤਾਂ ਜਦੋਂ ਕਦੇ ਕੋਈ ਮਹਿਮਾਨ ਆ ਜਾਵੇ, ਤਾਂ ਉਹ ਕਮਰਾ ਉਹਨੂੰ ਨਜ਼ਰ ਕਰ ਦਿਤਾ ਜਾਂਦਾ ਏ।

ਲਿਖਣ ਲਈ ਕੋਈ ਖ਼ਾਸ ਥਾਂ ਨਹੀਂ ਚਾਹੀਦੀ ਹੁੰਦੀ। ਕਦੇ ਧੁੱਪੇ ਬਹਿ ਕੇ ਲਿਖਦੀ ਹਾਂ — ਗਾਜਰਾਂ ਨੂੰ ਗਲਹਿਰੀ ਵਾਂਗੂੰ ਕੁਤਰਦਿਆਂ, ਚਾਹ ਪੀਂਦਿਆਂ, ਛੋਲੇ ਚੱਬਦਿਆਂ। ਕਦੇ ਤੁਰਦੀ ਕਾਰ ਵਿਚ, ਜਦੋਂ ਤੁਸੀਂ ਬੈਠੇ ਹੁੰਦੇ ਓ, ਪਰ ਬੈਠੇ ਨਹੀਂ ਹੁੰਦੇ — ਹਰਕਤ ਕਰ ਰਹੇ ਹੁੰਦੇ ਓ, ਇਕ ਥਾਂ ਤੋਂ ਦੂਜੀ ਥਾਂ 'ਤੇ ਜਾ ਰਹੇ ਹੁੰਦੇ ਓ। ਸਵੇਰੇ, ਜਦੋਂ ਅਰਪਨਾ ਹਾਲੀ ਸੁੱਤੀ ਪਈ ਹੁੰਦੀ ਏ, ਤਾਂ ਡਰਾਇੰਗ ਰੂਮ ਹੀ ਮੇਰਾ ਕਮਰਾ ਹੁੰਦਾ ਏ। ਚਾਹ ਪੀਂਦਿਆਂ ਸੋਫ਼ੇ 'ਤੇ ਲੱਤਾਂ ਗੁੱਛਾ ਮੁੱਛਾ ਕਰਕੇ, ਗਠੜੀ ਜਿਹੀ ਬਣ ਕੇ ਬਹਿਣਾ, ਤੇ ਲਿਖਣਾ, ਚੰਗਾ ਲਗਦਾ ਏ। ਉਂਜ ਇਹ ਕਮਰਾ ਮੈਨੂੰ ਹੈ ਵੀ ਪਸੰਦ। ਸਵੇਰ ਸਾਰ ਸਾਹਮਣੀ ਪਾਰਕ ਵਿਚ, ਜਿਹੜੀ ਪਹਿਲੋਂ ਨਿੱਕਾ ਜਿਹਾ ਜੰਗਲ ਹੁੰਦੀ ਸੀ, ਜਦੋਂ ਹਵਾ ਚਲਦੀ ਏ ਤਾਂ ਸਿੱਧੀ ਏਸ ਕਮਰੇ ਵਿਚ ਆਉਂਦੀ ਏ। ਸਾਫ਼, ਪਾਕੀਜ਼ਾ, ਥੋੜ੍ਹੀ ਥੋੜ੍ਹੀ ਪਾਗਲ ਹਵਾ। ਸਫ਼ੈਦ, ਕੂਲੀ ਰੌਸ਼ਨੀ ਨਾਲ ਭਰੀ ਹੋਈ।

ਇਸ ਕਮਰੇ ਵਿਚ ਫ਼ਰਸ਼ 'ਤੇ ਇਕ ਬਹੁਤ ਪੁਰਾਣਾ ਤੇ ਸਾਦਾ ਜਿਹਾ ਗਾਹੜੇ ਹਰੇ ਰੰਗ ਦਾ ਕਾਲੀਨ ਏ। ਪੁਰਾਣੇ, ਬਜ਼ੁਰਗ ਘਾਹ ਦਾ ਰੰਗ। ਸੋਫ਼ੇ ਦੀਆਂ ਬਾਹਵਾਂ ਦੀਆਂ ਅਰਕਾਂ ਤੇ ਲੱਤਾਂ, ਗੋਡੇ, ਸਭ ਲੱਕੜ ਦੇ ਨੇ। ਪੁਰਾਣੇ ਸਕੈਂਡੇਨੇਵੀਅਨ ਡੀਜ਼ਾਈਨ ਦੇ। ਗਦੇਲਿਆਂ ਦੇ ਕੱਪੜੇ ਵਿਚ ਜੰਗਾਲੀ ਤੇ ਪੁਰਾਣੇ ਘਾਹ ਵਾਲੇ ਹਰੇ ਰੰਗਾਂ ਦੇ ਚੌਕੋਰ ਉਣੇ ਹੋਏ ਨੇ। ਇਕ ਟਰਾਲੀ ਏ, ਜਿਸ ਵਿਚ ਆਰਟ ਦੀਆਂ ਕਿਤਾਬਾਂ ਨੇ — ਅਰਪਨਾ ਦੀਆਂ। ਉਤੇ ਇਕ ਛੋਟੀ ਟੋਕਰੀ ਵਿਚ ਗ੍ਰੀਟਿੰਗ ਕਾਰਡ ਤੇ ਇਨਵੀਟੇਸ਼ਨ ਕਾਰਡ — ਚੇਤਾ ਕਰਾਉਣ ਲਈ। ਜਦੋਂ ਉਹ ਤਾਰੀਖ਼ਾਂ ਲੰਘ ਜਾਂਦੀਆਂ ਨੇ, ਤਾਂ ਉਥੋਂ ਤੁਰ ਕੇ ਦਫ਼ਤਰ ਦੇ ਕਮਰੇ ਵਿਚ ਚਲੇ ਜਾਂਦੇ ਨੇ, ਤੇ ਟੋਕਰੀ ਵਿਚ ਨਵੇਂ ਕਾਰਡ ਆ ਜਾਂਦੇ ਨੇ। ਦੀਵਾਰਾਂ ਉਤੇ ਅਰਪਨਾ ਦੀਆਂ ਨਵੀਆਂ ਪੇਂਟਿੰਗਜ਼ ਹੁੰਦੀਆਂ ਨੇ। ਥੋੜ੍ਹੇ ਥੋੜ੍ਹੇ ਦਿਨਾਂ ਮਗਰੋਂ ਬਦਲਦੀਆਂ ਰਹਿੰਦੀਆਂ ਨੇ, ਕਿਉਂਕਿ ਉਹ ਲਗਾਤਾਰ ਪੇਂਟ ਕਰਦੀ ਰਹਿੰਦੀ ਏ। ਲਗਦਾ ਏ, ਇਸ ਕਮਰੇ ਦੀਆਂ ਸਿਰਫ਼ ਦੀਵਾਰਾਂ ਸਫ਼ਰ ਕਰਦੀਆਂ ਨੇ,



ਦਿਨਾਂ ਤੇ ਰਾਤਾਂ ਵਿਚ, ਮੌਸਮਾਂ ਵਿਚ। ਤੇ ਬਦਲਦੀਆਂ ਰਹਿੰਦੀਆਂ ਨੇ। ਬਾਕੀ ਸਾਰਾ ਕਮਰਾ ਇਕ ਟਾਪੂ ਵਾਂਗੂੰ ਖੜੋਤਾ ਰਹਿੰਦਾ ਏ — ਆਪਣੀ ਪੁਰਾਤਨਤਾ ਵਿਚ ਕਾਇਮ। ਸਿਰਫ਼ ਦੀਵਾਰਾਂ ਵਹਿੰਦੇ ਪਾਣੀ ਵਾਂਗੂੰ ਤੁਰਦੀਆਂ ਰਹਿੰਦੀਆਂ ਨੇ।

ਇਸ ਕਮਰੇ ਵਿਚ ਬਹੁਤ ਸਾਰੇ ਨਵੇਂ ਪੁਰਾਣੇ, ਬਹੁਤੇ ਹਿੰਦੁਸਤਾਨ ਦੇ ਤੇ ਬਹੁਤ ਥੋੜ੍ਹੇ ਯੌਰਪ ਦੇ ਆਰਟ ਪੀਸਿਜ਼ ਨੇ। ਉਹਨਾਂ ਵਿਚ ਘਿਰ ਕੇ ਬਹਿਣਾ ਤੇ ਲਿਖਣਾ — ਹਰ ਖ਼ਾਨਾ-ਬਦੋਸ਼ੀ ਨੂੰ ਝੂਠਿਆਂ ਕਰਨ ਲਈ ਕਾਫ਼ੀ ਏ।

ਉਂਜ ਇਹ ਕੋਈ ਪਤਾ ਨਹੀਂ ਕਿ ਇਹ ਕਮਰਾ ਕਿੰਨਾ ਚਿਰ ਮੇਰੇ ਕੋਲ ਰਹੇਗਾ। ਕਮਰਾ ਤਾਂ ਖ਼ੈਰ, ਏਥੇ ਹੀ ਰਹੇਗਾ, ਸਿਰਫ਼ ਇਹਦੇ ਵਿਚੋਂ ਇਹਦੀ ਆਤਮਾ ਸਮੇਤ ਮੈਨੂੰ ਕੂਚ ਕਰਨਾ ਪਵੇਗਾ। ਇਹ ਅਨੰਤ ਸਫ਼ਰ ਏ। ਕਿਰਾਏ ਦੇ ਮਕਾਨਾਂ ਦਾ ਅਨੰਤ ਸਰਾਪ! ਇਸ ਮਕਾਨ ਦੇ ਮਾਲਿਕ ਨੇ ਵੀ ਮੈਨੂੰ ਇਹਦੇ ਵਿਚੋਂ ਕੱਢਣ ਲਈ ਮੁਕਦਮਾ ਕੀਤਾ ਹੋਇਆ ਏ। ਹਰ ਵਾਰੀ ਇਹੀ ਹੁੰਦਾ ਏ। ਕੁਝ ਚਿਰ ਤਾਂ ਮੈਂ ਅੜ ਕੇ ਬੈਠੀ ਰਹਿੰਦੀ ਹਾਂ, ਪਰ ਫੇਰ ਇਕ ਦਿਨ ਅਜਿਹਾ ਆਉਂਦਾ ਏ ਜਦੋਂ ਮਨ ਅਚਾਨਕ ਉਚਾਟ ਹੋ ਜਾਂਦਾ ਏ। ਬੇਹੱਦ ਥਕਾਵਟ ਤੇ ਬੋਰੀਅਤ ਘਿਰ ਆਉਂਦੀ ਏ। ਸ਼ਾਇਦ ਇਸੇ ਨੂੰ ਵੈਰਾਗ ਕਹਿੰਦੇ ਹੋਣਗੇ। ਸੋਚਦੀ ਹਾਂ, ਕੀ ਫ਼ਾਇਦਾ ਏ! ਇਹ ਕਿਹੜਾ ਕੋਈ ਆਪਣਾ ਘਰ ਏ! ਬੇਗਾਨਾ ਘਰ, ਤੇ ਉਹਦੇ ਵਿਚ ਇਕ ਮੁਸਾਫ਼ਰ ਵਰਗੀ ਮੈਂ! ਖ਼ਾਸ ਕਰ ਕੇ ਮੁਕੱਦਮੇ ਦਾ ਫ਼ੈਸਲਾ ਜਦੋਂ ਮੇਰੇ ਹੱਕ ਵਿਚ ਹੋ ਰਿਹਾ ਹੋਵੇ, ਤੇ ਮਕਾਨ ਦੇ ਮਾਲਿਕ ਦੀਆਂ ਅੱਖਾਂ ਵਿਚ ਮੈਂ ਖਿੱਝ ਤੇ ਝੁੰਜਲਾਹਟ ਵੇਖਾਂ, ਤਾਂ ਇਕਦਮ ਇਹ ਬੇ-ਨਿਆਜ਼ੀ ਆ ਜਾਂਦੀ ਏ। ਅੱਧੇ ਮਿੰਟ ਵਿਚ ਫ਼ੈਸਲਾ ਕਰਦੀ ਹਾਂ, ਤੇ ਬਾਕੀ ਦੇ ਅੱਧੇ ਮਿੰਟ ਵਿਚ ਸਾਰਾ ਘਰ ਬੇਗਾਨਾ ਲੱਗਣ ਲੱਗ ਪੈਂਦਾ ਏ।

ਤੇ ਫੇਰ ਇਕ ਅਨੰਤ ਸਫ਼ਰ ਸ਼ੁਰੂ ਹੁੰਦਾ ਏ। ਭਟਕਣ! ਨਵੇਂ ਮਾਲਕ-ਮਕਾਨ ਪੁੱਛਦੇ ਨੇ, "ਤੁਹਾਨੂੰ ਏਡਾ ਵੱਡਾ ਘਰ ਕਿਉਂ ਚਾਹੀਦਾ ਏ? ਸਿਰਫ਼ ਦੋ ਮਾਵਾਂ ਧੀਆਂ ਨੂੰ ਪੰਜ ਕਮਰੇ ਕਿਉਂ ਲੋੜ ਨੇ? ਤੂੰ ਕਿਰਾਇਆ ਕਿਥੋਂ ਦੇਵੇਂਗੀ? ਕੰਪਨੀ ਲੀਜ਼? ਤੇਰੀ ਨੌਕਰੀ? ਤੇਰੀ ਆਮਦਨ ਦਾ ਵਸੀਲਾ?" ਤੇ ਲਗਦਾ ਏ ਜਿਵੇਂ ਕੋਈ ਮੇਰੇ ਕੱਪੜੇ ਲਾਹ ਰਿਹਾ ਹੋਵੇ।

ਓਦੋਂ ਜੀਅ ਕਰਦਾ ਏ, ਬੰਦਾ ਕਿਸੇ ਜੰਗਲ ਵਿਚ ਇਕ ਝੁੱਗੀ ਪਾ ਲਵੇ। ਪਰ ਝੁੱਗੀ ਤਾਂ ਆਪਣੀ ਹੋਵੇਗੀ। ਸਥਾਈ। ਹਮੇਸ਼ਾ ਲਈ। ਤੇ ਮੈਂ ਤਾਂ ਖ਼ਾਨਾ-ਬਦੋਸ਼ ਹਾਂ ਦੋਸਤੋ! ਨੋਮੈਡ! 'ਆਪਣੇ ਘਰ' ਦੇ ਖ਼ਿਆਲ ਦੀ ਹੀ ਦੁਸ਼ਮਨ!

**ਅਜੀਤ ਕੌਰ** ਲਾਹੌਰ ਵਿਚ ਜੰਮੀ, ਤੇ ਦਿੱਲੀ ਦੀਆਂ ਅਦਬੀ ਮਹਿਫਲਾਂ ਵਿਚ ਨਿਖਰੀ।

ਕਹਾਣੀ ਲਿਖਣੀ ਉਹਨੇ ਉਸ ਉਮਰੇ ਸ਼ੁਰੂ ਕੀਤੀ ਜਦੋਂ ਬਾਕੀ ਕੁੜੀਆਂ ਕੱਜਲ ਪਾਣਾ ਤੇ ਦੰਦਾਸਾ ਮਲਣਾ ਸਿੱਖ ਰਹੀਆਂ ਹੁੰਦੀਆਂ ਨੇ।

ਉਸ ਵਿਚ ਸ਼ੁਰੂ ਤੋਂ ਹੀ ਆਪਣੀਆਂ ਕਹਾਣੀਆਂ ਨੂੰ ਦੁਸ਼ਮਣ ਵਾਂਗੂੰ ਵੇਖਣ ਤੇ ਪਰਖਣ ਦੀ ਸੂਝ ਹੈ ਸੀ, ਇਸ ਕਰਕੇ ਪਹਿਲਾ ਸੰਗ੍ਰਹਿ 'ਗੁਲ ਬਾਨੋ' ਕੋਈ ਦਸ ਵਰ੍ਹਿਆਂ ਮਗਰੋਂ ਛਪਿਆ। ਪੰਜਾਬ ਸਰਕਾਰ ਨੇ 1962 ਵਿਚ ਇਸ ਸੰਗ੍ਰਹਿ ਨੂੰ ਸਨਮਾਨਿਆ।

ਇਸ ਤੋਂ ਮਗਰੋਂ 'ਬੁੱਤ ਸ਼ਿਕਨ', 'ਮਹਿਕ ਦੀ ਮੌਤ' ਤੇ 'ਫ਼ਾਲਤੂ ਔਰਤ' ਦੀਆਂ ਕਹਾਣੀਆਂ ਨੇ ਪੰਜਾਬੀ ਸਾਹਿਤ ਵਿਚ ਮਾਨਸਿਕ ਸੰਘਰਸ਼ ਦੀਆਂ ਸਾਰੀਆਂ ਤੈਹਾਂ ਨੂੰ ਖੋਹਲਣ ਦਾ ਤੇ ਬੇਬਾਕ ਗੱਲ ਕਹਿਣ ਦੀ ਦਲੇਰੀ ਦਾ ਨਵਾਂ ਚਮਤਕਾਰ ਜਗਾਇਆ।

ਹੁਣ ਤਕ ਉਹ ਤਕਰੀਬਨ ਦੋ ਸੌ ਦੇ ਕਰੀਬ ਕਹਾਣੀਆਂ ਤੇ ਚਾਰ ਨਾਵਲੈੱਟ ਲਿਖ ਚੁੱਕੀ ਹੈ ਜਿਨ੍ਹਾਂ ਵਿਚੋਂ 'ਫ਼ਾਲਤੂ ਔਰਤ', 'ਪੋਸਟ ਮਾਰਟਮ' ਤੇ 'ਧੁੱਪ ਵਾਲਾ ਸ਼ਹਿਰ' ਬਹੁਤ ਮਸ਼ਹੂਰ ਹੋਏ।

ਉਸ ਦੀਆਂ ਕਈ ਕਹਾਣੀਆਂ ਹਿੰਦੁਸਤਾਨ ਦੀਆਂ ਸਾਰੀਆਂ ਜ਼ਬਾਨਾਂ ਵਿਚ ਤਰਜਮਾ ਹੋ ਚੁਕੀਆਂ ਹਨ। ਉਰਦੂ, ਹਿੰਦੀ, ਅੰਗਰੇਜ਼ੀ ਤੇ ਰੂਸੀ ਵਿਚ ਤਰਜਮਾ ਹੋ ਕੇ ਮਕਬੂਲ ਹੋਈਆਂ ਹਨ।

ਉਹ ਕਈ ਵਾਰ ਯੋਰਪ ਤੇ ਪੂਰਬੀ ਏਸ਼ੀਆ ਦੇ ਮੁਲਕਾਂ ਵਿਚ ਘੁੰਮੀ ਹੈ, ਤੇ ਉਸ ਨੂੰ ਪੂਰਬੀ ਤੇ ਪੱਛਮੀ ਸਾਹਿਤ ਤੇ ਕਲਾ ਦਾ ਡੂੰਘਾ ਗਿਆਨ ਹੈ। ਦਿੱਲੀ ਦੀਆਂ ਸਾਹਿਤਕ ਤੇ ਕਲਾਤਮਕ-ਮਹਿਫ਼ਲਾਂ ਦੀ ਉਹ ਜਾਨ ਹੈ।

ਪਿਛਲੇ ਦਸਾਂ ਕੁ ਵਰ੍ਹਿਆਂ ਤੋਂ ਉਹਨੇ ਇਕ ਨਵੀਂ ਸੰਸਥਾ ਦਾ ਨਿਰਮਾਣ ਕੀਤਾ ਹੈ: 'ਅਕੈਡਮੀ ਆਫ਼ ਫ਼ਾਈਨ ਆਰਟਸ-ਐਂਡ ਲਿਟਰੇਚਰ', ਜੋ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਦਿੱਲੀ ਵਿਚ ਅਨੋਖੀ ਨਫ਼ਾਸਤ ਤੇ ਸਲੀਕੇ ਨਾਲ ਪੇਸ਼ ਕਰਦੀ ਹੈ।

ਪੰਜਾਬ ਸਰਕਾਰ ਨੇ 1979 ਵਿਚ ਅਤੇ ਪੰਜਾਬੀ ਅਕਾਦਮੀ ਦਿੱਲੀ ਨੇ 1983 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਤੌਰ ਪੁਰ ਉਸ ਨੂੰ ਸਨਮਾਨਿਆ ਹੈ।

**ਅਜੀਤ ਕੌਰ** ਦੀਆਂ ਕਹਾਣੀਆਂ ਵਿਚ ਧਰਤੀ ਦੀ ਠੋਸ ਨਿੱਗਰਤਾ ਹੈ, ਤੇ ਮਨੁੱਖ ਦੇ ਮਨ ਦੀਆਂ ਸਾਰੀਆਂ ਤੈਹਾਂ ਦਾ ਬੇਬਾਕ ਵਰਨਣ। ਉਹ ਵੇਗ-ਮੱਤੇ ਪਿਆਰ ਨੂੰ, ਮੁਹੱਬਤ ਦੀ ਤੜਪ ਤੇ ਨਸ਼ੇ ਨੂੰ, ਤੀਵੀਂ ਮਰਦ ਦੇ ਰਿਸ਼ਤੇ ਦੀ ਖ਼ੂਬਸੂਰਤੀ ਤੇ ਜਜ਼ਬਾਤੀ ਟੱਕਰ ਨੂੰ, ਇਕੱਲ ਦੀ ਦਮ-ਘੁੱਟਵੀਂ ਉਦਾਸੀ ਤੇ ਸੰਤਾਪ ਨੂੰ, ਮਨੁਖੀ ਰਿਸ਼ਤਿਆਂ ਦੀਆਂ ਉਲਝਣਾਂ ਤੇ ਭਟਕਣਾਂ ਨੂੰ, ਅਨੋਖੀ ਖ਼ੂਬਸੂਰਤੀ ਤੇ ਦਲੇਰੀ ਨਾਲ ਬਿਆਨ ਕਰਦੀ ਹੈ।

ਪੰਜਾਬੀ ਵਿਚ ਸੈਕਸ ਦੀ ਬੇਬਾਕ ਤੇ ਖ਼ੂਬਸੂਰਤ ਗਲ ਕਰਨ ਦੀ ਪਿਰਤ ਉਹਨੇ ਹੀ ਪਾਈ ਹੈ। ਉਹਦੇ ਨਾਲ ਪੰਜਾਬੀ ਕਹਾਣੀ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ।

ਅਜੀਤ ਕੌਰ ਦੀ ਕਹਾਣੀ ਦੀ ਤਰਾਸ਼ ਵਿਚ ਚਮਕ ਹੈ, ਅਤੇ ਉਸ ਦੀ ਜ਼ਬਾਨ ਵਿਚ ਮਿਸ਼ਰੀ ਘੁਲੀ ਹੋਈ ਹੈ। ਫੇਰ ਯਕਦਮ ਕਿਧਰੇ ਕੁੜੱਤਣ ਦੇ ਘੁੱਟ ਵੀ ਆਉਂਦੇ ਹਨ, ਪਰ ਕੁੜੱਤਣ ਵਿਚ ਅਫ਼ੀਮ ਦਾ ਨਸ਼ਾ ਹੈ।

ਕਹਾਣੀਆਂ ਤੋਂ ਇਲਾਵਾ ਅਜੀਤ ਕੌਰ ਨੇ ਪੰਜਾਬੀ ਸਾਹਿਤ ਵਿਚ ਨਾਵਲੈੱਟ ਲਿਖਣ ਦੀ ਵੀ ਨਵੀਂ ਲੀਹ ਤੋਰੀ ਹੈ। ਇਸ ਸੰਗ੍ਰਹਿ ਵਿਚ ਉਹਦੇ ਤਿੰਨ ਨਾਵਲੈੱਟ ਹਨ। ਨਵੀਂ ਲਿਖੀ ਸ੍ਵੈ-ਜੀਵਨੀ ਦੇ ਦੋ ਟੁਕੜੇ ਤੇ ਉਹਦੀਆਂ ਲਿਖੀਆਂ ਕੋਈ ਡੇਢ ਸੌ ਦੇ ਲਗ ਭਗ ਕਹਾਣੀਆਂ ਵਿਚੋਂ ਚੁਣੀਆਂ ਹੋਈਆਂ ਕਹਾਣੀਆਂ ਹਨ।

ਉਸ ਦੀ ਸਚਾਈ ਸੱਪਣੀ ਦੇ ਡੰਗ ਵਾਂਗ ਹੈ, ਜੋ ਵਾਰ ਵਾਰ ਤੁਹਾਨੂੰ ਡਸਦੀ ਹੈ। ਉਸ ਦੀ ਲਿਖਤ ਵਿਚ ਔਰਤ ਦੇ ਤਿੰਨੇ ਰੂਪ ਨਜ਼ਰ ਆਉਂਦੇ ਹਨ, ਬੜੇ ਗੂਹੜੇ ਤੇ ਸਾਫ਼ ਸ਼ਫ਼ਾਫ਼ ਰੰਗਾਂ ਵਿਚ ਚਿਤਰੇ ਹੋਏ।

ਤੇ ਖ਼ੁਦ ਅਜੀਤ ਕੌਰ ਰੇਗਿਸਤਾਨ ਦੀ ਫੁੱਟ ਵਾਂਗ ਹੈ — ਅਜੀਬ ਤਰ੍ਹਾਂ ਇਕੱਲੀ ਤੇ ਰਸ ਨਾਲ ਭਰੀ ਹੋਈ। ਇਹ ਸੰਗ੍ਰਹਿ ਤੁਹਾਡੀ ਉਸ ਨਾਲ ਮੁਲਾਕਾਤ ਕਰਵਾਂਦਾ ਹੈ। ਇਸ ਮੁਲਾਕਾਤ ਤੋਂ ਮਗਰੋਂ ਤੁਸੀਂ ਯਕੀਨਨ ਉਹ ਨਹੀਂ ਰਹਿ ਜਾਂਦੇ ਜੋ ਇਸ ਮੁਲਾਕਾਤ ਤੋਂ ਪਹਿਲੋਂ ਸਾਓ। ਅਜੀਤ ਕੌਰ ਦੀ ਲਿਖਤ ਵਿਚ ਤੁਹਾਨੂੰ ਤੋੜ ਕੇ ਨਵਾਂ ਸਿਰਜਣ ਦੀ ਸਮਰੱਥਾ ਹੈ।